# ਸਿੱਖ ਸੂਰਮੇ

ਡਾ. ਗੁਰਚਰਨ ਸਿੰਘ ਔਲਖ



# ਸਿੱਖ ਸੂਰਮੇ

***ਏਸੇ ਕਲਮ ਤੋਂ*** :

**ਇਤਿਹਾਸ** :

ਵੀਰ ਨਾਇਕ ਕਰਤਾਰ ਸਿੰਘ ਸਰਾਭਾ
ਇਨਕਲਾਬੀ ਸ਼ਹੀਦ ਊਧਮ ਸਿੰਘ
ਸਿੱਖ ਜਰਨੈਲ ਤੇ ਬੀਰ ਜੋਧੇ
ਜੀਰਾ ਨਗਰ, ਇਤਿਹਾਸ ਤੇ ਸਭਿਆਚਾਰ
ਸਿਮਰੋ ਸ੍ਰੀ ਹਰਿ ਰਾਇ
Babbar Akali Movement : Sikh generals and gallant warriors

**ਧਰਮ** :

ਬੈਠ ਖਡੂਰੇ ਜੋਤਿ ਜਗਾਈ
ਗੁਰਸਿੱਖਿਆ ਅਤੇ ਸਿੱਖੀ
ਖਾਲਸੇ ਦੀ ਸਿਰਜਣਾ
ਸ਼੍ਰੋਮਣੀ ਸ਼ਹੀਦ
ਖੋਜੀ ਉਪਜੈ ਬਾਦੀ ਬਿਨਸੈ

**ਕਵਿਤਾ** :

ਕਰਵਟਾਂ, ਉਦਾਸ ਮੌਸਮਾਂ 'ਚ, ਤੇਰੇ ਖ਼ਤ ਤੇਰੇ ਬੋਲ।

**ਕਹਾਣੀ-ਵਿਅੰਗ** :

ਮੋਨੋ ਲੀਜ਼ਾ ਤੇ ਹੋਰ ਕਹਾਣੀਆਂ, ਦੋਸਤੀ ਦੀ ਸਲੀਬ, ਨਿੱਕੀ ਬਾਤ ਵੱਡੀ ਕਰਾਮਾਤ, ਅੱਧੀ ਸਦੀ ਤੋਂ ਅੱਗੇ, ਸਿੱਧੇ ਅਫ਼ਸਰ ਪੁੱਠੇ ਲੋਕ।

**ਜੀਵਨੀ/ਨਿਬੰਧ** :

ਫੁੱਲ ਦੀ ਉਮਰ ਨਾ ਕੋਈ, ਜ਼ਿੰਦਗੀ ਤੇਰੇ ਰੰਗ ਅਨੇਕ

**ਆਲੋਚਨਾ** :

ਸੁਰਜੀਤ ਪਾਤਰ ਦਾ ਕਾਵਿ ਸੰਸਾਰ
ਹਰਨਾਮ ਸਿੰਘ ਸ਼ਾਨ ਜੀਵਨ ਤੇ ਰਚਨਾ

**ਅਨੁਵਾਦ** :

ਸਿੱਖ ਇਤਿਹਾਸ (ਮੈਕਾਲਿਫ)
ਸ਼ਹੀਦ ਭਗਤ ਸਿੰਘ ਦੇ ਇਨਕਲਾਬੀ ਤਜਰਬੇ (ਕੁਲਦੀਪ ਨੱਯਰ)
ਮਹਾਰਾਜਾ ਰਣਜੀਤ ਸਿੰਘ (ਖੁਸ਼ਵੰਤ ਸਿੰਘ)

# ਸਿੱਖ ਸੂਰਮੇ

ਡਾ. ਗੁਰਚਰਨ ਸਿੰਘ ਔਲਖ

ESTD. 1940

ਲਾਹੌਰ ਬੁੱਕ ਸ਼ਾਪ

2, ਲਾਜਪਤ ਰਾਏ ਮਾਰਕਿਟ, ਲੁਧਿਆਣਾ

**SIKH SOORMEY**

*by*

*Dr. Gurcharn Singh Aulakh*

© ਪ੍ਰਕਾਸ਼ਕ

ਪਹਿਲੀ ਵਾਰ : 2005

ਮੁੱਲ : 180/- ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕਿਟ, ਨੇੜੇ ਸੁਸਾਇਟੀ ਸਿਨੇਮਾ,

ਲੁਧਿਆਣਾ । ਫੋਨ—2740738, 5540738

E-Mail: lahorebookshop40@Rediffmail.com

Printed in India

ਲੇਜ਼ਰ ਸੈਟਿੰਗ : ਲਿਟਲ ਗ੍ਰਾਫਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਬਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ।

# ਸਮਰਪਣ

*ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਿਹਨਾਂ ਨੇ ਅਧਿਆਤਮਕ ਨੂਰ ਦੇ ਨਾਲ-ਨਾਲ ਤਲਵਾਰਾਂ ਦੀ ਲਿਸ਼ਕ ਪੈਦਾ ਕਰਕੇ ਸਿੱਖਾਂ ਨੂੰ ਅਣਖੀ ਜੀਵਨ ਦੇ ਪੰਧ ਤੇ ਤੋਰਿਆ ਤੇ ਆਪਣੇ ਪੋਤਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗ਼ਲ ਸ਼ਾਹੀ ਨਾਲ ਟੱਕਰ ਲੈਣ ਦੀ ਮੰਜ਼ਲ ਦਾ ਪਾਂਧੀ ਬਣਾਇਆ।*

# ਤਤਕਰਾ


ਮੁੱਖ ਸ਼ਬਦ 9

## ਭਾਗ ਪਹਿਲਾ (ਸੰਤ ਬਣੇ ਸਿਪਾਹੀ)

1. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਦਲ ਭੰਜਨ ਗੁਰ ਸੂਰਮਾ) 13
2. ਭਾਈ ਨਾਨੂੰ 30
3. ਭਾਈ ਬੱਲੂ 34
4. ਭਾਈ ਜੇਠਾ 38
5. ਭਾਈ ਬਿਧੀ ਚੰਦ 43
6. ਸ੍ਰੀ ਗੁਰੂ ਗੋਬਿੰਦ ਸਿੰਘ 50
7. ਭਾਈ ਬਚਿੱਤਰ ਸਿੰਘ 72
8. ਭਾਈ ਉਦੈ ਸਿੰਘ 82
9. ਭਾਈ ਜੈਤਾ ਉਰਫ ਭਾਈ ਜੀਵਨ ਸਿੰਘ 91
10. ਮਾਈ ਭਾਗੋ 99
11. ਭਾਈ ਮਹਾਂ ਸਿੰਘ 105

## ਭਾਗ ਦੂਜਾ (ਸੂਰਮੇ ਬਣੇ ਸਿਰਦਾਰ)

12. ਬਾਬਾ ਬੰਦਾ ਸਿੰਘ ਬਹਾਦਰ 115
13. ਭਾਈ ਤਾਰਾ ਸਿੰਘ ਡੱਲ ਵਾਂ 124
14. ਵੀਰ ਯੋਧਾ ਬਾਬਾ ਬੋਤਾ ਸਿੰਘ ਭੜਾਣੀਆ 133
15. ਸ੍ਰ: ਸੁੱਖਾ ਸਿੰਘ ਮਾੜੀ ਕੰਬੋਕੀ 138
16. ਬਾਬਾ ਦੀਪ ਸਿੰਘ ਸ਼ਹੀਦ 147
17. ਸ੍ਰ: ਜੱਸਾ ਸਿੰਘ ਆਹਲੂਵਾਲੀਆ 151
18. ਸ਼ਹੀਦ ਭਾਈ ਗੁਰਬਖ਼ਸ਼ ਸਿੰਘ ਨਿਹੰਗ 163
19. ਸ੍ਰ: ਦਸੌਂਧਾ ਸਿੰਘ ਮਨਸੂਰਵਾਲ 171

20. ਮਹਾਰਾਜਾ ਰਣਜੀਤ ਸਿੰਘ 173
21. ਸ੍ਰ: ਹਰੀ ਸਿੰਘ ਨਲਵਾ 195
22. ਅਕਾਲੀ ਫੂਲਾ ਸਿੰਘ 206
23. ਸ੍ਰ: ਸ਼ਾਮ ਸਿੰਘ ਅਟਾਰੀ 210

ਭਾਗ ਤੀਸਰਾ (ਸਰਹੱਦਾਂ ਦੇ ਪਹਿਰੇਦਾਰ)

24. ਸਾਰਾਗੜ੍ਹੀ ਦੇ ਸ਼ਹੀਦ ਯੋਧੇ 217
25. ਵਿਕਟੋਰੀਆ ਕਰਾਸ ਤੇ ਮਹਾਂਵੀਰ ਵਿਜੈਤਾ—ਨੰਦ ਸਿੰਘ 224
26. ਪਰਮਵੀਰ ਚੱਕਰ ਵਿਜੈਤਾ—ਸੂਬੇਦਾਰ ਜੋਗਿੰਦਰ ਸਿੰਘ 229
27. ਸ਼ਹੀਦ ਕੇਵਲ ਸਿੰਘ 232
28. ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ 236
29. ਮਹਾਂਵੀਰ ਚੱਕਰ ਵਿਜੈਤਾ—ਮੇਜਰ ਭੂਪਿੰਦਰ ਸਿੰਘ, ਹਡਸਨ ਹੋਰਸ 237
30. ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ 239

ਭਾਗ ਚੌਥਾ (ਸਿੱਖ ਅਣਖ ਦੇ ਪਹਿਰੇਦਾਰ)

31. ਸੰਤ ਜਰਨੈਲ ਸਿੰਘ ਭਿੰਡਰਾਂਵਾਲਾ 247
ਪੁਸਤਕ-ਸੂਚੀ 263

## ਮੁੱਖ ਸ਼ਬਦ

"ਸਿੱਖ ਸੂਰਮਿਆਂ" ਦਾ ਇਤਿਹਾਸ ਵਿੱਚ ਅਨੋਖਾ, ਅਦੁੱਤੀ ਤੇ ਅਨੂਠਾ ਅਸਥਾਨ ਹੈ। ਇਹ ਤਲਵਾਰਾਂ ਦੀ ਛਾਂ ਵਿੱਚ ਜੰਮੇ, ਹਰ ਜਬਰ ਦੀ ਹਨੇਰੀ ਵਿੱਚ ਜੂਝਦੇ, ਵਧਦੇ ਵਿਗਸਦੇ ਰਹੇ ਤੇ ਮੌਤ ਨੂੰ ਵੰਗਾਰਾਂ ਪਾਉਂਦੇ, ਜਾਬਰਾਂ ਦਾ ਨਾਸ਼ ਕਰਦੇ ਰਹੇ। ਪ੍ਰੋ: ਮੋਹਨ ਸਿੰਘ ਨੇ "ਸਿੱਖੀ" ਨਾਮ ਦੀ ਕਵਿਤਾ ਵਿੱਚ ਜੋ ਭਾਵ ਪ੍ਰਗਟ ਕੀਤੇ ਹਨ ਉਹ "ਸਿੱਖ ਸੂਰਮੇ" ਦੇ ਆਦਰਸ਼ਾਂ, ਖ਼ਾਸੀਅਤਾਂ ਤੇ ਵਡਿਆਈ ਨੂੰ ਹੀ ਰੂਪਮਾਨ ਕਰਦੇ ਹਨ।

ਉਹ ਕਿਹੜਾ ਬੂਟਾ ਏ ?
ਹਰ ਥਾਂ ਜੋ ਪਲਦਾ ਏ—
ਆਰੇ ਦੇ ਦੰਦਿਆਂ ਤੇ
ਰੰਬੀ ਦੀਆਂ ਧਾਰਾਂ ਤੇ
ਖੈਬਰ ਦਿਆਂ ਦੱਰਿਆਂ ਵਿੱਚ
ਸਰਸਾ ਦੀਆਂ ਲਹਿਰਾਂ ਤੇ
ਸਤਲੁਜ ਦੇ ਕੰਢੇ ਤੇ
ਲੱਖੀ ਦੇ ਜੰਗਲਾਂ ਵਿੱਚ
ਰੌੜਾਂ ਵਿੱਚ, ਰੱਕੜਾਂ ਵਿੱਚ
ਬੰਜਰਾਂ ਵਿੱਚ, ਝੱਖੜਾਂ ਵਿੱਚ
ਗੜਿਆਂ ਵਿੱਚ, ਮੀਂਹਾਂ ਵਿੱਚ,
ਸਰਹੰਦ ਦੀਆਂ ਨੀਂਹਾਂ ਵਿੱਚ
ਜਿੱਥੇ ਵੀ ਲਾ ਦਈਏ
ਓਥੇ ਹੀ ਪਲਦਾ ਏ
ਜਿਤਨਾ ਇਹ ਛਾਂਗ ਦਈਏ,
ਓਤਨਾ ਹੀ ਫਲਦਾ ਏ........

(ਮੋਹਨ ਸਿੰਘ, ਸਾਵੇ ਪੱਤਰ ਸਿੱਖੀ, ਪੰਨਾ 63-64)

ਸਿੱਖ ਸੂਰਮਿਆਂ ਨੇ ਇਤਿਹਾਸ ਸਿਰਜਿਆ ਹੈ। ਇਹ ਸੂਰਮਗਤੀ ਦੇ ਮਹਾਂਕਾਵਿ ਦਾ ਪਹਿਲਾ ਕਾਂਡ "ਮੀਰੀ ਤੇ ਪੀਰੀ" ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਤੀਰਾਂ ਦੀ ਨੋਕ ਨਾਲ ਲਿਖਿਆ ਸੀ ਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣੇ ਫਰਜ਼ੰਦਾਂ ਤੇ ਬੰਦਾ ਬਹਾਦਰ ਦੇ ਲਹੂ ਨਾਲ ਸਿੱਖੀ ਮਹਾਂਕਾਵਿ ਰਚਿਆ। ਤੇ ਮਹਾਰਾਜਾ ਰਣਜੀਤ ਸਿੰਘ ਨੇ ਸਿੰਘਾਂ ਸੂਰਮਿਆਂ ਦੇ ਬਾਹੂਬਲ ਨਾਲ ਰਾਜ ਛਤਰ ਝੁਲਾਇਆ। ਇਹ ਸਿੱਖ ਸੂਰਮੇ ਹੀ ਸਨ ਜਿਨ੍ਹਾਂ ਨੇ ਜ਼ਕਰੀਆ ਖ਼ਾਨ ਤੇ ਮੀਰ ਮਨੂੰ ਦੇ ਜ਼ੁਲਮਾਂ ਨਾਲ ਟੱਕਰ ਲਈ ਤੇ ਨਾਦਰਸ਼ਾਹ ਤੇ ਅਬਦਾਲੀ ਵਰਗੇ ਧਾੜਵੀਆਂ ਨੂੰ ਕਰਾਰੇ ਹੱਥ ਵਿਖਾਏ। ਸਿੱਖ ਸੂਰਮਿਆਂ ਨੇ ਇਕ ਪਾਸੇ ਦਿੱਲੀ ਜਾ ਮੱਲੀ ਤੇ ਦੂਸਰੇ ਪਾਸੇ ਕਾਬਲ ਦੀ ਕਿੱਲੀ ਢਿੱਲੀ ਕਰ ਦਿੱਤੀ। 1799 ਈ: ਤੋਂ

ਪਿੱਛੋਂ ਕੋਈ ਪਠਾਣ ਕਾਬਲ ਤੋਂ ਭਾਰਤ ਵੱਲ ਝਾਕਣ ਦੀ ਦਲੇਰੀ ਨਾ ਕਰ ਸਕਿਆ। ਆਜ਼ਾਦੀ ਦੀ ਪ੍ਰਾਪਤੀ ਪਿੱਛੋਂ ਭਾਰਤ ਨੂੰ ਬਣੇ ਹਰ ਸੰਕਟ ਵਿੱਚ ਸਿੱਖ ਸੂਰਮੇ ਹੀ ਹਰ ਖੇਤਰ ਵਿੱਚ ਅੱਗੇ ਵਧਦੇ ਰਹੇ। ਕੀ ਕਸ਼ਮੀਰ, ਕੀ ਨੇਫ਼ਾ ਤੇ ਕੀ ਪਾਕਿਸਤਾਨ ਤੇ ਕੀ ਬੰਗਲਾ ਦੇਸ਼ ? ਹਰ ਲੜਾਈ ਵਿੱਚ ਸਿੱਖ ਸੂਰਮਿਆਂ ਦੀ ਭੂਮਿਕਾ ਬਹੁਤ ਵੱਡੀ ਰਹੀ ਹੈ। ਸਿੱਖ ਦੇ ਜਦੋਂ ਵੀ ਗੋਲੀ ਲੱਗੀ ਹੈ ਛਾਤੀ 'ਤੇ ਲੱਗੀ ਹੈ, ਪਿੱਠ 'ਤੇ ਨਹੀਂ।

ਸਿੱਖ ਇਤਿਹਾਸ ਯੋਧਿਆਂ ਦਾ ਇਤਿਹਾਸ ਹੈ। ਭਾਈ ਜੇਠਾ, ਬਿਧੀ ਚੰਦ, ਭਾਈ ਉਦੈ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਜੀਵਨ ਸਿੰਘ ਰੰਗਰੀਟਾ ਗੁਰੂ ਕਾਲ ਦੇ ਯੋਧਿਆਂ ਵਿੱਚ ਕੁਝ ਮਿਸ਼ਾਲੀ ਯੋਧੇ ਹਨ। ਮਾਈ ਭਾਗੋ ਜਿਹੀ ਵੀਰਾਂਗਣਾ ਦਾ ਯੋਗਦਾਨ ਕੌਣ ਭੁਲਾ ਸਕਦਾ ਹੈ ? ਤਾਰਾ ਸਿੰਘ ਵਾਂ, ਬੋਤਾ ਸਿੰਘ, ਜੱਸਾ ਸਿੰਘ ਆਹਲੂਵਾਲੀਆ ਤੇ ਬਘੇਲ ਸਿੰਘ ਦੀਆਂ ਤੇਗ਼ਾਂ ਨੇ ਸਿੱਖਾਂ ਨੂੰ ਹਰ ਮੋੜ 'ਤੇ ਅੱਗੇ ਤੋਰਿਆ। ਜੱਸਾ ਸਿੰਘ ਦੇ ਸਰੀਰ ਤੇ 64 ਜ਼ਖ਼ਮ ਉਹਦੀ ਵੀਰਤਾ ਤੇ ਸੂਰਮਤਾਈ ਦਾ ਦਰਪਣ ਹਨ। ਬਦਲਾ ਲੈਣ ਦੀ ਰੀਤ ਪਾਉਣ ਵਿੱਚ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਮਾੜੀ ਕੰਬੋ ਦੀ ਵੀਰਤਾ ਨੇ ਇਤਿਹਾਸ ਵਿੱਚ ਨਵੇਂ ਕਾਂਡ ਸਿਰਜੇ ਜਿਸ ਵਿੱਚ ਬੇਅੰਤ ਸਿੰਘ-ਸਤਵੰਤ ਸਿੰਘ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੇ ਵੀ ਵੇਲੇ ਸਿਰ ਭੂਮਿਕਾ ਨਿਭਾਈ।

ਆਜ਼ਾਦੀ ਦੀ ਰਾਖੀ ਲਈ ਜੁਗਿੰਦਰ ਸਿੰਘ ਮਾਹਲਾ, ਮੇਜਰ ਭੁਪਿੰਦਰ ਸਿੰਘ, ਨਿਰਮਲਜੀਤ ਸਿੰਘ ਸੇਖੋਂ, ਦੇ ਅਦੁੱਤੀ ਕਾਰਨਾਮੇ ਵੀ ਨਹੀਂ ਭੁਲਾਏ ਜਾ ਸਕਦੇ। ਸਿੱਖੀ ਪਰਚਮ ਨੂੰ ਸਦਾ ਉੱਚਾ ਰੱਖਣ ਵਾਲਾ ਹਰੀ ਸਿੰਘ ਨਲਵਾ ਜੇ ਸਿੱਖ ਰਾਜ ਦਾ ਥੰਮ੍ਹ ਸੀ ਤਾਂ ਕਰਤੱਵ ਦੀ ਪਾਲਣਾ ਵਿੱਚ ਸਾਰਾਗੜ੍ਹੀ ਦੀ ਚੌਂਕੀ ਦੀ ਰਾਖੀ ਕਰ ਰਹੇ ਸਿੱਖਾਂ ਨੇ ਇਕ ਨਵਾਂ ਹੀ ਇਤਿਹਾਸ ਸਿਰਜਿਆ।

ਸਿੱਖਾਂ ਵਿੱਚ ਖ਼ਾਲਸਈ ਸਪਿਰਟ ਜਿਵੇਂ ਗੁਰੂ ਸਾਹਿਬਾਨ ਨੇ ਭਰੀ, ਅੱਜ ਤੱਕ ਉਵੇਂ ਹੀ ਬਰਕਰਾਰ ਹੈ। ਇਹਨਾਂ ਨੇ ਦੇਸ਼ ਦੀ ਰਾਖੀ ਲਈ ਜੋ ਭੂਮਿਕਾ ਮੁਗ਼ਲਾਂ, ਪਠਾਣਾਂ ਤੇ ਫਿਰ ਅੰਗਰੇਜ਼ਾਂ ਵਿਰੁੱਧ ਨਿਭਾਈ ਸੀ, ਉਹੋ ਹੀ ਭੂਮਿਕਾ ਅੰਗਰੇਜ਼ਾਂ ਦੇ ਰਾਜ ਸਮੇਂ ਵੀ ਕਰਤੱਵ ਦੀ ਪਾਲਣਾ ਕਰਦਿਆਂ ਨਿਭਾਈ ਤੇ ਆਜ਼ਾਦੀ ਪਿੱਛੋਂ ਵੀ ਭਾਰਤ ਮਾਤਾ ਦੀ ਰਾਖੀ ਲਈ ਉਹੋ ਦਲੇਰੀ ਵਿਖਾਈ ਤੇ ਕੁਰਬਾਨੀਆਂ ਕੀਤੀਆਂ। ਆਜ਼ਾਦ ਭਾਰਤ ਦੀ ਰੱਖਿਆ ਹਿੱਤ ਉਹਨਾਂ ਦੀਆਂ ਕੁਰਬਾਨੀਆਂ ਉਹਨਾਂ ਦੀ ਸੈਨਾ ਵਿੱਚ ਗਿਣਤੀ ਨਾਲੋਂ ਕਿਤੇ ਵਧੇਰੇ ਹਨ। ਸਿੱਖ ਸਿਪਾਹੀ ਦੀ ਵੀਰਤਾ, ਕਰਤੱਵ ਦੀ ਭਾਵਨਾ ਤੇ ਉਪਕਾਰ ਦਾ ਜਜ਼ਬਾ ਅਦੁੱਤੀ ਹੈ। ਫ਼ੌਜ ਦੇ ਆਗੂਆਂ ਨੇ ਵੀ ਸਿੱਖਾਂ ਦਾ ਨਾਮ ਰੌਸ਼ਨ ਕੀਤਾ ਹੈ। ਬਹਾਦਰੀ ਦੇ ਤਮਗ਼ੇ ਜਿੱਤਣ ਵਾਲਿਆਂ ਸਿੱਖ ਸੈਨਿਕਾਂ ਦੀ ਗਿਣਤੀ 'ਤੇ ਮਾਨ ਕਰਨ ਦਾ ਹੱਕ ਵੀ ਜ਼ਾਇਜ਼ ਹੀ ਭਾਸਦਾ ਹੈ। ਪਰਮਵੀਰ ਚੱਕਰ ਤੇ ਮਹਾਵੀਰ ਚੱਕਰ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਕੁੱਲ ਫ਼ੌਜ ਦੇ ਟਾਕਰੇ 25% ਬਣਦੀ ਹੈ ਜਦੋਂ ਕਿ ਫ਼ੌਜ ਵਿੱਚ ਇਹਨਾਂ ਦੀ ਸੰਖਿਆ ਕਾਫੀ ਘੱਟ ਹੈ ਪਰ ਸ਼ਹਾਦਤ ਦੇਣ ਵਾਲੇ 23% ਤੋਂ ਵਧੀਕ ਬਣਦੇ ਹਨ। ਸੱਚਮੁੱਚ ਹੀ ਸਿੱਖ ਕੌਮ, ਯੋਧਿਆਂ, ਸੂਰਵੀਰਾਂ ਦੀ ਕੌਮ ਹੈ। ਹਰ ਸਿੱਖ ਸੂਰਮੇ ਬਾਰੇ ਇਸ ਛੋਟੀ ਜਿਹੀ ਪੁਸਤਕ ਵਿੱਚ ਲਿਖਣਾ ਸੰਭਵ ਨਹੀਂ, ਪਰ ਫਿਰ ਵੀ ਇਤਿਹਾਸ ਦੇ ਹਰ ਪੜਾਅ ਵਿੱਚ ਜਿਸ ਕਿਸੇ ਯੋਧੇ ਨੇ ਨਾਮ ਪੈਦਾ ਕੀਤਾ ਹੈ, ਉਸ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਮੀਦ ਹੈ, ਪਾਠਕਾਂ ਨੂੰ ਇਹ ਵੀਰ-ਗਾਥਾਵਾਂ ਪੜ੍ਹ ਕੇ ਜ਼ਰੂਰ ਪ੍ਰੇਰਨਾ ਮਿਲੇਗੀ।

ਭਾਗ ਪਹਿਲਾ

# ਸੰਤ ਬਣੇ ਸਿਪਾਹੀ

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

## (ਦਲ ਭੰਜਨ ਗੁਰ ਸੂਰਮਾ)

ਨਾਨਕ-ਬਾਣੀ ਗੁਰਮਤਿ ਦੀ ਆਧਾਰਸ਼ਿਲਾ ਹੈ। ਸਿੱਖ ਧਰਮ ਦਾ ਨਿਕਾਸ ਤੇ ਵਿਕਾਸ, ਪਰਚਾਰ ਤੇ ਵਿਸਥਾਰ ਕਿਸੇ ਵੇਦ, ਸ਼ਾਸਤਰ ਜਾਂ ਪੁਰਾਣ ਨਾਲ ਸੰਬੰਧਿਤ ਨਹੀਂ ਸਗੋਂ ਸਮਕਾਲੀ ਸਮਾਜ ਦੀਆਂ ਨਕਾਰਾਤਮਕ ਕਦਰਾਂ-ਕੀਮਤਾਂ ਨੂੰ ਵੰਗਾਰ ਪਾਉਣ ਕਾਰਨ ਹੋਇਆ। ਪਹਿਲਾਂ ਇਹ ਵੰਗਾਰ ਬਾਣੀ ਦੇ ਸ਼ਾਸਤਰ ਦੁਆਰਾ ਪਾਈ ਗਈ ਤੇ ਮਗਰੋਂ ਨਿਰਦਈ ਹਕੂਮਤ ਨੂੰ ਸ਼ਸਤਰ-ਬੱਧ ਹੋ ਕੇ ਯੁੱਧਾਂ ਜੰਗਾਂ ਵਿੱਚ ਭਾਜ ਦੇ ਕੇ ਆਪਣੀ ਸ਼ਕਤੀ ਦਾ ਲੋਹਾ ਮੰਨਵਾਇਆ।

ਇਹ ਗੁਰੂ ਹਰਿਗੋਬਿੰਦ ਸਾਹਿਬ ਹੀ ਸਨ ਜਿਹਨਾਂ ਦੇ ਸਮੇਂ ਸੂਰਮਗਤੀ ਦੀ ਗਾਥਾ ਦੀ ਇਬਾਰਤ ਦਾ ਪਹਿਲਾ ਅਧਿਆਇ ਲਿਖਿਆ ਗਿਆ। ਬੱਸ ਇਹ ਅਧਿਆਇ ਕਲਮ ਦੀ ਥਾਂ ਤਲਵਾਰ ਦੀ ਨੋਕ ਨਾਲ ਆਰੰਭ ਹੋਇਆ। ਇਸ ਨਾਲ ਇਕ ਅਜਿਹੀ ਮਾਨਸਿਕਤਾ ਨੂੰ ਬਲ ਮਿਲਿਆ ਜਿਸ ਕਾਰਨ ਗਿੱਦੜ ਸ਼ੇਰ ਬਣ ਜਾਂਦਾ ਹੈ ਤੇ ਚਿੜੀ ਵਿੱਚ ਬਾਜ਼ ਜਿਤਨੀ ਸ਼ਕਤੀ ਆ ਜਾਂਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲ ਸਮਰਾਟ ਸ਼ਾਹ ਜਹਾਨ ਦੇ ਭੇਜੇ ਹੋਏ ਦਲਾਂ ਨੂੰ ਹਾਰ ਦਿੱਤੀ ਤੇ ਇਸ ਤਰ੍ਹਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨਿਰਸੰਦੇਹ "ਦਲ ਭੰਜਨ ਗੁਰ ਸੂਰਮਾ" ਬਣੇ। ਭਾਈ ਗੁਰਦਾਸ ਦੇ ਸ਼ਬਦਾਂ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ਼ਕਤੀ ਦੇ ਸੂਰਜ ਸਨ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਨੂੰ ਗੁਰ-ਗੱਦੀ ਦੇ ਕੇ ਵਾਹਿਗੁਰੂ ਨੂੰ ਨਮਸਕਾਰ ਕਰਾਇਆ ਤਾਂ ਉਸ ਸਮੇਂ ਉਹਨਾਂ ਦੀ ਚਮਕ ਤੇ ਰੌਸ਼ਨੀ ਸੂਰਜ ਵਾਂਗ ਫੈਲ ਗਈ ਸੀ :

> ਹਰਿਗੋਬਿੰਦੁ ਗੁਰੁ ਅਰਜਨਹੁ ਆਦਿ ਪੁਰਖ ਆਦੇਸੁ ਕਰਾਇਆ॥
> ਸੁਝੈ ਸੁਝ ਨ ਲੁਕੈ ਲੁਕਾਇਆ॥[1]

ਅਸਲ ਵਿੱਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੀ ਨਿਰਭੈ ਤੇ ਨਿਰਵੈਰ ਸ਼ਖ਼ਸੀਅਤ ਦਾ ਅੰਦਾਜ਼ਾ ਉਹਨਾਂ ਵੱਲੋਂ "ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ" ਦੀ ਪਰਿਪਾਟੀ ਚਲਾਉਣ ਤੋਂ ਹੀ ਪ੍ਰਗਟ ਹੋ ਗਿਆ ਸੀ। ਇਸ ਪਰਿਪਾਟੀ ਨੇ ਸਿੱਖ ਧਰਮ ਨੂੰ 'ਚੜ੍ਹਦੀ ਕਲਾ' ਦੀ 'ਗੁੜ੍ਹਤੀ' ਦਿੱਤੀ। ਨਿਰਸੰਦੇਹ ਇਸ ਚੜ੍ਹਦੀ ਕਲਾ ਦਾ ਸੰਕਲਪ ਤੇ ਸਿਧਾਂਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਇਕ ਅਸਲੀ ਤੇ ਇਨਕਲਾਬੀ ਪ੍ਰਥਾ ਦਾ ਆਰੰਭ ਸੀ। ਇਸ ਤੋਂ ਉਹਨਾਂ ਦੀ ਹਿੰਮਤ, ਸੂਰਬੀਰਤਾ ਤੇ ਦੂਰ ਦ੍ਰਿਸ਼ਟੀ ਦਾ ਝਲਕਾਰਾ ਮਿਲਦਾ ਹੈ।[2] ਉਹਨਾਂ ਵੱਲੋਂ ਅਕਾਲ ਤਖ਼ਤ ਤੇ ਬਿਰਾਜਣਾ ਤੇ ਜੋਧਿਆਂ ਦੀ ਵਾਰਾਂ ਸੁਣਨੀਆਂ ਸਿੱਖ

ਧਰਮ ਦੇ ਨਵੇਂ ਸਰੂਪ ਦਾ ਆਗਾਜ਼ ਸੀ। ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ ਵੀ ਠੀਕ ਹੀ ਲਿਖਦਾ ਹੈ :—

ਸੱਚਾ ਤਖ਼ਤ ਸੁਹਾਯੋ ਸ੍ਰੀ ਗੁਰ ਪਾਇਕੈ।
ਛੱਬ ਬਰਨੀ ਨਹਿ ਜਾਇ, ਕਹੋ ਕਿਆ ਗਾਇਕੈ।
ਸ੍ਰੀ ਗੁਰ ਤਖ਼ਤ ਬਿਰਾਜੈ, ਪ੍ਰਭੂ ਧਿਆਇ ਕੈ।
ਮੀਰ ਅਬਦੁਲ ਔ ਨੱਥਾ, ਜੱਸ ਕਹੈ ਬਨਾਇਕੈ।[3]

ਇਸ ਪ੍ਰਥਾ ਨੇ ਹੀ ਸਿੱਖ ਸੂਰਮੇ ਦੀ ਨਿਰੰਤਰ ਕੁਰਬਾਨੀਆਂ ਦੀ ਤਾਰੀਖ਼ ਨੂੰ ਸਿਰਜਿਆ ਹੈ। ਇਹ ਕਹਿਣਾ ਸਾਰਥਿਕ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਹਿਲੇ ਸ਼ਸਤਰਧਾਰੀ ਸਿੱਖ ਸੂਰਮੇ ਸਨ।

ਸਿੱਖ ਧਰਮ ਜਿਸਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ, ਸ਼ਾਂਤੀ-ਪਸੰਦ ਸੇਵਕਾਂ ਦਾ ਪੰਥ ਸੀ ਜੋ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਹੌਲੀ-ਹੌਲੀ ਸੈਨਿਕ ਸ਼ਕਤੀ ਦੀ ਸ਼ਕਲ ਵਿੱਚ ਪੰਜਾਬੀਆਂ ਦਾ ਮੁਹਰੈਲ ਬਣ ਗਿਆ। ਪ੍ਰੰਤੂ ਸਿੱਖਾਂ ਨੇ ਫੌਜੀ ਜਿੱਤ ਦਾ ਸਭ ਤੋਂ ਪਹਿਲਾਂ ਸੁਆਦ ਸ੍ਰੀ ਗੁਰੂ ਹਰ ਗੋਬਿੰਦ ਦੇ ਗੁਰੂ ਕਾਲ ਤੇ ਉਹਨਾਂ ਦੀ ਅਗਵਾਈ ਵਿੱਚ ਹੀ ਮਾਣਿਆ। ਇਕ ਤਰ੍ਹਾਂ ਨਾਲ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਪਹਿਲੇ ਸਿੱਖ ਜਰਨੈਲ ਸਨ ਜਿਹਨਾਂ ਨੇ ਸਿੱਖ ਸੈਨਾ ਦੀ ਨੀਂਹ ਰੱਖੀ ਤੇ ਸ਼ਾਂਤੀ ਪਸੰਦ ਲੋਕਾਂ ਨੂੰ ਮੁਗਲ ਸੈਨਾ ਤੇ ਹੋਰ ਵਿਰੋਧੀ ਤੱਤਾਂ ਤੋਂ ਬਚਾਉਣ ਲਈ ਤਿਆਰ ਕੀਤਾ।

ਇਸ ਨਵੇਂ ਮਾਰਗ ਦਾ ਵਿਕਾਸ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਸ਼ੁਰੂ ਹੁੰਦਾ ਹੈ। ਸ਼ਹੀਦਾਂ ਦਾ ਲਹੂ ਧਰਮ ਦੀ ਨੀਂਹ ਹੁੰਦਾ ਹੈ। ਜਦੋਂ ਹਮਲਾ ਹੁੰਦਾ ਹੈ ਤਾਂ ਬਦਲਾ ਲੈਣ ਦੀ ਇੱਛਾ ਵੀ ਕੁਦਰਤੀ ਹੁੰਦੀ ਹੈ। (ਜਬੈ ਬਾਣ ਲਾਗਯੋ। ਤਬੈ ਰੋਸ ਜਾਗਯੋ।) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਆਖ਼ਰੀ ਸੰਦੇਸ਼ ਵਿੱਚ ਕਿਹਾ, "ਉਹ ਪੂਰੀ ਤਰ੍ਹਾਂ ਹਥਿਆਰਬੰਧ ਹੋਕੇ ਗੱਦੀ ਤੇ ਬੈਠੇ ਤੇ ਆਪਣੀ ਪੂਰੀ ਤਾਕਤ ਨਾਲ ਸੈਨਾ ਰੱਖੇ।" ਇਸਦੇ ਫਲਸਰੂਪ ਹੀ ਗੁਰੂ ਹਰਗੋਬਿੰਦ ਦੇ ਗੁਰ-ਗੱਦੀ ਕਾਲ ਵਿੱਚ ਸਿੱਖ ਸ਼ਾਂਤੀ ਪਸੰਦ ਸੇਵਕਾਂ ਤੋਂ "ਸੰਤਸਿਪਾਹੀ" ਬਣ ਗਏ। ਗੁਰੂ ਜੀ ਨੇ 'ਮੀਰੀ ਤੇ ਪੀਰੀ' ਦੀਆਂ ਦੋ ਤਲਵਾਰਾਂ ਪਹਿਨ ਲਈਆਂ ਜੋ ਰੂਹਾਨੀ ਤੇ ਰਾਜਸੀ ਸ਼ਕਤੀ ਦੀਆਂ ਪ੍ਰਤੀਕ ਸਨ। ਮੁਗਲ ਹਾਕਮਾਂ ਦੇ ਵਤੀਰੇ ਵਿੱਚ ਵੀ ਮਹੱਤਵਪੂਰਨ ਤਬਦੀਲੀ ਆ ਗਈ ਜਿਸ ਕਾਰਨ ਗੁਰੂ ਜੀ ਨੂੰ ਮੁਗ਼ਲ ਹਾਕਮਾਂ ਵਿਰੁੱਧ ਥੋੜ੍ਹਾ ਚਿਰ ਪਿੱਛੋਂ ਕਈ ਲੜਾਈਆਂ ਲੜਨੀਆਂ ਪਈਆਂ।

ਉਹਨਾਂ ਵਿੱਚ ਇਕ ਬੀਰ ਯੋਧੇ, ਇਕ ਸੰਤ ਤੇ, ਨਿਰਭੈ ਖਿਡਾਰੀ ਦੇ ਗੁਣ ਸੰਮਿਲਤ ਸਨ। ਉਹ ਸ਼ਿਕਾਰ ਵਿੱਚ ਖਾਸ ਦਿਲਚਸਪੀ ਤੇ ਖੁਸ਼ੀ ਲੈਂਦੇ ਸਨ। ਉਹ ਪਹਿਲੇ ਗੁਰੂ ਸਨ, ਜਿਹਨਾਂ ਨੇ ਸੈਨਿਕ ਪ੍ਰਬੰਧ ਕਾਇਮ ਕੀਤਾ ਤੇ ਸੈਨਿਕਾਂ ਨੂੰ ਸ਼ਸਤਰ ਪਹਿਨਾਏ ਤੇ ਉਹਨਾਂ ਨੂੰ ਯੁੱਧਾਂ ਲਈ ਤਿਆਰ ਕੀਤਾ।[4]

ਸ੍ਰੀ ਗੁਰੂ ਹਰਗੋਬਿੰਦ ਉਪਰ ਉਹਨਾਂ ਦੇ ਪਿਤਾ ਦੀ ਸ਼ਹਾਦਤ ਦਾ ਸੁਭਾਵਕ ਹੀ ਡੂੰਘਾ ਪ੍ਰਭਾਵ ਪਿਆ ਤੇ ਉਹਨਾਂ ਨੇ ਧਰਮ ਦੀ ਰੱਖਿਆ ਲਈ ਪ੍ਰਭਾਵਸ਼ਾਲੀ ਵਿਰੋਧ ਕਰਨ ਤੇ ਹਥਿਆਰਬੰਧ ਸ਼ਕਤੀ ਬਣਨ ਤੇ ਟਾਕਰਾ ਕਰਨ ਦਾ ਫ਼ੈਸਲਾ ਕੀਤਾ। ਉਸਨੇ ਐਲਾਨ

ਕੀਤਾ ਕਿ 'ਮੇਰੀ ਮਾਲਾ ਹੁਣ ਤਲਵਾਰ ਬਣੇਗੀ ਤੇ ਮੇਰੀ ਦਸਤਾਰ ਤੇ ਹੁਣ ਮੈਂ ਰਾਜਸੀ ਚਿੰਨ੍ਹ ਵਜੋਂ ਕਲਗੀ ਸਜਾਵਾਂਗਾ।"[5]

ਉਸਨੇ ਮਨਮੋਹਕ ਸ਼ਬਦਾਂ ਦੀ ਮਿੱਠੀ ਬਾਣੀ ਨੂੰ ਤਲਵਾਰ ਦੀ ਧਾਰ ਦੀ ਪਾਣ ਚੜ੍ਹਾਈ। ਉਸਨੇ ਅਕਾਲ ਤਖਤ ਦੀ ਉਸਾਰੀ ਕੀਤੀ, ਵੱਡੇ ਵੱਡੇ ਲੋਕਾਂ ਦਾ ਸੁਆਗਤ ਕੀਤਾ ਤੇ ਸੈਨਿਕ ਵਿਉਂਤਬੰਦੀ ਦੀ ਯੋਜਨਾ ਤਿਆਰ ਕੀਤੀ ਤੇ ਲੋਹਗੜ੍ਹ ਨਾਮ ਦਾ ਇਕ ਕਿਲਾ ਬਣਾਇਆ ਜਿਸ ਦਾ ਭਾਵ ਸੀ 'ਲੋਹੇ ਦਾ ਕਿਲਾ।' ਭਾਈ ਗੁਰਦਾਸ ਨੇ ਗੁਰੂ ਜੀ ਦੇ ਨਵੇਂ ਤੌਰ-ਤਰੀਕਿਆਂ ਵੱਲ ਆਪਣੀਆਂ ਵਾਰਾਂ ਵਿੱਚ ਸੰਕੇਤ ਕੀਤਾ ਹੈ :

ਪੰਜ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।

..............................................................

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਲਕਾਰੀ।[6]

ਭਾਈ ਗੁਰਦਾਸ ਦੂਜਾ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ, ਉਹ ਵੀ ਗੁਰੂ ਜੀ ਦੀ ਸੈਨਿਕਾਂ ਵਾਲੀ ਜੀਵਨ ਸ਼ੈਲੀ ਵੱਲ ਸੰਕੇਤ ਕਰਦਾ ਹੋਇਆ ਲਿਖਦਾ ਹੈ :

ਗੁਰ ਹਰਿ ਗੋਬਿੰਦ ਖਸਟਮ ਅਵਤਾਰੇ।
ਜਿਨਿ ਪਕੜਿ ਤੇਗ ਬਹੁ ਦੁਸਟ ਪਛਾਰੇ।
ਇਉਂ ਸਭ ਮੁਗਲਨ ਦਾ ਮਨ ਬਉਰਾਨਾ।
ਤਬਿ ਹਰਿ ਭਗਤਨ ਸੋ ਦੁੰਦ ਰਚਾਨਾ।[7]

ਗੁਰੂ ਜੀ ਦੀ ਨਵੀਂ ਜੀਵਨ-ਸ਼ੈਲੀ ਨੂੰ ਸਹੀ ਰੂਪ ਵਿੱਚ ਸਮਝਿਆ ਨਾ ਗਿਆ। ਉਸਦੇ ਪੈਰੋਕਾਰਾਂ ਤੇ ਵਿਰੋਧੀਆਂ ਦੋਹਾਂ ਨੇ ਹੀ ਉਸਨੂੰ ਗ਼ਲਤ ਸਮਝਿਆ। ਭਾਈ ਗੁਰਦਾਸ ਫਿਰ ਲੋਕਾਂ ਦੀ ਮਨੋਦਸ਼ਾ ਵੱਲ ਸੰਕੇਤ ਕਰਦਾ ਹੈ :

ਧਰਮ ਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸ਼ਾਹ ਘਰਿ ਆਵਦੇ ਮੜਿ ਚੜਿਆ ਪਾਤਿਸਾਹ ਚੜ੍ਹਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖ ਦਾ ਕੁਤੇ ਰਖਿ ਸਿਕਾਰੁ ਖਿਲਾਇਆ।

..............................................................

ਸੇਵਕ ਪਾਸ ਨ ਰਖਿਅਨਿ ਦੋਖੀ ਦੁਸ਼ਟ ਆਗੂਮੁਹਿ ਲਾਇਆ।"[8]

ਪ੍ਰੰਤੂ ਫਿਰ ਆਪ ਹੀ ਭਾਈ ਗੁਰਦਾਸ ਗੁਰੂ ਜੀ ਦੇ ਜੀਵਨ ਢੰਗ ਉਪਰ ਉਂਗਲੀ ਉਠਾਉਣ ਵਾਲਿਆ ਤੇ ਤਬਦੀਲ ਹੋਈ ਜੀਵਨ-ਸ਼ੈਲੀ ਸੰਬੰਧੀ ਉੱਤਰ ਦਿੰਦੇ ਹੋਏ ਲਿਖਦੇ ਹਨ :

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।"[9]

ਇਸੇ ਤਰ੍ਹਾਂ ਹੀ ਪ੍ਰਮਾਤਮਾ ਦਾ ਭਗਤ ਆਪਣੀ ਤੇ ਆਪਣੇ ਵਿਚਾਰਾਂ ਦੀ ਰਾਖੀ ਤਲਵਾਰ ਦੇ ਬਲ ਨਾਲ ਕਰਦਾ ਹੈ।

ਵਰਤਮਾਨ ਸਮੇਂ ਵਿੱਚ ਵੀ ਜਗਤ-ਪ੍ਰਸਿੱਧ ਇਤਿਹਾਸਕਾਰ ਸਰ ਜਾਦੂ ਨਾਥ ਸਰਕਾਰ

ਤੇ ਆਰਨੋਲਡ ਤਾਇਨਬੀ ਨੇ ਗੁਰੂ ਸਾਹਿਬ ਦੀ ਨਵੀਂ ਨੀਤੀ ਦੀ ਆਲੋਚਨਾ ਕੀਤੀ ਹੈ, ਪ੍ਰੰਤੂ ਡਾਕਟਰ ਹਰੀ ਰਾਮ ਗੁਪਤਾ ਨੇ ਬੜੀ ਸੁਯੋਗਤਾ ਨਾਲ ਗੁਰੂ ਜੀ ਦੀ ਸੈਨਿਕ ਜੀਵਨ-ਸ਼ੈਲੀ ਨੂੰ ਸਹੀ ਠਹਿਰਾਇਆ ਹੈ। ਉਹ ਲਿਖਦਾ ਹੈ, "ਉਸਨੇ ਆਪਣੇ ਆਪ ਨੂੰ ਇਕ ਸੰਤ, ਸ਼ਿਕਾਰੀ ਤੇ ਖੇਡਾਂ ਦੇ ਦਿਲਦਾਰ ਦੇ ਰੂਪ ਵਿੱਚ ਇਕ ਪ੍ਰਬੀਨ ਸੈਨਿਕ ਸਿੱਧ ਕੀਤਾ।

ਮੁਸਲਮਾਨਾਂ ਵਲੋਂ ਪੰਜਾਬ ਦੀ ਜਿੱਤ ਤੋਂ ਲੈਕੇ ਅਗਲੇ 600 ਸਾਲ ਦੇ ਸਮੇਂ ਤਕ ਉਹ ਪਹਿਲਾ ਕੌਮੀ ਫੌਜੀ ਨਾਇਕ ਸੀ।[10]

ਉਹ ਆਪਣੇ ਕਥਨ ਨੂੰ ਜਾਰੀ ਰਖਦਿਆਂ ਹੋਇਆਂ ਲਿਖਦਾ ਹੈ : "ਉਸ ਨੇ ਨਿਰਸੰਦੇਹ ਅਜਿਹੀ ਨਵੀਂ ਨੀਤੀ ਦਾ ਨਿਰਮਾਣ ਕੀਤਾ ਜਿਸਨੇ ਦੱਬੇ ਕੁਚਲੇ ਲੋਕਾਂ ਨੂੰ ਹੌਲੀ-ਹੌਲੀ ਪਰ ਨਿਸਚਿਤ ਰੂਪ ਵਿਚ ਰਾਜਸੀ ਤੇ ਸੈਨਿਕ ਉਨਤੀ ਦਾ ਮਾਰਗ ਦਿਖਾਇਆ। ਗੁਰੂ ਜੀ ਨੇ ਸਿੱਖਾਂ ਦੇ ਜੀਵਨ ਵਿੱਚ ਇਨਕਲਾਬ ਲਿਆਂਦਾ। ਸ਼ਬਦਾਂ ਦੇ ਜਾਪ ਦੇ ਨਾਲ ਨਾਲ, ਉਹਨਾਂ ਨੂੰ ਉਹਨਾਂ ਨੇ ਧਰਮ ਯੁੱਧ ਦਾ ਵਿਵਹਾਰਕ ਪਾਠ ਵੀ ਪੜ੍ਹਾਇਆ। ਇਸ ਤੱਥ ਨੂੰ ਗੁਰੂ ਜੀ ਦੇ ਆਲੋਚਕ ਨਾ ਸਮਝ ਸਕੇ, ਨਾ ਵੇਖ ਸਕੇ।

ਇਸ ਤਰ੍ਹਾਂ ਗੁਰੂ ਜੀ ਨੂੰ ਗਲਤ ਸਮਝਿਆ ਗਿਆ ਤੇ ਉਸਦੇ ਕਾਰਜ ਨੂੰ ਸਹੀ ਰੂਪ ਵਿੱਚ ਪੇਸ਼ ਨਾ ਕੀਤਾ ਜਾ ਸਕਿਆ। ਗੁਰੂ ਹਰਿਗੋਬਿੰਦ ਨੇ ਮੁਲਕ ਨੂੰ ਰਾਜਸੀ ਬੰਧਨ ਤੋਂ ਮੁਕਤੀ ਦਾ ਸੱਚਾ ਮਾਰਗ ਦਰਸਾਕੇ ਅਦੁੱਤੀ ਸੇਵਾ ਕੀਤੀ।"[11]

ਸ੍ਰੀ ਗੁਰੂ ਹਰਿ ਗੋਬਿੰਦ ਨੇ ਸਿੱਖਾਂ ਨੂੰ ਹਾਕਮਾਂ ਤੇ ਉਹਨਾਂ ਦੇ ਸਹਿਯੋਗੀਆਂ ਵਿਰੁੱਧ ਲੜੀ ਗਈ ਹਰ ਲੜਾਈ ਵਿੱਚ ਜਿੱਤ ਦਾ ਸੁਖ-ਸੁਆਦ ਬਖਸ਼ਿਆ। ਇਸ ਤੋਂ ਗੁਰੂ ਸਾਹਿਬ ਦੀ ਜੰਗਾਂ-ਯੁੱਧਾਂ ਵਿੱਚ ਸੁਯੋਗਤਾ ਅਤੇ ਇੱਕ ਫੌਜੀ ਜਰਨੈਲ ਵਜੋਂ ਅਦੁੱਤੀ ਤੇ ਅਨੋਖੇ ਗੁਣਾਂ ਦੀ ਜਾਣਕਾਰੀ ਮਿਲਦੀ ਹੈ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਜਨਮ 19 ਜੂਨ 1595 ਨੂੰ ਅੰਮ੍ਰਿਤਸਰ ਨੇੜੇ "ਵਡਾਲੀ ਗੁਰੂ" ਵਿੱਚ ਹੋਇਆ। ਉਹਨਾਂ ਨੂੰ ਧਾਰਮਿਕ ਸਿੱਖਿਆ ਭਾਈ ਗੁਰਦਾਸ ਨੇ ਦਿੱਤੀ ਤੇ ਸ਼ਸਤਰ ਵਿਦਿਆ, ਤੀਰ-ਅੰਦਾਜ਼ੀ ਤੇ ਤਲਵਾਰ ਬਾਜ਼ੀ ਦੀ ਸਿਖਲਾਈ ਬਾਬਾ ਬੁੱਢਾ ਜੀ ਨੇ ਦਿੱਤੀ। 30 ਮਈ, 1606 ਨੂੰ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੇ ਹੁਕਮ ਨਾਲ ਲਾਹੌਰ ਵਿੱਚ ਸ਼ਹੀਦ ਕਰ ਦਿੱਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ ਹੀ ਆਪਣੇ ਉੱਤਰਾਧਿਕਾਰੀ ਨੂੰ 25 ਮਈ 1606 ਨੂੰ ਮਨੋਨੀਤ ਕਰ ਦਿੱਤਾ ਸੀ। ਪ੍ਰੰਤੂ ਵਿਧੀ ਪੂਰਵਕ ਉਨ੍ਹਾਂ ਦੀ ਗੱਦੀ ਤੇ ਸਥਾਪਨਾ 24 ਜੂਨ 1606 ਈ. ਨੂੰ ਹੋਈ।

ਸ੍ਰੀ ਗੁਰੂ ਹਰਿ ਗੋਬਿੰਦ ਨੇ ਆਪਣੇ ਲਈ ਸ਼ਸਤਰਧਾਰੀ ਦਾ ਪਹਿਰਾਵਾ ਚੁਣਿਆ। ਉਹਨਾਂ ਨੇ ਦੋ ਤਲਵਾਰਾਂ ਪਹਿਨੀਆਂ ਤੇ ਦਸਤਾਰ ਤੇ ਕਲਗੀ ਸਜਾਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਨਵੀਂ ਨੀਤੀ ਨੂੰ ਜਨਮ ਦਿੱਤਾ ਜਿਸ ਤੋਂ ਪ੍ਰਤੱਖ ਹੋ ਗਿਆ ਕਿ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਪ੍ਰਤੀਕ ਹਨ ਤੇ ਸੰਸਾਰਕ ਤੇ ਅਧਿਆਤਮਕ ਕਾਰਜ ਨਾਲੋਂ ਨਾਲ ਚੱਲਣਗੇ। ਉਹਨਾਂ ਨੇ ਦੇਗ ਤੇਗ ਤੇ ਇਕੋ ਜਿਹਾ ਬਲ ਦਿੱਤਾ ਤੇ ਇਸ ਤਰ੍ਹਾਂ ਸਿੱਖਾਂ ਨੂੰ ਭਵਿੱਖ 'ਚ ਹੋਣ ਵਾਲੇ ਸੰਘਰਸ਼ ਲਈ ਤਿਆ ਕੀਤਾ। ਇਹ ਰਾਜ ਦੇ ਅਤਿਆਚਾਰ

ਦੇ ਖ਼ਤਰੇ ਦੇ ਟਾਕਰੇ ਤੇ ਉਸ ਦਾ ਤੁਰਤ ਤੇ ਆਪ ਮੁਹਾਰਾ ਉੱਤਰ ਸੀ।

ਉਹ ਸ਼ੁਰੂ ਤੋਂ ਹੀ ਲੜਾਈ ਲਈ ਉਤਾਵਲੇ ਨਹੀਂ ਸਨ। ਸ਼ੁਰੂ ਵਿੱਚ ਉਹ ਮਾਲਵਾ ਖੇਤਰ ਵੱਲ ਚਲੇ ਗਏ ਤੇ $1^1/_2$ ਸਾਲ ਦੇ ਲਗਭਗ ਡਰੋਲੀ ਭਾਈ ਵਿੱਚ ਰਹੇ। ਉਸ ਸਮੇਂ ਹੀ ਸ਼ੇਖ ਫਰੀਦ ਬੁਖਾਰੀ (ਮੁਰਤਜ਼ਾ ਖਾਂ) ਗੁਜਰਾਤ ਦਾ ਗਵਰਨਰ ਬਣ ਕੇ ਚਲਿਆ ਗਿਆ ਤੇ ਉਸਦੇ ਜਾਣ ਨਾਲ ਹੀ ਉਸਨੂੰ ਦਿੱਤਾ ਸ਼ਾਹੀ ਹੁਕਮ ਤੇ ਗੁਰੂ ਜੀ ਦੀ ਜਾਇਦਾਦ ਆਦਿ ਤੇ ਕਬਜ਼ਾ ਕਰ ਲਿਆ ਜਾਵੇ, ਅਮਲ ਲਗਭਗ ਬੰਦ ਹੀ ਹੋ ਗਿਆ ਸੀ।[12]

ਅੰਮ੍ਰਿਤਸਰ ਵਾਪਿਸ ਆਕੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਆਪਣੀ ਨਵੀਂ ਨੀਤੀ ਨੂੰ ਅਮਲੀ ਰੂਪ ਦਿੱਤਾ। ਸਿੱਖ ਸੰਗਤ ਨੂੰ ਸ਼ਸਤਰ ਤੇ ਘੋੜੇ ਭੇਟਾ ਵਜੋਂ ਲੈਕੇ ਆਉਣ ਲਈ ਹੁਕਮਨਾਮੇ ਭੇਜੇ ਗਏ। ਬਹੁਤ ਲੋਕਾਂ ਨੇ ਗੁਰੂ ਜੀ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਕਈਆਂ ਨੂੰ ਗੁਰੂ ਜੀ ਨੇ ਸ਼ਸਤਰ ਤੇ ਘੋੜੇ ਵੀ ਦਿੱਤੇ। ਬਹੁਤ ਸਾਰੀਆਂ ਖੇਡਾਂ ਲੋਕ ਪ੍ਰਿਅ ਹੋ ਗਈਆਂ ਤੇ ਢਾਡੀ ਨੱਥਾ ਤੇ ਅਬਦੁਲਾਂ 'ਵਾਰਾਂ' ਗਾਉਣ ਲਈ ਨਾਲ ਰਹਿਣ ਲੱਗੇ।[13]

ਉਹਨਾਂ ਨੇ 1609 ਈ: ਵਿਚ ਅਕਾਲ ਤਖ਼ਤ ਦਾ ਨਿਰਮਾਣ ਕਰਵਾਇਆ। ਗੁਰੂ ਜੀ ਨੇ ਭਾੜੇ ਤੇ ਪਠਾਨ ਸੈਨਿਕ ਭਰਤੀ ਕੀਤੇ ਤੇ ਆਪਣੇ ਪੈਰੋਕਾਰਾਂ ਵਿਚੋਂ ਬਲਵਾਨ ਤੇ ਨਰੋਏ ਪੁਰਸ਼ਾਂ ਨੂੰ ਸੈਨਿਕ ਸਿਖਲਾਈ ਦਿੱਤੀ। ਮੁਹਸਿਨ ਫ਼ਾਨੀ ਲਿਖਦਾ ਹੈ : "ਗੁਰੂ ਜੀ ਕੋਲ 800 ਘੋੜੇ, 300 ਘੋੜ ਅਸਵਾਰ ਤੇ 60 ਬੰਦੂਕਚੀ ਸਦਾ ਉਹਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਸਨ।"[14]

ਜਿਉਂ ਜਿਉਂ ਗੁਰੂ ਜੀ ਦੇ ਸੇਵਕਾਂ ਦੀ ਗਿਣਤੀ ਵਧਣ ਲੱਗੀ ਤਾਂ ਸਥਾਨਿਕ ਅਫਸਰਾਂ ਨੇ ਸਮਰਾਟ ਨੂੰ ਸੂਚਨਾਵਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਜਹਾਂਗੀਰ ਨੇ ਗੁਰੂ ਜੀ ਦੀ ਗ੍ਰਿਫ਼ਤਾਰੀ ਕਰਨ ਤੇ ਉਸਦੀ ਸੈਨਾ ਤੋੜਨ ਦੇ ਹੁਕਮ ਦੇ ਦਿੱਤੇ।

ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਪਰ ਇਹ ਇਕ ਜਟਿਲ ਸਮੱਸਿਆ ਹੈ ਕਿ ਉਹਨਾਂ ਦੀ ਨਜ਼ਰਬੰਦੀ ਕਦੋਂ ਹੋਈ ਕਿਉਂਕਿ ਇਤਿਹਾਸਕਾਰਾਂ ਵਿੱਚ ਉਹਨਾਂ ਦੀ ਨਜ਼ਰਬੰਦੀ ਬਾਰੇ ਇੱਕ ਮੱਤ ਨਹੀਂ ਹੈ।

ਮੋਹਸਿਨ ਫ਼ਾਨੀ ਲਿਖਦਾ ਹੈ ਕਿ ਇਹ ਸਮਾਂ 12 ਸਾਲ ਦਾ ਸੀ ਤੇ ਗਿਆਨੀ ਗਿਆਨ ਸਿੰਘ ਅਨੁਸਾਰ 40 ਦਿਨਾਂ ਦਾ ਜਾਂ ਵੱਧ ਤੋਂ ਵੱਧ ਦੋ ਮਹੀਨੇ ਦਾ ਸਮਾਂ ਸੀ। ਕੁਝ ਹੋਰਾਂ ਅਨੁਸਾਰ ਇਹ ਸਾਲ ਦੋ ਸਾਲ ਜਾਂ 5 ਤੋਂ 7 ਸਾਲ ਸੀ। ਇਕ ਹੋਰ ਸਮੱਸਿਆ ਗ੍ਰਿਫ਼ਤਾਰੀ ਤੇ ਰਿਹਾਈ ਦੀ ਤਾਰੀਖ ਤੇ ਸਮੇਂ ਬਾਰੇ ਵੀ ਹੈ।

ਪਰ ਇਕ ਗੱਲ ਪੱਕੀ ਹੈ ਕਿ ਗੁਰੂ ਜੀ 1619 ਵਿੱਚ ਬੰਦੀ ਵਿੱਚ ਨਹੀਂ ਸਨ ਤੇ ਉਹਨਾਂ ਦੇ ਸੰਬੰਧ ਜਹਾਂਗੀਰ ਨਾਲ ਬਹੁਤ ਸੁਖਾਵੇਂ ਸਨ। ਉਹਨਾਂ ਨੂੰ 1607 ਈ: ਦੇ ਅੰਤ ਤੋਂ ਪਹਿਲਾਂ ਕਿਲੇ 'ਚ ਕੈਦ ਵੀ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ ਬੰਦੀ ਦਾ ਸਮਾਂ 1607 ਈ: ਤੋਂ 1619 ਈ:, 1607 ਈ: ਤੋਂ 1612 ਈ: ਜਾਂ 1611 ਈ: ਤੋਂ 1612 ਈ: ਹੋ ਸਕਦਾ ਹੈ। 40 ਦਿਨਾਂ ਦੀ 'ਬੰਦੀ' ਤਾਂ ਮੁੱਢੋਂ ਹੀ ਰੱਦ ਕੀਤੀ ਜਾਣੀ ਚੰਗੀ ਹੈ।[15] ਖੁਸ਼ਵੰਤ ਸਿੰਘ ਲਿਖਦਾ ਹੈ ਕਿ ਗੁਰੂ ਜੀ ਨੇ ਇਕ ਸਾਲ ਜਾਂ ਕੁਝ ਵਧੀਕ ਸਮਾਂ ਗੁਆਲੀਅਰ

ਦੇ ਕਿਲੇ ਵਿੱਚ ਗੁਜ਼ਾਰਿਆ।[16] ਪ੍ਰਿੰਸੀਪਲ ਸਤਿਬੀਰ ਸਿੰਘ 1611-12 ਦੋ ਸਾਲ ਦਾ ਸਮਾਂ ਲਿਖਦਾ ਹੈ।[17] ਡਾ. ਗੰਡਾ ਸਿੰਘ ਤੇ ਤੇਜਾ ਸਿੰਘ ਵੀ ਦੋ ਸਾਲ ਦਾ ਸਮਾਂ ਮਿੱਥਦੇ ਹਨ ਜੋ ਕਿ 1613-14 ਦਾ ਹੈ।[18]

ਦੂਸਰੇ ਪਾਸੇ ਫੌਜਾ ਸਿੰਘ ਦਾ ਮੱਤ ਹੈ ਕਿ ਗੁਰੂ ਹਰਿ ਗੋਬਿੰਦ 1617-19 ਵਿਚਕਾਰ ਕੁਝ ਮਹੀਨੇ ਲਈ ਹੀ ਗਵਾਲੀਅਰ ਰਹੇ ਜਿੱਥੇ ਉਹਨਾਂ ਨੂੰ ਸ਼ਾਹੀ ਕੈਂਪ ਵਿੱਚ ਨਿਗਰਾਨੀ ਹੇਠ ਰੱਖਿਆ ਗਿਆ। ਜਦ ਗੁਰੂ ਜੀ ਦਾ ਕਿਲ੍ਹੇ 'ਚੋਂ ਰਿਹਾਈ ਦਾ ਸਮਾਂ ਆਇਆ ਤਾਂ ਉਹ ਇਸ ਸ਼ਰਤ ਤੇ ਬਾਹਰ ਆਉਣ ਲਈ ਤਿਆਰ ਹੋਏ ਕਿ ਉਹਨਾਂ ਨਾਲ ਸਾਰੇ ਕੈਦੀ ਵੀ ਰਿਹਾ ਕੀਤੇ ਜਾਣ। ਉਹ 52 ਕੈਦੀਆਂ ਨੂੰ ਆਪਣੇ ਨਾਲ ਬਾਹਰ ਲਿਆਏ ਤੇ ਇਸ ਤਰ੍ਹਾਂ ਉਹ ਬੰਦੀ ਛੋੜ ਕਹਿਲਾਏ, ਜਿਸ ਨਾਮ ਨਾਲ ਅੱਜ ਤੱਕ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ।[19]

ਸੰਗਤ ਸਿੰਘ ਦਾ ਵਿਚਾਰ ਹੈ ਕਿ ਗੁਰੂ ਹਰਿਗੋਬਿੰਦ ਨੂੰ ਜਨਵਰੀ 1613 ਵਿਚ ਹਿਰਾਸਤ ਵਿੱਚ ਲਿਆ ਗਿਆ ਤੇ ਅਕਤੂਬਰ 1619 ਵਿੱਚ ਬੰਦੀ-ਮੁਕਤ ਕੀਤਾ ਗਿਆ। ਸੰਗਤ ਸਿੰਘ "ਗੁਰ ਬਿਲਾਸ ਪਾਤਸ਼ਾਹੀ ਛੇ" ਦੇ ਆਧਾਰ ਤੇ ਲਿਖਦਾ ਹੈ ਕਿ ਗੁਰੂ ਜੀ ਦੇ ਵਿਰੁੱਧ ਸ਼ਿਕਾਇਤ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ 6 ਸਾਲ ਬਾਅਦ ਕੀਤੀ ਗਈ ਸੀ ਤੇ ਗੁਰੂ ਹੋਰਿਗੋਬਿੰਦ ਦਿੱਲੀ ਜਾਣ ਲਈ ਦੋ ਮਾਘ (31 ਦਸੰਬਰ 1612) ਨੂੰ ਚੱਲ ਪਏ ਸਨ। ਉਹ 5 ਸਾਲ 4 ਮਹੀਨੇ ਪਿੱਛੋਂ ਜਨਵਰੀ 1619 ਵਿੱਚ ਆਗਰੇ ਤੋਂ ਵਾਪਸ ਆਏ।[20] ਭੱਟ ਵਹੀ ਜਾਦੋਬੰਸੀ, ਖਾਤਾ ਬੜ੍ਹਤੀਆਂ ਦਾ ਵਿੱਚ ਵੀ ਲਿਖਿਆ ਹੈ ਕਿ ਗੁਰੂ ਜੀ ਨੂੰ ਅਕਤੂਬਰ 26, 1619 ਨੂੰ ਰਿਹਾ ਕੀਤਾ ਗਿਆ।

ਸੰਗਤ ਸਿੰਘ ਦਾ ਭੱਟ ਵਹੀਆਂ ਤੇ ਨਿਰਭਰ ਕਰਨ ਦਾ ਹੀ ਕਾਰਨ ਹੈ ਕਿ ਉਹ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਗੁਰੂ ਜੀ ਨੂੰ 1613 ਵਿੱਚ 'ਬੰਦੀ' ਬਣਾਇਆ ਗਿਆ। ਜੇ ਇਸਨੂੰ ਸਹੀ ਮੰਨ ਲਿਆ ਜਾਵੇ ਤਾਂ ਗੁਰੂ ਜੀ ਦੀ ਸੰਤਾਨ ਦੀਆਂ ਜਨਮ ਤਾਰੀਖਾਂ ਹੇਠਾਂ ਉੱਪਰ ਹੋ ਜਾਂਦੀਆਂ ਹਨ ਤੇ ਬਹੁਤ ਵੱਡੀ ਗੜਬੜੀ ਪੈਦਾ ਹੁੰਦੀ ਹੈ। ਭਾਈ ਰਣਧੀਰ ਸਿੰਘ ਦੀ ਗੁਰ ਪਰਵਾਲੀ ਅਨੁਸਾਰ ਗੁਰੂ ਤੇਗ ਬਹਾਦਰ ਦਾ ਜਨਮ 18 ਅਕਤੂਬਰ 1621 ਈ. ਨੂੰ ਹੋਇਆ ਤੇ ਮਾਤਾ ਦਮੋਦਰੀ ਜੀ ਨੇ ਅਣੀ ਰਾਏ ਨੂੰ ਅਕਤੂਬਰ 24, 1623 ਨੂੰ ਜਨਮ ਦਿੱਤਾ ਤੇ ਮਾਤਾ ਮਰਵਾਹੀ ਨੇ ਅਟੱਲ ਰਾਏ ਨੂੰ 6 ਫਰਵਰੀ 1626 ਨੂੰ ਜਨਮ ਦਿੱਤਾ— ਇਹ ਸਭ ਕੁਝ ਵਿਸ਼ਵਾਸ ਯੋਗ ਨਹੀਂ ਹੈ। ਜੇ ਅਸੀਂ ਭੱਟ ਵਹੀਆਂ ਨੂੰ ਸਹੀ ਮੰਨ ਕੇ ਤੁਰੀਏ ਤਾਂ ਇਕ ਗੱਲ ਸਪਸ਼ਟ ਹੈ ਕਿ ਗੁਰੂ ਜੀ ਨੂੰ 1619 ਈ. ਵਿੱਚ ਰਿਹਾ ਕੀਤਾ ਗਿਆ ਹੋਵੇਗਾ ਤੇ ਉਹਨਾਂ ਜੇਲ੍ਹ ਵਿੱਚ ਦੋ ਸਾਲਾਂ ਤੋਂ ਘੱਟ ਗੁਜ਼ਾਰੇ ਹੋਣਗੇ। ਇਸ ਹਾਲਤ ਵਿੱਚ ਗੁਰੂ ਜੀ ਨੂੰ 1612 ਵਿੱਚ ਬੰਦੀ ਬਣਾਇਆ ਜਾਣ ਦੀ ਗੱਲ ਰੱਦ ਕਰਨੀ ਹੋਵੇਗੀ।

ਰਿਹਾਈ ਪਿੱਛੋਂ ਜਹਾਂਗੀਰ ਦੇ ਗੁਰੂ ਜੀ ਨਾਲ ਸੰਬੰਧ ਬੜੇ ਮਧੁਰ ਰਹੇ ਤੇ ਉਸਨੇ ਚੰਦੂ ਸ਼ਾਹ ਗੁਰੂ ਜੀ ਦੇ ਹਵਾਲੇ ਵੀ ਕਰ ਦਿੱਤਾ ਕਿਉਂਕਿ ਉਹੋ ਹੀ ਗੁਰੂ ਜੀ ਦੀ ਗ੍ਰਿਫ਼ਤਾਰੀ ਤੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਜ਼ਿੰਮੇਵਾਰ ਸੀ। ਚੰਦੂ ਸ਼ਾਹ ਨੂੰ ਸਿੱਖਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਜਹਾਂਗੀਰ ਨੇ ਉਹ ਜ਼ਮੀਨ ਵੀ ਚੰਦੂ ਤੋਂ ਖੋਹ ਕੇ ਗੁਰੂ ਹਰਿਗੋਬਿੰਦ ਨੂੰ ਦੇ

ਦਿੱਤੀ ਜਿੱਥੇ ਗੁਰੂ ਹਰਿਗੋਬਿੰਦ ਨੇ ਇੱਕ ਸ਼ਹਿਰ ਆਬਾਦ ਕੀਤਾ ਜੋ ਹਰਿਗੋਬਿੰਦਪੁਰ ਦੇ ਨਾਮ ਤੇ ਪ੍ਰਸਿੱਧ ਹੋਇਆ।

## ਗੁਰੂ ਹਰਿ ਗੋਬਿੰਦ (ਵੱਡ ਜੋਧਾ ਬਲਕਾਰੀ)

ਗੁਰੂ ਹੋਰਿਗੋਬਿੰਦ ਸਿੱਖ ਇਤਿਹਾਸ ਦਾ ਪਹਿਲਾ ਜਰਨੈਲ ਸੀ। ਉਸਨੇ ਜਹਾਂਗੀਰ ਦੇ ਰਾਜਕਾਲ ਵਿੱਚ ਇਕ ਲੜਾਈ ਤੇ ਚਾਰ ਲੜਾਈਆਂ ਸ਼ਾਹਜਹਾਨ ਦੇ ਸਮੇਂ ਲੜੀਆਂ।

### ਰੁਹੇਲਾ ਦਾ ਯੁੱਧ : 1621

ਜਹਾਂਗੀਰ ਨੇ ਚੰਦੂ ਸ਼ਾਹ ਦੀ ਮੌਤ ਪਿਛੋਂ ਉਹ ਭੂਮੀ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ ਚੰਦੂ ਸ਼ਾਹ ਨੇ ਆਪਣੇ ਕਬਜ਼ੇ ਵਿੱਚ ਲੈ ਲਈ ਸ੍ਰੀ ਗੁਰੂ ਹਰਗੋਬਿੰਦ ਨੂੰ ਸੌਂਪ ਦਿੱਤੀ। ਗੁਰੂ ਹਰਿਗੋਬਿੰਦ ਦੇ ਗਵਾਲੀਅਰ ਵਿੱਚ ਬੰਦੀ ਸਮੇਂ ਚੰਦੂ ਦੀਆਂ ਕੁਚਾਲਾਂ ਕਾਰਨ ਹਰਿ ਗੋਬਿੰਦ ਨਗਰ ਜੋ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ, ਚੰਦੂ ਸ਼ਾਹ ਦੇ ਰਿਸ਼ਤੇਦਾਰ ਭਗਵਾਨ ਦਾਸ ਘੇਰੜ ਦੇ ਹੱਥ ਆ ਗਿਆ ਸੀ। ਭਗਵਾਨ ਦਾਸ ਘੇਰੜ ਕਾਨ੍ਹਾ ਭਗਤ ਦਾ ਲੜਕਾ ਤੇ ਚੰਦੂ ਸ਼ਾਹ ਦਾ ਰਿਸ਼ਤੇਦਾਰ ਸੀ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਥਾਂ ਤੇ ਦੁਬਾਰਾ ਨਗਰ ਆਬਾਦ ਕਰਨਾ ਚਾਹਿਆ ਤਾਂ ਭਗਵਾਨ ਦਾਸ ਨੇ ਆਪਣਿਆਂ ਆਦਮੀਆਂ ਨੂੰ ਨਾਲ ਲੈ ਕੇ ਹਮਲਾ ਕਰ ਦਿੱਤਾ, ਪ੍ਰੰਤੂ ਸਿੱਖਾਂ ਨੇ ਉਸਨੂੰ ਮਾਰਕੇ ਦਰਿਆ ਵਿੱਚ ਰੋੜ੍ਹ ਦਿੱਤਾ। ਉਸਦਾ ਲੜਕਾ ਰਤਨ ਚੰਦ ਤੇ ਚੰਦੂ ਸ਼ਾਹ ਦਾ ਪੁੱਤਰ ਕਰਮਚੰਦ ਬਦਲੇ ਦੀ ਅੱਗ ਵਿੱਚ ਸੜਨ ਲੱਗੇ। ਰਤਨ ਚੰਦ ਨੇ ਸਹੁੰ ਖਾਧੀ ਕਿ ਉਹ ਆਪਣੇ ਪਿਤਾ ਦੀ ਮੌਤ ਦਾ ਬਦਲਾ ਜ਼ਰੂਰ ਲਵੇਗਾ। ਉਸਨੇ ਕਿਹਾ, "ਮੈਂ ਗੁਰੂ ਦੀ ਲੋਥ ਪੈਰਾਂ ਹੇਠ ਦਰੜਾਂਗਾ ਜਾਂ ਬੇੜੀਆਂ ਲਾਕੇ ਜੇਲ੍ਹ 'ਚ ਕੈਦ ਕਰਾਂਗਾ ਜਾਂ ਉਸਨੂੰ ਉਸੇ ਤਰ੍ਹਾਂ ਦਰਿਆ ਵਿੱਚ ਸਿੱਟਾਂਗਾ, ਜਿਵੇਂ ਉਸਨੇ ਮੇਰੇ ਪਿਉ ਨੂੰ ਸੁੱਟਿਆ ਹੈ।"

ਕਰਮਚੰਦ ਤੇ ਰਤਨ ਚੰਦ ਰਿਸ਼ਤੇਦਾਰ ਵੀ ਸਨ ਤੇ ਗੁਰੂ ਜੀ ਦੇ ਵੈਰੀ ਵੀ। ਦੋਹਾਂ ਦੇ ਪਿਤਾ ਸਿੱਖਾਂ ਹੱਥੋਂ ਹੀ ਮਾਰੇ ਗਏ ਸਨ। ਦੋਵੇਂ ਹੀ ਕਲਾਨੌਰ ਦੇ ਨਿਵਾਸੀ ਸਨ। ਉਹ ਦੋਵੇਂ ਸਲਾਹ ਕਰਕੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਤੋਂ ਸਹਾਇਤਾ ਲੈਣ ਚਲੇ ਗਏ।

ਫੌਜਦਾਰ ਨੇ 10000 ਸੈਨਿਕਾਂ ਦੀ ਫੌਜ ਬੈਰਮ ਖਾਂ, ਮੁਹੰਮਦ ਖਾਂ, ਬਲਵੰਡ ਖਾਂ, ਅਲੀ ਬਖਸ਼ ਤੇ ਇਮਾਮ ਬਖਸ਼ ਅਧੀਨ ਭੇਜੀ। ਇਹ ਪੰਜੇ ਜਰਨੈਲ ਸੈਨਾ ਲੈਕੇ ਹਮਲਾ ਕਰਨ ਆ ਗਏ ਤੇ ਰਣਖੇਤਰ ਵਿੱਚ ਕੁੱਦ ਪਏ।

ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਕੱਠਿਆਂ ਕੀਤਾ ਤੇ ਭਾਈ ਜਾਤੂ, ਭਾਈ ਨਾਨੂੰ, ਭਾਈ ਪਿਰਾਗਾ, ਭਾਈ ਮਥਰਾ, ਭਾਈ ਜਗਨਾ, ਭਾਈ ਸਕਤੂ, ਭਾਈ ਪਰਸ ਰਾਮ ਤੇ ਭਾਈ ਬਿਧੀ ਚੰਦ ਨੂੰ ਟਾਕਰਾ ਕਰਨ ਦਾ ਹੁਕਮ ਦਿੱਤਾ। ਗੁਰੂ ਜੀ ਨੇ ਭਾਈ ਜਾਤੀ ਮੱਲ ਤੇ ਭਾਈ ਮੋਲਕ ਨੂੰ ਭਾਈ ਬਿਧੀ ਚੰਦ ਦੀ ਸਹਾਇਤਾ ਲਈ ਆਦੇਸ਼ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਸੈਨਾ ਨੂੰ 8 ਪਲਟਨਾਂ ਵਿੱਚ ਵੰਡ ਦਿੱਤਾ।

ਇਹ ਜੰਗ ਰੁਹੇਲਾ ਪਿੰਡ ਦੇ ਨੇੜੇ 28 ਸਤੰਬਰ 1621 ਨੂੰ ਤੇ ਫਿਰ 4 ਅਕਤੂਬਰ 1621 ਨੂੰ ਲੜੀ ਗਈ। ਇਹਨਾਂ ਦੋਹਾਂ ਭੇੜਿਆਂ ਵਿੱਚ ਭਾਈ ਨਾਨੂੰ, ਮੱਥਰਾ ਭੱਟ, ਭਾਈ

ਪਿਰਾਗਾ, ਭਾਈ ਪਰਸ ਰਾਮ ਤੇ ਭਾਈ ਸਕਤੂ ਜਿਹੇ ਬਹਾਦਰ ਸੈਨਾਪਤੀ ਸ਼ਹੀਦ ਹੋ ਗਏ। ਭਾਈ ਬਿਧੀ ਚੰਦ ਨੇ ਅਦੁੱਤੀ ਬਹਾਦਰੀ ਦਿਖਾਈ ਤੇ ਫੌਜਦਾਰ ਅਬਦੁੱਲਾ ਦੇ ਪੁੱਤਰ ਕਰੀਮ ਬਖ਼ਸ਼ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਲੜਾਈ ਵਿੱਚ ਫੌਜਦਾਰ ਦੇ ਕਮਾਂਡਰ ਬੈਰਮ ਖਾਂ, ਬਲਵੰਡ ਖਾਂ, ਅਲੀ ਬਖ਼ਸ਼ ਤੇ ਨਬੀ ਬਖ਼ਸ਼ ਵੀ ਮਾਰੇ ਗਏ।

ਆਖ਼ਿਰ ਵਿੱਚ ਅਬਦੁੱਲਾ ਖਾਂ, ਕਰਮ ਚੰਦ ਤੇ ਰਤਨ ਚੰਦ ਹੀ ਰਹਿ ਗਏ। ਉਹਨਾਂ ਆਕੇ ਗੁਰੂ ਜੀ ਨੂੰ ਘੇਰ ਲਿਆ। ਬਿਧੀ ਚੰਦ ਤੇ ਦੂਸਰੇ ਸਿੱਖ ਕਮਾਂਡਰ ਰਣਖੇਤਰ ਵਿੱਚ ਥੋੜ੍ਹੀ ਦੂਰ ਵੈਰੀ ਦੇ ਸੈਨਿਕਾਂ ਦਾ ਟਾਕਰਾ ਕਰ ਰਹੇ ਸਨ।

ਗੁਰੂ ਜੀ ਨੇ ਰਤਨਚੰਦ ਦੇ ਘੋੜੇ ਤੇ ਤੀਰ ਵਰਸਾਏ ਤੇ ਇਕ ਤੀਰ ਕਰਮਚੰਦ ਦੇ ਘੋੜੇ ਨੂੰ ਵੀ ਚੀਰ ਗਿਆ। ਦੋਵੇਂ ਘੋੜਿਆਂ ਤੋਂ ਉੱਤਰ ਕੇ ਲੜਨ ਲੱਗੇ। ਕਰਮਚੰਦ ਨੇ ਗੁਰੂ ਜੀ ਤੇ ਹਮਲਾ ਕੀਤਾ ਪਰ ਉਹਦਾ ਵਾਰ ਗੁਰੂ ਜੀ ਨੇ ਢਾਲ ਤੇ ਝੱਲ ਲਿਆ ਤੇ ਸਗੋਂ ਰਤਨ ਚੰਦ ਨੂੰ ਭੁੰਝੇ ਡੇਗ ਦਿੱਤਾ। ਰਤਨ ਚੰਦ ਉਹਦੀ ਸਹਾਇਤਾ ਲਈ ਅੱਗੇ ਆਇਆ ਤਾਂ ਗੁਰੂ ਜੀ ਨੇ ਪਸਤੌਲ ਨਾਲ ਉਸਨੂੰ ਨਿਸ਼ਾਨਾ ਬਣਾਇਆ। ਫਿਰ ਅਬਦੁੱਲਾ ਖਾਂ ਗੁੱਸੇ ਵਿੱਚ ਝੱਲਾ ਹੋ ਗਿਆ। ਗੁਰੂ ਜੀ ਨੇ ਉਹਦੇ ਵਾਰ ਵੀ ਆਪਣੀ ਢਾਲ ਤੇ ਝੱਲੇ ਤੇ ਫਿਰ ਉਹਦਾ ਸਿਰ ਆਪਣੇ ਤੇਗੇ ਨਾਲ ਲਾਹ ਦਿੱਤਾ। ਫਿਰ ਕਰਮ ਚੰਦ ਗੁਰੂ ਜੀ ਵੱਲ ਹੱਲਾ ਕਰਕੇ ਆਇਆ। ਗੁਰੂ ਜੀ ਨੇ ਉਸਨੂੰ ਦੋਹਾਂ ਬਾਹਾਂ ਤੋਂ ਫੜ ਲਿਆ ਉਸਨੂੰ ਇਸ ਤਰ੍ਹਾਂ ਉਦਾਲੇ ਘੁਸਾਇਆ ਜਿਵੇਂ ਕ੍ਰਿਸ਼ਨ ਨੇ ਕੰਸ ਨੂੰ ਘੁਮਾਇਆ ਸੀ ਤੇ ਇਸ ਤਰ੍ਹਾਂ ਉਸਨੂੰ ਧਰਤੀ ਤੇ ਪਟਕਾ ਦੇ ਮਾਰ ਦਿੱਤਾ।[21] ਮੁਖੀ ਤੇ ਉਹਦੇ ਸਰਦਾਰ ਮਾਰੇ ਗਏ ਤੇ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਹਰਿਗੋਬਿੰਦਪੁਰ ਸ਼ਹਿਰ ਵਸਾਇਆ ਤੇ ਧਰਮਸਾਲਾ ਨਾਲ ਮਸੀਤ ਵੀ ਬਣਾਈ।

ਇਸ ਲੜਾਈ ਦੀ ਮਿਤੀ ਬਾਰੇ ਸਾਡਾ ਸ੍ਰੋਤ ਭੱਟਵਹੀ ਹੈ। ਇਹ ਵਹੀ ਭਾਈ ਨਾਨੂ, ਭਾਈ ਮਥਰਾ ਤੇ ਭਾਈ ਪਰਾਗਾ ਆਦਿ ਦੀ ਸ਼ਹਾਦਤ ਤੇ ਪਰਕਾਸ਼ ਪਾਉਂਦੀ ਹੈ :

ਨਾਨੂ ਬੇਟਾ ਮੂਲੇ ਕਾ, ਪੋਤਾ ਰਾਊ ਕਾ ਪੜਪੋਤਾ ਚਾਹੜਕਾ, ਬੰਸ ਬੀਝੇ ਕਾ ਬੰਝਰਉਤ ਸਾਲ ਸੋਲਾਂ ਸੈ ਅਠੱਤ੍ਰਾ ਕੱਤਕ ਪ੍ਰਵਿਸ਼ਟੇ ਤੀਸਰੇ ਕੇ ਦਿਹੁੰ ਗਾਮ ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ, ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੋਂ ਮਥਰਾ ਬੇਟਾ ਭਿਖੇ ਕਾ ਪੋਤਾ ਰਈਏ ਕਾ ਪੜਪੋਤਾ ਨਰਸੀਕਾ ਬੰਸ ਭਗੀਰਤ ਕਾ, ਕੌਸ਼ਿਸ਼ ਗੋਤ੍ਰ ਗੌੜ ਬ੍ਰਾਹਮਣ, ਪਰਾਗਾ ਬੇਟਾ ਗੌਤਮ ਦਾ ਭਾਗਵ ਗੋਤ੍ਰ ਛਿੱਬਰ ਬ੍ਰਾਹਮਣ, ਹੋਰ ਰਣ ਜੂਝੰਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ ਰਣ ਮੇਂ ਜੂਝ ਕਰ ਮਰੇ।"[22]

ਗੁਰੂ ਜੀ ਦੇ ਸੰਬੰਧ ਜਹਾਂਗੀਰ ਨਾਲ ਸੁਖਾਵੇਂ ਰਹੇ। ਉਸਦੀ ਮ੍ਰਿਤੂ 1627 ਈ. ਵਿੱਚ ਹੋ ਗਈ ਤੇ ਉਸਦਾ ਉਤਰਾਧਿਕਾਰੀ ਸ਼ਾਹਜਹਾਂ ਬਣਿਆ। ਸ਼ਾਹਜਹਾਨ ਦਾ ਝੁਕਾਅ ਕੱਟੜ ਮੂਲਵਾਦੀ ਮੁਸਲਮਾਨਾਂ ਵੱਲ ਸੀ, ਜਿਹਨਾਂ ਦੀ ਪ੍ਰਤਿਨਿਧਤਾ 'ਨਕਸ਼ ਬੰਦੀ" ਕਰ ਰਹੇ ਸਨ। ਉਸਨੇ ਉਹਨਾਂ ਮੰਦਰਾਂ ਨੂੰ ਢਾਹੁਣ ਦੇ ਹੁਕਮ ਜਾਰੀ ਕਰ ਦਿੱਤੇ ਜੋ ਬਣਾਏ ਜਾ ਰਹੇ ਸਨ। ਉਸਨੇ ਲਾਹੌਰ ਦੇ ਡੱਬੀ ਬਾਜ਼ਾਰ ਵਿੱਚ ਬਾਉਲੀ ਵੀ ਪੂਰ ਦਿੱਤੀ ਤੇ ਲੰਗਰ ਹਾਲ ਨੂੰ

ਮਸੀਤ ਵਿੱਚ ਤਬਦੀਲ ਕਰ ਦਿੱਤਾ। ਇਸ ਨਾਲ ਮੁਗ਼ਲਾਂ ਤੇ ਸਿੱਖਾਂ ਦੇ ਸੰਬੰਧ ਹੋਰ ਵਿਗੜ ਗਏ।

ਹੁਣ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵਧੇਰੇ ਸਮਾਂ ਰਾਜਸੀ ਕਾਰਜਾਂ ਤੇ ਯੁੱਧ ਦੀ ਤਿਆਰੀ ਤੇ ਸ਼ਸਤਰਾਂ ਦੀ ਸਿਖਲਾਈ ਵੱਲ ਲਾਉਣਾ ਸ਼ੁਰੂ ਕਰ ਦਿੱਤਾ।

## ਅੰਮ੍ਰਿਤਸਰ ਦਾ ਯੁੱਧ

ਸ਼ਾਹਜਹਾਨ ਦੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਖੁੱਲ੍ਹਮਖੁੱਲ੍ਹੀ ਟੱਕਰ ਦਾ ਕਾਰਨ ਇੱਕ ਸ਼ਾਹੀ ਬਾਜ ਸੀ ਜੋ ਸ਼ਿਕਾਰ ਕਰ ਰਹੇ ਸਿੱਖਾਂ ਦੇ ਹੱਥ ਆ ਗਿਆ। ਜਦੋਂ ਸ਼ਾਹੀ ਸ਼ਿਕਾਰੀ ਤੇ ਉਸਦੇ ਸੈਨਿਕ ਬਾਜ਼ ਮਗਰ ਆਏ ਤੇ ਉਹਨਾਂ ਬਾਜ਼ ਵੇਖਿਆ ਤਾਂ ਉਹਨਾਂ ਨੇ ਸਿੱਖਾਂ ਨੂੰ ਕਿਹਾ ਕਿ ਬਾਜ਼ ਬਾਦਸ਼ਾਹ ਦਾ ਹੈ ਤੇ ਉਹਨਾਂ ਨੂੰ ਦੇ ਦਿੱਤਾ ਜਾਵੇ। ਸਿੱਖਾਂ ਨੇ ਦੇਣ ਤੋਂ ਇਨਕਾਰ ਕਰ ਦਿੱਤਾ।

ਜਦੋਂ ਗੁਰੂ ਜੀ ਨੂੰ ਲੜਾਈ ਲੜਨੀ ਪਈ ਤਾਂ ਉਸ ਵੇਲੇ ਉਹਨਾਂ ਦੀ ਬੇਟੀ ਵੀਰੋ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ ਤੇ ਉਹ ਵਿਆਹ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਏ ਸਨ। ਪ੍ਰੰਤੂ ਗੁਰੂ ਜੀ ਦੇ ਸਿੱਖਾਂ ਦਾ ਪਹਿਲਾ ਕੰਮ ਗੁਰੂ ਜੀ ਦੇ ਪਰਿਵਾਰ ਨੂੰ ਸੁਰਖਿਅਕ ਸਥਾਨ ਤੇ ਪਹੁੰਚਾਉਣਾ ਸੀ ਤੇ ਫਿਰ ਵੈਰੀ ਨਾਲ ਟੱਕਰ ਲੈਣੀ ਸੀ। ਉਹਨਾਂ 'ਚੋਂ ਕੁਝ ਤਾਂ ਟਿਕਾਣਾ ਬਦਲਣ 'ਚ ਰੁੱਝ ਗਏ ਤੇ ਦੂਸਰੇ ਕਿਲ੍ਹਾ ਲੋਹਗੜ੍ਹ ਵਿੱਚ ਮੁਗਲ ਸੈਨਾ ਨੂੰ ਅੱਗੇ ਵੱਧਣ ਤੋਂ ਰੋਕਣ ਵਿੱਚ ਲੱਗ ਗਏ। ਸਿੱਖਾਂ ਨੇ ਇਕ ਖੋਖਲੇ ਦਰਖਤ ਨੂੰ ਤੋਪ ਵਜੋਂ ਵਰਤਿਆ। ਸਿੱਖਾਂ ਨੇ ਇਸਨੂੰ ਤੋਪਖਾਨੇ ਦਾ ਹਥਿਆਰ ਬਣਾਕੇ ਇਸ ਤਰ੍ਹਾਂ ਪੱਥਰ ਵਰ੍ਹਾਏ ਕਿ ਵੈਰੀ ਦਾ ਹੌਸਲਾ ਪਸਤ ਹੋ ਗਿਆ ਤੇ ਉਹਦੀ ਸੈਨਾ ਦੇ ਬਹੁਤ ਸੈਨਿਕ ਮਾਰੇ ਗਏ।

ਸਿੱਖਾਂ ਤੇ ਉਹਨਾਂ ਦੇ ਜੱਥੇਦਾਰਾਂ ਨੇ ਤਿਆਰੀ ਸ਼ੁਰੂ ਕੀਤੀ ਤੇ ਝੱਟ ਹੀ ਜੰਗ ਲਈ ਤਿਆਰ ਹੋ ਗਏ। ਗੁਰੂ ਜੀ ਨੇ ਆਪਣੀ ਸੈਨਾ ਦੇ ਪ੍ਰਧਾਨ ਸੈਨਾਪਤੀ ਭਾਨੂੰ ਨੂੰ ਕਿਹਾ, "ਆਪਣੇ ਘਰਾਂ ਨੇੜੇ ਲੜਾਈ ਲੜਨੀ ਠੀਕ ਨਹੀਂ।" ਉਸਨੇ ਪਰਿਵਾਰਾਂ ਨੂੰ ਸ਼ਹਿਰ ਤੋਂ ਬਾਹਰਵਾਰ ਰਾਮਸਰ ਕੋਲ ਸੁਰੱਖਿਅਤ ਸਥਾਨ ਤੇ ਲਿਜਾਏ ਜਾਣ ਦਾ ਆਦੇਸ਼ ਦਿੱਤਾ। ਇਹ ਕਾਰਜ ਭਾਈ ਨਿਵਾਲਾ ਨੂੰ ਸੌਂਪਿਆ ਗਿਆ। ਇਸ ਦੌਰਾਨ 25 ਬਹਾਦਰ ਸਿੱਖਾਂ ਨੇ ਲੋਹਗੜ੍ਹ ਦੇ ਕਿਲੇ ਵਿੱਚ ਸ਼ਾਹੀ ਸੈਨਾ ਨੂੰ ਅੱਗੇ ਵੱਧਣ ਤੋਂ ਰੋਕੀ ਰੱਖਿਆ। ਰਾਮਸਰ ਜਾ ਕੇ ਪਤਾ ਲੱਗਾ ਕਿ ਗੁਰੂ ਜੀ ਦੀ ਲੜਕੀ ਵੀਰੋ ਪਿੱਛੇ ਹੀ ਘਰ ਵਿੱਚ ਰਹਿ ਗਈ ਹੈ। ਸਿੰਘਾ ਤੇ ਬਾਬਲ ਲੜਕੀ ਨੂੰ ਲਿਆਉਣ ਲਈ ਭੇਜੇ ਗਏ। ਵੈਰੀ ਗੁਰੂ ਜੀ ਦੇ ਘਰ ਵਿੱਚ ਦਾਖ਼ਲ ਹੋ ਚੁੱਕਾ ਸੀ। ਇਸਨੇ ਘਰ ਤੇ ਅਧਿਕਾਰ ਕਰਕੇ ਗੁਰੂ ਦੇ ਘਰ ਵਿੱਚ ਵਿਆਹ ਲਈ ਮਠਿਆਈ ਬੇਫ਼ਿਕਰ ਹੋਕੇ ਤੇ ਰੱਜ ਕੇ ਖਾਧੀ। ਸਿੱਖਾਂ ਦੀ ਲੋਹਗੜ੍ਹ 'ਚ ਤਾਈਨਾਤ ਟੁਕੜੀ ਆਖਰੀ ਆਦਮੀ ਤੱਕ ਬਹਾਦਰੀ ਨਾਲ ਲੜ ਕੇ ਸ਼ਹੀਦ ਹੋ ਗਏ। ਇਤਨੇ ਸਮੇਂ ਨੂੰ ਗੁਰੂ ਜੀ ਨੇ ਬਾਬਲ ਤੇ ਸੰਘੇ ਦੀ ਸਹਾਇਤਾ ਲਈ ਭਾਈ ਬਿਧੀਚੰਦ ਤੇ ਪੈਂਦੇ ਖਾਂ ਨੂੰ ਬੀਬੀ ਵੀਰੋ ਨੂੰ ਲਿਆਉਣ ਲਈ ਭੇਜਿਆ। ਉਹ ਸੁਰੱਖਿਅਤ ਬੀਬੀ ਨੂੰ ਲੈਕੇ ਪਹੁੰਚ ਗਏ। ਗੁਰੂ ਜੀ ਨੇ ਆਪਣਾ ਪਰਿਵਾਰ ਝਬਾਲ ਭੇਜ ਦਿੱਤਾ।

ਵੈਰੀ ਪਿਛਲੇ ਦਿਨ ਦੇ ਜਬਰੀ ਕੂਚ ਕਾਰਨ ਤੇ ਉਨੀਂਦਰੇ ਕਾਰਨ ਥੱਕਿਆ ਹੋਇਆ

ਸੀ ਤੇ ਮਠਿਆਈ ਖਾ-ਖਾ ਅਫਰੇਵੇਂ ਕਾਰਨ ਸ਼ਹਿਰੀਆਂ ਤੋਂ ਖੋਹੇ ਹੋਏ ਮੰਜਿਆਂ ਬਿਸਤਰਿਆਂ ਤੇ ਘੂਕ ਸੌਂ ਗਿਆ। ਉਹਨਾਂ ਨੂੰ ਤਲਵਾਰਾਂ ਦੀ ਖੜਕਾਹਟ ਤੇ ਗੋਲੀਆਂ ਚੱਲਣ ਦੀ ਆਵਾਜ਼ ਨਾਲ ਹੀ ਜਾਗ ਆਈ। ਯੁੱਧ ਸ਼ੁਰੂ ਹੋ ਗਿਆ, ਤਲਵਾਰਾਂ ਖੜਕੀਆਂ ਤੇ ਗੋਲੀ ਚੱਲਦੀ ਰਹੀ। ਬਹਾਦਰ ਲੜ ਮਰੇ, ਬੇਤਹਾਸਾ ਖੂਨ ਡੁੱਲ੍ਹਿਆ, ਲਾਸ਼ਾਂ ਦੇ ਢੇਰ ਲੱਗ ਗਏ ਤੇ ਘੋੜੇ ਬਿਨ ਅਸਵਾਰਾਂ ਦੇ ਸ਼ਹਿਰ ਦੇ ਚੱਕਰ ਕੱਢਦੇ ਭੱਜ-ਦੌੜ ਰਹੇ ਸਨ।[23]

ਮੁਖਲਿਸ ਖ਼ਾਂ ਆਪਣੇ ਆਦਮੀਆਂ ਨੂੰ ਭੱਜਦਿਆਂ ਵੇਖਕੇ ਲਲਕਾਰ ਭਰੇ ਢੰਗ ਨਾਲ ਸੰਬੋਧਨ ਕਰਨ ਲੱਗਾ। ਉਹਦੇ ਕਮਾਂਡਰਾ-ਸਮਸ਼ ਖਾਂ, ਅਨਵਰ ਖਾਂ ਤੇ ਸੱਯਦ ਮੁਹੰਮਦ ਆਦਿਕ ਨੇ ਸ਼ਾਹੀ ਸੈਨਾ ਦੀ ਅਗਵਾਈ ਕੀਤੀ। ਭਾਈ ਸੰਘਾ, ਭਾਈ ਜਾਤੀ ਮੱਲ, ਭਾਈ ਨੰਦਾ, ਭੀਮਾ, ਭਿੱਖਾ ਜਿਹੇ ਬਹਾਦਰ ਸਿੱਖਾਂ ਨੇ ਹਮਲੇ ਦਾ ਬਹਾਦਰੀ ਨਾਲ ਟਾਕਰਾ ਕੀਤਾ। ਜੰਗ ਉਸ ਥਾਂ ਤੇ ਲੜੀ ਗਈ ਜਿਸ ਥਾਂ ਨੂੰ ਮਗਰੋਂ ਸੰਗਰਾਨਾ ਕਿਹਾ ਗਿਆ ਹੈ। ਉਸ ਥਾਂ ਤੇ ਇਸ ਯੁੱਧ ਦੀ ਯਾਦ ਵਿੱਚ ਗੁਰਦਵਾਰਾ ਵੀ ਬਣਿਆ ਹੋਇਆ ਹੈ। ਪੈਂਦੇ ਖਾਂ ਤੇ ਬਿਧੀ ਚੰਦ ਨੇ ਬੜੀ ਵੀਰਤਾ ਦਿਖਾਈ। ਮੈਕਾਲਿਫ ਨੇ ਇਸ ਯੁੱਧ ਦੇ ਬ੍ਰਿਤਾਂਤ ਦਾ ਵੇਰਵਾ ਦਿੰਦਿਆ ਲਿਖਿਆ ਹੈ ਕਿ ਬਿਧੀ ਚੰਦ, ਪੈਂਦੇ ਖਾਂ ਤੇ ਜਾਤੀ ਮੱਲ ਨੇ ਵੈਰੀ ਦਾ ਡੱਟ ਕੇ ਟਾਕਰਾ ਕੀਤਾ ਤੇ ਵੈਰੀ ਦੇ ਆਹੂ ਲਾਹ ਦਿੱਤੇ। ਬਿਧੀ ਚੰਦ ਨੇ ਸੁਲਤਾਨ ਬੇਗ ਨੂੰ ਮਾਰ ਮੁਕਾਇਆ ਤੇ ਪੈਂਦੇ ਖ਼ਾਂ ਨੇ ਮੁਖਲਿਸ ਖ਼ਾਂ ਦੇ ਆਖ਼ਰੀ ਅੰਗ-ਰੱਖਿਅਕ ਦੀਦਾਰ ਅਲੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮੁਖਲਿਸ ਖ਼ਾਂ ਇਕੱਲਾ ਰਹਿ ਗਿਆ ਸੀ। ਉਸ ਕੋਲ ਹੁਣ ਗੁਰੂ ਜੀ ਨਾਲ ਆਪ ਲੜਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਗੁਰੂ ਜੀ ਉਪਰ ਉਸ ਨੇ ਦੋ ਵਾਰ ਕੀਤੇ ਪਰ ਅਸਫ਼ਲ ਰਿਹਾ। ਫਿਰ ਗੁਰੂ ਜੀ ਨੇ ਆਪਣਾ ਸ਼ਕਤੀਸ਼ਾਲੀ ਸ਼ਸਤਰ ਉਠਾਇਆ ਤੇ ਮੁਖਲਿਸ ਖ਼ਾਂ ਦਾ ਸਿਰ ਦੋ ਟੋਟੇ ਕਰ ਦਿੱਤਾ।[24]

ਪੈਂਦੇ ਖ਼ਾਂ, ਬਿਧੀ ਚੰਦ ਤੇ ਜਾਤੀ ਮਲ ਨੇ ਉਹਨਾਂ ਮੁਸਲਮਾਨਾਂ ਨੂੰ ਮਾਰ ਮੁਕਾਇਆ ਜੋ ਮੈਦਾਨ ਵਿੱਚ ਡਟੇ ਹੋਏ ਸਨ ਪ੍ਰੰਤੂ ਉਹਨਾਂ 'ਚੋਂ ਬਹੁਤ ਸਾਰੇ ਤਾਂ ਪਿੱਛੇ ਵੇਖੇ ਬਿਨਾਂ ਹੀ ਦੌੜ ਗਏ ਸਨ। ਨੌਂ ਘੰਟੇ ਦੀ ਲੜਾਈ ਪਿੱਛੋਂ ਗੁਰੂ ਜੀ ਦੀ ਮੁਕੰਮਲ ਜਿੱਤ ਹੋਈ।

ਅੰਮ੍ਰਿਤਸਰ ਦੇ ਯੁੱਧ ਨੇ ਗੁਰੂ ਜੀ ਦੇ ਸੈਨਿਕਾਂ ਦੀ ਬੀਰਤਾ ਸਿੱਧ ਕਰ ਦਿੱਤੀ। ਭਾਵੇਂ ਭਾਨੂੰ, ਤੋਤਾ, ਤਿਲੋਕਾ, ਅਨੰਤਾ, ਨਿਗਲਾ, ਤਖਤੂ ਤੇ ਮੋਹਨ ਜਿਹੇ ਯੋਧੇ ਲੜਾਈ ਵਿੱਚ ਮਾਰੇ ਗਏ ਪ੍ਰੰਤੂ ਮੁਗਲ ਸੈਨਾਪਤੀ ਮੁਖਲਿਸ ਖ਼ਾਂ ਦੀ ਮੌਤ ਵੈਰੀ ਉੱਪਰ ਗੁਰੂ ਜੀ ਦੀ ਜਿੱਤ ਦਾ ਸਾਫ਼ ਸੰਕੇਤ ਸੀ ਜੋ ਬੁਰੀ ਤਰ੍ਹਾਂ ਭਾਂਜ ਖਾ ਚੁੱਕਾ ਸੀ। ਇਸ ਜਿੱਤ ਨੇ ਮੁਗ਼ਲਾਂ ਦੀ ਅਜਿਤੱਤਾ ਦਾ ਭਰਮ ਤੋੜ ਦਿੱਤਾ। ਸਰ ਜਾਦੂ ਨਾਥ ਸਰਕਾਰ ਦੇ ਸ਼ਬਦਾਂ ਵਿੱਚ, "ਬਹੁਤ ਸਾਰੇ ਆਦਮੀ ਗੁਰੂ ਜੀ ਦੀ ਫ਼ੌਜ ਵਿੱਚ ਭਰਤੀ ਹੋਣ ਆ ਗਏ। ਉਹਨਾਂ ਕਿਹਾ ਕਿ ਗੁਰੂ ਜੀ ਤੋਂ ਬਿਨਾਂ ਬਾਦਸ਼ਾਹ ਦਾ ਹੋਰ ਕੋਈ ਮੁਕਾਬਲਾ ਨਹੀਂ ਕਰ ਸਕਦਾ।"[25]

ਇਸ ਲੜਾਈ ਦਾ ਸਾਲ ਮੈਕਾਲਿਫ਼, ਗੰਡਾ ਸਿੰਘ, ਖ਼ੁਸ਼ਵੰਤ ਸਿੰਘ, ਇੰਦੂ ਭੂਸ਼ਣ ਬੈਨਰਜੀ ਤੇ ਅਨੇਕਾਂ ਹੋਰ ਲੇਖਕਾਂ ਨੇ 1628 ਈ: ਦਿੱਤਾ ਹੈ। ਪ੍ਰੰਤੂ ਸੰਗਤ ਸਿੰਘ, ਫੌਜਾ ਸਿੰਘ, ਸੁਰਜੀਤ ਸਿੰਘ ਗਾਂਧੀ ਆਦਿ ਨੇ ਲੜਾਈ ਦਾ ਸਾਲ 1634 ਈ: ਦਿੱਤਾ ਹੈ ਜਿਵੇਂ ਕਿ ਭੱਟ ਵਹੀਆਂ ਵਿੱਚ ਹੈ।

ਭੱਟ ਵਹੀਆਂ ਵਿੱਚ ਲਿਖਿਆ ਹੈ : "ਬਲੂ ਪੁੱਤਰ ਮੂਲੇ ਕਾ, ਪੋਤਾ ਰਾਊਕਾ, ਪੜਪੋਤਾ ਚਾਹੜਕਾ ਰਦਉਂਤ ਜਲ੍ਹਾਨਾ ਸਾਲ ਸੋਲਾਂ ਸੌ ਇਕਾਨਮੇ ਵਿਸਾਖ ਪ੍ਰਵਿਸ਼ਟੇ ਸਤਾਰਾਂ ਗੁਰੂ ਚੱਕ ਕੇ ਮਲ੍ਹਾਨ ਗੁਰੂ ਕਾ ਬਚਨ ਪਾਇ ਸਾਮ੍ਹੇ ਮਾਥੇ ਰਣ ਮੇਂ ਮੁਰਤਜ਼ਾ ਖਾ ਕੋ ਮਾਰ ਕੇ ਮਰਾ। ਗੈਲੋਂ ਕੀਰਤ ਬੇਟਾ ਭਿਖੇ ਕਾ, ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ ਕੋਸ਼ਿਸ਼ ਗੋਤ੍ਰ ਗੌੜ ਬ੍ਰਾਹਮਣ ਮਾਰਾ ਗਿਆ।"[26] ਹਰੀ ਰਾਮ ਗੁਪਤਾ ਵਲੋਂ ਦਿੱਤੀਆਂ ਤਾਰੀਖਾਂ ਪਰਵਾਨ ਯੋਗ ਨਹੀਂ ਹਨ। ਉਸ ਅਨੁਸਾਰ ਦੋ ਲੜਾਈਆਂ 1633 ਵਿੱਚ ਹੋਈਆਂ ਤੇ ਇਕ 1634 ਈਸਵੀ ਵਿੱਚ।

## (ਲਹਿਰਾ) ਮਿਰ੍ਹਾਝ ਦਾ ਯੁੱਧ

ਗੁਰੂ ਜੀ ਅੰਮ੍ਰਿਤਸਰ ਤੋਂ ਝਬਾਲ ਗਏ। ਉੱਥੇ ਜਾਕੇ ਆਪਣੀ ਬੇਟੀ ਦਾ ਵਿਆਹ ਕੀਤਾ। ਉੱਥੇ ਸਾਧੂ ਸਪੁੱਤਰ ਧਰਮਾ ਪਿੰਡ ਮੱਲ੍ਹਾ ਵਾਸੀ ਨਾਲ ਵਿਆਹ ਰਚਾ ਕੇ ਗੁਰੂ ਜੀ ਗੋਇੰਦਵਾਲ ਲਈ ਚੱਲ ਪਏ। ਉਹ ਪਹਿਲਾਂ ਕਾਫੀ ਸਮਾਂ ਮੋਗੇ ਨੇੜੇ ਡਰੋਲੀ ਭਾਈ ਠਹਿਰੇ। ਉਹਨਾਂ ਨੇ ਗ੍ਰੰਥ ਸਾਹਿਬ ਆਪਣੇ ਪਰਿਵਾਰ ਨਾਲ ਕਰਤਾਰਪੁਰ ਭੇਜ ਦਿੱਤਾ ਤੇ ਆਪ ਸਿੱਖਾਂ ਨੂੰ ਦਰਸ਼ਨ ਦਿੰਦੇ ਮਾਲਵੇ ਵੱਲ ਚਲੇ ਗਏ।

ਮਾਲਵੇ ਵਿੱਚ ਗੁਰੂ ਜੀ ਨੂੰ ਇਕ ਹੋਰ ਯੁੱਧ ਲੜਨਾ ਪਿਆ। ਇਹ ਯੁੱਧ ਮਿਰ੍ਹਾਝ ਵਿੱਚ ਮੰਗਲਵਾਰ 17 ਪੋਹ, ਸੰਮਤ 1791 (ਅੱਧ ਦਸੰਬਰ 1634 ਈ.) ਨੂੰ ਲੜਿਆ ਗਿਆ। ਇਸ ਵਾਰ ਯੁੱਧ ਦਾ ਕਾਰਨ "ਦਿਲਬਾਗ" ਤੇ ਗੁਲਬਾਗ" ਨਾਮ ਦੇ ਦੋ ਘੋੜੇ ਸਨ ਜੋ ਲਾਹੌਰ ਦੇ ਇੱਕ ਸਰਕਾਰੀ ਅਧਿਕਾਰੀ ਇਨਾਯਤ ਅਤੁੱਲਾ ਨੇ ਫੜ ਲਏ ਸਨ ਤੇ ਸ਼ਾਹੀ ਅਸਤਬਲ ਵਿੱਚ ਭੇਜ ਦਿੱਤੇ ਸਨ। ਗੁਰੂ ਜੀ ਉਸ ਵੇਲੇ ਮਾਲਵਾ ਖੇਤਰ ਵਿੱਚ ਰਟਨ ਕਰ ਰਹੇ ਸਨ ਤੇ ਉਹ ਭਾਈ ਰੂਪਾ ਕੋਲੋਂ ਰਾਏ ਜੋਧ ਵੱਲ ਜਾ ਰਹੇ ਸਨ। ਉਹਨਾਂ ਨੂੰ ਖਬਰ ਮਿਲੀ ਕਿ ਬਹੁਤ ਹੀ ਸ਼ਾਨਦਾਰ ਘੋੜੇ ਜੋ ਬਖਤ ਮੱਲ ਤੇ ਤਾਰਾ ਚੰਦ ਨੇ ਭੇਜੇ ਸਨ ਲਾਹੌਰ ਦੇ ਸਰਕਾਰੀ ਅਫ਼ਸਰਾਂ ਨੇ ਜ਼ਬਰਦਸਤੀ ਖੋਹ ਲਏ ਹਨ। ਗੁਰੂ ਜੀ ਦੇ ਅਨਿਨ ਸੇਵਕ ਭਾਈ ਬਿਧੀ ਚੰਦ ਨੇ ਉਹ ਘੋੜੇ ਸ਼ਾਹੀ ਅਸਤਬਲ 'ਚੋਂ ਲਿਆਉਣ ਵਿੱਚ ਸਫਲਤਾ ਪ੍ਰਾਪਤ ਕਰ ਲਈ। ਇੱਕ ਵਾਰ ਉਹ ਘਾਹੀ ਦੇ ਭੇਸ ਵਿੱਚ ਜਾ ਕੇ ਘੋੜਾ ਲੈ ਆਇਆ ਤੇ ਦੂਸਰੀ ਵਾਰ ਉਹ ਜੋਤਿਸ਼ੀ ਦੇ ਭੇਸ਼ ਵਿੱਚ ਘੋੜਾ ਲੈ ਆਇਆ। ਮੁਗਲਾਂ ਨੂੰ ਜਾਣਕਾਰੀ ਮਿਲੀ ਕਿ ਘੋੜੇ ਗੁਰੂ ਜੀ ਕੋਲ ਪਹੁੰਚ ਗਏ ਹਨ ਜੋ ਉਸ ਸਮੇਂ ਬਠਿੰਡਾ ਦੇ ਜੰਗਲਾਂ ਵਿੱਚ ਸਨ।

ਮੁਗਲ ਸੈਨਾ ਕਮਰਬੇਗ ਤੇ ਲੱਲਾਬੇਗ ਦੀ ਅਗਵਾਈ ਵਿੱਚ ਸ਼ਸਤਰਬੱਧ ਹੋਕੇ ਗੁਰੂ ਜੀ ਦਾ ਮੁਕਾਬਲਾ ਕਰਨ ਉਸ ਪਾਸੇ ਚਲੀ ਗਈ। ਗੁਰੂ ਜੀ ਜਾਣਦੇ ਸਨ ਕਿ ਉਹਨਾਂ ਵਿਰੁੱਧ ਸੈਨਾ ਭੇਜੀ ਜਾਵੇਗੀ ਇਸ ਲਈ ਉਹ ਬਠਿੰਡੇ ਦੇ ਜੰਗਲੀ ਤੇ ਗ਼ੈਰ ਆਬਾਦ ਖੇਤਰ ਵੱਲ ਚਲੇ ਗਏ ਜਿੱਥੇ ਉਹਨਾਂ ਦਾ ਪਿੱਛਾ ਕਰਨਾ ਔਖਾ ਸੀ। ਗੁਰੂ ਹਰਿ ਗੋਬਿੰਦ ਪਾਸ 4000 ਸੈਨਿਕ ਸਨ ਤੇ ਉਹਨਾਂ ਲਈ ਰਸਦ ਸਾਮਾਨ ਵੀ। ਜਦੋਂ ਲੜਾਈ ਹੋਈ ਤਾਂ ਗੁਰੂ ਜੀ ਦੇ ਮ੍ਰਿਤਕਾਂ ਤੇ ਜ਼ਖ਼ਮੀਆਂ ਦੀ ਗਿਣਤੀ 1200 ਸੀ ਤੇ ਉਹਨਾਂ ਵਿੱਚ ਸ਼ਹੀਦ ਹੋਣ ਵਾਲਾ ਬਹਾਦਰ ਜੇਠਾ ਵੀ ਸੀ। ਭਾਈ ਜੇਠਾ ਦੀ ਸ਼ਹਾਦਤ ਪਿੱਛੋਂ ਗੁਰੂ ਜੀ ਆਪ ਰਣਖੇਤਰ ਵਿੱਚ ਉੱਤਰ ਗਏ। ਰਾਏ ਜੋਧ ਤੇ ਬਿਧੀ ਚੰਦ ਨੇ ਵੀ ਜੌਹਰ ਦਿਖਾਏ। ਸ਼ਾਹੀ ਸੈਨਾ ਦੇ

ਕਮਾਂਡਰ ਕਮਰ ਬੇਗ, ਉਹਦੇ ਦੋਵੇਂ ਪੁੱਤਰ ਸ਼ਮਸ ਬੇਗ ਤੇ ਕਾਸਿਮ ਬੇਗ ਤੇ ਉਸਦਾ ਭਰਾ ਲੱਲਾ ਬੇਗ ਤੇ ਕਾਬਲੀ ਬੇਗ ਮੈਦਾਨ ਵਿੱਚ ਮਾਰੇ ਗਏ। ਲਤੀਫ਼ ਲਿਖਦਾ ਹੈ ਕਿ ਹਾਰ ਖਾਣ ਪਿੱਛੋਂ ਸ਼ਾਹੀ ਫੌਜ ਲਾਹੌਰ ਦੌੜ ਗਈ ਤੇ ਆਪਣੇ ਮਰੇ ਕਮਾਂਡਰਾਂ ਦੀਆਂ ਲਾਸ਼ਾਂ ਵੀ ਪਿੱਛੇ ਛੱਡ ਆਈ।[27]

ਖ਼ੁਸ਼ਵੰਤ ਸਿੰਘ ਵੀ ਲਿਖਦਾ ਹੈ ਕਿ ਸਿੱਖਾਂ ਨੇ ਮੁਗਲਾਂ ਦੀ ਚੰਗੀ ਕੁਟਾਈ ਕੀਤੀ।[28]

ਲਹਿਰਾਂ ਦੇ ਯੁੱਧ ਪਿੱਛੋਂ ਗੁਰੂ ਜੀ ਲੁਕਣਗਾਹ ਛੱਡ ਕੇ ਮੈਦਾਨਾਂ ਵੱਲ ਆ ਗਏ ਕਿਉਂ ਉਹ ਤਾਕਤਵਰ ਅਨੁਭਵ ਕਰਨ ਲੱਗ ਪਏ ਸਨ।[29] ਇਤਿਹਾਸਕਾਰਾਂ ਵਿੱਚ ਲੜਾਈ ਦੇ ਸਾਲ ਬਾਰੇ ਇੱਕ ਮੱਤ ਨਹੀਂ ਹੈ। ਮੈਕਾਲਿਫ, ਖ਼ੁਸ਼ਵੰਤ ਸਿੰਘ, ਗੰਡਾ ਸਿੰਘ ਅਤੇ ਬੈਨਰਜੀ ਲੜਾਈ ਦਾ ਸਾਲ 1630-31 ਦਿੰਦੇ ਹਨ ਜਦੋਂ ਕਿ ਭੱਟਵਹੀ 17 ਪੋਹ 1691 ਸੰਮਤ (ਦਸੰਬਰ 1634)[30] ਤਾਰੀਖ ਮੰਨਦੀ ਹੈ। ਡਾ. ਫੌਜਾ ਸਿੰਘ ਤੇ ਸੰਗਤ ਸਿੰਘ ਭੱਟਵਹੀਆਂ ਦੀ ਮਿਤੀ ਹੀ ਠੀਕ ਸਮਝਦੇ ਹਨ।

## ਕਰਤਾਰਪੁਰ ਦਾ ਯੁੱਧ

ਗੁਰੂ ਹਰਗੋਬਿੰਦ ਦੁਆਬਾ ਬਿਸਤ ਜਲੰਧਰ ਵਿੱਚ ਕਰਤਾਰਪੁਰ ਚਲੇ ਗਏ। ਉਹ ਉੱਥੇ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਸਨ ਪ੍ਰੰਤੂ ਪੈਂਦਾ ਖਾਂ ਦੇ ਦਗਾ ਦੇਣ ਨਾਲ ਫਿਰ ਮੁਸ਼ਕਲਾਂ ਸ਼ੁਰੂ ਹੋ ਗਈਆਂ। ਮੈਕਾਲਿਫ ਦਾ ਕਹਿਣਾ ਹੈ ਕਿ ਪੈਂਦੇ ਖਾਂ ਇਕ ਭਾੜੇ ਦਾ ਪਠਾਨ ਸੈਨਿਕ ਸੀ।[31] ਜੋ ਗੁਰੂ ਜੀ ਦੀ ਫੌਜ ਵਿੱਚ ਭਰਤੀ ਹੋ ਗਿਆ ਤੇ ਉਸਦੀਆਂ ਨਜ਼ਰਾਂ ਵਿੱਚ ਬਹੁਤ ਰੁਤਬਾ ਪ੍ਰਾਪਤ ਕਰ ਗਿਆ। ਉਸਨੇ ਗੁਰੂ ਜੀ ਦੀ ਫੌਜ ਦੀ ਅਗਵਾਈ ਅੰਮ੍ਰਿਤਸਰ ਦੇ ਜੁੱਧ ਵਿੱਚ ਕੀਤੀ ਸੀ ਤੇ ਉਸਦੀ ਬੀਰਤਾ ਤੇ ਯੋਗਤਾ ਨਾਲ ਹੀ ਗੁਰੂ ਜੀ ਨੂੰ ਉਸ ਯੁੱਧ ਵਿੱਚ ਚੰਗੀ ਜਿੱਤ ਪ੍ਰਾਪਤ ਹੋਈ ਸੀ। ਪੈਂਦਾ ਖਾਂ ਹੁਣ ਗੁਰੂ ਜੀ ਨਾਲ ਇਕ ਬਾਜ਼ ਕਾਰਨ ਗੁਸੇ ਹਾਂ ਗਿਆ ਤੇ ਉਹ ਬਾਦਸ਼ਾਹ ਨਾਲ ਜਾ ਰਲਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ 1635 ਈ: ਦੇ ਅਪ੍ਰੈਲ ਮਹੀਨੇ ਵਿੱਚ ਘੇਰਾ ਪਾ ਲਿਆ ਗਿਆ। ਕਈ ਦਿਨ ਲੜਾਈ ਹੁੰਦੀ ਰਹੀ। ਪੈਂਦਾ ਖਾਂ ਜਲੰਧਰ ਦੇ ਫੌਜਦਾਰ ਕੁਤਬ ਖਾਂ ਤੇ ਕਾਲੇ ਖਾਂ (ਅੰਮ੍ਰਿਤਸਰ ਦੇ ਯੁੱਧ ਵਿੱਚ ਮਾਰੇ ਗਏ ਮੁਗਲ ਕਮਾਂਡਰ ਮੁਖਲਿਸ ਖਾਂ ਦਾ ਭਰਾ) ਸ਼ਾਹੀ ਕਮਾਂਡਰ ਨੂੰ ਨਾਲ ਲੈਕੇ ਕਰਤਾਰਪੁਰ ਆ ਕੇ ਹਮਲਾਵਰ ਹੋਏ।

ਪਹਿਲਾਂ ਤਾਂ ਗੁਰੂ ਜੀ ਨੂੰ ਉਹਨਾਂ ਆਪਣੇ ਜਾਲ 'ਚ ਚਾਲਾਕੀ ਨਾਲ ਫਸਾਉਣ ਦੀ ਜਾਂ ਸੁਲਹ ਦੀ ਗੱਲ ਕਰਕੇ ਏਲਚੀ ਰਾਹੀਂ ਬੁਲਾ ਕੇ ਮਾਰਨ ਦੀ ਚਾਲ ਚੱਲੀ ਪ੍ਰੰਤੂ ਉਹ ਨਿਰਾਸ ਵਾਪਸ ਮੁੜ ਗਿਆ ਕਿਉਂਕਿ ਉਸ ਦੀ ਕੋਈ ਵੀ ਚਾਲਾਕੀ ਸਫਲ ਨਾ ਹੋਈ।

ਇਸ ਲੜਾਈ ਵਿੱਚ ਧੀਰਮੱਲ ਨੇ ਪੈਂਦੇ ਖਾਂ ਨੂੰ ਸਹਾਇਤਾ ਦਾ ਵਿਸ਼ਵਾਸ ਦੁਆਇਆ। ਗੁਰੂ ਜੀ ਵਲੋਂ ਉਹਦੇ ਦੋ ਬੇਟਿਆਂ ਤੇਗ ਬਹਾਦਰ ਦੇ ਬਾਬਾ ਗੁਰਦਿੱਤਾ ਨੇ ਖ਼ੂਬ ਤਲਵਾਰ ਚਲਾਈ ਤੇ ਜੌਹਰ ਦਿਖਾਏ। ਲੜਾਈ ਵਿੱਚ ਮੁਗਲਾਂ ਦੇ ਪ੍ਰਸਿੱਧ ਯੋਧੇ ਮਾਰੇ ਗਏ ਤੇ ਕਈ ਜਰਨੈਲ ਪੈਂਦੇ ਖਾਂ ਨੂੰ ਤਾਅਨੇ ਮਾਰਕੇ ਚਿੜਾ ਰਹੇ ਸਨ ਕਿ ਉਹ ਆਪਣੀ ਬੀਰਤਾ ਵਿਖਾਵੇ ਜਿਸਦਾ ਉਸਨੂੰ ਬੜਾ ਮਾਨ ਸੀ ਤੇ ਜਿਸ ਬਾਰੇ ਉਹ ਬਹੁਤ ਫੜਾਂ ਮਾਰਦਾ ਸੀ। ਹੁਣ ਉਸ ਕੋਲ ਅੱਗੇ ਵਧਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਉਹ ਆਪਣੇ ਪਹਿਲੇ ਸੁਆਮੀ ਤੇ

ਸਨੇਹੀ ਗੁਰੂ ਜੀ ਨੂੰ ਗੁਸਤਾਖੀ ਨਾਲ ਬੁਲਾਉਣ ਲੱਗਾ, "ਆਪਣੀ ਲੁਕਣਗਾਹ ਤੋਂ ਬਾਹਰ ਆ। ਓ ਗੁਰੂ ਤੂੰ ਕਿਉਂ ਨਿਰਦੋਸ਼ ਲੋਕਾਂ ਦਾ ਖ਼ੂਨ ਡੋਲ੍ਹ ਰਿਹਾ ਏਂ ? ਜਾਂ ਤਾਂ ਹਥਿਆਰ ਸੁੱਟ ਕੇ ਸੁਲਹ ਕਰ ਲੈ। ਮੈਂ ਤੈਨੂੰ ਬਾਦਸ਼ਾਹ ਕੋਲ ਲਿਜਾ ਤੇਰੇ ਗੁਨਾਹਾਂ ਦੀ ਮਾਫੀ ਲੈ ਦਵਾਗਾ ਜਾਂ ਫਿਰ ਮੇਰੀ ਤਲਵਾਰ ਨਾਲ ਟਾਕਰਾ ਕਰ ਜੋ ਕਦੇ ਨਹੀਂ ਹਾਰਦੀ ਤੇ ਜੋ ਬਦਲੇ ਲਈ ਪਿਆਸੀ ਹੈ।"

ਗੁਰੂ ਜੀ ਆਪਣੇ ਸੈਨਿਕਾਂ ਵਿੱਚੋਂ ਨਿਕਲ ਕੇ ਅੱਗੇ ਵਧੇ ਤੇ ਕਿਹਾ, "ਮੈਂ ਤੇਰੇ ਸਾਮ੍ਹਣੇ ਹਾਂ'– ਤੂੰ ਪਹਿਲਾਂ ਵਾਰ ਕਰ ਲੈ, ਨਹੀਂ ਤਾਂ ਮਗਰੋਂ ਤੈਨੂੰ ਪਛਤਾਵਾ ਹੋਵੇਗਾ।" ਪੈਂਦੇ ਖਾਂ ਨੇ ਪਹਿਲਾਂ 'ਗੁਰੂ ਜੀ ਦੀ ਲੱਤ ਤੇ ਦੋ ਵਾਰ ਕੀਤੇ ਪਰ ਕੇਵਲ ਰਕਾਬ ਹੀ ਵੱਢੀ ਗਈ। ਅਗਲਾ ਵਾਰ ਗੁਰੂ ਜੀ ਨੇ ਢਾਲ ਤੇ ਝੱਲ ਲਿਆ। ਫਿਰ ਪੈਂਦੇ ਖਾਂ ਨੇ ਗੁਰੂ ਜੀ ਦੇ ਘੋੜੇ ਦੀ ਲਗਾਮ ਫੜਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਗੁਰੂ ਜੀ ਨੇ ਉਸਨੂੰ ਐਸਾ ਜ਼ੋਰਦਾਰ ਠੁੱਡਾ ਮਾਰਿਆ ਕਿ ਉਹ ਲੜਖੜਾਉਣ ਲੱਗਾ ਤੇ ਕਾਫੀ ਸਮੇਂ ਪਿੱਛੋਂ ਹੀ ਸੰਭਲ ਸਕਿਆ। ਪੈਦੇ ਖਾਂ ਨੇ ਫਿਰ ਕਿਸਮਤ ਅਜ਼ਮਾਈ ਤੇ ਤਲਵਾਰ ਫੜਕੇ ਕਹਿਣ ਲੱਗਾ, "ਜੇ ਤੇਰੇ 'ਚ ਤਾਕਤ ਹੈ ਤਾਂ ਤੂੰ ਆਪਣੀ ਵਾਰੀ ਕਿਉਂ ਨਹੀਂ ਲੈਂਦਾ ?" ਗੁਰੂ ਜੀ ਨੇ ਕਿਹਾ, "ਮੈਂ ਅਜੇ ਵੀ ਉਸ ਦੀ ਜਾਨ ਲੈਣ ਤੋਂ ਝਿਜਕ ਰਿਹਾ ਹਾਂ ਜਿਸਦੀ ਮੈਂ ਪ੍ਰਿਤਪਾਲਣਾ ਕੀਤੀ ਹੈ।"

ਫਿਰ ਗੁਰੂ ਜੀ ਨੇ ਉਤੇਜਿਤ ਹੋਕੇ ਆਪਣਾ ਦੋ-ਧਾਰਾ ਖੰਡਾ ਕੱਢਿਆ ਤੇ ਪੈਂਦਾ ਖਾਂ ਦੇ ਇਤਨੀ ਤਾਕਤ ਨਾਲ ਮਾਰਿਆ ਕਿ ਉਹਦਾ ਸਰੀਰ ਦੋ ਟੋਟੇ ਹੋ ਗਿਆ।

ਬਾਬਾ ਗੁਰਦਿੱਤਾ ਨੇ ਪੈਂਦੇ ਖਾਂ ਦੇ ਜੁਆਈ ਉਸਮਾਨ ਖਾਂ ਦਾ ਸਿਰ ਚੀਰ ਦਿੱਤਾ। ਹੁਣ ਮੁਗਲ ਸੈਨਾ ਹੌਸਲਾ ਛੱਡ ਗਈ ਪ੍ਰੰਤੂ ਮੈਦਾਨ 'ਚੋਂ ਨੱਠ ਜਾਣਾ ਵੀ ਸੰਭਵ ਨਹੀਂ ਸੀ। ਉਹਨਾਂ ਨੇ ਇੱਕ ਹੋਰ ਹਮਲਾ ਕਰਨ ਦਾ ਯਤਨ ਕੀਤਾ। ਇਸ ਵਾਰ ਕਾਲੇ ਖਾਂ ਤੇ ਕੁਤਬ ਖਾਂ ਵਾਰੀ ਵਾਰੀ ਗੁਰੂ ਜੀ ਹੱਥੋਂ ਇਕੋ ਮੁੱਠ-ਭੇੜ 'ਚ ਮਾਰੇ ਗਏ। ਕਿਹਾ ਜਾਂਦਾ ਹੈ ਕਿ ਜਦੋਂ ਕਈ ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਕਾਲੇ ਖਾਂ ਗੁਰੂ ਜੀ ਤੇ ਵਾਰ ਨਾ ਕਰ ਸਕਿਆ ਤਾਂ ਗੁਰੂ ਜੀ ਨੇ ਆਪਣਾ ਦੁਧਾਰਾ ਤੇਗਾਂ ਇਤਨੀ ਜ਼ੋਰ ਨਾਲ ਮਾਰਿਆ ਕਿ ਉਸਦਾ ਸਿਰ ਧੜ ਤੋਂ ਇੱਕੋ ਵਾਰ ਨਾਲ ਅੱਡ ਹੋ ਗਿਆ। ਤੇ ਨਾਲ ਹੀ ਗੁਰੂ ਜੀ ਨੇ ਉੱਚੀ ਆਵਾਜ਼ 'ਚ ਕਿਹਾ, "ਇਸ ਤਰ੍ਹਾਂ ਨਹੀਂ ਇਸ ਤਰ੍ਹਾਂ ਵਾਰ ਰੋਕੀਦਾ ਹੈ।"

ਮੁਹਸਿਨ ਫਾਨੀ ਲਿਖਦਾ ਹੈ ਕਿ ਗੁਰੂ ਜੀ ਨੇ ਆਪਣੇ ਵੈਰੀ ਨੂੰ ਦੁਸ਼ਮਣੀ ਕਰਨ ਨਹੀਂ ਮਾਰਿਆ ਸੀ ਸਗੋਂ ਉਹ ਤਾਂ ਉਸਨੂੰ ਤਲਵਾਰ ਚਲਾਉਣ ਦੀ ਕਲਾ ਦਾ ਹੁਨਰ ਸਮਝਾ ਰਹੇ ਸਨ।[32]

ਫਿਰ ਗੁਰੂ ਜੀ ਨੇ ਸਾਰੇ ਜ਼ੋਰ ਨਾਲ ਕਾਲੇ ਖਾਂ ਦੇ ਦੋਧਾਰੀ ਤਲਵਾਰ ਮਾਰੀ ਤੇ ਸਿਰ ਧੜ ਤੋਂ ਅੱਡ ਕਰ ਦਿੱਤਾ। ਇਸ ਪਿੱਛੋਂ ਵੈਰੀ ਦਲ ਇੰਝ ਪਿੱਛੇ ਹਟ ਗਿਆ ਜਿਵੇਂ ਪੱਛਮ ਦੀ ਹਵਾ ਅੱਗੇ ਬੱਦਲ ਨਹੀਂ ਠਹਿਰਦੇ। ਭਾਈ ਬਿਧੀ ਚੰਦ ਤੇ ਜਾਤੀ ਮੱਲ ਨੇ ਫਤਹਿ ਦੇ ਨਗਾਰੇ ਗਜਾ ਦਿੱਤੇ ਸਭ ਤੋਂ ਮਗਰੋਂ ਗੁਰੂ ਜੀ ਨੇ ਕਾਸਿਮ ਖਾਂ ਨੂੰ ਮਾਰਿਆ ਜੋ ਇਸ ਖਿਆਲ ਨਾਲ ਗੁਰੂ ਜੀ ਤੇ ਹਮਲਾਵਰ ਹੋਇਆ ਸੀ ਕਿ ਉਹ ਗੁਰੂ ਜੀ ਨੂੰ ਅਵੇਸਲੇ ਨੂੰ ਕਾਬੂ ਕਰ ਲਵੇਗਾ।

ਮੈਕਾਲਿਫ ਲਿਖਦਾ ਹੈ ਕਿ ਇਸ ਖੂਨੀ ਲੜਾਈ ਵਿੱਚ ਕਈ ਹਜ਼ਾਰ ਮੁਸਲਾਨ ਤੇ ਗੁਰੂ ਜੀ ਦੇ ਸੱਤ ਸੌ ਬਹਾਦਰ ਸਿੱਖ ਮਾਰੇ ਗਏ।[33]

ਇਹ ਲੜਾਈ 28 ਅਪ੍ਰੈਲ 1635 ਨੂੰ ਰਾਤ ਹੋਣ ਤੋਂ ਇੱਕ ਘੰਟਾ ਪਹਿਲਾਂ ਸਮਾਪਤ ਹੋਈ। ਭੱਟਵਹੀ ਮੁਲਤਾਨੀ ਸਿੰਧੀ ਵਿੱਚ ਭਾਈ ਠਠੀਆ, ਮਾਧੋ, ਕਿਸਨਾ ਤੇ ਅਮੀਆ ਦੀ ਸ਼ਹਾਦਤ ਦਾ ਜ਼ਿਕਰ ਕੀਤਾ ਗਿਆ ਹੈ ਜਿਹਨਾਂ ਨੇ ਕਰਤਾਰਪੁਰ ਦੇ ਯੁੱਧ ਵਿੱਚ ਭਾਗ ਲਿਆ। ਲਿਖਿਆ ਹੈ : "ਠਠੀਆ ਬੱਲੂ ਕਾ, ਮਾਧੋ ਬੱਲੂ ਕਾ-ਪੋਤੇ ਮੱਲੂ ਕੇ---ਸਾਲ ਸੋਲਾਂ ਸੈ ਬਾਨਮੇ ਬੈਸਾਖ ਪ੍ਰਵਿਸ਼ਟੇ ਇਕਤੀਸ ਮੰਗਲਵਾਰ ਕੇ ਦਿਹੁੰ ਕਰਤਾਰਪੁਰ ਕੇ ਮਲ੍ਹਾਨ ਪਰਗਣਾ ਜਾਲੰਧਰ ਗੁਰੂ ਕਾ ਹੁਕਮ ਪਾਇ ਅਸਮਾਨ ਖਾਂ ਝਾਂਗੜੀ ਗੈਲ ਭਿੜੇ, ਤੀਨ ਪਹਿਰ ਜੁੱਧ ਹੂਆ। ਗੁਰੂ ਜੀ ਕੇ ਪਾਲਿਤ ਪੈਂਦੇ ਖਾਂ ਨੇ ਗੁਰੂ ਤੇ ਵਾਰ ਕੀਆ ਜੋ ਖਾਲੀ ਗਿਆ। ਗੁਰੂ ਜੀ ਕੇ ਪਰਤਾਮੇ ਵਾਰ ਸੇ ਪੈਂਦੇ ਖਾਂ ਮਾਰਾ ਗਿਆ। ਗੁਰੂ ਜੀ ਕੀ ਜੀਤ ਹੂਈ। ਭਾਈ ਮਾਧੋ ਰਣਭੂਮੀ ਮੇਂ ਸਾਮ੍ਹੇ ਮਾਥੇ ਝੂਜ ਕਰਿ ਮਰਾ, ਠਠੀਆ ਗੁਰੂ ਕਾ ਜੋਧਾ ਕਈ ਰਣ ਜੂਝੰਤੇ ਸੂਰਿਓ ਗੈਂਲ ਲੜਕੇ ਘਾਇਲ ਹੋਆ।"[34]

## ਫਗਵਾੜੇ ਦਾ ਯੁੱਧ

ਕਰਤਾਰਪੁਰ ਦੇ ਜੁੱਧ ਪਿੱਛੋਂ ਗੁਰੂ ਜੀ ਨੇ ਕੀਰਤਪੁਰ ਦੇ ਸ਼ਾਂਤਮਈ ਪਹਾੜੀ ਅਸਥਾਨ ਤੇ ਜਾਣ ਦਾ ਫੈਸਲਾ ਕਰ ਲਿਆ ਜੋ ਲਾਹੌਰ ਤੋਂ ਕਾਫੀ ਦੂਰੇਡੀ ਥਾਂ ਸੀ। ਕੀਰਤਪੁਰ ਨੂੰ ਜਾਂਦਿਆਂ ਰਾਹ ਵਿੱਚ ਸਿੱਖਾਂ ਉਪਰ ਸ਼ਾਹੀਂ ਦਲ ਦੀ ਇੱਕ ਦਸਤੇ ਨੇ ਅਹਿਮਦ ਖਾਂ ਦੀ ਅਗਵਾਈ ਵਿੱਚ (ਜੋ ਅਬੁਦੱਲਾ ਖਾਂ ਦਾ ਪੁੱਤਰ ਸੀ) ਨੇ ਫਗਵਾੜੇ ਨੇੜੇ ਅਚਾਨਕ ਹਮਲਾ ਕਰ ਦਿੱਤਾ। ਸਿੱਖ ਆਪਣੀ ਸੁਰੱਖਿਆ ਲਈ ਅਵੇਸਲੇ ਹੀ ਸਨ ਫਿਰ ਵੀ ਉਹਨਾਂ ਚੜ੍ਹਦੀ ਕਲਾ ਵਿੱਚ ਰਹਿ ਕੇ ਅਸੀਮ ਹੌਸਲਾ ਦਿਖਾਇਆ। ਭੱਟਵਹੀ ਵਿੱਚ ਲਿਖਿਆ ਹੈ : ਦਾਸਾ ਬੇਟਾ ਬੱਲੂ ਕਾ, ਸੁਹੇਲਾ ਬੇਟਾ ਬੱਲੂਕਾ, ਪੋਤੇ ਮੂਲੇਕੇ.....ਜੱਗੂ ਬੇਟਾ ਧਰਮੇ ਕਾ, ਪੋਤਾ ਭੋਜੇ ਕਾ ਰਮਾਣਾ, ਵਾਸੀ ਲਾਡਵਾ ਪਰਗਣਾ ਥਾਨੇਸਰ, ਸਾਲ ਸੌਲਾਂ ਸੋ ਬਾਨਵੇਂ ਜੇਠ ਮਾਸ ਕੀ ਸੰਕ੍ਰਾਤ ਦਿਹੁੰ ਬੁੱਧਵਾਰ ਫਗਵਾੜਾ ਕੇ ਮਲ੍ਹਾਨ ਪਰਗਣਾ ਜਲੰਧਰ ਪਾਛੇ ਆ ਰਹੀ ਤੁਰਕ ਫੌਜ ਗੈਲ੍ਹ ਸਾਮ੍ਹੇ ਮਾਥੇ ਜੂਝ ਕਰਿ ਮਰੇ।"[35]

ਕੀਰਤਪੁਰ ਜਾ ਕੇ ਗੁਰੂ ਜੀ ਨੇ ਪਰਚਾਰਕ ਗਤੀਵਿਧੀਆਂ ਨੂੰ ਪੁਨਰ ਵਿਉਂਤ-ਬੱਧ ਕੀਤਾ ਤੇ ਬਾਕੀ ਜੀਵਨ ਇਸ ਪਹਾੜੀ ਟਿਕਾਣੇ ਤੇ ਹੀ ਗੁਜ਼ਾਰਿਆ।

ਸਿੱਖਾਂ ਦੀ ਗਿਣਤੀ ਹਰ ਗੁਰੂ ਦੇ ਸਮੇਂ ਵਿੱਚ ਵੱਧਦੀ ਹੀ ਗਈ। ਸ਼ਾਂਤਮਈ ਪਰਚਾਰ ਉੱਪਰ ਜ਼ੋਰ ਦੇਣ ਦੇ ਨਾਲ ਨਾਲ ਹੁਣ ਇਸ ਗੱਲ ਤੇ ਵੀ ਜ਼ੋਰ ਦਿੱਤਾ ਜਾਣ ਲੱਗਾ ਕਿ ਉਸ ਧਰਮ ਦੀ ਸ਼ਕਤੀ ਦੇ ਨਾਲ ਰੱਖਿਆ ਕਰਨਾ ਵੀ ਜ਼ਰੂਰੀ ਹੈ, ਇਸ ਨਾਲ ਸਿੱਖ ਧਰਮ ਵਧੇਰੇ ਲੋਕ-ਪ੍ਰਿਆ ਹੋ ਗਿਆ। ਪੰਜਾਬੀ ਕੁਦਰਤੀ ਹੀ ਦਲੇਰ ਤੇ ਹੱਠੀ ਲੋਕ ਹਨ, ਉਹਨਾਂ ਨੂੰ ਤਾਂ ਬੱਸ ਉਤਸ਼ਾਹ ਤੇ ਪ੍ਰੇਰਨਾ ਦੇਣ ਵਾਲੇ ਦੀ ਲੋੜ ਹੁੰਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਹਨਾਂ ਵਿੱਚ ਵਿਸ਼ਵਾਸ ਭਰ ਦਿੱਤਾ ਕਿ ਉਹ ਸ਼ਕਤੀਸ਼ਾਲੀ ਮੁਗਲ ਸਾਮਰਾਜ ਨੂੰ ਵੰਗਾਰ ਦੇ ਸਕਦੇ ਹਨ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਉਹਨਾਂ ਵਿੱਚ ਇਨਕਲਾਬੀ

ਪਰਿਵਰਤਨ ਲੈ ਆਂਦਾ। ਸੰਤ ਹੁਣ ਸੰਤ-ਸਿਪਾਹੀ ਬਣ ਗਏ ਸਨ ਤੇ ਵੈਰੀ ਨੂੰ ਗੁਰੂ ਜੀ ਦੀ ਤਲਵਾਰ ਦਾ ਸੁਆਦ ਵੇਖਣਾ ਪਿਆ ਸੀ।

ਇਤਿਹਾਸਕਾਰਾਂ ਦੀ ਨਜ਼ਰ ਵਿੱਚ ਉਹ ਸਿੱਖਾਂ ਦੇ ਪਹਿਲੇ ਗੁਰੂ ਤੇ ਆਗੂ ਸਨ ਜਿਹਨਾਂ ਤਾਨਾਸ਼ਾਹੀ ਦੀ ਵੰਗਾਰ ਪਰਵਾਨ ਕਰਕੇ ਕਾਰੀ ਸੱਟ ਵੀ ਮਾਰੀ। ਉਹ ਹਰ ਵਾਰ ਵਿਜਈ ਰਹੇ। ਹਰ ਵਾਰੀ ਸ਼ਾਹੀ ਜਰਨੈਲਾਂ ਨੂੰ ਮੂੰਹ ਦੀ ਖਾਣੀ ਪਈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾ ਕੇਵਲ ਪਹਿਲੇ ਸਿੱਖ ਜਰਨੈਲ ਸਨ ਸਗੋਂ ਉਹ ਜੇਤੂ ਜਰਨੈਲ ਵੀ ਸਨ। ਉਹਨਾਂ ਨੇ ਸ਼ਸਤਰਾਂ ਦੀ ਵਰਤੋਂ ਹਮਲੇ ਲਈ ਨਹੀਂ ਸਗੋਂ ਗਰੀਬਾਂ ਦੀ ਰੱਖਿਆ ਤੇ "ਜਾਲਮਾਂ ਦੀ ਭੱਖਿਆ" ਲਈ ਕੀਤੀ। ਉਹਨਾਂ ਨੇ ਆਪਣੀ ਮਿਸਾਲ ਰਾਹੀਂ ਇਹ ਸੰਦੇਸ਼ ਦਿੱਤਾ ਕਿ "ਸ਼ਸਤਰ ਜ਼ਾਲਮਾਂ ਦਾ ਨਾਸ਼ ਕਰਨ ਲਈ ਹਨ।"

ਸਿੱਖਾਂ ਲਈ ਸੰਤ ਤੇ ਸਿਪਾਹੀ ਦੀ ਭੂਮਿਕਾ ਇੱਕਮਿੱਕ ਹੋ ਗਈ ਸੀ। ਭਾਈ ਗੁਰਦਾਸ ਨੇ ਲਿਖਿਆ ਹੈ :

"ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰ ਉਪਕਾਰੀ।"[36]

ਮੀਰੀ ਤੇ ਪੀਰੀ ਦਾ ਸੁਮੇਲ ਸ੍ਰੀ ਗੁਰੂ ਹਰਿਗੋਬਿੰਦ ਦੀ ਸਿੱਖ ਸਮਾਜ ਦੀ ਵਿਕਾਸ ਵਿੱਚ ਵੱਡੀ ਦੇਣ ਸੀ। ਅਧਿਆਤਮਕ ਚਮਕ ਦੇ ਨਾਲ ਗੁਰੂ ਜੀ ਨੇ ਤਲਵਾਰ ਦੀ ਲਿਸ਼ਕ ਮਿਲਾ ਦਿੱਤੀ। ਇਸ ਤਰ੍ਹਾਂ ਉਹਨਾਂ ਨੇ ਸੈਨਿਕਵਾਦ ਦੀ ਨੀਂਹ ਰੱਖੀ ਜਿਸ ਕਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੀਆਂ ਜ਼ਿਆਦਤੀਆਂ ਵਿਰੁੱਧ ਟੱਕਰ ਲਈ। ਇਸ ਤਰ੍ਹਾਂ ਸਿੱਖ ਹੌਲੀ-ਹੌਲੀ ਪੰਜਾਬ ਦੇ ਮਾਲਕ ਬਣ ਗਏ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ 3 ਮਾਰਚ 1644 ਨੂੰ ਕੀਰਤਪੁਰ ਵਿੱਚ ਜੋਤੀ ਜੋਤ ਸਮਾਏ। ਇਸ ਤਰ੍ਹਾਂ ਇਤਿਹਾਸ ਸਿਰਜ ਕੇ, ਉਹ ਇਤਿਹਾਸ ਦਾ ਅੰਗ ਬਣ ਗਏ।

## ਹਵਾਲੇ ਅਤੇ ਟਿੱਪਣੀਆਂ


1. ਵਾਰਾਂ ਭਾਈ ਗੁਰਦਾਸ, ਵਾਰ 26, ਪਉੜੀ 26, ਪੰਨਾ 294
2. ਡਾ. ਹਰਨਾਮ ਸਿੰਘ, ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ, ਪੰਨਾ 78
3. ਸੋਹਨ ਕਵੀ, ਗੁਰਬਿਲਾਸ ਛੇਵੀਂ ਪਾਤਸ਼ਾਹੀ, (1718 ਈ:) ਭਾਸ਼ਾ ਵਿਭਾਗ ਦੀ ਛਾਪ, ਪਟਿਆਲਾ, 1970, ਪੰਨਾ 142
4. ਸੱਯਦ ਮੁਹਮੰਦ ਲਤੀਫ਼, ਪੰਜਾਬ ਦਾ ਇਤਿਹਾਸ, ਨਵੀਂ ਦਿੱਲੀ, 1964, ਪੰ: 255
5. ਖ਼ੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਜਿਲਦ ਪਹਿਲੀ, ਪੰਨਾ 6
6. ਭਾਈ ਗੁਰਦਾਸ ਵਾਰ 1, ਪਉੜੀ 48, ਪੰ: 24
7. ਉਹੀ, ਪੰ: 446
8. ਉਹੀ, ਵਾਰ 26, ਪਉੜੀ 24
9. ਉਹੀ, ਵਾਰ 26 ਪਉੜੀ 25

10. ਹਰੀ ਰਾਮ ਗੁਪਤਾ, ਸਿੱਖਾਂ ਦਾ ਇਤਿਹਾਸ, ਪੰ: 155
11. ਉਹੀ, ਪੰ: 176
12. ਸੰਗਤ ਸਿੰਘ, ਦੀ ਸਿੱਖਸ ਇਨ ਹਿਸਟਰੀ, ਪੰ: 38
13. ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ (ਡਾ. ਫੌਜਾ ਸਿੰਘ ਦਾ ਇੰਦਰਾਜ), ਪੰ: 233
14. ਮੋਹਸਿਨ ਫਾਨੀ, ਦਬਿਸਤਾਨ, ਹਵਾਲਾ ਖ਼ੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ, ਪੰ: 64
15. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ ਪੰ: 447-450
16. ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ, ਪੰ: 64
17. ਸਤਿਬੀਰ ਸਿੰਘ, ਸਾਡਾ ਇਤਿਹਾਸ, ਪੰ: 266-69
18. ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ, ਪੰ: 39 ਫੁੱਟਨੋਟ 76
19. ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ ਪੰ: 233
20. ਸੰਗਤ ਸਿੰਘ, ਸਿੱਖਸ ਇਨ ਹਿਸਟਰੀ, ਪੰ: 39-42
21. ਐਮ.ਏ. ਮੈਕਾਲਿਫ਼, ਦੀ ਸਿੱਖ ਰਿਲੀਜ਼ਨ, ਜਿਲਦ IV, ਪੰ: 117
22. ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੜਰਾਉਂਤੋ ਕਾ, ਹਵਾਲਾ 'ਗੁਰੂ ਕੀਆਂ ਸਾਖੀਆਂ" ਸਰੂਪ ਸਿੰਘ ਕੌਸ਼ਿਸ਼ (ਸੰਪਾਦਕ ਪਿਆਰਾ ਸਿੰਘ ਪਦਮ) ਪੰ: 32
23. ਐਮ.ਏ. ਮੈਕਾਲਿਫ਼, ਦੀ ਸਿੱਖ ਰਿਲੀਜਨ, ਜਿਲਦ-IV, ਪੰ: 85
24. ਉਹੀ, ਪੰਨਾ 85
25. ਸਰ ਜੇ. ਐਨ. ਸਰਕਾਰ, ਏ ਸ਼ਾਰਟ ਹਿਸਟਰੀ ਆਫ਼ ਔਰੰਗਜ਼ੇਬ, ਕਲਕੱਤਾ 1916, ਪੰਨਾ 156
26. ਡਾ. ਫੌਜਾ ਸਿੰਘ, ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ ਪੰ: 234, ਸੁਰਜੀਤ ਸਿੰਘ ਗਾਂਧੀ ਹਿਸਟਰੀ ਆਫ ਦੀ ਸਿੱਖ ਗੁਰੂਜ਼ ਪੰ: 306, ਸੰਗਤ ਸਿੰਘ ਦੀ ਸਿੱਖਸ ਇਨ ਹਿਸਟਰੀ, ਪੰ: 44 ਭੱਟਵਹੀ ਮੁਲਤਾਨੀ ਸਿੰਧੀ ਹਵਾਲਾ ਗੁਰੂ ਕੀਆਂ ਸਾਖੀਆਂ", ਸੂਰੂਪ ਸਿੰਘ ਕੌਸ਼ਿਸ਼ (ਸੰ: ਪਿਆਰਾ ਸਿੰਘ ਪਦਮ) ਪੰ: 32 ਵਿਚ 1634 ਈ: ਹੀ ਲਿਖਦੇ ਹਨ। ਪਰ ਮੈਕਾਲਿਫ, ਦੀ ਸਿੱਖ ਰਿਲੀਜ਼ਨ, ਜਿਲਦ IV ਪੰ: 93 ਲੜਾਈ ਦਾ ਸਾਲ 1628 ਈ: ਦਿੰਦਾ ਹੈ ਜੋ ਪ੍ਰਿੰਸੀਪਲ ਤੇਜਾ ਸਿੰਘ, ਗੰਡਾ ਸਿੰਘ, ਏ ਸਾਰਟ ਹਿਸਟਰੀ ਆਫ ਦੀ ਸਿੱਖਸ, ਪੰ: 41, ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ ਪੰ: 65, ਇੰਦੂ ਭੂਸ਼ਨ ਬੈਨਰਜੀ, ਐਵੂਲੂਸ਼ਨ ਆਫ ਦੀ ਖਾਲਸਾ ਪੰ: 22 ਜਿਲਦ ਦੋ, ਸਤਬੀਰ ਸਿੰਘ, ਸਾਡਾ ਇਤਿਹਾਸ, ਪੰਨਾ 277 ਨੇ ਵੀ ਅਪਣਾਈ ਹੈ। ਹਰੀ ਰਾਮ ਗੁਪਤਾ ਨੇ ਹਿਸਟਰੀ ਆਫ ਦੀ ਸਿੱਖ ਗੁਰੂਜ, ਪੰ: 116-117 ਤੇ ਜੱਲੋ ਤੇ ਸੰਗਰਾਨਾ ਦੀਆਂ ਲੜਾਈਆਂ 1633 ਤੇ ਅੰਮ੍ਰਿਤਸਰ ਦੀ 1634 ਈ: ਵਿੱਚ ਲਿਖੀਆਂ ਹਨ।

27. ਮੁਹੰਮਦ ਲਤੀਫ਼, ਹਿਸਟਰੀ ਆਫ ਦੀ ਪੰਜਾਬ, 1891, ਪੰ: 256
28. ਖੁਸ਼ਵੰਤ ਸਿੰਘ, ਏ ਹਿਸਟਰੀ ਆਫ਼ ਦੀ ਸਿਖਸ, ਪੰ: 65
29. ਇੰਦੂ ਭੂਸ਼ਨ ਬੈਨਰ ਜੀ, ਐਵੋਲੂਸ਼ਨ ਆਫ਼ ਦੀ ਖਾਲਸਾ, ਜਿਲਦ II, ਪੰ: 24
30. ਗੁਰੂ ਕੀਆਂ ਸਾਖੀਆਂ, ਪੰ: 33 ਪ੍ਰੰਤੂ ਮੈਕਾਲਿਫ਼, ਸਿੱਖ ਰਿਲੀਜ਼ਨ, ਜਿਲਦ IV, ਪੰ: 186 ਡਾ. ਗੰਡਾ ਸਿੰਘ, ਸੰਖੇਪ ਸਿੱਖ ਇਤਿਹਾਸ, ਪੰ: 42 ਇੰਦੂ ਭੂਸ਼ਣ ਬੈਨਰਜੀ, ਪੰ: 23, 1631 ਈ: ਹੀ ਮੰਨਦੇ ਹਨ।
31. ਐਮ.ਏ. ਮੈਕਾਲਿਫ, ਦੀ ਸਿੱਖ ਰਿਲੀਜ਼ਨ, ਪੰ: 54
32. ਮੁਹਸਨਫਾਨੀ, ਦਬਿਸਤਨਿ-ਮਜ਼ਹਬ ਜਿਲਦ-II, ਪੰ: 279-80
33. ਐਮ.ਏ. ਮੈਕਾਲਿਫ, ਦੀ ਸਿੱਖ ਰਿਲੀਜਨ, ਜਿਲਦ-IV ਪੰ: 212
34. ਗੁਰੂ ਕੀਆਂ ਸਾਖੀਆਂ (ਸੰਪ:) ਪਿਆਰਾ ਸਿੰਘ ਪਦਮ) ਪੰ: 33 ਦੇ ਹਵਾਲੇ ਨਾਲ
35. ਉਹੀ, ਪੰ:-34
36. ਭਾਈ ਗੁਰਦਾਸ, ਵਾਰ 1, ਪਉੜੀ 48, ਪੰਨਾ 24

# ਭਾਈ ਨਾਨੂੰ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਪਹਿਲੀ ਲੜਾਈ 1621 ਈ. ਵਿੱਚ ਲੜੀ ਜਿਸਨੂੰ ਰੁਹੀਲਾ ਦੀ ਲੜਾਈ ਕਿਹਾ ਜਾਂਦਾ ਹੈ। ਇਹ ਲੜਾਈ ਭਗਵਾਨ ਦਾਸ ਘੇਰੜ ਦੇ ਹੰਕਾਰ ਕਾਰਨ ਹੋਈ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇੱਕ ਨਗਰ ਦੀ ਉਸਾਰੀ ਕਰਨਾ ਚਾਹੁੰਦੇ ਸਨ। ਉਹਨਾਂ ਬੇਆਬਾਦ ਜ਼ਮੀਨ ਵੇਖੀ ਜੋ ਉਹਨਾਂ ਨੂੰ ਚੰਗੀ ਲੱਗੀ। ਇਤਿਹਾਸ ਗੁਰੂ ਖਾਲਸਾ ਵਿੱਚ ਸਾਧੂ ਗੋਬਿੰਦ ਸਿੰਘ ਨੇ ਲਿਖਿਆ ਹੈ ਕਿ ਉਸ ਜ਼ਮੀਨ ਤੇ ਪਹਿਲਾਂ ਸ਼ਹਿਰ ਹੁੰਦਾ ਸੀ ਜੋ ਚੂੰਦਾ ਦਾ ਸੀ ਪ੍ਰੰਤੂ ਜਦੋਂ ਜਹਾਂਗੀਰ ਬਾਦਸ਼ਾਹ ਨੇ ਉਸਦੀ ਸਾਰੀ ਜ਼ਮੀਨ ਜ਼ਬਤ ਕਰ ਲਈ ਤਾਂ ਇਹ ਸ਼ਹਿਰ ਵੀ ਗੈਰ ਆਬਾਦ ਹੋ ਗਿਆ। ਇਹ ਗੈਰ ਆਬਾਦ ਅਸਥਾਨ ਬਾਦਸ਼ਾਹ ਨੇ ਇੱਕ ਸਨਦ ਰਾਹੀਂ ਗੁਰੂ ਜੀ ਨੂੰ ਦੇ ਦਿੱਤਾ। ਭਗਵਾਨ ਦਾਸ ਘੇਰੜ ਜੋ ਭਗਤ ਕਾਨ੍ਹੇ ਦਾ ਪੁੱਤਰ ਤੇ ਚੰਦੂ ਦਾ ਰਿਸ਼ਤੇਦਾਰ ਸੀ ਇਸਤੇ ਆਬਾਦ ਹੋਣਾ ਚਾਹੁੰਦਾ ਸੀ।[1] ਉਸਨੇ ਗੁਰੂ ਜੀ ਦੇ ਵਿਰੁੱਧ ਮੰਦਾ ਚੰਗਾ ਬੋਲਣਾ ਸ਼ੁਰੂ ਕਰ ਦਿੱਤਾ ਤੇ ਝਗੜਾ ਕਰਨ ਲੱਗਾ। ਝਗੜੇ ਵਿੱਚ ਉਹ ਮਾਰਿਆ ਗਿਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਨਗਰ ਦਾ ਨਿਰਮਾਣ ਆਰੰਭ ਕਰਵਾਉਣਾ ਸ਼ੁਰੂ ਕੀਤਾ। ਇਹ ਨਗਰ ਵਰਤਮਾਨ ਸ਼ਹਿਰ ਸ੍ਰੀ ਹਰਿਗੋਬਿੰਦ ਹੀ ਸੀ। ਇਸ ਕਾਰਜ ਦੀ ਵਿਰੋਧਤਾ ਲਈ ਭਗਵਾਨ ਦਾਸ ਘੇਰੜ ਦਾ ਪੁੱਤਰ ਰਤਨ ਚੰਦ, ਚੰਦੂ ਦੇ ਪੁੱਤਰ ਕਰਮਚੰਦ ਕੋਲ ਗਿਆ ਤੇ ਫਿਰ ਦੋਵੇਂ ਜਾਲੰਧਰ ਦੇ ਸੂਬੇਦਾਰ ਅਬਦੁੱਲਾ ਖਾਂ ਕੋਲ ਗਏ ਤੇ ਫੌਜ ਚੜ੍ਹਾ ਲਿਆਏ।

ਗੁਰੂ ਜੀ ਨੇ ਵੀ ਆਪਣੀ ਫੌਜ ਨੂੰ ਭਾਈ ਜੱਟੂ, ਭਾਈ ਕਲਿਆਣਾ, ਭਾਈ ਪਰਾਗਾ, ਭਾਈ ਨਾਨੂ, ਭਾਈ ਮਥਰਾ, ਭਾਈ ਸਕਤੂ ਤੇ ਭਾਈ ਪਰਸ ਰਾਮ, ਭਾਈ ਜਗਨਾ, ਜਾਤੀ ਮੱਲ, ਭਾਈ ਮੋਲਕ ਤੇ ਭਾਈ ਬਿਧੀ ਚੰਦ ਅਧੀਨ ਵੱਖ-ਵੱਖ 8 ਦਲਾਂ ਵਿੱਚ ਵੰਡ ਦਿੱਤਾ।

ਇਹ ਲੜਾਈ 3 ਅਕਤੂਬਰ 1621 ਨੂੰ ਲੜੀ ਗਈ। ਲੜਾਈ ਵਿੱਚ ਪਹਿਲੇ ਸ਼ਹੀਦਾਂ ਵਿੱਚ ਭਾਈ ਮਥਰਾ, ਭਾਈ ਕਲਿਆਣਾ ਤੇ ਭਾਈ ਨਾਨੂੰ ਦਾ ਜ਼ਿਕਰ ਵਿਸ਼ੇਸ਼ਤਾ ਦਾ ਹੱਕਦਾਰ ਹੈ।

ਭਾਈ ਨਾਨੂੰ ਭਾਈ ਮੂਲਾ ਦਾ ਪੁੱਤਰ, ਭਾਈ ਰਾਓ ਦਾ ਪੋਤਰਾ ਪਰਮਾਰ-ਰਾਜਪੂਤ ਪਿੰਡ ਅਲੀਪੁਰ (ਜ਼ਿਲਾ ਮੁਜੱਫਰਾਬਾਦ ਪਾਕਿਸਤਾਨ) ਦੇ ਰਹਿਣ ਵਾਲੇ ਸਨ। ਭਾਈ ਨਾਨੂੰ ਭਾਈ ਮਨੀ ਸਿੰਘ ਦੇ ਦਾਦੇ ਭਾਈ ਬੱਲੂ ਦਾ ਛੋਟਾ ਭਰਾ ਸੀ।[2]

27 ਸਤੰਬਰ 1621 ਈ. ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਰੁਹੀਲਾ ਦੇ ਥੇਹ ਤੇ ਦੀਵਾਨ ਸਜਾ ਰਹੇ ਸਨ ਤਾਂ ਭਗਵਾਨ ਦਾਸ ਘੇਰੜ ਨੇ ਆਕੇ ਗੁਰੂ ਸਾਹਿਬ ਨਾਲ ਝਗੜਾ

ਸ਼ੁਰੂ ਕਰ ਦਿੱਤਾ। ਭਗਵਾਨਾ ਘੇਰੜ ਮਾਰਿਆ ਗਿਆ। ਇਸ ਲੜਾਈ ਵਿੱਚ ਭਾਈ ਨਾਨੂੰ ਵੀ ਘੇਰੜ ਨੂੰ ਮਾਰਨ ਵਾਲਿਆਂ ਯੋਧਿਆਂ ਵਿੱਚ ਸ਼ਾਮਿਲ ਸੀ।

ਰਤਨਚੰਦ ਨੇ ਆਪਣੇ ਪਿਤਾ ਭਗਵਾਨ ਦਾਸ ਘੇਰੜ ਦੀ ਮੌਤ ਦਾ ਬਦਲਾ ਲੈਣ ਲਈ ਚੰਦੂ ਦੇ ਪੁੱਤਰ ਕਰਮਚੰਦ ਨੂੰ ਨਾਲ ਲਿਆ ਤੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਨੂੰ ਗੁਰੂ ਜੀ ਵਿਰੁੱਧ ਫੌਜ ਲੈਕੇ ਹਮਲਾ ਕਰਨ ਲਈ ਬੇਨਤੀ ਕੀਤੀ। ਅਬਦੁੱਲਾ ਖਾਂ ਨਾਲ ਮੁਹੰਮਦ ਖਾਂ, ਬੈਰਮ ਖਾਂ, ਬਲਵੰਡ ਖਾਂ, ਅਲੀਬਖਸ਼, ਇਮਾਮ ਬਖਸ਼, ਨਬੀ ਬਖਸ਼ ਤੇ ਕਰੀਮ ਬਖਸ਼ ਆਦਿ ਗੁਰੂ ਜੀ ਵਿਰੁੱਧ ਮੈਦਾਨ ਵਿੱਚ ਉਤਰੇ।

ਮੁਹੰਮਦ ਖਾਂ ਭਾਈ ਜੱਟੂ ਵਿਰੁੱਧ ਡਟਿਆ ਤੇ ਦੋਵੇਂ ਇੱਕ ਦੂਜੇ ਨੂੰ ਮਾਰ ਕੇ ਸ਼ਹੀਦ ਹੋ ਗਏ। ਬੈਰਮ ਖਾਂ ਦਾ ਮੁਕਾਬਲਾ ਭਾਈ ਮਥਰਾ ਨੇ ਕੀਤਾ। ਭਾਈ ਮਥਰਾ ਨੇ ਬੈਰਮ ਖਾਂ ਦਾ ਸਿਰ ਲਾਹ ਦਿੱਤਾ, ਪਰ ਬੈਰਮ ਖਾਂ ਦੀ ਫੌਜ ਨੇ ਭਾਈ ਮਥਰਾ ਨੂੰ ਘੇਰਕੇ ਟੁਕੜੇ ਟੁਕੜੇ ਕਰ ਦਿੱਤਾ। ਹੁਣ ਬਲਵੰਡ ਖਾਂ ਅੱਗੇ ਵਧਿਆ। ਉਸਦਾ ਮੁਕਾਬਲਾ ਭਾਈ ਕਲਿਆਣਾ ਨੇ ਕੀਤਾ। ਭਾਈ ਕਲਿਆਣਾ ਨੇ ਬਲਵੰਡ ਖਾਂ ਨੂੰ ਮਾਰ ਮੁਕਾਇਆ। ਹੁਣ ਅਲੀ ਬਖਸ਼ ਨੇ ਭਾਈ ਕਲਿਆਣੇ ਨੂੰ ਆ ਘੇਰਿਆ। ਭਾਈ ਕਲਿਆਣਾ ਵੱਡੇ ਦਲ ਨੇ ਘੇਰ ਲਿਆ ਤੇ ਇਸ ਤਰ੍ਹਾਂ ਉਹ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਸ਼ਹੀਦ ਹੋ ਗਿਆ।

ਫਿਰ ਅਲੀ ਬਖਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲ ਹਮਲਾ ਕਰਨ ਲਈ ਵਧਿਆ। ਇਹ ਵੇਖਕੇ ਭਾਈ ਨਾਨੂੰ ਅੱਲੀ ਬਖਸ਼ ਦੇ ਟਾਕਰੇ ਤੇ ਆ ਗਿਆ। ਗੁਰੂ ਜੀ ਨੇ ਭਾਈ ਨਾਨੂੰ ਦੀ ਪਿੱਠ ਥਾਪੜੀ ਤੇ ਉਹਦੇ ਹਵਾਲੇ ਦੋ ਸੌ ਹੋਰ ਸੈਨਿਕ ਕਰ ਦਿੱਤੇ। ਸੌ ਸੈਨਿਕ ਤਾਂ ਪਹਿਲਾਂ ਹੀ ਉਸਦੀ ਕਮਾਨ ਅਧੀਨ ਸਨ। ਇਸ ਤਰ੍ਹਾਂ ਉਹ 300 ਯੋਧਿਆਂ ਨਾਲ ਅਲੀ ਬਖਸ਼ ਦੀ ਸੈਨਾ ਦਾ ਟਾਕਰਾ ਕਰਨ ਲੱਗਾ। ਉਹ ਸਭ ਬੜੇ ਹੌਸਲੇ ਨਾਲ ਲੜਨ ਲੱਗੇ ਤੇ ਵੈਰੀ ਦਲ ਦੇ ਆਹੂ ਲਾਹੁਣ ਲੱਗੇ। ਅਲੀ ਬਖਸ਼ ਨੇ ਨਿਸ਼ਾਨਾ ਲੈਕੇ ਭਾਈ ਨਾਨੂੰ ਉੱਤੇ ਆਪਣੀ ਬੰਦੂਕ ਨਾਲ ਗੋਲੀ ਚਲਾਈ ਪਰ ਉਹ ਨਿਸ਼ਾਨੇ ਤੋਂ ਖੁੰਝ ਗਈ। ਭਾਈ ਨਾਨੂੰ ਨੇ ਫਿਰ ਅਲੀ ਬਖਸ਼ ਵੱਲ ਤੀਰ ਛੱਡਿਆ ਜੋ ਅਲੀਬਖਸ਼ ਦੇ ਸਰੀਰ ਵਿੱਚ ਧਸ ਗਿਆ। ਇਹ ਵੇਖਕੇ ਮੁਸਲਿਮ ਸੈਨਾ ਨੱਠਣੀ ਸ਼ੁਰੂ ਹੋ ਗਈ। ਇਤਨੇ ਚਿਰ ਨੂੰ ਇਮਾਮ ਬਖਸ਼ ਨੇ ਭੱਜ ਰਹੀ ਸੈਨਾ ਨੂੰ ਘੇਰ ਕੇ ਇਕੱਠੀ ਕਰਨਾ ਸ਼ੁਰੂ ਕਰ ਦਿੱਤਾ। ਉਹ ਆਪਣਾ ਦਲ ਲੈਕੇ ਵੀ ਅੱਗੇ ਆ ਧਮਕਿਆ। ਉਸ ਸਮੇਂ ਭਾਈ ਨਾਨੂੰ ਨੇ ਮੁਸਲਮਾਨਾਂ ਉੱਪਰ ਹੱਲੇ ਕੀਤੇ ਤੇ ਮਾਰਨਾ ਜਾਰੀ ਰੱਖਿਆ। ਇਮਾਮ ਬਖਸ਼ ਵੀ ਆਪਣੀ ਮੌਤ ਲਈ ਕਾਹਲਾ ਸੀ। ਭਾਈ ਨਾਨੂੰ ਨੇ ਉਸ ਉੱਪਰ ਦੋਧਾਰੀ ਤਲਵਾਰ ਨਾਲ ਵਾਰ ਕਰਕੇ ਉਹਦਾ ਖੱਬਾ ਹੱਥ ਲਾਹ ਦਿੱਤਾ। ਇਮਾਮ ਬਖਸ਼ ਨੇ ਬਚੀ ਹੋਈ ਬਾਂਹ ਦੇ ਆਸਰੇ ਅਡੋਲ ਹੋਕੇ ਭਾਈ ਨਾਨੂੰ ਨੂੰ ਮਾਰ ਦਿੱਤਾ। ਭਾਈ ਨਾਨੂੰ ਦੇ ਸ਼ਹੀਦ ਹੋਣ ਤੇ ਉਹਦੇ ਸੈਨਿਕ ਪਿਛਾਂਹ ਮੁੜਨੇ ਸ਼ੁਰੂ ਹੋ ਗਏ। ਗੁਰੂ ਸਾਹਿਬ ਨੇ ਭਾਈ ਨਾਨੂੰ ਦੀ ਬੀਰਤਾ ਦੀ ਸ਼ਲਾਘਾ ਕੀਤੀ।

ਭਾਈ ਨਾਨੂੰ ਦੀ ਬੀਰਤਾ ਬਾਰੇ "ਗੁਰ ਬਿਲਾਸ ਪਾਤਿਸ਼ਾਹੀ ਛੇਵੀਂ" ਵਿੱਚ ਇਸ ਤਰ੍ਹਾਂ ਵੇਰਵਾ ਮਿਲਦਾ ਹੈ :

ਗੁਰ ਸੂਰ ਬਾਂਕੇ। ਗਿਨੋ ਨਾਮ ਤਾਂਕੇ।
ਜਟੂ ਸੂਰ ਜਾਨੋ। ਕਲਯਾਨਾ, ਸੁ ਨਾਨੋ।

.........................................

ਚਲਾ ਸੁ ਨਾਨੋ ਧਾਇ ਕਲਯਾਣਾ ਕ੍ਰੋਧਿ ਭਰਿ।
ਜਗਨਾ ਕ੍ਰਿਸ਼ਨਾ ਸੂਰ ਸੁ ਮੋਲਕ ਹਰਖ ਧਰਿ।
ਪਾਂਚੋ ਗੁਰ ਕੇ ਸੂਰ ਚਲੇ ਰਿਸ ਧਾਰਿਕੈ।
ਸੈਨਾ ਲੀਨੀ ਸੰਗਿ ਸੁ ਪਰੇ ਵੰਗਾਰਿ ਕੇ।
ਪਰੈ ਚਪਲ ਰਿਸ ਧਾਰਿ ਬਿਦਾਰੇ ਕੁੰਭ ਗਜ।
ਬਹੁ ਸੈਨਾ ਹਤ ਕੀਨ ਬਚਾ ਜੋ ਜਾਤ ਭਜਿ।

.........................................

ਗਏ ਭਾਗ ਮੂੰਜੀ। ਜਿਨੈ ਥੋਰ ਪੂੰਜੀ।
ਕਰ ਜੁਧ ਭਯਾਨਾ। ਸੁ ਨਾਨੋ ਹਤਾਨਾ।[4]

ਭਾਈ ਨਾਨੂੰ ਦੀ ਸ਼ਹਾਦਤ ਬਾਰੇ 'ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਬੰਝਰਾਉਤੋ ਕਾ' ਵਿੱਚ ਲਿਖਿਆ ਹੈ :

'ਨਾਨੂ ਬੇਟਾ ਮੂਲੇ ਕਾ, ਪੋਤਾ ਰਾਉ ਕਾ, ਪੜਪੋਤਾ ਚਾਹੜਕਾ,
ਬੰਸ ਬੀਝੇ ਕਾ, ਬੰਝਰਾਉਤ, ਸਾਲ ਸੋਲਾਂ ਮੈਂ ਅਠੱਤ੍ਰਾ,

ਕਤਿਕ ਪ੍ਰਵਿਸ਼ਟੇ ਤੀਜ ਕੇ ਦਿਹੁੰ, ਗਾਮ ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ. ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂਕਾ, ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੇ ਮਥਰਾ, ਬੇਟਾ ਭਿਖੇ ਕਾ ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ, ਬੰਸ ਭਗੀਰਥ ਕਾ, ਕੌਸ਼ਿਸ਼ ਗੋਤ੍ਰ ਗੌੜ ਬ੍ਰਾਹਮਣ, ਪਰਾਗਾ ਬੇਟਾ ਗੌਤਮ ਕਾ, ਭਾਰਗਵ ਗੋਤ੍ਰ, ਛਿੱਬਰ ਬ੍ਰਾਹਮਣ, ਹੋਰ ਰਣ ਜੂਝੰਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ ਰਣ ਮੇਂ ਜੂਝ ਮਰੇ।"[5]

## ਹਵਾਲੇ ਅਤੇ ਟਿੱਪਣੀਆਂ

1. ਐਮ.ਏ. ਮੈਕਾਲਿਫ, ਸਿੱਖ ਧਰਮ, ਪੰ: 104, ਫੁੱਟ ਨੋਟ
2. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਕੇ ਸ਼ੇਰ, ਪੰ: 345
3. ਐਮ.ਏ. ਮੈਕਾਲਿਫ, ਸਿੱਖ ਧਰਮ, ਪੰ: 111, ਪ੍ਰੰਤੂ ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਕੇ ਸ਼ੇਰ, ਪੰ: 19 ਤੇ ਲਿਖਦੇ ਹਨ ਭਗਵਾਨ ਦਾਸ ਘੇਰੜ, ਉਸਦਾ ਪੁੱਤਰ ਰਤਨ ਚੰਦ ਤੇ ਚੰਦੂ ਦਾ ਪੁੱਤਰ ਕਰਮ ਚੰਦ ਵੀ ਭਾਈ ਨਾਨੂੰ ਦੇ ਹੱਥੋਂ ਮਾਰੇ ਗਏ ਸਨ, ਠੀਕ ਪ੍ਰਤੀਤ ਨਹੀਂ ਹੁੰਦਾ। ਇਸ ਲੜਾਈ ਵਿੱਚ ਫੌਜ ਦੇ ਮੁਖੀ ਅਬਦੁੱਲਾ ਖਾਂ, ਰਤਨ ਚੰਦ ਤੇ ਕਰਮ ਚੰਦ ਦੀ ਮੌਤ ਗੁਰੂ ਜੀ ਹੱਥੋਂ ਹੋਈ, ਮੈਕਾਲਿਫ਼ ਪੰ: 116-117, ਜਿਲਦ, III, IV

4. ਭਗਤ ਸਿੰਘ, ਗੁਰ ਬਿਲਾਸ ਪਾਤਿਸਾਹੀ ਛੇਵੀਂ, ਕਾਂਡ-14
5. ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਗਉਤੋਂ ਕਾ ਵਿਚ ਭਾਈ ਨਾਨੋ ਹੱਥੋਂ ਕਰਮਚੰਦ ਰਤਨ ਚੰਦ ਦਾ ਮਾਰਿਆ ਜਾਣਾ ਜਾਂ ਤਾ ਭੁਲੇਖੇ ਕਾਰਨ ਲਿਖਿਆ ਗਿਆ ਹੈ ਜਾਂ ਆਪਣੇ ਲੋਕਾਂ ਨੂੰ ਵਡਿਆਉਣ ਲਈ ਮੁਬਾਲਗੇ ਬਾਜ਼ੀ ਤੋਂ ਕੰਮ ਲਿਆ ਹੈ। ਮੈਕਾਲਿਫ ਅਨੁਸਾਰ ਤਾਂ ਇਹਨਾਂ ਦੀ ਮੁਕਤੀ ਗੁਰੂ ਜੀ ਨੇ ਕੀਤੀ ਸੀ। ਸ੍. ਜੇ.ਐਸ ਪਾਲ ਵੀ ਬਹਾਦਰ ਸਿੱਖਾਂ ਦੀ ਕਹਾਣੀ (The story of valiant Sikhs) ਵਿੱਚ ਵੀ ਭੱਟ ਵਹੀ ਮਲਤਾਨੀ ਸਿੰਧੀ" ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਬਿਨਾਂ ਨਿਰਖ ਪਰਖ ਦੇ ਨਕਲ ਕਰ ਗਿਆ ਹੈ।

# ਭਾਈ ਬੱਲੂ

ਭਾਈ ਬੱਲੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦਾ ਉੱਘਾ ਸਿੱਖ ਸੀ। ਇਸ ਪਰਿਵਾਰ ਦੀ ਗੁਰੂ ਘਰ ਉਪਰ ਸ਼ਰਧਾ ਬੇਜੋੜ ਸੀ ਤੇ ਇਸ ਪਰਿਵਾਰ ਵਿੱਚ ਸ਼ਹਾਦਤਾਂ ਦਾ ਸਿਲਸਿਲਾ ਵੀ ਲਾਸ਼ਾਨੀ ਹੈ।

ਭਾਈ ਬੱਲੂ ਮੂਲਾ ਦਾ ਪੁੱਤਰ ਤੇ ਰਾਓ ਦਾ ਪੋਤਰਾ ਸੀ। ਇਹ ਪਰਮਾਰ ਰਾਜਪੂਤ ਸਨ। ਇਹ ਹਿਮਾਚਲ ਦੀ ਰਿਆਸਤ ਨਾਹਨ ਤੋਂ ਅਲੀਪੁਰ ਜ਼ਿਲਾ ਮੁਜਫਰਗੜ (ਪਾਕਿਸਤਾਨ 'ਚ ਮੁਲਤਾਨ ਨੇੜੇ) ਵਿੱਚ ਚਲੇ ਗਏ ਸਨ। ਮੂਲਾ ਦਾ ਜਨਮ ਵੀ 18 ਜੁਲਾਈ 1543 ਈ: ਨੂੰ ਅਲੀਪੁਰ ਹੀ ਹੋਇਆ ਸੀ ਜਦੋਂ ਕਿ ਉਹਦੇ ਦੋ ਭਰਾਵਾਂ ਰਾਧਾ ਤੇ ਲਖਮਣ ਦਾ ਜਨਮ ਨਾਹਨ ਵਿੱਚ ਹੋਇਆ ਸੀ। ਨਾਹਨ ਤੋਂ ਅਲੀਪੁਰ ਨੂੰ ਹਿਜਰਤ 1483 ਤੋਂ ਬਾਅਦ ਹੋਈ ਸਿੱਧ ਹੁੰਦੀ ਹੈ।

ਭਾਈ ਬੱਲੂ ਦੇ 12 ਪੁੱਤਰ ਸਨ। ਉਹਨਾਂ ਵਿੱਚ ਮਾਈ ਦਾਸ ਤੇ ਠਠੀਆ ਦੇ ਪਰਿਵਾਰਾਂ ਵਿੱਚੋਂ ਸ਼ਹੀਦੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ। ਭਾਈ ਬੱਲੂ ਇਸ ਪਰਿਵਾਰ ਦਾ ਪਹਿਲਾ ਸ਼ਹੀਦ ਸੀ ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਅੰਮ੍ਰਿਤਸਰ ਦੇ ਯੁੱਧ 'ਚ ਸ਼ਹਾਦਤ ਦਾ ਜਾਮ ਪੀ ਗਿਆ ਸੀ। ਮਾਈ ਦਾਸ ਦੇ ਜੇਠਾ ਸਿੰਘ, ਦਿਆਲ ਦਾਸ, ਮਨੀ ਸਿੰਘ, ਦਾਨ ਸਿੰਘ, ਮਾਨ ਸਿੰਘ, ਰੂਪ ਸਿੰਘ, ਜਗਤ ਸਿੰਘ, ਸੋਹਣ ਚੰਦ, ਲਹਿਣੂ, ਰਾਇ ਸਿੰਘ, ਹਰੀਚੰਦ ਗਿਆਰਾਂ ਪੁੱਤਰਾਂ ਨੇ ਵੱਖ-ਵੱਖ ਸਮੇਂ ਸ਼ਹੀਦੀਆਂ ਪਾਈਆਂ। ਭੀਮ ਸਿੰਘ ਭੱਟ ਨੇ ਇਸ ਬੰਸ ਦੀਆਂ ਸ਼ਹਾਦਤਾਂ ਦਾ ਜ਼ਿਕਰ ਬਾਬੇ ਬੱਲੂ ਤੋਂ ਇਸ ਤਰ੍ਹਾਂ ਸ਼ੁਰੂ ਕੀਤਾ ਹੈ :

ਜਲ੍ਹਾਨੇ ਪੰਵਾਰ ਬੰਸ ਜਲ੍ਹੇ ਕਾ, ਚਹੁੰਕੁੰਟੀ ਨਾਉ ਤਉ ਦਾ ਪਰਿਆ।
ਜਸ ਗਾਊਂ ਤਉ ਬਾਬੇ ਬੱਲੂ ਕਾ, ਜੂਝਿ ਸੂਰਾ ਰਣ ਭੀਤਰ ਮਾਰਿਆ।
ਜਸ ਗਾਊਂ ਤਉ ਦਾਦੇ ਜੇਠਾ ਸਿੰਘ ਕਾ, ਭਾਈ ਪੁੱਤ ਸਾਕਾ ਜਿਨ ਕਰਿਆ।
ਧੰਨ ਧੰਨ ਦਯਾਲ ਦਾਸ ਜਸ ਤਊ ਕਾ, ਰਿਧਿ ਚੁੱਗਤੇ ਦੇਗੇ ਭੀਤਰ ਧਰਿਆ।
ਧੰਨ ਧੰਨ ਮਨੀ ਸਿੰਘ, ਜਸ ਤਊ ਕਾ, ਬੰਦ ਬੰਦ ਕਟਿ ਪੋਸ਼ਿਸ਼ ਉਖਰਿਆ।
ਬਚਿਤਰ ਸਿੰਘ ਜਸ ਤਊ ਕਾ ਗਾਊ, ਸਾਹਵੇਂ ਜੂਝਾ ਨਹਿ ਤਊ ਡਰਿਆ।
ਧੰਨ ਧੰਨ ਉਦੇ ਸਿੰਘ ਤਊਕਾ ਦਵਾਦਸ ਘੜੀ ਇਕੇਲਾ ਲਰਿਆ।
ਘੋੜਾ ਦਾਨ ਦੀਓ ਤਉ ਉਜਲ ਭਟੋਂ ਕਾ ਮੂੰਡ ਭਾਗੂ ਸਿੰਘ ਭਰਿਆ।
ਭੀਮ ਸਿੰਘ ਜਸ ਜੋੜ ਕਾ ਭਣਿਆ, ਸਾਲ ਅਠਾਰਾਂ ਸੈ ਦੋ ਗਾਂਵ ਸਿਖਿਆੜੇ ਭੀਤਰ ਰਚਿਆ।

ਬੋਲ ਬਧੇ ਤਉ ਬੀਰ ਸੰਗ੍ਰਾਮ ਸਿੰਘ ਕੀ, ਭੱਟ ਗਾਵੈਂ ਦਰ ਤਉ ਤੇ ਖੜਿਆ।[1]

ਜਿਸ ਤਰ੍ਹਾਂ ਗੁਰੂ ਬੰਸ ਵਿੱਚ ਸ਼ਹਾਦਤਾਂ ਦਾ ਸਿਲਸਿਲਾ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋਇਆ, ਉਸ ਤਰ੍ਹਾਂ ਹੀ ਅਲੀਪੁਰ ਦੇ ਪਰਮਾਰ-ਰਾਜਪੂਤ ਬੰਸ ਵਿੱਚ ਸ਼ਹਾਦਤਾਂ ਦਾ ਸਿਲਸਿਲਾ ਭਾਈ ਬੱਲੂ ਤੋਂ ਸ਼ੁਰੂ ਹੋਇਆ।

ਭਾਈ ਬੱਲੂ ਭਾਈ ਮੂਲਾ ਦੇ 14 ਪੁੱਤਰਾਂ ਵਿਚੋਂ ਸਭ ਤੋਂ ਵੱਡੇ ਸਨ। ਭਾਈ ਬੱਲੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਬੜੇ ਵਿਸ਼ਵਾਸੀ ਤੇ ਅਨਿੰਨ ਸ਼ਰਧਾਲੂ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ ਵਿੱਚ ਤਾਂ ਭਾਈ ਬੱਲੂ ਉਹਨਾਂ ਦੇ ਦਰਸ਼ਨਾਂ ਲਈ ਵੀ ਹੋਰਨਾਂ ਸਿੱਖਾਂ ਨਾਲ ਗਏ ਤੇ ਜਦੋਂ ਉਹ ਰਿਹਾ ਹੋਕੇ ਗੋਇੰਦਵਾਲ ਪਹੁੰਚੇ ਤਾਂ ਆਪ ਉਸ ਸਮੇਂ ਵੀ ਦਰਸ਼ਨਾਂ ਲਈ ਪਹੁੰਚੇ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜਹਾਂਗੀਰ ਨਾਲ ਕਲਾਨੌਰ ਵਿੱਚ 28 ਫਰਵਰੀ 1620 ਈਸਵੀ ਨੂੰ ਮੁਲਾਕਾਤ ਹੋਈ ਤਾਂ ਭਾਈ ਬੱਲੂ ਵੀ ਗੁਰੂ ਜੀ ਦੇ ਨਾਲ ਹੀ ਸਨ। ਭੱਟ ਵਹੀ ਤਲਉਂਢਾ ਪਰਗਣਾ ਜੀਂਦ ਵਿੱਚ ਇਸ ਮੁਲਾਕਾਤ ਦਾ ਵੇਰਵਾ ਇਉਂ ਦਿੱਤਾ ਹੋਇਆ ਹੈ :

"ਗੁਰੂ ਹੋਰਿਗੋਬਿੰਦ ਮਹਲ ਛਟਾ, ਬੇਟਾ ਗੁਰੂ ਅਰਜਨ ਜੀ ਕਾ, ਬਾਸੀ ਚੱਕ ਗੁਰੂ ਪਰਗਣਾ ਨਿਝਰਿਆਲਾ, ਗਢ ਗਵਾਲੀਆਰ ਸੇ ਬੰਧਨ ਮੁਕਤ ਹੋਇ ਗਾਮ ਕਲਾਨੌਰ ਪਰਗਣਾ ਬਟਾਲਾ ਮੇਂ ਆਏ। ਬਾਦਸ਼ਾਹ ਜਹਾਂਗੀਰ ਕੇ ਗੈਲ ਸੰਮਤ ਸੋਲਾਂ ਸੈ ਛਿਹੱਤਰ ਫਲਗੁਨ ਪ੍ਰਵਿਸ਼ਟੇ ਪਹਿਲੀ ਸੰਗ੍ਰਾਂਦ ਦੇ ਦਿਹੁੰ। ਗੁਰੂ ਜੀ ਦਾ ਆਨਾ ਸੁਣਿ ਬਾਬਾ ਬੁੱਢਾ ਬੇਟਾ ਬਾਬਾ ਸੁੱਘਾ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰ ਦਾਸ ਭੱਲੇ ਕਾ, ਬੱਲੂ ਰਾਇ ਬੇਟਾ ਮੂਲਚੰਦ ਜਲ੍ਹਾਨੇ ਕਾ, ਪਦਮ ਰਾਇ ਬੇਟਾ ਕੌਲਦਾਸ ਹਜਾਵਤ ਕਾ, ਹੋਰ ਸਿੱਖ ਫਕੀਰ ਆਏ।"[2]

ਜਦੋਂ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਦੇ ਤਾਏ ਪ੍ਰਿਥੀ ਚੰਦ ਦਾ ਅਪ੍ਰੈਲ 1618 ਈ. ਵਿੱਚ ਹੇਹਰ ਪਰਗਣਾ ਪੱਟੀ ਵਿੱਚ ਦੇਹਾਂਤ ਹੋਇਆ ਤਾਂ ਗੁਰੂ ਜੀ ਉਸ ਦੀ ਮੁਕਾਣ ਦੇਣ ਗਏ ਤਾਂ ਨਾਲ ਜਾਣ ਵਾਲਿਆਂ ਵਿੱਚ ਬਾਬਾ ਬੁੱਢਾ ਜੀ, ਅਰਜਾਨੀ ਮੱਲ ਪੋਤਾ ਸ੍ਰੀ ਗੁਰੂ ਅਮਰਦਾਸ, ਭਾਈ ਗੁਰਦਾਸ ਤੇ ਭਾਈ ਬੱਲੂ ਵੀ ਨਾਲ ਗਏ ਸਨ। ਇਸ ਤੋਂ ਵੀ ਪਤਾ ਲੱਗਦਾ ਹੈ ਕਿ ਭਾਈ ਬੱਲੂ ਦਾ ਸ਼ੁਮਾਰ ਸ੍ਰੀ ਗੁਰੂ ਹਰਗੋਬਿੰਦ ਦੇ ਉੱਘੇ ਸਿੱਖਾਂ ਵਿੱਚ ਹੁੰਦਾ ਸੀ।

ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਜਲ੍ਹਾਨੇ ਕਾ ਵਿਚ ਲਿਖਿਆ ਹੈ, ਗੁਰੂ ਹਰਿਗੋਬਿੰਦ ਜੀ ਮਹਲਾ ਛਟਾ, ਤਾਊ ਗੁਰੂ ਪ੍ਰਿਥੀਚੰਦ ਕੀ ਮੁਕਾਨ ਦੇਣ ਗੋਇੰਦਵਾਲ ਸੇ ਗਾਮ ਹੇਹਰ ਪਰਗਣਾ ਪੱਟੀ, ਗੁਰੂ ਮੇਹਰਬਾਨ ਕੇ ਘਰ ਆਏ, ਸਾਲ ਸੋਲਾਂ ਸੈ ਸਤੱਤਰ, ਪੋਖ ਪ੍ਰਵਿਸ਼ਟੇ ਅਠਾਈ, ਦਿਹੁੰ ਸ਼ੁਕਰਵਾਰ ਕੋ। ਸਾਥ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਦਾ ਪੋਤਾ ਗੁਰੂ ਅਮਰਦਾਸ ਮਹਲੇ ਤੀਜੇ ਕਾ, ਬਾਬਾ ਬੁੱਢਾ ਜੀ ਰਾਮਦਾਸ ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਵਰਦਾਸ ਭੱਲੇ ਕੈ, ਬੱਲੂ ਬੇਟਾ ਮੂਲੇ ਜਲ੍ਹਾਨੇ ਪੰਵਾਰ ਕਾ ਆਇਆ।"

ਭੱਟ ਵਹੀ ਤਲਉਡਾ, ਪਰਗਣਾ ਜੀ ਦੇ ਮੁਤਾਬਕ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ 28 ਜਨਵਰੀ 1620 ਦੇ ਦਿਨ ਗੁਰੂ ਦਾ ਚੱਕ ਪੁੱਜੇ ਤਾਂ ਵੀ ਭਾਈ ਬੱਲੂ ਨਾਲ ਹੀ ਸੀ :"ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਕਾ, ਸੰਮਤ ਸੋਲਾਂ ਸੈ ਸਤੱਤਰਾ, ਮਾਘ ਪ੍ਰਵਿਸ਼ਟੇ ਪਹਿਲੀ, ਕੇ ਦਿਹੁੰ ਹੇਹਰ ਨਗਰੀ ਸੇ ਚਲ ਗ੍ਰਾਮ ਗੁਰੂ ਕੇ ਚੱਕ, ਪਰਗਣਾ ਨਿਝਰਿਆਲਾ ਆਏ, ਗੈਲੇ ਗੁਰੂ ਅਰਜਨਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ, ਗੁਰੂ ਮੇਹਰਬਾਨ ਬੇਟਾ ਗੁਰੂ ਪ੍ਰਿਥੀਚੰਦ ਜੀ ਕਾ, ਬਾਬਾ ਬੁੱਢਾ ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਵਰਦਾਸ ਭੱਲੇ ਕਾ, ਬੱਲੂ ਰਾਇ ਬੇਟਾ ਮੂਲਚੰਦ ਜਲ੍ਹਾਨੇ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿੱਖ ਫਕੀਰ ਆਏ। ਗੁਰੂ ਜੀ ਕੇ ਆਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ ਗਈ। ਹਰਿਮੰਦਰ ਸਾਹਿਬ ਜੀ ਮੇਂ ਦੀਆ ਬਾਤੀ ਕੀ ਸੇਵਾ ਗੁਰੂ ਮੇਹਰਬਾਨ ਕੀ ਲਾਈ। ਗੁਰੂ ਜੀ ਤੀਜੇ ਦਿਹੁੰ ਗੁਰੂ ਚੱਕ ਸੇ ਵਿਦਾ ਹੋਇ ਗੋਇੰਦਵਾਲ ਸੇ ਆਏ ਬਿਰਾਜੇ।"

ਗੁਰੂ ਜੀ ਦੀਆਂ ਮੁਗਲਾਂ ਨਾਲ ਚਾਰ ਲੜਾਈਆਂ ਹੋਈਆਂ। 13 ਅਪ੍ਰੈਲ 1634 ਦੇ ਦਿਨ ਮੁਰਤਜ਼ਾ ਖਾਂ ਦੀ ਅਗਵਾਈ ਵਿੱਚ ਜਦੋਂ ਗੁਰੂ ਚੱਕ ਉੱਪਰ ਹਮਲਾ ਕੀਤਾ ਗਿਆ ਤਾਂ ਭਾਈ ਬੱਲੂ ਹੋਰ ਸਿੱਖ ਸੂਰਬੀਰਾਂ ਵਾਂਗ ਬੜੀ ਬੀਰਤਾ ਨਾਲ ਲੜੇ। ਆਹਮੋ ਸਾਮ੍ਹਣੀ ਲੜਾਈ ਵਿੱਚ ਭਾਈ ਬੱਲੂ ਨੇ ਮੁਗਲ ਜਰਨੈਲ ਦਾਦੂ, ਜਲ੍ਹਾ ਤੇ ਮੁਰਤਜ਼ਾ ਖਾਂ ਨੂੰ ਮਾਰ ਦਿੱਤਾ। ਅਨੇਕਾਂ ਹੋਰ ਮੁਗਲ ਸੈਨਿਕਾਂ ਨੂੰ ਮਾਰਕੇ ਭਾਈ ਬੱਲੂ ਨੇ ਸ਼ਹਾਦਤ ਪਾਈ।

ਭੱਟ ਵਹੀ ਮੁਲਤਾਨੀ ਵਿੱਚ ਲਿਖਿਆ ਹੈ : "ਬਲੂ ਬੇਟਾ ਮੂਲੇ ਕਾ ਪੋਤਾ ਰਾਊਕਾ ਸਾਲ ਸੌਲਾਂ ਸੈ ਇਕਾਨਵੇਂ ਵਿਸਾਖ ਪ੍ਰਵਿਸ਼ਟੇ ਸਤਾਰਾਂ, ਗੁਰੂ ਚੱਕ ਕੇ ਮਲ੍ਹਾਨ ਗੁਰੂ ਕਾ ਬਚਨ ਪਾਇ ਸਾਮ੍ਹੇ ਮਾਥੇ ਰਣਮੇਂ ਮੁਰਤਜ਼ਾ ਥਾਂ ਕੋ ਮਾਰ ਕੇ ਮਰਾ।"

ਸੇਵਾ ਸਿੰਘ ਭੱਟ ਨੇ ਸ਼ਹੀਦ ਬਿਲਾਸ ਵਿੱਚ ਬੱਲੂ ਦੀ ਇਉਂ ਪ੍ਰਸੰਸਾ ਕੀਤੀ ਹੈ :

ਚੰਦਰਬੰਸੀ ਰਾਓ, ਰਾਓ ਦਾ ਪੋਤਾ ਬੱਲੂ
ਬੱਲੂ ਤੈਂ ਜਾਣੇ ਸਕਲ ਜਹਾਨ।
ਕਲਜੁਗ ਮੇਂ ਠੁਕਰਾਈ ਪਾਈ,
ਤੁਮ ਬੜੋਂ ਸਮ ਪਾਯਾ ਸੰਮਾਨ।
ਤੇਰੇ ਨਾਮ ਥੀਂ ਚੁਗਤੀਆ ਕੰਪੇ,
ਕੰਪੇ ਕਾਬਲ ਹਿੰਦੁਸਤਾਨ।
ਬਿਕਰਮ ਭੋਜ ਸਮ ਕੀਓ ਤੌਂ ਸਾਕਾ,
ਵਾਂਗ ਭਰਥਰੀ ਜੋਗ ਕਮਾਯਾ ਆਨ।
ਜਮੁ ਛਤੀ ਤਉ ਆਪੇ ਛਣਾਏ ਆਪੇ ਛਟਾਏ,
ਆਪੇ ਸ੍ਰਿਸ਼ਟਾ ਉਪਾਯਾ।
ਗਵਨ ਕੰਮ ਉਪਾਏ ਆਪੇ, ਆਪੇ ਮਾਰ ਖਪਾਯਾ।
ਬੱਲੂ ਤੂੰ ਭਾਰਤ ਤੋਲੇ ਭੀਮ ਯੋਂ,

ਤਉ ਜਾਣੇ ਸ਼ਾਹ ਚੁੱਗਤਾ, ਬੋਲ ਤੇਰੀ ਕੋ ਗੁਰੂ ਬਧਾਇਆ।
ਢਾਕ ਤੇਰੀ ਦਿਲੀ ਲਗ ਬੱਲੂ, ਤੇਰਾ ਜੋਰ ਸਵਾਯਾ।[3]

ਸ਼ਹੀਦੀ ਵੇਲੇ ਭਾਈ ਬੱਲੂ ਦੀ ਉਮਰ 74 ਸਾਲ ਸੀ। ਆਪ ਦਾ ਜਨਮ 2 ਅਪ੍ਰੈਲ 1660 ਨੂੰ ਹੋਇਆ ਤੇ ਉਹ ਅੰਮ੍ਰਿਤਸਰ ਦੀ ਲੜਾਈ ਵਿੱਚ 1734 ਈ. ਨੂੰ ਸ਼ਹੀਦ ਹੋਏ। ਬਾਵਜੂਦ ਇਤਨੀ ਉਮਰ ਦੇ ਉਸਨੇ ਖ਼ੂਬ ਜੌਹਰ ਦਿਖਾਏ ਤੇ ਸੋਭਾ ਪਾਈ।

## ਹਵਾਲੇ ਅਤੇ ਟਿੱਪਣੀਆਂ


1. ਭੱਟ ਵਹੀ ਤਲਉਂਢਾ ਪਰਗਣਾ ਜੀਂਦ, ਹਵਾਲਾ ਦਿੱਤਾ ਪ੍ਰੋ: ਪਿਆਰਾ ਸਿੰਘ ਪਦਮ, ਗੁਰਮਤਿ ਪ੍ਰਕਾਸ਼ ਜੂਨ, 1996, ਪੰ: 31 ਤੋਂ 36
2. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸੇਰ, ਪੰ: 35
3. ਸੇਵਾ ਸਿੰਘ ਭੱਟ, ਸ਼ਹੀਦ ਬਿਲਾਸ, ਪੰ: 18-21

# ਭਾਈ ਜੇਠਾ

ਭਾਈ ਜੇਠਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖੀ ਸਿੱਖਾਂ ਵਿੱਚੋਂ ਸੀ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਜਾਇਆ ਗਿਆ ਸੀ ਤਾਂ ਉਹ ਗੁਰੂ ਜੀ ਦੇ ਨਾਲ ਗਿਆ ਸੀ ਤੇ ਉਸਨੇ ਅੱਖੀਂ ਡਿੱਠਾ ਬਿਰਤਾਂਤ ਸ੍ਰੀ ਹਰਿਗੋਬਿੰਦ ਜੀ ਨੂੰ ਆਕੇ ਦੱਸਿਆ ਸੀ। ਅਜਿਹੇ ਹਾਲਾਤ ਵਿੱਚ ਹੀ ਗੁਰੂ ਜੀ ਨੇ ਮਸੰਦਾਂ ਨੂੰ ਹੁਕਮਨਾਮੇ ਭੇਜ ਦਿੱਤੇ ਤੇ ਲਿਖਿਆ ਕਿ ਜੋ ਰੁਪਏ ਦੀ ਥਾਂ ਤੇ ਭੇਟਾ ਦੇ ਤੌਰ ਤੇ ਸ਼ਸਤਰ ਤੇ ਘੋੜੇ ਲਿਆਉਣਗੇ, ਉਹ ਗੁਰੂ ਦੀ ਖੁਸ਼ੀ ਪ੍ਰਾਪਤ ਕਰਨਗੇ। ਫਲਸਰੂਪ ਅਨੇਕਾਂ ਯੋਧੇ ਤੇ ਪਹਿਲਵਾਨ ਗੁਰੂ ਜੀ ਦੀ ਪ੍ਰਸਿੱਧੀ ਸੁਣਕੇ ਨੌਕਰੀ ਲਈ ਆਏ। ਉਹਨਾਂ ਨੇ ਤੁਰਤ ਹੀ ਯੁੱਧ ਲਈ ਤਤਪਰ ਮਾਝੇ (ਰਾਵੀ ਤੇ ਬਿਆਸ ਦਰਿਆ ਦੇ ਵਿਚਕਾਰਲਾ ਦੁਆਬਾ) ਦੇ 52 ਯੋਧਿਆਂ ਨੂੰ ਆਪਣੇ ਅੰਗ-ਰੱਖਿਅਕ ਭਰਤੀ ਕਰ ਲਿਆ। ਗੁਰੂ ਜੀ ਨੇ ਹਰ ਇੱਕ ਨੂੰ ਇੱਕ ਇੱਕ ਘੋੜਾ ਤੇ ਯੁੱਧ-ਸ਼ਸਤਰ ਦਿੱਤਾ ਤੇ ਇਕ ਇਕ ਸੌ ਦੇ ਪੰਜ ਜੱਥੇਦਾਰਾਂ ਦੇ ਤੌਰ ਤੇ ਭਾਈ ਜੇਠਾ, ਭਾਈ ਬਿਧੀ ਚੰਦ, ਭਾਈ ਪਿਰਾਣਾ, ਭਾਈ ਪੈੜਾ ਤੇ ਭਾਈ ਲੰਗਾਰ ਨੂੰ ਨਿਯੁਕਤ ਕਰ ਦਿੱਤਾ।[1]

ਜਾਪਦਾ ਹੈ ਕਿ ਭਾਈ ਜੇਠਾ ਕਾਫੀ ਉੱਘਾ ਤੇ ਗੁਰੂ ਘਰ ਦਾ ਵਿਸ਼ਵਾਸ ਪਾਤਰ ਸੀ ਤੇ ਉਸਦੀ ਸਲਾਹ ਹਰ ਮੌਕੇ ਲਈ ਜਾਂਦੀ ਸੀ। ਜਦੋਂ ਜਹਾਂਗੀਰ ਨੇ ਵਜ਼ੀਰ ਖਾਂ ਤੇ ਕਿੰਦਬੇਗ ਨੂੰ ਗੁਰੂ ਹਰਗੋਬਿੰਦ ਸਾਹਿਬ ਨੂੰ ਬੁਲਾਉਣ ਲਈ ਅੰਮ੍ਰਿਤਸਰ ਭੇਜਿਆ ਤਾਂ ਗੁਰੂ ਜੀ ਦੀ ਮਾਤਾ ਨੇ ਸਲਾਹ ਲੈਣ ਲਈ ਮੁਖੀ ਸਿੱਖਾਂ ਨੂੰ ਅਗਲੀ ਕਾਰਵਾਈ ਲਈ ਬੁਲਾਇਆ ਤਾਂ ਉਹਨਾਂ ਸਿੱਖਾਂ ਵਿੱਚ ਭਾਈ ਜੇਠਾ, ਭਾਈ ਸਾਲੋ ਤੇ ਬਾਬਾ ਬੁੱਢਾ ਆਦਿ ਸ਼ਾਮਿਲ ਸਨ। ਗੁਰੂ ਹਰਗੋਬਿੰਦ ਸਾਹਿਬ ਦਿੱਲੀ ਬਾਦਸ਼ਾਹ ਦੇ ਦਰਬਾਰ ਹਾਜ਼ਰ ਹੋਏ। ਉਥੋਂ ਉਹਨਾਂ ਨੂੰ ਚੰਦੂ ਦੀ ਸਾਜਿਸ਼ ਕਾਰਨ ਗਵਾਲੀਅਰ ਭੇਜ ਦਿੱਤਾ ਗਿਆ।

ਕਿਹਾ ਜਾਂਦਾ ਹੈ ਕਿ ਉਸ ਸਮੇਂ ਭਾਈ ਜੇਠਾ ਦਿੱਲੀ ਗੁਰੂ ਜੀ ਦੀ ਰਿਹਾਈ ਦੇ ਮਨੋਰਥ ਨਾਲ ਗਿਆ। ਉਹ ਬਾਦਸ਼ਾਹ ਨੂੰ ਸ਼ਾਂਤੀ ਤੇ ਧੀਰਜ ਦੇਣ ਵਿੱਚ ਸਫਲ ਹੋ ਗਿਆ ਜਿਸਨੂੰ ਭੈਭੀਤ ਕਰਨ ਵਾਲੇ ਸੁਪਨੇ ਆਉਂਦੇ ਸਨ।[2] ਗੁਰੂ ਜੀ ਨੂੰ ਅੰਤ ਰਿਹਾ ਕਰ ਦਿੱਤਾ ਗਿਆ ਤੇ ਇਸ ਲਈ ਮੁਗਲ ਦਰਬਾਰ ਦੇ ਇੱਕ ਅਹਿਲਕਾਰ ਵਜ਼ੀਰ ਖਾਂ ਨੇ ਵੀ ਜੋ ਗੁਰੂ ਜੀ ਦਾ ਸ਼ਰਧਾਲੂ ਸੀ, ਰਿਹਾਈ ਵਿੱਚ ਕਾਫੀ ਭੂਮਿਕਾ ਨਿਭਾਈ।

ਫਿਰ ਇਹ ਭਾਈ ਜੇਠਾ ਹੀ ਸੀ ਜਿਸ ਨੇ ਗੁਰੂ ਜੀ ਦੇ ਇਸ਼ਾਰੇ ਤੇ ਭਾਈ ਬਿਧੀ ਚੰਦ ਨਾਲ ਮਿਲ ਕੇ ਚੰਦੂ ਨੂੰ ਫੜ ਲਿਆ ਜਿਹੜਾ ਗੁਰੂ ਅਰਜਨ ਦੇਵ ਅਤੇ ਗੁਰੂ ਹਰਗੋਬਿੰਦ ਨੂੰ ਮਿਲੇ ਕਸ਼ਟਾਂ ਦਾ ਜ਼ਿੰਮੇਵਾਰ ਸੀ ਤੇ ਜਿਸਦਾ ਭੇਦ ਹੁਣ ਜਹਾਂਗੀਰ ਤੇ ਨਸ਼ਰ ਹੋ ਚੁੱਕਾ ਸੀ। ਕਿਹਾ ਜਾਂਦਾ ਹੈ ਕਿ ਜਹਾਂਗੀਰ ਨੇ ਸਜ਼ਾ ਦੇਣ ਵਾਸਤੇ ਗੁਰੂ ਹਰ ਗੋਬਿੰਦ ਨੂੰ ਉਹਨਾਂ ਦਾ

ਦੋਸ਼ੀ, ਚੰਦੂ ਸੌਂਪ ਦਿੱਤਾ। ਭਾਈ ਜੇਠਾ ਤੇ ਭਾਈ ਬਿਧੀ ਚੰਦ, ਚੰਦੂ ਨੂੰ ਕਿਲੇ ਤੋਂ ਬਾਹਰ ਲੈ ਗਏ। ਉਹਦੀ ਪਗੜੀ ਨਾਲ ਉਹਦੀਆਂ ਮੁਸ਼ਕਾਂ ਬੰਨ੍ਹ ਲਈਆਂ ਤੇ ਉਸਨੂੰ ਗਲੀਆਂ ਵਿੱਚ ਘੁਮਾਇਆ। ਉਸਦੇ ਪੱਥਰ ਮਾਰੇ ਗਏ ਤੇ ਉਸਦੀ ਦੁਨੀਆਂ 'ਚੋਂ ਖਲਾਸੀ ਕਰ ਦਿੱਤੀ।

ਮੈਕਾਲਿਫ ਲਿਖਦਾ ਹੈ ਕਿ ਗੁਰੂ ਜੀ ਨੇ ਭਾਈ ਗੁਰਦਾਸ ਨੂੰ ਪੈਸੇ ਦੇ ਕੇ ਘੋੜੇ ਖਰੀਦਣ ਲਈ ਕਾਬਲ ਵੱਲ ਭੇਜ ਦਿੱਤਾ। ਘੋੜਿਆਂ ਦੇ ਮਾਲਕ ਨੂੰ ਜਦ ਪੈਸੇ ਦੇਣ ਦਾ ਸਮਾਂ ਆਇਆ ਤਾਂ ਭਾਈ ਗੁਰਦਾਸ ਨੂੰ ਜਾਪਿਆ ਕਿ ਪੈਸਿਆਂ ਦੀ ਥਾਂ ਤੇ ਠੀਕਰੀਆਂ ਹਨ। ਘੋੜੇ ਪਹਿਲਾਂ ਹੀ ਗੁਰੂ ਜੀ ਵੱਲ ਭੇਜ ਦਿੱਤੇ ਗਏ ਸਨ। ਭਾਈ ਗੁਰਦਾਸ ਡਰਦਾ ਤੰਬੂ ਵਿਚੋਂ ਚੋਰੀ ਨਿਕਲ ਕੇ ਬਨਾਰਸ ਚਲਾ ਗਿਆ। ਗੁਰੂ ਜੀ ਨੇ ਭਾਈ ਜੇਠਾ ਤੇ ਕੁਝ ਹੋਰ ਸਿੱਖ ਉਸਨੂੰ ਲੈਣ ਭੇਜੇ। ਭਾਈ ਗੁਰਦਾਸ ਨੂੰ ਮੁਸ਼ਕਾਂ ਬੰਨ੍ਹ ਕੇ ਗੁਰੂ ਜੀ ਕੋਲ ਲਿਆ ਕੇ ਪੇਸ਼ ਕੀਤਾ ਗਿਆ।[3] ਇਸ ਤੋਂ ਸਾਫ਼ ਜ਼ਾਹਰ ਹੈ ਕਿ ਭਾਈ ਜੇਠਾ ਨੂੰ ਗੁਰੂ ਜੀ ਕਾਫੀ ਮਹੱਤਵਪੂਰਨ ਕੰਮ ਸੌਂਪਦੇ ਰਹੇ ਸਨ। ਪਰ ਇਹਨਾਂ ਤੋਂ ਬਿਨਾਂ ਜੋ ਕਾਰਜ ਉਸਨੇ ਆਪਣੀ ਜਾਨ ਤਲੀ ਧਰਕੇ ਕੀਤਾ, ਉਹ ਸੀ ਮਹਿਰਾਜ ਦਾ ਯੁੱਧ।

ਇਸ ਯੁੱਧ ਦਾ ਕਾਰਨ ਦੋ ਘੋੜੇ ਸਨ।

ਕਿਹਾ ਜਾਂਦਾ ਹੈ ਕਿ ਬਖਤ ਮਲ ਤੇ ਤਾਰਾ ਚੰਦ ਨਾਮ ਦੇ ਦੋ ਮਸੰਦ ਗੁਰੂ ਜੀ ਲਈ ਦੋ ਘੋੜੇ ਖਰੀਦ ਕੇ ਲਿਆ ਰਹੇ ਸਨ ਕਿ ਉਹ ਸ਼ਾਹੀ ਅਧਿਕਾਰੀਆਂ ਖੋਹ ਕੇ ਬਾਦਸ਼ਾਹ ਲਈ ਭੇਜ ਦਿੱਤੇ। ਸਿੱਖ ਬ੍ਰਿਤਾਂਤਾਂ ਨੇ ਬੜੀਆਂ ਰੌਚਕ ਕਹਾਣੀਆਂ ਰਾਹੀਂ ਦੱਸਿਆ ਹੈ ਕਿ ਕਿਵੇਂ ਭਾਈ ਬਿਧੀ ਚੰਦ ਜੋ ਪਹਿਲਾਂ ਨਾਮੀਂ ਧਾੜਵੀ ਤੇ ਲੁਟੇਰਾ ਹੁੰਦਾ ਸੀ, ਇੱਕ ਇੱਕ ਕਰੇਕ ਸ਼ਾਹੀ ਤਬੇਲੇ 'ਚੋਂ ਉਹ ਦੋਵੇਂ ਘੋੜੇ ਲੈ ਆਇਆ। ਪਹਿਲੀ ਵਾਰ ਉਸਨੇ ਤਬੇਲੇ 'ਚ ਨੌਕਰੀ 'ਚ ਕੀਤੀ ਤੇ ਮੌਕਾ ਮਿਲਦਿਆਂ ਘੋੜੇ ਸਮੇਤ ਉਥੋਂ ਦੌੜ ਗਿਆ। ਦੂਸਰੀ ਵਾਰ ਉਹ ਜੋਤਸ਼ੀ ਬਣਿਆ ਤੇ ਤਬੇਲੇ ਵਿਚੋਂ ਇਸ ਤਰ੍ਹਾਂ ਹੀ ਹੱਥ ਤੇ ਹੱਥ ਮਾਰਕੇ ਘੋੜਾ ਲੈ ਉੱਡਿਆ। ਫਿਰ ਲੱਲਾ ਬੇਗ ਤੇ ਕੁਮਰ ਬੇਗ ਗੁਰੂ ਜੀ ਤੇ ਹਮਲਾ ਕਰਨ ਤੇ ਸਜ਼ਾ ਦੇਣ ਲਈ ਭੇਜੇ ਗਏ। ਗੁਰੂ ਜੀ ਬਠਿੰਡੇ ਦੇ ਮਾਰੂਥਲਾਂ ਵੱਲ ਸਤਲੁਜ ਤੋਂ ਦੱਖਣ ਵੱਲ ਨਿਕਲ ਗਏ ਜਿੱਥੇ ਲਹਿਰਾਂ ਵਿੱਚ ਗੁਰੂ ਜੀ ਤੇ ਮੁਗਲ ਸੈਨਾ ਵਿੱਚ 1631 ਈ. ਨੂੰ ਯੁੱਧ ਹੋਇਆ।[4]

ਏਥੇ ਸ਼ਾਹੀ ਸੈਨਾ ਨੂੰ ਸਿੱਖਾਂ ਨੇ ਬੁਰੀ ਤਰ੍ਹਾਂ ਹਰਾਇਆ। ਮੈਕਾਲਿਫ ਲਿਖਦਾ ਹੈ : "ਗੁਰੂ ਜੀ ਦੀ ਫੌਜ ਪਾਣੀ ਦੇ ਸਰ ਉਦਾਲੇ ਇਸ ਤਰ੍ਹਾਂ ਟਿਕ ਗਈ ਕਿ ਜਦੋਂ ਸ਼ਾਹੀ ਫੌਜਾਂ ਆਈਆਂ ਉਹ ਪਾਣੀ ਦੀ ਥੁੜ ਕਾਰਨ ਹੀ ਪਿਆਸ ਨਾਲ ਤਿਹਾਈਆਂ ਮਰਦੀਆਂ ਤਬਾਹ ਹੋ ਗਈਆਂ।"[5] ਸਿੱਖ ਸੈਨਾ ਦੇ ਮ੍ਰਿਤਕਾਂ ਤੇ ਜ਼ਖਮੀਆਂ ਦੀ ਗਿਣਤੀ 1200 ਸੀ, ਜਦੋਂ ਕਿ ਸ਼ਾਹੀ ਸੈਨਾ ਦਾ ਨੁਕਸਾਨ ਕਿਤੇ ਵਧੇਰੇ ਸੀ। ਸੱਯਦ ਮੁਹੰਮਦ ਲਤੀਫ ਦੇ ਸ਼ਬਦਾਂ ਵਿੱਚ ਸਿੱਖਾਂ ਹੱਥੋਂ ਹਾਰ ਖਾਣ ਪਿੱਛੋਂ ਸ਼ਾਹੀ ਸੈਨਾ ਲਾਹੌਰ ਭੱਜ ਗਈ ਤੇ ਉਸਦਾ ਸੈਨਾਪਤੀ ਲੜਾਈ 'ਚ ਮਾਰਿਆ ਗਿਆ।"[6]

ਇਸ ਲੜਾਈ ਵਿੱਚ ਭਾਈ ਜੇਠਾ ਵਲੋਂ ਵਿਖਾਈ ਗਈ ਬੀਰਤਾ ਦਾ ਵੇਰਵਾ ਮੈਕਾਲਿਫ ਨੇ ਵਿਸਥਾਰ ਨਾਲ ਦਿੱਤਾ ਹੈ।

ਲੱਲਾ ਬੇਗ, ਉਸਦਾ ਭਰਾ ਕਮਰ ਬੇਗ ਆਪਣੇ ਦੋ ਪੁੱਤਰਾਂ ਕਾਸਿਮ ਬੇਗ ਤੇ ਸ਼ਮਸ

ਬੇਗ, ਭਤੀਜੇ ਕਾਬਲੀ ਬੇਗ (ਲੱਲਾ ਬੇਗ ਦਾ ਪੁੱਤਰ), 35000 ਘੋੜ ਸਵਾਰ ਤੇ ਪਿਆਦਾ ਫੌਜ ਨਾਲ ਲਹਿਰਾ ਵੱਲ ਚੱਲ ਪਿਆ।

ਰਾਏ ਜੋਧ ਨੇ ਕਾਸਿਮ ਬੇਗ ਦਾ ਮੁਕਾਬਲਾ 1000 ਆਦਮੀਆਂ ਨਾਲ ਕੀਤਾ। ਮੌਕਾ ਵੇਖ ਕੇ ਰਾਏ ਜੋਧ ਨੇ ਕਮਰ ਬੇਗ ਨੂੰ ਨੇਜ਼ੇ ਨਾਲ ਵਿਨ੍ਹ ਦਿੱਤਾ। ਫਿਰ ਕਾਸਿਮ ਬੇਗ ਦਾ ਲੜਕਾ ਸ਼ਮਸ ਬੇਗ ਮੈਦਾਨ ਵਿੱਚ ਆਇਆ ਤੇ ਗੁਰੂ ਜੀ ਨੇ ਉਹਦਾ ਟਾਕਰਾ ਕਰਨ ਲਈ ਭਾਈ ਬਿਧੀ ਚੰਦ ਨੂੰ 1500 ਸੈਨਿਕ ਦੇ ਕੇ ਭੇਜਿਆ। ਬਿਧੀ ਚੰਦ ਨੇ ਸ਼ਮਸ ਬੇਗ ਦੀ ਫੌਜ ਨੂੰ ਹਰਾ ਦਿੱਤਾ ਤੇ ਫਿਰ ਬਿਧੀ ਚੰਦ ਤੇ ਸ਼ਮਸ ਖਾਂ ਆਮ੍ਹਣੇ-ਸਾਮ੍ਹਣੇ ਹੋਏ। ਉਹ ਲੜਨ ਲਈ ਜੁੱਟ ਪਏ। ਬਿਧੀ ਚੰਦ ਨੇ ਆਪਣੇ ਵਿਰੋਧੀ ਦੇ ਵੱਟ ਕੇ ਘਸੁੰਨ ਮਾਰਿਆ, ਜਿਸ ਨਾਲ ਉਹ ਲੜਖੜਾ ਕੇ ਧਰਤੀ ਤੇ ਡਿੱਗ ਪਿਆ। ਫਿਰ ਉਸਨੇ ਉਹਦੀ ਲੱਤ ਤੇ ਲੱਤ ਰੱਖੀ ਤੇ ਦੂਜੀ ਲੱਤ ਨੂੰ ਫੜ ਕੇ ਸਰੀਰ ਨੂੰ ਪਾੜ ਕੇ ਦੋ ਟੋਟੇ ਕਰ ਦਿੱਤਾ।

ਫਿਰ ਲੱਲਾਬੇਗ ਨੇ ਆਪਣਾ ਦੂਸਰਾ ਭਤੀਜਾ ਕਾਸਿਮ ਬੇਗ ਭੇਜਿਆ ਤੇ ਗੁਰੂ ਜੀ ਨੇ 500 ਆਦਮੀ ਭਾਈ ਜੇਠਾ ਦੀ ਅਗਵਾਈ ਵਿੱਚ ਭੇਜੇ। ਕਾਸਿਮ ਬੇਗ ਨੇ ਭਾਈ ਜੇਠਾ ਨੂੰ ਲਲਕਾਰਦਿਆਂ ਕਿਹਾ, "ਓ ਬਾਬਾ, ਤੂੰ ਕਿਉਂ ਥੋੜੀ ਜਿਹੀ ਸੈਨਾ ਲੈ ਕੇ ਮਰਨ ਆ ਗਿਆ ਹੈਂ ? ਜਾਹ ਤੇ ਕੁਝ ਦਿਨ ਹੋਰ ਦੁਨੀਆ ਦੇ ਮਜ਼ੇ ਲੈ ਲੇ ਤੇ ਮੈਦਾਨ ਵਿੱਚ ਉਸਨੂੰ ਭੇਜ ਜਿਸ ਨੇ ਮੇਰੇ ਪਿਓ ਤੇ ਭਰਾ ਨੂੰ ਮਾਰ ਮੁਕਾਇਆ ਹੈ।" ਭਾਈ ਜੇਠਾ ਨੇ ਉੱਤਰ ਦਿੱਤਾ, "ਮੈਂ ਤਾਂ ਖਾ ਖੱਟ ਲਿਆ ਹੈ, ਤੂੰ ਅਜੇ ਜੁਆਨ ਹੈਂ। ਤੇਰੀ ਤਾਂ ਅਜੇ ਦਾੜ੍ਹੀ ਉੱਗ ਹੀ ਰਹੀ ਹੈ। ਅਜੇ ਵੀ ਤੇਰੇ ਕੋਲ ਦੌੜ ਜਾਣ ਦਾ ਸਮਾਂ ਹੈ ਤੇ ਆਪਣੀ ਜੁਆਨ ਵਹੁਟੀ ਨਾਲ ਆਨੰਦ ਮਾਣਨ ਦੀ ਤੇਰੀ ਉਮਰ ਹੈ। ਮੇਰੀ ਛੋਟੀ ਫੌਜ ਵੇਖਕੇ ਭੁਲੇਖਾ ਨਾ ਖਾ ਬੈਠੀਂ। ਮੈਂ ਇਕੱਲਾ ਹੀ ਤੈਨੂੰ ਨਹੀਂ ਛੱਡਣ ਲੱਗਾ ਤੇ ਤੈਨੂੰ ਆਪਣੇ ਪਿਉ ਤੇ ਭਰਾ ਕੋਲ ਪਹੁੰਚਾ ਦਿਆਂਗਾ।"

ਜੰਗ ਸ਼ੁਰੂ ਹੋ ਗਈ। ਗੜ੍ਹਿਆਂ ਵਾਂਗ ਗੋਲੀਆਂ ਵਰ੍ਹਨ ਲੱਗੀਆਂ। ਤਲਵਾਰਾਂ, ਚਾਕੂ ਤੇ ਛੁਰੇ ਬਿਜਲੀ ਵਾਂਗ ਲਿਸ਼ਕਣ ਲੱਗੇ। ਭੱਥੇ ਖਾਲੀ ਹੋ ਗਏ, ਕਮਾਨਾਂ ਟੁੱਟ ਗਈਆਂ,ਤੀਰ ਟੁੱਟ ਗਏ ਤੇ ਯੋਧੇ ਘਾਤਕ ਮੁੱਠਭੇੜ ਵਿੱਚ ਜੁਟ ਪਏ।

ਫਿਰ ਭਾਈ ਜੇਠਾ ਕਾਸਿਮ ਬੇਗ ਦੇ ਸਾਮ੍ਹਣੇ ਆਇਆ। ਉਸਨੇ ਕਾਸਿਮ ਬੇਗ ਵੱਲ ਤੀਰ ਛੱਡੇ ਜਿਸ ਨਾਲ ਉਸਦਾ ਘੋੜਾ ਮਰ ਗਿਆ। ਫਿਰ ਭਾਈ ਜੇਠਾ ਨੇ ਅਸਵਾਰ ਨੂੰ ਵੀ ਲੱਤ ਤੋਂ ਫੜਕੇ ਆਪਣੇ ਸਿਰ ਉਦਾਲੇ ਘੁਮਾਇਆ ਤੇ ਇੰਝ ਧਰਤੀ ਤੇ ਪਟਕਾ ਮਾਰਿਆਂ ਜਿਵੇਂ ਭਾਰਤੀ ਧੋਬੀ ਗੰਦੇ ਕੱਪੜੇ ਨੂੰ ਧੋਣ ਲਈ ਪਟਕੇ ਤੇ ਮਾਰਦਾ ਹੈ। ਕਾਸਿਮ ਬੇਗ ਦੀ ਤੱਤ ਫੱਟ ਮੌਤ ਹੋ ਗਈ ਤੇ ਭਾਈ ਜੇਠਾ ਇੰਝ ਖੜਾ ਰਿਹਾ ਜਿਵੇਂ ਧਰਤੀ 'ਚ ਥੰਮ ਗੱਡਿਆ ਹੋਵੇ। ਫਿਰ ਲੱਲਾ ਬੇਗ ਆਪ ਭਾਈ ਜੇਠਾ ਦੇ ਟਾਕਰੇ ਤੇ ਆਇਆ। ਲੱਲਾ ਬੇਗ ਨੇ ਭਾਲਾ ਵਰਤਿਆ, ਪ੍ਰੰਤੂ ਭਾਈ ਜੇਠਾ ਬਚਾ ਕਰ ਗਿਆ। ਫਿਰ ਲੱਲਾ ਬੇਗ ਨੇ ਤਲਵਾਰ ਕੱਢੀ ਪ੍ਰੰਤੂ ਜੇਠਾ ਦੇ ਪਹਿਲਾਂ ਆਪਣੇ ਆਪ ਤੋਂ ਹੀ ਫੱਟ ਲੱਗ ਗਿਆ। ਅਗਲੀ ਵੇਰ ਲੱਲਾ ਬੇਗ ਨੇ ਜ਼ਿਆਦਾ ਸਫਲਤਾ ਨਾਲ ਆਪਣੇ ਬਹਾਦਰ ਵਿਰੋਧੀ ਦੇ ਤਲਵਾਰ ਮਾਰੀ ਤੇ ਉਹ ਵਾਹਿਗੁਰੂ ਕਹਿ ਕੇ ਪ੍ਰਾਣ ਤਿਆਗ ਗਿਆ।

ਹੁਣ ਲੱਲਾ ਬੇਗ ਦਾ ਟਾਕਰਾ ਜਾਤੀ ਮੱਲ ਤੇ ਖੁਦ ਗੁਰੂ ਜੀ ਨਾਲ ਹੋਇਆ। ਪਹਿਲਾਂ

ਲੱਲਾ ਬੇਗ ਮਾਰਿਆ ਗਿਆ ਤੇ ਫਿਰ ਉਸਦਾ ਪੁੱਤਰ ਕਾਬਲੀ ਬੇਗ। ਗੁਰੂ ਜੀ ਦੀ ਸਹਾਇਤਾ ਰਾਇ ਜੋਧ ਤੇ ਭਾਈ ਬਿਧੀ ਚੰਦ ਨੇ ਵੀ ਕੀਤੀ। ਕਾਬਲੀ ਬੇਗ ਦੇ ਮਾਰੇ ਜਾਣ ਨਾਲ ਜੰਗ ਸਮਾਪਤ ਹੋ ਗਈ। ਇਸ ਲੜਾਈ 'ਚ ਸ਼ਹੀਦ ਹੋਣ ਵਾਲੇ ਸਿੱਖਾਂ ਵਿੱਚ ਵਧੇਰੇ ਉੱਘਾ ਭਾਈ ਜੇਠਾ ਹੀ ਸੀ। ਗੁਰੂ ਜੀ ਦੇ ਸੈਨਿਕਾਂ ਵਿੱਚੋਂ 1200 ਜ਼ਖ਼ਮੀ ਜਾਂ ਸ਼ਹੀਦ ਹੋ ਗਏ।[7]

ਭਾਈ ਜੇਠਾ ਦੀ ਸ਼ਹੀਦੀ ਤੇ ਲੜਾਈ ਵਿੱਚ ਵਿਖਾਈ ਬਹਾਦਰੀ ਬਾਰੇ "ਗੁਰਬਿਲਾਸ ਪਾਤਸ਼ਾਹੀ ਛੇਵੀਂ" ਨੇ ਪੂਰਾ ਵੇਰਵਾ ਦਿੱਤਾ ਹੈ :

ਕਾਸਮ ਬੇਗ ਸੈਨਾਪਤੀ ਪਠੀ ਅਪਨੀ ਸਪਤ ਹਜ਼ਾਰ।
ਜੇਠੇ ਪਰ ਸੁ ਪਾਂਚ ਸੈ ਅਪਨੇ ਸੂਰ ਬਲਾਰ॥

...............................................

ਕਾਸਮ ਬੇਗ ਤੀਰ ਬਹੁ ਮਾਰੈ। ਭਾਈ ਜੇਠਾ ਮਗਿ ਹਨ ਡਾਰੈ॥
ਤਾਕ ਤੀਰ ਤਾਕੇ ਅੰਗਿ ਲਾਵੈ॥ ਬੇਧ ਤਾਹਿ ਤਨ ਪਾਰ ਪਰਾਵੈ॥

ਦੀਪਕ ਸਮ ਜੇਠਾ ਭਯੋ ਤੁਰਕ ਪਤੰਗ ਸਮਾਨ
ਲਰਤ ਮਰਤ ਛਿਕ ਬਿਲਸ ਨਹਿ ਆਹਵ ਭਯੋ ਭਯਾਨ।
ਕਿਉਂ ਧੁਬੀਆ ਸਰਤਾ ਤਟੀ ਪਟ ਪਟ ਸਾਥਿ ਪਛਾਰ॥

...............................................

ਤਿਉ ਕਾਸਮ ਗਹਿ ਜਾਂਘ ਤੇ ਜੇਠੇ ਭੂਮਿ ਪਟਕਾਰ॥
ਟੂਟ ਤੇਗ ਲਗ ਤੇਗ ਸੋ ਬੇਗ ਲਲਾ ਬਿਸਮਾਇ
ਸ਼ਸਤ੍ਰਹੀਨ ਦਿਖਿ ਤਾਹਿ ਕਉ ਜੇਠ ਤੇਗ ਤਜਾਇ॥

...............................................

ਹੁਇ ਸੁਚੇਤ ਜੇਠਾ ਉਠਾ ਛਾਤੀ ਮੁਸਟ ਪ੍ਰਹਾਰ।
ਬੇਗ ਲਲਾ ਤਬ ਹੀ ਹਨੀ ਤਮਕ ਕੰਨਿ ਤਰਵਾਰ॥
ਗੁਰੂ ਨਾਮ ਕਹਿ ਭਯੋ ਦੁਖੰਡਾ॥
ਭਗਤ ਸਿੰਘ ਜੇਠਾ ਬਲਵੰਡਾ।

...............................................

ਜੇਠਾ ਚੜ ਗੁਰ ਧਾਮ ਸਧਾਰਾ।
ਬੇਗ ਲਲਾ ਸਭ ਚਰਿਤ ਨਿਹਾਰਾ।[8]

(ਕਾਸਮ ਬੇਗ 7 ਹਜ਼ਾਰ ਸੈਨਾ ਲੈ ਕੇ ਆ ਗਿਆ ਤੇ ਉਸ ਦਾ ਟਾਕਰਾ ਜੇਠੇ ਨੇ ਆਪਣੇ 500 ਸੂਰਬੀਰਾਂ ਨਾਲ ਕੀਤਾ। ਕਾਸਮ ਬੇਗ ਨੇ ਬਹੁਤ ਤੀਰ ਜੇਠੇ ਵੱਲ ਚਲਾਏ। ਉਹ ਤੀਰ ਉਹਦੇ ਸਰੀਰ ਨੂੰ ਛੋਹ ਕੇ ਤੇ ਜਖ਼ਮੀ ਕਰਕੇ ਪਾਰ ਲੰਘ ਜਾਂਦੇ।)

ਜੇਠਾ ਇਕ ਦੀਪ ਵਾਂਗ ਸੀ ਤੇ ਤੁਰਕ ਜਿਵੇਂ ਪਤੰਗ ਹੋਣ, ਉਹ ਝੱਟ ਪੱਟ ਹੀ ਜੁੱਧ ਦੀ ਅੱਗ ਵਿੱਚ ਬਲ ਜਾਂਦੇ ਸਨ।

ਇਸ ਤਰ੍ਹਾਂ ਕਰਦਿਆਂ ਤੇਗ ਨਾਲ ਤੇਗ ਲੱਗ ਕੇ ਲੱਲਾ ਬੇਗ ਦੀ ਤੇਗ ਟੁੱਟ ਗਈ ਤੇ ਲੱਲਾ ਬੇਗ ਪ੍ਰੇਸ਼ਾਨ ਹੋ ਗਿਆ। ਸ਼ਤਰ ਤੋਂ ਬਿਨਾਂ ਹੋਣ ਕਰਕੇ ਭਾਈ ਜੇਠੇ ਨੇ ਆਪਣੀ ਤੇਗ ਵੀ ਛੱਡ ਦਿੱਤੀ।

ਫਿਰ ਭਾਈ ਜੇਠਾ ਨੇ ਵਿਰੋਧੀ ਦੀ ਛਾਤੀ ਤੇ ਘਸੁੰਨ ਜੜੇ ਪਰ ਲੱਲਾ ਬੇਗ ਨੇ ਫਿਰ ਤਲਵਾਰ ਫੜ ਲਈ ਤੇ ਭਾਈ ਜੇਠੇ ਦੇ ਖੋਭ ਦਿੱਤੀ। ਜੇਠਾ ਗੁਰਪੁਰੀ ਸੁਧਾਰ ਗਿਆ ਤੇ ਲੱਲਾ ਬੇਗ ਸਭ ਕੁਝ ਹੈਰਾਨ ਖੜਾ ਵੇਖਦਾ ਰਿਹਾ।

ਨਿਰਸੰਦੇਹ ਲਹਿਰਾ ਦੇ ਯੁੱਧ ਵਿੱਚ ਭਾਈ ਜੇਠਾ ਦੀ ਬੀਰਤਾ ਤੇ ਸ਼ਹੀਦੀ ਅਦਭੁਤ ਤੇ ਅਜੀਬ ਹੈ। ਉਸਦਾ ਸ਼ੁਮਾਰ ਗੁਰੂ ਹਰ ਗੋਬਿੰਦ ਸਾਹਿਬ ਦੇ ਉੱਘੇ ਸੂਰਬੀਰਾਂ ਵਿੱਚ ਕੀਤਾ ਜਾਂਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਐਮ.ਏ. ਮੈਕਾਲਿਫ, ਸਿੱਖ ਧਰਮ, ਜਿਲਦ-IV, ਪੰ: 4 ਪ੍ਰੰਤੂ, ਭਾਈ ਕਾਹਨ ਸਿੰਘ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰ: 532, ਅਨੁਸਾਰ ਉਹ ਜੇਠਾ ਜੋ ਲਾਹੌਰ ਗੁਰੂ ਅਰਜਨ ਦੇਵ ਨਾਲ ਗਿਆ ਸੀ ਤੇ ਉਹ ਜੇਠਾ ਜੋ ਗੁਰੂ ਹਰਗੋਬਿੰਦ ਦੀ ਸੈਨਾ 'ਚ ਕਮਾਂਡਰ ਸੀ, ਵੱਖ-ਵੱਖ ਸਨ।
2. ਉਹੀ, ਪੰ: 24
3. ਉਹੀ, ਪੰ: 134-137
4. ਭੱਟ ਵਹੀਆਂ ਵਿੱਚ ਲਹਿਰੇ ਦੀ ਲੜਾਈ 16 ਦਸੰਬਰ 1634 ਦਿੱਤੀ ਗਈ ਹੈ ਜਦੋਂ ਕਿ ਮੈਕਾਲਿਫ, ਗਿਆਨੀ ਗਿਆਨ ਸਿੰਘ ਤੇ ਡਾ. ਗੰਡਾ ਸਿੰਘ (ਸਿੱਖ ਇਤਿਹਾਸ, ਪੰ: 43) ਤੇ ਲੜਾਈ 1631 ਨੂੰ ਹੋਈ ਮੰਨਦੇ ਹਨ। ਸੰਗਤ ਸਿੰਘ (ਇਤਿਹਾਸ ਵਿੱਚ ਸਿੱਖ, ਪੰ: 44) ਭੱਟ ਵਹੀ ਮੁਲਤਾਨੀ ਸਿੰਧੀ, ਪੰ: 29) ਇਹ ਤਾਰੀਖ 17 ਪੋਹ 1691 (163 ਈ.) ਮੰਨਦੇ ਹਨ।
5. ਐਮ.ਏ. ਮੈਕਾਲਿਫ, ਸਿੱਖ ਧਰਮ, ਪੰ: 179
6. ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਪੰ: 256
7. ਐਮ.ਏ. ਮੈਕਾਲਿਫ਼, ਸਿੱਖ ਧਰਮ, ਜਿਲਦ-IV, ਪੰ: 180-186
8. ਭਗਤ ਸਿੰਘ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ-19

# ਭਾਈ ਬਿਧੀ ਚੰਦ

ਭਾਈ ਬਿਧੀ ਚੰਦ ਗੁਰੂ ਹਰਗੋਬਿੰਦ ਸਾਹਿਬ ਦੇ ਵੀਰ ਯੋਧਿਆਂ ਤੇ ਨਿਰਭੈ ਸ਼ਰਧਾਲੂ ਸੇਵਕਾਂ ਵਿਚੋਂ ਸੀ। ਉਸਦਾ ਜੀਵਨ ਇਕ ਰੌਸ਼ਨ ਉਦਾਹਰਨ ਹੈ ਕਿ ਕਿਵੇਂ ਸੰਤ ਪੁਰਸ਼ ਦੀ ਸੰਗਤ ਤੇ ਅਸ਼ੀਰਵਾਦ ਨਾਲ ਲੁਟੇਰੇ ਡਾਕੂ ਵੀ ਨਾਇਕ ਯੋਧਿਆਂ ਦੀ ਪਦਵੀ ਪ੍ਰਾਪਤ ਕਰ ਜਾਂਦੇ ਹਨ।

ਬਿਧੀ ਚੰਦ ਦਾ ਜਨਮ ਝਬਾਲ ਨੇੜੇ, ਅੰਮ੍ਰਿਤਸਰ ਜ਼ਿਲੇ ਵਿੱਚ ਪਿੰਡ ਸੁਰ ਸਿੰਘ ਹੋਇਆ। ਇਹ ਪਿੰਡ ਅੰਮ੍ਰਿਤਸਰ ਸ਼ਹਿਰ ਤੋਂ 34 ਮੀਲ ਦੱਖਣ ਵਿੱਚ ਸਥਿਤ ਹੈ। ਉਸਦੇ ਪਿਤਾ ਦਾ ਨਾਮ ਵੱਸਣ ਤੇ ਦਾਦੇ ਦਾ ਨਾਮ ਭਿੱਖੀ ਸੀ। ਉਹ ਅਤਿਅੰਤ ਦਲੇਰ, ਬਲੀ, ਕੱਦਾਵਰ ਤੇ ਸੁੰਦਰ ਜੁਆਨ ਸੀ। ਉਸਦੀ ਮਾਤਾ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਸਿਰਹਾਲੀ ਦੀ ਸੀ।[1]

ਛੋਟੀ ਉਮਰ ਤੋਂ ਹੀ ਬਿਧੀ ਚੰਦ ਬੁਰੀ ਸੰਗਤ 'ਚ ਫਸ ਗਿਆ ਸੀ। ਉਹ ਇਕ ਧਾੜਵੀ ਤੇ ਲੁਟੇਰਾ ਬਣ ਗਿਆ। ਇਕ ਵਾਰ ਉਸਨੇ ਸੁਲਤਾਨਪੁਰੋਂ ਮੱਝਾਂ ਚੋਰੀ ਕਰ ਲਈਆਂ ਪ੍ਰੰਤੂ ਮਾਲਕਾਂ ਨੇ ਚੋਹਲਾ ਪਿੰਡ ਤੱਕ ਉਸਦਾ ਪਿੱਛਾ ਕਰਕੇ ਪੈੜ ਕੱਢ ਲਈ। ਏਥੇ ਬਿਧੀ ਚੰਦ ਇਕ ਸਾਧੂ ਪੁਰਸ਼ ਭਾਈ ਅਦਲੀ ਨੂੰ ਮਿਲਿਆ, ਜਿਸਨੇ ਉਹਦੀਆਂ ਮੱਝਾਂ ਇੱਕ ਚਿੱਕੜ ਨਾਲ ਭਰੇ ਛੱਪੜ ਵਿੱਚ ਵਾੜ ਦਿੱਤੀਆਂ। ਜਦੋਂ ਮੱਝਾਂ ਛੱਪੜ ਵਿਚੋਂ ਬਾਹਰ ਨਿਕਲੀਆਂ ਤਾਂ ਉਹਨਾਂ ਦੀਆਂ ਸ਼ਕਲਾਂ ਚਿੱਕੜ ਨਾਲ ਲੱਥਪੱਥ ਹੋ ਗਈਆਂ ਤੇ ਮਾਲਕ ਆਪਣੀਆਂ ਮੱਝਾਂ ਪਛਾਣ ਨਾ ਸਕੇ। ਬਿਧੀ ਚੰਦ ਆਪਣਾ ਬਚਾ ਹੋਣ ਤੇ ਬਹੁਤ ਖੁਸ਼ ਸੀ। ਉਸਨੇ ਭਾਈ ਅਦਲੀ ਕੋਲ ਬੇਨਤੀ ਕੀਤੀ ਕਿ ਉਹ ਉਸਨੂੰ ਆਪਣਾ ਚੇਲਾ ਬਣਾ ਲਵੇ।[2]

ਭਾਈ ਅਦਲੀ ਭੈਣੀ ਪਿੰਡ ਦਾ ਹੀ ਵਸਨੀਕ ਸੀ। (ਹੁਣ ਇਸ ਪਿੰਡ ਨੂੰ ਚੋਹਲਾ ਕਿਹਾ ਜਾਂਦਾ ਹੈ।) ਉਹ ਇਕ ਸ਼ਰਧਾਵਾਨ ਤੇ ਗਿਆਨਵਾਨ ਸਿੱਖ ਸੀ ਤੇ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ। ਉਸਦੇ ਪ੍ਰਭਾਵ ਕਾਰਨ ਹੀ ਉਸਨੇ ਲੁੱਟਾਂ ਤੇ ਧਾੜਾਂ ਦਾ ਰਸਤਾ ਤਿਆਗ ਦਿੱਤਾ "ਅਦਲੀ ਗੁਰੂ ਕੇ ਸਿੱਖ ਤਹਿ ਜਿਹ ਸੁਮੱਤ ਬਿਸੇਖੀ।"[3]

ਫਿਰ ਉਸਨੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਦੀਖਿਆ ਪ੍ਰਾਪਤ ਕੀਤੀ।[4] ਬਿਧੀ ਚੰਦ ਨੇ ਸਾਰੀ ਉਮਰ ਗੁਰੂ ਜੀ ਦੀ ਸੇਵਾ ਵਿੱਚ ਰਹਿ ਕੇ ਹੀ ਬਿਤਾਉਣ ਦਾ ਨਿਰਣਾ ਲੈ ਲਿਆ ਤੇ ਗੁਰੂ ਜੀ ਦੀ ਸੰਗਤ ਵਿੱਚ ਵਿਚਰ ਕੇ ਆਤਮਕ ਆਨੰਦ ਪ੍ਰਾਪਤ ਕਰਨ ਲੱਗਾ। ਫਿਰ ਉਹ ਘਰ ਪਰਤ ਕੇ ਕਦੇ ਨਾ ਗਿਆ। ਉਹ ਪੰਜਵੇਂ ਗੁਰੂ ਨੂੰ ਪੂਰੀ ਤਰ੍ਹਾਂ ਸਮ੍ਰਪਿਤ ਸੀ ਤੇ ਜਦੋਂ ਪੰਜਵੇਂ ਗੁਰੂ ਨੂੰ 30 ਮਈ 1606 ਨੂੰ ਲਾਹੌਰ ਵਿੱਚ ਸ਼ਹੀਦ ਕੀਤਾ

ਗਿਆ ਸੀ ਤਾਂ ਗੁਰੂ ਜੀ ਨਾਲ ਲਾਹੌਰ ਜਾਣ ਵਾਲੇ ਜਿਹੜੇ ਪੰਜ ਸਿੱਖਾਂ ਦੀ ਚੋਣ ਕੀਤੀ ਗਈ ਸੀ, ਭਾਈ ਬਿਧੀ ਚੰਦ ਉਹਨਾਂ ਵਿਚੋਂ ਇੱਕ ਸੀ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਇੱਕ ਵੱਡਾ ਮੋੜ ਸੀ। ਉਸ ਸਮੇਂ ਤਾਂ ਸਿੱਖ ਸ਼ਾਂਤਮਈ ਜੀਵਨ ਬਿਤਾ ਰਹੇ ਸਨ ਪ੍ਰੰਤੂ ਮੁਗਲ ਸਮਰਾਟ ਦੇ ਅਨਿਆਂ ਤੇ ਜ਼ੁਲਮ ਨੇ ਸਭ ਕੁਝ ਬਦਲ ਦਿੱਤਾ। ਗੁਰੂ ਜੀ ਦੇ ਅਖੀਰਲੇ ਸਮੇਂ ਦੀ ਇੱਛਾਂ ਅਨੁਸਾਰ ਤੇ ਬਦਲੇ ਹੋਏ ਹੋਏ ਹਾਲਾਤ ਨੂੰ ਵੇਖਕੇ ਗੁਰੂ ਹਰ ਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਪਹਿਣ ਲਈਆਂ ਤੇ ਦਸਤਾਰ ਤੇ ਕਲਗੀ ਸਜਾ ਲਈ। ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਦੁਨਿਆਵੀ ਤੇ ਰੂਹਾਨੀ ਪ੍ਰਭੁਤਾ ਤੇ ਸਮਰੱਥਾ ਦੀਆਂ ਪ੍ਰਤੀਕ ਸਨ ੇ ਕਲਗੀ ਜੋ ਸ਼ਾਹੀ ਸ਼ਕਤੀ ਦਾ ਚਿੰਨ੍ਹ ਸੀ, ਅਤਿਅੰਤ ਮਹੱਤਤਾ ਭਰਪੂਰ ਸੀ।[5]

ਇਹ ਕਹਿਣਾ ਉਚਿਤ ਹੈ ਕਿ ਉਹ ਪਹਿਲਾ ਗੁਰੂ ਸੀ ਜਿਸਨੈ ਸੈਨਿਕ ਪ੍ਰਬੰਧ ਕੀਤਾ ਤੇ ਆਪਣੇ ਅਨੁਆਈਆਂ ਨੂੰ ਹਥਿਆਰਬੱਧ ਕੀਤਾ ਤੇ ਤਲਵਾਰਾਂ ਪਹਿਨਣਾ ਸਿਖਾਇਆ ਤੇ ਜੰਗ ਵਿੱਚ ਉਹਨਾਂ ਦੀ ਵਰਤੋਂ ਲਈ ਤਿਆਰ ਕੀਤਾ। ਹਾਲਾਤ ਨੇ ਉਸਨੂੰ ਹਥਿਆਰ ਉਠਾਉਣ ਲਈ ਵੀ ਮਜਬੂਰ ਕੀਤਾ।

ਸ੍ਰੀ ਗੁਰੂ ਹਰਗੋਬਿੰਦ ਨੇ 800 ਵਧੀਆ ਘੋੜੇ ਰੱਖੇ ਸਨ ਤੇ ਬਹੁਤ ਵੱਡੀ ਗਿਣਤੀ ਵਿੱਚ ਸਾਹਸੀ ਜਵਾਨ ਭਰਤੀ ਕਰ ਲਏ ਸਨ ਤੇ ਇੱਕ ਵੱਡੀ ਸੈਨਾ ਤਿਆਰ ਕਰ ਲਈ ਸੀ। ਜਦੋਂ ਸੂਰਬੀਰਾਂ ਦੀ ਗਿਣਤੀ ਕਾਫੀ ਵੱਧ ਗਈ ਤਾਂ ਉਹਨਾਂ ਨੂੰ ਯੋਗ ਤੇ ਸੁਸਿੱਖਿਅਤ ਕਮਾਂਡਰਾਂ ਜਿਵੇਂ ਭਾਈ ਸੰਘਾ, ਭਾਈ ਬਿਧੀ ਚੰਦ, ਭਾਈ ਪਿਰਾਣਾ, ਭਾਈ ਪਿਰਾਗਾ ਤੇ ਭਾਈ ਜੇਠਾ ਦੇ ਅਧੀਨ ਕਰ ਦਿੱਤਾ। ਹਰ ਜੱਥੇਦਾਰ ਅਧੀਨ 100 ਸੈਨਿਕ ਸਨ।

ਭਾਈ ਬਿਧੀ ਚੰਦ ਦੇ ਕਾਰਨਾਮੇ ਸਿੱਖ ਇਤਿਹਾਸ ਦਾ ਸਦੀਵੀ ਅੰਗ ਬਣ ਚੁੱਕੇ ਹਨ। ਉਸਨੇ ਗੁਰੂ ਹਰ ਗੋਬਿੰਦ ਸਾਹਿਬ ਵਲੋਂ ਲੜੀ ਗਈ ਹਰ ਲੜਾਈ ਵਿੱਚ ਉੱਘੀ ਭੂਮਿਕਾ ਨਿਭਾਈ। ਉਹ ਹਰ ਯੁੱਧ ਸਭ ਤੋਂ ਪਹਿਲਾਂ ਤੇ ਸਭ ਤੋਂ ਮੂਹਰੇ ਹੁੰਦਾ ਸੀ।

ਉਸ ਦੇ ਜੰਗਾਂ ਵਿੱਚ ਯੋਗਦਾਨ ਦੀ ਚਰਚਾ ਤੋਂ ਪਹਿਲਾਂ ਸਾਨੂੰ ਉਸਦੇ ਉਹਨਾਂ ਕਾਰਨਾਮਿਆਂ ਤੇ ਝਾਤ ਪਾਉਣ ਦੀ ਲੋੜ ਹੈ, ਜਿਸ ਕਾਰਨ ਉਹ ਸਿੱਖਾਂ ਵਿੱਚ ਵਧੇਰੇ ਉੱਘਾ ਹੋਇਆ ਹੈ। ਮਾਝੇ ਵਿੱਚ ਤਾਂ ਉਹਦੇ ਨਾਮ ਦੀ ਘਰ ਘਰ ਚਰਚਾ ਸੀ ਤੇ ਹੁਣ ਵੀ ਹੈ। ਉਹ ਬੜਾ ਉੱਦਮੀ ਸੀ ਤੇ ਵਾਸਤਵਿਕ ਰੂਪ ਵਿੱਚ ਮਾਝੇ ਦਾ ਰੋਬਿਨਹੁੱਡ ਸੀ।[8]

ਇਹ ਬਿਧੀ ਚੰਦ ਹੀ ਸੀ ਜਿਸਨੇ ਭਾਈ ਜੇਠਾ ਦੇ ਨਾਲ ਮਿਲਕੇ ਚੰਦੂ ਨੂੰ ਫੜਿਆ ਤੇ ਭੰਗੀਆਂ ਦੇ ਹਵਾਲੇ ਕਰ ਦਿੱਤਾ ਜਿਹਨਾਂ ਨੇ ਉਸਨੂੰ ਗਲੀ ਗਲੀ ਭੀਖ ਮੰਗਣ ਲਈ ਲੈ ਜਾਂਦੇ ਸਨ। ਇਹ ਭਾਈ ਬਿਧੀ ਚੰਦ ਹੀ ਸੀ ਜਿਸਨੇ ਪੈਂਦੇ ਖਾਂ ਨਾਲ ਮਿਲ ਕੇ ਬੀਬੀ ਵੀਰੋ ਦੀ ਰੱਖਿਆ ਲਈ ਗਏ ਰੱਖਿਅਕਾਂ ਦੀ ਰੱਖਿਆ ਵੀ ਕੀਤੀ ਤੇ ਮੁਗਲ ਸੈਨਾ ਤੋਂ ਗੁਰੂ ਜੀ ਦੀ ਲੜਕੀ ਨੂੰ ਬਚਾਕੇ ਸੁਰੱਖਿਅਤ ਲੈ ਆਂਦਾ।

ਪ੍ਰੰਤੂ ਉਸਦਾ ਸਭ ਤੋਂ ਵਧੇਰੇ ਉੱਘਾ ਕਾਰਨਾਮਾ ਲਾਹੌਰ ਦੇ ਗਵਰਨਰ ਦੇ ਤਬੇਲੇ ਵਿਚੋਂ ਦਿਲਬਾਗ ਤੇ ਗੁਲਬਾਗ ਦੋ ਘੋੜਿਆਂ ਦੀ ਪੁਨਰ ਪ੍ਰਾਪਤੀ ਸੀ।[19]

ਕਿਹਾ ਜਾਂਦਾ ਹੈ ਕਿ ਬਖਤਮਲ ਤੇ ਤਾਰਾਚੰਦ ਦੋ ਮਸੰਦ ਗੁਰੂ ਜੀ ਵਾਸਤੇ ਦੋ ਘੋੜੇ ਲੈਕੇ ਆ ਰਹੇ ਸਨ ਜੋ ਬਾਦਸ਼ਾਹੀ ਅਧਿਕਾਰੀਆਂ ਨੇ ਜ਼ਬਰਦਸਤੀ ਖੋਹ ਲਏ। ਬਿਧੀ ਚੰਦ ਉਹਨਾਂ 'ਚੋਂ ਪਹਿਲਾਂ ਇਕ ਘੋੜਾ ਘਾਹੀ ਦੇ ਭੇਸ ਵਿੱਚ ਜਾ ਕੇ ਸ਼ਾਹੀ ਤਬੇਲੇ ਵਿੱਚ ਨੌਕਰ ਬਣ ਕੇ, ਮੌਕਾ ਮਿਲਦਿਆਂ ਹੀ ਲੈ ਆਇਆ। ਦੂਸਰੀ ਵਾਰ ਉਹ ਜੋਤਸ਼ੀ ਬਣਕੇ ਤਬੇਲੇ ਦੇ ਮੁਖੀ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਤਬੇਲੇ 'ਚੋਂ ਦੂਸਰਾ ਘੋੜਾ ਲੈ ਉੱਡਿਆ ਤੇ ਇਸ ਤਰ੍ਹਾਂ ਇੱਕ ਤੋਂ ਪਿੱਛੋਂ ਦੂਸਰਾ ਘੋੜਾ ਪ੍ਰਾਪਤ ਕਰਨ ਵਿੱਚ ਸਫਲ ਹੋ ਗਿਆ।

ਬਿਧੀਚੰਦ ਨੇ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਲੜੀ ਗਈ ਹਰ ਜੰਗ ਵਿੱਚ ਹਿੱਸਾ ਲਿਆ।

ਰੁਹੇਲਾ ਪਰਗਣਾ ਬਟਾਲਾ ਵਿੱਚ ਸਤੰਬਰ-ਅਕਤੂਬਰ 1621 ਨੂੰ ਗੁਰੂ ਹਰਿਗੋਬਿੰਦ ਸਾਹਿਬ ਤੇ ਭਗਵਾਨ ਦਾਸ ਘੇਰੜ, ਉਸਦੇ ਪੁੱਤਰ ਰਤਨ ਚੰਦ ਘੇਰੜ, ਚੰਦੂ ਦੇ ਪੁੱਤਰ ਕਰਮਚੰਦ (ਜੋ ਆਪਸ ਵਿੱਚ ਰਿਸ਼ਤੇਦਾਰ ਸੀ) ਨਾਲ ਲੜੀ ਗਈ ਲੜਾਈ ਵਿੱਚ ਬਿਧੀ ਚੰਦ ਨੇ ਉੱਘਾ ਯੋਗਦਾਨ ਪਾਇਆ।[10] ਉੱਥੇ ਦੋ ਵਾਰ ਟੱਕਰ ਹੋਈ। ਪਹਿਲੀ ਮੁੱਠਭੇੜ ਵਿੱਚ ਗੁਰੂ ਜੀ ਦੇ 3 ਅੰਗ-ਰੱਖਿਅਕ ਮਾਰੇ ਗਏ ਸਨ ਤੇ ਦੂਸਰੀ ਵਿੱਚ ਭਾਈ ਨਾਨੂੰ, ਭਾਈ ਮਥਰਾ ਤੇ ਭਾਈ ਪਿਰਾਗਾ ਜਿਹੇ ਉੱਘੇ ਜੋਧੇ ਮਾਰੇ ਗਏ।[11]

ਜਦੋਂ ਭਾਈ ਪਿਰਾਗਾ ਇਮਾਮ ਬਖਸ਼ ਨਾਲ ਭਾਈ ਨਾਨੂੰ ਦੇ ਮਾਰੇ ਜਾਣ ਪਿੱਛੋਂ ਯੁੱਧ ਲੜ ਰਿਹਾ ਸੀ ਤਾਂ ਭਾਈ ਬਿਧੀ ਚੰਦ ਹੀ ਉਹਦੀ ਸਹਾਇਤਾ ਨੂੰ ਅੱਗੇ ਵਧਿਆ। ਉਹ ਬਹਾਦਰੀ ਨਾਲ ਲੜਿਆ, ਜਿਸ ਕਾਰਨ ਮੁਸਲਮਾਨ ਸੈਨਾ ਭੱਜ ਨਿਕਲੀ। ਫਿਰ ਮੁਸਲਮਾਨੀ ਸੈਨਾ ਦੇ ਮੁਖੀ ਅਬਦੁੱਲਾ ਨੇ ਆਪਣੇ ਵੱਡੇ ਪੁੱਤਰ ਨਬੀ ਬਖਸ਼ ਨੂੰ ਅਤੇ ਰਤਨ ਚੰਦ ਤੇ ਕਰਮ ਚੰਦ ਨੂੰ ਮੈਦਾਨ ਵਿੱਚ ਉਤਰਨ ਲਈ ਵੰਗਾਰਿਆ। ਚੰਦੂ ਦੇ ਪੁੱਤਰ ਕਰਮਚੰਦ ਨੇ ਬਿਧੀ ਚੰਦ ਤੇ ਹਮਲਾ ਕੀਤਾ ਕਿਉਂਕਿ ਉਹ ਬਿਧੀ ਨੂੰ ਮਾਰਕੇ ਤੇ ਗੁਰੂ ਜੀ ਨੂੰ ਜਿਉਂਦਿਆਂ ਫੜਕੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। ਉਸਨੇ ਤੀਰਾਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਕ ਤੀਰ ਭਾਈ ਬਿਧੀ ਚੰਦ ਦੇ ਸਰੀਰ ਵਿੱਚ ਜਾ ਖੁਭਿਆ ਪ੍ਰੰਤੂ ਉਸਨੇ ਇਹ ਤੀਰ ਕੱਢ ਕੇ ਕਰਮਚੰਦ ਦੇ ਹੀ ਮਾਰਿਆ ਜੋ ਉਸਦੇ ਘੋੜੇ ਤੇ ਜਾ ਵੱਜਾ।

ਫਿਰ ਅਬਦੁੱਲਾ ਖਾਂ, ਉਸਦਾ ਵੱਡਾ ਪੁੱਤਰ ਨਬੀ ਬਖਸ਼ ਤੇ ਕਰੀਮ ਬਖਸ਼ ਲੜਾਈ ਦੇ ਮੈਦਾਨ ਵਿੱਚ ਕੁੱਦ ਪਏ। ਨਬੀ ਬਕਸ਼ ਨੂੰ ਭਾਈ ਸਕਤੂ ਨੇ ਮਾਰ ਮੁਕਾਇਆ ਤੇ ਮੁਸਲਮਾਨਾਂ ਨੇ ਭਾਈ ਸਕਤੂ ਤੇ ਪਰਸ ਰਾਮ ਨੂੰ ਮਾਰ ਦਿੱਤਾ।

ਫਿਰ ਕਰੀਮ ਬਖਸ਼ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਅੱਗੇ ਵਧਿਆ। ਗੁਰੂ ਜੀ ਨੇ ਭਾਈ ਬਿਧੀਚੰਦ ਨੂੰ ਕਰੀਮ ਬਖਸ਼ ਵਿਰੁੱਧ ਭੇਜਿਆ। ਰਤਨਚੰਦ ਤੇ ਕਰਮਚੰਦ ਕਰੀਮ ਬਖਸ਼ ਦੀ ਸਹਾਇਤਾ ਤੇ ਆ ਗਏ। ਕਰੀਮ ਚੰਦ ਨੇ ਆਪਣਾ ਭਾਲਾ ਸੇਧਿਆ ਜੋ ਉਹਦੇ ਘੋੜੇ ਦੀ ਕਾਠੀ ਤੇ ਲੱਗਿਆ। ਫਿਰ ਤਲਵਾਰਾਂ ਖੜਕ ਪਈਆਂ। ਕਰਮਚੰਦ ਨੇ ਭਾਈ ਬਿਧੀ ਚੰਦ ਦੀ ਤਲਵਾਰ ਦੇ ਦੋ ਟੋਟੇ ਕਰ ਦਿੱਤੇ। ਬਿਦੀ ਚੰਦ ਘੋੜਾ ਭਜਾਕੇ ਇੱਕ ਹੋਰ ਤਲਵਾਰ ਲੈ ਆਇਆ। ਵਾਪਸ ਆਕੇ ਉਸਨੇ ਕਰੀਮ ਬਖਸ਼ ਤੇ ਘਾਤ ਲਾਕੇ ਚੋਟ ਲਾਈ ਤੇ ਉਸਦਾ ਅੰਤ ਕਰ ਦਿੱਤਾ।

ਹੁਣ ਅਬਦੁੱਲਾ ਖਾਂ ਦੋਹਾਂ ਪੁੱਤਰਾਂ ਦੀ ਮੌਤ ਕਾਰਨ ਪਾਗਲ ਹੋਇਆ ਕਰਮਚੰਦ ਤੇ ਰਤਨ ਚੰਦ ਨੂੰ ਨਾਲ ਲੈਕੇ ਗੁਰੂ ਹਰਿਗੋਬਿੰਦ ਸਾਹਿਬ ਵੱਲ ਝਪਟਿਆ, ਪਰ ਗੁਰੂ ਜੀ ਨੇ ਉਸਦਾ ਖਾਤਮਾ ਕਰ ਦਿੱਤਾ। ਮੁਸਲਮਾਨ ਭਾਂਜ ਖਾ ਚੁੱਕੇ ਸਨ। ਹਨੇਰਾ ਹੋਣ ਕਾਰਨ ਭਾਈ ਬਿਧੀ ਚੰਦ ਨੂੰ, ਗੁਰੂ ਜੀ ਨੂੰ ਲੱਭਣ ਵਿੱਚ ਕਾਫੀ ਮੁਸ਼ਕਲ ਪੇਸ਼ ਆਈ। ਗੁਰੂ ਜੀ ਆਪਣੇ ਤੰਬੂ 'ਚ ਚਲੇ ਗਏ ਤੇ ਭਾਈ ਬਿਧੀ ਚੰਦ ਨੇ ਜ਼ਖਮੀਆਂ ਦੀ ਦੇਖਭਾਲ ਕੀਤੀ।[12]

ਭਾਈ ਬਿਧੀ ਚੰਦ ਨੇ ਅੰਮ੍ਰਿਤਸਰ ਦੇ ਯੁੱਧ ਵਿੱਚ ਵੀ ਉੱਘਾ ਯੋਗਦਾਨ ਪਾਇਆ ਜੋ ਕਿ ਭੱਟ ਵਹੀਆਂ ਅਨੁਸਾਰ 1634 ਵਿੱਚ ਲੜੀ ਗਈ ਸੀ।

ਇਹ ਲੜਾਈ ਸ਼ਾਹੀ ਬਾਜ਼ ਕਰਕੇ ਹੋਈ। ਸ਼ਾਹੀ ਬਾਜ਼ ਸ਼ਿਕਾਰ ਮਗਰ ਉੱਡਦਾ ਉੱਡਦਾ ਆਇਆ ਤੇ ਸਿੱਖਾਂ ਨੇ ਆਪਣਾ ਬਾਜ਼ ਮਗਰ ਲਾਕੇ ਸ਼ਾਹੀ ਬਾਜ਼ ਫੜ ਲਿਆ। ਸ਼ਾਹੀ ਸੈਨਿਕ ਆਪਣੇ ਬਾਜ਼ ਦੀ ਭਾਲ ਵਿੱਚ ਆਏ, ਪਰ ਸਿੱਖਾਂ ਨੇ ਬਾਜ਼ ਦੇਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਪਹਿਲਾਂ 7000 ਸੈਨਿਕਾਂ ਨਾਲ ਗੁਲਾਮ ਰਸੂਲ ਨੂੰ ਭਜਿਆ ਤੇ ਮਗਰੋਂ 15000 ਸੈਨਿਕਾਂ ਨਾਲ ਮੁਖਲਿਸ ਖਾਂ ਨੇ ਚੜ੍ਹਾਈ ਕਰ ਦਿੱਤੀ। ਉਹਨਾਂ ਨੇ ਸ਼ਹਿਰ ਲੁੱਟਿਆ ਤੇ ਅੰਮ੍ਰਿਤਸਰ ਵਿੱਚ ਗੁਰੂ ਜੀ ਦੇ ਘਰ ਤੇ ਵੀ ਅਧਿਕਾਰ ਕਰ ਲਿਆ। ਕੁਝ ਸਮੇਂ ਲਈ ਗੁਰੂ ਜੀ ਪਿੱਛੇ ਹਟ ਗਏ।। ਭਾਈ ਬਿਧੀ ਚੰਦ ਤੇ ਪੈਂਦੇ ਖਾਂ ਨੇ ਬੀਬੀ ਵੀਰੋ ਦੀ ਰੱਖਿਆ ਕਰਨ ਲਈ ਤੇ ਲੱਭ ਕੇ ਲਿਆਉਣ ਗਏ ਬਾਬਕ ਤੇ ਭਾਈ ਸਿੰਘਾ ਦੀ ਰੱਖਿਆ ਕਰਕੇ ਲੈ ਆਂਦਾ। ਮੁਖਲਿਸ ਖਾਂ ਦਾ ਇੱਕ ਸਹਾਇਕ ਸਮਸ ਖਾਂ ਮਾਰਿਆ ਗਿਆ ਤੇ ਗੁਰੂ ਜੀ ਦੀ ਤਰਫੋਂ ਭਾਈ ਸਿੰਘਾ ਮਾਰਿਆ ਗਿਆ। ਭਾਈ ਬਿਧੀ ਚੰਦ ਤੇ ਪੈਂਦਾ ਖਾਂ ਭਾਈ ਸਿੰਘਾਂ ਦੇ ਪੁੱਤਰ ਭਾਈ ਜਾਤੀ ਮੱਲ ਨੂੰ ਲੈਕੇ ਗੁਰੂ ਜੀ ਦੀ ਸਹਾਇਤਾ ਲਈ ਦੌੜੇ।

ਸਿੱਖਾਂ ਨੇ ਫਿਰ ਅਲੀਬੇਗ, ਬਹਾਦਰ ਖਾਂ, ਸੱਯਦ ਦੀਦਾਰ ਅਲੀ ਮਿਹਰ ਅਲੀ, ਇਸਮਾਈਲ ਖਾਂ ਆਦਿ ਨੂੰ ਘੇਰਿਆ। ਇਸ ਸਮੇਂ ਭਾਈ ਬਿਧੀ ਚੰਦ ਤੇ ਪੈਦੇ ਖਾਂ ਨੇ ਨੇਂਜ਼ਿਆਂ ਨਾਲ ਘੋੜ ਅਸਵਾਰਾਂ ਨੂੰ ਫੁੰਡ ਕੇ ਘੋੜਿਆਂ ਨੂੰ ਸਵਾਰਾਂ ਤੋਂ ਸੱਖਣੇਂ ਕਰ ਦਿੱਤਾ।

ਲੜਾਈ ਖਤਮ ਹੋ ਗਈ ਤੇ ਸਿੱਖ ਜੇਤੂ ਹੋਏ। ਜਿਹੜੇ ਮੁਸਲਮਾਨ ਅਜੇ ਵੀ ਮੈਦਾਨ ਵਿੱਚ ਡਟੇ ਸਨ ਉਹਨਾਂ ਦਾ ਪੈਂਦੇ ਖਾਂ, ਭਾਈ ਬਿਧੀ ਚੰਦ ਤੇ ਜਾਤੀ ਮਲ ਨੇ ਖਾਤਮਾ ਕਰ ਦਿੱਤਾ। ਇਹ ਸਫਲਤਾ ਪਿੱਛੋਂ ਗੁਰੂ ਜੀ ਝਬਾਲ ਵੱਲ ਚਲੇ ਗਏ ਜਿੱਥੇ ਜਾਕੇ ਉਹਨਾਂ ਬੀਬੀ ਵੀਰੋ ਦੇ ਵਿਆਹ ਦੀ ਰਸਮ ਪੂਰੀ ਕੀਤੀ।

## ਜੰਗ ਲਹਿਰਾ

ਫਿਰ ਗੁਰੂ ਜੀ ਮਾਲਵੇ ਵੱਲ ਚਲੇ ਗਏ। ਉਹਨਾਂ ਨੇ ਭਾਈ ਬਿਧੀ ਚੰਦ ਨੂੰ ਉਹ ਘੋੜੇ ਲੈਣ ਲਈ ਭੇਜਿਆ ਜੋ ਗੁਰੂ ਜੀ ਦੇ ਮਸੰਦ ਲਿਆ ਰਹੇ ਸਨ ਪਰ ਸ਼ਾਹੀ ਫੌਜ ਨੇ ਜ਼ਬਰਦਸਤੀ ਕਰਕੇ ਖੋਹ ਲਏ ਸਨ। ਭਾਈ ਬਿਧੀ ਚੰਦ ਨੇ ਸ਼ਾਹੀ ਤਬੇਲੇ ਦੇ ਨਿਗਰਾਨ ਸੌਂਧੇ ਖਾਂ ਦਾ ਵਿਸ਼ਵਾਸ ਪ੍ਰਾਪਤ ਕਰਕੇ ਪਹਿਲਾਂ ਘਾਹੀ ਦੇ ਭੇਸ ਵਿੱਚ ਤੇ ਦੂਸਰੀ ਵਾਰ ਜੋਤਸ਼ੀ ਬਣ ਕੇ ਵਾਰੋ ਵਾਰੀ ਘੋੜੇ ਗੁਰੂ ਜੀ ਦੀ ਸ਼ਰਨ ਵਿੱਚ ਲੈ ਆਂਦੇ।

ਕੁਦਰਤੀ ਸੀ ਕਿ ਬਾਦਸ਼ਾਹ ਗੁੱਸੇ ਵਿੱਚ ਆਉਂਦਾ। ਉਸਨੇ ਇੱਕ ਭਾਰੀ ਸੈਨਾ ਲੱਲਾ ਬੇਗ ਤੇ ਕਮਰਬੇਗ ਅਧੀਨ ਗੁਰੂ ਜੀ ਵਿਰੁੱਧ ਭੇਜੀ। ਭੱਟਵਹੀਆਂ ਅਨੁਸਾਰ ਇਹ ਲੜਾਈ ਲਹਿਰੇ ਵਿਖੇ ਦਸੰਬਰ 1634 ਵਿੱਚ ਹੋਈ।[14]

ਇਸ ਲੜਾਈ ਵਿੱਚ ਲੱਲਾਬੇਗ ਨੇ ਪਹਿਲਾਂ ਕਰਮ ਬੇਗ ਭੇਜਿਆ। ਉਹ ਮਾਰਿਆ ਗਿਆ ਤਾਂ ਉਸਦਾ ਪੁੱਤਰ ਸਮਸਬੇਗ ਮੈਦਾਨ 'ਚ ਉਤਰਿਆ ਤੇ ਗੁਰੂ ਜੀ ਵੱਲੋਂ ਬਿਧੀਚੰਦ ਨੇ 1500 ਸੈਨਿਕ ਲੈਕੇ ਟਾਕਰਾ ਕੀਤਾ ਤੇ ਲਲਕਾਰਦਿਆਂ ਸ਼ਮਸ ਬੇਗ ਨੂੰ ਕਿਹਾ, "ਓਏ ਮੁੰਡਿਆਂ ਤੈਨੂੰ ਕਿਉਂ ਤੇਰੀ ਮੌਤ ਲੈ ਆਈ ਹੈ ? ਕੀ ਤੈਨੂੰ ਨਹੀਂ ਪਤਾ ਕਿ ਤੇਰਾ ਪਿਉ ਵੀ ਯਮ-ਘਰ ਪਹੁੰਚ ਚੁੱਕਾ ਹੈ ? ਕਿਉਂ ਤੂੰ ਵੀ ਉਸ ਮਗਰ ਜਾਣਾ ਚਾਹੁੰਦਾ ਹੈ? ਤੇਰੀ ਲੜਾਈ ਕਰਨ ਦੀ ਉਮਰ ਨਹੀਂ। ਜਾਹ ਤੇ ਜਾਕੇ ਮਾਂ ਦੀ ਬੁੱਕਲ 'ਚ ਲੁਕ ਜਾ।' ਸ਼ਮਸ ਬੇਗ ਨੇ ਗੁੱਸੇ ਨਾਲ ਮੋੜਵਾਂ ਉੱਤਰ ਦਿੰਦਿਆਂ ਕਿਹਾ, "ਜੇ ਮੈਂ ਮਾਰਿਆ ਗਿਆ ਤਾਂ ਆਪਣੇ ਪਿਤਾ ਦੇ ਵੈਰੀ ਨੂੰ ਵੀ ਨਾਲ ਹੀ ਲੈ ਕੇ ਜਾਵਾਂਗਾ।' ਬਸ ਫਿਰ ਤੀਰਾਂ ਤੇ ਤਲਵਾਰਾਂ ਦੀ ਵਰਤੋਂ ਸ਼ੁਰੂ ਹੋ ਗਈ। ਬਿਧੀ ਚੰਦ ਦੇ ਬਾਹੂਬਲ ਤੇ ਸ਼ਸਤਰਾਂ ਨਾਲ ਬਹੁਤ ਸਾਰੇ ਤੁਰਕ ਬੇਵਕਤੀ ਮੌਤ ਮਾਰੇ ਗਏ। ਭਾਵੇਂ ਉਹਨਾਂ 'ਚੋਂ ਕੁਝ ਖ਼ੂਬ ਲੜੇ, ਪ੍ਰੰਤੂ ਉਹ ਬਿਧੀ ਚੰਦ ਤੇ ਉਹਦੇ ਸੈਨਿਕਾਂ ਦੀ ਸ੍ਰੇਸ਼ਟ ਯੁੱਧ ਕਲਾ ਤੇ ਬੀਰਤਾ ਅੱਗੇ ਹਾਰ ਗਏ।

ਫਿਰ ਬਿਧੀ ਚੰਦ ਤੇ ਸ਼ਮਸ ਬੇਗ ਇਕੱਲੇ ਇਕੱਲੇ ਮੁਕਾਬਲੇ ਤੇ ਆ ਗਏ। ਬਿਧੀ ਚੰਦ ਨੇ ਆਪਣੇ ਵਿਰੋਧੀ ਦੇ ਘਸੁੰਨ ਮਾਰਿਆ ਜਿਸ ਨਾਲ ਉਹ ਲੜਖੜਾਕੇ ਧਰਤੀ ਤੇ ਡਿੱਗ ਪਿਆ। ਫਿਰ ਉਸਨੇ ਉਹਦੀ ਇੱਕ ਲੱਤ ਤੇ ਲੱਤ ਰੱਖੀ ਤੇ ਦੂਸਰੀ ਲੱਤ ਨੂੰ ਫੜਕੇ ਸਰੀਰ ਪਾੜ ਕੇ ਲੰਗਾਰ ਕਰ ਦਿੱਤਾ।[15]

ਫਿਰ ਲੱਲਾ ਬੇਗ ਅੱਗੇ ਵਧਿਆ। ਉਸਨੇ ਭਾਈ ਜੇਠਾ ਨੂੰ ਮਾਰਕੇ ਗੁਰੂ ਜੀ ਤੇ ਹਮਲਾ ਕਰ ਦਿੱਤਾ, ਜਿਸਨੂੰ ਗੁਰੂ ਜੀ ਨੇ ਮੌਤ ਦੇ ਘਾਟ ਉਤਾਰ ਦਿੱਤਾ। ਲੱਲਾ ਬੇਗ ਦੀ ਭੈਣ ਦੀ ਲੜਕੀ ਦੇ ਪੁੱਤਰ ਕਾਬਲੀ ਬੇਗ ਨੇ ਵੀ ਗੁਰੂ ਜੀ ਤੇ ਹਮਲਾ ਕਰ ਦਿੱਤਾ। ਬਿਧੀ ਚੰਦ, ਰਾਏ ਜੋਧ ਤੇ ਜਾਤੀ ਮੱਲ ਬਹਾਦਰੀ ਨਾਲ ਕਾਬਲੀ ਬੇਗ ਨਾਲ ਲੜੇ ਤੇ ਉਸਨੂੰ ਯਮ ਕੋਲ ਭੇਜਣ ਵਿੱਚ ਗੁਰੂ ਜੀ ਦੀ ਸਹਾਇਤਾ ਕੀਤੀ। ਇਸ ਤਰ੍ਹਾਂ ਗੁਰੂ ਜੀ ਲਹਿਰਾ ਦੀ ਜੰਗ ਵਿੱਚ ਜੇਤੂ ਰਹੇ।

## ਕਰਤਾਰਪੁਰ ਦਾ ਯੁੱਧ :

ਇਹ ਯੁੱਧ ਪੈਂਦੇ ਖਾਂ ਤੇ ਗੁਰੂ ਹੋਰਿ ਗੋਬਿੰਦ ਵਿਚਕਾਰ ਲੜਿਆ ਗਿਆ ਸੀ। ਪੈਂਦੇ ਖਾਂ ਨੇ ਬਾਦਸ਼ਾਹ ਕੋਲੋਂ ਸਹਾਇਤਾ ਮੰਗੀ ਤੇ ਉਸਨੇ ਕਾਲੇ ਖਾਂ, ਅਨਵਰ ਖਾਂ, ਕੁਤਬ ਖਾਂ ਨੂੰ ਪੈਂਦੇ ਖਾਂ ਤੇ ਉਹਦੇ ਜੁਆਈ ਉਸਮਾਨ ਖਾਂ ਦੀ ਸਹਾਇਤਾ ਲਈ ਭੇਜਿਆ। ਗੁਰੂ ਜੀ ਨੇ ਬਿਧੀ ਚੰਦ, ਜਾਤੀ ਮੱਲ, ਲੱਖੂ ਤੇ ਰਾਏ ਜੋਧ ਨੂੰ ਕਰਤਾਰ ਪੁਰ ਦੀ ਚਹੁੰ ਪਾਸਿਆਂ ਤੋਂ ਸਫਾਬੰਦੀ ਕਰਨ ਤੇ ਨਿਯੁਕਤ ਕਰ ਦਿੱਤਾ। ਪਠਾਣ ਬਹਾਦਰ ਸਿੱਖਾਂ ਵਿਰੁੱਧ ਕਮਜ਼ੋਰ ਪੈ ਗਏ। ਬਿਧੀ ਚੰਦ ਪਹਿਲਾਂ ਵਾਂਗ ਹੀ ਬੀਰਤਾ ਤੇ ਤੀਰ ਅੰਦਾਜ਼ੀ ਦੇ ਜੌਹਰ ਵਿਖਾਉਂਦਾ ਰਿਹਾ ਜੋ ਉਸਨੇ ਘਟਨਾਵਾਂ ਭਰਪੂਰ ਜ਼ਿੰਦਗੀ ਵਿੱਚ ਲੜੇ ਗਏ ਯੁੱਧਾਂ ਵਿੱਚ ਪ੍ਰਾਪਤ ਕੀਤੇ ਸਨ। ਬਿਧੀ ਚੰਦ ਨੇ ਇਕ ਤੀਰ ਅਨਵਰ ਖਾਂ ਦੇ ਛੱਡਿਆ ਜੋ ਉਸਦੇ ਭਰਵੱਟਿਆਂ ਨੂੰ ਜਾ

ਲੱਗਿਆ। ਉਹ ਆਪ ਧਰਤੀ ਤੇ ਇੰਜ ਡਿੱਗਾ ਜਿਵੇਂ ਉਹ ਗੁਰੂ ਜੀ ਨੂੰ ਨਮਸਕਾਰ ਕਰ ਰਿਹਾ ਹੋਵੇ। ਪਠਾਨ ਦੌੜ ਗਏ ਤੇ ਗੁਰੂ ਜੀ ਨੇ ਕਾਲੇ ਖਾਂ, ਕੁਤਬ ਖਾਂ ਤੇ ਪੈਂਦੇ ਖਾਂ ਨੂੰ ਮਾਰ ਮੁਕਾਇਆ।

ਇਸ ਪਿੱਛੋਂ ਮੁਸਲਮਾਨ ਸੈਨਾਂ ਤੇ ਆਗੂ ਪਿੱਛੇ ਹਟ ਗਏ ਜਿਵੇਂ ਪੱਛਮ ਦੀ ਹਵਾ ਅੱਗੇ ਬੱਦਲ ਨਹੀਂ ਠਹਿਰਦੇ। ਬਿਧੀ ਚੰਦ ਤੇ ਜਾਤੀ ਮੱਲ ਨੇ ਗੁਰੂ ਜੀ ਦੀ ਜਿੱਤ ਦੇ ਜੈਕਾਰੇ ਗੁੰਜਾ ਦਿੱਤੇ। ਇਹ ਯੁੱਧ ਹਾੜ ਦੀ ਚੌਵੀ ਤਾਰੀਖ ਸੰਮਤ 1691 (1634 ਈ.) ਨੂੰ ਸਮਾਪਤ ਹੋਇਆ।[16]

ਇੱਕ ਬਹਾਦਰ ਯੋਧਾ ਹੋਣ ਦੇ ਨਾਲ ਨਾਲ ਬਿਧੀ ਚੰਦ ਸਿੱਖ ਸਿਧਾਂਤਾਂ ਤੇ ਧਰਮ ਸ਼ਾਸਤਰਾਂ ਦਾ ਅਨੁਭਵੀ ਗਿਆਨੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਉਸਨੂੰ ਪੂਰਬ ਵੱਲ ਧਰਮ ਪ੍ਰਚਾਰ ਲਈ ਭੇਜਿਆ ਜਿੱਥੇ ਉਹ ਇੱਕ ਮੁਸਲਮਾਨ ਦਰਵੇਸ਼ ਸੁੰਦਰ ਸ਼ਾਹ ਕੋਲ ਦੇਵਨਗਰ ਕੁਝ ਸਮਾਂ ਰਿਹਾ। ਥੋੜ੍ਹੇ ਸਮੇਂ ਪਿੱਛੋਂ ਬਿਧੀ ਚੰਦ ਪੰਜਾਬ ਮੁੜ ਆਇਆ। ਪ੍ਰੰਤੂ ਮੁਸਲਮਾਨ ਦਰਵੇਸ਼ ਨੇ ਭਾਈ ਬਿਧੀ ਚੰਦ ਤੋਂ ਇਹ ਪ੍ਰਣ ਲੈ ਲਿਆ ਕਿ ਉਹ ਆਪਣੇ ਅੰਤਲੇ ਦਿਨ ਉਸ ਕੋਲ ਆ ਕੇ ਹੀ ਬਤੀਤ ਕਰੇਗਾ। ਜਦੋਂ ਉਸ ਦਾ ਅੰਤ ਸਮਾਂ ਨੇੜੇ ਆਇਆ ਤਾਂ ਭਾਈ ਬਿਧੀ ਚੰਦ ਦੇਵਨਗਰ ਪਹੁੰਚਿਆ ਤੇ ਫਿਰ ਦੋਵੇਂ ਤਿੰਨ ਦਿਨ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਤੇ ਵਿਚਾਰ ਕਰਦੇ ਰਹੇ। ਦੋਵੇਂ ਹੀ ਇਕੱਠੇ 4 ਅਗਸਤ, 1640 ਨੂੰ ਪਰਲੋਕ ਸਿਧਾਰ ਗਏ। ਕੁਝ ਸਮੇਂ ਪਿੱਛੋਂ, ਭਾਈ ਬਿਧੀ ਚੰਦ ਦਾ ਭਤੀਜਾ, ਭਾਈ ਲਾਲ ਚੰਦ ਦੇਵਨਗਰ ਉਸਦੀ ਸਮਾਧ ਵਾਲੇ ਅਸਥਾਨ ਤੋਂ ਮਿੱਟੀ ਲੈ ਆਇਆ ਤੇ ਉਸਦੇ ਜੱਦੀ ਪਿੰਡ ਸੁਰ ਸਿੰਘ ਆਕੇ ਸਮਾਧ ਬਣਵਾਈ।[17]

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, 1974, ਪੰ: 670
2. ਮੈਕਸ ਆਰਥਰ ਮੈਕਾਲਿਫ, ਸਿੱਖ ਧਰਮ, ਜਿਲਦ 4, ਪੰ: 154
3. ਉਹੀ ਪੰ: 54 ਤੇ ਉਹ ਭਾਈ ਸੰਤੋਖ ਸਿੰਘ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਹਵਾਲਾ ਦਿੰਦਾ ਹੈ।
4. ਸੰਗਤ ਸਿੰਘ, ਸਿੱਖਸ ਇਨ ਹਿਸਟਰੀ, ਸਿੰਘ ਬ੍ਰਦਰਜ਼, 2000, ਪੰ: 43 ਤੇ ਗ਼ਲਤੀ ਨਾਲ ਲਿਖਦਾ ਹੈ ਕਿ ਉਸਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਧਰਮ ਵਿੱਚ ਲਿਆਂਦਾ। ਉਹ ਇਸ ਪੱਖੋਂ ਵੀ ਗ਼ਲਤੀ ਕਰਦਾ ਹੈ ਕਿ ਉਹ ਮਾਲਵੇ ਦਾ ਲੁਟੇਰਾ ਸੀ, ਜਦੋਂ ਕਿ ਉਸਦਾ ਸੰਬੰਧ ਮਾਝੇ ਨਾਲ ਸੀ।
5. ਉਹੀ, ਪੰ: 37
6. ਸਯੱਦ ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਯੂਰੇਸ਼ੀਆ ਪਬਲਿਸ਼ੰਗ ਹਾਊਸ, ਨਵੀਂ ਦਿੱਲੀ, 1964, ਪੰ: 255
7. M.A. Macaulffe, The Sikh Religion, P-4

8. ਸੰਗਤ ਸਿੰਘ, ਇਤਿਹਾਸ ਵਿੱਚ ਸਿੱਖ, ਪੰ: 43 ਤੇ ਉਸਨੂੰ ਮਾਲਵੇ ਦਾ ਰੋਬਿਨਹੁੱਡ ਕਹਿੰਦਾ ਹੈ ਜੋ ਠੀਕ ਨਹੀਂ ਹੈ।
9. ਹਰਬੰਸ ਸਿੰਘ (ਸੰ:) ਦਾ ਇਨਸਾਈਕਲੋਪੀਡੀਆ ਆਫ ਸਿੱਖਜ਼ਿੰਮ ਜਿਲਦ-I, ਪੰ: 368 (ਡਾ. ਭਗਤ ਸਿੰਘ ਦਾ ਇੰਦਰਾਜ)
10. ਭੱਟ ਵਹੀਆਂ ਵਿੱਚ ਲੜਾਈ ਦਾ ਸਾਲ 1621 ਦਿੱਤਾ ਹੋਇਆ ਹੈ ਜਦੋਂ ਕਿ ਮੈਕਾਲਿਫ ਨੇ ਸਿੱਖ ਧਰਮ ਦੇ ਪੰਨਾ 109 ਤੇ ਲਿਖਿਆ ਹੈ ਕਿ ਲੜਾਈ ਅੰਮ੍ਰਿਤਸਰ ਦੇ ਯੁੱਧ ਪਿੱਛੋਂ ਲੜੀ ਗਈ ਜੋ ਕਿ 1628 ਵਿੱਚ ਹੋਈ ਸੀ। ਡਾ. ਗੰਡਾ ਸਿੰਘ ਅਨੁਸਾਰ ਰੁਹੇਲਾ ਦੀ ਲੜਾਈ (ਸਿੱਖ ਇਤਿਹਾਸ, ਪੰ: 42) 1630 ਈ: ਵਿੱਚ ਲੜੀ ਗਈ।
11. ਪਦਮ, ਪਿਆਰਾ ਸਿੰਘ ਤੇ ਗਰਜਾ ਸਿੰਘ, ਭੱਟ ਵਹੀਆਂ, ਪੰ: 28-29
12. ਮੈਕਾਲਿਫ, ਦੀ ਸਿੱਖ ਰਿਲੀਜ਼ਨ, ਪੰ: 113-114
13. ਗੰਡਾ ਸਿੰਘ, ਸਿੱਖ ਇਤਿਹਾਸ, ਪੰ: 42, ਐਮ.ਏ. ਮੈਕਾਲਿਫ, ਦੀ ਸਿੱਖ ਰਿਲੀਜ਼ਨ, ਪੰ: 93 ਤੇ ਡਾ. ਗੋਪਾਲ ਸਿੰਘ, ਹਿਸਟਰੀ ਆਫ ਦੀ ਸਿੱਖ ਪੀਓਪਲ, ਪੰ: 224 ਤੇ ਲੜਾਈ 1628 ਨੂੰ ਹੋਈ ਮੰਨਦੇ ਹਨ ਪਰ ਸੰਗਤ ਸਿੰਘ, ਸਿੱਖਸ ਇਨ ਹਿਸਟਰੀ, ਪੰ: 44 ਉੱਪਰ ਭੱਟ ਵਹੀਆਂ ਦੀ ਤਾਰੀਖ ਦੀ ਪ੍ਰੋੜਤਾ ਕਰਦਾ ਹੈ।
14. ਭੱਟਵਹੀਆਂ, ਅਨੁਸਾਰ ਇਹ ਯੁੱਧ 1634 ਵਿੱਚ ਲੜਿਆ ਗਿਆ। ਇਹੋ ਵਿਚਾਰ ਸੰਗਤ ਸਿੰਘ ਨੇ "ਇਤਿਹਾਸ ਵਿੱਚ ਸਿੱਖ ਪੰ: 42 ਤੇ ਦਿੱਤਾ ਹੈ। ਪ੍ਰੰਤੂ ਡਾ. ਗੰਡਾ ਸਿੰਘ, ਸਿੱਖ ਇਤਿਹਾਸ, ਪੰ: 43, ਮੈਕਾਲਿਫ, ਸਿੱਖ ਧਰਮ, ਪੰ: 16,
ਡਾ. ਜੀ. ਐਸ. ਛਾਬੜਾ ਵਿਸਤਰਤ ਇਤਿਹਾਸ ਪੰਜਾਬ, ਪੰ: 218 ਕੇ.ਐਸ ਨਾਰੰਗ ਤੇ ਹਰੀ ਰਾਮ ਗੁਪਤਾ, ਪੰਜਾਬ ਦਾ ਇਤਿਹਾਸ ਪੰ: 116, ਡਾ. ਗੋਪਾਲ ਸਿੰਘ, ਹਿਸਟਰੀ ਆਫ ਸਿੱਖ ਪੀਓਪਲ ਪੰ: 229 ਤੇ ਲਹਿਰੇ ਦੀ ਲੜਾਈ 16 ਮੱਘਰ 1688 (16ਵੀਂ ਈ.) ਨੂੰ ਲੜੀ ਗਈ ਮੰਨਦੇ ਹਨ।
15. ਮੈਕਾਲਿਫ, ਸਿੱਖ ਰਿਲੀਜਨ, ਪੰ: 183
16. ਉਹੀ, ਪੰ: 212 ਪਰ ਭੱਟ ਵਹੀਆਂ ਇਹ ਮਿਤੀ ਅਪ੍ਰੈਲ 28, 1635 ਦਿੰਦੀਆਂ ਹਨ। ਸੰਗਤ ਸਿੰਘ ਨੇ ਵੀ "ਇਤਿਹਾਸ ਵਿੱਚ ਸਿੱਖ" ਪੰ: 45 ਤੇ ਇਹੋ ਹਵਾਲਾ ਦਿੱਤਾ ਹੈ।
17. ਹਰਬੰਸ ਸਿੰਘ (ਸੰ:) ਇਨਸਾਈਕਲੋਪੀਡੀਆ ਆਫ ਸਿੱਖਜ਼ੱਮ, ਪੰ: 365

# ਸ੍ਰੀ ਗੁਰੂ ਗੋਬਿੰਦ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਦੀ ਜੀਵਨ-ਗਾਥਾ ਦਾ ਅਸਲੀ ਮਹੱਤਵ ਸਮਝਣ ਲਈ ਬੜੀ ਡੂੰਘੀ ਨੀਝ ਦੀ ਜ਼ਰੂਰਤ ਹੈ। ਉਹ ਰਾਣਾ ਪ੍ਰਤਾਪ ਤੇ ਸ਼ਿਵਾ ਜੀ ਮਰਹੱਟਾ ਵਰਗੇ ਇਤਿਹਾਸਿਕ ਨਾਇਕਾਂ ਵਾਂਗ ਆਤਮ ਸਨਮਾਨ, ਅਸੀਮ ਹੌਸਲੇ ਦਾ ਚਾਨਣ-ਮੁਨਾਰਾ ਤਾਂ ਸੀ ਹੀ ਪਰ ਉਹ ਸਭ ਕੁਝ ਦੇਸ਼ ਦੀ ਅਣਖ ਲਈ ਕੁਰਬਾਨ ਕਰ ਦੇਣ ਵਾਲਾ ਪਰਸੁਆਰਥੀ ਯੋਧਾ ਵੀ ਸੀ। ਉਹਨਾਂ ਦੀ ਸਭ ਤੋਂ ਵੱਡੀ ਦੇਣ ਤਾਂ ਮਰ ਰਹੀ ਭਾਰਤੀ ਕੌਮ ਨੂੰ ਪੁਰਾਣੀਆਂ ਥੋਥੀਆਂ ਰਹੁ-ਰੀਤਾਂ ਤੋਂ ਮੁਕਤੀ ਦੁਆ ਕੇ, ਮੁਸਲਮਾਨੀ ਰਾਜ ਦੇ ਜਬਰ ਤੋਂ ਆਜ਼ਾਦ ਕਰਵਾ ਕੇ ਨਵੀਂ ਸੁਤੰਤਰ ਜ਼ਿੰਦਗੀ ਵਿੱਚ ਸਾਹ ਲੈਣ ਦੇ ਸੁਪਨੇ ਲੈਣ ਦੇ ਸਮਰੱਥ ਬਣਾਉਣਾ ਸੀ। ਉਹਨਾਂ ਦੀ ਟੱਕਰ ਇਸਲਾਮੀ ਕੱਟੜਵਾਦ ਨਾਲ ਵੀ ਸੀ ਤੇ ਜ਼ਾਤ-ਪਾਤ ਦੀਆਂ ਬੇੜੀਆਂ 'ਚ ਜਕੜੇ ਹਿੰਦੂਆਂ ਤੇ ਰਾਜਪੂਤਾਂ ਨਾਲ ਵੀ ਸੀ। ਜਿਹੜਾ ਕਾਰਜ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵਿੱਚ ਆਰੰਭ ਕੀਤਾ ਗਿਆ ਸੀ, ਉਹ ਕਾਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਫ਼ਲਤਾ ਦੇ ਨੇੜੇ ਲੈ ਆਂਦਾ ਸੀ। ਉਹ ਮਨੁੱਖੀ ਪ੍ਰਤਿਭਾ ਦਾ ਸੂਰਜ ਸਨ, ਆਤਮ ਵਿਸ਼ਵਾਸ ਦਾ ਪਰਬਤ ਤੇ ਗਿਆਨ ਦਾ ਸਾਗਰ। ਉਹਨਾਂ ਨੇ ਨਵੀਂ ਕੌਮ ਦੀ ਸਿਰਜਣਾ ਕੀਤੀ ਜਿਸ ਨੇ ਸਦਾ ਚੜ੍ਹਦੀ ਕਲਾ ਵਿੱਚ ਰਹਿਣਾ ਸੀ ਤੇ ਸਦਾ ਸਰਬੱਤ ਦਾ ਭਲਾ ਮੰਗਣਾ ਸੀ।

ਉਹ ਗੁਰੂ ਵੀ ਸੀ, ਸੰਤ ਵੀ ਸੀ, ਸਿਪਾਹੀ ਵੀ ਸੀ, ਕੌਮ ਦਾ ਉਸਰੱਈਆ ਵੀ; ਜ਼ਾਲਮਾਂ ਲਈ ਉਹ ਕਾਲ ਸੀ ਤੇ ਭਲੇ ਪੁਰਸ਼ਾਂ ਲਈ ਆਪਾ ਵਾਰ ਦੇਣ ਵਾਲਾ ਪਰਉਪਕਾਰੀ। ਉਹਨਾਂ ਦੇ ਕਾਰਜਾਂ ਦੀ ਰੂਪ-ਰੇਖਾ ਸਮਝ ਲੈਣਾ ਹੀ ਭਾਰਤੀ ਇਤਿਹਾਸ ਦੀ ਆਤਮਾ ਨੂੰ ਪਛਾਣ ਲੈਣ ਦੇ ਬਰਾਬਰ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲੇ ਰਾਸ਼ਟਰਵਾਦੀ ਨੇਤਾ ਤੇ ਅਨੁਪਮ ਸੈਨਿਕ ਅਤੇ ਅਜਿਹੇ ਜਰਨੈਲ ਸਨ ਜਿਨ੍ਹਾਂ ਦੇ ਤੁੱਲ ਕੋਈ ਹੋਰ ਨਹੀਂ ਸੀ। ਜਿਹੜਾ ਪ੍ਰਣ ਉਹਨਾਂ ਨੇ ਆਪ ਲਿਆ ਤੇ ਪਾਹੁਲ ਛਕਾਉਂਦਿਆਂ ਪੈਰੋਕਾਰਾਂ ਨੂੰ ਲੈਣ ਲਈ ਕਿਹਾ, ਉਹ ਉਹਨਾਂ ਦੇ ਸ਼ਸਤਰ ਪ੍ਰੇਮ ਤੇ ਦੇਸ਼ ਪ੍ਰੇਮ ਦਾ ਸਦੀਵੀ ਤੇ ਅਟੱਲ ਪ੍ਰਮਾਣ ਹੈ। ਉਹ ਪ੍ਰਣ ਤੇ ਸੌਗੰਧ ਇਸ ਤਰ੍ਹਾਂ ਹੈ :

ਦੇਹ ਸ਼ਿਵਾ ਬਰੁ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋ ਅਰਿ ਸੋਂ ਜਬ ਜਾਇ ਲਰੋ, ਨਿਸਚੈ ਕਰ ਅਪਨੀ ਜੀਤ ਕਰੋਂ।
ਅਰੁ ਸਿੱਖ ਹੋਂ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋਂ।[1]

ਉਨ੍ਹਾਂ ਦੇ ਦਰਬਾਰੀ ਤੇ ਸਮਕਾਲੀ ਕਵੀ ਭਾਈ ਗੁਰਦਾਸ ਦੂਸਰੇ ਨੇ ਆਪਣੀ ਇੱਕੋ ਇੱਕ ਰਚਨਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਵਿਲੱਖਣਤਾ ਪ੍ਰਗਟ ਕੀਤੀ ਹੈ। ਇਸ ਰਚਨਾ ਦੀਆਂ 28 ਪੌੜੀਆਂ 'ਚੋਂ 20 ਪੌੜੀਆਂ ਗੁਰੂ ਜੀ ਦੇ ਦਿਲ ਦਿਮਾਗ਼ ਦੀ ਉਪਮਾ ਵਿੱਚ ਹੀ ਕਹੀਆਂ ਗਈਆਂ ਹਨ। ਇਹ ਸਾਰੀ ਵਾਰ ਹੀ ਗੁਰੂ ਸਾਹਿਬ ਦੀ ਉਸਤਤੀ ਹੈ। ਉਸਨੂੰ ਸੱਚਾਈ ਦਾ ਰੱਖਿਅਕ ਤੇ ਬੁਰਾਈ ਦਾ ਨਾਸ਼ ਕਰਨ ਵਾਲਾ ਪਰਵਾਨ ਕੀਤਾ ਗਿਆ ਹੈ। ਉਸ ਨੂੰ ਇੱਕ ਸੂਰਬੀਰ ਕਿਹਾ ਗਿਆ ਹੈ ਜਿਸਨੇ ਹਿੰਦੂਆਂ ਦੀ ਰੱਖਿਆ ਕੀਤੀ ਤੇ ਜ਼ਾਲਮ ਹਾਕਮਾਂ ਦਾ ਵਿਨਾਸ਼ ਕੀਤਾ। ਉਸਦੀ ਤਲਵਾਰ ਹੀ ਨਿਆਂ ਕਰਤਾ ਹੈ ਤੇ ਕਾਲਿਕਾ ਦੀ ਪ੍ਰਤੀਕ ਹੈ ਜੋ ਪ੍ਰਮਾਤਮਾ ਦੀ ਸ਼ਕਤੀ ਹੈ। ਭਾਈ ਗੁਰਦਾਸ ਦੇ ਸ਼ਬਦਾਂ ਵਿੱਚ ਉਹ ਇੱਕ "ਵਰਿਆਮ' ਸੀ ਜਿਸਨੇ ਤਲਵਾਰ ਹੱਥ 'ਚ ਲੈਕੇ ਪਾਪੀਆਂ ਦਾ ਨਾਸ਼ ਕੀਤਾ।[2] ਉਸ ਦਾ ਕੋਈ ਸਾਨੀ ਨਹੀਂ ਸੀ। ਉਸਨੇ ਗਰੀਬਾਂ ਤੇ ਕਮਜ਼ੋਰਾਂ ਦੀ ਰਖਿਆ ਲਈ ਖਾਲਸਾ ਸਾਜਿਆ। ਉਹ ਆਪ ਹੀ ਗੁਰੂ ਤੇ ਆਪ ਹੀ ਚੇਲਾ ਸੀ।

ਸਿਮਰਿ ਮਨਾਈ ਕਾਲਕਾ ਖੰਡੇ ਕੀ ਬੇਲਾ।
ਸੰਗਤਿ ਦੀਨੀ ਖਾਲਸਾ ਮਨਮੁਖੀ ਦੁਹੇਲਾ।
ਵਹੁ ਪ੍ਰਗਟਿਓ ਮਰਦ ਅਗੰਮੜਾ ਵਰੀਅਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।[3]

ਨਿਰਸੰਦੇਹ, ਗੁਰੂ ਜੀ ਬਹੁ-ਪੱਖੀ ਪ੍ਰਤਿਭਾ ਸਨ, ਪ੍ਰੰਤੂ ਇਤਿਹਾਸਕ ਬਿਰਤਾਂਤਾ ਵਿੱਚ ਉਹਨਾਂ ਦੀ ਇੱਕ ਯੋਧੇ ਵਜੋਂ ਪ੍ਰਮੁੱਖ ਥਾਂ ਹੈ। ਉਹਨਾਂ ਨੇ ਕੇਵਲ ਮੁਗਲ ਸਾਮਰਾਜ ਨੂੰ ਆਪਣੀ ਤੇਗ ਨਾਲ ਵੰਗਾਰਿਆ ਹੀ ਨਹੀਂ ਸੀ ਸਗੋਂ ਇਸਦੀ ਵਰਤੋਂ ਨੂੰ ਜਾਇਜ਼ ਵੀ ਠਹਿਰਾਇਆ ਸੀ। ਉਹਨਾਂ ਨੇ ਔਰੰਗਜ਼ੇਬ ਨੂੰ ਜ਼ਫਰਨਾਮੇ ਵਿੱਚ ਲਿਖਿਆ ਹੈ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ।
ਹਲਾਲ ਅਸਤ ਬਰੁਦਨ ਬਾ ਸ਼ਮਸ਼ੀਰ ਦਸਤ।
(ਜਦੋਂ ਧਿਰ ਉਪਾਵਾਂ ਦੀ ਹੈ ਹਾਰਦੀ।
ਉਦੋਂ ਜਾਇਜ਼ ਹੈ ਵਰਤੋਂ ਤਲਵਾਰ ਦੀ।)

ਆਨੰਦਪੁਰ ਵਿੱਚ ਜਦੋਂ 3 ਮਾਰਚ, 1699 ਨੂੰ ਉਹਨਾਂ ਨੇ ਸਿੱਖਾਂ ਨੂੰ 'ਖੰਡੇ ਦੀ ਪਾਹੁਲ' ਛਕਾਈ ਤਾਂ ਉਹਨਾਂ ਨੇ ਆਪਣਾ ਉਦੇਸ਼ ਸਪਸ਼ਟ ਕਰਦਿਆਂ ਕਿਹਾ : "ਜੋ ਮੇਰੀ ਮਰਿਆਦਾ ਅਨੁਸਾਰ 'ਖੰਡੇ ਦੀ ਪਾਹੁਲ' ਲੈਂਦੇ ਹਨ, ਉਹ ਸ਼ਸਤਰ ਪਹਿਨਣ ਤੇ ਆਪਣੇ ਸਾਧਨਾਂ ਅਨੁਸਾਰ ਨਿਰਬਾਹ ਕਰਨ। ਉਹ ਰਣ ਖੇਤਰ ਵਿੱਚ ਆਪਣੇ ਮਾਲਕ ਦੇ ਵਫਾਦਾਰ ਰਹਿਣ ਤੇ ਦੁਸ਼ਮਣ ਵੱਲ ਪਿੱਠ ਕਰਕੇ ਨਾ ਨੱਠ ਜਾਣ। ਉਹ ਵੈਰੀ ਨਾਲ ਟੱਕਰ ਲੈਕੇ ਉਸਨੂੰ ਪਛਾੜ ਦੇਣ; ਇਸ ਤਰ੍ਹਾਂ ਉਹ ਦੋਹੀਂ ਜਹਾਨੀ, ਲੋਕ-ਪਰਲੋਕ 'ਚ ਸੁਖੀ ਰਹਿਣਗੇ। ਜੋ ਰਣਖੇਤਰ 'ਚੋਂ ਭਗੌੜਾ ਹੋਵੇਗਾ, ਉਸ ਦੀ ਇਸ ਸੰਸਾਰ ਵਿੱਚ ਬੇਇਜ਼ਤੀ ਹੋਵੇਗੀ ਤੇ ਮੌਤ ਉਪਰੰਤ ਵੀ ਉਹ ਕਾਇਰਤਾ ਕਾਰਨ ਦੰਡਿਆ ਜਾਵੇਗਾ ਤੇ ਉਸਨੂੰ ਕਿਤੇ ਵੀ ਖੁਸ਼ੀ ਨਹੀਂ ਪ੍ਰਾਪਤ ਹੋਵੇਗੀ।

ਆਨੰਦਪੁਰ ਵਿੱਚ ਖੰਡੇ ਦੀ ਪਾਹੁਲ ਛਕਾਉਂਦਿਆਂ ਉਹਨਾਂ ਨੇ ਕਿਹਾ : ਚਿੜੀਓਂ ਸੇ ਮੈਂ ਬਾਜ ਤੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ ਤੇ ਫਿਰ ਕਿਹਾ "ਸਵਾ ਲਾਖ ਸੇ ਏਕ ਲੜਾਊਂ॥ ਚੜ੍ਹੇ ਸਿੰਘ ਤਿਸ ਮੁਕਤ ਕਰਾਊਂ॥"[6]

ਕਨਿੰਘਮ ਨੇ ਠੀਕ ਹੀ ਕਿਹਾ ਹੈ ਕਿ "ਗੋਬਿੰਦ ਨੇ ਇਕ ਜਿੱਤ ਪ੍ਰਾਪਤ ਕਰ ਲਈ ਸੀ, ਉਹ ਆਪਣੇ ਪੈਰੋਕਾਰਾਂ ਦੀਆਂ ਭਾਵਨਾਵਾਂ ਦਾ ਸੁਆਮੀ ਬਣ ਗਿਆ ਸੀ, ਪਰ ਨਾਸਤਕ ਜ਼ਾਲਮਾਂ ਦੇ ਸਾਮਰਾਜ ਦੀ ਤਬਾਹੀ ਦਾ ਮੁਸ਼ਕਲ ਕਾਰਜ ਅਜੇ ਬਾਕੀ ਸੀ।"[7]

ਖ਼ਾਲਸੇ ਦੀ ਸਿਰਜਣਾ ਨਾਲ ਉਹਨਾਂ ਨੇ ਆਪਣੇ ਪੈਰੋਕਾਰਾਂ ਵਿੱਚ ਮਨੋ ਵਿਗਿਆਨਕ ਕ੍ਰਾਂਤੀ ਲਿਆਂਦੀ ਤੇ ਸਭ 'ਸਿਰਗੁੰਮ' ਰੱਦ ਕਰ ਦਿੱਤੇ, ਸ਼ਾਇਦ ਜਿਸ ਤੋਂ ਉਸਦਾ ਭਾਵ ਕੇਸ ਕਟਾਉਣ ਵਾਲੇ ਹਿੰਦੂਆਂ ਮੁਸਲਮਾਨਾਂ ਤੋਂ ਸੀ। ਇਤਨਾ ਹੀ ਨਹੀਂ ਸਗੋਂ ਉਸਨੇ ਅਤਿਆਚਾਰੀ ਹਾਕਮਾਂ ਦਾ ਮੁਕਾਬਲਾ ਕਰਨ ਤੇ ਰਣਭੂਮੀ ਵਿੱਚ ਵੰਗਾਰਣ ਲਈ ਵੀ ਉਹਨਾਂ ਨੂੰ ਤਿਆਰ ਕੀਤਾ। ਉਹਨਾਂ ਨੇ ਇਹ ਕਰਾਮਾਤ ਆਪਣੀ ਇੱਛਾ ਸ਼ਕਤੀ, ਦ੍ਰਿੜ੍ਹਤਾ ਤੇ ਵੀਰਤਾ ਨਾਲ ਕਰ ਵਿਖਾਈ। ਭਾਈ ਗੁਰਦਾਸ ਦੂਸਰੇ ਨੇ ਇਸ ਤੱਥ ਨੂੰ ਆਪਣੀ ਰਚਨਾ "ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ਦਸਵੀਂ ਕੀ, ਬੋਲਣਾ ਭਾਈ ਗੁਰਦਾਸ ਕਾ" ਵਿੱਚ ਇਸ ਤੱਥ ਨੂੰ ਹੂਬਹੂ ਪ੍ਰਗਟ ਕੀਤਾ ਹੈ:

ਉਹੁ ਗੁਰੁ ਗੋਬਿੰਦ ਹੋਇ ਪ੍ਰਗਟਿਓ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਸ਼ਟ ਪਛਾਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।
ਸਭ ਦੈਤਨ ਅਰਿਨਿ ਕੋ ਘੇਰ ਕਰਿ ਕੀਚੈ ਪ੍ਰਹਾਰਾ।

.....................................................

ਤਿਹ ਬਿਨੁ ਸਤਿਗੁਰ ਕੋਈ ਹੈ ਨਹੀਂ ਭੈ ਕਾਟਨ ਹਾਰਾ।
ਰਾਹਿ ਐਸੇ ਖੜਗ ਦਿਖਾਈਐ ਕੋ ਸਕੈ ਨ ਝੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।
ਜਿਨਿ ਗੁਰਿ ਗੋਬਿੰਦ ਕੇ ਹੁਕਮ ਸਿਉ ਗਹਿ ਖੜਗ ਦਿਖਾਨਾ।
ਤਿਹ ਸਭ ਦੁਸ਼ਟਨ ਕਉ ਛੇਦਿ ਕੈ ਅਕਾਲ ਜਪਾਨਾ।
ਜਾਗੇ ਸਿੰਘ ਬਲਵੰਤ ਬੀਰ ਸਭ ਦੁਸ਼ਟ ਖਪਾਏ।
ਦੀਨ ਮੁਹੰਮਦੀ ਉਠ ਗਇਓ ਹਿੰਦਕ ਠਹਿਰਾਏ।
ਵਹੁ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।[8]

ਡਾ. ਗੋਕਲ ਚੰਦ ਨੇ ਠੀਕ ਹੀ ਕਿਹਾ ਹੈ ਕਿ "ਭਾਵੇਂ ਉਹ ਆਪਣੇ ਆਦਰਸ਼ਾਂ ਨੂੰ ਪੂਰਾ ਹੁੰਦਾ ਵੇਖਣ ਲਈ ਜੀਵਿਤ ਨਾ ਰਹੇ ਪਰ ਉਹਨਾਂ ਦੀ ਮਿਹਨਤ ਅਜ਼ਾਂਈਂ ਨ ਗਈ।

ਭਾਵੇਂ ਉਹ ਉਹਨਾਂ ਬੇੜੀਆਂ ਨੂੰ ਪੂਰੀ ਤਰ੍ਹਾਂ ਨਾ ਉਤਾਰ ਸਕੇ ਜਿਹਨਾਂ ਨੇ ਉਹਦੀ ਕੌਮ ਨੂੰ ਜਕੜਿਆ ਹੋਇਆ ਸੀ ਪ੍ਰੰਤੂ ਉਸਨੇ ਉਹਨਾਂ ਦੀ ਆਤਮਾ ਨੂੰ ਸੁਤੰਤਰਤਾ ਬਖਸ਼ ਦਿੱਤੀ ਤੇ ਮਨ ਵਿੱਚ ਆਜ਼ਾਦੀ ਤੇ ਪ੍ਰਭੁਤਾ ਦੀ ਚਾਹਤ ਭਰ ਦਿੱਤੀ। ਉਸਨੇ ਦਿਲੀ ਪਤੀ ਦੀ ਸ਼ਕਤੀ ਅਤੇ ਮਾਣ ਦਾ ਭਰਮ ਤੋੜ ਦਿੱਤਾ ਤੇ ਮੁਸਲਿਮ ਅਤਿਆਚਾਰਾਂ ਦਾ ਡਰ ਭੈ ਮਿਟਾ ਦਿੱਤਾ।"[9]

ਉਹਨਾਂ ਨੇ ਸਿੱਖਾਂ ਵਿੱਚ ਦੇਵ-ਅਗਨੀ ਦੀ ਚਮਕ ਪੈਦਾ ਕਰ ਦਿੱਤੀ ਤੇ ਹਿੰਦੂਆਂ ਨੂੰ ਪੁਨਰ ਸੁਰਜੀਤ ਕਰ ਦਿੱਤਾ ਤੇ ਮੁਗ਼ਲਾਂ ਦੇ ਜ਼ੁਲਮ ਦੇ ਅੱਡੇ ਨੂੰ ਅੱਗ ਲਾ ਦਿੱਤੀ। ਉਹਨਾਂ ਨੇ ਔਰੰਗਜ਼ੇਬ ਨੂੰ ਜਫਰਨਾਮਾ ਵਿੱਚ ਲਿਖਿਆ :

ਚਿਹ ਸ਼ੁਦ ਕਿ ਚੂੰ ਬਚਗਾਂ ਕੁਸਤਹ ਤਾਰ ?
ਕਿ ਬਾਕੀ ਬਮਾਦਸਤ ਪੇਚੀਦਹ ਮਾਰ।
ਚਿ ਮਰਦੀਕਿ ਅਖਗਰ ਖਮੋਸ਼ਾ ਕੁਨੀ ?
ਕਿ ਆਤਿਸ਼ ਦਮਾਰਾ ਫਰੌਜ਼ਾਂ ਕੁਨੀ।
(ਕੀ ਹੋਇਆ ਜੇ ਮਾਰੇ ਮੇਰੇ ਪੁੱਤਰ ਚਾਰ।
ਅਜੇ ਨਾਗ ਬੈਠਾ ਹਾਂ ਮੈਂ ਕੁੰਡਲੀ ਮਾਰ।
ਫਲੂਹੇ ਬੁਝਾਉਣਾ ਦਲੇਰੀ ਹੈ ਕੀ ?
ਕਿ ਉੱਚੀ ਕਰੇਂ ਲਾਟ ਤੂੰ ਅਗਨ ਦੀ।[10]

ਇਹ ਕਹਿਣਾ ਉਚਿੱਤ ਹੀ ਹੈ ਕਿ ਉਸਦੇ ਸ਼ਿਅਰ ਤਲਵਾਰ ਦੀ ਉਸਤਤੀ ਵਿੱਚ ਹਨ ਤੇ ਆਪਣੇ ਪੈਰੋਕਾਰਾਂ ਲਈ ਮਨੋਰਥ ਪੱਤਰ ਹਨ ਜਿਹਨਾਂ ਦਾ ਮਨੋਰਥ ਆਪਣੀ ਸਾਰੀ ਸ਼ਕਤੀ ਤਲਵਾਰ ਦੀ ਪੂਜਾ ਤੇ ਵਰਤੋਂ ਲਈ ਵਿਚਾਰ ਕਰਨ ਦੀ ਹੈ ਤਾਂ ਜੋ ਅਨਿਆ, ਜ਼ੁਲਮ, ਧੱਕਾ ਤੇ ਵਹਿਸ਼ੀਪੁਣੇ ਦੀਆਂ ਬੁਰਾਈਆਂ ਦਾ ਅੰਤ ਹੋ ਸਕੇ।

ਇਕ ਜਰਨੈਲ ਤੇ ਸੈਨਕ ਵਜੋਂ ਇਹ ਵਿਚਾਰ ਉਹਨਾਂ ਦੇ ਫਲਸਫੇ ਦੀ ਧੁਰੋਹਰ ਸਨ। ਉਹਨਾਂ ਨੇ ਜੋ ਕੁਝ ਪਰਚਾਰਿਆ, ਉਹੋ ਕੁਝ ਕੀਤਾ। ਉਸਨੇ ਹਥਿਆਰਾਂ ਨੂੰ ਆਪਣੇ ਗੁਰੂ ਆਖਿਆ ਸੀ। ਨਿਰਸੰਦੇਹ, ਗੁਰੂ ਜੀ ਤਲਵਾਰ ਨੂੰ ਪੂਜਣ ਯੋਗ ਜਾਣਦੇ ਸਨ।

ਇਹੋ ਕਾਰਨ ਹੈ ਕਿ ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਤਲਵਾਰ ਦੀ ਪੂਜਾ ਕਰਨ ਲਈ ਕਿਹਾ ਕਿਉਂਕਿ ਇਸ ਨਾਲ ਹੀ ਮੁਕਤੀ ਸੰਭਵ ਹੈ। ਉਹਨਾਂ ਨੇ ਆਪਣੀ ਬਾਣੀ 'ਚ ਲਿਖਿਆ :

(1) ਅਸਿ ਕ੍ਰਿਪਾਨ, ਖੰਡੋ, ਖੜਗ, ਤੁਪਕ, ਤਬਰ, ਅਰੁ, ਤੀਰ।
ਸੈਫ, ਸਰੋਹੀ, ਸੈਹਥੀ, ਇਹੈ ਹਮਾਰੈ ਪੀਰ।

(2) ਤੀਰ ਤੁਹੀ, ਸੈਥੀ ਤੁਹੀ, ਤੁਹੀ ਤਬਰ, ਤਰਵਾਰਿ,
ਨਾਮ ਨਿਹਾਰੇ ਜੋ ਜਪੈ, ਭਏ ਸਿੰਧ ਭਵ ਪਾਰ।[11]

ਭਾਵ ਕਿਰਪਾਨ, ਖੰਡਾ, ਤਲਵਾਰ, ਬੰਦੂਕ, ਕੁਹਾੜਾ, ਤੀਰ, ਸਰੋਹੀ ਦੀ ਬਣੀ ਵਿਸ਼ੇਸ਼ ਤਲਵਾਰ ਤੇ ਬਰਛੀ ਸਾਡੇ ਗੁਰੂ ਹਨ, ਪੂਜਣ ਯੋਗ ਹਨ। ਇਸ ਤਲਵਾਰ ਨੂੰ

ਬਰਛੀ, ਬੰਦੂਕ ਤੇ ਤੀਰ ਕਹਿਕੇ ਜਾਪ ਕਰਨਾ ਭਾਵ ਇਸ਼ਟ ਮੰਨਣ ਦਾ ਆਦੇਸ਼ ਦਿੱਤਾ ਹੈ ਕਿਉਂਕਿ ਇਸ ਨਾਲ ਹੀ ਸੰਸਾਰ ਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ।

ਇੱਕ ਜਰਨੈਲ ਵਜੋਂ ਗੁਰੂ ਜੀ ਦਾ ਸ਼ਸਤਰਾਂ ਪ੍ਰਤੀ ਸਤਿਕਾਰ ਤਾਂ ਅਮਿਣਵਾਂ ਹੀ ਸੀ ਪ੍ਰੰਤੂ ਯੁੱਧ ਕਰਨ ਦੀ ਉਹਨਾਂ ਦੀ ਦ੍ਰਿੜ੍ਹਤਾ ਦਾ ਵੀ ਕੋਈ ਟਾਕਰਾ ਨਹੀਂ ਹੈ। ਜ਼ਫ਼ਰਨਾਮੇ ਵਿੱਚ ਉਹਨਾਂ ਵੱਲੋਂ ਪਾਈ ਵੰਗਾਰ ਇਤਿਹਾਸ ਵਿੱਚ ਅਦੁੱਤੀ ਹੈ।

ਚੁਨਾਂ ਆਤਿਸ਼ੇ ਜ਼ੇਰੇ ਨਾਅਲਤ ਨਿਹਮ।
ਪੰਜਾਬ ਆਬਤ ਨ ਖੁਰਦੂਨ ਦਹਮ।
(ਤੇਰੇ ਪੈਰਾਂ ਹੇਠ ਐਸਾਂ ਤਾਵਣ ਦਊਂ।
ਪੰਜਾਬੋਂ ਨ ਪੀਵਣ ਨ ਖਾਵਣ ਦਊਂ।)

ਨਿਰਸੰਦੇਹ ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਨੂੰ ਇੱਕ ਅਜਿਹੀ ਬਖਸ਼ਿਸ਼ ਕੀਤੀ ਜਿਸ ਅਨੁਸਾਰ ਸਿੱਖਾਂ ਲਈ ਧਰਮ, ਨੇਕੀ ਤੇ ਸੱਚ ਅਤੇ ਸਰਬੱਤ ਦੇ ਭਲੇ ਲਈ ਸ਼ਸਤਰ ਉਠਾਉਣੇ ਲਾਜ਼ਮੀ ਆਦਰਸ਼ ਬਣ ਗਏ। ਉਹਨਾਂ ਨੇ ਕਿਹਾ :

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਭੰਡੰ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ ਭਾਨੁ ਪ੍ਰਭੰ।
ਸੁਖ ਸੰਤ ਕਰਣੰ, ਦਰਮਤਿ ਦਰਣੰ, ਕਿਲਬਿਖ ਹਰਣੰ ਅਸਿ ਸਰਣੰ।
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ।

ਇਹ ਸ਼ਸਤਰ ਪੂਜਾ ਦੁਸ਼ਟ ਦਲਾਂ ਦਾ ਨਾਸ ਕਰਨ ਲਈ ਸੀ।[13] ਤਲਵਾਰ ਦੀ ਜਿੱਤ ਨੇਕੀ ਦੀ ਫਤਿਹ ਲਈ ਤੇ ਦੁਸ਼ਟ ਤਾਕਤਾਂ ਦਾ ਵਿਨਾਸ਼ ਕਰਨਾ ਸੀ, ਇਹੋ ਹੀ ਜ਼ਿੰਦਗੀ ਦਾ ਜਦੋਂ ਮਨੋਰਥ ਬਣ ਜਾਏ ਤਾਂ ਫਿਰ ਜਾਬਰ ਹਕੂਮਤ ਨਾਲ ਟੱਕਰ ਲੈਣੀ ਔਖੀ ਨਹੀਂ ਹੁੰਦੀ।

ਗੁਰੂ ਸਾਹਿਬ ਦੇ ਇਸ ਉੱਚੇ ਆਦਰਸ਼ ਕਾਰਨ ਹੀ ਭਾਈ ਨੰਦ ਲਾਲ ਨੇ ਲਿਖਿਆ :

ਹੱਕ ਹੱਕ ਅਗਾਹ ਗੁਰੂ ਗੋਬਿੰਦ ਸਿੰਘ।
ਸਾਹਿਬ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ।
ਕਾਦਿਰੇ ਹਰ ਕਾਰ ਗੁਰੂ ਗੋਬਿੰਦ ਸਿੰਘ।
ਬੇਕਸਾ ਰਾ ਯਾਰ ਗੁਰੂ ਗੋਬਿੰਦ ਸਿੰਘ।
ਸਾਜਦੋ ਮਕਸੂਦ ਗੁਰੂ ਗੋਬਿੰਦ ਸਿੰਘ।
ਜੁਮਲਾ ਫੈਜ਼ੇ ਨੂਰ ਗੁਰੂ ਗੋਬਿੰਦ ਸਿੰਘ।
ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ।
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ।

ਉਹਨਾਂ ਦਾ ਉਦੇਸ਼ ਲੋਕ-ਵੈਰੀਆਂ ਨੂੰ ਪਿਛਾੜਨਾਂ ਤੇ ਲੋਕ-ਹਿਤੈਸ਼ੀਆਂ ਨੂੰ ਉਭਾਰਨਾ ਸੀ। ਉਹ ਬਿਚਿਤ੍ਰ ਨਾਟਕੈ ਵਿੱਚ ਲਿਖਦੇ ਹਨ :

ਹਮ ਇਹ ਕਾਜ ਜਗਤ ਮੋਂ ਆਏ।
ਧਰਮ ਹੇਤ ਗੁਰਦੇਵਿ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖਯਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹ ਸਾਧੂ ਮਨਮੰ।[15]
ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਿਨ।

ਗੁਰੂ ਸਾਹਿਬ ਨੇ ਆਪਣਾ ਜੀਵਨ ਉਪ੍ਰੋਕਤ ਆਦਰਸ਼ਾਂ ਲਈ ਲੜਾਈਆਂ ਲੜਕੇ ਤੇ ਭਗਤ ਕਬੀਰ ਦੇ ਮਹਾਂ-ਵਾਕ ਅਨੁਸਾਰ ਲੇਖੇ ਲਾ ਦਿੱਤਾਂ ਸੀ :

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈਘਾਉ।
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।
ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੈ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੇ ਖੇਤੁ।[16]

ਇਹੋ ਉਹਨਾਂ ਦੀ ਅਜ਼ਮਤ ਸੀ ਤੇ ਇਹੋ ਉਹਨਾਂ ਨੂੰ ਸੰਸਾਰ ਦੇ ਮਹਾਨ ਜਰਨੈਲਾਂ ਵਿੱਚ ਸਰਵ-ਸ੍ਰੇਸ਼ਟ ਸਥਾਨ ਦਾ ਹੱਕਦਾਰ ਬਣਾਉਂਦੀ ਹੈ, ਕਿਉਂਕਿ ਉਹਨਾਂ ਨੇ ਹੀ ਸੰਸਾਰ ਦੇ ਸੈਨਿਕ ਤੇ ਧਾਰਮਕ ਇਤਿਹਾਸ ਵਿੱਚ ਅਜਿਹੀ ਧਰਮ ਤੇ ਯੁੱਧ ਭਾਵਨਾ ਦਾ ਸੁਮੇਲ ਕੀਤਾ। ਉਹਨਾਂ ਨੇ ਉਸ ਵਿਅਕਤੀ ਨੂੰ ਧੰਨ ਆਖਿਆ ਜੋ ਜੰਗ ਵਿੱਚ ਜੂਝਦਿਆਂ ਵੀ ਵਾਹਿਗੁਰੂ ਦਾ ਧਿਆਨ ਅਤੇ ਧੀਰਜ ਹੱਥੋਂ ਨਹੀਂ ਛੱਡਦਾ :

ਧੰਨ ਜੀ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈਂ ਜੁਧੁ ਬਿਚਾਰੈ।
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜ੍ਹੈ ਭਵਸਾਗਰ ਤਾਰੈ।
ਧੀਰਜ-ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉਂ ਉਜੀਆਰੈ।
ਗਿਆਨਹਿ ਕੀ ਬਢਨੀ ਮਨਹੁ ਗਧੁ ਲੈ ਕਾਤਰਨਾ ਕੁਤਵਾਰ ਬੁਹਾਰੈ।[17]

ਇਹ ਆਦਰਸ਼ ਹੈ ਜੋ ਉਹਨਾਂ ਦੇ ਜੀਵਨ ਦੀ ਹਰ ਘਟਨਾਂ ਤੋਂ ਝਲਕਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਤੇ ਆਖਰੀ ਗੁਰੂ ਸਨ। ਉਹਨਾਂ ਦਾ ਜਨਮ 22 ਦਸੰਬਰ 1666 ਈ. ਨੂੰ (ਪੋਹ ਸੁਦੀ 7, 1723 ਬਿਕਰਮੀ) ਪਟਨਾ (ਬਿਹਾਰ) ਵਿੱਚ ਹੋਇਆ।[18] ਉਸ ਸਮੇਂ ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਧਰਮ ਪ੍ਰਚਾਰ ਲਈ ਬੰਗਾਲ ਤੇ ਆਸਾਮ ਗਏ ਹੋਏ ਸਨ। ਉਹ 1670 ਈ. ਨੂੰ ਪਟਨਾ ਵਾਪਸ ਆਏ ਤੇ ਪਰਿਵਾਰ ਨੂੰ ਪੰਜਾਬ ਜਾਣ ਦੀ ਹਿਦਾਇਤ ਕੀਤੀ।

ਗੋਬਿੰਦ ਰਾਏ[19] ਨੇ ਆਪਣੀ ਮੁੱਢਲੀ ਸਿੱਖਿਆ ਜਿਵੇਂ ਪੰਜਾਬੀ, ਬ੍ਰਜੀ, ਸੰਸਕ੍ਰਿਤ ਤੇ ਫਾਰਸੀ ਦੀ ਲਿਖਾਈ ਪੜ੍ਹਾਈ ਚੱਕ ਨਾਨਕੀ ਵਿੱਚ ਪ੍ਰਾਪਤ ਕੀਤੀ। (ਇਹੋ ਪਿੱਛੋਂ ਜਾਕੇ ਆਨੰਦਪੁਰ ਵਜੋਂ ਮਸ਼ਹੂਰ ਹੋਇਆ)। ਉਸਨੇ ਹਥਿਆਰਾਂ ਦੀ ਵਰਤੋਂ ਤੇ ਯੁੱਧ ਕਲਾ ਦੀ ਸਿੱਖਿਆ ਵੀ ਪ੍ਰਾਪਤ ਕੀਤੀ। ਉਹ ਛੇਤੀ ਹੀ ਇਕ ਸਰਵੋਤਮ ਨਿਸ਼ਾਨੇਬਾਜ਼, ਵਧੀਆ ਤਲਵਾਰਬਾਜ ਤੇ ਘੋੜਸਵਾਰ ਬਣ ਗਏ। ਉਹਨਾਂ ਨੂੰ ਫਾਰਸੀ ਪੀਰ ਮੁਹੰਮਦ ਸਲੋਹ ਵਾਲੇ

ਨੇ ਸਿਖਾਈ, ਪੰਜਾਬੀ ਗੁਰਬਖਸ਼ ਸਿੰਘ ਨੇ ਤੇ ਸ਼ਸਤਰ ਵਿੱਦਿਆ ਬੱਜਰ ਸਿੰਘ ਰਾਜਪੂਤ ਨੇ ਸਿਖਾਈ।

ਉਹ ਮਸਾਂ ਨੌ ਸਾਲ ਦਾ ਹੀ ਸਨ ਜਦੋਂ ਉਸਦੇ ਜੀਵਨ ਵਿੱਚ ਤੇ ਉਸਦੀ ਕੌਮ ਜਿਸਦੀ ਅਗਵਾਈ ਉਸਨੇ ਕਰਨੀ ਸੀ, ਅਚਾਨਕ ਕਿਸਮਤ ਨੇ ਕਰਵਟ ਬਦਲੀ। ਉਸ ਸਮੇਂ ਨੌਵੇਂ ਗੁਰੂ ਪਾਸ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਪ੍ਰਤੀਨਿਧ ਮੰਡਲ ਆਇਆ ਜੋ ਕਸ਼ਮੀਰ ਦੇ ਸੂਬੇਦਾਰ ਦੇ ਨਿਸ਼ਾਨੇ ਤੇ ਸਨ ਤੇ ਜਿਹਨਾਂ ਨੂੰ ਉਹ ਤਲਵਾਰ ਦੇ ਜ਼ੋਰ ਤੇ ਮੁਸਲਮਾਨ ਬਣਾਉਣ ਤੇ ਤੁਲਿਆ ਹੋਇਆ ਸੀ ਤੇ ਜਿਹੜੇ ਇਨਕਾਰੀ ਸਨ ਉਹਨਾਂ ਨੂੰ ਕਤਲ ਕਰਨ ਲਈ ਬਜ਼ਿੱਦ ਸੀ। ਜਦ ਗੁਰੂ ਤੇਗ ਬਹਾਦਰ ਇਸ ਸਮੱਸਿਆ ਉੱਪਰ ਵਿਚਾਰ ਕਰ ਰਹੇ ਸਨ ਤਾਂ ਗੋਬਿੰਦ ਰਾਏ ਨੇ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਕੁਇਰ ਸਿੰਘ ਦੇ ਗੁਰ ਬਿਲਾਸ ਵਿੱਚ ਇਉਂ ਉੱਤਰ ਦਿੱਤਾ :

ਸੁਨਸੁਨ ਸੁ ਸਾਹਿਬ ਸੀਸ ਧੁਨਿ, ਤਬਲਖੀ ਸਾਰੀ ਬਾਤ।
ਜਸ ਨੇਤ ਹਰਿ ਜੀ ਨੇ ਧਰੀ, ਜੁਈ ਕਰਤ ਮਨ ਮੈ ਸਾਰ।

..............................................

ਕਹਯੋ ਤਾਤ ਕੋ ਸ੍ਰੀ ਗੁਰ ਨੇ ਕਿਮ ਸੋਚਤ ?" ਤਾਹਿ ਕਹਯੋ "ਪਰਵਾਰ ਅਪਾਰੀ।
ਸੋਢਨ ਮੈਂ ਸਿਰ ਤਾਜ ਕੋਈ, ਦਤ ਸੀਸ ਮਿਟੈ ਦੁਖ ਸੁਖਨ ਧਾਰੀ।"
ਬੋਲਤ ਤੇ ਤਬ ਸ੍ਰੀ ਗੁਰ ਜੀ, "ਸਿਰਤਾਜ ਤੁਮੈ, ਸਮਕੋ ਬਪੁ ਧਾਰੀ ?"[20]

ਗੁਰੂ ਤੇਗ਼ ਬਹਾਦਰ ਛੇਤੀ ਹੀ ਪਿੱਛੋਂ ਸ਼ਾਹੀ ਰਾਜਧਾਨੀ ਚਲੇ ਗਏ, ਜਿੱਥੇ ਉਹਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤੇ 11 ਨਵੰਬਰ 1675 ਨੂੰ ਕਤਲ ਕਰ ਦਿੱਤਾ ਗਿਆ।

ਉਹਨਾਂ ਦੇ ਇੱਕ ਅਨਿਨ ਸ਼ਰਧਾਲੂ ਭਾਈ ਲੱਖੀ ਸ਼ਾਹ ਲੁਬਾਣਾ ਨੇ ਗੁਰੂ ਜੀ ਦਾ ਧੜ ਚੋਰੀ ਆਪਣੇ ਘਰ ਲਿਜਾਕੇ ਝੁੱਗੀ ਸਮੇਤ ਅਗਨ ਭੇਟ ਕਰ ਦਿੱਤਾ। ਉਸ ਅਸਥਾਨ ਤੇ ਹੁਣ ਗੁਰਦੁਆਰਾ ਰਿਕਾਬਗੰਜ ਹੈ। ਗੁਰੂ ਤੇਗ਼ ਬਹਾਦਰ ਦਾ ਸੀਸ ਭਾਈ ਜੀਵਨ ਸਿੰਘ ਅਨੰਦਪੁਰ ਲੈ ਗਿਆ ਤੇ ਗੁਰੂ ਜੀ ਦੇ ਪੁੱਤਰ ਗੋਬਿੰਦ ਰਾਏ ਨੇ ਸੀਸ ਦਾ ਸਸਕਾਰ ਕਰ ਦਿੱਤਾ। ਦਿੱਲੀ ਵਿੱਚ ਜਿੱਥੇ ਗੁਰੂ ਜੀ ਦਾ ਸੀਸ ਕੱਟਿਆ ਗਿਆ ਸੀ, ਗੁਰਦਵਾਰਾ ਸੀਸਗੰਜ ਸੁਸ਼ੋਭਿਤ ਹੈ ਤੇ ਅਨੰਦਪੁਰ ਜਿੱਥੇ ਸੀਸ ਦਾ ਸਸਕਾਰ ਕੀਤਾ ਗਿਆ ਸੀ, ਉੱਥੇ ਵੀ ਗੁਰਦੁਆਰਾ ਸੀਸਗੰਜ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਨੇ ਆਪਣੇ ਪਿਤਾ ਦੀ ਸ਼ਹੀਦੀ ਦਾ ਵਰਨਣ ਇਉਂ ਕੀਤਾ ਹੈ :

ਤਿਲਕ-ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤ ਇਤੀ ਜਿਨਿ ਕਰੀ। ਸੀਸ ਦੀਯਾ ਪਰੁ ਸੀ ਨ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ। ਸੀਸ ਦੀਆ ਪਰੁ ਸਿਰੁਰ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ।
ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।

ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨਿ।[21]

ਗੁਰੂ ਗੋਬਿੰਦ ਸਿੰਘ ਜੀ ਨੂੰ ਰਸਮੀ ਤੌਰ ਤੇ 1733 ਬਿਕਰਮੀ ਨੂੰ ਵਿਸਾਖੀ ਵਾਲੇ ਦਿਨ 29 ਮਾਰਚ 1676 ਈਸਵੀ ਨੂੰ ਗੁਰਗੱਦੀ ਤੇ ਬਿਠਾਇਆ ਗਿਆ। ਉਸ ਪਿਛੋਂ ਸਿੱਖ ਸੰਗਤ ਬਾਰੇ ਕਾਰਜਾਂ ਦੇ ਰੁਝੇਵਿਆਂ ਦੇ ਨਾਲ-ਨਾਲ ਉਹਨਾਂ ਨੇ ਸੈਨਿਕ ਤੇ ਸਾਹਿੱਤਕ ਕਾਰਜਾਂ ਵੱਲ ਪੂਰਾ ਧਿਆਨ ਦਿੱਤਾ। ਉਹਨਾਂ ਨੇ 1684 ਈ: ਵਿੱਚ ਪੰਜਾਬੀ ਵਿੱਚ 'ਵਾਰ ਸ੍ਰੀ ਭਗਉਤੀ ਜੀ ਕੀ" ਦੀ ਰਚਨਾ ਕੀਤੀ ਜਿਸ ਨੂੰ "ਚੰਡੀ ਦੀ ਵਾਰ" ਕਿਹਾ ਜਾਂਦਾ ਹੈ, ਜੋ ਉਹਨਾਂ ਦੀ ਪਹਿਲੀ ਤੇ ਪੰਜਾਬੀ ਵਿੱਚ ਇੱਕੋ ਇੱਕ ਰਚਨਾ ਹੈ। ਇਸ ਕਵਿਤਾ ਵਿੱਚ ਦੇਵਤਿਆਂ ਤੇ ਦੈਂਤਾਂ ਦੇ ਯੁੱਧ ਦੀ ਪੁਰਾਣਿਕ ਕਥਾ ਦਾ ਵਰਣਨ ਕੀਤਾ ਗਿਆ ਹੈ। ਇਹ ਰਚਨਾ ਵਿੱਚ ਤੇ ਲੰਬੀਆਂ ਰਚਨਾਵਾਂ ਵਿੱਚ ਜੰਗ ਦੇ ਵਿਸ਼ੇ ਦੀ ਚੋਣ ਆਪਣੇ ਪੈਰੋਕਾਰਾਂ ਵਿੱਚ ਜ਼ੁਲਮ ਤੇ ਅਨਿਆਂ ਵਿਰੁੱਧ ਤਿਆਰੀ ਲਈ ਜੋਸ਼ ਤੇ ਵਿਰੋਧ ਦੀ ਭਾਵਨਾ ਦਾ ਸੰਚਾਰ ਕਰਨ ਦੇ ਮਨੋਰਥ ਨਾਲ ਕੀਤੀ ਗਈ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਾਂਗ ਉਹਨਾਂ ਨੇ ਵੀ ਆਪਣੇ ਪੈਰੋਕਾਰਾਂ ਨੂੰ ਸ਼ਸਤਰ ਤੇ ਘੋੜੇ ਲਿਆਉਣ ਲਈ ਕਿਹਾ ਸੀ ਤੇ ਇਹ ਵੀ ਕਿਹਾ ਸੀ ਕਿ ਨਰੋਏ ਨੌਜੁਆਨਾਂ ਨੂੰ ਧਰਮ ਯੁਧ ਵਿੱਚ ਸ਼ਾਮਲ ਕਰਕੇ ਉਨਹਾਂ ਨੂੰ ਖੁਸ਼ੀ ਹੋਵੇਗੀ। ਪ੍ਰੰਤੂ ਜਿਉਂ ਹੀ ਉਹਨਾਂ ਨੇ ਸੈਨਾ ਦਾ ਗਠਨ ਸ਼ੁਰੂ ਕੀਤਾ, ਬਿਲਾਸਪੁਰ ਦਾ ਰਾਜਾ ਭੀਮ ਚੰਦ ਗੁਰੂ ਜੀ ਦਾ ਵਿਰੋਧ ਕਰਨ ਲੱਗਾ ਕਿਉਂ ਆਨੰਦਪੁਰ ਉਸਦੀ ਰਿਆਸਤ ਕਹਿਲੂਰ ਵਿੱਚ ਪੈਂਦਾ ਸੀ। ਉਸਨੇ ਦੂਸਰੇ ਪਹਾੜੀ ਰਾਜਿਆਂ ਨੂੰ ਆਪਣੇ ਨਾਲ ਮਿਲਾ ਲਿਆ ਤੇ ਗੁਰੂ ਜੀ ਨੂੰ ਉਥੋਂ ਚਲੇ ਜਾਣ ਲਈ ਮਜਬੂਰ ਕਰ ਦਿੱਤਾ।

ਗੁਰੂ ਜੀ ਅਪ੍ਰੈਲ 1685 ਵਿੱਚ ਪਾਉਂਟਾ ਵਿਖੇ ਨਾਹਣ ਦੇ ਰਾਜੇ ਮੇਦਨੀ ਪਰਕਾਸ ਦੇ ਸੱਦੇ ਤੇ ਚਲੇ ਗਏ। ਏਥੇ ਵੀ ਉਹਨਾਂ ਦੀਆਂ ਸੈਨਿਕ ਗਤੀਵਿਧੀਆਂ ਤੇ ਵੱਧਦੇ ਪ੍ਰਭਾਵ ਨੇ ਗੜ੍ਹਵਾਲ ਦੇ ਰਾਜਾ ਫਤਿਹ ਚੰਦ ਤੇ ਬਿਲਾਸਪੁਰ ਦੇ ਰਾਜੇ ਭੀਮ ਚੰਦ ਵਿੱਚ ਵੈਰ-ਭਾਵਨਾ ਜਗਾ ਦਿੱਤੀ। ਗੁਰੂ ਜੀ ਦੇ 500 ਭਾੜੇ ਦੇ ਪਠਾਨ ਵੀ ਪਹਾੜੀ ਰਾਜਿਆਂ ਨੇ ਲਾਲਚ ਦੇ ਕੇ ਆਪਣੇ ਵੱਲ ਕਰ ਲਏ।

## ਭੰਗਾਣੀ ਦਾ ਯੁੱਧ ਤੇ ਗੁਰੂ ਗੋਬਿੰਦ ਸਿੰਘ

ਭੰਗਾਣੀ ਦਾ ਯੁੱਧ ਪਾਉਂਟਾ ਤੋਂ 10 ਕਿਲੋਮੀਟਰ ਉੱਤਰ ਪੂਰਬ ਵਿੱਚ 18 ਸਤੰਬਰ 1688 (18 ਅਸੂ 1747 ਬਿਕਰਮੀ) ਨੂੰ ਹੋਇਆ। ਪ੍ਰੰਤੂ ਭੰਗਾਣੀ ਦੇ ਅਸਥਾਨ ਤੇ ਦੁਸ਼ਮਣਾਂ ਦੀ ਹਾਰ ਹੋਈ।[22] ਗੁਰੂ ਗੋਬਿੰਦ ਸਿੰਘ ਆਪ ਇਸ ਲੜਾਈ ਬਾਰੇ, ਤੇ ਨਿੱਜੀ ਤੌਰ ਵਿੱਚ ਲੜਾਈ ਵਿੱਚ ਜੋ ਉਹਨਾਂ ਭੂਮਿਕਾ ਨਿਬਾਹੀ, ਬੜੇ ਵਿਸਥਾਰ ਨਾਲ ਲਿਖਦੇ ਹਨ :[22]

ਉਸ ਥਾਂ ਰਾਜਾ ਫਤਿਸ਼ਾਹ ਬਿਨ ਕਾਰਨ ਹੀ ਲੜਾਈ ਵਿੱਚ ਉਲਝ ਪਿਆ। ਗੁਰੂ ਜੀ ਦੀ ਭੂਆ ਦੇ ਪੰਜ ਪੁੱਤਰ ਸੰਗੋਸ਼ਾਹ ਦੀ ਅਗਵਾਈ ਵਿੱਚ ਬੜੀ ਬਹਾਦਰੀ ਨਾਲ ਲੜੇ। ਕ੍ਰਿਪਾਲ ਚੰਦ ਤੇ ਸਾਹਿਬ ਚੰਦ ਤੇ ਹੋਰਨਾਂ ਨੇ ਵੈਰੀਆਂ ਉੱਪਰ ਤੀਰਾਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਜੀਤ ਮੱਲ ਰਾਜਾ ਹਰੀ ਚੰਦ ਵਿਰੁੱਧ ਡੱਟ ਕੇ ਲੜਿਆ, ਸੰਗੋਸ਼ਾਹ, ਨਜਾਬਤ ਨਾਲ ਟੱਕਰ ਪਿਆ।

ਸੰਗੋਸ਼ਾਹ ਤੇ ਨਜਾਬਤ ਖਾਂ ਦੋਵੇਂ ਇਕ ਦੂਸਰੇ ਨੂੰ ਮਾਰਕੇ ਸ਼ਹੀਦ ਹੋ ਗਏ। ਭਰੌੜੇ ਪਠਾਨ ਵੀ ਵਿਰੋਧੀਆਂ ਨਾਲ ਮਿਲ ਗਏ ਤੇ ਲੜਾਈ ਵਿੱਚ ਸ਼ਾਮਲ ਹੋ ਗਏ। ਰਾਮ ਸਿੰਘ ਜਸਵਾਲ ਤੇ ਮਧੂਕਰ ਸ਼ਾਹ ਡਢਵਾਲੀਆਂ ਮੈਦਾਨ 'ਚੋਂ ਨੱਠ ਗਏ। ਹਰੀਚੰਦ ਜੋ ਜੀਤਮੱਲ ਦੇ ਤੀਰਾਂ ਨਾਲ ਮੂਰਛਤ ਹੋ ਗਿਆ ਸੀ, ਉੱਠਕੇ ਗੁਰੂ ਜੀ ਦੀ ਫੌਜ ਵੱਲ ਤੀਰ ਛੱਡਣ ਲੱਗ ਪਿਆ। ਗੁਰੂ ਜੀ ਲਿਖਦੇ ਹਨ:

ਫਤੇ ਸ਼ਾਹ ਕੋਪਾ ਤਬਿ ਰਾਜਾ। ਲੋਹ ਪਰਾ ਹਮਸੋ ਬਿਨ ਕਾਜਾ।
ਤਹਾਂ ਸ਼ਾਹ ਸ੍ਰੀ ਸਾਹ ਸੰਗ੍ਰਾਮ ਕੋਪੇ। ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ।
ਹਠੀ ਜੀਤਮਲੰ ਸੁ ਗਾਜੀ ਗੁਲਾਬੰ। ਰਣੰ ਦੇਖੀਐ ਰੰਗ ਰੂਪੰ ਸਹਾਬੰ।
ਹਠਿਐ ਮਾਹਰੀ ਚੰਦਯੋ ਗੰਗ ਰਾਮੰ। ਜਿਨੇ ਕਿਤੀਯੰ ਜਿਤੀਯੰ ਫੌਜ ਤਾਮੰ।

..............................................................................

ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ। ਹਠੀ ਖਾਨ ਹਯਾਤ ਕੇ ਸੀਸ ਕੌਰੀ।

..............................................................................

ਹਠਿਯੋ ਸਾਹਿਬੰ ਚੰਦ ਖੇਤੰ ਪ੍ਰਤਿਯਾਨੰ। ਹਨੇ ਖਾਨ ਖੂਨੀ ਖੁਰਾਸਾਨ ਭਾਨੰ।
ਤਹਾਂ ਬੀਰ ਬੰਕੇ ਭਲੀ ਭਾਂਤਿ ਮਾਰੇ। ਬਚੇ ਪ੍ਰਾਨ ਲੈਕੇ ਸਿਪਾਹੀਸਿਧਾਰੇ।

..............................................................................

ਤਬੈ ਜੀਤ ਮੱਲੰ। ਹਰੀਚੰਦ ਭੱਲੰ। ਹ੍ਰਿਦੈ ਐਂਚ ਮਾਰਯੋ। ਸੁਖੇਤ ਉਤਾਰਯੋ।

..............................................................................

ਜਸੋਡੱਢਵਾਲੰ ਮਧੁਕੱਰ ਸੁ ਸਾਹੰ। ਭਜੇ ਸੰਗਿ ਲੈਕੇ ਸੁਸਾਰੀ ਸਿਪਾਹੰ।

..............................................................................

ਮਾਰਿ ਨਿਜਾਬਤ ਖਾਨਕੋ, ਸੰਗੋ ਜੂਝੈ ਜੁਝਾਰ।
ਹਾ ਹਾ ਇਹ ਲੋਕੈ ਭਇਓ, ਸੁਰਗ ਲੋਕ ਜੈਕਾਰ।

ਸ਼ਾਹ ਸੰਗਰਾਮ ਦੇ ਸ਼ਹੀਦ ਹੋਣ ਪਿਛੋਂ ਗੁਰੂ ਸਾਹਿਬ ਨੇ ਆਪ ਲੜਾਈ ਦੀ ਕਮਾਨ ਸੰਭਾਲ ਲਈ :

ਲਖੇ ਸ਼ਾਹ ਸੰਗ੍ਰਾਮ ਜੁੱਝੇ ਜੁਝਾਰੰ। ਤਵੰ ਕੀਟ ਬਾਣੰ ਕਮਾਣੰ ਸੰਭਾਰੰ।

..............................................................................

ਛੁਟੀ ਮੁਰਛਨਾ ਹਰੀਚੰਦ ਸੰਭਾਰੋ। ਗਹੇ ਬਾਣ ਕਮਾਣ ਭੇ ਐਚ ਮਾਰੇ।

..............................................................................

ਹਰੀਚੰਦ ਕੋਪੇ ਕਮਾਣੰ ਸੰਭਾਰੇ। ਪ੍ਰਥਮ ਬਾਜੀਏ ਤਾਣ ਬਾਣੇ ਪ੍ਰਹਾਰੈ।
ਦੁਤੀਯ ਤਾਕ ਕੇ ਤੀਰ ਮੋਕੋ ਚਲਾਯੰ। ਰਖਿਓ ਦਈਵ ਮੈਂ ਕਾਨ ਛ੍ਵੈਕੇ ਸਿਧਾਯੰ।
ਤ੍ਰਿਤੀਯ ਬਾਣ ਮਾਰਯੋ, ਸੁ ਪੇਟੀ ਮਝਾਰੰ। ਬਿਧਿਅੰ ਚਿਲਕਤੇ ਦੁਆਲ ਪਾਰੇ ਪਧਾਰੰ।

.....................................................................

ਜਬੈ ਬਾਣ ਲਾਗਯੋ। ਤਬੈ ਰੋਸ ਜਾਗਯੋ। ਕਰੰ ਲੈ ਕਮਾਣੰ। ਹਨੰ ਬਾਣ ਭਾਣੰ।
ਹਰੀ ਚੰਦ ਮਾਰੇ। ਸੁ ਜੋਧਾ ਲਤਾਰੇ। ਸੁ ਕਾਰੋੜ ਰਾਯੰ। ਵਹੈ ਕਾਲ ਘਾਯੰ।
ਰਣੰ ਤਿਆਗਿ ਭਾਗੇ। ਸਭੈ ਤ੍ਰਾਸ ਪਾਗੈ। ਭਈ ਜੀਤ ਮੇਰੀ। ਕ੍ਰਿਪਾ ਕਾਲਕੇਰੀ।
ਰਣੰ ਜੀਤਿ ਆਏ ਜਯੰ ਗੀਤ ਗਾਏ। ਸਨੰਧਾਰ ਬਰਖੇ। ਸਬੈ ਸੂਰ ਹਰਖੇ।
ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ।
ਕਾਹਲੂਰ ਮੇ ਬਾਧਿਓ, ਆਨਿ ਅਨੰਦ ਪੁਰ ਗਾਂਵ।[23]

ਪੂਰਵ-ਖਾਲਸੇ ਸਮੇਂ ਵਿੱਚ ਗੁਰੂ ਜੀ ਦੇ ਮੁਗ਼ਲਾਂ ਤੇ ਪਹਾੜੀਆਂ ਨਾਲ ਯੁੱਧ।

ਗੁਰੂ ਸਾਹਿਬ ਤੇ ਸਿੱਖਾਂ ਦਾ ਯੁੱਧ ਕਾਂਗੜੇ ਤੋਂ 30 ਮੀਲ ਦੱਖਣ ਵਿੱਚ ਬਿਆਸ ਦਰਿਆ ਦੇ ਕਿਨਾਰੇ 2 ਚੇਤ 1747 ਬਿਕਰਮੀ (20 ਮਾਰਚ 1691) ਨੂੰ ਨਦੌਣ ਦੇ ਅਸਥਾਨ ਤੇ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਇਸ ਯੁੱਧ ਬਾਰੇ ਅਲਿਫ ਖਾਂ ਵਲੋਂ ਆਪਣੀ ਫੌਜ ਨੂੰ ਛੱਡਣ ਕੇ ਨੱਸ ਜਾਣ ਦਾ ਦ੍ਰਿਸ਼ ਬੜੀ ਜੋਸ਼ੀਲੀ ਕਵਿਤਾ ਵਿੱਚ ਲਿਖਿਆ ਹੈ।

ਅਸਲ ਵਿੱਚ ਇਹ ਲੜਾਈ ਭੀਮਚੰਦ ਦੀ ਅਗਵਾਈ ਵਿੱਚ ਪਹਾੜੀ ਰਾਜਿਆਂ ਤੇ ਮੁਗਲਾਂ ਵਿਚਕਾਰ ਸੀ। ਅਲਿਫ ਖਾਂ, ਰਾਜਾ ਕਿਰਪਾਲ ਤੇ ਰਾਜਾ ਦਿਆਲ ਇਕ ਪਾਸੇ ਸਨ ਤੇ ਦੂਸਰੇ ਪਾਸੇ ਭੀਮ ਚੰਦ ਤੇ ਉਸਦੇ ਸਾਥੀ ਪਹਾੜੀ ਰਾਜੇ। ਗੁਰੂ ਜੀ ਇਸ ਬਾਰੇ ਲਿਖਦੇ ਹਨ ਕਿ ਜਦੋਂ ਮੀਆਂ ਖਾਂ ਜੰਮੂ ਦਾ ਫੌਜਦਾਰ ਬਣਕੇ ਆਇਆ ਤਾਂ ਉਸਨੇ ਅਲਿਫ ਖਾਂ ਨੂੰ ਪਹਾੜੀ ਰਾਜਿਆਂ ਵਿਰੁੱਧ ਭੇਜਿਆ :

ਅਲਿਫ ਖਾਂ ਨਦੌਣ ਪਠਾਵਾ। ਭੀਮਚੰਦ ਤਨ ਬੈਰ ਬਡਾਵਾ।
ਜੁੱਧ ਕਾਜ ਨ੍ਰਿਪ ਹਮੈ ਬੁਲਾਯੋ। ਆਪਿ ਤਵਨ ਕੀ ਓਰ ਸਿਧਾਯੋ।
ਤਹਾਂ ਰਾਜ ਸਿੰਘ ਬਲੀ ਭੀਮ ਚੰਦੇ। ਚੜ੍ਹਿਓ ਰਾਮ ਸਿੰਘ ਮਹਾਂ ਤੇਜਵੰਦੰ।
ਸੁਖਦੇਵ ਗਾਜ਼ੀ, ਜਾਸਰੋਟ ਰਾਜੰ। ਚੜੇ ਕ੍ਰੋਧ ਕੀਨੇ, ਕਰੇ ਸਰਬ ਕਾਜੰ।
ਪ੍ਰਿਥੀ ਚੰਦ ਚਢਿਓ ਡਢੇ ਡਢਵਾਰੰ। ਚਲੇ ਸਿਧ ਹੂਐ ਕਾਜ ਰਾਜੰ ਸੁਧਾਰੰ।

ਇਹਨਾਂ ਦੇ ਟਾਕਰੇ ਤੇ ਅਲਿਫ ਖਾਂ ਦੇ ਸਾਥ ਦੇਣ ਵਾਲੇ ਕ੍ਰਿਪਾਲ ਤੇ ਦਿਆਲ ਸਨ।

ਤਹਾਂ ਬਿਝੜਿਆਲੰ ਹਠਿਐ ਬੀਰ ਦਿਆਲੰ। ਉਠਿਯੋ ਸੈਨ ਲੈ ਸੰਗ ਸਾਰੀ ਕ੍ਰਿਪਾਲੰ।

ਪ੍ਰੰਤੂ ਭੀਮਚੰਦ ਤੇ ਉਹਦੇ ਸਾਥੀਆਂ ਨੇ ਉਹ ਫੌਜ ਘੇਰ ਲਈ :

ਕੋਪ ਭਰੇ ਰਾਜਾ ਸਭੈ, ਕੀਨੋ ਜੁੱਧ ਉਪਾਇ।
ਸੈਨ ਕਟੋਚਨ ਕੀ ਤਬੈ, ਘੇਰ ਲਈ ਅਰ ਰਾਇ।

ਫਿਰ ਅਲਿਫ ਖ਼ਾਂ ਤੇ ਉਹਦੇ ਸਾਥੀ ਪਿੱਛੇ ਹਟ ਗਏ :

ਗਿਰੇ ਬੀਰ ਭੂਮੰ, ਸੇਰੰ ਨਾਗ ਪੇਲੰ। ਰੰਗੇ ਸ੍ਰੋਣ ਬਸਤ੍ਰੰ ਮਨੋ ਫਾਗ ਖੇਲੰ।
ਲੀਯੋ ਜੀਤਿ ਬੈਰੀ ਕੀਆ ਆਨਿ ਡੇਰੰ। ਤੇਊ ਜਾਇ ਧਾਰੰ, ਰਹੇ ਬਾਰਿ ਕੇਰੰ।

ਭਜਯੋ ਅਲਿਫ ਖਾਨੰ, ਨ ਖਾਲਾ ਸੰਭਾਰਿਯੋ।
ਭਜੇ ਔਰ ਬੀਰੰ ਨ ਧੀਰੰ ਬਿਚਾਰਯੰ।

ਗੁਰੂ ਜੀ ਲਿਖਦੇ ਹਨ ਕਿ ਭੀਮਚੰਦ ਨੇ ਸਹਾਇਤਾ ਲਈ ਉਹਨਾਂ ਨੂੰ ਬੁਲਾਇਆ। ਉਹਨਾਂ ਨੇ ਦਿਆਲ ਨੂੰ ਪਾਰ ਬੁਲਾਇਆ। ਕਿਰਪਾਲ ਤੇ ਅਲਿਫ ਖਾਂ ਦੌੜ ਗਏ। ਭੀਮ ਚੰਦ ਤੇ ਉਹਦੇ ਸਾਥੀ ਜਿੱਤ ਗਏ। ਫਿਰ ਗੁਰੂ ਜੀ ਉੱਥੇ ਅੱਠ ਦਿਨ ਬਤੀਤ ਕਰਕੇ ਆਨੰਦਪੁਰ ਆ ਗਏ :

ਨਦੀ ਪੈ ਦਿਨੰ ਅਸਟ ਕੀਨੇ ਮੁਕਾਮੰ। ਭਲੀ ਭਾਂਤ ਦੇਖੇ, ਸਭ ਰਾਜ ਧਾਮੰ।
ਇਤ ਹਮ ਹੋਇ ਬਿਦਾ ਘਰਿ ਆਏ। ਸੁਲਹ ਨਮਿਤ ਵੈ ਉਤਿਹ ਸਿਧਾਏ।[24]

ਨਦੌਣ ਤੋਂ ਆਨੰਦਪੁਰ ਆਉਂਦਿਆਂ ਆਲਸੂਨ ਦੇ ਪਠਾਣਾਂ ਨਾਲ ਗੁਰੂ ਜੀ ਦੀ ਟੱਕਰ ਹੋਈ। ਗੁਰੂ ਜੀ ਭੀਮਚੰਦ ਵਲੋਂ ਮੁਗਲਾਂ ਨਾਲ ਸੁਲਹ ਕਰਕੇ, ਕਰ ਦੇਣਾ ਮੰਨਣ ਤੇ ਖੁਸ਼ ਨਹੀਂ ਸਨ।

ਅਨੰਦਪੁਰ ਪਹੁੰਚ ਕੇ ਗੁਰੂ ਜੀ ਨੇ ਪਹਿਲਾਂ ਵਾਂਗ ਸਿੱਖ ਸੰਗਤ ਦੇ ਇਕੱਠ ਕਰਨੇ ਸ਼ੁਰੂ ਕਰ ਦਿੱਤੇ। ਇਹ ਇਕੱਠੇ ਇਤਨੇ ਭਾਰੀ ਸਨ ਕਿ 1693 ਦੇ ਆਖੀਰ ਵਿੱਚ ਸਰਹਿੰਦ ਦੇ ਖ਼ਬਰ ਨਵੀਸ ਨੇ ਔਰੰਗਜ਼ੇਬ ਨੇ ਇਹਨਾਂ ਇਕੱਠਾਂ ਬਾਰੇ ਦੱਖਣ ਵਿੱਚ ਖਬਰ ਭੇਜੀ, ਜਿਸਨੇ ਸਰਹਿੰਦ ਦੇ ਫੌਜਦਾਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਅਜਿਹੇ ਇਕੱਠ ਨਾ ਹੋਣ।[25]

ਫਿਰ ਇਕ ਮੁਗਲ ਫੌਜ ਕਾਂਗੜਾ ਦੇ ਫੌਜਦਾਰ ਦਿਲਾਵਰ ਖਾਂ ਦੇ ਪੁੱਤਰ ਅਧੀਨ ਰਾਤ ਨੂੰ ਹਮਲਾ ਕਰਨ ਲਈ ਭੇਜੀ ਗਈ। ਪ੍ਰੰਤੂ ਗੁਰੂ ਜੀ ਨੂੰ ਆਲਮ ਸਿੰਘ (ਸਰਦਾਰ ਡਿਉਢੀ) ਨੇ ਜਗਾ ਦਿੱਤਾ। ਰਖਿਆ ਦੀ ਤਿਆਰੀ ਸ਼ੁਰੂ ਹੋ ਗਈ। ਤਿਆਰੀ ਦਾ ਰੌਲਾ-ਗੌਲਾ ਸੁਣ ਕੇ ਕਮਾਂਡਰ ਬੇਹੌਸਲਾ ਹੋ ਗਿਆ। ਉਹ ਬਿਨਾਂ ਲੜਿਆ ਹੀ ਆਨੰਦਪੁਰ ਤੋਂ ਦੌੜ ਗਿਆ। ਗੁਰੂ ਗੋਬਿੰਦ ਸਿੰਘ ਆਪ ਇਸ ਬਾਰੇ ਲਿਖਦੇ ਹਨ—

ਤਬ ਲੈ ਖਾਨ ਦਿਲਾਵਰ ਆਏ। ਪੂਤ ਆਪਨ ਹਮ ਓਰਿ ਪਠਾਏ।
ਦੋਕੁ ਘਰੀ ਬੀਤੀ ਨਿਸਿ ਜਬੈ। ਚੜ੍ਹਤ ਕਰ ਹੀ ਖਾਨਿਨ ਮਿਲਿ ਤਬੈ।
ਜਬਦਲ ਪਾਰ ਨਦੀ ਕੇ ਆਯੋ। ਆਨਿ ਆਲਮੈ ਹਮੈ ਜਗਾਯੋ।
ਸੋਰੁ ਪੂਰਾ ਸਭ ਹੀ ਨਰ ਜਾਗੇ। ਗਹਿ ਗਹਿ ਸਸਤ੍ਰ ਬੀਰ ਰਿਸ ਧਾਗੇ।
ਛੂਟਨ ਲਗੀ ਤੁਫੰਗੰ ਤਬਹੀ। ਗਹਿ ਗਹਿ ਸਸਤ੍ਰ ਰਿਸਾਨੇ ਸਬਹੀ।
ਕ੍ਰੂਰ ਭਾਂਤਿ ਤਿਨ ਕਰੀ ਪੁਕਾਰਾ। ਸੋਰੁ ਸੁਨਾ ਸਰਤਾ ਕੇ ਧਾਰਾ।[26]

ਫਿਰ ਹੁਸੈਨ ਖਾਂ ਮੁਹਿੰਮ ਲੈਕੇ 1695 ਦੇ ਸ਼ੁਰੂ ਸਿਆਲ ਵਿੱਚ ਆਇਆ। ਉਸ ਨੇ 1696 ਵਿੱਚ ਫਰਵਰੀ ਦੇ ਮਹੀਨੇ ਵਿਚ ਗੁਲੇਰ ਦੇ ਰਾਜਾ ਗੁਪਾਲ ਨਾਲ ਯੁੱਧ ਲੜਿਆ। ਗੁਲੇਰ ਦੀ ਸਹਾਇਤਾ ਦਾ ਗੁਰੂ ਜੀ ਨੇ ਸੰਗਤ ਸਿੰਘ ਅਧੀਨ 300 ਸਿੱਖ ਭੇਜ ਕੇ ਕੀਤੀ। ਹੁਸੈਨ ਖਾਂ ਮਾਰਿਆ ਗਿਆ। ਗੁਰੂ ਜੀ ਆਪ ਲਿਖਦੇ ਹਨ :

ਸਹੇ ਬਾਣ ਸੂਹੰ ਸਭ ਆਣ ਢੂਕੇ। ਚਹੂੰ ਓਰਤੈ ਮਾਰ ਹੀ ਮਾਰ ਕੂਕੈ।
ਭਲੀ ਭਾਂਤਿ ਸੇ ਅਸਤ੍ਰ ਅਉ ਸਸਤ੍ਰ ਡਾਰੇ। ਗਿਰੇ ਭਿਸਤਕੋ ਖਾਂ ਹੁਸੈਨੀ ਸਿਧਾਰੇ।[27]

ਫਿਰ ਦਿਲਾਵਰ ਖਾਂ ਨੂੰ ਭੇਜਿਆ। ਉਸਦੀ ਟੱਕਰ ਜਸਵਾਲ ਦੇ ਰਾਜਾ ਗਜ ਸਿੰਘ ਨਾਲ ਹੋਈ ਤੇ ਜੁਝਾਰ ਸਿੰਘ ਤੇ ਉਹਦਾ ਸਹਾਇਕ ਚੰਡੇਲ ਰਾਜਾ ਚੰਦਨ ਰਾਏ ਬੀਰਤਾ ਨਾਲ ਲੜਦੇ ਹੋਏ ਮਾਰੇ ਗਏ। ਇਸ ਤਰ੍ਹਾਂ ਆਨੰਦਪੁਰ ਪਹੁੰਚਣ ਦੇ ਦਿਲਾਵਰ ਖਾਂ ਦੇ ਸਭ ਯਤਨ ਨਿਸਫਲ ਹੋ ਗਏ।

## ਸ਼ਹਿਜ਼ਾਦੇ ਦਾ ਆਗਮਨ

ਜਦੋਂ ਔਰੰਗਜ਼ੇਬ ਨੂੰ ਵਾਰ-ਵਾਰ ਹਾਰਾਂ ਹੋਣ ਦੀਆਂ ਖਬਰਾਂ ਪਹੁੰਚੀਆਂ ਤਾਂ ਉਸਨੇ ਸਖਤ ਕਦਮ ਉਠਾਉਣ ਲਈ ਆਪਣੇ ਪੁੱਤਰ ਨੂੰ ਪੰਜਾਬ ਦੇ ਪਰਬਤੀ ਖੇਤਰ ਵਿੱਚ ਅਮਨ ਕਾਇਮ ਕਰਨ ਲਈ ਨਿਯੁਕਤ ਕਰ ਦਿੱਤਾ। ਸ਼ਹਿਜ਼ਾਦਾ ਆਪ ਤਾਂ ਲਾਹੌਰ ਟਿਕ ਗਿਆ ਤੇ ਉਸਨੇ ਪਹਾੜੀਆਂ ਨੂੰ ਅਧੀਨਗੀ ਮੰਨਾਉਣ ਲਈ ਮਿਰਜ਼ਾ ਬੇਗ ਨੂੰ ਭੇਜਿਆ ਤੇ ਬਦਲੇ ਦੀ ਕਾਰਵਾਈ ਸ਼ੁਰੂ ਹੋ ਗਈ।[28]

ਗੁਰੂ ਜੀ ਨੇ 'ਬਚਿੱਤਰ ਨਾਟਕ' ਵਿੱਚ ਲਿਖਿਆ ਹੈ ਕਿ ਸਭ ਡਰਪੋਕ ਨੱਠ ਗਏ ਤੇ ਪਹਾੜਾਂ ਵਿੱਚ ਜਾ ਲੁਕੇ। ਉਹਨਾਂ ਨੂੰ ਮਿਰਜ਼ਾ ਬੇਗ ਨੇ ਲੁੱਟ ਲਿਆ, ਜੋ ਬੱਚ ਗਏ ਉਹਨਾਂ ਨੂੰ ਮਗਰੋਂ ਚਾਰ ਹੋਰ ਅਧਿਕਾਰੀਆਂ ਨੇ ਕਾਫੀ ਸਖਤੀ ਨਾਲ ਦਬਾਇਆ। ਗੁਰੂ ਜੀ ਨੂੰ ਵੱਖ ਰਹਿਣ ਦਿੱਤਾ ਗਿਆ। ਇੱਕ ਤਾਂ ਉਹ ਆਪ ਵੀ ਉਦਾਰ ਸੀ। ਦੂਸਰਾ ਉਸ ਉੱਪਰ ਗੁਰੂ ਜੀ ਦੇ ਸ਼ਰਧਾਲੂ ਭਾਈ ਨੰਦ ਲਾਲ ਦਾ ਪ੍ਰਭਾਵ ਸੀ ਜਿਸਨੇ ਕਿਹਾ ਕਿ ਸੰਤਾਂ ਨਾਲ ਲੜਾਈ ਕਰਨੀ ਠੀਕ ਨਹੀਂ। ਇਸ ਬਾਰੇ ਬ੍ਰਿਤਾਂਤ ਦੀ ਬਚਿੱਤਰ ਨਾਟਕ 'ਚੋਂ ਪੌੜ੍ਹਤਾ ਹੁੰਦੀ ਹੈ :

ਇਸ ਬਿਧਿ ਸੋ ਬਧ ਭਯੋ ਜੁਝਾਰਾ। ਆਨ ਬਸੇ ਤਬ ਧਾਮਿ ਲੁਝਾਰਾ।
ਤਬ ਆਉਰੰਗ ਮਨ ਮਾਹਿ ਰਿਸਾਵਾ। ਮੱਦ੍ਰ ਦੇਸਕੋ ਪੂਤ ਪਠਾਵਾ।
ਤਿੱਹ ਆਵਤ ਸਭ ਲੋਕ ਡਰਾਨੇ। ਬਟੇ ਬਟੇ ਗਿਰਿ ਹੇਰਿ ਲੁਕਾਨੇ।
ਹਮ ਹੂੰ ਲੋਗਨ ਅਧਿਕ ਡਰਾਯੋ। ਕਾਲ ਕਰਮ ਕੋ ਮਰਮ ਨ ਪਾਯੋ।

.................................................................

ਤਬ ਅਉਰੰਗ ਜੀਅ ਮਾਂਝ ਰਿਸਾਏ। ਏਕ ਅਹਦੀਆ ਈਹਾਂ ਪਠਾਏ।
ਹਮ ਤੇ ਭਾਜਿ ਬਿਮੁਖ ਜੋ ਗਏ। ਤਿਨਕੇ ਧਾਮ ਗਿਰਾਵਤ ਭਏ।
ਜੋ ਅਪਨੇ ਗੁਰ ਤੇ ਮੁਖ ਫਿਰ ਹੈ। ਈਹਾਂ ਊਹਾਂ ਤਿਨ ਕੇ ਗ੍ਰਿਹਿ ਗਿਰਿ ਹੈ।

.................................................................

ਬਾਬੇ ਕੇ ਬਾਬਰ ਕੇ ਦੋਊ। ਆਪ ਕਰੇ ਪਰਮੇਸ਼ਰ ਸੋਊ।
ਦੀਨਸ਼ਾਹ ਇਨਕੋ ਪਹਿਚਾਨੋ। ਦੁਨੀ ਪਤਿ ਉਨਕੋ ਅਨੁਮਾਨੋ।
ਜੋ ਬਾਬੇ ਕੋ ਦਾਮਨ ਦੇ ਹੈਂ। ਤਿਨ ਤੇ ਗਹਿ ਬਾਬਰ ਕੇ ਲੈ ਹੈ।

.................................................................

ਮਿਰਜਾ ਬੇਗ ਹੁਤੋ ਤਿਹ ਨਾਮੰ। ਜਿਨਿ ਢਾਹੇ ਬੇਮੁਖ ਕੇ ਧਾਮੰ।
ਸਭ ਸਨਮੁਖ ਗੁਰ ਆਪ ਬਚਾਏ। ਤਿਨ ਕੇ ਬਾਰ ਨ ਬਾਂਕਨ ਪਾਏ।
ਉਤ ਅਉਰੰਗ ਜੀਅ ਅਧਿਕ ਰਿਸਾਯੋ। ਚਾਰ ਅਹਦੀਯਨ ਅਉਰ ਪਠਾਯੋ।
ਜੋ ਬੇਮੁਖ ਤਾਂ ਤੇ ਬਚਿ ਆਏ। ਤਿਨ ਕੇ ਗ੍ਰਿਹਿ ਧੁਨਿ ਇਨੈ ਗਿਰਾਏ।[29]

ਇਸ ਤਰ੍ਹਾਂ ਗੁਰੂ ਜੀ ਨੂੰ ਸੁਖ-ਚੈਨ ਪ੍ਰਾਪਤ ਹੋ ਗਿਆ ਤੇ ਇਸ ਸਮੇਂ 'ਚ ਉਹਨਾਂ ਨੇ ਖਾਲਸੇ ਦੀ ਸਿਰਜਣਾ ਦਾ ਕਾਰਜ ਕਰ ਲਿਆ।

## ਖਾਲਸੇ ਦੀ ਸਿਰਜਣਾ

ਗੁਰੂ ਜੀ ਦੇ ਜੀਵਨ ਵਿੱਚ ਖਾਲਸੇ ਦੀ ਸਿਰਜਣਾ ਦੇ ਤੁੱਲ ਹੋਰ ਕਈ ਮਹਤੱਤਾ ਭਰਪੂਰ ਘਟਨਾ ਨਹੀਂ ਹੈ।[30] ਪਿਛਲੇ 300 ਸਾਲ ਦੀ ਇਤਿਹਾਸਕਾਰੀ ਦੀ ਪਰੰਪਰਾ, ਇਤਿਹਾਸਕਾਰਾਂ ਵਲੋਂ ਗੁਰੂ ਜੀ ਨੂੰ ਸ਼ਰਧਾ ਦੇ ਪੁਸ਼ਪਾਂ ਦਾ ਢੋਆ ਹੈ। ਇਹ ਸਿੱਖ ਲਹਿਰ ਦੀ ਸਿਖਰ ਸੀ। 1699 ਦੀ ਵੈਸਾਖੀ ਨੂੰ ਗੁਰੂ ਜੀ ਨੇ ਮੁਲਕ ਭਰ ਦੇ ਸਿੱਖਾਂ ਨੂੰ ਆਨੰਦਪੁਰ ਆਉਣ ਲਈ ਹੁਕਮਨਾਮੇ ਭੇਜੇ। ਸਿੱਖਾਂ ਨੂੰ ਕਿਹਾ ਗਿਆ ਕਿ ਉਹ ਕੇਸ ਰੱਖਕੇ ਇਸ ਮੌਕੇ ਤੇ ਪਹੁੰਚਣ। ਉਸ ਮੌਕੇ ਕਾਫੀ ਵੱਡੀ ਗਿਣਤੀ ਵਿੱਚ ਪਹਾੜੀ ਰਾਜੇ ਵੀ ਹਾਜ਼ਰ ਸਨ।[31] 29 ਮਾਰਚ 1699 ਦੀ ਵੈਸਖੀ ਵਾਲੇ ਦਿਨ 80000 ਦੇ ਇਕੱਠ ਨੂੰ ਗੁਰੂ ਜੀ, ਹੱਥ ਵਿੱਚ ਨੰਗੀ ਤਲਵਾਰ ਲੈਕੇ ਸੰਬੋਧਿਤ ਹੋਏ :

"ਕੋਈ ਹੈ ਜੋ ਧਰਮ ਦੀ ਖਾਤਰ ਆਪਣੀ ਜਾਨ ਹਾਜ਼ਰ ਕਰੇਗਾ ?"

ਤੀਸਰੀ ਵਾਰ ਆਵਾਜ਼ ਦੇਣ ਤੇ ਲਾਹੌਰ ਦੇ ਸੋਬਤੀ ਖੱਤਰੀ ਦਇਆ ਰਾਮ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਗੁਰੂ ਜੀ ਨੇ ਉਸਨੂੰ ਬਾਂਹੋਂ ਪਕੜਿਆ ਤੇ ਤੰਬੂ 'ਚ ਲੈ ਗਏ। ਉਹ ਲਹੂ ਭਿੱਜੀ ਤਲਵਾਰ ਲੈਕੇ ਬਾਹਰ ਨਿਕਲੇ ਤੇ ਫਿਰ ਪਹਿਲਾਂ ਵਾਂਗ ਹੀ ਵਾਰ ਵਾਰ ਸਿਰਾਂ ਦੀ ਮੰਗ ਕੀਤੀ। ਫਿਰ ਦੁਆਰਕਾ ਦਾ ਧੋਬੀ ਮੁਹਕਮ ਚੰਦ, ਬਿਦਰ ਦਾ ਨਾਈ ਸਾਹਿਬ ਚੰਦ, ਹਸਤਨਾਪੁਰ ਦਾ ਜੱਟ ਧਰਮਦਾਸ ਤੇ ਜਗਨਾਥ ਪੁਰੀ ਦਾ ਝੀਵਰ ਹਿੰਮਤਚੰਦ ਵਾਰੀ-ਵਾਰੀ ਉੱਠ ਖੜੇ ਹੋਏ ਤੇ ਆਪਣਾ ਆਪਣਾ ਸੀਸ ਅਰਪਣ ਕੀਤਾ।[32]

ਖੁਸ਼ਵੰਤ ਸਿੰਘ ਲਿਖਦਾ ਹੈ, "ਉਸ ਨੇ ਨਵੇਂ ਹੀ ਢੰਗ ਨਾਲ ਅੰਮ੍ਰਿਤ ਛਕਾਇਆ। ਉਸਨੇ ਪਾਣੀ 'ਚ ਖੰਡ ਮਿਲਾਕੇ ਉਸਨੂੰ ਖੰਡੇ ਨਾਲ ਹਿਲਾਇਆ ਤੇ ਆਪਣੀਆਂ ਰਚਨਾਵਾਂ ਸਮੇਤ ਬਾਣੀ ਦਾ ਪਾਠ ਕੀਤਾ। ਉਹ ਪੰਜ ਜੋ ਵੱਖ-ਵੱਖ ਜਾਤੀਆਂ ਦੇ ਸਨ ਉਹ੍ਨਾਂ ਨੂੰ ਇੱਕ ਹੀ ਪਿਆਲੇ ਚੋਂ ਅੰਮ੍ਰਿਤ ਜਲ ਛਕਾ ਕੇ ਖਾਲਸਾ ਰੂਪੀ ਜਾਤ-ਬਿਰਾਦਰੀ ਰਹਿਤ ਭਾਈਚਾਰੇ ਦਾ ਅੰਗ ਬਣਾ ਦਿੱਤਾ।[33] ਉਹਨਾਂ ਨੇ ਫਿਰ ਉਹਨਾਂ ਨੂੰ ਇਕ ਤਰ੍ਹਾਂ ਦੇ ਕੇਸਰੀ ਵਸਤਰਾਂ ਵਿੱਚ ਸਜਾਕੇ, ਸਿਰ ਤੇ ਦਸਤਾਰਾਂ ਬੰਨ੍ਹ ਕੇ ਲੱਕ ਪਾਸੇ ਕਿਰਪਾਨਾਂ ਪਹਿਨਾਕੇ ਤੰਬੂ ਤੋਂ ਬਾਹਰ ਲਿਆਂਦਾ। ਉਹਨਾਂ ਨੂੰ ਪੰਜ ਚਿੰਨ੍ਹ ਜਾਂ ਕਕਾਰ ਦਿੱਤੇ ਗਏ। ਉਹਨਾਂ ਨੂੰ ਕੇਸ ਰੱਖਣ ਤੇ ਕੰਘਾ ਕਰਨ, ਕੱਛਾ ਪਹਿਨਣ, ਸੱਜੀ ਕਲਾਈ ਵਿੱਚ ਲੋਹੇ ਦਾ ਕੜਾ ਪਾਉਣ ਤੇ ਸਦਾ ਹੀ ਕਿਰਪਾਨ ਪਾਉਣ ਦੇ ਆਦੇਸ਼ ਦਿੱਤੇ ਗਏ।

ਉਹਨਾਂ ਨੂੰ ਸਰੀਰ ਦੇ ਕਿਸੇ ਵੀ ਹਿੱਸੇ ਤੋਂ ਰੋਮ ਕੱਟਣ ਦੀ ਮਨਾਹੀ ਕੀਤੀ ਗਈ,

ਉਹਨਾਂ ਨੂੰ ਤੰਬਾਕੂ ਨੋਸੀ ਜਾਂ ਕਿਸੇ ਵੀ ਨਸ਼ੇ ਦੀ ਵਰਤੋਂ ਕਰਨ ਤੇ ਹਲਾਲ ਖਾਣ ਤੋਂ ਅਤੇ ਮੁਸਲਮਾਨ ਇਸਤਰੀ ਦਾ ਸੰਗ ਕਰਨ ਤੋਂ ਵਰਜਿਤ ਕੀਤਾ ਗਿਆ। ਉਹਨਾਂ ਨੇ ਸਿੱਖਾਂ ਨੂੰ ਮਸੰਦਾਂ, ਰਾਮਰਈਆਂ, ਧੀਰਮੱਲੀਆਂ ਤੇ ਮੀਣਿਆਂ ਨਾਲ ਵਰਤੋਂ ਵਿਹਾਰ ਤੇ ਰੋਕ ਦਿੱਤਾ।

ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਪਿੱਛੋਂ ਗੋਬਿੰਦ ਰਾਏ ਨੇ ਉਹਨਾਂ ਨੂੰ ਆਖਿਆ ਕਿ ਉਹ ਉਸਨੂੰ ਅੰਮ੍ਰਿਤ ਛਕਾ ਕੇ ਨਵੇਂ ਪੰਥ 'ਚ ਰਲਾ ਲੈਣ। ਗੁਰੂ ਉਹਨਾਂ ਤੋਂ ਵੱਖਰਾ ਉਚੇਰਾ ਨਹੀਂ ਸੀ, ਸਗੋਂ ਖਾਲਸਾ ਪੰਥ 'ਚ ਅਭੇਦ ਹੋ ਗਿਆ। ਜਦੋਂ ਗੁਰੂ ਜੀ ਨੇ ਸੰਗਤ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ ਤਾਂ ਬਹੁਤ ਸਾਰੇ ਬ੍ਰਾਹਮਣ ਤੇ ਖੱਤਰੀ ਉੱਠ ਖੜੇ ਹੋਏ ਤੇ ਉਹਨਾਂ ਕਿਹਾ ਕਿ ਉਹਨਾਂ ਨੂੰ ਗੁਰੂ ਸਾਹਿਬ ਦਾ ਚਲਾਇਆ ਹੋਇਆ ਧਰਮ ਤਾਂ ਪਰਵਾਨ ਹੈ ਪ੍ਰੰਤੂ ਉਹ ਅਜਿਹਾ ਧਰਮ ਸਵੀਕਾਰ ਨਹੀਂ ਕਰਨਗੇ ਜਿਹੜਾ ਵੇਦਾਂ ਤੇ ਸ਼ਾਸਤਰਾਂ ਦੀ ਸਿੱਖਿਆ ਦੇ ਵਿਰੁੱਧ ਹੈ। ਜਾਤ-ਪਾਤ ਗ੍ਰਸੇ ਹਿੰਦੂ ਸਮਾਜ ਨੇ ਨਵੇਂ ਧਰਮ ਨੂੰ ਅਪਣਾਉਣ ਤੋਂ ਨਾਂਹ ਕਰ ਦਿੱਤੀ। ਅੱਸੀ ਹਜ਼ਾਰ ਦੇ ਇਕੱਠ 'ਚੋਂ ਵੀਹ ਹਜਾਰ ਨੇ ਗੁਰੂ ਜੀ ਦੇ ਇਲਾਹੀ ਆਦਰਸ਼ ਵਾਲੇ ਧਰਮ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਤੇ ਉਹਨਾਂ ਨੂੰ ਹੀ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ।

ਨਵੀਂ ਲਹਿਰ ਦਾ ਪ੍ਰਭਾਵ ਵੀ ਬਿਜਲੀ ਦੇ ਲਿਸ਼ਕਾਰੇ ਵਾਂਗ ਪਿਆ। ਇਸ ਪਿੱਛੋਂ ਸਾਰੇ ਉੱਤਰੀ ਭਾਰਤ ਵਿੱਚ ਅੰਮਿਤ ਛਕਾਉਣ ਦੀ ਪ੍ਰਕ੍ਰਿਆ ਆਰੰਭ ਹੋ ਗਈ। ਪੰਜਾਬ ਦੇ ਕਾਇਰ ਤੇ ਡਰਪੋਕ ਕਿਸਾਨਾਂ ਵਿੱਚ ਗੁਰੂ ਜੀ ਨੇ ਇਹ ਗੱਲ ਭਰਦਿੱਤੀ ਕਿ ਉਹ ਗਿਆਨ ਦੀ ਖੜਗ ਨਾਲ ਕਾਇਰਤਾ ਦੀ ਗੰਦਗੀ ਨੂੰ ਹੂੰਝ ਦੇਣ। ਕੁਝ ਹੀ ਮਹੀਨਿਆਂ ਵਿੱਚ ਦਾੜ੍ਹੀ ਕੇਸਾਂ ਵਾਲੀ ਦਸਤਾਰ ਧਾਰਨ ਵਾਲੀ, ਤੇ ਕਿਰਪਾਨ ਸਜਾਈ ਹੋਈ ਤੇ ਧਰਮਯੁੱਧ ਦੇ ਜੋਸ਼ ਨਾਲ ਭਰਪੂਰ ਕੌਮ ਦਾ ਨਿਰਮਾਣ ਹੋ ਗਿਆ। ਉਹਨਾਂ ਦਾ ਭਾਈ ਨੰਦ ਲਾਲ ਦੇ ਇਸ ਦੋਹਿਰੇ ਤੇ ਵਿਸ਼ਵਾਸ ਨਿਹਤ ਹੋ ਗਿਆ :

ਰਾਜ ਕਰਕੇ ਗਾ ਖਾਲਸਾ ਆਕੀ ਰਹਹਿ ਨ ਕੋਇ।
ਖ੍ਵਾਰ ਹੋਇ ਸਭ ਮਿਲੈਂਗੇ, ਬਚਿਹ ਸ਼ਰਨ ਜੋ ਹੋਇ।[33]

ਖ਼ਬਰ ਨਵੀਸ ਨੇ ਬਾਦਸ਼ਾਹ ਨੂੰ ਇਸ ਤਰ੍ਹਾਂ ਖ਼ਬਰ ਭੇਜੀ :

"ਉਸਨੇ ਜ਼ਾਤ ਪਾਤ ਤੇ ਰੀਤੀ ਰਿਵਾਜ ਸਮਾਪਤ ਕਰ ਦਿੱਤੇ ਹਨ : ਪੁਰਾਣੇ ਕਰਮ-ਕਾਂਡਾਂ ਤੇ ਹਿੰਦੂਆਂ ਦੇ ਵਹਿਮਾਂ ਭਰਮਾਂ ਨੂੰ ਖਤਮ ਕਰਕੇ ਉਹਨਾਂ ਨੂੰ ਇੱਕ ਪੰਥ ਦੇ ਸੂਤਰ ਵਿੱਚ ਪਰੋਅ ਦਿੱਤਾ ਹੈ। ਹੁਣ ਨਾ ਕੋਈ ਉੱਚਾ ਤੇ ਨਾਂ ਹੀ ਕੋਈ ਨੀਵਾਂ ਹੋਵੇਗਾ। ਸਾਰੀਆਂ ਜਾਤਾਂ ਦੇ ਲੋਕ ਇੱਕੋ ਭਾਂਡੇ 'ਚੋਂ ਭੋਜਨ ਖਾਣਗੇ। ਭਾਵੇਂ ਕੱਟੜ ਪੰਥੀਆਂ ਨੇ ਉਸਦੀ ਵਿਰੋਧਤਾ ਕੀਤੀ ਹੈ, ਫਿਰ ਵੀ ਵੀਹ ਹਜ਼ਾਰ ਆਦਮੀਆਂ ਤੇ ਇਸਤਰੀਆਂ ਨੇ ਉਸਦੇ ਹੱਥੋਂ ਪਹਿਲੇ ਦਿਨ ਹੀ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਹੈ। ਗੁਰੂ ਜੀ ਨੇ ਇਕੱਠੀ ਹੋਈ ਸੰਗਤ ਨੂੰ ਇਹ ਵੀ ਕਿਹਾ, "ਚਿੜੀਓਂ ਸੇ ਮੈਂ ਬਾਜ਼ ਤੁੜਾਊਂ, ਸਵਾ ਲਾਖ ਸੇ ਏਕ ਲੜਾਊਂ ਤਬੇ ਮੈਂ ਗੋਬਿੰਦ ਸਿੰਘ ਨਾਮ ਕਹਾਊਂ।"[35]

ਆਪਣੇ ਖੇਤਰ ਵਿੱਚ ਇਸ ਨਵੇਂ ਵੱਡੇ ਤੇ ਆਕ੍ਰਮਕ ਸਮਾਜ ਦੀ ਉਸਾਰੀ ਨੇ ਪਹਾੜੀ

ਰਾਜਿਆਂ ਵਿੱਚ ਘਬਰਾਹਟ ਪੈਦਾ ਕਰ ਦਿੱਤੀ। ਉਹ ਗੁਰੂ ਗੋਬਿੰਦ ਸਿੰਘ ਦੇ ਲਹੂ ਦੇ ਪਿਆਸੇ ਹੋ ਗਏ ਤੇ ਉਹਨਾਂ ਨੇ ਸਿੱਖ ਪੰਥ ਦੀ ਬਰਬਾਦੀ ਕਰਨ ਦਾ ਫ਼ੈਸਲਾ ਕਰ ਲਿਆ ਜਿਸ ਨੂੰ ਉਹ ਵਰਨ ਆਸ਼ਰਮ ਧਰਮ ਦਾ ਦੁਸ਼ਮਣ ਖਿਆਲ ਕਰਦੇ ਸਨ। ਇਸਦੇ ਉਪਰੰਤ, ਭੀਮਚੰਦ ਵੀ, ਜਿਸ ਦੇ ਇਲਾਕੇ ਵਿੱਚ ਆਨੰਦਪੁਰ ਸੀ, ਮੁਗਲ ਹਕੂਮਤ ਦੇ ਗੁੱਸੇ ਤੋਂ ਵੀ ਡਰਨ ਲੱਗਾ। ਇਸ ਤਰ੍ਹਾਂ ਟੱਕਰ ਲਾਜ਼ਮੀ ਤੇ ਅਟੱਲ ਹੋ ਗਈ। ਇਸ ਦੇ ਫਲਸਰੂਪ ਉੱਤਰ-ਖਾਲਸਾ ਸਮੇਂ ਦੇ ਯੁੱਧ ਹੋਏ।

### ਉੱਤਰ ਖਾਲਸਾ ਸਮੇਂ ਵਿੱਚ ਆਨੰਦਪੁਰ, ਚਮਕੌਰ ਤੇ ਮੁਕਤਸਰ ਦੇ ਯੁੱਧ

ਪਹਾੜੀ ਰਾਜੇ, ਭੀਮਚੰਦ ਦੀ ਅਗਵਾਈ ਵਿੱਚ ਇਕੱਠੇ ਹੋਕੇ ਗੁਰੂ ਜੀ ਨੂੰ ਆਨੰਦ ਪੁਰ ਦੇ ਕਿਲ੍ਹੇ 'ਚੋਂ ਜ਼ਬਰਦਸਤੀ ਕੱਢਣ ਲਈ ਤਿਆਰ ਹੋ ਗਏ। ਪ੍ਰੰਤੂ 1700 ਤੋਂ 1704 ਤੱਕ ਵਾਰ ਵਾਰ ਉਹਨਾਂ ਦੇ ਹਮਲੇ ਠੁੱਸ ਹੋਏ। ਫਿਰ ਉਹਨਾਂ ਨੇ ਦਿੱਲੀ ਸਰਕਾਰ ਦੀ ਸਹਾਇਤਾ ਮੰਗੀ। ਮੁਹੰਮਦ ਕਾਸਿਮ ਨੇ ਇਬਰਤ ਨਾਮੇ ਵਿੱਚ ਪਹਾੜੀ ਰਾਜਿਆਂ ਨੂੰ "ਇਸਾਇ-ਮਰਜ਼" (ਭਾਵ ਉਹ ਲੋਕ ਜੋ ਸੌੜੇ ਨਿੱਜੀ ਹਿੱਤਾ ਜਾਂ ਲਾਲਚ ਤੋਂ ਪ੍ਰੇਰਿਤ ਹੋਣ) ਕਿਹਾ ਹੈ। ਦਿੱਲੀ ਸਰਕਾਰ ਨੇ ਉਹਨਾਂ ਨੂੰ ਫੌਜੀਆਂ ਦੀ ਤਨਖਾਹ ਦੇ ਇਵਜ਼ ਸਹਾਇਤਾ ਦੀ ਪੇਸ਼ਕਸ਼ ਕੀਤੀ। ਰਾਜਿਆਂ ਨੇ ਇਹ ਸ਼ਰਤ ਪਰਵਾਨ ਕਰ ਲਈ। ਪਹਾੜੀ ਰਾਜਿਆਂ ਨੇ ਪੈਂਦੇ ਖਾਂ ਤੇ ਦੀਨ ਬੇਗ ਦੀ ਸਹਾਇਤਾ ਨਾਲ 10 ਹਜ਼ਾਰ ਫੌਜੀ ਲੈਕੇ ਹਮਲਾ ਕੀਤਾ ਪ੍ਰੰਤੂ ਗੁਰੂ ਜੀ ਨੇ ਉਹਨਾਂ ਦੀ ਸੈਨਾ ਨੂੰ 25 ਜੂਨ 1700 ਈਸਵੀ (ਸਾਵਨ ਦੀ 6, ਬਿਕਰੀ ਸੰਮਤ 1757) ਨੂੰ ਖਦੇੜ ਦਿੱਤਾ।[36]

ਉਹਨਾਂ ਨੇ ਫਿਰ ਤਾਰਾ ਗੜ੍ਹ ਕਿਲੇ ਉੱਪਰ ਹੱਲਾ ਬੋਲ ਦਿੱਤਾ। ਸਿੱਖਾਂ ਨੇ ਬੇਮਿਸ਼ਾਲ ਬਹਾਦਰੀ ਦੇ ਜ਼ੌਹਰ ਦਿਖਾਏ। ਬਚਿੱਤਰ ਸਿੰਘ ਨਸ਼ੇ 'ਚ ਪਾਗਲ ਹਾਥੀ ਦੇ ਜੋ ਕਿ ਲੋਹ ਸ਼ਸਤਰਾਂ ਨਾਲ ਬਕਤਰਬੰਦ ਸੀ, ਐਸਾ ਨੇਜ਼ਾ ਮਾਰਿਆ ਕਿ ਉਹ ਚੀਕਾਂ ਮਾਰਦਾ ਤੇ ਪਹਾੜੀ ਰਾਜਿਆਂ ਦੀ ਆਪਣੀ ਹੀ ਫੌਜ ਨੂੰ ਲਿਤਾੜਦਾ ਪਿੱਛੇ ਨੂੰ ਭੱਜ ਪਿਆ ਤੇ ਉਦੈ ਸਿੰਘ ਨੇ ਜਸਵਾਲ ਦੇ ਰਾਜਾ ਕੇਸਰੀ ਚੰਦ ਦਾ ਸਿਰ ਲਾਹ ਦਿੱਤਾ। ਉਹਨਾਂ ਨੇ ਜੰਗ ਵਿੱਚ ਕਾਂਗੜਾ ਦੇ ਰਾਜਾ ਘੁਮੰਡ ਚੰਦ ਨੂੰ ਵੀ ਮਾਰ ਮੁਕਾਇਆ।

ਹੁਣ ਪਹਾੜੀ ਰਾਜਿਆਂ ਨੇ ਚਾਲਾਕੀ ਦੀ ਵਰਤੋਂ ਕੀਤੀ। ਉਹਨਾਂ ਨੂੰ ਯਕੀਨ ਸੀ ਕਿ ਜਦ ਤੱਕ ਸਿੱਖ ਅਨੰਦਪੁਰ ਦੇ ਕਿਲਿਆਂ ਵਿੱਚ ਹਨ, ਉਹਨਾਂ ਨੂੰ ਹਾਰ ਨਹੀਂ ਦਿੱਤੀ ਜਾ ਸਕਦੀ। ਉਹਨਾਂ ਨੇ ਗਊ ਤੇ ਜਨੇਊ ਦੀ ਸਹੁੰ ਖਾਧੀ ਤੇ ਗੁਰੂ ਜੀ ਨੇ ਵੀ ਸਥਿਤੀ ਨੂੰ ਸ਼ਾਂਤ ਕਰਨ ਲਈ ਕੁਝ ਸਮੇਂ ਲਈ ਆਨੰਦਪੁਰ ਤੋਂ ਚਲੇ ਜਾਣ ਦੀ ਸਹਿਮਤੀ ਪ੍ਰਗਟ ਕਰ ਦਿੱਤੀ। ਉਹ ਆਨੰਦਪੁਰ ਤੋਂ ਕੁਝ ਮੀਲ ਦੂਰ ਕੀਰਤਪੁਰ ਨੇੜੇ ਨਿਰਮੋਹ ਗੜ੍ਹ ਦੀ ਪਹਾੜੀ ਤੇ ਚਲੇ ਗਏ।

ਪਹਾੜੀ ਰਾਜਿਆਂ ਨੇ ਕਹਿਲੂਰ ਦੇ ਰਾਜਾ ਅਜਮੇਰ ਚੰਦ ਦੀ ਅਗਵਾਈ ਵਿੱਚ ਅਕਤੂਬਰ 1700 ਈਸਵੀ ਨੂੰ ਗੁਰੂ ਜੀ ਨੂੰ ਨਿੱਧਰੀ ਤੇ ਖੁਲ੍ਹੀ ਥਾਂ ਤੇ ਟਿਕਿਆ ਵੇਖਕੇ ਨਿਰਮੋਹ ਗੜ੍ਹ ਦੀ ਪਹਾੜੀ ਤੇ ਜਾ ਘੇਰਾ ਪਾਇਆ। ਉਹਨਾਂ ਨੇ ਸਰਹਿੰਦ ਦੇ ਸੂਬੇਦਾਰ ਦੀ

ਸਹਾਇਤਾ ਵੀ ਪ੍ਰਾਪਤ ਕਰ ਲਈ, ਜਿਸਨੇ ਫੌਜ ਦੇ ਕੇ ਰੁਸਤਮ ਖਾਂ ਨੂੰ ਭੇਜਿਆ। ਜੰਗ ਦੋ ਦਿਨ ਚੱਲੀ ਜਿਸ ਵਿੱਚ ਰੁਸਤਮ ਖਾਂ ਤੇ ਉਸਦਾ ਭਰਾ ਨਸੀਰ ਖਾਂ ਮਾਰੇ ਗਏ।

ਹੁਣ ਗੁਰੂ ਜੀ ਨੂੰ ਬਾਸੋਲੀ ਦੇ ਰਾਜੇ ਸੁਲਹੀ ਚੰਦ ਨੇ ਆਪਣੀ ਰਿਆਸਤ ਵਿੱਚ ਆਕੇ ਦਰਸ਼ਨ ਦੇਣ ਤੇ ਠਹਿਰਣ ਲਈ ਸਦਵਾ ਲਿਆ। ਬਾਸੋਲੀ ਦਾ ਰਾਜਾ ਅਜਮੇਰ ਚੰਦ ਦੇ ਸੌਗੰਧਾਂ ਤੋੜਨ ਕਰਕੇ ਵਿਰੋਧ ਕਰ ਰਿਹਾ ਸੀ। ਗੁਰੂ ਜੀ 15 ਕੁ ਦਿਨ ਬਾਸੋਲੀ ਦੇ ਰਾਜੇ ਕੋਲ ਰਹਿ ਕੇ ਆਨੰਦਪੁਰ ਮੁੜ ਆਏ। ਪ੍ਰੰਤੂ ਅਜਮੇਰ ਚੰਦ ਗੁਰੂ ਗੋਬਿੰਦ ਸਿੰਘ ਨੂੰ ਖਤਮ ਕਰਨ ਦੇ ਹਰ ਮੌਕੇ ਦੀ ਤਾੜ 'ਚ ਰਹਿੰਦਾ ਸੀ। ਉਸ ਨੇ ਹੰਡੂਰ ਆਦਿ ਦੇ ਪਹਾੜੀ ਰਾਜਿਆਂ ਦੀ ਸਹਾਇਤਾ ਨਾਲ ਦਸੰਬਰ 1703 ਤੇ ਇੱਕ ਮਾਰਚ 1704 ਵਿੱਚ ਅਚਾਨਕ ਹਮਲੇ ਕੀਤੇ। ਦੋਹਾਂ ਹੀ ਝੜੱਪਾਂ ਵਿੱਚ ਪਹਾੜੀ ਰਾਜਿਆਂ ਨੂੰ ਹਾਰ ਹੋਈ।

ਗੁਰੂ ਜੀ ਦੀ ਸਫਲਤਾ ਦੀ ਖ਼ਬਰ ਸੁਣ ਕੇ ਹੋਰ ਜ਼ਿਆਦਾ ਸਿੱਖ ਆਉਣੇ ਸ਼ੁਰੂ ਹੋ ਗਏ। ਵਧੇਰੇ ਲੋਕਾਂ ਦੇ ਆਉਣ ਨਾਲ ਆਨੰਦਪੁਰ 'ਚ ਰਸਦ ਪਾਣੀ ਦੀ ਸਮੱਸਿਆ ਪੈਦਾ ਹੋ ਗਈ। ਉਹਨਾਂ ਨੂੰ ਗੁਆਂਢੀ ਪਿੰਡਾਂ ਉੱਤੇ ਭੋਜਨ ਚਾਰੇ ਲਈ ਹੱਲੇ ਕਰਨੇ ਪਏ। ਉਹ ਗੁਰੂ ਜੀ ਦੇ ਸਾਮ੍ਹਣੇ ਬੇਬਸ ਸਨ। ਪਹਾੜੀ ਰਾਜਿਆਂ ਨੇ ਮੁਗਲਾਂ ਦੇ ਅਧੀਜ ਹੋਣ ਦੇ ਨਾਤੇ, ਸ਼ਾਹੀ ਸਹਾਇਤਾ ਦੀ ਮੰਗ ਕੀਤੀ। ਸ਼ਾਹੀ ਸੈਨਾ ਨੇ ਗੁਰੂ ਗੋਬਿੰਦ ਸਿੰਘ ਵਿਰੁੱਧ ਚੜ੍ਹਾਈ ਕੀਤੀ ਤੇ ਆਨੰਦਪੁਰ ਨੂੰ ਘੇਰਾ ਪਾ ਲਿਆ। ਇਹ ਘੇਰਾ 3 ਮਈ ਤੋਂ 4 ਦਸੰਬਰ 1705 ਭਾਵ 5 ਜੇਠ ਬਿਕਰਮੀ ਤੋਂ 5 ਪੋਹ 1762 ਤੱਕ ਚੱਲਿਆ।[37]

ਕਈ ਮਹੀਨੇ ਗੁਰੂ ਜੀ ਨੇ ਬਾਰ ਬਾਰ ਹੱਲਿਆਂ ਦਾ ਟਾਕਰਾ, ਭੋਜਨ ਰਸਦ ਦੀ ਘਾਟ ਦੇ ਬਾਵਜੂਦ, ਬੜੇ ਸਾਹਸ ਨਾਲ ਕੀਤਾ। ਕਿਲੇ ਅੰਦਰ ਘਿਰੇ ਲੋਕਾਂ ਨੂੰ ਬੜੇ ਸੰਕਟ 'ਚੋਂ ਲੰਘਣਾ ਪਿਆ ਤੇ ਘੇਰੀ ਬੈਠੇ ਮੁਸਲਮਾਨ, ਸਿੱਖਾਂ ਦੀ ਟਾਕਰਾ ਸ਼ਕਤੀ ਨੂੰ ਵੇਖ ਬੜੇ ਗੁੱਸੇ ਵਿੱਚ ਖਿਝੇ ਹੋਏ ਸਨ। ਆਖਰ ਜਦੋਂ ਸੁਰਖਿਅਤ ਲਾਂਘੇ ਦੀ ਪੇਸ਼ਕਸ਼ ਕੀਤੀ ਗਈ ਤਾਂ ਗੁਰੂ ਜੀ ਨੇ ਆਨੰਦਪੁਰ ਖਾਲੀ ਕਰ ਦਿੱਤਾ।

ਪਰ ਜਿਉਂ ਹੀ ਸਿੱਖ ਤੇ ਗੁਰੂ ਜੀ ਆਨੰਦਪੁਰੋਂ ਨਿਕਲੇ ਤਾਂ ਪਹਾੜੀ ਰਾਜਿਆਂ ਤੇ ਉਹਨਾਂ ਦੇ ਮੁਗ਼ਲ ਸਾਥੀਆਂ ਨੇ ਪੂਰੀ ਤਾਕਤ ਨਾਲ ਹੱਲਾ ਬੋਲ ਦਿੱਤਾ। ਇਸ ਅਫਰਾਤਫਰੀ ਵਿੱਚ ਬਹੁਤ ਸਾਰੇ ਸਿੱਖ ਮਾਰੇ ਗਏ ਤੇ ਗੁਰੂ ਦਾ ਬਹੁਤ ਸਾਰਾ ਸਾਮਾਨ ਤੇ ਕੀਮਤੀ ਖਰੜੇ ਗੁੰਮ ਹੋ ਗਏ। ਗੁਰੂ ਜੀ ਆਪ 40 ਮੀਲ ਦੂਰ ਆਨੰਦਪੁਰ ਤੋਂ ਦੱਖਣ ਪੂਰਬ ਵੱਲ ਮਸਾਂ ਹੀ 40 ਕੁ ਸਿੰਘਾਂ ਨਾਲ ਜਾ ਸਕੇ। ਸ਼ਾਹੀ ਟਿੱਬੀ ਦੇ ਅਸਥਾਨ ਤੇ ਗੁਰੂ ਜੀ ਨੇ ਭਾਈ ਉਦੈ ਸਿੰਘ ਨੂੰ 50 ਸਿੰਘ ਦੇ ਕੇ ਵੈਰੀ ਦੀ ਹੱਲਾ ਕਰ ਰਹੀ ਸੈਨਾ ਨੂੰ ਰੋਕਣ ਲਈ ਨਿਯੁਕਤ ਕੀਤਾ।

ਉਹਨਾਂ ਨੇ ਬਚਿੱਤਰ ਸਿੰਘ ਨੂੰ ਵੀ 100 ਸਿੰਘ ਦੇ ਕੇ ਵਧ ਰਹੀ ਮੁਗਲ ਸੈਨਾ ਵਿਰੁੱਧ ਨਿਯੁਕਤ ਕੀਤਾ ਜੋ ਸਿਰਸਾ ਨਦੀ ਪਾਰ ਕਰ ਰਹੀਆਂ ਸਨ। ਏਥੇ ਹੀ ਜੀਵਨ ਸਿੰਘ ਬੁੱਧਵਾਰ ਵਾਲੇ ਦਿਨ ਰਾਜਾ ਅਜਮੇਰ ਚੰਦ ਵਿਰੁੱਧ ਲੜਦਾ ਹੋਇਆ ਸ਼ਹੀਦ ਹੋ ਗਿਆ।[38]

ਚਮਕੌਰ ਵਿੱਚ 40 ਭੁੱਖੇ ਸਿੱਖਾਂ, ਗੁਰੂ ਗੋਬਿੰਦ ਸਿੰਘ ਦੇ ਦੋ ਸਾਹਿਬਜ਼ਾਦਿਆਂ- ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਵੀਰ-ਗਾਥਾ ਗੁਰੂ ਗੋਬਿੰਦ ਸਿੰਘ ਜੀ ਨੇ, ਔਰੰਗਜ਼ੇਬ

ਨੂੰ ਜ਼ਫਰਨਾਮੇ ਵਿੱਚ ਇਸ ਤਰ੍ਹਾਂ ਲਿਖੀ ਹੈ :

ਕਸੇ ਕੌਲ-ਇ ਕੁਰਮਾਂ ਕੁਨਦ ਏਤਬਾਰ।
ਹਮਾ ਰੋਜ਼ਿ ਆਖਿਰ, ਸਵਦ ਮਰਦ ਖ਼ੁਆਰ।

(ਜੇ ਮੈਂ ਤੇਰੀ ਕੁਰਾਨ ਦੀ ਕਸਮ ਤੇ ਯਕੀਨ ਨ ਕਰਦਾ ਤਾਂ ਮੇਰੇ ਸਿੱਖਆਂ ਦੀ ਖ਼ੁਆਰੀ ਨ ਹੁੰਦੀ)

ਗੁਰਸਨਾ ਚਿਹ ਕਾਰੇ ਕੁਨਦ ਚਿਹਲ ਨਰ
ਕਿ ਦਹ ਲਕ ਬਰਾਯਦ ਬਗੋ ਬੇਖਬਰ

(ਚਾਲੀ ਭੁੱਖੇ, ਲੱਖਾਂ ਦੀ ਵਹੀਰ ਸਾਮ੍ਹਣੇ ਕੀ ਕਰਦੇ ?)

ਬ-ਲਾਚਾਰਗੀ ਦਰਮਿਆਂ ਆਮਦਮ
ਬ-ਤਬਬੀਦ ਤੀਰੋ ਕਮਾਂ ਆਮਦਮ
ਚੂੰ ਕਾਰ ਅਜ਼ ਹੀਲਤੋ ਦਰ ਗੁਜ਼ਸਤ
ਹਲਾਲ ਅਸਤ ਬੁਰਦਨ ਬ ਸਸ਼ੀਰ ਦਸਤ।

(ਮੈਂ ਮਜਬੂਰ ਹੋਕੇ ਸ਼ਸਤਰ ਫੜ ਕੇ ਮੈਦਾਨ 'ਚ ਆਇਆ ਕਿਉਂਕਿ ਜਦੋਂ ਸਾਰੇ ਯਤਨ ਨਿਸਫਲ ਹੋ ਜਾਣ ਤਾਂ ਤਲਵਾਰ ਉਠਾਉਣੀ ਜਾਇਜ਼ ਹੈ)

ਬਰੰਗ ਮਗਸ ਸਿਆਹ ਪੋਸ ਆਮਦੰਦ
ਕਿ ਬਕ ਬਾਰਗੀ ਦਰ ਖਰੋਸ ਆਮਦੰਦ

(ਕਾਲੀ ਵਰਦੀ ਪਹਿਣ ਕੇ ਤੇਰੀ ਫੌਜ ਨੇ ਮੱਧੂ-ਮੱਖੀਆਂ ਦੇ ਝੁੰਡ ਵਾਂਗ ਸਾਨੂੰ ਘੇਰਾ ਪਾ ਲਿਆ।)

ਚੁ ਦੀਦਮ ਕਿ ਨਾਹਰ ਬਿਆਮਦ ਬਜੰਗ।
ਚਸੀਦਾਹ ਯਕੇ ਤੀਰ ਮਨ ਬੇਦਰੰਗ।
ਕਿ ਅਫਗਾਨਿ ਦੀਗਰ ਬਆਮਦ ਬਜੰਗ।
ਚੂ ਸੈਲਿ ਹਵਾਂ ਹਮਚੂ ਤੀਰੋ ਤੁਫੰਗ।
ਕਿ ਆਂ ਖ੍ਵਾਜਾ ਮਰਦੂਦ ਸਾਯਾ ਏ ਦੀਵਾਰ।
ਨਯਾਮਦ ਬਮੈਦਾਂ ਬਮਰਦਾਨਾ ਵਾਰ।
ਹਮ ਆਖ਼ਿਰ ਚਿਹ ਮਰਦੀ ਕੁਨਦ ਕਾਰਜ਼ਾਰ।
ਕਿ ਬਰ ਚਿਹਲਤਨ ਆਯਦਸ ਬੇਸ਼ੁਮਾਰ।

(ਜਦੋਂ ਨਾਹਰ ਮੈਦਾਨ 'ਚ ਆ ਗਿਆ ਤੇ ਤੀਰ ਮਾਰ ਕੇ ਉਸਨੂੰ ਮੈਂ ਖ਼ਤਮ ਕਰ ਦਿੱਤਾ। ਫਿਰ ਇੱਕ ਹੋਰ ਮੁਗਲ ਆ ਗਿਆ ਜੋ ਗੋਲੀ ਦਾ ਨਿਸ਼ਾਨਾ ਬਣਿਆ। ਖਵਾਜਾ ਮਰਦੂਦ ਜ਼ਫਰ ਬੇਗ, ਕੰਧ ਦੇ ਓਹਲ ਹੀ ਡਰ ਕੇ ਲੁਕਿਆ ਰਿਹਾ। ਪਰ ਲੜਾਈ 'ਚ ਇਕੱਲੀ ਬੀਰਤਾ ਕੀ ਕਰੇ ਜੇ ਕਰ ਚਾਲੀਆਂ ਨੂੰ ਬੇਸ਼ੁਮਾਰ ਘੇਰ ਲੈਣ।[39]

ਚਮਕੌਰ ਵਿੱਚ ਗੁਰੂ ਜੀ ਦੇ ਸਾਹਿਬਜ਼ਾਦੇ ਤੇ ਸਾਰੇ ਸਿੱਖ (ਸਿਰਫ ਪੰਜਾਂ ਤੋਂ ਬਿਨਾਂ) 7 ਦਸੰਬਰ 1705 ਨੂੰ ਸ਼ਹੀਦ ਹੋ ਗਏ। ਪੰਜ ਬਚੇ ਸਿੱਖਾਂ ਨੇ ਗੁਰੂ ਜੀ ਨੂੰ ਉਥੋਂ ਜਾਣ ਦਾ ਹੁਕਮ

ਦੇ ਦਿੱਤਾ ਤਾਂ ਜੋ ਖਾਲਸੇ ਨੂੰ ਮੁੜ ਜੱਥੇਬੰਦ ਕੀਤਾ ਜਾ ਸਕੇ। ਗੁਰੂ ਜੀ ਤੇ ਤਿੰਨ ਸਿੱਖ ਬਚਕੇ ਮਾਛੀਵਾੜੇ ਵੱਲ ਚਲੇ ਗਏ ਤੇ ਉਥੋਂ ਮਾਲਵੇ ਦੇ ਲੱਖੀ ਜੰਗਲ ਵੱਲ ਨਿਕਲ ਗਏ। ਉਸਦੇ ਦੋ ਮੁਸਲਮਾਨ ਸ਼ਰਧਾਲੂਆਂ ਗਨੀ ਖਾਂ ਤੇ ਨਬੀ ਖਾਂ ਨੇ ਖਤਰਾ ਸਹੇੜ ਕੇ ਵੀ ਗੁਰੂ ਸਾਹਿਬ ਦੀ ਬਚ ਕੇ ਨਿਕਲ ਜਾਣ ਵਿੱਚ ਸਹਾਇਤਾ ਕੀਤੀ।

ਗੁਰੂ ਜੀ ਦਾ ਪਰਿਵਾਰ ਪਹਿਲਾਂ ਹੀ ਸਿਰਸਾ ਨਦੀ ਪਾਰ ਕਰਨ ਸਮੇਂ ਵਿਛੜ ਗਿਆ ਸੀ। ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਨੂੰ ਦਿੱਲੀ ਸਿੱਖਾਂ ਨਾਲ ਚਲੇ ਗਏ ਤੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ (ਜ਼ੋਰਾਵਰ ਸਿੰਘ (1695-1705) ਤੇ ਫਤਿਹ ਸਿੰਘ (1699-1705) ਨੂੰ ਘਰੇਲੂ ਨੌਕਰ ਗੰਗੂ ਨੇ ਸਰਹਿੰਦ ਦੇ ਫੌਜਦਾਰ ਦੇ ਹਵਾਲੇ ਕਰਕੇ ਦਗਾ ਕਮਾਇਆ। ਫੌਜਦਾਰ ਨੇ 13 ਦਸੰਬਰ 1705 ਨੂੰ ਸਾਹਿਬਜ਼ਾਦੇ ਕਤਲ ਕਰਵਾ ਦਿੱਤੇ ਤੇ ਉਸੇ ਦਿਨ ਉਹਨਾਂ ਦੀ ਦਾਦੀ ਵੀ ਅਕਾਲ ਚਲਾਣਾ ਕਰ ਗਈ। ਉਧਰ ਗੁਰੂ ਗੋਬਿੰਦ ਸਿੰਘ ਰਾਏ ਕੋਟ ਆਪਣੇ ਇੱਕ ਸ਼ਰਧਾਲੂ ਰਾਏ ਕਲ੍ਹਾ ਕੋਲ ਪਹੁੰਚੇ ਜਿੱਥੇ ਉਸਨੇ ਉਹਨਾਂ ਨੂੰ ਦੀਨਾ ਪਹੁੰਚਣ 'ਚ ਸਹਾਇਤਾ ਕੀਤੀ। ਦੀਨੇ ਤੋਂ ਗੁਰੂ ਜੀ ਨੇ 'ਜ਼ਫਰਨਾਮਾ' ਲਿਖਕੇ ਭਾਈ ਦਇਆ ਸਿੰਘ ਤੇ ਧਰਮ ਸਿੰਘ ਨੂੰ ਔਰੰਗਜ਼ੇਬ ਕੋਲ ਭੇਜਿਆ ਜੋ ਉਸ ਸਮੇਂ ਦੱਖਣ ਦੇ ਸ਼ਹਿਰ ਅਹਿਮਦਨਗਰ ਸੀ।

ਦੀਨਾਂ ਤੋਂ ਗੁਰੂ ਗੋਬਿੰਦ ਸਿੰਘ ਨੇ ਪੱਛਮ ਵੱਲ ਰਸਤਾ ਲਿਆ ਤੇ ਮੁਗਲ ਉਹਨਾਂ ਦੀ ਪੈੜ ਕੱਢਦੇ ਮਗਰ ਚੜ੍ਹੇ ਆ ਰਹੇ ਸਨ। ਆਖਿਰ ਉਹ ਖਿਦਰਾਣੇ ਦੀ ਢਾਬ ਤੇ ਆਖਰੀ ਟାਕਰੇ ਲਈ ਮੋਰਚਾ ਮੱਲ ਕੇ ਬੈਠ ਗਏ। ਮੁਕਤਸਰ ਦਾ ਯੁੱਧ ਜੋ 29 ਦਸੰਬਰ 1705 ਨੂੰ ਲੜਿਆ ਗਿਆ ਬੜਾ ਭਿਆਨਕ ਸੀ ਤੇ ਜਾਨ ਦੀ ਬਾਜ਼ੀ ਲਾ ਕੇ ਲੜਿਆ ਗਿਆ ਸੀ। ਮੁਗਲ ਭਾਰੀ ਗਿਣਤੀ ਦੇ ਬਾਵਜੂਦ ਗੁਰੂ ਜੀ ਨੂੰ ਨਾ ਹਾਰ ਦੇ ਸਕੇ, ਨਾ ਗ੍ਰਿਫਤਾਰ ਕਰ ਸਕੇ ਤੇ ਆਖਿਰ ਉਹਨਾਂ ਨੂੰ ਮੁੜਨਾ ਪਿਆ। ਇਸ ਲੜਾਈ 'ਚ ਅਨੰਦਪੁਰ ਦੇ ਲੰਬੇ ਘੇਰੇ 'ਚੋਂ ਬੇਦਾਵਾ ਦੇਕੇ ਆਏ 40 ਸਿੰਘਾਂ ਨੇ ਇੱਕ ਵੀਰਾਂਗਣ ਮਾਈ ਭਾਗੋ ਦੀ ਅਗਵਾਈ ਵਿੱਚ ਲੜਾਈ ਲੜੀ।[40] ਉਹਨਾਂ ਸ਼ਹਾਦਤ ਦੇ ਕੇ ਬੇਦਾਵਾ ਪੜਵਾਕੇ ਮੁਕਤੀ ਪ੍ਰਾਪਤ ਕਰ ਲਈ। ਉਹਨਾਂ ਨੇ ਗੁਰੂ ਜੀ ਦੇ ਟਿਕਾਣੇ ਵੱਲ ਆਪਣੀ ਸ਼ਹਾਦਤ ਦੇ ਕੇ ਮੁਗਲ ਸੈਨਾ ਦੀ ਪੇਸ਼ ਕਦਮੀ ਰੋਕੀ। ਉਹ ਸਥਾਨ ਗੁਰੂ ਜੀ ਤੇ ਸਿੱਖਾਂ ਦੀ ਯਾਦ ਵਿੱਚ ਅਦੁੱਤੀ ਜਿੱਤ ਦਾ ਲਖਾਇਕ ਬਣ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਬੇਦਾਵਾ ਪਾੜ੍ਹ ਦਿੱਤਾ ਤੇ ਸਭ ਨੂੰ ਬਖਸ਼ ਦਿੱਤਾ। ਉਹ ਸਭ ਮੁਕਤ ਹੋ ਗਏ। ਉਸ ਦਿਨ ਤੋਂ ਉਹ ਸਥਾਨ 'ਮੁਕਤਸਰ' ਕਰਕੇ ਪ੍ਰਸਿੱਧ ਹੋ ਗਿਆ।

ਗੁਰੂ ਜੀ ਨੇ ਲਗਭਗ ਇੱਕ ਸਾਲ ਮੁਕਤਸਰ ਦੇ ਨੇੜੇ-ਤੇੜੇ ਬਤੀਤ ਕੀਤਾ ਤੇ ਫਿਰ ਤਲਵੰਡੀ ਸਾਬੋ ਨੂੰ ਟਿਕਾਣਾ ਬਣਾਇਆ। ਉੱਥੇ ਉਹ ਆਪਣੇ ਸ਼ਿਸ਼ ਤੇ ਸ਼ਰਧਾਲੂ ਭਾਈ ਮਨੀ ਸਿੰਘ ਦੀ ਸਹਾਇਤਾ ਨਾਲ ਆਦਿ ਗ੍ਰੰਥ ਦੀ ਆਖਰੀ ਬੀੜ ਤਿਆਰ ਕਰਵਾਉਣ ਵਿੱਚ ਰੁੱਝ ਗਏ।

ਦਮਦਮਾ ਸਾਹਿਬ ਵਿੱਚ ਗੁਰੂ ਜੀ ਨੇ ਬਾਦਸ਼ਾਹ ਕੋਲ ਆਪਣੇ ਸਿੱਖਾਂ ਰਾਹੀਂ ਜ਼ਫਰਨਾਮਾ

ਦੇ ਉੱਤਰ ਦੀ ਉਡੀਕ ਕੀਤੀ ਜਿਸ ਵਿੱਚ ਬਾਦਸ਼ਾਹ ਨੂੰ ਉਸਦੇ ਅਧਿਕਾਰੀਆਂ ਤੇ ਖਾਸ ਕਰਕੇ ਵਜ਼ੀਰ ਖਾਂ ਫੌਜਦਾਰ ਸਰਹਿੰਦ ਦੇ ਵਿਸ਼ਵਾਸਘਾਤ ਬਾਰੇ ਲਿਖਿਆ ਗਿਆ ਸੀ। ਉਸਦੇ ਦੂਤ ਦੱਖਣ ਵਿੱਚ ਜਾ ਕੇ ਬਾਦਸ਼ਾਹ ਨੂੰ ਪੱਤਰ ਦੇਣ ਵਿੱਚ ਸਫਲ ਹੋ ਗਏ। ਔਰੰਗਜ਼ੇਬ ਤੇ ਸਾਫ ਪ੍ਰਭਾਵ ਪਿਆ ਤੇ ਪੱਤਰ ਪੜ੍ਹਕੇ ਉਸ ਨੇ ਹੁਕਮ ਜਾਰੀ ਕਰ ਦਿੱਤੇ ਕਿ ਗੁਰੂ ਜੀ ਨੂੰ ਅੱਗੇ ਤੋਂ ਤੰਗ ਪ੍ਰੇਸ਼ਨਾ ਨਾ ਕੀਤਾ ਜਾਵੇ।[41]

ਔਰੰਗਜ਼ੇਬ ਨੇ ਲਾਹੌਰ ਦੇ ਗਵਰਨਰ ਮੁਨੀਮ ਖਾਂ ਪਾਸ ਏਲਚੀ ਭੇਜੇ ਕਿ ਉਹ ਗੁਰੂ ਜੀ ਨਾਲ ਸੁਲਹ ਰੱਖੇ ਤੇ ਉਸਨੂੰ ਪ੍ਰੇਰਿਤ ਕਰੇ ਤਾਂ ਜੋ ਉਹ ਬਾਦਸ਼ਾਹ ਨਾਲ ਮੁਲਾਕਾਤ ਲਈ ਰਾਜ਼ੀ ਹੋ ਜਾਵੇ। ਅਕਤੂਬਰ 1706 ਵਿੱਚ ਗੁਰੂ ਜੀ ਨੇ ਬਾਦਸ਼ਾਹ ਨੂੰ ਨਿੱਜੀ ਤੌਰ ਤੇ ਮਿਲਣ ਦਾ ਨਿਰਣਾ ਕਰ ਲਿਆ।[42]

ਗੁਰੂ ਗੋਬਿੰਦ ਸਿੰਘ ਤਲਵੰਡੀ ਸਾਬੋ 20 ਜਨਵਰੀ 1706 ਨੂੰ ਪਹੁੰਚੇ ਸਨ ਤੇ ਦੱਖਣ ਲਈ ਉਹ ਅਕਤੂਬਰ 1706 ਨੂੰ ਤੁਰ ਪਏ ਸਨ। ਉਹ ਅਜੇ ਰਾਜਸਥਾਨ ਦੇ ਸ਼ਹਿਰ ਬਘੌਰ ਪਾਸ ਪਹੁੰਚੇ ਹੀ ਸਨ ਕਿ ਉਹਨਾਂ ਨੂੰ ਅਹਿਮਦ ਨਗਰ ਵਿੱਚ 20 ਫਰਵਰੀ 1707 ਨੂੰ ਔਰੰਗਜ਼ੇਬ ਦੀ ਮ੍ਰਿਤੂ ਦੀ ਖਬਰ ਮਿਲ ਗਈ।

ਗੁਰੂ ਜੀ ਹੁਣ ਸ਼ਾਹਜਹਾਨ ਬਾਦ ਵੱਲ ਮੁੜ ਗਏ। ਔਰੰਗਜ਼ੇਬ ਦੇ ਪੁੱਤਰਾਂ ਵਿੱਚ ਉਤਰਾਧਿਕਾਰਤਾ ਦੇ ਯੁੱਧ ਵਿੱਚ ਗੁਰੂ ਜੀ ਨੇ ਸ਼ਹਿਜ਼ਾਦਾ ਮੁਅਜ਼ੱਮ ਦੀ ਸਹਾਇਤਾ ਲਈ ਸਿੱਖ ਬਹਾਦਰਾਂ ਦਾ ਦਲ ਭੇਜਿਆ।

ਬਹਾਦਰਸ਼ਾਹ ਨੇ ਇਹ ਯੁੱਧ 8 ਜੂਨ 1707 ਨੂੰ ਜਜਾਓ ਦੇ ਅਸਥਾਨ ਤੇ ਜਿੱਤ ਲਿਆ। ਨਵੇਂ ਬਾਦਸ਼ਾਹ ਨੇ ਗੁਰੂ ਜੀ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਇਹ ਮੁਲਾਕਾਤ 23 ਜੁਲਾਈ 1707 ਈ. ਨੂੰ ਹੋਈ।

ਗੁਰੂ ਗੋਬਿੰਦ ਸਿੰਘ ਜੀ ਦਾ ਨਿੱਘਾ ਸੁਆਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਧੁਖਧੁਖੀ ਤੇ 60000 ਰੁਪੈ ਦੇ ਤੁਹਫੇ ਦਿੱਤੇ ਗਏ।[43] ਗੁਰੂ ਗੋਬਿੰਦ ਸਿੰਘ ਆਗਰੇ ਚਾਰ ਮਹੀਨੇ ਰਹੇ ਪ੍ਰੰਤੂ ਬਾਦਸ਼ਾਹ ਨੇ ਗੁਰੂ ਜੀ ਖ਼ਾਤਰ ਵਜ਼ੀਰ ਖਾਂ ਵਿਰੁੱਧ ਕੋਈ ਕਾਰਵਾਈ ਨ ਕੀਤੀ ਤੇ ਗੁਰੂ ਜੀ ਰਾਜਪੂਤਾਨੇ ਵੱਲ ਚੱਲ ਪਏ। ਬਹਾਦਰਸ਼ਾਹ ਦੱਖਣ ਵੱਲ ਆਪਣੇ ਭਰਾ ਕਾਮਬਖਸ਼ ਦਾ ਵਿਦ੍ਰੋਹ ਦਬਾਉਣ ਲਈ ਤੁਰ ਪਿਆ। ਗੁਰੂ ਗੋਬਿੰਦ ਸਿੰਘ ਤੇ ਉਹਨਾਂ ਦਾ ਦਲ ਵੀ ਦੱਖਣ ਵੱਲ ਚੱਲ ਪਏ। ਉਹ ਸਤੰਬਰ 1707 ਨੂੰ ਗੋਦਾਵਰੀ ਦੇ ਕਿਨਾਰੇ ਨੰਦੇੜ ਪਹੁੰਚੇ। ਬਹਾਦੁਰ ਸ਼ਾਹ ਹੋਰ ਦੱਖਣ ਵੱਲ ਅੱਗੇ ਚਲਾ ਗਿਆ ਤੇ ਗੁਰੂ ਗੋਬਿੰਦ ਸਿੰਘ ਨੇ ਨੰਦੇੜ ਠਹਿਰਨ ਦਾ ਫੈਸਲਾ ਕਰ ਲਿਆ। ਉੱਥੇ ਉਹਨਾਂ ਨੇ ਇੱਕ ਬਰਾਗੀ ਮਾਧੋਦਾਸ ਨੂੰ ਅੰਮ੍ਰਿਤ ਛਕਾ ਕੇ ਆਪਣਾ ਚੇਲਾ ਬਣਾਇਆ ਤੇ ਉਸਦਾ ਨਾਮ ਗੁਰਬਖਸ਼ ਸਿੰਘ ਰੱਖਿਆ ਜਿਸ ਨੂੰ ਆਮ ਕਰਕੇ ਬੰਦਾ ਸਿੰਘ ਹੀ ਕਿਹਾ ਗਿਆ। ਫਿਰ ਗੁਰੂ ਜੀ ਨੇ ਬੰਦਾ ਸਿੰਘ ਨੂੰ ਪੰਜਾਬ ਭੇਜਣ ਤੇ ਪੰਜਾਬ ਦੇ ਜਾਲਮ ਫੌਜਦਾਰਾਂ ਵਿਰੁੱਧ ਮੁਹਿੰਮ ਚਲਾਉਣ ਦਾ ਹੁਕਮ ਦੇ ਦਿੱਤਾ।

ਸਰਹਿੰਦ ਦਾ ਨਵਾਬ ਵਜ਼ੀਰ ਖਾਂ ਗੁਰੂ ਗਬਿੰਦ ਸਿੰਘ ਪ੍ਰਤੀ ਬਾਦਸ਼ਾਹ ਦੇ ਮੈਤਰੀ ਭਾਵ ਦੇ ਵਤੀਰੇ ਤੋਂ ਬਹੁਤ ਚਿੰਤਿਤ ਸੀ। ਉਸਨੇ ਆਪਣੇ ਦੋ ਵਿਸ਼ਵਾਸ ਪਾਤਰਾਂ ਨੂੰ ਗੁਰੂ

ਸਾਹਿਬ ਦੇ ਕਤਲ ਦਾ ਕਾਰਜ ਸੌਂਪਿਆ ਤਾਂ ਜੋ ਗੁਰੂ ਜੀ ਦੀ ਨਾਲ ਬਾਦਸ਼ਾਹ ਨਾਲ ਵਧਦੀ ਨੇੜਤਾ ਕਾਰਨ ਉਸਨੂੰ ਕੋਈ ਨੁਕਸਾਨ ਨਾ ਪਹੁੰਚੇ। ਗੁਰੂ ਜੀ ਉਪਰ ਦੋ ਪਠਾਨਾਂ ਨੇ ਹਮਲਾ ਕੀਤਾ। ਇੱਕ ਨੂੰ ਤਾਂ ਗੁਰੂ ਜੀ ਨੇ ਆਪ ਮਾਰ ਮੁਕਾਇਆ ਤੇ ਦੂਸਰਾ ਸਿੱਖਾਂ ਨੇ ਰੌਲ਼ਾ ਸੁਣ ਕੇ ਆ ਕੇ ਤਲਵਾਰਾਂ ਮਾਰ-ਮਾਰ ਕੇ ਕਤਲ ਕਰ ਦਿੱਤਾ।

ਗੁਰੂ ਜੀ ਦਾ ਫੱਟ ਪੂਰੀ ਤਰ੍ਹਾਂ ਠੀਕ ਨਾ ਹੋਇਆ। ਉਹ 7 ਅਕਤੂਬਰ 1708 (ਕਾਰਤਿਕ ਸੁਦੀ 5, 1765 ਬਿਕਰਮੀ ਨੂੰ ਜੋਤੀ ਜੋਤ ਸਮਾ ਗਏ।)

ਇਸ ਤਰ੍ਹਾਂ ਇੱਕ ਦਰਜਨ ਜੰਗਾਂ ਦੇ ਵਿਜੈਤਾ ਇਤਿਹਾਸ ਦਾ ਅੰਗ ਬਣ ਗਏ। ਇੱਕ ਅਦੁੱਤੀ ਬਹਾਦਰ, ਜੋ ਆਪਣੇ ਜੀਵਨ ਵਿੱਚ ਵੀ ਉੱਘਾ ਹੋ ਗਿਆ ਸੀ ਤੇ ਜਿਸ ਨੇ ਇਕ ਕੌਮ ਦਾ ਨਿਰਮਾਣ ਕੀਤਾ ਸੀ ਉਹ ਭਵਿੱਖ ਵਿੱਚ ਵੀ ਗ਼ਰੀਬਾਂ ਦਾ ਪੱਥ ਪਰਦਰਸ਼ਕ ਬਣ ਗਿਆ। ਨਿਰਸੰਦੇਹ, ਉਹ ਪੰਜਾਬੀਆਂ ਲਈ ਚਾਨਣ-ਮੁਨਾਰਾ ਸੀ। ਉਹ ਅਤਿ ਸੁੰਦਰ ਯੋਧਾ ਸੀ ਜਿਸਦੇ ਘੋੜਸਵਾਰੀ, ਤਲਵਾਰਬਾਜ਼ੀ ਤੇ ਨਿਸ਼ਾਨੇਬਾਜੀ ਦੇ ਕਾਰਨਾਮਿਆਂ ਨੇ ਉਹਨਾਂ ਨੂੰ ਪੰਜਾਬੀਆਂ ਵਿੱਚ ਲੋਕ-ਪ੍ਰਿਯ ਬਣਾ ਦਿੱਤਾ, ਜਿਹੜੇ ਸਰੀਰਕ ਸੂਰਬੀਰਤਾ ਦੇ ਪ੍ਰਸੰਸਕ ਹਨ।

ਉਹ ਅਦੁੱਤੀ ਜੋਧਾ ਸੀ ਜਿਸਦੀ ਸ਼ਕਤੀ ਤੇ ਬੀਰਤਾ ਦੇ ਚਰਚੇ ਵਧਦੇ ਗਏ ਤੇ ਉਹ ਆਪਣੇ ਯੁੱਗ ਦੇ ਦੈਵੀ ਪੁਰਸ਼ ਪ੍ਰਸਿੱਧ ਹੋ ਗਏ।[44]

## ਹਵਾਲੇ ਅਤੇ ਟਿੱਪਣੀਆਂ


1. ਸ਼ਬਦਾਰਥ ਦਸਮ ਗ੍ਰੰਥ ਸੰਪਾਦਕ ਭਾਈ ਰਣਧੀਰ ਸਿੰਘ, ਪੰਜਾਬੀ ਯੂ: ਪਟਿਆਲਾ, ਜਿਲਦ-I, ਪੰ: 127
2. ਵਾਰਾਂ ਭਾਈ ਗੁਰਦਾਸ, ਪੰਨਾ 442
3. ਵਾਰਾਂ ਭਾਈ ਗੁਰਦਾਸ (ਸ਼੍ਰੋ: ਗੁ. ਪ੍ਰਬੰਧਕ ਕਮੇਟੀ) ਪੰ: 440-42)
4. ਜੀ.ਐਸ. ਪੰਦਹੋਲ, ਪੰ: 24
5. ਮੈ.ਏ. ਮੈਕਾਲਿਫ ਦੀ ਸਿੱਖ ਰਿਲੀਜ਼ਨ, ਭਾਗ-V-VI, ਪੰ: 152
6. ਭਾਈ ਨੰਦ ਲਾਲ, ਤਨਖਾਹ ਨਾਮ, ਹਵਾਲਾ ਰਹਿਤਨਾਮੇ, ਪੰ: 59
7. ਕਨਿੰਘਮ, ਸਿੱਖ ਇਤਿਹਾਸ ਪੰ:-66
8. ਵਾਰਾਂ ਭਾਈ ਗੁਰਦਾਸ, ਵਾਰ 41 ਪਉੜੀ 15, 16, 17 ਪੰ: 440-442
9. ਡਾ. ਗੋਕਲ ਚੰਦ ਨਾਰੰਗ, ਟ੍ਰਾਂਸਫਾਰਮੇਸ਼ਨ ਆਫ ਸਿੱਖਇਜ਼ਮ, ਕਲਯਾਨੀ ਪਬਲਿਸ਼ਰਜ਼, ਲੁਧਿਆਣਾ, 1989, ਪੰ: 98
10. ਜੀ.ਐਸ. ਪੰਦੋਹਲ ਜ਼ਫਰਨਾਮਾ, ਪੰ: 51-52, ਸ਼ਿਅਰ 100-101
11. ਦਸਮ ਗ੍ਰੰਥ, ਭਾਗ-III, ਪੰ: 1021
12. ਜੀ,ਐਸ. ਪੰਦੋਹਲ, ਜ਼ਫ਼ਰਨਾਮਾ, ਪੰ: 14
13. ਭਾਈ ਰਣਧੀਰ ਸਿੰਘ (ਸੰਪਾਦਿਤ) ਦਸਮ ਗ੍ਰੰਥ, ਭਾਗ-I, ਪੰ: 3

14. ਭਾਈ ਨੰਦ ਲਾਲ, ਗੰਜਨਾਮਾ, (ਹਵਾਲਾ ਜ਼ਫਰਨਾਮਾ ਸੰਪਾਦਿਤ ਡਾ. ਗੁਰਦੇਵ ਸਿੰਘ ਪੰਦੋਲ੍ਹ, ਪੰ: 39-40)
15. ਭਾਈ ਰਣਧੀਰ ਸਿੰਘ (ਸੰ:) ਦਸਮ ਗ੍ਰੰਥ, ਪੋਥੀ-I, ਪੰ: 74
16. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ: 1105
17. ਦਸਮ ਗ੍ਰੰਥ, ਪੋਥੀ-II ਪੰ: 798, ਪਦ ਨੰ: 2429
18. ਗੋਬਿੰਦ ਰਾਏ ਦੀ ਜਨਮ ਮਿਤੀ ਬਾਰੇ ਭਿੰਨ-ਭਿੰਨ ਵਿਚਾਰ ਹਨ। ਪਿਆਰਾ ਸਿੰਘ ਪਦਮ (ਸੰਖੇਪ ਸਿੱਖ ਇਤਿਹਾਸ, ਪੰ: 60), 18 ਦਸੰਬਰ 1661 ਪੋਹ ਸੁਦੀ ਸਤਵੀਂ, 1718 ਬਿਕ੍ਰਮੀ ਸੰਮਤ ਲਿਖਦੇ ਹਨ। ਭੱਟਵਹੀਂ ਮੁਲਤਾਨੀ ਸਿੰਧੀ, ਰਹਿਤਨਾਮਾ ਹਜ਼ੂਰੀ (ਰਹਿਤਨਾਮੇ, ਪੰ: 99) ਕੇਸਰ ਸਿੰਘ (ਬੰਸਾਵਲੀ ਨਾਮਾ ਪਾਤਸ਼ਾਹੀ 10 ਪੰ: 99) ਸ੍ਰੀ ਰਾਮ ਸੁਖ ਰਾਇ, (ਜੱਸਾ ਸਿੰਘ ਬਿਨੋਦ, ਪੰ: 27 ਖਰੜਾ). ਸਰੂਪ ਸਿੰਘ ਕੌਸ਼ਿਸ਼ (ਗੁਰੂ ਕੀਆਂ ਸਾਖੀਆਂ ਪੰ: 58) ਵੀ ਇਹੋ ਮਿਤੀ ਪਰਵਾਨ ਕਰਦੇ ਹਨ। ਪ੍ਰੰਤੂ ਬਹੁਤ ਵੱਡੀ ਗਿਣਤੀ ਵਿੱਚ ਪ੍ਰਸਿੱਧ ਇਤਿਹਾਸਕਾਰ ਜਿਵੇਂ ਡਾ. ਗੰਡਾ ਸਿੰਘ (ਇਨਸਾਈਕਲੋਪੀਡੀਆ ਆਫ ਸਿੱਖਇਜ਼ੱਮ ਪੰ: 88) ਤੇ ਗੰਡਾ ਸਿੰਘ ਤੇਜਾ ਸਿੰਘ (ਸੰਖੇਪ ਸਿੱਖ ਇਤਿਹਾਸ, ਪੰ: 72) ਡਾ. ਗੋਪਾਲ ਸਿੰਘ, (ਸਿੱਖ ਕੌਮ ਦਾ ਇਤਿਹਾਸ,ਸ ਪੰ: 262) ਖੁਸ਼ਵੰਤ ਸਿੰਘ (ਸਿੱਖ ਇਤਿਹਾਸ, ਪੰ: 72) ਡਾ. ਤਿਰਲੋਚਨ ਸਿੰਘ, (ਗੁਰੂ ਗੋਬਿੰਦ ਸਿੰਘ, ਪੰ: 1) ਤੇ ਰਿਵਾਇਤ ਦਸੰਬਰ 22, 1666 ਦੇ ਹੱਕ ਵਿੱਚ ਹਨ ਤੇ ਇਹੋ ਸਹੀ ਪਰਵਾਨ ਕੀਤੀ ਜਾਂਦੀ ਹੈ।
19. ਖਾਲਸਾ ਦੀ ਸਿਰਜਣਾ ਤੋਂ ਪਹਿਲਾਂ ਗੋਬਿੰਦ ਸਿੰਘ ਦਾ ਨਾਮ ਗੋਬਿੰਦ ਰਾਏ ਜਾਂ ਗੋਬਿੰਦ ਦਾਸ ਕਰਕੇ ਹੀ ਪ੍ਰਸਿੱਧ ਸੀ।
20. ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰ: 49
21. ਗੁਰੂ ਗੋਬਿੰਦ ਸਿੰਘ, ਬਚਿੱਤਰ ਨਾਟਕ (ਸਬਦਾਰਥ ਦਸਮ ਗ੍ਰੰਥ ਸਾਹਿਬ, ਜਿਲਦ-1, ਸੰਪ: ਭਾਈ ਰਣਧੀਰ ਸਿੰਘ, ਪੰ: 70)
22. ਹਰਬੰਸ ਸਿੰਘ (ਸੰਪ:) ਦੀ ਇਨਸਾਈਕਲੋਪੀਡੀਆ ਆਫ ਸਿਖਇੱਜ਼ਮ (ਡਾ. ਗੰਡਾ ਸਿੰਘ ਦਾ ਇੰਦਰਾਜ, ਪੰ: 89 ਤੇ ਡਾ. ਜਗਤਾਰ ਸਿੰਘ ਗਰੇਵਾਲ, ਪੰਜਾਬ ਦੇ ਸਿੱਖ, ਪੰ: 74 ਲੜਾਈ ਦਾ ਸਾਲ 1688 ਦਿੰਦੇ ਹਨ ਪਰ ਡਾ. ਗੰਡਾ ਸਿੰਘ ਆਪਣੀ ਪੁਸਤਕ, ਸਿੱਖ ਇਤਿਹਾਸ ਪੰ: 66 ਤੇ ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ ਪੰਨਾ 78 ਵਿੱਚ ਲੜਾਈ ਦਾ ਸਾਲ 1686 ਲਿਖਦੇ ਹਨ।
23. ਭਾਣੀ ਰਣਧੀਰ ਸਿੰਘ, ਦਸਮ ਗ੍ਰੰਥ ਪੋਥੀ, ਪੰ: 77-79
24. ਉਹੀ, ਪੰ: 80-81
25. ਡਾ. ਜਗਤਾਰ ਸਿੰਘ ਗਰੇਵਾਲ, ਪੰਜਾਬ ਦੇ ਸਿੱਖ, ਪੰ: 74
26. ਭਾਈ ਰਣਧੀਰ ਸਿੰਘ, ਦਸਮ ਗ੍ਰੰਥ, ਪੰ: 82
27. ਉਹੀ, ਪੰ: 27

28. ਇੰਦੂ ਭੂਸ਼ਨ ਬਨਰਜੀ, ਖਾਲਸ ਦਾ ਵਿਕਾਸ ਭਾਗ-II, ਪੰ: 50
29. ਭਾਈ ਰਣਧੀਰ ਸਿੰਘ (ਸੰਪਾ.) ਦਸਮ ਗ੍ਰੰਥ ਭਾਗ-I, ਪੰ: 89-90
30. ਜੇ.ਐਸ. ਗਰੇਵਾਲ, ਗੁਰੂ ਨਾਨਕ ਤੋਂ ਮਹਾਰਾਜਾ ਰਣਜੀਤ ਸਿੰਘ ਤੱਕ, ਪੰ: 55
31. ਮੇਹਰ ਸਿੰਘ, ਸਪੋਕਸਮਨ, ਬੈਸਾਖੀ ਅੰਕ, 1966, ਪੰ: 71
32. ਭੱਟ ਵਹੀ ਭਾਦਸੋਂ, ਪਰਗਣਾ ਥਾਨੇਸਰ, ਹਵਾਲਾ ਦਿੱਤਾ ਗੁਰੂ ਕੀਆਂ ਸਾਖੀਆਂ, ਪੰ: 16
33. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਪੰ: 83
34. ਪਿਆਰਾ ਸਿੰਘ ਪਦਮ, ਰਹਿਤਨਾਮੇ (ਤਨਖਾਹ ਨਾਮਾ ਭਾਈ ਨੰਦ ਲਾਲ) ਪੰ: 59
35. ਹਵਾਲਾ ਦਿੱਤਾ ਹੈ, ਗੋਪਾਲ ਸਿੰਘ, ਸਿੱਖ ਕੌਮ ਦਾ ਇਤਿਹਾਸ, ਪੰ: 291
36. ਸੰਗਤ ਸਿੰਘ, ਇਤਿਹਾਸ ਵਿੱਚ ਸਿੱਖ, ਪੰ: 68
37. ਉਹੀ, ਪੰ: 154
38. ਉਹੀ, ਪੰ: 154
39. ਗੁਰੂ ਗੋਬਿੰਦ ਸਿੰਘ ਜ਼ਫਰਨਾਮਾ ਸਿਅਰ 39, 43, 45-46, 53, 55, 58, 65 ਹਵਾਲਾ ਜੀ. ਐਸ ਧੰਦਹੋਲ, ਪੰਨੇ 21, 23, 24, 28-30, 34
40. ਇਨਸਾਈਕਲੋਪੀਡੀਆ ਆਫ ਸਿੱਖਇਜ਼ਮ (ਡਾ. ਗੰਡਾ ਸਿੰਘ ਦਾ ਇੰਦਰਾਜ) ਪੰ: 91
41. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਪੰ: 94
42. ਜੇ.ਐਸ. ਗਰੇਵਾਲ, ਗੁਰੂ ਨਾਨਕ ਤੋਂ ਮਹਾਰਾਜਾ ਰਣਜੀਤ ਸਿੰਘ ਤੱਕ, ਪੰ: 69
43. ਬਹਾਦਰਸ਼ਾਹ ਨਾਮਾ, ਅਗਸਤ 2, 1707
44. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਪੰ: ਜਿਲਦ-I ਪੰ: 95

# ਭਾਈ ਬਚਿੱਤਰ ਸਿੰਘ

ਸਿੱਖ ਸੂਰਬੀਰਾਂ ਵਿੱਚ ਭਾਈ ਬਚਿੱਤਰ ਸਿੰਘ ਦਾ ਸਥਾਨ ਬੜਾ ਅਦੁੱਤੀ ਹੈ। ਉਸਦੀ ਪ੍ਰਸਿੱਧੀ ਅੱਜ ਵੀ ਉਸਦੀ ਉਸਬੀਰਤਾ ਅਤੇ ਜਿੱਤ ਕਰੇ ਗੂੰਜਦੀ ਹੈ ਜੋ ਉਸਨੇ 1700 ਈਸਵੀ ਵਿੱਚ ਆਨੰਦਪੁਰ ਦੀ ਲੜਾਈ ਵਿੱਚ ਮਦ-ਮਸਤ ਹਾਥੀ ਨੂੰ ਹਰਾ ਕੇ ਵਿਖਾਈ ਸੀ।

ਉਹ ਬੀਬੀ ਸੀਤੋ (ਸਪੁੱਤਰੀ ਭਾਈ ਲੱਖੀ ਰਾਇ ਯਾਦਵ ਪਿੰਡ ਖੈਰਪੁਰ) ਤੇ ਭਾਈ ਮਨੀ ਸਿੰਘ (ਨਾਇਕ ਮਾਈ ਦਾਸ ਦਾ ਤੀਸਰਾ ਪੁੱਤਰ) ਪਿੰਡ ਅਲੀਪੁਰ ਜਿਲਾ ਮੁਜ਼ੱਫਰਗੜ੍ਹ, ਹੁਣ ਪਾਕਿਸਤਾਨ) ਦਾ ਦੂਸਰਾ ਪੁੱਤਰ ਸੀ। ਭਾਈ ਮਨੀ ਸਿੰਘ ਦੇ ਦਸ ਪੁੱਤਰ ਸਨ—ਚਿੱਤਰ ਸਿੰਘ, ਬਚਿੱਤਰ ਸਿੰਘ, ਉਦੈ ਸਿੰਘ, ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ, ਦੇਸਾ ਸਿੰਘ।

ਬਚਿੱਤਰ ਸਿੰਘ ਦਾ ਜਨਮ 12 ਅਪ੍ਰੈਲ 1663 ਈ: ਨੂੰ ਅਲੀਪੁਰ ਵਿੱਚ ਹੋਇਆ।[1] ਉਹ ਭਾਈ ਮਨੀ ਸਿੰਘ ਦੇ ਉਹਨਾਂ ਪੰਜ ਪੁੱਤਰਾਂ (ਬਚਿੱਤਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ) ਵਿੱਚੋਂ ਸੀ, ਜਿਹਨਾਂ ਨੂੰ ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ (1661-1708) ਦੀ ਸੇਵਾ ਵਿੱਚ ਭੇਟਾ ਕੀਤਾ।[2]

ਬੈਸਾਖੀ ਦੇ ਇਤਿਹਾਸਕ ਦਿਹਾੜੇ ਤੇ 30 ਮਾਰਚ 1699 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਉਸ ਸਮੇਂ ਪਿਤਾ ਅਤੇ ਪੰਜ ਭਰਾਂਵਾਂ ਨੇ "ਖੰਡੇ ਦਾ ਅੰਮ੍ਰਿਤ" ਛਕਿਆ। ਉਹਨਾਂ ਨੇ ਤੀਸਰੇ ਜੱਥੇ ਵਿੱਚ ਅੰਮ੍ਰਿਤ ਛਕਿਆ ਸੀ। ਪਹਿਲੇ ਜੱਥੇ ਵਿੱਚ ਪੰਜ-ਪਿਆਰੇ, ਦੂਸਰੇ ਵਿੱਚ ਪੰਜ ਮੁਕਤੇ ਤੇ ਤੀਸਰੇ ਜੱਥੇ ਵਿੱਚ ਗਿਆਰਾਂ ਸਿੰਘ ਸਨ। ਇਹ ਗਿਆਰਾਂ ਸਨ, ਭਾਈ ਮਨੀ ਸਿੰਘ ਤੇ ਉਸਦੇ 6 ਪੁੱਤਰ (ਬਚਿੱਤਰ ਸਿੰਘ, ਉਦੈ ਸਿੰਘ, ਅਣਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਚਿੱਤਰ ਸਿੰਘ) ਚੌਪਾ ਸਿੰਘ, ਦੀਵਾਨ ਸਿੰਘ, ਆਲਮ ਸਿੰਘ ਤੇ ਭਾਈ ਗੁਰਬਖਸ਼ ਸਿੰਘ (ਉਰਫ ਰਾਮ ਕੁੰਵਰ)।

ਭਾਵੇਂ ਭਾਈ ਮਨੀ ਸਿੰਘ ਦਾ ਸਾਰਾ ਪਰਿਵਾਰ ਹੀ ਗੁਰੂ ਜੀ ਦਾ ਬੜਾ ਸ਼ਰਧਾਲੂ ਸੀ ਪਰ ਭਾਈ ਬਚਿੱਤਰ ਤਾਂ ਸਦਾ ਗੁਰੂ ਜੀ ਨਾਲ ਹੀ ਰਹਿੰਦਾ ਸੀ। ਉਹ ਇੱਕ ਮਾਹਿਰ ਤੇ ਅਨੁਭਵੀ ਤਲਵਾਰ ਬਾਜ਼ ਸੀ ਤੇ ਗੁਰੂ ਜੀ ਵਲੋਂ ਲੜੀ ਗਈ ਹਰ ਲੜਾਈ ਵਿੱਚ ਉਹ ਸਮਰਪਣ ਦੀ ਭਾਵਨਾ ਨਾਲ ਲੜਿਆ। ਉਸਨੇ ਪਹਾੜੀ ਰਾਜਿਆਂ ਨਾਲ 1 ਸਤੰਬਰ 1704 ਈ: ਨੂੰ ਲੜੀ ਗਈ ਆਨੰਦਪੁਰ ਦੀ ਲੜਾਈ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ।

ਖਾਲਸਾ ਦੀ ਸਿਰਜਣਾ ਪਿੱਛੋਂ ਕਹਿਲੂਰ ਦਾ ਅਜਮੇਰ ਚੰਦ, ਬੀਰ ਸਿੰਘ ਜਸਵਾਲ ਤੇ

ਸਿਰਮੂਰ ਦਾ ਮਦਨ ਪਾਲ, ਦੋ ਪੰਜ ਹਜ਼ਾਰੀ ਬਾਦਸ਼ਾਹੀ ਸਨਸਬਦਾਰਾਂ ਨੂੰ ਨਾਲ ਲੈਕੇ ਆਨੰਦਪੁਰ ਤੇ ਹਮਲਾਵਰ ਹੋਏ। ਅੱਗੋਂ ਗੁਰੂ ਜੀ ਵੀ ਤਿਆਰ ਹੀ ਸਨ। ਜੋ ਯੁੱਧ ਹੋਇਆ ਉਸ ਵਿੱਚ ਦੋਹਾਂ ਮਨਸਬਦਾਰਾਂ 'ਚੋਂ ਇਕ ਪੈਦਾਂ ਖਾਂ ਮਾਰਿਆ ਗਿਆ ਤੇ ਸਿੱਟੇ ਵਜੋਂ ਪਹਾੜੀ ਰਾਜੇ ਪੱਤਰਾ ਵਾਚ ਗਏ ਤੇ ਗੁਰੂ ਜੀ ਵਿਜਈ ਹੋ ਗਏ।

ਅਜਮੇਰ ਚੰਦ ਹਰ ਤਾਂ ਗਿਆ ਪਰ ਉਹ ਆਰਾਮ ਨਾਲ ਬੈਠਣ ਲਈ ਤਿਆਰ ਨਹੀਂ ਸੀ। ਉਹ ਇੱਕ ਹੋਰ ਯਤਨ ਕਰਨ ਲਈ ਦ੍ਰਿੜ ਸੀ। ਪਹਾੜੀ ਰਾਜਿਆਂ ਨੇ ਇੱਕ ਵਾਰ ਫਿਰ ਗੁਰੂ ਜੀ ਤੇ ਹਮਲੇ ਦੀ ਯੋਜਨਾ ਬਣਾਈ। ਗੁਰੂ ਜੀ ਨੂੰ ਇੱਕ ਖਤ ਲਿਖਿਆ ਗਿਆ ਜਿਸ ਵਿੱਚ ਉਹਨਾਂ ਨੂੰ ਆਨੰਦਪੁਰ ਖਾਲੀ ਕਰਨ ਜਾਂ ਕਰ ਅਦਾ ਕਰਨ ਲਈ ਕਿਹਾ ਗਿਆ ਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਨੰਦਪੁਰ ਨੂੰ ਤਬਾਹ ਕਰਨ ਦੀ ਧਮਕੀ ਦਿੱਤੀ ਗਈ। ਗੁਰੂ ਜੀ ਨੇ ਉੱਤਰ ਦਿੱਤਾ ਕਿ ਉਹਨਾਂ ਦੇ ਪਿਤਾ ਨੇ ਇਹ ਥਾਂ ਮੁੱਲ ਤਾਰ ਕੇ ਲਿਆ ਸੀ ਇਸ ਲਈ ਉਹਨਾਂ ਦੀ ਕੋਈ ਵੀ ਸ਼ਰਤ ਮੰਨਣਯੋਗ ਨਹੀਂ ਸੀ।[3]

ਇਸ ਉੱਤਰ ਨਾਲ ਪਹਾੜੀ ਰਾਜੇ ਕ੍ਰੋਧਿਤ ਹੋ ਉੱਠੇ ਤੇ ਉਹਨਾਂ ਨੇ ਆਨੰਦਪੁਰ ਤੇ ਚੜ੍ਹਾਈ ਕਰ ਦਿੱਤੀ। ਸ਼ਹਿਰ ਨੂੰ ਘੇਰਾ ਪਾ ਲਿਆ ਗਿਆ ਤੇ ਉਹ ਘੇਰਾ 20 ਦਿਨ ਜਾਰੀ ਰਹਿਣ ਤੇ ਕੋਈ ਸਫਲਤਾ ਸਫਲਤਾ ਪ੍ਰਾਪਤ ਨਾ ਕਰ ਸਕੇ। ਆਨੰਦਪੁਰ ਵਿੱਚ ਦੋ ਕਿਲ੍ਹੇ ਸਨ—ਇੱਕ ਫਤਿਹਗੜ੍ਹ ਤੇ ਦੂਸਰਾ ਲੋਹਗੜ੍ਹ। ਪਹਾੜੀ ਰਾਜਿਆਂ ਦਾ ਲੋਹਗੜ੍ਹ ਨੂੰ ਪਾਇਆ ਘੇਰਾ ਲੰਬਾ ਹੋ ਗਿਆ ਤੇ ਉਹਨਾਂ ਨੇ ਆਪਣੀ ਅਸਫਲਤਾ ਅਨੁਭਵ ਕੀਤੀ। ਉਸ ਸਮੇਂ ਜਸਵਾਨ ਦੇ ਰਾਜਾ ਕੇਸਰੀ ਚੰਦ ਨੇ ਰਾਜਾ ਅਜਮੇਰ ਚੰਦ ਨੂੰ ਸੁਝਾਅ ਦਿੱਤਾ ਕਿ ਇਕ ਮਦਮਸਤ ਹਾਥੀ ਕਿਲ੍ਹੇ ਦੇ ਦਰਵਾਜੇ ਨੂੰ ਤੋੜਨ ਲਈ ਭੇਜਿਆ ਜਾਵੇ। ਉਸਨੇ ਇਹ ਵੀ ਕਸਮ ਖਾਧੀ ਕਿ ਜੇ ਉਸਨੇ ਸ਼ਾਮ ਤੱਕ ਕਿਲ੍ਹੇ ਤੇ ਕਬਜ਼ਾ ਨਾ ਕੀਤਾ ਤਾਂ ਉਹ ਆਪਣੇ ਪਿਉ ਦਾ ਪੁੱਤ ਹੀ ਨਹੀਂ। ਜਦੋਂ ਗੁਰੂ ਜੀ ਨੇ ਕੇਸਰੀ ਚੰਦ ਦੀਆਂ ਡੀਂਗਾਂ ਬਾਰੇ ਸੁਣਿਆ ਤਾਂ ਉਹਨਾਂ ਕਿਹਾ ਕਿ ਮਜੀਠਾ ਦਾ ਦੁਨੀ ਚੰਦ ਧਾਲੀਵਾਲ ਜੋ ਮਾਝੇ ਦੇ ਸਿਪਾਹੀਆਂ ਦੀ ਕੁਮਕ ਲੈਕੇ ਆਇਆ ਹੈ, ਉਹਨਾਂ ਦਾ ਹਾਥੀ ਹੈ, ਜਿਸਦੇ ਟਾਕਰੇ ਤੇ ਕੇਸਰੀ ਚੰਦ ਦਾ ਹਾਥੀ ਤਾਂ ਇੱਕ ਕੀੜੀ ਹੈ। ਪ੍ਰੰਤੂ ਦੁਨੀਚੰਦ ਨੂੰ ਆਪਣੀ ਤਾਕਤ ਅਤੇ ਵੀਰਤਾ ਤੇ ਅਜਿਹਾ ਕੋਈ ਵਿਸ਼ਵਾਸ ਨਹੀਂ ਸੀ ਤੇ ਉਸਨੇ ਪਹਾੜੀ ਰਾਜਿਆਂ ਨਾਲ ਸੁਲਹ ਦੀ ਸਲਾਹ ਦਿੱਤੀ। ਰਾਤ ਵੇਲੇ ਦੁਨੀਚੰਦ ਆਪਣੇ ਉਹਨਾਂ ਸਾਥੀਆਂ ਨੂੰ ਨੱਠ ਜਾਣ ਦੀ ਪ੍ਰੇਰਨਾ ਦੇਣ ਵਿੱਚ ਸਫਲ ਹੋ ਗਿਆ, ਜਿਹਨਾਂ ਨੂੰ ਉਹ ਨਾਲ ਲਿਆਇਆ ਸੀ। ਜਦੋਂ ਉਹ ਕਿਲੇ ਦੀ ਬਾਹਰਲੀ ਕੰਧ 'ਚੋਂ ਨਿਕਲਣ ਲਈ ਪੌੜੀ ਲਾ ਕੇ ਉੱਤਰ ਰਿਹਾ ਸੀ ਤਾਂ ਪੌੜੀ ਡਿੱਗ ਪਈ ਤੇ ਉਸਦੀ ਲੱਤ ਟੁੱਟ ਗਈ।

ਅਗਲੀ ਸਵੇਰ ਗੁਰੂ ਜੀ ਨੂੰ ਦੱਸਿਆ ਗਿਆ ਕਿ ਦੁਨੀਚੰਦ ਤੇ ਉਹਦੀ ਟੁਕੜੀ ਨੱਠ ਗਈ ਹੈ।

ਜਿਵੇਂ ਕੇਸਰੀ ਚੰਦ ਨੇ ਤਜਵੀਜ਼ ਦਿੱਤੀ ਸੀ, ਇੱਕ ਹਾਥੀ ਨੂੰ ਨਸ਼ਾ ਪਿਲਾਕੇ ਤੇ ਮਦਮਸਤ ਕਰਕੇ ਅਨੰਦਗੜ੍ਹ ਦੇ ਕਿਲੇ ਤੇ ਹਮਲਾ ਕਰਨ ਲਈ ਤਿਆਰ ਕੀਤਾ ਗਿਆ। ਹਾਥੀ ਦਾ ਸਾਰਾ ਸਰੀਰ, ਸੁੰਡ ਦੀ ਚੁੰਝ ਤੋਂ ਬਿਨਾਂ ਲੋਹੇ ਨਾਲ ਢੱਕ ਦਿੱਤਾ ਗਿਆ। ਹਮਲਾ

ਕਰਨ ਲਈ ਉਹਦੇ ਮੱਥੇ ਵਿਚ ਇਕ ਮਜ਼ਬੂਤ ਬਰਛਾ ਬਾਹਰ ਵਲ ਵਧਾ ਕੇ ਪਕਾ ਤਰ੍ਹਾਂ ਬੜੀ ਵਿਉਂਤ ਨਾਲ ਗੱਡ ਦਿੱਤਾ ਗਿਆ। ਇਸ ਤਰ੍ਹਾਂ ਹਮਲੇ ਤੇ ਰੱਖਿਆ ਲਈ ਸ਼ਿੰਗਾਰ ਕੇ, ਤਿਆਰ ਕਰਕੇ ਹਾਥੀ ਨੂੰ ਕਿਲ੍ਹੇ ਦੇ ਦਰਵਾਜ਼ੇ ਕੋਲ ਭੇਜ ਦਿੱਤਾ ਗਿਆ।

ਗੁਰੂ ਜੀ ਨੇ ਆਪਣੇ ਇੱਕ ਅੰਗ-ਰਖਿਅਕ ਬਚਿੱਤਰ ਸਿੰਘ ਨੂੰ ਹਾਥੀ ਦਾ ਮੁਕਾਬਲਾ ਕਰਨ ਲਈ ਨਿਯੁਕਤ ਕਰ ਦਿੱਤਾ ਸੀ। ਗੁਰੂ ਜੀ ਨੇ ਉਸਨੂੰ ਆਪਣਾ ਹਾਥੀ ਬਣਾਕੇ ਮੁਕਾਬਲਾ ਕਰਨ ਲਈ ਕਿਹਾ ਤੇ ਉਹ ਖੁਸ਼ੀ ਖੁਸ਼ੀ ਸਹਿਮਤੀ ਦੇ ਕੇ ਤਿਆਰ ਹੋ ਗਿਆ। ਗੁਰੂ ਜੀ ਨੇ ਉਸਨੂੰ ਵਧੀਆ ਬਰਛਾ ਦਿੱਤਾ ਤੇ ਕਿਹਾ ਕਿ ਜਿਵੇਂ ਬਚਿੱਤਰ ਸਿੰਘ ਇੱਕ ਪਾਗਲ ਹਾਥੀ ਦੇ ਟਾਕਰੇ ਤੇ ਜਾਣ ਲਈ ਤਿਆਰ ਹੋ ਗਿਆ ਹੈ, ਉਸੇ ਤਰ੍ਹਾਂ ਕੁਝ ਸਿੱਖ ਵੀ ਕੇਸਰੀ ਚੰਦ ਦਾ ਸਿਰ ਵੱਢ ਕੇ ਲਿਆਉਣ ਲਈ ਜਾਣ। ਉਦੈ ਸਿੰਘ ਨੇ ਇਸ ਮੰਤਵ ਲਈ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ ਤੇ ਗੁਰੂ ਜੀ ਨੇ ਉਸਨੂੰ ਅਸ਼ੀਰਵਾਦ ਤੇ ਇੱਕ ਤਲਵਾਰ ਭੇਟ ਕੀਤੀ।

ਕੇਸਰੀਚੰਦ ਦਾ ਹਾਥੀ ਵਿਸ਼ੇਸ਼ ਕਰਕੇ ਲੋਹਗੜ੍ਹ ਦੇ ਕਿਲੇ ਵੱਲ ਭੇਜਿਆ ਗਿਆ ਸੀ। ਰਾਹ ਵਿੱਚ ਉਸਨੇ ਕੁਝ ਸਿੱਖ ਮਾਰ ਦਿੱਤੇ ਤੇ ਦਰਵਾਜ਼ੇ ਉੱਪਰ ਲੱਗੇ ਪਹਿਰੇਦਾਰਾਂ ਨੂੰ ਇਤਨਾ ਭੈਭੀਤ ਕਰ ਦਿੱਤਾ ਕਿ ਉਹ ਆਪਣੀਆਂ ਥਾਵਾਂ ਛੱਡ ਕੇ ਸੁਰੱਖਿਆ ਲਈ ਭੱਜਕੇ ਸ਼ਹਿਰ ਦੇ ਅੰਦਰ ਜਾ ਵੜੇ।

ਬਚਿੱਤਰ ਸਿੰਘ ਘੋੜੇ ਤੇ ਅਸਵਾਰ ਹੋਕੇ ਅੱਗੇ ਵਧਿਆ, ਉਸਨੇ ਦਰਵਾਜ਼ਾ ਖੋਲ੍ਹਿਆ ਤੇ ਭਿਅੰਕਰ ਜਾਨਵਰ ਦਾ ਟਾਕਰਾ ਕਰਨ ਲਈ ਬਾਹਰ ਨਿਕਲਿਆ। ਉਸਨੇ ਆਪਣਾ 'ਨਾਗਿਨੀ' ਨੇਜ਼ਾ ਉਠਾਇਆ ਤੇ ਹਾਥੀ ਦੇ ਸਿਰ ਵਾਲੇ ਕਵੱਚ ਵਿੱਚ ਗੱਢ ਦਿੱਤਾ। ਇਸ ਨਾਲ ਹਾਥੀ ਪਹਾੜੀ ਸੈਨਕਾਂ ਵੱਲ ਮੁੜਿਆ ਤੇ ਆਪਣੀ ਸੁੰਡ ਨਾਲ ਜੜੇ ਹੋਏ ਹਮਲੇ ਲਈ ਸ਼ਸਤਰਾਂ ਨਾਲ ਕਈ ਸੈਨਿਕ ਮੌਤ ਦੇ ਘਾਟ ਉਤਾਰ ਦਿੱਤੇ। ਕੁਝ ਉਸਨੇ ਆਪਣੇ ਪੈਰਾਂ ਹੇਠਾਂ ਕੁਚਲ ਦਿੱਤੇ ਤੇ ਕੁਝ ਨੂੰ ਉਸਨੇ ਆਪਣੇ ਲੰਮੇ ਦੰਦਾਂ ਨਾਲ ਮਾਰ ਦਿੱਤਾ ਤੇ ਇਸ ਤਰ੍ਹਾਂ ਉਹ ਸਿੱਖਾਂ ਦਾ ਹੀ ਸ਼ਕਤੀਸ਼ਾਲੀ ਸਹਿਯੋਗੀ ਸਿੱਧ ਹੋਇਆ। ਪਹਾੜੀਆਂ ਨੇ ਉਸਦੀ ਗਤੀ ਰੋਕਣ ਲਈ ਯਤਨ ਕੀਤਾ, ਪਰ ਨਿਸਫਲ ਰਹੇ।[4]

ਉਦੈ ਸਿੰਘ ਵੀ ਕੇਸਰੀ ਚੰਦ ਵੱਲ ਵੱਧਦਾ ਗਿਆ। ਕੇਸਰੀ ਚੰਦ ਨੇ ਇੱਕ ਤੀਰ ਛੱਡਿਆ ਤੇ ਉਹ ਉਦੈ ਸਿੰਘ ਦੇ ਘੋੜੇ ਦੀ ਕਾਠੀ ਦੇ ਉਪਰਲੇ ਕੱਪੜੇ ਤੇ ਜਾ ਲੱਗਾ। ਉਦੈ ਸਿੰਘ ਹੱਥ ਵਿੱਚ ਤਲਵਾਰ ਲੈ ਕੇ ਅੱਗੇ ਵਧਿਆ ਤੇ ਕੇਸਰੀ ਚੰਦ ਦਾ ਸਿਰ ਲਾਹ ਦਿੱਤਾ। ਫਿਰ ਉਸਦਾ ਸਿਰ ਬਰਛੇ ਨਾਲ ਅਡੋਲ ਲਹਿਰਾਉਂਦਾ ਹੋਇਆ ਉਹ ਕਿਲ੍ਹੇ ਅੰਦਰ ਆਪਣੀ ਜਿੱਤ ਦਾ ਪ੍ਰਤੱਖ ਪ੍ਰਮਾਣ ਲੈ ਕੇ ਵਿਖਾਉਣ ਚਲਾ ਗਿਆ।

ਇਸ ਪਿੱਛੋਂ ਪਹਾੜੀ ਰਾਜੇ ਫਿਰ ਇਕੱਠੇ ਹੋਕੇ ਸਥਿਤੀ ਤੇ ਪੁਨਰ ਵਿਚਾਰ ਕਰਨ ਲੱਗੇ ਤੇ ਗੁਰੂ ਜੀ ਨਾਲ ਉਹਨਾਂ ਨੇ ਛੱਲ ਕਰਨ ਦਾ ਮਤਾ ਪਕਾਇਆ। ਉਹਨਾਂ ਨੇ ਗੁਰੂ ਜੀ ਨੂੰ ਪੱਤਰ ਲਿਖਿਆ ਕਿ ਉਹ ਅਜਿੱਤ ਹਨ ਪਰ ਜੇ ਉਹ ਇੱਕ ਦਿਨ ਲਈ ਅਨੰਦਪੁਰ ਛੱਡਕੇ ਚਲੇ ਜਾਣ ਤਾਂ ਉਹ (ਪਹਾੜੀਏ) ਬੇਇਜ਼ਤੀ ਤੋਂ ਬਚੇ ਰਹਿਣਗੇ ਜੋ ਕਿ ਹੁਣ (ਉਹਨਾਂ ਦੇ) ਪਹਾੜੀਆਂ ਦੇ ਪਿੱਛੇ ਹੱਟਣ ਕਾਰਨ ਦਾਅ ਤੇ ਲੱਗ ਸਕਦੀ ਹੈ। ਗੁਰੂ ਜੀ ਨਾਲੋਂ ਉਹਨਾਂ ਦੀ

ਫੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ, ਇਸਨੂੰ ਧਿਆਨ 'ਚ ਰੱਖਕੇ ਗੁਰੂ ਜੀ ਨੇ ਨਿਰਮੋਹ ਵੱਲ ਪਿੱਛੇ ਹਟ ਜਾਣਾ ਸਹੀ ਸਮਝਿਆ। ਤੇ ਕਿਲੇ ਦੀ ਰੱਖਿਆ ਦਾ ਕੰਮ ਬਹਾਦਰ ਸਿੰਘਾਂ ਦੇ ਇੱਕ ਦਲ ਨੂੰ ਸੌਂਪ ਦਿੱਤਾ।

ਇਸ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਬਚਿੱਤਰ ਸਿੰਘ ਦੀ ਬੀਰਤਾ ਦੇ ਕਾਰਨ ਪਹਾੜੀ ਰਾਜਿਆਂ ਦੀ ਹਾਰ ਸੰਭਵ ਹੋਈ ਤੇ ਗੁਰੂ ਜੀ ਵਿਜਈ ਹੋਏ। ਬਚਿੱਤਰ ਸਿੰਘ ਦੀ ਬੀਰਤਾ ਦੀ ਵੱਖ-ਵੱਖ ਲੇਖਕਾਂ ਵੱਲੋਂ ਬੜੀ ਭਰਪੂਰ ਉਸਤਤੀ ਕੀਤੀ ਗਈ ਹੈ। ਕੋਇਰ ਸਿੰਘ ਲਿਖਦਾ ਹੈ :

ਗਜ ਐਸ ਆਯੋ ਜਨੁ ਪ੍ਰਲੈ ਕੰਦੰ, ਪੇਖ ਕੇ ਜੀਵ ਸਭ ਪੁਰੀ ਵਾਰੇ।
ਮਨੰ ਤ੍ਰਾਸ ਸੰਰੋਦਤੇ ਕਈ ਸੋਚੀ, ਰਖੋ ਦੇਵ ਹਮ ਆਜ ਇਹ ਕਾਲ ਭਾਰੇ।

..............................................................................

ਸਭ ਨਰ ਨਾਰਿ ਤ੍ਰਾਸ ਹਤਨ ਪ੍ਰਕਾਰ ਧਾਰ,
ਤਬੈ ਸਿੰਘ ਮਾਰਯੋ ਤਾਹਿ ਭਾਲਕ ਮੰਝਾਰੀ ਐ।
ਲਾਗਤ ਹੀ ਪਾਰ ਭਯੋ ਬਰਛਾ ਬਖਾਨ ਤਾਹਿ,
ਐਸੋ ਬਰਗਨੋ ਚੀਕ ਚੁਕਤ ਸਿਧਾਰੀਐ।

..............................................................................

ਭਜੰਤ ਦੰਤ ਘਾਸਲੈ, ਲਖਤੰ ਸਿੰਘ ਰੁਪਨੰ। ਬਸੰਤ ਸਿੰਘ ਪੇਖਕੇ ਲਾਖ ਤਰਕਨੰ।[5]

ਬਚਿੱਤ੍ਰ ਸਿੰਘ ਚਕ੍ਰ ਤੋਰਨੇ ਸੁ ਪਾਗ ਫੂਲਨੰ ਤਨੰ। ਰਟੰਤ ਗੀਧ ਬੀਧਨੰ ਲਯੰਤ ਖਪਰ ਕਰੰ।

ਰੁਲੰਭ ਤੱਛ ਮੁਛਨੰ ਕਟਾਕਟੰ ਸੁ ਤਾਸਨੰ। ਬਹੰਤ ਸ੍ਰੋਨ ਕੀ ਨਦੀ ਬਹੰਤ ਅੰਗ ਮੀਨਨੰ।

"ਗੁਰੂ ਕੀਆਂ ਸਾਖੀਆਂ" ਵਿੱਚ ਬਚਿੱਤਰ ਸਿੰਘ ਦੀ ਬੀਰਤਾ ਦਾ ਕਾਫੀ ਵੇਰਵੇ ਨਾਲ ਜ਼ਿਕਰ ਕੀਤਾ ਗਿਆ :

"ਇਧਰ ਜਬ ਦੁਨੀ ਚੰਦ ਕਿਲਾ ਆਨੰਦਗੜ੍ਹ ਸੇ ਮੌਤ ਤੇ ਡਰਦਾ ਭਾਗ ਆਇਆ, ਪਸਚਾਤ ਦਿਵਸ ਚੜ੍ਹੈ—ਚਤਰ ਸਿੰਘ ਸੁਹੀਏ ਨੇ ਸਤਿਗੁਰਾਂ ਸੇ ਆਇ ਖ਼ਬਰ ਦਈ ਕਿ ਕਹਿਲੂਰੀ ਰਾਜਾ ਅਜਮੇਰ ਚੰਦ ਆਜ ਮਦਮਸਤ ਹਾਥੀ ਕੋ ਆਗੇ ਲਾਇ ਕਿਲਾ ਲੋਹਗੜ੍ਹ ਤੇ ਹਮਲਾ ਕਰੇਗਾ। ਸਤਿਗੁਰਾਂ ਚਤਰ ਸਿੰਘ ਸੇ ਖ਼ਬਰ ਪਾਇ, ਲਗੇ ਦਰਬਾਰ ਮੇ ਚੁਵੀਂ ਪਾਸੀਂ ਦੇਖਾ ਕਿ ਹਾਥੀ ਸੇ ਮੁਕਾਬਲੇ ਮੇਂ ਕਉਨ ਸਾ ਯੋਧਾ ਭੇਜਾ ਜਾਏ। ਲਾਲ ਸਿੰਘ ਆਦਿ ਪਚੀਸ ਸਿੱਖ ਜਿਹੜੇ ਰਾਤ੍ਰੀ ਕੇ ਸਮੇਂ ਗੁਰੂ ਜੀ ਦੇ ਪਲੰਘ ਦੀ ਸੇਵਾ ਮੇਂ ਰਹਿਤੇ ਥੇ, ਇਨ ਮੇਂ ਭਾਈ ਬਚਿੱਤਰ ਸਿੰਘ ਕੀ ਤਰਫ ਨਿਗਾਹ ਜਾਇ ਪਈ। ਬਚਿੱਤਰ ਸਿੰਘ ਹਾਥ ਬਾਂਧ ਖਲਾ ਹੋਇ ਬੋਲਾ, ਮਹਾਰਾਜ ! ਹਾਜ਼ਰ ਹਾਂ, ਹੁਕਮ ਕਰੀਏ। ਬਚਨ ਹੋਆ ਸਿੰਘਾ ! ਕਿਲਾ ਲੋਹਗੜ੍ਹ ਮੇਂ ਜਾਇ ਰਾਜਯੋ ਕਾ ਆਇ ਰਹਾ ਮਦਮਸਤ ਹਾਥੀ ਕਾ ਸਾਮ੍ਹਨਾ ਕਰਨਾ ਹੈ ਤਿਆਰੀ ਕਰੀਏ। ਗੁਰੂ ਨੇ ਇਸੇ ਉਹ ਬਰਛਾ ਦੀਆ ਜਿਸੇ ਸੰਮਤ ਸਤਰਾਂ ਸੈ ਤੀਸ ਜੇਠ ਮਾਸ ਕੀ ਪੰਦਰਸ ਕੇ ਦਿਹੁੰ—ਅਨੰਦਪੁਰ ਏਕ ਪਹਾੜੀ ਕੀ ਠੇਗੀ ਤੇ ਇਸੇ ਭੂਮੀ ਬੀਚ ਮਾਰ

ਕੇ ਪਾਨੀ ਨਿਕਾਲਾ ਥਾ ਜਿਸੇ ਤਿਰਬੈਨੀ ਬੋਲਾ ਜਾਤਾ ਹੈ। ਬਚਿੱਤਰ ਸਿੰਘ ਗੁਰੂ ਜੀ ਕਾ ਹੁਕਮ ਪਾਇ ਅਰਦਾਸਾ ਕਰਕੇ ਕਿਲਾ ਲੋਹਗੜ੍ਹ ਕੀ ਤਰਫ਼ ਆਇਆ।

ਘੋੜੇ ਕੋ ਭਜਾਏ ਹਾਥੀ ਕੇ ਨਿਕਟ ਜਾਇ ਪਹੁੰਚਾ। ਭਾਈ ਸਾਹਿਬ ਨੇ ਦੋਨੋ ਪਾਉਂ ਕਾ ਭਾਰ ਘੋੜੇ ਕੀ ਰਕਾਬੋ ਮੇਂ ਪਾਇ ਕਰ ਐਸਾ ਜੋਰ ਸੇ ਹਾਥੀ ਕੇ ਮਸਤਕ ਮੇਂ ਬਰਛਾ ਮਾਰਾ ਕਿ ਉਸਕੇ ਮਾਥੇ ਦੀਆਂ ਤਵੀਆਂ ਵਿੰਨ੍ਹ ਕੇ ਬੀਚ ਧਸ ਗਈਆਂ। ਬਚਿੱਤਰ ਸਿੰਘ ਨੇ ਤੇਜ਼ੀ ਕੇ ਸਾਥ ਬਰਛਾ ਹਾਥੀ ਕੇ ਮਸਤਕ ਸੇ ਖੀਂਚਾ, ਹਾਥੀ ਚੰਘਿਆਰਤਾ ਹੂਆ ਪਾਛੇ ਕੀ ਤਰਫ ਮੁੜ ਆਇਆ। ਇਸੇ ਸਿਰ ਨਾ ਬਾਧੀ ਤੇਗ ਸੇ ਤੇ ਪਾਉਂ ਗੈਲ ਲਤਾੜ ਕਈ ਪਰਬਤੀ ਜਮਪੁਰੀ ਰਵਾਨਾ ਕਰ ਦੀਏ।"[6]

ਭੱਟ ਵਹੀ ਵਿੱਚ ਵੀ ਆਉਂਦਾ ਹੈ : ਗੁਰੂ ਕਾ ਬਚਨ ਪਾਇ ਮਨੀ ਸਿੰਘ ਬੇਟਾ ਮਾਈਦਾਸ ਕਾ......ਬਚਿੱਤਰ ਸਿੰਘ ਬੇਟਾ ਮਨੀ ਸਿੰਘ ਕਾ, ਉਦੈ ਸਿੰਘ ਬੇਟਾ ਮਨੀ ਸਿੰਘ ਕਾ......ਆਲਮ ਸਿੰਘ ਬੇਟਾ ਦੁਰਗਾ ਦਾਸਕਾ.....ਸਾਲ ਸਤਾਰਾ ਸੈ ਸਤਵੰਜਾ ਅਸੂਜ ਪ੍ਰਵਿਸ਼ਟੇ ਪਹਿਲੀ ਰਵੀਵਾਰ ਕੇਂ ਦਿਹੁੰ ਕਿਲਾ ਲੋਹਗੜ੍ਹ ਪਰਗਨਾ ਮਾਖੋਵਾਲ ਸੇ ਖਾਲਸਾ ਦਲ ਕੋ ਗੈਲ ਲੈ ਚਰਨ ਗੰਗਾ ਨਦੀ ਕੇ ਮਲ੍ਹਾਨ ਸਾਮ੍ਹੇ ਮਾਥੇ ਘੋਰ ਜੁੱਧ ਕੀਆ। ਬਚਿੱਤਰ ਸਿੰਘ ਨੇ ਹਾਥੀ ਕੋ ਮਾਰ ਭਗਾਇਆ। ਉਦੈ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਰੀਆ ਮਾਰਿਆ ਗਿਆ। ਮਨੀ ਸਿੰਘ ਸਖ਼ਤ ਘਾਇਲ ਹੁਏ।"[7]

## ਬਚਿੱਤਰ ਸਿੰਘ ਤੇ ਨਿਰਮੋਹ ਦਾ ਯੁੱਧ

ਅਨੰਦਪੁਰ ਦੇ ਯੁੱਧ ਪਿੱਛੋਂ ਗੁਰੂ ਗੋਬਿੰਦ ਸਿੰਘ 2 ਅਕਤੂਬਰ 1700 ਈ: ਨੂੰ ਉੱਚੀ ਟਿੱਬੀ ਤੇ ਨਿਰਮੋਹ ਚਲੇ ਗਏ। ਪਹਾੜੀ ਰਾਜੇ ਸਭ ਸਹੁੰਆਂ ਸੁਗੰਧਾਂ ਛਿੱਕੇ ਟੰਗ ਕੇ ਗੁਰੂ ਜੀ ਨਾਲ ਗਏ ਥੋੜੇ ਜਿਹੇ ਸਿੱਖਾਂ ਤੇ ਜਾ ਪਏ। ਭੱਟ ਵਹੀਆਂ ਅਨੁਸਾਰ ਸਿੱਖਾਂ ਨੇ ਪਹਾੜੀਆਂ ਦੇ ਹਮਲੇ ਪਛਾੜ ਦਿੱਤੇ ਜੋ 7, 12 ਅਤੇ 13 ਅਕਤੂਬਰ 1700 ਈ: ਨੂੰ ਗੁਰੂ ਜੀ ਉੱਪਰ ਕੀਤੇ ਗਏ।

7 ਅਕਤੂਬਰ ਨੂੰ ਭਾਈ ਸਾਹਿਬ ਸਿੰਘ ਪੁੱਤਰ ਭਾਈ ਮਤੀ ਦਾਸ, ਭਾਈ ਮਥਰਾ ਸਿੰਘ ਪੁੱਤਰ ਭਾਈ ਸ਼ਹੀਦ ਦਿਆਲ ਦਾਸ, ਭਾਈ ਸੂਰਤ ਸਿੰਘ, ਬਾਈ ਦੇਵਾ ਸਿੰਘ ਸਰੂਪ, ਭਾਈ ਅਨੂਪ ਸਿੰਘ ਤੇ ਭਾਈ ਸਰੂਪ ਸਿੰਘ ਧਾਲੀਵਾਲ ਸ਼ਹੀਦ ਹੋ ਗਏ।[8] ਭਾਈ ਬਚਿੱਤਰ ਸਿੰਘ, ਉਦੈ ਸਿੰਘ ਤੇ ਆਲਮ ਸਿੰਘ ਆਦਿ ਮੁਖੀਏ ਸਿੱਖ ਸਤਿਗੁਰਾਂ ਨਾਲ ਜਾਕੇ ਬਹਾਦਰ ਦੀਵਾਨ ਸਾਹਿਬ ਸਿੰਘ ਦੀ ਲਾਸ਼ ਨੂੰ ਲੈਣ ਗਏ ਤਾਂ ਬੜੀ ਭਾਰੀ ਜੰਗ ਹੋਈ। ਪਹਾੜੀਆਂ ਦੇ ਪੈਰ ਉਖੜ ਗਏ ਤੇ ਦੀਵਾਨ ਸਾਹਿਬ ਸਿੰਘ ਦੀ ਲੋਥ ਲਿਆਉਣ ਵਿੱਚ ਸਿੱਖ ਕਾਮਯਾਬ ਹੋ ਗਏ।[9]

8 ਕੱਤਕ ਨੂੰ ਬੁੱਧਵਾਰ ਦੇ ਦਿਨ ਅਜਮੇਰ ਚੰਦ ਨੇ ਵਜੀਰ ਖਾਂ ਨੂੰ ਬੇਨਤੀ ਕੀਤੀ ਕਿ ਉਹ ਉਹਨਾਂ ਦੀ ਸਹਾਇਤਾ ਕਰੇ। ਸਰਹੰਦ ਦੇ ਹਾਕਮ ਵਜ਼ੀਰ ਖਾਂ ਨੇ ਪਹਾੜੀ ਰਾਜਿਆਂ ਦੀ ਸਹਾਇਤਾ ਲਈ ਰੁਸਤਮ ਖਾਂ ਨੂੰ ਭੇਜਿਆ। ਗੁਰੂ ਜੀ ਦੀ ਫੌਜ ਦੇ ਦੋ ਪ੍ਰਮੁੱਖ ਯੋਧਿਆਂ ਚਿੱਤਰ ਸਿੰਘ ਤੇ ਬਚਿਤੱਰ ਸਿੰਘ ਨੇ ਹੱਥ ਵਿੱਚ ਤਲਵਾਰ ਲੈ ਕੇ ਪ੍ਰਤਿਗਿਆ ਕੀਤੀ ਕਿ ਉਹ ਪਠਾਣ ਦੇ ਨਾਲ ਅੱਗੇ ਹੋਕੇ ਲੜਨਗੇ। ਰੁਸਤਮ ਖਾਂ 12 ਕੱਤਕ (ਰਵੀਵਾਰ) ਨੂੰ ਫੌਜ

ਲੈ ਕੇ ਆਇਆ ਤੇ ਉਸ ਨੇ ਨਿਰਮੋਹਗੜ੍ਹ ਤੋਂ ਇੱਕ ਮੀਲ ਦੇ ਫਾਸਲੇ ਤੇ ਸ਼ਾਹੀ ਟਿੱਬੀ ਤੇ ਮੋਰਚਾ ਕਾਇਮ ਕਰ ਲਿਆ। ਰੁਸਤਮ ਖਾਂ ਦੇ ਛੋਟੇ ਭਾਈ ਨਾਸਰ ਅਲੀ ਖਾਨ ਨੇ ਗੁਰੂ ਜੀ ਤੇ ਤੋਪ ਦਾ ਗੋਲਾ ਮਾਰਿਆ ਜੋ ਕਿ ਨਿਰਮੋਹਗੜ੍ਹ ਪਹਾੜੀ ਤੇ ਬੈਠੇ ਸਨ। ਗੁਰੂ ਜੀ ਦਾ ਸੇਵਕ ਭਾਈ ਰਾਮ ਸਿੰਘ ਮਾਰਿਆ ਗਿਆ। ਗੁਰੂ ਜੀ ਨੇ ਐਸਾ ਤੀਰ ਛੱਡਿਆ ਕਿ ਰੁਸਤਮ ਖਾਂ ਮਾਰਿਆ ਗਿਆ ਤੇ ਦੂਸਰਾ ਤੀਰ ਭਾਈ ਉਦੈ ਸਿੰਘ ਨੇ ਛੱਡਿਆ ਜਿਸ ਨਾਲ ਨਾਸਿਰ ਖਾਂ ਮਾਰਿਆ ਗਿਆ। ਫਿਰ ਦੋਹਾਂ ਪਾਸਿਆਂ ਦੀਆਂ ਫੌਜਾਂ ਆਮ੍ਹੋ-ਸਾਮ੍ਹਣੇ ਆ ਗਈਆਂ।" ਭਾਈ ਚਿੱਤਰ ਸਿੰਘ ਤੇ ਬਚਿੱਤਰ ਸਿੰਘ ਨੇ ਬੜੇ ਜੌਹਰ ਦਿਖਾਏ। ਢਾਡੀਆਂ ਨੇ ਇੱਕ ਵਾਰ ਇਹ ਇਸਦਾ ਬ੍ਰਿਤਾਂਤ ਇੰਝ ਗਾਇਆ ਹੈ :—

ਤੁਰਕਾਂ ਦੀਆਂ ਫੌਜਾਂ ਆਈਆਂ, ਸਿੰਘਾਂ ਉਪਰ ਗੁੱਸਾ ਖਾਇਕੈ।
ਭਾਈ ਸੈਣਾ ਸੱਦਿਆ, ਅਰਦਾਸਿ ਧਰੀ ਲਿਖਵਾਇਕੇ।

..................................................................

ਬੋਲਿਆ ਚਿੱਤਰ ਬਚਿੱਤਰ ਸਿੰਘ, ਰਣ ਹੋਲੀ ਖੇਲਾਂ ਜਾਇਕੇ
ਪਹਿਲਾ ਖੰਡਾ ਝਾੜਨਾ ਰੁਸਤਮ ਦੇ ਸਿਰ ਕੜਕਾਇਕੇ।[11]

ਅਗਲੇ ਦਿਨ 13 ਕਾਰਤਕ, ਸੋਮਵਾਰ ਨੂੰ ਰਾਜਾ ਅਜਮੇਰ ਚੰਦ ਨੇ ਨਿਰਮੋਹਗੜ੍ਹ ਦੀ ਨਾਕਾਬੰਦੀ ਕਰਕੇ ਇੱਕੋ ਵਾਰੀ ਮਾਰੂ ਹਮਲਾ ਕੀਤਾ। ਢਾਈ ਪਹਿਰ ਬੜੀ ਤਗੜੀ ਲੜਾਈ ਹੋਈ। ਗੁਰੂ ਦੀ ਸੈਨਾ ਦੇ ਮੁਕਾਬਲੇ ਵੈਰੀ ਦਲ ਕਾਫ਼ੀ ਜ਼ਿਆਦਾ ਸੀ। ਗੁਰੂ ਜੀ ਫਿਰ ਉਥੋਂ ਚਲੇ ਗਏ।

ਫਿਰ ਗੁਰੂ ਜੀ ਬਸੌਲੀ ਦੇ ਰਾਜੇ ਦੀ ਬੇਨਤੀ ਤੇ ਦਰਿਆ ਪਾਰ ਕਰਕੇ ਬਿਸਾਲੀ ਦੀ ਰਾਜੇ ਦੀ ਬੇਨਤੀ ਤੇ ਉੱਥੇ ਕਈ ਦਿਨ ਰਹੇ ਉਥੋਂ ਗੁਰੂ ਜੀ ਫਿਰ ਆਨੰਦਪੁਰ ਚਲੇ ਗਏ। ਇਸ ਦੌਰਾਨ ਭਾਈ ਬਚਿੱਤਰ ਸਿੰਘ ਗੁਰੂ ਜੀ ਦੇ ਨਾਲ ਹੀ ਰਹੇ ਤੇ ਜੰਗ ਵਿੱਚ ਉੱਘੀ ਭੂਮਿਕਾ ਨਿਬਾਹੀ।

1700-1704 ਦੌਰਾਨ ਭਾਈ ਬਚਿੱਤਰ ਸਿੰਘ ਆਪਣੇ ਪਿਤਾ ਤੇ ਚਾਰ ਭਰਾਵਾਂ ਨਾਲ ਆਪਣੇ ਪਿੰਡ ਜਾਂ ਅੰਮ੍ਰਿਤਸਰ ਹੋਣਗੇ, ਆਨੰਦਪੁਰ ਨਹੀਂ। ਗੁਰੂ ਜੀ ਦੇ ਹੁਕਮਨਾਮੇ ਤੋਂ ਇਹੋ ਸਪਸ਼ਟ ਹੁੰਦਾ ਹੈ ਜੋ ਉਹਨਾਂ ਨੇ 1760 ਕਤਕ ੧ ਨੂੰ ਲਿਖਿਆ :

"ੴ ਸਤਿਗੁਰ ਪ੍ਰਸਾਦਿ॥

ਸ੍ਰੀ ਸਤਿਗੁਰ ਜੀ ਕੀ ਆਗਿਆ ਹੈ ਭਾਈ ਬਚਿੱਤ੍ਰ ਸਿੰਘ ਜੀ ਭਾਈ ਉਦੈ ਸਿੰਘ ਜੀ॥ ਭਾਈ ਅਨਿਕ ਸਿੰਘ ਜੀ॥ ਭਾਈ ਅਜਬ ਸਿੰਘ ਜੀ॥ ਭਾਈ ਅਜਾਇਬ ਸਿੰਘ ਜੀ॥ ਨਾਇਕ ਮਾਈ ਦਾਸ ਵੋਇ ਮਨੀ ਸਿੰਘ ਵਾਹਿਗੁਰੂ ਧਰਮ ਰਖੇਗਾ॥ ਤੁਸੀਂ ਮੇਰੇ ਪੁਤ੍ਰ ਫਰਜ਼ੰਦ ਖਾਨੇਜ਼ਾਦ ਹੋ॥ ਤੁਸਾਂ ਉੱਪਰ ਮੇਰੀ ਖੁਸ਼ੀ ਹੈ॥ ਸਭ ਵਰਤਾਰੇ ਕੇ ਤੁਸੀਂ ਮਹਿਰਮ ਹੋ। ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਯਾ ਰਛਿਆ ਦਾ ਜੋ ਅਸਾਂ ਨੂੰ ਦੇਹਿਗਾ॥ ਏਹਿ ਮੇਰੇ ਪੁਤ੍ਰ ਫਰਜੰਦ ਹੈਨਿ॥ ਸਿਖਾਂ ਪੁਤਾਂ ਦੀ ਸੇਵਾ ਦਾ ਵੇਲਾ ਹੈ॥ ਜੋ ਲੋਚ ਕੇ ਸੇਵਾ ਕਰੋਗੇ ਤੁਹਾਡੀ ਸੇਵਾ ਦਰਗਾਹਿ ਥਾਇ ਪਵੇਗੀ। ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ। ਸੰਮਤ ੧੭੬੧ ਮਿਤੀ ਕਤਕ ੧।[12]

ਜਾਪਦਾ ਹੈ ਕਿ ਭਾਈ ਬਚਿੱਤਰ ਸਿੰਘ ਤੇ ਭਾਈ ਉਦੈ ਸਿੰਘ ਆਦਿ ਆਨੰਦਪੁਰ 1704 ਈ: ਦੇ ਅੰਤ ਯਾ 1705 ਈ: ਦੇ ਸ਼ੁਰੂ ਵਿੱਚ ਪਹੁੰਚੇ ਹੋਣਗੇ। ਹਰ ਹਾਲਤ ਵਿੱਚ ਉਹ ਆਨੰਦਪੁਰ ਉਪਰ ਹਮਲੇ ਤੋਂ ਪਹਿਲਾਂ ਜ਼ਰੂਰ 1705 ਈ: ਵਿੱਚ ਉੱਥੇ ਹੋਣਗੇ।

12 ਮਾਰਚ 1705 ਨੂੰ ਅਜਮੇਰ ਚੰਦ ਨੇ ਹੰਡੂਰੀ ਫੌਜਾਂ ਨੂੰ ਨਾਲ ਲੈ ਕੇ ਆਨੰਦਪੁਰ ਉੱਤੇ ਹਮਲਾ ਕੀਤਾ। ਉਹ ਦੋ ਦਿਨ ਦੀ ਲੜਾਈ ਪਿੱਛੋਂ ਹੀ ਹਾਰ ਗਿਆ। ਫਿਰ ਉਸਨੇ ਸਭ ਪਹਾੜੀ ਰਾਜਿਆਂ ਤੇ ਮੁਗ਼ਲ ਬਾਦਸ਼ਾਹ ਦੀ ਸਹਾਇਤਾ ਲੈ ਕੇ ਆਨੰਦਪੁਰ ਉੱਪਰ ਹਮਲਾ ਕੀਤਾ। ਵੈਰੀ ਦਲਾਂ ਵਲੋਂ ਆਨੰਦਪੁਰ ਦੀ ਘੇਰਾਬੰਦੀ ਕਰ ਦਿੱਤੀ ਗਈ। ਦੋ ਮਈ 1705 ਤੋਂ ਲੈਕੇ 5 ਦਸੰਬਰ 1705 ਤੱਕ ਦੇ ਲੰਬੇ ਘੇਰੇ ਪਿਛੋਂ ਗੁਰੂ ਜੀ ਨੇ ਕਿਲਾ ਖਾਲੀ ਕਰ ਦਿੱਤਾ। ਗੁਰੂ ਜੀ ਪਾਸ ਉਸ ਸਮੇਂ 500 ਸਿੰਘ ਹੀ ਸਨ। ਇਹਨਾਂ ਨੂੰ ਵੱਖ ਵੱਖ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। 40 ਸਿੰਘ ਗੁਰੂ ਸਾਹਿਬ ਨਾਲ ਸਨ ਤੇ ਬਾਕੀਆਂ 'ਚੋਂ 50 ਭਾਈ ਉਦੈ ਸਿੰਘ ਅਧੀਨ, 100 ਭਾਈ ਜੀਵਨ ਸਿੰਘ ਅਧੀਨ 100 ਸਿੰਘ ਭਾਈ ਬਚਿੱਤਰ ਸਿੰਘ ਅਧੀਨ, 100 ਸਿੰਘ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨਾਲ ਤੇ ਬਾਕੀ ਦੇ ਵੱਖਰੇ ਜੱਥੇ 'ਚ 5 ਦਸੰਬਰ ਦੀ ਰਾਤ ਨੂੰ ਤੁਰ ਪਏ।

ਗੁਰੂ ਜੀ ਆਨੰਦਪੁਰ ਤੋਂ ਤੁਰੇ ਤਾਂ ਮਗਰੋਂ ਪਹਾੜੀ ਤੇ ਮੁਗ਼ਲ ਫੌਜਾਂ ਦਾ ਹਮਲਾ ਹੋ ਗਿਆ। ਗੁਰੂ ਸਾਹਿਬ ਸਰਸਾ ਨਦੀ ਪਾਰ ਕਰਕੇ ਕੋਟਲਾ ਨਿਹੰਗ ਖਾਂ ਪਹੁੰਚ ਗਏ। ਜੀਵਨ ਸਿੰਘ ਤੇ ਉਹਦੇ ਸਾਥੀ ਸਰਸਾ ਨਦੀ ਕੰਢੇ ਸ਼ਹੀਦ ਹੋ ਗਏ।

ਗੁਰੂ ਕੇ ਸ਼ੇਰ ਪੰਨਾ 319 'ਚ ਡਾ, ਹਰਜਿੰਦਰ ਸਿੰਘ ਦਿਲਗੀਰ ਨੇ 2 ਅਕਤੂਬਰ 1760 ਤਾਰੀਖ ਲਿਖੀ ਹੈ :

ਭਾਈ ਉਦੈ ਸਿੰਘ ਸ਼ਾਹੀ ਟਿੱਬੀ ਤੇ ਪੋਹ ਮਹੀਨੇ ਦੀ ਸੱਤ ਨੂੰ ਵੀਰਵਾਰ ਵਾਲੇ ਦਿਨ ਸੰਬਤ ਸਤ੍ਹਾਂ ਸੌ ਬਾਸਠ ਨੂੰ ਆਪਣੇ ਸਾਥੀਆਂ ਨਾਲ ਸ਼ਹਾਦਤ ਪਾ ਗਿਆ।

ਭਾਈ ਬਚਿੱਤਰ ਸਿੰਘ ਦੀ ਟੱਕਰ ਪਿੰਡ ਮਲਕਪੁਰ ਰੰਘੜਾਂ ਕੋਲ ਸਰਹੰਦ ਵਲੋਂ ਆ ਰਹੀ ਫੌਜ ਨਾਲ ਟੱਕਰ ਹੋ ਗਈ। ਇਸ ਲੜਾਈ ਵਿੱਚ ਸਾਰੇ ਦੇ ਸਾਰੇ 100 ਸਿੰਘ ਮੁਗ਼ਲ ਸਿਪਾਹੀਆਂ ਤੇ ਰੰਘੜਾਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਸ਼ਹੀਦ ਹੋ ਗਏ। ਭਾਈ ਬਚਿੱਤਰ ਸਿੰਘ, ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਪਿੱਛੋਂ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਮਦਨ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਜਦੋਂ ਜ਼ਖਮੀ ਹਾਲਤ ਵਿੱਚ ਭਾਈ ਬਚਿੱਤਰ ਸਿੰਘ ਨੂੰ ਵੇਖਿਆ ਤਾਂ ਉਹ ਉਥੋਂ ਉਨ੍ਹਾਂ ਨੂੰ ਚੁੱਕ ਕੇ 6 ਕਿਲੋਮੀਟਰ ਦੂਰ ਕੋਟਲਾ ਨਿਹੰਗ ਖਾਂ ਵਿੱਚ ਲੈ ਗਏ। ਗੁਰੂ ਜੀ ਤਾਂ ਉਥੋਂ ਨਿਹੰਗ ਖਾਂ ਦੇ ਘਰੋਂ ਚਮਕੌਰ ਵੱਲ ਚਲੇ ਗਏ ਪਰ ਭਾਈ ਬਚਿੱਤਰ ਸਿੰਘ ਨਿਹੰਗ ਖਾਂ ਦੇ ਘਰ ਰਹੇ ਕਿਉਂਕਿ ਉਹ ਦੀ ਹਾਲਤ ਕਾਫੀ ਖ਼ਰਾਬ ਸੀ। ਨਿਹੰਗ ਖਾਂ ਦੀ ਬੇਟੀ ਮੁਮਤਾਜ਼ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ ਪਰ ਉਹਨਾਂ ਦੇ ਜ਼ਖਮ ਇਤਨੇ ਗਹਿਰੇ ਸਨ ਕਿ ਉਹ ਬਚ ਨਾ ਸਕੇ। ਉਹਨਾਂ ਨੇ 8 ਦਸੰਬਰ 1705 ਈ: ਨੂੰ ਪ੍ਰਾਣ ਤਿਆਗ ਦਿੱਤੇ। ਭੱਟ ਵਹੀ ਤਲਉਢਾ ਵਿੱਚ ਲਿਖਿਆ ਹੈ :

ਬਚਿੱਤਰ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈਦਾਸ ਕਾ........ਗੁਰੂ ਕਾ ਬਚਨ ਪਾਇ ਸੰਮਤ 1762 ਪੋਖ ਮਾਸੇ ਸੁਦੀ ਦੂਜ ਕੋ, ਮਲਕਪੁਰ ਰੰਘੜਾ ਕੇ ਮਲ੍ਹਾਨ ਰੰਘੜਾ ਕੇ

ਹਾਥ ਸੇ ਘਾਇਲ ਹੋਇ ਪੋਖ ਮਾਸੇ ਸੁਦੀ ਚਉਥ ਸ਼ੁਕਰਵਾਰ ਕੇ ਦਿਹੁੰ ਡੇਢ ਪਹਿਰ ਰਾਤ ਕੋਟਲਾ ਨਿਹੰਗ ਮੇਂ ਸੁਆਸ ਪੂਰ ਹੂਏ। ਸੁਦਾਗਰ ਕੀ ਪਤ ਗੁਰੂ ਰਾਖੀ, ਇਸਕੀ ਬੇਟੀ ਮੁਮਤਾਜ ਕਾ ਸਤ ਰਹਾ।"

(ਭੱਟ ਵਹੀ ਤਲਉਢਾ, ਪਰਗਨਾ ਜੀਂਦ)

ਭੱਟ ਵਹੀ ਮੁਲਤਾਨੀ ਸਿੰਧੀ ਵਿੱਚ ਥੋੜੇ ਜਿਹੇ ਫ਼ਰਕ ਨਾਲ ਇਹ ਗੱਲ ਕਹੀ ਗਈ ਹੈ: "ਬਚਿੱਤਰ ਸਿੰਘ ਬੇਟਾ ਮਨੀ ਸਿੰਘ ਪੋਤਾ ਮਾਈ ਦਾਸ ਕਾ......ਗੁਰੂ ਕਾ ਬਚਨ ਪਾਇ, ਸਾਲ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਦੂਜ ਵੀਰਵਾਰ ਕੇ ਦਿਹੁੰ, ਮਲਕਪੁਰ ਕੇ ਮਲ੍ਹਾਨ ਪ੍ਰਗਨਾ ਰੋਪਰ, ਰੰਘੜਾ ਗੈਲ ਜੁਧ ਮੇਂ ਘਾਇਲ ਹੋਇ, ਗਾਮ ਕੋਟਲਾ ਪ੍ਰਗਣਾ ਨਿਹੰਗ ਖਾਂ ਕੇ ਗ੍ਰਿਹਿ ਰਹਾ। ਪੋਖ ਮਾਸੇ ਸੁਦੀ ਹੱਥ ਸ਼ਨੀਵਾਰ ਕੇ ਦਿਵਸ, ਡੇਢ ਪਹਿਰ ਰੈਣ ਗਈ, ਸੁਆਸ ਪੂਰੇ ਹੋਏ। ਨਿਹੰਗ ਖਾਂ ਕੀ ਪਤ ਗੁਰੂ ਰਾਖੀ, ਏਸ ਕੀ ਬੇਟੀ ਕਾ ਸਤ ਰਹਾ।" ਗੁਰੂ ਕੀਆਂ ਸਾਖੀਆਂ ਵਿੱਚ ਵੀ ਲਿਖਿਆ ਹੈ :

'ਚੌਧਰੀ ਜਾਫਰ ਅਲੀ ਖਾਂ ਨੇ ਨਿਹੰਗ ਖਾਂ ਦੀ ਹਵੇਲੀ ਮੇਂ ਦਾਖਲ ਹੋਇ ਜੋ ਦੇਖਾ, ਕਾਈ ਸਿਖ ਗੜ੍ਹੀ ਮੇਂ ਨਜ਼ਰ ਨਾ ਆਇਆ। ਗੜ੍ਹੀ ਬੀਚ ਏਕ ਕੋਠੜੀ ਰਹਿ ਗਈ ਜਿਸ ਮੇਂ ਭਾਈ ਬਚਿੱਤਰ ਸਿੰਘ ਮਰਗਿ ਬਿਸਤਰ ਪਰ ਪੜਾ ਥਾ ਤੇ ਪਠਾਨ ਕੀ ਬੇਟੀ ਮੁਮਤਾਜ ਇਸਕੇ ਹਾਜ਼ਰ ਖਿਦਮਤ ਸੀ। ਚੌਂਕੀ ਸਰਦਾਰ ਕੇ ਪੂਛਨੇ ਸੇ ਇਸ ਕਹਾ ਕਿ ਇਸਮੇਂ ਮੇਰੀ ਲੜਕੀ ਤੇ ਮੇਰਾ ਦਾਮਾਦ ਹੈ, ਬਤਾਈਏ ਇਸ ਖੋਲ੍ਹਕੇ ਦਿਖਾਇ ਦੂੰ। ਚੌਂਕੀ ਸਰਦਾਰ ਨੇ ਕਹਾ, ਮੁਝੇ ਮਾਫ ਕਰਨਾ, ਇਤਲਾਹ ਦੇਨੇ ਵਾਲੇ ਨੇ ਗਲਤ ਬਿਆਨੀ ਕੀ ਹੈ, ....ਭਾਈ ਬਚਿੱਤਰ ਸਿੰਘ ਮੌਤ ਕੀ ਘੜੀਆ ਗਿਣ ਰਹਾ ਸੀ, ਅਗਲੇ ਦਿਨ 9 ਪੋਹ ਸ਼ਨੀਵਾਰ ਕੇ ਦਿਹੁ ਡੇਢ ਪਹਿਰ ਰੈਣ ਗਈ ਇਸ ਦੁਨੀਆਂ ਸੇ ਚਲ ਵਸਿਆ।"[14]

ਸਾਰੇ ਬ੍ਰਿਤਾਂਤ ਤੋਂ ਸਪੱਸ਼ਟ ਹੈ ਕਿ ਜਦੋਂ ਮੁਗਲ ਫੌਜਾਂ ਕਿਸੇ ਦੀ ਇਤਲਾਹ ਤੇ ਸਰਨਾਗਤ ਸਿੱਖਾਂ ਦੀ ਭਾਲ ਕਰ ਰਹੇ ਸਨ ਤਾਂ ਬਚਿੱਤਰ ਸਿੰਘ ਇਕ ਛੋਟੇ ਜਿਹੇ ਕਮਰੇ ਵਿੱਚ ਨਿਹੰਗ ਖਾਂ ਦੇ ਘਰ ਮਰਨ ਕਿਨਾਰੇ ਸੀ ਤੇ ਉਸਦੀ ਬੇਟੀ ਉਸਦੀ ਤੀਮਾਰਦਾਰੀ ਕਰ ਰਹੀ ਸੀ। ਨਿਹੰਗ ਖਾਂ ਨੇ ਕੋਈ ਘਬਰਾਹਟ ਜ਼ਾਹਰ ਨਾ ਕੀਤੀ, ਸਗੋਂ ਇਹ ਕਹਿਕੇ ਉਹਨਾਂ ਨੂੰ ਟਾਲਿਆ ਕਿ ਉਸ ਕਮਰੇ ਵਿੱਚ ਉਸਦੀ ਬੇਟੀ ਤੇ ਦਾਮਾਦ ਹਨ। ਖਤਰਾ ਤਾਂ ਟਲ ਗਿਆ ਪਰ ਬਚਿੱਤਰ ਸਿੰਘ ਬਚ ਨਾ ਸਕਿਆ। ਉਹ ਆਪਣੇ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ 8 ਦਸੰਬਰ 1705 ਨੂੰ ਚੜ੍ਹਾਈ ਕਰ ਗਿਆ। ਅਗਲੀ ਰਾਤ ਨਿਹੰਗ ਖਾਂ ਨੇ ਉਸਦਾ ਸਸਕਾਰ ਕਰ ਦਿੱਤਾ।[15]

ਉਸਨੇ ਇਸ ਸ਼ਹੀਦ ਦਾ ਸਸਕਾਰ ਗੜ੍ਹੀ ਅੰਦਰ ਹੀ ਖੂਹ ਦੇ ਕੋਲ ਗੁਰਸਾ ਸਿੰਘ ਗਹੂਣੀਆਂ ਤੇ ਬੱਗਾ ਸਿੰਘ ਰਾਹੀਂ ਕਰਵਾਇਆ।

ਭਾਈ ਬਚਿੱਤਰ ਸਿੰਘ ਅਜੀਮ ਸ਼ਹੀਦੀ ਪਰਿਵਾਰ ਦਾ ਮਹਾਨ ਸ਼ਹੀਦ ਸੀ ਜੋ ਗੁਰੂ ਜੀ ਦੇ ਨਾਲ ਆਨੰਦਪੁਰ, ਨਿਰਮੋਹ ਗੜ੍ਹ, ਬਿਸਾਲੀ ਆਦਿ ਦੇ ਯੁੱਧਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ ਤੇ ਅੰਤ ਗੁਰੂ ਜੀ ਦੇ ਮਗਰ ਅਨੰਦਪੁਰ ਛੱਡ ਕੇ 5-6 ਦਸੰਬਰ ਦੀ ਰਾਤ ਨੂੰ ਸੌ ਸਿੰਘਾਂ ਦਾ ਜੱਥੇਦਾਰ ਬਣ ਕੇ ਤੁਰ ਪਿਆ। ਮਲਕਪੁਰ ਰੰਘੜਾਂ 'ਚ 6 ਦਸੰਬਰ

ਨੂੰ ਜ਼ਖ਼ਮੀ ਹੋਇਆ ਤੇ 8 ਦਸੰਬਰ ਨੂੰ ਰੋਪੜ 'ਚ ਚੜ੍ਹਾਈ ਕਰ ਗਿਆ।

ਉਸਦੀ ਬਹਾਦਰੀ ਦਾ ਵਰਣਨ ਵੱਖ-ਵੱਖ ਕਵੀਆਂ ਤੇ ਭੱਟਾ ਨੇ ਉਪਮਾ ਸਹਿਤ ਕੀਤਾ ਹੈ। ਭੱਟ ਵਹੀ ਤਲਉਢਾ, ਪਰਗਣਾ ਜੀਂਦ ਵਿੱਚ ਦਿੱਤੀ ਵਾਰ ਜੋ ਭੀਮ ਸਿੰਘ ਭੱਟ ਨੇ 1802 ਬਿਕਰਮੀ ਸੰਮਤ (1745) ਨੂੰ ਗਾ ਕੇ ਸੁਣਾਈ ਸੀ, ਉਸ ਵਿੱਚ ਬਚਿੱਤਰ ਸਿੰਘ ਦੀ ਸਿਫ਼ਰ ਸਲਾਹ ਵਿੱਚ ਲਿਖਿਆ ਹੈ :

ਬਚਿੱਤਰ ਸਿੰਘ ਜਸ ਤਉ ਕਾ ਗਾਊਂ, ਸਾਂਵੇ ਜੂਝਾ ਨਹਿ ਤਉ ਡਰਿਆ।[15]

ਹਾਥੀ ਨੂੰ ਭਜਾਉਣ ਦੀ ਗਾਥਾ ਬਾਰੇ ਪੰਜਾਬੀ ਵਾਰਾਂ 'ਚ ਲਿਖਿਆ ਹੈ :

ਬਰਛਾ ਮਾਰਿਆ ਬਚਿੱਤਰ ਸਿੰਘ ਕੁੰਭ ਵਿੱਚ ਉਠਾਏ।
ਰਵੋਂ ਕੇ ਹਾਥੀ ਭੱਜ ਕੈ ਫਿਰ ਹਾਜੀ ਪਾਏ।

..............................................................

ਬਰਛਾ ਸਿੰਘ ਬਚਿੱਤਰ ਦਾ ਮੁੱਲ ਮਹਿੰਗੇ ਹੋਇਆ।[16]

ਇਸ ਤਰ੍ਹਾਂ ਭਾਈ ਬਚਿੱਤਰ ਸਿੰਘ ਗੁਰੂ ਗੋਬਿੰਦ ਸਿੰਘ ਦੇ ਅਦੁੱਤੀ ਸੂਰਮਿਆਂ ਵਿੱਚੋਂ ਇੱਕ ਸੀ ਜਿਸ ਤੇ ਸਿੱਖਾਂ ਦੀਆਂ ਆਉਣ ਵਾਲੀਆਂ ਨਸਲਾਂ ਵੀ ਮਾਨ ਕਰ ਸਕਣਗੀਆਂ।

ਸਿੱਖ ਕੌਮ ਨੂੰ ਤਾਂ ਇਸ ਖਾਨਦਾਨ ਤੇ ਮਾਨ ਹੋਣਾ ਸੁਭਾਵਕ ਹੈ, ਜਿਸਨੇ ਇਸ ਖ਼ਾਤਰ 5 ਪੀੜ੍ਹੀਆਂ ਵਿੱਚ 28 ਸ਼ਹਾਦਤਾਂ ਦਿੱਤੀਆਂ। ਇਹਨਾਂ ਸ਼ਹੀਦਾਂ ਵਿੱਚ ਭਾਈ ਬਚਿੱਤਰ ਸਿੰਘ ਦੇ ਦੋ ਪੁੱਤਰ ਵੀ ਸ਼ਹੀਦ ਹੋਏ। ਸੰਗਰਾਮ ਸਿੰਘ 13 ਮਈ 1710 ਈ. ਨੂੰ ਚਪੜ ਚਿੜੀ ਦੇ ਯੁੱਧ ਵਿੱਚ ਤੇ ਰਾਮ ਸਿੰਘ ਦੋ ਜੂਨ 1716 ਨੂੰ ਦਿੱਲੀ ਵਿਖੇ ਸ਼ਹੀਦ ਹੋਇਆ।

## ਹਵਾਲੇ ਅਤੇ ਟਿੱਪਣੀਆਂ


1. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰ: 138
2. ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਪੰ: 182
3. ਡਾ. ਜੀ. ਐਸ. ਛਾਬੜਾ, ਪੰਜਾਬ ਦਾ ਵਿਸਤ੍ਰਿਤ ਇਤਿਹਾਸ, ਪੰਨਾ 295
4. ਐਮ.ਏ. ਮੈਕਾਲਿਫ, ਸਿੱਖ ਰਿਲੀਜ਼ਨ, ਪੰ: 135
5. ਕੁਇਰ ਸਿੰਘ, ਗੁਰ ਬਿਲਾਸ ਪਾਤਸਾਹੀ ੧੦, ਪੰ: 166-167
6. ਭਾਈ ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਪੰ: 136
7. ਭੱਟ ਵਹੀ ਤਲਉਂਢਾ ਪਰਗਨਾ ਜੀਂਦ ਖਾਤਾ ਜਲਹਾਨੋਂ ਕਾ।
8. ਡਾ. ਹਰਜਿੰਦਰ ਸਿੰਘ ਦਿਲਗੀਰ, ਅਨੰਦਪੁਰ ਸਾਹਿਬ, ਪੰ: 39 ਤੇ ਨਿਰਮੋਹਗੜ੍ਹ ਉੱਤੇ ਪਹਿਲਾ ਹਮਲਾ 8 ਅਕਤੂਬਰ ਨੂੰ ਲਿਖਦੇ ਹਨ, ਪ੍ਰੰਤੂ ਗੁਰੂ ਕੀਆਂ ਸਾਖੀਆਂ ਪੰ: 138, ਕਾਰਤਿਕ ਪ੍ਰਵਿਸ਼ਟੇ ਸਤਵੀਂ ਸੰਮਤ 1757 ਤੇ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਨੇ ਪੰ: 238 ਤੇ ਸੱਤ ਅਕਤੂਬਰ ਲਿਖਿਆ ਹੈ।

9. ਭਾਈ ਸੁਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਪੰ: 138
10. ਉਹੀ, ਪੰਨਾ 139
11. ਪਿਆਰਾ ਸਿੰਘ ਪਦਮ (ਸੰਪਾਦਕ) ਵਾਰਾਂ ਗੁਰੂ ਗੋਬਿੰਦ ਸਿੰਘ ਜੀ ਕੀਆਂ, ਪੰਨਾ 67
12. ਨੀਸਾਣ ਤੇ ਹੁਕਮਨਾਮੇ-ਸ਼੍ਰੋ: ਗੁਰ. ਪ੍ਰ: ਕਮੇਟੀ, ਪੰ: 88
13. ਪਿਆਰਾ ਸਿੰਘ ਪਦਮ (ਸੰਪਾਦਤ) ਗੁਰੂ ਕੀਆਂ ਸਾਖੀਆਂ, ਪੰਨਾ 158
14. ਉਹੀ, ਪੰ: 158 ਤੇ ਕਵਿ ਸ਼ਰਧਾ ਸਿੰਘ ਗਹੂਣੀਆ, ਜੀਵਨ ਬ੍ਰਿਤਾਂਤ ਕੋਟਲਾ ਨਿਹੰਗ ਕੇ ਪਠਾਨੋਂ ਕਾ, (1841 ਈ.) ਪੰ: 33
15. ਹਵਾਲਾ ਦਿੱਤਾ ਪ੍ਰੋ. ਪਿਆਰਾ ਸਿੰਘ ਪਦਮ, ਗੁਰਮਤਿ ਪ੍ਰਕਾਸ਼, ਜੂਨ 1996, ਪੰ: 35
16. ਪਿਆਰਾ ਸਿੰਘ ਪਦਮ, ਪੰਜਾਬੀ ਵਾਰਾਂ, ਪੰ: 274

# ਭਾਈ ਉਦੈ ਸਿੰਘ

ਭਾਈ ਉਦੈ ਸਿੰਘ ਭਾਈ ਮਨੀ ਸਿੰਘ ਦਾ ਦਸਾਂ ਪੁੱਤਰਾਂ ਵਿਚੋਂ ਤੀਸਰਾ ਪੁੱਤਰ ਸੀ। ਆਪ ਦਾ ਜਨਮ 27 ਅਕਤੂਬਰ 1665 ਈਸਵੀ ਨੂੰ ਪਿੰਡ ਅਲੀਪੁਰ (ਜ਼ਿਲਾ ਮੁਜੱਫਰਗੜ੍ਹ) ਵਿੱਚ ਬੀਬੀ ਸੀਤੋ ਬਾਈ ਦੇ ਉਦਰ ਤੋਂ ਹੋਇਆ। ਭਾਈ ਮਨੀ ਸਿੰਘ ਦੇ ਦੋ ਵਿਆਹ ਸਨ। ਇਸ ਵਿਆਹ 'ਤੋਂ ਛੇ ਪੁੱਤਰ ਸਨ, ਜਿਹਨਾਂ ਦਾ ਨਾਮ ਬਚਿੱਤਰ ਸਿੰਘ, ਚਿੱਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਸਨ। ਮਾਤਾ ਸੀਤੋ ਬਾਈ, ਭਾਈ ਲੱਖੀ ਰਾਇ ਯਾਦਵ ਪਿੰਡ ਖੈਰਪੁਰ ਵਾਸੀ ਦੀ ਪੁੱਤਰੀ ਸੀ।[1] ਭਾਈ ਮਨੀ ਸਿੰਘ ਦੀ ਦੂਸਰੀ ਪਤਨੀ ਗੁਰੀਏ ਚੌਹਾਨ ਹਜ਼ਾਵਤ ਦੀ ਪੁੱਤਰੀ ਬੀਬੀ ਲਡਿੱਕੀ ਸੀ।[2]

ਇਸਦੇ ਚਾਰ ਪੁੱਤਰ ਹੋਏ—ਗੁਰਬਖਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ, ਦੇਸਾ ਸਿੰਘ (ਰਹਿਤਨਾਮੇ ਵਾਲਾ)।

ਇਸ ਤਰ੍ਹਾਂ ਭਾਈ ਮਨੀ ਸਿੰਘ ਦੇ 10 ਪੁੱਤਰ ਸਨ, ਜਿਹਨਾਂ ਵਿੱਚੋਂ ਸ਼ਹੀਦ ਹੋਣ ਵਾਲੇ ਸੱਤ ਸਨ—ਬਚਿੱਤਰ ਸਿੰਘ, ਚਿੱਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਤੇ ਗੁਰਬਖਸ਼ ਸਿੰਘ। ਇਹਨਾਂ ਵਿੱਚ ਭਾਈ ਬਚਿੱਤਰ ਸਿੰਘ ਤੇ ਉਦੈ ਸਿੰਘ ਦੀ ਜੀਵਨ-ਗਾਥਾ ਵੀਰਤਾ ਦੇ ਕਾਰਨਾਮਿਆਂ ਨਾਲ ਭਰਪੂਰ ਹੈ।

ਉਹ ਆਪਣੀ ਉਮਰ ਦਾ ਕਾਫੀ ਸਮਾਂ ਅਨੰਦਪੁਰ ਹੀ ਰਹੇ। ਭੱਟ ਵਹੀ ਮੁਲਤਾਨੀ ਅਨੁਸਾਰ ਤਾਂ ਉਹਨਾਂ ਦਾ ਵਿਆਹ ਵੀ 2 ਮਾਰਚ 1693 ਵਿੱਚ ਅਨੰਦਪੁਰ ਸਾਹਿਬ ਵਿਖੇ ਹੀ ਹੋਇਆ।

ਅਨੰਦਪੁਰ ਦੇ ਮਲਹਾਨ ਰੁਪਉਂ ਸੇ ਮੂੰਡ ਭਟੋਂ ਕਾ ਭਰ ਦਿੱਤਾ।
ਦੀ ਬਧਾਈ ਚਿਤ੍ਰ ਬਚਿਤ੍ਰ ਉਦੈ ਵਿਆਹ ਕੀ।
ਸਾਲ ਸਤ੍ਰਾਂ ਮੈ ਪਚਾਸ ਸੀ ਬਿਤਾ।
ਮੈਂਹਗੇ ਮੋਲ ਕਰਹੈ ਹੈ ਦੀਏ, ਮੁਰਕੀ ਬੱਚ ਕੱਨੀ ਔ ਬਾਲਿਤਾ।[3]

ਭੱਟਾਂ ਨੂੰ ਚਿਤ੍ਰ, ਬਚਿਤ੍ਰ ਤੇ ਉਦੈ ਦੇ ਵਿਆਹ ਦੀ ਵਧਾਈ ਰੁਪਿਆ ਦੀਆਂ ਮੁੱਠੀਆਂ ਭਰ ਭਰ ਦਿੱਤੀ। ਮਹਿੰਗੇ ਕੜੇ ਤੇ ਕੰਨਾਂ ਲਈ ਮੁਰਕੀਆਂ ਦਿੱਤੀਆਂ। ਵਿਆਹ ਸੰਮਤ 1750 ਬਿਕਰਮੀ ਬੀਤ ਜਾਣ ਤੇ ਹੋਇਆ।

ਭਾਈ ਉਦੈ ਸਿੰਘ ਭਾਈ ਮਨੀ ਸਿੰਘ ਦੇ ਉਹਨਾਂ ਪੰਜ ਪੁੱਤਰਾਂ ਵਿਚੋਂ ਇੱਕ ਸੀ ਜਿਹਨਾਂ ਨੂੰ ਉਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਭੇਟਾ ਕੀਤੀ ਸੀ।

ਉਹ ਦਲੇਰ, ਸ਼ੇਰਦਿਲ ਤੇ ਜੰਗਜੂ ਸਨ। ਉਹ ਅਦੁੱਤੀ ਯੋਧਾ ਸੀ। ਉਹ ਜੰਗੀ ਹੁਨਰ ਵਿੱਚ ਨਿਪੁੰਨ ਸੀ ਤੇ ਤੀਰ-ਅੰਦਾਜ਼ੀ ਤੇ ਤਲਵਾਰਬਾਜ਼ੀ ਵਿੱਚ ਮਾਹਰ ਸੀ। ਉਹ ਇੱਕ

ਵਧੀਆ ਸ਼ਿਕਾਰੀ ਸੀ। 9 ਮਾਰਚ 1696 ਈਸਵੀ ਨੂੰ ਉਸਨੇ ਇੱਕ ਸ਼ੇਰ ਮੌਤ ਦੇ ਘਾਟ ਉਤਾਰਿਆ[4]। ਕਿਹਾ ਜਾਂਦਾ ਹੈ ਕਿ ਉਹ ਉਸ ਦਿਨ ਗੁਰੂ ਜੀ ਦੇ ਦਰਸ਼ਨਾਂ ਨੂੰ ਬਿਨਾਂ ਭੇਟਾ ਦੇ ਗਿਆ। ਉਸਨੇ ਕਿਹਾ ਕਿ ਉਸ ਕੋਲ ਭੇਟਾ ਤਾਂ ਹੈ ਪਰ ਉਸਨੂੰ ਉਠਾਕੇ ਲਿਆਉਣ ਦੇ ਸਮਰੱਥ ਨਹੀਂ ਹੈ। ਗੁਰੂ ਜੀ ਨੂੰ ਉਸ ਨੇ ਕਿਹਾ ਕਿ ਉਸਨੇ ਸ਼ੇਰ ਮਾਰਿਆ ਹੈ ਜਿਸਨੂੰ ਉਹ ਏਥੇ ਲਿਆ ਨਹੀਂ ਸਕਦਾ। ਗੁਰੂ ਜੀ ਨੇ ਸ਼ੇਰ ਮੰਗਵਾ ਲਿਆ, ਉਸਦੀ ਖੱਲ ਉਤਾਰੀ, ਤੇ ਉਹ ਖੱਲ ਘੁਮਿਆਰ ਦੇ ਗਧੇ ਦੇ ਪਾ ਦਿੱਤੀ। ਉਹ ਗਧਾ ਸ਼ੇਰ ਦੇ ਭੇਸ ਵਿੱਚ ਲੋਕਾਂ ਨੂੰ ਭੈ ਭੀਤ ਕਰਦਾ ਰਿਹਾ। ਇੱਕ ਦਿਨ ਕੁਝ ਸਿੱਖ ਉਸਨੂੰ ਗੋਲੀ ਨਾਲ ਉਡਾਉਣ ਲੱਗੇ। ਉਹ ਗਧਾ ਡਰਕੇ ਗਧਿਆਂ ਵਿੱਚ ਰਲ ਗਿਆ ਤੇ ਜਾਕੇ ਹੀਂਗਣ ਲੱਗਾ। ਘੁਮਿਆਰ ਨੇ ਫੜ ਲਿਆ ਤੇ ਪਹਿਲਾਂ ਵਾਂਗ ਹੀ ਭਾਰ ਢੋਣ ਲਈ ਲਾ ਦਿੱਤਾ। ਗੁਰੂ ਜੀ ਨੇ ਇਸ ਘਟਣਾ ਨੂੰ ਸਿੱਖਿਆ ਦੇਣ ਲਈ ਵਰਤਦਿਆਂ ਸਿੱਖਾਂ ਨੂੰ ਕਿਹਾ, "ਜਦ ਤਕ ਤੁਸੀਂ ਜ਼ਾਤ-ਪਾਤ ਤੇ ਕੁਲ ਪ੍ਰੰਪਰਾ ਨਾਲ ਬੱਝੇ ਹੋਏ ਸੀ, ਤੁਸੀਂ ਗਧਿਆਂ ਵਰਗੇ ਸੀ। ਮੈਂ ਤੁਹਾਨੂੰ ਮੁਕਤ ਕਰ ਦਿੱਤਾ ਹੈ ਤੇ ਤੁਹਾਨੂੰ ਸ਼ੇਰ ਦਾ ਰੂਪ ਦੇਕੇ ਸਭ ਆਦਮੀਆਂ ਨਾਲੋਂ ਸ੍ਰੇਸ਼ਟ ਬਣਾ ਦਿੱਤਾ ਹੈ। ਗਧਾ ਸ਼ੇਰ ਦੀ ਖੱਲ ਵਿੱਚ ਅਜਿੱਤ ਸੀ ਪਰ ਜਦੋਂ ਉਹ ਘੁਮਿਆਰ ਦੇ ਵੱਸ ਪੈ ਗਿਆ ਤਾਂ ਉਹਦੀ ਪਿੱਠ ਤੇ ਭਾਰ ਲੱਦ ਦਿੱਤਾ ਗਿਆ। ਇਸੇ ਤਰ੍ਹਾਂ ਜਦ ਤੱਕ ਤੁਹਾਡਾ ਭੇਸ ਸ਼ੇਰ ਜੈਸਾ ਰਹੇਗਾ, ਤੁਸੀਂ ਅਜਿੱਤ ਰਹੋਗੇ। ਜੇ ਤੁਸੀਂ ਪਹਿਲਾਂ ਵਾਂਗ ਹੀ ਜਾਤ-ਪਾਤ ਦੀ ਪਾਲਣਾ ਕਰਨ ਲੱਗੋਗੇ ਤਾਂ ਤੁਸੀਂ ਵੀ ਖੋਤੇ ਵਾਲੀ ਦਸ਼ਾ ਵਿੱਚ ਆ ਜਾਵੋਗੇ।"[5]

ਇੱਕ ਵਾਰ ਗੁਰੂ ਗੋਬਿੰਦ ਸਿੰਘ ਸਿੱਖਾਂ ਨੂੰ ਨਾਲ ਲੈਕੇ ਸ਼ਿਕਾਰ ਗਏ। ਸਿੱਖਾਂ ਦੀ ਗਿਣਤੀ ਕਾਫੀ ਥੋੜ੍ਹੀ ਸੀ। ਦੋ ਪਹਾੜੀ ਰਾਜਿਆਂ ਬਲੀਆ ਚੰਦ ਤੇ ਆਲਮ ਚੰਦ ਨੇ ਮੌਕਾ ਤਾੜਕੇ ਆਪਣੇ ਸੈਨਿਕਾਂ ਨਾਲ ਗੁਰੂ ਜੀ ਤੇ ਹਮਲਾ ਕਰ ਦਿੱਤਾ। "ਗੁਰੂ ਕੀਆਂ ਸਾਖੀਆਂ" ਵਿੱਚ ਲਿਖਿਆ ਹੈ : "ਅਸਾਢ ਬਦੀ ਦਸਮੀ ਕੇ ਦਿਹੁੰ ਗੁਰੂ ਸਾਹਿਬ ਭਾਈ ਉਦੈ ਸਿੰਘ ਆਦਿ ਮੁਖੀ ਸਿੱਖਾਂ ਸਮੇਤ ਕਟੋਚਾਂ ਦੀ ਹਦੂਦ ਦੀ ਤਰਫ ਸ਼ਿਕਾਰ ਖੇਡਨੇ ਗਏ। ਰਾਜਾ ਬਲੀਆ ਚੰਦ ਤੇ ਆਲਮਚੰਦ ਘਾਤ ਪਾਇ ਸਤਿਗੁਰਾਂ ਤੇ ਆਇ ਅਚਾਨਕ ਹਮਲਾ ਕਰ ਦੀਆ। ਗੁਰੂ ਜੀ ਅਰਾਕੀ ਕੋ ਭਜਾਇ ਏਕ ਕਰੌਂਦੇ ਕੇ ਬੂਟੇ ਤਲੇ ਜਾਏ ਖਲੇ ਹੂਏ। ਉਦੈ ਸਿੰਘ, ਆਲਮ ਸਿੰਘ ਆਦਿ ਸਿੰਘਾਂ ਸੇ ਬਚਨ ਹੋਆ ਕਿ ਤੁਸਾਂ ਇਨ੍ਹਾਂ ਕੀਏ ਹਮਲੇ ਕਾ ਪੂਰੀ ਤਰਹ ਮਜ਼ਾ ਚਖਾਏਂ। ਬਚਨ ਪਾਇ ਭਾਈ ਉਦੈ ਸਿੰਘ, ਆਲਮ ਸਿੰਘ ਆਦਿ ਸਿੰਘ ਰਾਜਾ ਬਲੀਆ ਚੰਦ ਤੇ ਇਸਕੇ ਸਾਥੀਆਂ ਕੋ ਮਾਰ ਕੇ ਪੀਛੇ ਧਕੇਲ ਦੀਆ। ਦੂੰਹੀ ਤਰਫੀ ਬੜਾ ਅਗਾਲ ਜੰਗ ਹੂਆ, ਬਲੀਆ ਚੰਦ ਤੇ ਆਲਮ ਚੰਦ ਦੋਨੰ ਊਦੈ ਸਿੰਘ ਤੇ ਆਲਮ ਸਿੰਘ ਕੇ ਹਾਥ ਤੇ ਘਾਇਲ ਹੂਏ ਤੇ ਜਾਨਾ ਬਚਾ ਕੇ ਭਾਗ ਗਏ।[6]

ਆਲਮ ਚੰਦ ਦੀ ਸੱਜੀ ਬਾਂਹ ਆਲਮ ਸਿੰਘ ਹਥੋਂ ਵੱਢੀ ਗਈ ਸੀ ਤੇ ਭਾਈ ਉਦੈ ਸਿੰਘ ਬਲੀਆ ਚੰਦ ਨੂੰ ਬੰਦੂਕ ਨਾਲ ਜਖ਼ਮੀ ਕਰ ਦਿੱਤਾ ਸੀ ਫਿਰ ਉਹ ਭੱਜ ਗਏ। ਇਹ ਘਟਨਾ ਉਦੈ ਸਿੰਘ ਹੱਥੋਂ ਸ਼ੇਰ ਮਾਰੇ ਜਾਣ ਤੋਂ ਪਹਿਲਾਂ ਹੋਈ ਤੇ ਦੋਵੇਂ ਘਟਨਾਵਾਂ ਨਿਸਚਿਤ ਤੌਰ ਤੇ ਖਾਲਸਾ ਸਿਰਜਣਾ ਤੋਂ ਪਹਿਲਾਂ ਵਾਪਰੀਆਂ। ਗੁਰੂ ਕੀਆਂ ਸਾਥੀਆਂ ਅਨੁਸਾਰ ਪਹਾੜੀਆਂ ਦਾ ਹਮਲਾ ਅਸਾਢ ਬਦੀ ਦਸਮੀਂ ਨੂੰ ਤੇ ਉਦੈ ਸਿੰਘ ਹੱਥੋਂ ਸ਼ੇਰ ਮਾਰਨ ਦੀ ਘਟਨਾ ਸਾਵਨ ਬਦੀ ਏਕਮ ਨੂੰ ਹੋਈ।[7]

ਭਾਈ ਉਦੈ ਸਿੰਘ ਨੇ 30 ਮਾਰਚ 1699 ਨੂੰ ਵੈਸਾਖੀ ਵਾਲੇ ਦਿਨ ਆਪਣੇ ਪਿਤਾ ਤੇ ਭਰਾਵਾਂ ਨਾਲ ਖੰਡੇ ਦੀ ਪਾਹੁਲ ਲਈ। ਪੰਜ ਪਿਆਰਿਆਂ ਤੇ ਮੁਕਤਿਆਂ ਪਿੱਛੋਂ ਅੰਮ੍ਰਿਤ ਛੱਕਣ ਵਾਲੇ ਤੀਸਰੇ ਜੱਥੇ ਵਿੱਚ ਇਹ ਸ਼ਾਮਿਲ ਹੋਏ। ਉਸਤੋਂ ਪਿੱਛੋਂ ਲਗਭਗ ਹਰ ਭੇੜੇ ਤੇ ਯੁੱਧ ਵਿੱਚ ਉਦੈ ਸਿੰਘ ਨੇ ਵੱਧ ਚੜ੍ਹ ਕੇ ਭਾਗ ਲਿਆ।

ਖਾਲਸਾ ਸਿਰਜਣਾ ਦੇ ਕੁਝ ਸਮੇਂ ਪਿਛੋਂ ਹੀ ਜਦੋਂ ਪੋਠੋਹਾਰ ਵੱਲੋਂ ਆ ਰਹੀ ਸੰਗਤ ਨੂੰ ਨੂਹ ਦੇ ਰੰਘੜਾਂ ਨੇ ਲੁੱਟ ਲਿਆ ਤੇ ਉਹਨਾਂ ਉੱਪਰ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਨੇ ਹਮਲਾ ਕਰਕੇ ਉਹਨਾਂ ਦੇ ਆਗੂ ਨੂੰ ਫੜਕੇ ਆਨੰਦਪੁਰ ਲਿਆਂਦਾ। "ਗੁਰੂ ਕੀਆਂ ਸਾਖੀਆਂ" ਵਿੱਚ ਲਿਖਿਆ ਹੈ : ਸਤਾਰਾਂ ਸੈਂ ਛਪਿੰਜਾ ਕੀ ਵਿਸਾਖੀ ਤੇ ਚਾਰੋਂ ਦਿਸ਼ਾ ਸੇ ਖਾਲਸਾ ਹੁਮ ਹੁਮਾਇਕੇ ਦਰਸ਼ਨ ਪਾਨੇ ਸ੍ਰੀ ਆਨੰਦਪੁਰ ਆਇਆ। .......ਇਸੀ ਵਰਖ ਪੋਠੋਹਾਰ ਸੇ ਆਇ ਰਹੀ ਸਿੱਖ ਸੰਗਤ ਕੋ ਜੇਠ ਸੁਦੀ ਪੰਚਮੀ ਕੇ ਦਿਹੁੰ ਨੂਹ ਗਾਉਂ ਕੇ ਰੰਘੜਾ ਲੂਟ ਲੀਆ, ਸੰਗਤ ਅਨੰਦਪੁਰ ਗੁਰ ਦਰਬਾਰ ਮੇਂ ਫਰਯਾਦੀ ਹੂਈ, .......ਅਗਲੇ ਦਿਵਸ ਸਾਹਿਬਜ਼ਾਦਾ ਅਜੀਤ ਸਿੰਘ ਕੀ ਜੱਥੇਦਾਰੀ ਨੀਚੇ ਉਦੈ ਸਿੰਘ ਆਦਿ ਸੌ ਸਿੰਘਾਂ ਕੋ ਰਵਾਨਾ ਕੀਆ, ਇਨ੍ਹਾਂ ਜਾ ਕੇ ਨੂਹ ਗਾਉਂ ਵਾਲੇ ਕੀ ਚੰਗੀ ਖੁੰਬ ਠੱਪੀ। ਇਨਕੇ ਆਗੂ ਕੇਸੋਰਾਮ ਰੰਘੜਕੋ ਪਕੜ ਆਨੰਦਪੁਰ ਮੇਂ ਲੈ ਆਂਦਾ।"[8]

ਭਾਈ ਉਦੈ ਸਿੰਘ ਜੀ ਨੇ ਆਨੰਦ ਪੁਰ ਉਪਰ 1700 ਈਸਵੀ ਨੂੰ ਹੋਏ ਹਮਲੇ ਵਿੱਚ ਉੱਘਾ ਯੋਗਦਾਨ ਪਾਇਆ। "ਗੁਰੂ ਕੀਆਂ ਸਾਖੀਆਂ" ਵਿੱਚ ਲਿਖਿਆ ਹੈ : ਸੰਮਤ ਸਤਰਾਂ ਸੌ ਸਤਵੰਜਾ ਭਾਦਵ ਪ੍ਰਵਿਸ਼ੇਟ ਉਨੱਤੀਸ ਵੀਰਵਾਰ ਕੇ ਦਿਹੁੰ ਰਾਜਾ ਅਜਮੇਰ ਚੰਦ ਨੇ ਘਾਤ ਪਾਇ ਅਨੰਦਗਢ ਸੇ ਦੁਰਾਡੇ ਕਿਲਾ ਤਾਰਾਗੜ੍ਹ ਤੇ ਆਇ ਹਮਲਾ ਕੀਆ। ਖਾਲਸੇ, ਸਾਹਿਬਜ਼ਾਦਾ ਅਜੀਤ ਸਿੰਘ ਦੀ ਜੱਥੇਦਾਰੀ ਨੀਚੇ ਪਰਬਤੀ ਰਾਜਯੋਂ ਕੇ ਚੰਗੇ ਦਾਂਤ ਖੱਟੇ ਕੀਏ। ......ਸਤਿਗੁਰਾਂ ਅਨੰਦਗੜ ਮੇਂ ਭਾਈ ਉਦੈ ਸਿੰਘ ਦੀ ਸਰਕਰਦਗੀ ਨੀਚੇ ਸਵਾ ਸੌ ਸਿੰਘਾਂ ਦਾ ਏਕ ਜੱਥਾ ਭੇਜਾ। ਰਾਜਾ ਅਜਮੇਰ ਚੰਦ ਸਥੀ ਮਰਵਾਇ ਹਾਰ ਖਾਇ ਕੇ ਭਾਗ ਨਿਕਲਾ।"[9]

30 ਅਗਸਤ ਨੂੰ ਫਤਿਹਗੜ੍ਹ ਤੇ ਹਮਲਾ ਕੀਤਾ ਪਰ ਹਾਰ ਖਾਧੀ। 31 ਅਗਸਤ ਨੂੰ ਅਗੰਮਗੜ੍ਹ ਤੇ ਹਮਲਾ ਕੀਤਾ। ਫਿਰ ਕਿਲਾ ਆਨੰਦਗੜ੍ਹ ਤੇ ਹਮਲਾ ਕੀਤਾ ਗਿਆ। ਪਹਿਲੀ ਸਤੰਬਰ ਨੂੰ ਜੋ ਹਮਲਾ ਕੇਸਰੀ ਚੰਦ ਜਸਵਾਲੀਆ ਦੀ ਅਗਵਾਈ ਵਿੱਚ ਹੋਇਆ, ਉਹ ਸਭ ਤੋਂ ਜ਼ਬਰਦਸਤ ਸੀ।

ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫੌਜਾਂ ਗੁਰੂ ਜੀ ਨੂੰ ਆਨੰਦਪੁਰ ਚੋਂ ਕੱਢਣ ਤੇ ਤੁਲੀਆਂ ਹੋਈਆਂ ਸਨ, ਪਰ ਤਿੰਨ ਹੱਲਿਆਂ ਵਿੱਚ ਉਹ ਹਾਰ ਖਾ ਚੁੱਕੀਆਂ ਸਨ। ਹੁਣ ਉਹਨਾਂ ਆਨੰਦਪੁਰ ਨੂੰ ਘੇਰਾ ਪਾ ਲਿਆ ਜੋ 20 ਦਿਨ ਤੱਕ ਚੱਲਿਆ। ਸੁੱਖਾ ਸਿੰਘ ਦੇ ਗੁਰ ਬਿਲਾਸ ਅਨੁਸਾਰ ਪਹਿਲਾਂ ਕੇਸਰੀ ਚੰਦ ਦੇ ਸੁਝਾਅ ਤੇ ਕਿਲਾ ਲੋਹਗੜ੍ਹ ਤੇ ਹਮਲਾ ਕਰਨ ਲਈ ਮਸਤ ਹਾਥੀ ਭੇਜਿਆ ਗਿਆ ਜਿਸ ਦਾ ਮੁਕਾਬਲਾ ਭਾਈ ਬਚਿੱਤਰ ਸਿੰਘ ਨੇ ਬੜੀ ਬਹਾਦਰੀ ਨਾਲ ਕੀਤਾ।[10]

ਜਦੋਂ ਬਚਿੱਤਰ ਸਿੰਘ ਹਾਥੀ ਨਾਲ ਟੱਕਰ ਲੈ ਰਿਹਾ ਸੀ ਤਾਂ ਉਸ ਸਮੇਂ ਭਾਈ ਉਦੈ ਸਿੰਘ ਕੇਸਰੀ ਚੰਦ ਵੱਲ ਵਧਿਆ ਤੇ ਉਸਨੂੰ ਗਿੱਦੜ ਕਹਿਕੇ ਵੰਗਾਰਿਆ ਤੇ ਆਖਿਆ ਕਿ ਉਹ ਪਿਛਾਂਹ ਕਿਉਂ ਗੀਦੀਆਂ ਵਾਂਗ ਨੱਠ ਰਿਹਾ ਹੈ। ਉਦੈ ਸਿੰਘ ਨੇ ਸਹੁੰ ਖਾਧੀ ਕਿ ਉਹ ਉਸ ਨੂੰ ਮਾਰ ਕੇ ਸਾਰੇ ਸਿੱਖਾਂ ਦੀ ਮੌਤ ਦਾ ਬਦਲਾ ਲਵੇਗਾ। ਕੇਸਰੀ ਚੰਦ ਨੇ ਗੁੱਸਾ ਖਾਕੇ ਭਾਈ ਉਦੈ ਸਿੰਘ ਵੱਲ ਤੀਰ ਛੱਡਿਆ ਜੋ ਉਹਦੇ ਘੋੜੇ ਦੀ ਕਾਠੀ ਦੇ ਕੱਪੜੇ ਨੂੰ ਛੂਹ ਗਿਆ। ਉਦੈ ਸਿੰਘ ਤਲਵਾਰ ਹੱਥ ਵਿੱਚ ਲੈਕੇ ਅੱਗੇ ਵਧਿਆ ਤੇ ਕੇਸਰੀ ਚੰਦ ਦਾ ਸਿਰ ਲਾਹ ਦਿੱਤਾ। ਫਿਰ ਉਸਦਾ ਸਿਰ ਬਰਛੇ ਨਾਲ ਅਡੋਲ ਲਹਿਰਾਉਂਦਾ ਹੋਇਆ ਉਹ ਕਿਲੇ ਅੰਦਰ ਆਪਣੀ ਜਿੱਤ ਦਾ ਪ੍ਰਤੱਖ ਪ੍ਰਮਾਣ ਲੈ ਕੇ ਵਿਖਾਉਣ ਲਈ ਚਲਾ ਗਿਆ।[11]

ਗੁਰੂ ਜੀ ਨਾਲ ਫਿਰ ਪਹਾੜੀਆਂ ਨੇ ਛਲ ਕਰਕੇ ਕੁਝ ਦਿਨਾਂ ਲਈ ਆਨੰਦਪੁਰੋਂ ਚਲੇ ਜਾਣ ਲਈ ਮਨਾ ਲਿਆ ਤਾਂ ਜੋ ਉਹਨਾਂ ਦੀ ਇੱਜ਼ਤ ਰਹਿ ਜਾਵੇ। ਗੁਰੂ ਜੀ ਨੇ ਵੀ ਪਹਾੜੀਆਂ ਦੀ ਗਿਣਤੀ ਕਾਫੀ ਵੇਖ ਕੇ ਜਾਣ ਦਾ ਫੈਸਲਾ ਲੈ ਲਿਆ। ਉਹ ਉੱਥੋਂ ਨਿਰਮੋਹਗੜ੍ਹ ਚਲੇ ਗਏ ਜਿਹੜਾ ਕੀਰਤਪੁਰ ਤੋਂ ਇੱਕ ਮੀਲ ਦੀ ਦੂਰੀ ਤੇ ਸੀ।

ਰਾਜਾ ਅਜਮੇਰ ਚੰਦ ਤੇ ਕਾਂਗੜੇ ਦੇ ਰਾਜੇ ਨੇ ਤਜਵੀਜ਼ ਬਣਾਈ ਕਿ ਨਿਰਮੋਹਗੜ੍ਹ ਵਿੱਚ ਗੁਰੂ ਤੇ ਹਮਲਾ ਕੀਤਾ ਜਾਵੇ ਕਿਉਂਕਿ ਉਹਦੀ ਰੱਖਿਆ ਲਈ ਨਾ ਤਾਂ ਕੋਈ ਕਿਲ੍ਹਾ ਹੈ ਤੇ ਨਾ ਹੀ ਉਹਦੇ ਕੋਲ ਉਹਨਾਂ ਨੂੰ ਰੋਕਣ ਦਾ ਹੋਰ ਕੋਈ ਚਾਰਾ ਹੈ। ਦੋਵੇਂ ਧਿਰਾਂ ਯੁੱਧ ਲਈ ਤਿਆਰ ਸਨ। ਗੁਰੂ ਜੀ ਤੇ ਉਹਨਾਂ ਦੀ ਫੌਜ ਇੱਕ ਪਹਾੜੀ ਚੋਟੀ ਤੇ ਮੋਰਚਾ ਮੱਲੀ ਬੈਠੇ ਸਨ ਤੇ ਪਹਾੜੀ ਰਾਜੇ ਵੀ ਅਜਿਹੀਆਂ ਥਾਵਾਂ ਤੇ ਡਟ ਗਏ ਜੋ ਉਹਨਾਂ ਦੇ ਲਈ ਬਹੁਤ ਅਨੁਕੂਲ ਸਨ।[12] ਜਿਹੜੀ ਜੰਗ ਸ਼ੁਰੂ ਹੋਈ ਉਸ ਵਿੱਚ ਇੱਕ ਹਜਾਰਾਂ ਸਿੱਖ ਸੈਨਕਾਂ ਦਾ ਮੁਖੀ ਦੀਵਾਨ ਸਾਹਿਬ ਸਿੰਘ ਮਾਰਿਆ ਗਿਆ। ਗੁਰੂ ਜੀ ਤੇ ਉਦੈ ਸਿੰਘ, ਬਚਿੱਤਰ ਸਿੰਘ ਤੇ ਆਲਮ ਸਿੰਘ ਵਰਗੇ ਮੁਖੀਏ ਸਿੱਖਾਂ ਨੇ ਭਿਆਨਕ ਯੁੱਧ ਲੜਿਆ ਤੇ ਬਹਾਦਰ ਸਾਹਿਬ ਸਿੰਘ ਦੀ ਮ੍ਰਿਤਕ ਦੇਹ ਵੈਰੀਆਂ ਤੋਂ ਖੋਹ ਲਈ। ਸਿੱਖ ਜੇਤੂ ਰਹੇ ਤੇ ਦੁਸ਼ਮਣ ਪਿੱਛੇ ਹਟ ਗਿਆ। ਇਹ ਲੜਾਈ 8 ਅਕਤੂਬਰ 1700 ਈ: ਨੂੰ ਹੋਈ।

ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ "ਇਹ ਲੜਾਈ ਮੰਗਲਵਾਰ ਸਾਲ ਸਤਰਾਂ ਸੌ ਸਤਵੰਜਾ ਕਾਰਤਿਕ ਪ੍ਰਵਿਸ਼ਟੇ ਸੱਤਵੀਂ ਕੇ ਦਿਹੁੰ ਨਿਰਮੋਹ ਗਢ ਕੇ ਮਲ੍ਹਾਨ" ਹੋਈ।[12]

ਅਗਲੇ ਦਿਨ ਪਹਾੜੀ ਰਾਜਿਆਂ ਦੀ ਫੌਜ ਤੇ ਸ਼ਾਹੀ ਸੈਨਾ ਨੇ ਅਜਿਹਾ ਭਿਆਨਕ ਹੱਲਾ ਬੋਲਿਆ ਕਿ ਗੁਰੂ ਜੀ ਦੀ ਸੈਨਾ ਪਿੱਛੇ ਹੱਟਣ ਲਈ ਮਜਬੂਰ ਹੋ ਗਈ। ਅਜਿਹੀ ਹਾਲਤ ਵਿੱਚ ਆਨੰਦਪੁਰ ਪਰਤਣਾਂ ਬੇਸਮਝੀ ਹੁੰਦੀ ਤੇ ਇੱਕ ਤਰ੍ਹਾਂ ਤਬਾਹੀ ਹੀ ਹੋਣੀ ਸੀ। ਇਸ ਲਈ ਗੁਰੂ ਜੀ ਨੇ ਬਾਸ਼ਾਲੀ ਜਾਣ ਦਾ ਫੈਸਲਾ ਕਰ ਲਿਆ ਜਿੱਥੋਂ ਦਾ ਰਾਜਾ ਕਈ ਵਾਰ ਗੁਰੂ ਜੀ ਨੂੰ ਰਾਜਧਾਨੀ ਵਿੱਚ ਆਉਣ ਲਈ ਸੱਦਾ ਭੇਜ ਚੁੱਕਾ ਸੀ। ਗੁਰੂ ਜੀ ਦੇ ਮਗਰ ਮਗਰ ਉਦੈ ਸਿੰਘ, ਆਲਮ ਸਿੰਘ, ਦਇਆ ਸਿੰਘ ਤੇ ਮੁਹਕਮ ਸਿੰਘ 2000 ਸੈਨਕਾਂ ਦੀ ਅਗਵਾਈ ਕਰਦੇ ਜਾ ਰਹੇ ਸਨ। ਬਾਸਾਲੀ ਕੀਰਤਪੁਰ ਤੇ ਨਿਰਮੋਹਗੜ੍ਹ ਤੋਂ 13-14 ਕਿਲੋਮੀਟਰ ਇੱਕੋ ਜਿਹੀ ਦੂਰੀ ਤੇ ਸੀ।

ਰਾਜਾ ਅਜਮੇਰ ਚੰਦ ਨੇ ਬਹਾਦਰ ਉਦੈ ਸਿੰਘ ਦਾ ਪਿੱਛਾ ਕੀਤਾ ਪਰ ਉਦੈ ਸਿੰਘ ਨੇ ਤੀਰਾਂ ਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ ਉਸਨੂੰ ਪਿੱਛੇ ਧਕੇਲ ਦਿੱਤਾ।

## ਕਲਮੋਟ ਦਾ ਯੁੱਧ

ਇੱਕ ਦਿਨ ਗੁਰੂ ਜੀ ਭਾਈ ਉਦੈ ਸਿੰਘ ਨੂੰ ਨਾਲ ਲੈਕੇ ਸ਼ਿਕਾਰ ਲਈ ਚੱਲ ਪਏ। ਉਦੈ ਸਿੰਘ ਨੇ ਇੱਕ ਬਘਿਆੜ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਤੇ ਉਹ ਕਲਮੋਟ ਪਿੰਡ ਵੱਲ ਨੱਸ ਗਿਆ।[15] ਉਸ ਪਿੰਡ ਦੇ ਲੋਕ ਜੋ ਵਧੇਰੇ ਕਰਕੇ ਰੰਘੜ ਤੇ ਗੁੱਜਰ ਸਨ, ਸਿੱਖਾਂ ਨਾਲ ਭਿੜ ਪਏ। ਇਸ ਜੰਗ ਵਿੱਚ ਬਹੁਤ ਸਾਰੇ ਪੇਂਡੂ ਮਾਰੇ ਗਏ। ਇਹ ਲੜਾਈ 20 ਅਕਤੂਬਰ 1700 ਈ. ਨੂੰ ਹੋਈ।

ਗੁਰੂ ਵਾਪਸ ਬਸਾਲੀ ਪਹੁੰਚੇ। ਉਥੇ ਭਾਈ ਦਇਆ ਸਿੰਘ ਤੇ ਉਦੈ ਸਿੰਘ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਆਨੰਦਪੁਰ ਖਾਲੀ ਕਰਨਾ ਅਪਮਾਨ ਵਾਲੀ ਗੱਲ ਸੀ। ਗੁਰੂ ਜੀ ਨੇ ਮੁੜਨ ਦਾ ਫ਼ੈਸਲਾ ਕਰਕੇ ਕੂਚ ਦਾ ਨਗਾਰਾ ਵਜਵਾ ਦਿੱਤਾ।

ਇੱਕ ਵਾਰ ਫਿਰ ਭਾਈ ਉਦੈ ਸਿੰਘ ਨੇ ਬਜਰੂਰ ਪਿੰਡ ਦੇ ਖਰੂਦੀ ਰੰਘੜਾਂ ਤੇ ਗੁੱਜਰਾਂ ਨੂੰ ਸਜਾ ਦੇਣ ਲਈ ਮੁੱਖ ਭੂਮਿਕਾ ਨਿਬਾਹੀ। ਗੁਰੂ ਜੀ ਵਾਸਤੇ ਸਿੱਖ ਸੰਗਤ ਭੇਟਾ ਲੈਕੇ ਆਨੰਦਪੁਰ ਨੂੰ ਆ ਰਹੀ ਸੀ ਕਿ ਬਜਰੂਰ ਜੋ ਆਨੰਦਪੁਰ ਤੋਂ ਦਸ ਮੀਲ ਦੂਰੀ ਤੇ ਸੀ, ਸੰਗਤ ਨੂੰ ਰੰਘੜਾਂ ਨੇ ਲੁੱਟ ਲਿਆ। ਗੁਰੂ ਜੀ ਨੇ ਉਹਨਾਂ ਨੂੰ ਸਜ਼ਾ ਦੇਣ ਲਈ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਨੂੰ ਭੇਜਿਆ। 13 ਅਪ੍ਰੈਲ 1701 ਨੂੰ ਬਜਰੂਰ ਦੇ ਲੋਕਾਂ ਤੇ ਹਮਲਾ ਕੀਤਾ ਗਿਆ। ਉਹਨਾਂ ਦੇ ਦੋ ਆਗੂ ਚਿੱਤੂ ਮਿੱਤੂ ਮਾਰ ਦਿੱਤੇ ਗਏ ਤੇ ਉਹਨਾਂ ਦੇ ਘਰ ਘਾਟ ਢਾਹ ਦਿੱਤੇ ਗਏ।[16]

ਉੱਥੇ ਪ੍ਰਸਿੱਧ ਲੋਕ ਗਾਥਾ ਦੇ ਦੋਹਰੇ 'ਚੋਂ ਤੀਵੀਆਂ ਦੇ ਸਿਆਪੇ ਦੇ ਬੋਲ ਅੱਜ ਵੀ ਗੂੰਜਦੇ ਹਨ:

ਹਾਏ-ਹਾਏ ਨੀ ਕੀਤੋ ਮਾਏ। ਜਿਹਨੇ ਚਿੱਤੂ ਮਿੱਤੂ ਭੈੜੇ ਜਾਏ।<br>
ਨੀ ਤੇਰੇ ਸਿੰਘ ਜਮ੍ਹਾਈ ਆਏ। ਜਿਨ੍ਹਾਂ ਕੋਠੇ ਬ੍ਹਠਲੇ ਢਾਏ।[17]

ਇਹ ਪ੍ਰਤੀਤ ਹੁੰਦਾ ਹੈ ਕਿ ਆਨੰਦਪੁਰ ਪਹੁੰਚਣ ਤੋਂ ਕੁਝ ਸਮੇਂ ਬਾਅਦ ਭਾਈ ਉਦੈ ਸਿੰਘ, ਉਹਨਾਂ ਦੇ ਭਰਾ ਤੇ ਪਿਤਾ ਭਾਈ ਮਨੀ ਸਿੰਘ ਅਲੀਪੁਰ ਵਾਪਸ ਚਲੇ ਗਏ ਹੋਣਗੇ ਤੇ ਫਿਰ ਉਹ ਗੁਰੂ ਜੀ ਦਾ ਹੁਕਮਨਾਮਾ ਮਿਲਣ ਤੇ ਇਲਾਕੇ ਤੋਂ ਦਸਵੰਦ ਲੈਕੇ ਆਨੰਦਪੁਰ ਪਹੁੰਚ ਗਏ ਹੋਣਗੇ।

ਹੁਕਨਾਮਾ ਪਾਤਸ਼ਾਹੀ ਦਸਵੀਂ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਸਤਿਗੁਰੂ ਜੀ ਕੀ ਆਗਿਆ ਹੈ ਭਾਈ ਬਚਿਤ੍ਰ ਸਿੰਘ ਜੀ ਭਾਈ ਉਦੈ ਸਿੰਘ ਜੀ॥ ਭਾਈ ਅਨਕ ਸਿੰਘ ਜੀ॥ ਭਾਈ ਅਜਬ ਸਿੰਘ ਜੀ॥ ਭਾਈ ਅਜਾਇਬ ਸਿੰਘ ਜੀ॥ ਨਾਇਕ ਮਾਈ ਦਾਸ ਵੋਇਮਨੀ ਸਿੰਘ ਵਾਹਿਗੁਰੂ ਧਰਮ ਰੱਖੇਗਾ॥ ਤੁਸੀਂ ਮੇਰੇ ਪੁਤ੍ਰ ਫਰਜੰਦ ਖਾਨੇਜ਼ਾਦ ਹੋ॥ ਤੁਸਾਂ ਉਪਰ ਮੇਰੀ ਖੁਸ਼ੀ ਹੈ। ਸਭ ਵਰਤਾਰੇ ਕੇ ਤੁਸੀਂ ਮਹਿਰਮ ਹੋ ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਯਾ ਰੱਖਿਆ ਦਾ॥ ਜੋ ਅਸਾਂ ਨੂੰ ਦੇਹਿਗਾ॥ ਏਹਿ ਮੇਰੇ ਪੁਤ੍ਰ ਫਰਜੰਦ ਹੈਨਿ॥

ਸਿਖਾਂ ਪੁਤ੍ਰਾਂ ਦੀ ਸੇਵਾ ਦਾ ਵੇਲਾ ਹੈ॥ ਜੋ ਲੋਚ ਕੇ ਸੇਵਾ ਕਰੋਗੇ ਤੁਸਾਡੀ ਸੇਵਾ ਦਰਗਾਹਿ ਥਾਇ ਪਵੇਗੀ। ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ॥ ਸੰਮਤ ੧੭੬੧[18]

ਇਸ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਦੇ ਪ੍ਰਮੁੱਖ ਨਿਕਟਵਰਤੀਆਂ ਵਿੱਚ ਇਸ ਪਰਿਵਾਰ ਦਾ ਉੱਚਾ ਸਥਾਨ ਸੀ।

ਅਗਲਾ ਕਾਰਨਾਮਾ ਜੋ ਭਾਈ ਉਦੈ ਸਿੰਘ ਨੇ ਕੀਤਾ ਉਹ ਇੱਕ ਗਰੀਬ ਬ੍ਰਾਹਮਣ ਦੀ ਪਤਨੀ ਨੂੰ 15 ਮਾਰਚ 1703 ਨੂੰ ਬਸੀ ਕਲਾਂ ਦੇ ਚੌਧਰੀ ਜਬਰ ਜੰਗ ਦੇ ਚੁੰਗਲ ਵਿਚੋਂ ਛੁਡਾਉਣਾ ਸੀ। ਗੁਰੂ ਸਾਹਿਬ ਕੋਲ ਬ੍ਰਾਹਮਣ ਫਰਿਆਦੀ ਹੋਇਆ ਤੇ ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ ਇੱਕ ਸੌ ਸਿੰਘ ਉਸ ਬ੍ਰਾਹਮਣ ਦੀ ਪਤਨੀ ਦਿਵਾਉਣ ਵਾਸਤੇ ਭੇਜੇ। ਜਬਰ ਜੰਗ ਖਾਂ ਨੇ ਬ੍ਰਾਹਮਣੀ ਵਾਪਸ ਦੇਣ ਦੀ ਥਾਂ ਟਾਕਰਾ ਕੀਤਾ। ਲੜਾਈ ਵਿੱਚ ਜਬਰ ਜੰਗ ਖਾਂ ਮਾਰਿਆ ਗਿਆ ਤੇ ਬ੍ਰਾਹਮਣੀ ਵਾਪਸ ਉਸ ਦੇ ਪਤੀ ਕੋਲ ਪਹੁੰਚਾ ਦਿੱਤੀ ਗਈ।[19]

### ਆਨੰਦਪੁਰ ਸਾਹਿਬ ਦਾ ਘੇਰਾ ਤੇ ਸ਼ਾਹੀ ਟਿੱਬੀ ਦੇ ਅਸਥਾਨ ਤੇ ਸ਼ਹਾਦਤ

ਸਿੱਖਾਂ ਨੂੰ ਕਹਿਲੂਰ ਪਤੀ ਦੀ ਧੋਖੇਬਾਜ਼ੀ ਨੂੰ ਜਾਣਕਾਰੀ ਸੀ। ਉਹਨਾਂ ਉਸਦੇ ਇਲਾਕੇ ਤੇ ਹਮਲੇ ਸ਼ੁਰੂ ਕਰ ਦਿੱਤੇ। ਉਸਨੇ ਫਿਰ ਇੱਕ ਵਾਰੀ ਸਭ ਪਹਾੜੀ ਰਾਜਿਆਂ ਨੂੰ ਵੰਗਾਰਿਆਂ ਪਰ ਇੱਕ ਵਾਰ ਫਿਰ ਪਹਾੜੀ ਰਾਜੇ ਹਾਰ ਗਏ। ਫਿਰ ਉਹਨਾਂ ਦਿੱਲੀ ਦੇ ਸਮਰਾਟ ਤੋਂ ਸਹਾਇਤਾ ਮੰਗੀ ਜਿਸਨੇ ਸਰਹਿੰਦ ਦੇ ਵਜ਼ੀਰ ਖਾਂ ਤੇ ਲਾਹੌਰ ਦੇ ਫੌਜਦਾਰ ਜਬਰਦਸਤ ਖਾਂ ਨੂੰ ਉਹਨਾਂ ਦੀ ਸਹਾਇਤਾ ਲਈ ਹਿਦਾਇਤਾਂ ਭੇਜ ਦਿੱਤੀਆਂ।

ਅਨੰਦਪੁਰ ਸ਼ਹਿਰ ਨੂੰ ਚਾਰਾ ਪਾਸਿਆਂ ਤੋਂ ਘੇਰ ਕੇ ਸਭ ਆਉਣ ਜਾਣ ਦੇ ਰਾਹ ਰੋਕ ਲਏ। ਸਿੱਖ ਰਖਿਆ ਦੀ ਸਥਿਤੀ ਵਿੱਚ ਆ ਗਏ। ਜਿਉਂ-ਜਿਉਂ ਘੇਰਾ ਲੰਬਾ ਹੁੰਦਾ ਗਿਆ, ਸਿੱਖਾਂ ਫੌਜਾਂ ਦੀਆਂ ਤੇ ਸ਼ਹਿਰਵਾਸੀਆਂ ਦੀਆਂ ਔਕੜਾਂ ਵੱਧ ਗਈਆਂ। ਸਾਥ ਛੱਡਕੇ ਜਾਣ ਵਾਲਿਆਂ ਦੀ ਗਿਣਤੀ ਵੱਧਣ ਲੱਗੀ। ਫਲਸਰੂਪ ਗੁਰੂ ਜੀ ਨੇ ਆਨੰਦਪੁਰ ਖਾਲੀ ਕਰਨ ਬਾਰੇ ਵਿਚਾਰ ਕੀਤੀ। ਵੈਰੀਆਂ ਨੇ ਸੁਰੱਖਿਅਤ ਲਾਂਘੇ ਦਾ ਵਚਨ ਦਿੱਤਾ ਪਰ ਗੁਰੂ ਜੀ ਉਹਨਾਂ ਦੇ ਵਚਨਾਂ ਤੇ ਭਰੋਸਾ ਕਰਨ ਤੋਂ ਝਿਜਕਦੇ ਸਨ। ਜਦੋਂ ਕੁਝ ਸਿੱਖ ਬੇਦਾਵਾ ਦੇ ਗਏ ਤਾਂ ਗੁਰੂ ਜੀ ਨੇ ਕਿਲਾ ਖਾਲੀ ਕਰ ਦਿੱਤਾ।

ਜਾਣ ਸਮੇਂ ਦਇਆ ਸਿੰਘ ਤੇ ਉਦੈ ਸਿੰਘ ਗੁਰੂ ਜੀ ਦੇ ਅਗਲੇ ਪਾਸੇ, ਮੁਕਤੇ ਖੱਬੇ ਪਾਸੇ ਤੇ ਮਹੁਕਮ ਸਿੰਘ ਤੇ ਸਾਹਿਬ ਸਿੰਘ ਸੱਜੇ ਪਾਸੇ ਤੁਰੇ। ਗੁਰੂ ਜੀ ਦੇ ਸਾਹਿਬਜਾਦੇ ਮਗਰ ਮਗਰ ਸਨ ਤੇ ਭਾਈ ਹਿੰਮਤ ਸਿੰਘ ਬੰਦੂਕਾਂ ਤੇ ਅਸਲੇ ਨਾਲ ਪਿੱਛੇ ਸੀ। ਗੁਰੂ ਜੀ ਦੇ ਹੋਰ ਸੇਵਕ ਜਿਹਨਾਂ ਦੀ ਗਿਣਤੀ 500 ਸੀ, ਸਭ ਵਹੀਰ ਦੇ ਮਗਰ ਸਨ।[20]

ਗੁਰੂ ਜੀ ਕੀਰਤਪੁਰ ਰਾਹੀਂ ਨਿਰਮੋਹ ਪਹੁੰਚੇ। ਉੱਥੋਂ ਗੁਰੂ ਜੀ ਰੋਪੜ ਵੱਲ ਗਏ। ਜਦੋਂ ਅਜੀਤ ਸਿੰਘ ਤੇ ਪਿਛਲੀ ਵਹੀਰ ਉੱਪਰ ਵੈਰੀ ਸੈਨਾ ਨੇ ਹਮਲਾ ਕੀਤਾ ਤਾਂ ਗੁਰੂ ਜੀ ਨੇ ਭਾਈ ਉਦੈ ਸਿੰਘ ਨੂੰ ਉਹਨਾਂ ਦੀ ਸਹਾਇਤਾ ਲਈ ਭੇਜਿਆ।

ਵੈਰੀ ਸੈਨਾ ਨੇ ਨਿਰਭੈ ਉਦੇ ਸਿੰਘ ਨੂੰ ਜੋ ਅਨੇਕਾਂ ਖਤਰਨਾਕ ਲੜਾਈਆਂ ਦਾ ਨਾਇਕ ਸੀ, ਅਤੇ ਗੁਰੂ ਜੀ ਦੇ ਅਤਿ ਬਹਾਦਰ ਯੋਧਿਆਂ ਵਿੱਚੋਂ ਇੱਕ ਸੀ, ਨੂੰ ਘੇਰ ਲਿਆ ਤੇ ਮਾਰ ਦਿੱਤਾ।[21]

ਪਿਆਰ ਸਿੰਘ ਅਨੁਸਾਰ, "ਉਦੈ ਸਿੰਘ ਨੇ ਆਪਣੇ ਦਲ ਦੇ ਉਸ ਪਿਛਲੇ ਭਾਗ ਦੀ ਕਮਾਨ ਸਾਹਿਬਜਾਦਾ ਅਜੀਤ ਸਿੰਘ ਤੋਂ ਸੰਭਾਲ ਲਈ ਜਿਹੜਾ ਆਨੰਦ ਪੁਰ ਦੇ ਘੇਰੇ ਪਿੱਛੋਂ ਸ਼ਹਿਰ 'ਚੋਂ ਨਿਕਲਕੇ 5-6 ਦਸੰਬਰ 1705 ਦੀ ਰਾਤ ਨੂੰ ਜਾ ਰਿਹਾ ਸੀ। ਗਿਣਤੀ ਵਿੱਚ ਬਹੁਤ ਭਾਰੀ ਫੌਜ ਨੇ ਜਾਨ ਤੋੜ ਕੇ ਲੜ ਰਹੇ ਯੋਧੇ ਨੂੰ ਕੀਰਤਪੁਰ ਤੋਂ 6 ਕਿਲੋਮੀਟਰ ਦੱਖਣ ਵੱਲ ਇੱਕ ਛੋਟੀ ਟਿੱਬੀ, ਜਿਸਨੂੰ ਸ਼ਾਹੀ ਜਾਂ ਸਿਆਹੀ ਟਿੱਬੀ ਕਿਹਾ ਜਾਂਦਾ ਹੈ, ਦੇ ਅਸਥਾਨ ਤੇ ਮਾਰ ਦਿੱਤਾ।[21]

ਭਾਈ ਉਦੈ ਸਿੰਘ ਦੇ ਨਾਲ ਕੇਵਲ 50 ਸਾਥੀ ਹੀ ਸਨ ਉਹ ਬਹਾਦਰੀ ਨਾਲ ਲੜੇ ਤੇ ਆਖਰੀ ਸਾਹ ਤੱਕ ਲੜਦੇ ਲੜਦੇ ਸ਼ਹੀਦ ਹੋ ਗਏ।

ਸ੍ਰੂਪ ਸਿੰਘ ਕੌਸ਼ਿਸ਼ ਲਿਖਦਾ ਹੈ, "ਉਦੈ ਸਿੰਘ ਨੇ ਪਚਾਸ ਸਿੱਖਾਂ ਕੋ ਗੈਲ ਲੈ ਏਕ ਪਹਿਰ ਪੀਛੇ ਸੇ ਆ ਰਹੀ ਪਰਬਤੀ ਫੌਜ ਕੇ ਸਾਥ ਘਮਸਾਨ ਕੀ ਜੰਗ ਲੜੀ........ਦਿਵਸ ਚੜ੍ਹੇ ਤੀਕ ਸਿੰਘ ਸ਼ਹੀਦੀਆਂ ਪਾਇ ਗਏ। ਰਾਜਾ ਅਜਮੇਰ ਚੰਦ ਕਹਿਲੂਰੀਏ ਨੇ ਅੱਗੇ ਵੱਧ ਭਾਈ ਉਦੈ ਸਿੰਘ ਕਾ ਸੀਸ ਕਟਵਾਇ ਰੋਪਰ ਭੇਜਾ। ਕਹਾ—ਅਸਾਂ ਗੁਰੂ ਮਾਰ ਲੀਆ ਹੈ।' ਪਰਬਤੀ ਰਾਜੇ ਫਤੇ ਦਾ ਡੰਕਾ ਬਜਾਤੇ ਵਾਪਸ ਘਰਾਂ ਕੋ ਪਰਤ ਆਏ। ਤੁਰਕ ਫੌਜ ਸ਼ਾਹੀ ਟਿੱਬੀ ਸੇ ਰੋਪਰ ਕੀ ਤਰਫ ਆਇ ਗਈ।"[23]

ਮੁਗਲਾਂ ਨੂੰ ਉਦੈ ਸਿੰਘ ਤੋਂ ਗੁਰੂ ਜੀ ਦਾ ਭੁਲੇਖਾ ਇਸ ਕਾਰਨ ਪਿਆ ਕਿਉਂਕਿ ਉਸਨੇ ਗੁਰੂ ਜੀ ਦੇ ਵਸਤਰ ਪਾਏ ਹੋਏ ਸਨ।

ਭਾਈ ਉਦੈ ਸਿੰਘ ਦੀ ਬੀਰਤਾ ਦੀ ਹਰ ਉੱਘੇ ਲੇਖਕ ਨੇ ਕੀਰਤੀ ਕੀਤੀ ਹੈ।

ਸੈਨਾਪਤਿ ਲਿਖਦਾ ਹੈ :

ਠਉਰ ਠਉਰ ਕੀਨੇ ਲਿਖੇ ਐਸੇ ਦੂਤ ਗਾਵਾਰ।
ਉਦੈ ਸਿੰਘ ਪੀਛੇ ਰਹਾ ਸੁਨਹੁ ਤਾਹਿ ਬੀਚਾਰ॥
ਰਾਜਾ ਅਰ ਤੁਰਕਾਨ ਸਬ ਨਿਕਟਿ ਪਹੁੰਚੇ ਆਇ॥
ਉਦੈ ਸਿੰਘ ਤਿਨ ਮੈਂ ਪਰਿਓ ਨਿਖਮ ਬਿਖਮ ਨਹੀ ਲਾਇ॥

.........................................................................

ਪਹਰ ਏਕ ਲੌ ਰਨ ਪਰਿਓ ਮਹਾਂ ਪ੍ਰਬਲ ਇਕਸਾਰ।
ਉਦੈ ਸਿੰਘ ਜੂਝੇ ਤਬੈ ਸਤਿਗੁਰ ਸਰਨ ਬਿਚਾਰ।[24]

ਕੁਇਰ ਸਿੰਘ ਵੀ ਇਸ ਤਰ੍ਹਾਂ ਹੀ ਬ੍ਰਿਤਾਂਤ ਲਿਖਦਾ ਹੈ—

ਸਯਾਹੀ ਟਿੱਬੀ ਆਨਕੇ ਖੜੇ ਪਏ ਤਿਹ ਠਾਮ।
ਰਾਜ ਅਵਰ ਮਲੇਛ ਸਭ ਨਿਕਟ ਪਹੂਚੇ ਆਨ।
ਉਦੈ ਸਿੰਘ ਲਲਕਾਰ ਕੇ, ਖੁਸ਼ੀ ਕਰੀ ਕਰਤਾਰ।
"ਸਫਲ ਜਨਮ ਇਨ ਕਾ ਭਯੋ, ਦੂਤਨ ਕਰੋ ਸੰਘਾਰ।"[25]

ਭੀਮ ਸਿੰਘ ਭੱਟ ਵੀ ਉਸਦੀ ਬੀਰਤਾ ਦੀ ਬੜੀ ਪ੍ਰਸੰਸਾ ਕਰਦਾ ਹੈ। ਉਸ ਅਨੁਸਾਰ ਉਦੈ ਸਿੰਘ ਮਹਾਨ ਹੈ :

ਧੰਨ ਧੰਨ ਉਦੈ ਸਿੰਘ ਤਊਕਾ ਦਵਾਦਸ ਘਰੀ ਇਕੇਲਾ ਲਰਿਆ।[26]

ਭੱਟ ਵਹੀ ਕਰਸਿੰਧ ਵਿੱਚ ਵੀ ਉਸ ਦੀ ਯੋਧਿਆਂ ਵਾਲੀ ਸ਼ਹਾਦਤ ਦਾ ਜ਼ਿਕਰ ਮਿਲਦਾ ਹੈ। ਇਹ ਲਿਖਿਆ ਹੈ ਕਿ "ਉਦੈ ਸਿੰਘ ਬੇਟਾ ਮਨੀ ਸਿੰਘ, ਪੋਤਾ ਮਾਈ ਦਾਸ ਕਾ—

ਸੰਮਤ ਸਤਰਾਂ ਸੈਂ ਬਾਸਠ ਪੋਖ ਮਾਸੇ ਦਿਹੁੰ ਸਾਤ ਗਏ ਵੀਰਵਾਰ ਕੇ ਦਿਵਸ ਪਚਾਸ ਸਿੱਖਾਂ ਕੋ ਗੈਲ ਲੈ ਸ਼ਾਹੀ ਟਿੱਬੀ ਕੇ ਮਲਹਾਨ ਪਰਗਨਾ ਭਰਤਗਢ ਰਾਜ ਕਹਿਲੂਰ ਆਧ ਘਰੀ ਦਿਹੁੰ ਨਿਕਲੇ, ਰਾਜਾ ਅਜਮੇਰ ਚੰਦ ਬੇਟਾ ਭੀਮਚੰਦ ਦਾ, ਪੋਤਾ ਦੀਪ ਚੰਦ ਦਾ.........ਰਾਣੇ ਕੀ ਫੌਜ ਗੈਲ ਬਾਰਾਂ ਘਰੀ ਜੂਝ ਕੇ ਮਰਾ।"[27]

ਸਾਰੇ ਬ੍ਰਿਤਾਂਤ ਤੋਂ ਸਪਸ਼ਟ ਹੁੰਦਾ ਹੈ ਕਿ ਉਦੈ ਸਿੰਘ ਇੱਕ ਵੀਰ ਯੋਧਾ ਤੇ ਗੁਰੂ ਗੋਬਿੰਦ ਸਿੰਘ ਦੇ ਬਹਾਦਰ ਜਰਨੈਲਾਂ ਵਿੱਚ ਇੱਕ ਸੀ। ਉਹ ਉਹਨਾਂ ਨਾਲ ਹਰ ਸਮੇਂ ਅਡੋਲ ਰਿਹਾ ਤੇ ਉਸ ਨੇ ਖਾਲਸਾ ਸਿਰਜਣਾ ਪਿਛੋਂ ਹਰ ਜੰਗ ਵਿੱਚ ਭਾਗ ਲਿਆ। ਉਹ ਉੱਘੇ ਸ਼ਹੀਦੀ ਪਰਵਾਰ ਦਾ ਉੱਘਾ ਬਹਾਦਰ ਜੋਧਾ ਸੀ।

## ਹਵਾਲੇ ਅਤੇ ਟਿੱਪਣੀਆਂ


1. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਕੇ ਸ਼ੇਰ, ਪੰ: 314
2. ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਪੰ: 194
3. ਭੱਟ ਵਹੀ ਮੁਲਤਾਨੀ ਸਿੰਧੀ।
4. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਕੇ ਸ਼ੇਰ, ਪੰ: 132
5. ਮੈਕਸ ਆਰਥਰ ਮੈਕਾਲਿਫ਼ ਸਿੱਖ ਧਰਮ, ਜਿਲਦ-V, ਪੰ: 101-102 ਤੇ ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ:-9
6. ਸ੍ਵਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਪੰ: 124 ਤੇ ਜੀ.ਐਸ. ਛਾਬੜਾ ਪੰਜਾਬ ਦਾ ਵਿਸਤ੍ਰਿਤ ਇਤਿਹਾਸ, ਪੰ: 279।
7. ਉਹੀ, ਪੰ: 124
8. ਉਹੀ, ਪੰ: 130
9. ਭਾਈ ਸ੍ਵਰੂਪ ਸਿੰਘ ਕੌਸ਼ਕ ਗੁਰੂ ਕੀਆਂ ਸਾਖੀਆਂ, ਪੰ: 130
10. ਸੁੱਖਾ ਸਿੰਘ, ਗੁਰ ਬਿਲਾਸ ਪਾਤਸ਼ਾਹੀ ੧੦੨੧ XIII
11. ਐਮ.ਏ. ਮੈਕਾਲਿਫ, ਸਿੱਖ ਰਿਲੀਜ਼ਨ ਜਿਲਦ ਪੰਜ ਪੰ: 135
12. ਉਹੀ, ਪੰ: 138-139
13. ਭੱਟ ਵਹੀ ਮੁਲਤਾਨੀ ਸਿੰਧੀ, ਹਵਾਲਾ ਗੁਰੂ ਕੀਆਂ ਸਾਖੀਆਂ, ਪੰ: 138
14. ਗੁਰੂ ਕੀਆਂ ਸਾਖੀਆਂ, ਪੰ: 140
15. ਉਹੀ, ਪੰ: 141
16. ਹਰਜਿੰਦਰ ਸਿੰਘ ਦਿਲਗੀਰ, ਆਨੰਦਪੁਰ ਸਾਹਿਬ, ਪੰ: 142

17. ਸਰੂਪ ਸਿੰਘ ਕੌਸ਼ਕ, ਗੁਰੂ ਕੀਆਂ ਸਾਖੀਆਂ, ਪੰ: 143
18. ਸ਼ਮਸ਼ੇਰ ਸਿੰਘ ਅਸ਼ੋਕ, ਨੀਮਾਣ ਤੋਂ ਹੁਕਮਨਾਮੇ, ਪੰ: 88 ਤੇ ਭਾਈ ਹਰਜਿੰਦਰ ਸਿੰਘ ਦਿਲਗੀਰ, ਗੁਰੂ ਕੇ ਸ਼ੇਰ, ਪੰ: 319 ਅਨੁਪਾਤ ਸੰਮਤ 1760 ਵਧੇਰੇ ਠੀਕ ਜਾਪਦਾ ਹੈ ਕਿਉਂਕਿ ਦੇਵਕੀ ਦਾਸ (ਦਵ੍ਾਰਕਾ ਦਾਸ) ਬ੍ਰਾਹਮਣ ਦੀ ਪਤਨੀ ਨੂੰ ਬਸੀ ਕਲਾਂ ਦੇ ਜੰਬਰ ਜੰਗ ਤੋਂ ਛੁਡਾਉਣ ਦਾ ਕਾਰਜ ਜੋ 15 ਮਾਰਚ ਨੂੰ ਕੀਤਾ ਗਿਆ, ਤਾਂ ਹੀ ਸੰਭਵ ਹੈ ਜੇ ਭਾਈ ਉਦੈ ਸਿੰਘ ਉਸ ਸਮੇਂ ਆਨੰਦਪੁਰ ਸੀ।
19. ਇਸ ਬ੍ਰਾਹਮਣ ਦਾ ਨਾਮ ਡਾ. ਦਿਲ਼ਗੀਰ, ਆਨੰਦਪੁਰ ਸਾਹਿਬ, ਪੰ: ਵਿੱਚ ਦੇਵੀ ਦਾਸ ਲਿਖਦਾ ਹੈ, ਪਰ ਗੁਰੂ ਕੇ ਸ਼ੇਰ ਪੰ: 132 ਤੇ ਦਵਾਰਕਾ ਦਾਸ ਲਿਖਿਆ ਹੈ।
20. ਐਮ.ਏ. ਮੈਕਾਲਿਫ, ਦੀ ਸਿੱਖ ਰਿਲੀਜ਼ਨ, ਪੰ: 185
21. ਉਹੀ, ਪੰ: 185
22. ਹਰਬੰਸ ਸਿੰਘ, ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਪੰ: 153
23. ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਪੰ: 1553
24. ਸੈਨਾਪਤਿ, ਗੁਰ ਸੋਭਾ, ਪੰ: 124
25. ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰ: 195
26. ਭੱਟ ਵਹੀ ਤਲੌਂਡਾ, ਪਰਗਨਾ ਜੀਂਦ।
27. ਭੱਟ ਵਹੀ, ਕਰਸਿੰਧ, ਪਰਗਨਾ ਸਫੀਦੋ ਹਵਾਲਾ, ਗੁਰੂ ਕੀਆਂ ਸਾਖੀਆਂ, ਪੰ: 153

# ਭਾਈ ਜੈਤਾ ਉਰਫ ਭਾਈ ਜੀਵਨ ਸਿੰਘ

ਉਹ ਉੱਘਾ ਸਿੱਖ ਜਿਸਨੇ ਸਿੱਖਾਂ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਮੁਗਲ ਸਮਰਾਟ ਔਰੰਗਜ਼ੇਬ ਦੇ ਹੁਕਮ ਨਾਲ ਧੜ ਤੋਂ ਕੱਟ ਕੇ ਵੱਖ ਕੀਤਾ ਸੀਸ ਦਿੱਲੀ ਤੋਂ ਲਿਆਂਦਾ ਸੀ, ਉਹ ਭਾਈ ਜੈਤਾ ਸੀ। ਉਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ ਕਾ ਬੇਟਾ' ਦੀ ਉਪਾਧੀ ਦਿੱਤੀ; ਉਹ ਰੰਘੜ ਜਾਤੀ ਦਾ ਸੀ ਤੇ ਗੁਰੂ ਜੀ ਨੇ ਉਸਨੂੰ ਕਿਹਾ ਸੀ : "ਰੰਘਰੇਟਾ ਗੁਰੂ ਕਾ ਬੇਟਾ।"

ਉਸਦਾ ਜਨਮ 30 ਨਵੰਬਰ 1649 ਨੂੰ ਮਾਤਾ ਕਰਮੋ ਦੀ ਕੁੱਖ 'ਚੋਂ ਹੋਇਆ। ਉਸਦੇ ਪਿਤਾ ਦਾ ਨਾਮ ਸਦਾ ਨੰਦ ਸੀ।[1] ਪ੍ਰੰਤੂ ਉਸਦੇ ਜਨਮ ਅਸਥਾਨ ਬਾਰੇ ਵੱਖ-ਵੱਖ ਲੇਖਕਾਂ ਦੇ ਵੱਖ-ਵੱਖ ਵਿਚਾਰ ਹਨ। ਰੂਪ ਸਿੰਘ ਅਨੁਸਾਰ ਭਾਈ ਜੈਤਾ ਦਾ ਜਨਮ ਗੱਗੋ ਮਹਿਲ ਵਿੱਚ ਹੋਇਆ ਸੀ ਜਿੱਥੇ ਉਸਦੇ ਮਾਪੇ ਕੱਥੂ ਨੰਗਲ ਤੋਂ ਉੱਠ ਕੇ ਆਏ ਸਨ।

ਭਾਈ ਜੈਤਾ ਦੀਆਂ ਜੀਵਨ ਘਟਨਾਵਾਂ ਵਿਵਾਦ ਰਹਿਤ ਨਹੀਂ ਹਨ। ਵੱਖ-ਵੱਖ ਲੇਖਕ ਵੱਖ-ਵੱਖ ਵਿਚਾਰ ਪੇਸ਼ ਕਰਦੇ ਹਨ। ਬਹੁਤ ਕੁਝ ਧੁੰਦਲਾ ਤੇ ਸ਼ੱਕੀ ਹੈ ਪਰ ਇੱਕ ਗੱਲ ਪੱਕੀ ਹੈ ਕਿ ਉਹ ਸ੍ਰੀ ਗੁਰੂ ਤੇਗ਼ ਬਹਾਦਰ ਦਾ ਅਨਿੰਨ ਸ਼ਰਧਾਲੂ ਸੀ। ਉਹ ਗੁਰੂ ਸਾਹਿਬ ਦੇ ਪਰਚਾਰ ਦੌਰਿਆਂ ਤੇ ਵੀ ਨਾਲ ਜਾਇਆ ਕਰਦਾ ਸੀ। ਡਾ. ਫੌਜਾ ਸਿੰਘ ਅਨੁਸਾਰ ਜਦੋਂ ਗੁਰੂ ਜੀ ਮਾਲਵਾ ਖੇਤਰ ਦੇ ਪਿੰਡਾਂ ਮੂਲੋਵਾਲ ਤੇ ਰਾਜੋਮਾਜਰਾ ਆਦਿ ਪਿੰਡਾਂ ਵਿੱਚ ਗਏ ਤਾਂ ਭਾਈ ਜੈਤਾ ਵੀ ਨਾਲ ਹੀ ਸੀ[2] ਤੇ ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਉਹ ਗੁਰੂ ਜੀ ਦੇ ਨਾਲ 1665-70 ਦੀ ਪੂਰਬੀ ਯਾਤਰਾ ਸਮੇਂ ਵੀ ਸੀ। ਉਹ ਬੱਚਾ ਹੋਣ ਕਾਰਨ ਆਪਣੇ ਮਾਪਿਆਂ ਨਾਲ ਹੀ ਗਿਆ ਹੋਵੇਗਾ ਤੇ ਉਸਨੇ ਪਟਨੇ ਰਹਿਕੇ ਉੱਥੇ ਘੋੜ ਸਵਾਰੀ, ਤਲਵਾਰਬਾਜ਼ੀ ਤੇ ਤੀਰ ਅੰਦਾਜ਼ੀ ਆਦਿ ਯੁੱਧ ਕਲਾਵਾਂ ਦੀ ਸਿੱਖਿਆ ਪ੍ਰਾਪਤ ਕੀਤੀ ਹੋਵੇਗੀ।

ਜਦੋਂ ਗੁਰੂ ਤੇਗ਼ ਬਹਾਦਰ ਆਨੰਦਪੁਰ 1670 ਈ. ਵਿੱਚ ਆਏ ਤਾਂ ਸਦਾਨੰਦ ਤੇ ਉਸਦਾ ਪਰਿਵਾਰ ਵੀ ਆਨੰਦਪੁਰ ਆ ਗਏ। ਏਥੇ ਆਕੇ ਉਸਨੇ ਹਰ ਤਰ੍ਹਾਂ ਦੇ ਸ਼ਸਤਰ ਚਲਾਉਣ ਦੀ ਮੁਹਾਰਤ ਹਾਸਿਲ ਕੀਤੀ। ਜਦੋਂ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਜਾ ਕੇ ਸ਼ਹਾਦਤ ਦਿੱਤੀ ਤਾਂ ਭਾਈ ਸਦਾਨੰਦ ਤੇ ਭਾਈ ਜੈਤਾ ਦਿੱਲੀ ਵਿੱਚ ਹੀ ਸਨ। ਗੁਰੂ ਸਾਹਿਬ ਦੀ ਸ਼ਹਾਦਤ 11 ਨਵੰਬਰ 1675 ਨੂੰ ਦਿੱਲੀ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਹੋਈ ਤਾਂ ਦਿੱਲੀ ਵਿੱਚ ਹਾਹਾਕਾਰ ਮੱਚ ਗਈ। ਹਕੂਮਤ ਦੇ ਜਬਰ ਜ਼ੁਲਮ ਤੋਂ ਲੋਕ ਭੈ-ਭੀਤ ਸਨ ਤੇ ਜਾਲਮ ਖੁਸ਼ੀਆਂ ਵਿੱਚ ਮਸਤ ਸਨ। ਗੁਰੂ ਜੀ ਦਾ ਸੀਸ ਤੇ ਧੜ ਚੌਰਾਹੇ ਵਿੱਚ ਪਏ ਸਨ ਤੇ ਕਿਸੇ ਨੇ ਉਂਗਲ ਵੀ ਨਾ ਹਿਲਾਈ।

ਉਸ ਸਮੇਂ ਭਾਈ ਜੇਤਾ ਆਪਣੇ ਤਿੰਨ ਸਾਥੀਆਂ ਨਾਲ ਰਲਕੇ ਗੁਰੂ ਸਾਹਿਬ ਦਾ ਸੀਸ ਚਾਂਦਨੀ ਚੌਂਕ ਤੋਂ ਚੁੱਕ ਲਿਆਏ। ਭਾਈ ਜੈਤਾ ਨਾਲ ਭਾਈ ਨਾਨੂ, ਆਗਿਆ ਰਾਮ ਤੇ ਭਾਈ ਉਦਾ ਸਨ।[3] ਜਿਸ ਸਮੇਂ ਇਹ ਗੁਰੂ ਸਾਹਿਬ ਦਾ ਸ਼ੀਸ ਉਠਾਉਣ ਲਈ ਲਜਾ ਰਹੇ ਸਨ ਤਾਂ ਉਸ ਸਮੇਂ ਬੜੀ ਭਾਰੀ ਹਨੇਰੀ ਆਈ, ਜ਼ੋਰ ਦਾ ਤੂਫਾਨ ਆਇਆ ਤੇ ਪਹਿਰੇਦਾਰ ਅੱਖਾਂ ਬੰਦ ਕਰਕੇ ਬੈਠ ਗਏ।[4] ਕਈ ਲੇਖਕਾਂ ਦਾ ਵਿਚਾਰ ਹੈ ਕਿ ਗੁਰੂ ਜੀ ਦਾ ਸੀਸ ਤੇ ਧੜ ਕੋਤਵਾਲ ਖਵਾਜਾ ਅਬਦੁੱਲਾ ਨਾਲ ਸਾਂਢ ਗਾਂਢ ਕਰਕੇ ਉਠਾਇਆ ਗਿਆ ਸੀ।[5]

ਪਰ ਇਹ ਹਕੀਕਤ ਹੈ ਕਿ ਭਾਈ ਜੈਤਾ ਨੇ ਅਦੁੱਤੀ ਸਾਹਸ ਦਾ ਬੜਾ ਮਹਾਨ ਤੇ ਬੀਰਤਾ ਭਰਪੂਰ ਕਾਰਜ ਕੀਤਾ। ਜਦੋਂ ਚੌਰਾਹੇ ਵਿੱਚ ਪਏ ਸਿਰ ਨੂੰ ਉਠਾਉਣ ਲਈ ਉਹਨਾਂ ਅਖੌਤੀ ਉੱਚੀ ਜਾਤੀਆਂ ਵਾਲੇ ਬ੍ਰਾਹਮਣਾਂ ਕਸ਼ੱਤਰੀਆਂ ਨੇ ਕੋਈ ਸਾਹਸ ਨਾ ਵਿਖਾਇਆ, ਉਸ ਸਮੇਂ ਅਸੀਮ ਸਾਹਸ ਦਾ ਪ੍ਰਮਾਣ ਭਾਈ ਜੈਤਾ ਨੇ ਹੀ ਦਿੱਤਾ ਤੇ ਗੁਰੂ ਜੀ ਦਾ ਸੀਸ ਉਹਨਾਂ ਦੇ ਸਪੁੱਤਰ ਗੁਰੂ ਗੋਬਿੰਦ ਪਾਸ ਸਤਿਕਾਰ ਸਹਿਤ ਪਹੁੰਚਾਇਆ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਲੈਕੇ ਭਾਈ ਜੈਤਾ, ਭਾਈ ਨਨੂਆ ਤੇ ਭਾਈ ਊਦਾ ਪੰਜ ਪੜਾਅ ਕਰਕੇ ਕੀਰਤਪੁਰ ਪਹੁੰਚੇ। ਉਹ ਜਮਨਾ ਦੇ ਕੰਢੇ ਬਾਗਪਤ ਦੀ ਤਰਫ ਬੇਟ ਦੇ ਕਿਨਾਰੇ ਕਿਨਾਰੇ ਜਮਨਾ ਪਾਰ ਕਰਕੇ ਕੀਰਤਪੁਰ ਪਹੁੰਚੇ। ਉਹਨਾਂ ਨੇ ਪਹਿਲਾ ਪੜਾਅ ਬਾਗਪਤ, ਦੂਜਾ ਤਰਾਉੜੀ, ਤੀਜਾ ਅੰਬਾਲਾ, ਚੌਥਾ ਨਾਭਾ ਸਾਹਿਬ ਚੰਡੀਗੜ੍ਹ ਦੇ ਨੇੜੇ ਤੇ ਪੰਜਵਾਂ ਪੜਾ ਕੀਰਤਪੁਰ ਆ ਕੇ ਕੀਤਾ। ਗੁਰੂ ਜੀ ਨੇ ਭਾਈ ਜੈਤੇ ਦੀ ਕੁਰਬਾਨੀ, ਜੁਅਰਤ ਤੇ ਵਿਉਂਤ ਦੀ ਗਾਥਾ ਸੁਣ ਕੇ ਕਿਹਾ : "ਰੰਘਰੇਟੇ ਗੁਰੂ ਕੇ ਬੇਟੇ।"[6]

ਭਾਈ ਜੈਤਾ ਨੇ ਹੀ ਗੁਰੂ ਤੇਗ਼ ਬਹਾਦਰ ਦਾ ਸੀਸ ਉਠਾ ਕੇ ਆਨੰਦਪੁਰ ਪਹੁੰਚਾਇਆ ਇਸ ਲਈ 'ਗੁਰੂ ਕੀਆ ਸਾਖੀਆਂ" ਤੇ ਭੱਟਵਹੀ ਦੇ ਵੇਰਵੇ ਸਭ ਭਰਮ ਭੁਲੇਖੇ ਦੂਰ ਕਰਨ ਲਈ ਕਾਫੀ ਹਨ। ਸ੍ਵਰੂਪ ਸਿੰਘ ਕੌਸ਼ਿਸ਼ ਲਿਖਦੇ ਹਨ : "ਰਾਤ ਦੇ ਸਮੇਂ ਦਿਲਵਾਲੀ ਸਿੱਖਾਂ ਏਕ ਦੂਜੇ ਕੋ ਬੁਲਾਇ ਭਾਈ ਨਾਨੋ ਰਾਇ ਛੀਪੇ ਕੇ ਘਰ ਇਕੱਠੇ ਹੂਏ। ਬੀਚਾਰ ਕਰਨੇ ਲਾਗੇ, ਹਮੈ ਕਿਆ ਕਰਨਾ ਚਾਹੀਏ-ਭਾਈ ਤੁਲਸੀ ਨੇ ਕਹਾ—ਮਹਾਰਾਜ ਕੀ ਲਾਸ਼ ਤੋਂ ਚਾਂਦਨੀ ਚੌਂਕ ਮੇਂ ਪੜੀ ਹੈ ਕੈਸੇ ਉਨੇ ਉਠਾਇਆ ਜਾਵੇ। ਨਾਨੂੰ ਗਏ ਛੀਪੇ ਨੇ ਕਹਾ, ਨਾਇਕ ਲੱਖੀ ਦਾਸ ਸੇ ਪੂਛੀਏ। ਉਸਕਾ ਟਾਂਡਾ ਆਜ ਹੀ ਨਾਰੋਨਲ ਸੇ ਆਇਆ ਹੈ......ਭਾਈ ਲੱਖੀ ਦਾਸ ਗੁਰੂ ਜੀ ਕਾ ਅਨਿਨ ਸਿਖਿ ਥਾ........ਆਪ ਜੈਸੈ ਕਹੈਂ ਮੈਂ ਸੇਵਾ ਕਰਨੇ ਕੋ ਤਿਆਰ ਹਾਂ........ਲਖੀ ਦਾਸ ਕਾ ਟਾਂਡਾ ਕੋਤਵਾਲੀ ਕੀ ਤਰਫ ਆਇਆ। ਭਾਈ ਨਾਨੂੰ, ਆਗਿਆ, ਜੈਤਾ ਤੇ ਭਾਈ ਊਦਾ ਇਹ ਚਾਰੇ ਸਿੱਖ ਟਾਂਡੇ ਬੀਚ ਚਾਂਦਨੀ ਚਉਕ ਪਹੁੰਚੇ। ਗੁਰੂ ਜੀ ਕੇ ਸੀਸ ਕੋ ਉਠਾਇ ਲਾਇ।[7]

ਅੱਗੇ ਆਨੰਦਪੁਰ ਸੀਸ ਗੁਰੂ ਸਾਹਿਬ ਜੀ ਨੂੰ ਭੇਟ ਕਰਨ ਕੀ ਵਾਰਤਾ "ਭੱਟ ਵਹੀ ਮੁਲਤਾਨੀ ਸਿੰਧੀ" ਤੋਂ ਸਪੱਸ਼ਟ ਹੋ ਜਾਂਦੀ ਹੈ :

"ਜੈਤਾ ਬੇਟਾ ਆਗਯਾ ਰਾਮ ਕਾ, ਨਾਨੂੰ ਬੇਟਾ ਬਾਘੇ ਕਾ, ਊਦਾ ਬੇਟਾ ਖੇਮੇ ਕਾ ਪੋਤਾ ਪਰਮੇ ਕਾ.......ਗੁਰੂ ਕਾ ਸੀਸ ਪਾਇ ਕੀਰਤਪੁਰ ਪਰਗਣਾ ਕਹਿਲੂਰ ਆਇ, ਸਾਲ ਸਤ੍ਰੈ

ਸੈ ਬੱਤੀਸ ਮੱਘਰ ਸੁਦੀ ਦਸਮੀ ਕੇ ਦਿਨ, ਗਿਆਰਸੁ ਕੋ ਦਾਗੁ ਦੀਆ ਮਾਖੋਵਾਲ ਮੇਂ।..."[8]

ਡਾ. ਅਵਿਨਾਸ਼ ਚੰਦਰ ਬੈਨਰਜੀ ਵੀ ਪ੍ਰੌੜ੍ਹਤਾ ਕਰਦਾ ਹੋਇਆ ਲਿਖਦਾ ਹੈ ਕਿ ਧੜ ਤੋਂ ਵੱਖ ਕੀਤਾ ਸਿਰ ਭਾਈ ਜੈਤਾ ਚੋਰੀ ਉਠਾ ਕੇ ਅਨੰਦਪੁਰ ਲੈ ਗਿਆ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੀਆਂ ਆਖ਼ਰੀ ਰਸਮਾਂ 16 ਨਵੰਬਰ 1675 ਈਸਵੀ ਨੂੰ ਪੂਰੀਆਂ ਕੀਤੀਆਂ।[9]

ਉਸ ਪਿੱਛੋਂ ਭਾਈ ਜੈਤਾ ਗੁਰੂ ਜੀ ਦੇ ਅੰਗ ਸੰਗ ਹੀ ਰਹੇ। ਉਹਨਾਂ ਨੇ ਸਾਰੇ ਪ੍ਰਮੁੱਖ ਯੁੱਧਾਂ 'ਚ ਹਿੱਸਾ ਲਿਆ ਤੇ ਹਰ ਸਮੇਂ ਬਹਾਦਰੀ ਤੇ ਲਗਨ ਨਾਲ ਜੌਹਰ ਦਿਖਾਏ। ਜਦੋਂ ਗੁਰੂ ਜੀ ਨੇ 1684 ਈ. ਵਿੱਚ ਰਣਜੀਤ ਨਗਾਰਾ ਤਿਆਰ ਕਰਵਾਇਆ ਤਾਂ ਉਸ ਨਗਾਰੇ ਦੇ ਸਿਰਮੌਰ ਨਗਾਰਚੀ ਭਾਈ ਜੈਤਾ ਹੀ ਸਨ।[10]

ਭਾਈ ਜੈਤਾ ਦਾ ਵਿਆਹ 1691 ਈ. ਵਿੱਚ ਪਿੰਡ ਰਿਆੜ ਜ਼ਿਲਾ ਅੰਮ੍ਰਿਤਸਰ ਦੇ ਸੁਜਾਨ ਸਿੰਘ ਦੀ ਪੁੱਤਰੀ ਰਾਜ ਕੌਰ ਨਾਲ ਹੋਇਆ। ਉਸ ਦੇ ਘਰ ਗੁਰਦਿਆਲ ਸਿੰਘ, ਗੁਲਜ਼ਾਰ ਸਿੰਘ, ਸੁੱਖਾ ਸਿੰਘ ਤੇ ਸੰਤ ਸਿੰਘ ਚਾਰ ਪੁੱਤਰ ਪੈਦਾ ਹੋਏ।

30 ਮਾਰਚ 169 ਨੂੰ ਗੁਰੂ ਜੀ ਵਲੋਂ ਖਾਲਸਾ ਪੰਥ ਦੀ ਸਿਰਜਣਾ ਕਰਨ ਸਮੇਂ ਉਸਨੇ ਪਰਿਵਾਰ ਸਮੇਤ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਉਹ ਜੈਤਾ ਤੋਂ ਜੀਵਨ ਸਿੰਘ ਬਣ ਗਿਆ।

ਭਾਈ ਜੀਵਨ ਸਿੰਘ ਗੁਰੂ ਸਾਹਿਬ ਦੇ ਉੱਘੇ ਸਿਪਾਹ ਸਲਾਰਾਂ ਵਿੱਚੋਂ ਸਨ। ਆਨੰਦਪੁਰ ਸਾਹਿਬ ਵਿੱਚ ਹੋਏ ਹਮਲਿਆਂ ਵਿੱਚ ਆਪ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। 1701 ਈ. ਵਿੱਚ ਜਦੋਂ ਆਨੰਦਪੁਰ ਉਪਰ ਪਹਾੜੀ ਰਾਜਿਆਂ ਨੇ ਹਮਲਾ ਕੀਤਾ ਤਾਂ ਲੜਨ ਵਾਲਿਆਂ ਵਿੱਚ ਭਾਈ ਜੀਵਨ ਸਿੰਘ ਨੇ ਉੱਘਾ ਯੋਗਦਾਨ ਪਾਇਆ।

ਬਸੀ ਪਠਾਣਾਂ ਦੇ ਜਾਬਰ ਪਠਾਣ ਨੇ ਇੱਕ ਗਰੀਬ ਬ੍ਰਾਹਮਣ ਦੀ ਨਵ-ਵਿਆਹੁਤਾ ਨੂੰ ਜਬਰੀ ਉਠਾ ਲਿਆ ਤਾਂ ਗੁਰੂ ਜੀ ਵਲੋਂ ਉਸ ਬ੍ਰਾਹਮਣ ਦੀ ਸਹਾਇਤਾ ਕਰਨ ਦਾ ਆਦੇਸ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦਿੱਤਾ ਗਿਆ। ਉਸ ਚੜ੍ਹਾਈ ਸਮੇਂ ਭਾਈ ਜੀਵਨ ਸਿੰਘ ਸਾਹਿਬਜ਼ਾਦੇ ਦੇ ਨਾਲ ਗਏ ਸਨ ਤੇ ਪਨਾਣ ਨੂੰ ਸੋਧਾ ਲਾਕੇ ਗਰੀਬ ਬ੍ਰਾਹਮਣ ਨੂੰ ਉਸਦੀ ਵਿਆਹੁਤਾ ਦਿਵਾਈ।[11]

ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਬਾਬਾ ਜੀਵਨ ਸਿੰਘ ਬਹੁਤ ਬਲਵਨ ਯੋਧੇ ਸਨ। ਉਹਨਾਂ ਦੇ ਦੋ ਕਾਰਜ ਬੜੇ ਉੱਘੇ ਹਨ-ਇੱਕ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਉਠਾ ਕੇ ਆਨੰਦਪੁਰ ਲਿਆਉਣਾ, ਦੂਸਰਾ ਗੁਰੂ ਜੀ ਤੇ ਪਰਿਵਾਰ ਦੀ ਰੱਖਿਆ ਕਰਦਿਆਂ ਆਪਣਾ ਸੀਸ ਭੇਟ ਕਰ ਦੇਣਾ।

## ਆਪਣਾ ਸੀਸ ਭੇਟ ਕਰ ਦੇਣਾ

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦਾ ਕਿਲਾ 5 ਦਸੰਬਰ 1705 ਨੂੰ ਛੱਡਿਆ ਤਾਂ ਉਸ ਸਮੇਂ ਭਾਈ ਜੀਵਨ ਸਿੰਘ ਗੁਰੂ ਸਾਹਿਬ ਦੇ ਚਾਲੀ ਅੰਗ-ਰੱਖਿਅਕਾਂ ਵਿੱਚ ਸ਼ਾਮਿਲ ਸਨ। ਜਦੋਂ ਕਾਫਲਾ ਆਨੰਦਪੁਰ ਤੋਂ ਨਿਕਲ ਕੇ ਕੀਰਤਪੁਰ ਤੋਂ ਅੱਗੇ ਸਰਸਾ

ਨਦੀ ਤੇ ਪਹੁੰਚਾ ਤਾ ਉਹਨਾਂ ਨੂੰ ਇੱਕ ਸੌ ਸਾਥੀਆਂ ਸਮੇਤ ਗੁਰੂ ਸਾਹਿਬ ਨੇ ਪਿੰਡ ਝੱਖੀਆਂ ਦੀ ਜੂਹ ਵਿੱਚ ਮੋਰਚੇ ਲਾਉਣ ਵਾਸਤੇ ਤਾਈਨਾਤ ਕਰ ਦਿੱਤਾ। ਇਸ ਮੌਕੇ ਸ਼ਾਹੀ ਫੌਜਾਂ ਤੇ ਪਹਾੜੀ ਰਾਜੇ ਆਏ ਤੇ ਜ਼ਬਰਦਸਤ ਲੜਾਂਈ ਹੋਈ। ਭਾਈ ਜੀਵਨ ਸਿੰਘ ਜੋ ਬੜੇ ਜਬਰਦਸਤ ਤੀਰਅੰਦਾਜ਼ ਸਨ, ਨੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਇਸ ਮੌਕੇ ਤੇ ਅਚਾਨਕ ਇੱਕ ਗੋਲੀ ਭਾਈ ਜੀਵਨ ਸਿੰਘ ਦੇ ਮੱਥੇ ਤੇ ਆ ਲੱਗੀ ਤੇ ਉਹ ਸ਼ਹੀਦ ਹੋ ਗਏ। ਇਸ ਲੜਾਈ ਵਿੱਚ ਬੀਬੀ ਭਿੱਖਾ ਪਤਨੀ ਭਾਈ ਆਲਮ ਸਿੰਘ ਨੱਚਣਾ ਸਮੇਤ ਸੌਦੇ ਸੌ ਸਿੰਘ ਸ਼ਹੀਦੀਆਂ ਪਾ ਗਏ।[12]

"ਗੁਰੂ ਕੀਆਂ ਸਾਖੀਆ" ਵਿੱਚ ਵੀ ਥੋੜੇ ਜਿਹੇ ਅੰਤਰ ਨਾਲ ਇਹੋ ਵਾਰਤਾ ਵਰਣਨ ਕੀਤੀ ਗਈ ਹੈ : "ਗੁਰੂ ਜੀ ਕਾ ਸਰਸਾ ਨਦੀ ਸੇ ਕੋਟਲਾ ਨਿਹੰਗ ਖਾਂ ਆ ਜਾਨੇ ਕੇ ਬਾਦ ਪੀਛੇ ਨਦੀ ਕੇ ਤਟ ਪਰ ਮਹਾਂ ਪ੍ਰਬਲ ਜੁਧ ਹੂਆ। ਜੀਵਨ ਸਿੰਘ ਨੇ ਤੀਰਾਂ ਕੀ ਏਕ ਦਫਾ ਕਾਲੀ ਬੇਲੀ ਅੰਧੇਰੀ ਲਾਇ ਦੇਈ। ਸਾਰੇ ਸਿੰਘ ਆਮ੍ਹੋ ਸਾਮ੍ਹਣੇ ਤੁਰਕ ਫੌਜ ਗੈਲ ਜਾਨਾਂ ਤੋੜਕੇ ਲੜੇ। ਕਈ ਦਕੀਕਾ ਬਾਕੀ ਨ ਛੋਰਾ। ਭਾਈ ਜੀਵਨ ਸਿੰਘ ਕੇ ਮਸਤਕ ਮੇਂ ਏਕ ਗੋਲੀ ਲੱਗੀ। ਜਾਂਦੀ ਵਾਰੀ ਉਸ "ਸ੍ਰੀ ਵਾਹਿਗੁਰੂ ਜੀ ਕੀ ਫਤਹਿ", ਬੁਲਾਈ ਪ੍ਰਾਣ ਤਿਆਗ ਦੀਏ।"[13]

"ਭਟ ਵਹੀ ਮੁਲਤਾਨੀ ਸਿੰਧੀ" ਵਿੱਚ ਇਹ ਜਾਣਕਾਰੀ ਮਿਲਦੀ ਹੈ: ਜੀਵਨ ਸਿੰਘ ਬੇਟਾ ਆਗਿਆ ਕਾ, ਪੋਤਾ ਦੁੱਲੇ ਕਾ--ਬਾਸੀ ਦਿੱਲੀ ਮਹਲਾ ਦਿਲਵਾਲੀ ਸਿੱਖਾਂ, ਸੌ ਸਿਖਾ ਕੈ ਗੈਲ ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ ਸੁਦੀ ਦੂਜ ਵੀਰਵਾਰ ਕੇ ਦਿਹੁੰ ਸਰਸਾ ਨਦੀ ਕੇ ਤੀਰ ਰਾਜਾ ਅਜਮੇਰ ਚੰਦ ਬੇਟਾ ਭੀਮਚੰਦ ਕਾ ਰਾਣੇ ਕੀ ਫੌਜ ਗੈਲਦਸ ਘੜੀ ਜੂਝ ਕੇ ਮਰਾ।"[14] ਸਰਸਾ ਨਦੀ ਦੀ ਲੜਾਈ ਵਿੱਚ ਭਾਈ ਜੀਵਨ ਸਿੰਘ ਦੇ ਦੋ ਬੇਟਿਆਂ ਭਾਈ ਗੁਲਜਾਰ ਸਿੰਘ, ਭਾਈ ਗੁਰਦਿਆਲ ਸਿੰਘ ਤੇ ਉਹਨਾਂ ਦੀ ਦਾਦੀ, ਮਾਤਾ ਪ੍ਰੇਮੋ ਦੀ ਸ਼ਹਾਦਤ ਹੋਈ।[15]

ਭਾਈ ਜੀਵਨ ਸਿੰਘ ਦੀ ਬਹਾਦਰੀ ਦਾ ਜ਼ਿਕਰ ਪੰਜਾਬੀ ਵਾਰਾਂ ਵਿੱਚ ਬੜੇ ਅਦਬ ਨਾਲ ਕੀਤਾ ਜਾਂਦਾ ਹੈ :

ਜੀਵਨ ਸਿੰਘ ਰੰਘਰੇਟੜੋ, ਰਣ ਮਹਿ ਪਵੈਨਿਸੰਗ।
ਮੂਹੋ ਮੁਹ ਤਲਵਾਰਾਂ ਖਾਧੀਆਂ, ਟੁਕ ਮੂਲ ਨ ਮੋੜੈ ਅੰਗ॥[16]

ਸਰਸਾ ਨਦੀ ਉਪਰ ਲੜੀ ਗਈ ਲੜਾਈ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਉਂ ਲਿਖਿਆ ਹੈ :

ਜੀਵਨ ਸਿੰਘ "ਬੜਾ ਬਹਾਦਰ ਯੋਧਾ ਸੀ। ਜਦ ਆਨੰਦਪੁਰ ਛੱਡਕੇ ਦਸ਼ਮੇਸ਼ ਚਮਕੌਰ ਵੱਲ ਆਏ ਸਨ ਤਦ ਇਹ ਰਸਤੇ ਵਿੱਚ ਬਾਬਾ ਅਜੀਤ ਸਿੰਘ ਜੀ ਨਾਲ ਮਿਲਕੇ ਤੁਰਕਾਂ ਨਾਲ ਜੰਗ ਕਰਦਾ ਸ਼ਹੀਦ ਹੋ ਹੋਇਆ।"[17]

ਪ੍ਰੰਤੂ ਬਹੁਤ ਸਾਰੇ ਲੇਖਕ ਭਾਈ ਜੀਵਨ ਸਿੰਘ ਦੀ ਸ਼ਹਾਦਤ ਚਮਕੌਰ ਹੋਈ ਵੀ ਮੰਨਦੇ ਹਨ। ਕਈ ਲੇਖਕ ਭੁਲੇਖਾ ਵੀ ਪਾਉਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਭਾਈ

ਜੀਵਨ ਸਿੰਘ ਦੀ ਸ਼ਹਾਦਤ ਤਾਂ ਸਿਰਸਾ ਨਦੀ ਤੇ ਵਿਖਾਉਂਦੇ ਹਨ ਪਰ ਨਾਲ ਇਹ ਵੀ ਲਿਖਦੇ ਹਨ :"ਇਸਦਾ ਸ਼ਹੀਦ ਗੰਜ ਚਮਕੌਰ ਹੈ।"[18]

ਭਾਈ ਸ਼ਮਸ਼ੇਰ ਸਿੰਘ ਅਸ਼ੋਕ ਦਾ ਵਿਚਾਰ ਹੈ ਕਿ "ਇਸ ਜੰਗ ਵਿੱਚ ਕਿਸੇ ਹੀਲੇ ਬਚ ਨਿਕਲ ਕੇ ਗੁਰੂ ਸਾਹਿਬ ਜੀ ਦੇ ਨਾਲ ਹੀ ਸ਼ਾਮਲ ਹੋਕੇ ਰੋਪੜ ਥੀਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਪਹੁੰਚੇ। ਸਬੂਤ ਵਜੋਂ ਚਮਕੌਰ ਦੀ ਗੜ੍ਹੀ ਦੇ ਉੱਤਰ ਪੱਛਮੀ ਬਾਹੀ ਵੱਲਇਕ ਬੁਰਜ ਦੀ ਨਿਸ਼ਾਨੀ ਹੈ ਜਿੱਥੇ ਮੋਰਚਾ ਲਾ ਕੇ ਭਾਈ ਜੀਵਨ ਸਿੰਘ ਜੀ ਨੇ ਬੜੀ ਦਲੇਰੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਸੀ। ਆਪ ਏਥੇ ਹੀ ਜੰਗ ਕਰਦੇ ਹੋਏ ਸ਼ਹੀਦ ਹੋਏ।"[19]

ਇਸੇ ਤਰ੍ਹਾਂ ਹੀ ਸਿੱਖ ਮਿਸ਼ਨਰੀ ਕਾਲਜ ਵਾਲਿਆਂ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ : "ਇਹ ਜਾਣ ਕੇ ਭਾਈ ਜੀਵਨ ਸਿੰਘ ਜੀ ਘੋੜੇ ਦੀਆਂ ਲਗਾਮਾਂ ਮੂੰਹ ਵਿੱਚ ਲੈਕੇ ਦੋਹਾਂ ਹੱਥਾਂ ਵਿੱਚ ਤਲਵਾਰਾਂ ਲੈਕੇ ਦੁਸ਼ਮਣ ਤੇ ਬਿਜਲੀ ਵਾਂਗ ਜਾ ਪਏ ਤੇ ਬਾਬਾ ਅਜੀਤ ਸਿੰਘ ਜੀ ਨੂੰ ਬਚਾ ਕੇ ਘੇਰਾ ਤੋੜਕੇ ਨਿਕਲ ਗਏ ਅਤੇ ਗੁਰੂ ਸਾਹਿਬ ਜੀ ਨਾਲ ਜਾ ਮਿਲੇ।"[20]

ਇਸ ਧਾਰਨਾ ਅਨੁਸਾਰ ਇਕ ਵਿਸ਼ੇਸ਼ ਵਰਗ ਭਾਈ ਜੀਵਨ ਸਿੰਘ ਦੀ ਸ਼ਹਾਦਤ ਚਮਕੌਰ ਮੰਨਦਾ ਹੈ ਤੇ ਇਸ ਨੂੰ ਕੁਝ ਬਲ ਪ੍ਰਾਚੀਨ ਪੰਥ ਪ੍ਰਕਾਸ਼ 'ਚੋਂ ਵੀ ਮਿਲਦਾ ਹੈ :

ਜੀਵਨ ਸਿੰਘ ਰੰਘਰੇਟੜੋ ਬੰਦੂਕੀ ਖੂਬ ਅਖਵਾਇ।
ਏਕ ਬੁਰਜ ਮੱਧ ਸੋ ਬਹਯੋ ਏਕਲ ਹੀ ਥਾ ਸਾਇ।
ਠੋਰ ਠੋਰ ਔਰ ਹੁਤੇ ਬਹਾਇ। ਪਰ ਦਾਰੂ ਗਯੋ ਉਸੈ ਮੁਕਾਇ।
ਥਕੇ ਹੇਤੁ ਅਰੁ ਨੀਂਦ ਅਕਾਏ। ਸਭ ਸਿੰਘ ਮੱਧ ਚਾਲੀ ਏਕਾਏ।"[21]

ਤੇ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿੱਚ ਵੀ ਇਵੇਂ ਹੀ ਲਿਖਿਆ ਹੈ :

ਉਤ ਚਮਕੌਰ ਸਿੰਘ ਥੇ ਜੇਈ। ਜੀਉਣ ਸਿੰਘ ਮਜ਼ਬੀਲੇ ਤੇਈ।
ਸੂਰਜ ਚੜੇ ਸੈਨ ਤੁਰਕਾਨੀ। ਤੋੜ ਗੜੀ ਆ ਵੜੀ ਮਚਾਨੀ।
ਸਿੰਘ ਮਾਰ ਬਹੁ ਸਤ੍ਰਨ ਕੋਹੇ। ਤਾਏ ਸ਼ਹੀਦ ਸਨਮੁਖ ਲੜ ਸੋਹੇ।[22]

ਜਿਹੜੇ ਹੋਰ ਲੇਖਕਾਂ ਨੇ ਭਾਈ ਜੀਵਨ ਸਿੰਘ ਦੀ ਸ਼ਹਾਦਤ ਬਾਰੇ ਵਿਚਾਰ ਵਿਅਕਤ ਕੀਤੇ ਹਨ ਉਹਨਾਂ ਵਿੱਚ ਡਾ. ਫੌਜਾ ਸਿੰਘ, ਡੈਨਜ਼ਲ ਇਬਟਸਨ ਪ੍ਰੋ: ਕਰਤਾਰ ਸਿੰਘ, ਡਾ. ਹਰੀ ਰਾਮ ਗੁਪਤਾ ਤੇ ਕੁਝ ਵਰਤਮਾਨ ਸਮੇਂ ਦੇ ਲੇਖਕਾਂ ਜਿਵੇਂ ਕਰਨਲ ਲਾਭ ਸਿੰਘ, ਡਾਕਟਰ ਮਹਿੰਦਰ ਕੌਰ ਗਿੱਲ ਆਦਿ ਨੇ ਵੀ ਚਮਕੌਰ ਵਿੱਚ ਹੀ ਬਾਬਾ ਜੀਵਨ ਸਿੰਘ ਦੀ ਸ਼ਹਾਦਤ ਨੂੰ ਠੀਕ ਮੰਨਿਆ ਹੈ। ਪ੍ਰੰਤੂ ਇਹਨਾਂ ਸਾਰਿਆਂ ਲੇਖਕਾਂ ਨੇ ਕਵੀ ਕੰਕਣ ਦੀ ਕਾਵਿ ਰਚਣਾ ਨੂੰ ਆਧਾਰ ਮੰਨ ਕੇ ਚਮਕੌਰ ਸਾਹਿਬ ਦੀ ਸ਼ਹਾਦਤ ਦੇ ਹੀ ਪ੍ਰਸੰਗ ਨੂੰ ਸਹੀ ਮੰਨਿਆ ਹੈ। ਕਵੀ ਕੰਕਣ ਲਿਖਦਾ ਹੈ :

ਅੰਤ ਇਕੇਲਾ ਗੜ੍ਹ ਮੇਂ ਬੰਦੂਕੀ ਪ੍ਰਬੀਨ।
ਜੀਵਨ ਸਿੰਘ ਰੰਘਰੇਟੜੋ ਜੋ ਜੂਝ ਗਇਓ ਸੰਗ ਦੀਨ।

ਵਜੀਦਾ ਅਤਿ ਪ੍ਰਸੰਨ ਭਯੋ ਲੀਉ ਮਾਰ ਗੋਬਿੰਦ।
ਦਿੱਲੀ ਧਾਇਓ ਸੀਸ ਲੈ ਖੁਸ਼ੀ ਕਰਨ ਨਾਰਿੰਦ।[23]

ਪਰ ਇਸ ਵਿੱਚ ਉਲਝਣਾਂ ਹਨ।

ਡਾ. ਫੌਜਾ ਸਿੰਘ ਨੇ ਗੁਰ ਬਿਲਾਸ ਪਾਤਿਸ਼ਾਹੀ ੧੦ ਵਿੱਚ ਲਿਖਿਆ ਹੈ ਕਿ "ਰੰਘਰੇਟੇ ਸਿੰਘ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਦੀ ਗੜ੍ਹੀ ਵਿੱਚ ਘਿਰ ਜਾਣ ਸਮੇਂ ਚਾਲੀ ਸਿੰਘ ਤੇ ਚਾਰ ਸਾਹਿਬਜ਼ਾਦਿਆਂ (? ਸਿਰਫ਼ ਦੋ ਸਨ) ਸਮੇਤ ਦੋ ਰੰਘਰੇਟੇ ਸਿੱਖ ਤੇ ਦੋ ਦ੍ਵਿਜ (ਖੱਤਰੀ ਤੇ ਬ੍ਰਾਹਮਣ) ਸਿੰਘ ਸਨ। ਰੰਘਰੇਟੇ ਸਿੱਖਾਂ ਵਿਚੋਂ ਭਾਈ ਜੀਵਨ ਸਿੰਘ ਤੇ ਦ੍ਵਿਜ ਸਿੱਖਾਂ ਵਿਚੋਂ ਭਾਈ ਦਯਾ ਸਿੰਘ, ਸੰਗਤ ਸਿੰਘ ਬੰਗੇਸਰੀ ਜਾਂ ਬੰਗਸ਼ ਦੇ ਨਾਮ ਪ੍ਰਸਿੱਧ ਹਨ।"[24] (ਇਸ ਵਿਚ ਵੀ ਅਸ਼ੁੱਧੀਆਂ ਹਨ) ਡੈਨਜ਼ਿਲ ਇਬਟਸ ਲਿਖਦਾ ਹੈ :"ਗੁਰੂ ਸਾਹਿਬ ਦੇ ਮਹਾਨ ਜਰਨੈਲਾਂ ਵਿਚੋਂ ਇੱਕ ਸੀ ਜੀਵਨ ਸਿੰਘ, ਇੱਕ ਮਜ਼੍ਹਬੀ......ਇਹ ਚਮਕੌਰ ਸਾਹਿਬ ਦੀ ਲੜਾਈ ਵਿੱਚ 1705-1706 ਈ. ਵਿੱਚ ਸ਼ਹੀਦ ਹੋ ਗਿਆ ਸੀ।[25] (ਏਥੇ ਵੀ ਗਲਤੀਆਂ ਹਨ) ਪ੍ਰੋ. ਕਰਤਾਰ ਸਿੰਘ ਲਿਖਦੇ ਹਨ : "ਭਾਈ ਜੈਤਾ ਜਿਸ ਨੂੰ ਅੰਮ੍ਰਿਤ ਛਕਾਉਣ ਪਿਛੋਂ ਜੀਵਨ ਸਿੰਘ ਨਾਮ ਦਿੱਤਾ ਗਿਆ ਬੜਾ ਵੀਰ ਯੋਧਾ ਸਾਬਿਤ ਹੋਇਆ ਤੇ ਉਸਨੇ ਗੁਰੂ ਸਾਹਿਬ ਵਲੋਂ ਲੜੀਆਂ ਗਈਆਂ ਲੜਾਈਆਂ ਵਿੱਚ ਉੱਘਾ ਭਾਗ ਲਿਆ। ਉਹ ਚਮਕੌਰ ਸਾਹਿਬ ਵਿੱਚ ਲੜਦਾ ਸ਼ਹੀਦ ਹੋਇਆ।"[26]

ਡਾ. ਹਰੀ ਰਾਮ ਗੁਪਤਾ ਵੀ ਇਹੋ ਲਿਖਦੇ ਹਨ ਤੇ ਉਸਨੂੰ ਚਮਕੌਰ ਵਿੱਚ 1704 ਈ: ਨੂੰ ਸ਼ਹੀਦ ਹੋਇਆ ਮੰਨਦੇ ਹਨ।[27] ਜ਼ੋਜ਼ਫ ਛੇਵੀ ਕਨਿੰਘਮ ਦਾ ਵੀ ਇਹੋ ਵਿਚਾਰ ਹੈ।

ਇਸਦੇ ਉਲਟ ਇਤਨੇ ਹੀ ਜ਼ੋਰ ਨਾਲ ਭੱਟ ਵਹੀਆਂ, ਗੁਰੂ ਕੀ ਸਾਖੀਆਂ 'ਚੋਂ ਭਾਈ ਜੀਵਨ ਸਿੰਘ ਦੀ ਸ਼ਹਾਦਤ ਸਿਰਸਾ ਨਦੀ ਕੰਢੇ ਹੋਈ ਦੱਸੀ ਗਈ ਹੈ। ਇਸੇ ਤਰ੍ਹਾਂ ਭਾਈ ਜੀਵਨ ਸਿੰਘ ਦੀ ਬੀਰਤਾ ਦਾ ਸਿਰਸਾ ਨਦੀ ਦੀ ਲੜਾਈ ਵਿੱਚ ਜੋ ਗੁਣ-ਗਾਇਣ ਭਾਈ ਸੰਤੋਖ ਸਿੰਘ, ਬਾਬਾ ਸੁਮੇਰ ਸਿੰਘ ਤੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਆਂ ਨੇ ਕੀਤਾ ਹੈ, ਉਸ ਤੋਂ ਪ੍ਰਤੱਖ ਹੈ ਕਿ ਬਾਬਾ ਜੀ ਦੀ ਸ਼ਹਾਦਤ ਸਿਰਸਾ ਨਦੀ ਕੰਢੇ ਹੋਈ ਹੈ ਨਾਕਿ ਚਮਕੌਰ ਵਿੱਚ।[28] ਖੈਰ ਕੁਝ ਵੀ ਹੋਵੇ ਅਜੇ ਸਹੀ ਨਿਰਣਾ ਕਰਨ ਲਈ ਹੋਰ ਖੋਜ ਦੀ ਲੋੜ ਹੈ ਪਰ ਇੱਕ ਗੱਲ ਤਾਂ ਸਪੱਸ਼ਟ ਹੈ ਕਿ ਭਾਈ ਜੀਵਨ ਸਿੰਘ ਦਾ ਜੀਵਨ ਤੇ ਸ਼ਹਾਦਤ ਸਿੱਖ ਧਰਮ ਦਾ ਅਜ਼ੀਮ ਤੇ ਅਭੁੱਲ ਕਾਂਡ ਹੈ। ਉਸਦੀ ਕੁਰਬਾਨੀ ਅਦੁੱਤੀ ਤੇ ਲਾਸਾਨੀ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰਾਪਤ ਸ੍ਰੋਤ ਇਸ ਵਿੱਚਾਰ ਦੇ ਹੱਕ ਵਿੱਚ ਵਧੇਰੇ ਜਾਂਦੇ ਹਨ ਕਿ ਭਾਈ ਜੀਵਨ ਸਿੰਘ ਦੀ ਸ਼ਹਾਦਤ ਚਮਕੌਰ ਵਿੱਚ ਨਹੀਂ ਸਗੋਂ ਸਿਰਸਾ ਨਦੀ ਕਿਨਾਰੇ ਹੋਈ ਸੀ।

## ਹਵਾਲੇ ਅਤੇ ਟਿੱਪਣੀਆਂ

1. ਹਰਬੰਸ ਸਿੰਘ (ਮੁੱਖ ਸੰਪਾਦਕ) ਦੀ ਇਨਸਾਈਕਲੋਪੀਡੀਆ ਆਫ ਸਿੱਖੀਇਜ਼ਮ ਜਿਲਦ-II, ਪੰ: 359 (ਇੰਦਰਾਜ਼ ਡਾ. ਏ.ਸੀ. ਬੈਨਰਜੀ) ਪਰ ਜਸਵੰਤ ਸਿੰਘ ਤਾਨ, ਗੁਰਮਤਿ ਪ੍ਰਕਾਸ਼ ਦਸੰਬਰ 2002 ਉਸਦਾ ਜਨਮ 2-9-1661 ਲਿਖਦਾ ਹੈ

ਤੇ ਉਸਦੀ ਮਾਤਾ ਦਾ ਨਾਮ ਲਾਜਵੰਤੀ ਪੁੱਤਰੀ ਪੰਡਤ ਸ਼ਿਵਨਾਰਾਇਣ ਅਲੀਗੜ੍ਹ ਦੀ ਵਜੋਂ ਲਿਖਦਾ ਹੈ। ਪ੍ਰੰਤੂ ਸਿੱਖ ਇਤਿਹਾਸਕਾਰਾਂ ਦੀ ਬਹੁਗਿਣਤੀ ਭਾਈ ਜੈਤਾਂ ਦੇ ਪਿਤਾ ਦਾ ਨਾਮ ਭਾਈ ਆਗਿਆ ਮੰਨਦੀ ਹੈ, ਵੇਖੋ ਸੰਗਤ ਸਿੰਘ ਦੀ ਸਿੱਖਸ ਇਨ ਹਿਸਟਰੀ, ਪੰ: 58, ਡਾ, ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ ਪੰ: 127, ਭੱਟ ਵਹੀ ਮੁਲਤਾਨੀ ਸਿੰਧੀ (ਹਵਾਲਾ ਗੁਰੂ ਕੀਆਂ ਸਾਖੀਆਂ) ਪੰ: 154, ਪ੍ਰਿੰਸੀਪਲ ਸਤਿਬੀਰ ਸਿੰਘ, ਇਤਿ ਜਿਨਿ ਕਰੀ, ਪੰ: 160

2. ਡਾ. ਫੌਜਾ ਸਿੰਘ, ਗੁਰੂ ਤੇਗ਼ ਬਹਾਦਰ, ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦਾਂ ਪੰ: 89
3. ਸੰਗਤ ਸਿੰਘ, ਸਿੱਖਸ ਇਨ ਹਿਸਟਰੀ, ਪੰ: 58 ਤੇ ਭਾਈ ਨਾਨੂੰ ਰਾਏ, ਆਗਿਆ ਰਾਮ ਤੇ ਉਹਦੇ ਪੁੱਤਰ ਜੈਤਾ ਤੇ ਭਾਈ ਊਦਾ ਦਾ ਨਾਮ ਲਿਖਦੇ ਹਨ। ਗੁਰੂ ਕੀਆਂ ਸਾਖੀਆਂ, ਪੰ: 84 ਤੇ ਵੀ ਇਹੋ ਚਾਰ ਨਾਮ ਲਿਖੇ ਹਨ।
4. ਕੁਝ ਲੇਖਕਾਂ ਜਿਵੇਂ ਡਾ: ਗੁਰਮੁਖ ਸਿੰਘ, ਭਾਈ ਜੈਤਾ, ਜੀਵਨ ਤੇ ਰਚਨਾ; ਪ੍ਰਿੰਸੀਪਲ ਸਤਿਬੀਰ ਸਿੰਘ, ਸਾਡਾ ਇਤਿਹਾਸ, ਪੰ: 335, ਜਸਵੰਤ ਸਿੰਘ, ਜੀਵਨ ਦਰਪਣ ਭਾਈ ਸੰਗਤ ਸਿੰਘ ਜੀ ਪੰ: 25 ਸਤਿਬੀਰ ਸਿੰਘ, ਇਤਿ ਜਿਨਿ ਕਰੀ, ਪੰ: 161, ਲਾਲ ਸਿੰਘ ਸਲੁਹਾਣੀ, ਸੱਚ ਖੰਡ ਪੱਤਰ, ਅਪ੍ਰੈਲ 1994, ਰਾਏ ਬਹਾਦਰ ਕਨ੍ਹਈਆ ਲਾਲ, ਤਾਰੀਖਿ ਪੰਜਾਬ, ਪੰ: 32 ਲਿਖਦੇ ਹਨ ਕਿ ਭਾਈ ਜੈਤੇ ਨੇ ਆਪਣੇ ਪਿਤਾ ਦਾ ਸਿਰ ਕੱਟ ਕੇ ਗੁਰੂ ਜੀ ਦੇ ਸੀਸ ਦੀ ਥਾਂ ਤੇ ਰੱਖ ਦਿੱਤਾ ਤੇ ਗੁਰੂ ਜੀ ਦਾ ਸਿਰ ਉਠਾ ਲਿਆ। ਇਹ ਨਿਰਾ ਕੁਫਰ ਹੈ ਤੇ ਉਹਨਾਂ ਦੇ ਦਿਮਾਗ਼ ਦੀ ਘਾੜਤ ਹੈ। ਥਾਂ, ਸਮਾਂ ਤੇ ਸਥਿਤੀ ਇਸ ਸਭ ਕੁਝ ਨੂੰ ਸ਼ੱਕੀ ਬਣਾਉਂਦੇ ਹਨ।

   ਇਕ ਮਿੱਥ ਹੋਰ ਫੈਲਾਈ ਗਈ ਹੈ ਕਿ ਸੀਸ ਉਠਾਉਣ ਵਾਲਾ ਭਾਈ ਨਾਨੋ ਸੀ, ਵੇਖੋ, ਕੇਸਰ ਸਿੰਘ, ਬੰਸਾਵਲੀ ਨਾਮਾ ਪਾਤਸ਼ਾਹੀਆ ੧੦, ਪੰ: 95 ਤੇ ਡਾ. ਫੌਜਾ ਸਿੰਘ, ਸ਼ਹੀਦ ਤੇ ਗੁਰੂ ਪੰ: 98/ਹਨੇਰੀ ਵਾਲੀ ਗੱਲ ਸਹੀ ਹੋ ਸਕਦੀ ਹੈ ਜੋ ਠਾਕਰਾ ਦਾਸਰਾਜ, ਸਿੱਖ ਇਤਿਹਾਸ, ਪੰ: 113 ਤੇ ਲਿਖੀ।

   ਕੇਸਰ ਸਿੰਘ ਛਿੱਬਰ, ਬੰਸਾਵਲੀ ਪਾਤਸ਼ਾਹੀ ੧੦ ਕਾ, ਪੰ: 95 ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰ: 1173 ਆਦਿ ਨੇ ਲਿਖੀ ਹੈ।
5. ਡਾ. ਤ੍ਰਿਲੋਚਨ ਸਿੰਘ, ਗੁਰੂ ਤੇਗ ਬਹਾਦਰ, ਪੰ: 332
6. ਸ੍ਵਰੂਪ ਸਿੰਘ, ਗੁਰੂ ਕੀਆਂ ਲਿਖੀਆਂ, ਪੰ: 85
7. ਉਹੀ, ਪੰ: 84
8. ਭੱਟ ਵਹੀ ਮਲਤਾਨੀ ਸਿੰਧੀ, ਖਾਤਾ ਉਦਾਨਿਉ ਕਾ ਹਵਾਲੇ ਲਈ ਗੁਰੂ ਕੀ ਸਾਖੀਆਂ, ਪੰ: 84-85
9. ਦੀ ਇਨਸਾਈਕਲੋਪੀਡੀਆ ਆਫ ਸਿੱਖਿਜ਼ਮ, ਜਿਲਦ-IV, ਪੰ: 332
10. ਸ਼ਮਸ਼ੇਰ ਸਿੰਘ ਅਸ਼ੋਕ, ਮਜ਼੍ਹਬੀ ਸਿੱਖਾਂ ਦਾ ਇਤਿਹਾਸ, ਪੰ: 16
11. ਰੂਪ ਸਿੰਘ, ਭਾਈ ਜੀਵਨ ਸਿੰਘ ਗੁਰਮਤਿ ਪ੍ਰਕਾਸ਼ ਦਸੰਬਰ 2004, ਪੰ: 32

12. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰ: 128
13. ਸ੍ਵਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਪੰ: 154
14. ਭੱਟ ਵਹੀ ਮੁਲਤਾਨੀ ਸਿੰਧੀ ਹਵਾਲਾ "ਗੁਰੂ ਕੀਆਂ ਸਾਖੀਆਂ" ਪੰ: 154
15. ਜਸਵੰਤ ਸਿੰਘ, ਜੀਨ-ਦਰਪਣ ਭਾਈ ਸੰਗਤ ਸਿੰਘ, ਪੰ: 51;
ਕਰਨਲ ਲਾਭ ਸਿੰਘ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ, ਪੰ: 63
16. ਪਿਆਰਾ ਸਿੰਘ ਪਦਮ (ਸੰਪ:) ਪੰਜਾਬੀ ਵਾਰਾਂ, ਪੰ: 283
17. ਭਾਈ ਕਾਨ੍ਹ ਸਿੰਘ ਨਾਭਾ, ਮਹਾਨਕੋਸ, ਪੰ: 527
18. ਉਹੀ।
19. ਸ਼ਮਸ਼ੇਰ ਸਿੰਘ ਅਸ਼ੋਕ, ਮਜ਼ਬ੍ਹੀ ਸਿੱਖਾਂ ਦਾ ਇਤਿਹਾਸ, ਪੰ: 75
20. ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਸਿੱਖ ਇਤਿਹਾਸ ਵਿਚੋਂ ਚੋਣਵੀਆਂ ਸਾਖੀਆਂ, ਪੰ: 14
21. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 58
22. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰ: 288
23. ਕੰਕਣ, ਸੰਛੇਪ ਦਸ ਗੁਰੂ ਕਥਾ (ਰਚਨਾ ਕਾਲ 1711) ਪੰ: 66
24. ਗੁਰਬਿਲਾਸ ਪਾਤਿਸਾਹੀ ੧੦ (ਸੰਪਾਦਨ ਡਾ. ਫੌਜਾ ਸਿੰਘ) ਅੰਤਿਕਾ, ਪੰ: 318
25. ਏ. ਗਲੋਸਰੀ ਆਟ ਦੀ ਟ੍ਰਾਈਬਾਜ਼ ਐਂਡ ਕਾਸਟਸ, ਭਾਗ-III, 9:76
26. ਪ੍ਰੋ. ਕਰਤਾਰ ਸਿੰਘ, ਜੀਵਨ ਗੁਰੂ ਗੋਬਿੰਦ ਸਿੰਘ, ਪੰ: 31
27. ਡਾ. ਹਰੀਰਾਮ ਗੁਪਤਾ, "ਦੀ ਹਿਸਟਰੀ ਆਫ ਸਿੱਖਸ", ਪੰ: 218
28. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰ: 5866
ਬਾਬਾ ਸੁਮੇਰ ਸਿੰਘ, ਗੁਰਪਦ ਪ੍ਰੇਮ ਪ੍ਰਕਾਸ਼, ਪੰ: 403 ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਦੁਸ਼ਟ ਦਮਨ, ਪੰ: 601

# ਮਾਈ ਭਾਗੋ

ਮਾਤਾ ਭਾਗ ਕੌਰ ਜੋ ਕਿ ਸਿੱਖ ਬਿਰਤਾਂਤਾਂ ਵਿੱਚ ਮਾਈ ਭਾਗੋ ਵਜੋਂ ਪ੍ਰਸਿੱਧ ਹੈ, ਭਾਈ ਲੰਗਾਹ ਦੇ ਛੋਟੇ ਭਰਾ ਭਾਈ ਪੇਰੋ ਦੀ ਵੰਸ਼ 'ਚੋ ਸੀ। ਇਹ ਪਰਿਵਾਰ ਪਹਿਲਾਂ ਸੁਲਤਾਨ ਸਖੀ ਸਰਵਰ ਦੀ ਸਿੱਖਿਆ ਦਾ ਅਨੁਆਈ ਸੀ। ਭਾਈ ਲੰਗਾਹ ਤੇ ਭਾਈ ਪੇਰੋ, ਦੋਵੇਂ ਹੀ ਮੁਸਲਮਾਨੀ ਨਾਮ ਵਾਲੇ ਅਬੁੱਲ-ਖੈਰ ਢਿੱਲੋਂ ਗੋਤਰ ਦੇ ਜੱਟ ਦੇ ਪੁੱਤਰ ਸਨ। ਉਹ ਵਰਤਮਾਨ ਜ਼ਿਲਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ।

ਇੱਕ ਵਾਰ ਲੰਗਾਹ ਬਿਮਾਰ ਹੋ ਗਿਆ ਤੇ ਕਿਸੇ ਸਿੱਖ ਦੀ ਸਲਾਹ ਤੇ ਉਸਨੇ ਪ੍ਰਮਾਤਮਾ ਅਤੇ ਗੁਰੂ ਨਾਨਕ ਦੀ ਅਰਾਧਨਾ ਕੀਤੀ। ਫਲਸਰੂਪ ਉਹ ਨੌ-ਬਰ-ਨੌ ਗਿਆ ਤੇ ਫਿਰ ਸਾਰਾ ਪਰਿਵਾਰ ਹੀ ਸਿੱਖ ਧਰਮ ਵਿੱਚ ਪਰਵੇਸ਼ ਕਰ ਗਿਆ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਸਿੱਧ ਸਿੱਖਾਂ ਵਿੱਚੋਂ ਸੀ। ਗੁਰੂ ਅਰਜਨ ਦੇਵ ਦੇ ਸਪੁੱਤਰ ਤੇ ਉਤਰਾਧਿਕਾਰੀ ਸ੍ਰੀ ਗੁਰੂ ਹਰਿਗੋਬਿੰਦ ਦੇ ਸਮੇਂ ਉਹ ਗੁਰੂ ਜੀ ਦੀਆਂ ਫੌਜਾਂ ਵਿੱਚ ਸੈਨਿਕ ਟੁਕੜੀ ਦਾ ਮੁਖੀ ਬਣਾਇਆ ਗਿਆ।

ਝਬਾਲ ਪਰਿਵਾਰ ਮਾਤਾ ਭਾਗੋ ਦੀ ਬੀਰਤਾ ਤੇ ਬਹਾਦਰੀ ਦੇ ਕਾਰਨਾਮਿਆਂ ਕਰਕੇ ਵੀ ਜਾਣਿਆ ਜਾਂਦਾ ਹੈ। ਉਹ ਭਾਈ ਲੰਗਾਹ ਦੇ ਛੋਟੇ ਭਰਾ ਪੇਰੋ ਸ਼ਾਹ ਦੀ ਪੋਤਰੀ ਸੀ। ਭਾਈ ਪੀਰੋ ਸ਼ਾਹ ਦੇ ਦੋ ਪੁੱਤਰ ਸਨ—ਨਾਨੂੰ ਸ਼ਾਹ ਤੇ ਹਰੂ ਸਾਰ। ਉਹ ਮਾਲੂ ਸ਼ਾਹ ਦੀ ਪੁੱਤਰੀ ਸੀ। ਉਹ ਸਿੱਖ ਇਤਿਹਾਸ ਵਿੱਚ ਇੱਕੋ ਇੱਕ ਸਿੱਖ ਇਸਤਰੀ ਹੈ ਜਿਸ ਨੇ ਮਾਝੇ ਦੇ ਉਹਨਾਂ ਸਿੱਖਾਂ ਦੇ ਡਿੱਗਾਂ ਰਹੇ ਮਨੋਬਲ ਨੂੰ ਮੁੜ ਚੜ੍ਹਦੀ ਕਲਾ 'ਚ ਲਿਆਂਦਾ ਜਿਹੜੇ 1704-05 ਵਿੱਚ ਆਨੰਦਪੁਰ ਦੀ ਲੜਾਈ ਵਿੱਚ ਗੁਰੂ ਜੀ ਦਾ ਸਾਥ ਛੱਡ ਕੇ ਆ ਗਏ ਸਨ ਤੇ ਗੁਰੂ ਜੀ ਨੂੰ ਬੇਦਾਅਵਾ ਲਿਖਕੇ ਦੇ ਆਏ ਸਨ।

ਉਸ ਸਮੇਂ ਮਾਤਾ ਭਾਗੋ ਨੇ "ਜਾਨ ਆਫ ਆਰਕ" ਵਾਂਗ ਆਪਣੀ ਭੂਮਿਕਾ ਬੜੇ ਧੜੱਲੇ ਨਾਲ ਨਿਭਾਈ। ਜਿਵੇਂ ਜਾਨ ਆਫ ਆਰਕ (1421-31) ਨੇ ਓਰਲੀਨ ਦੇ ਅਸਥਾਨ ਤੇ 1428-29 ਨੂੰ ਓਰਲੀਅਨ ਦੇ ਉੱਤਰ ਵਿੱਚ ਪਤਾਏ ਦੇ ਅਸਥਾਨ ਤੇ 1429 ਨੂੰ ਫਰਾਂਸੀਸੀ ਫੌਜਾਂ ਦੀ ਕਾਬਜ ਅੰਗਰੇਜ਼ ਸੈਨਾ ਨੂੰ ਉੱਤਰੀ ਫਰਾਂਸ 'ਚੋਂ ਕੱਢਣ ਵਿੱਚੋਂ ਅਗਵਾਈ ਕੀਤੀ ਤੇ ਡੋਫਿਨ, (ਚਾਰਲਸ ਸਤਵੇਂ) ਦੀ ਤਖਤ ਨਸ਼ੀਨੀ ਸੁਰੱਖਿਅਤ ਕੀਤੀ, ਉਵੇਂ ਹੀ ਮਾਈ ਭਾਗੋ ਨੇ ਬੇਦਾਵੀਏ ਸਿੱਖਾਂ ਨੂੰ ਪਹਿਲਾਂ ਤਾਂ ਝਿੜਕ ਝੰਬ ਪਾਈ ਤੇ ਤਾਅਨੇ ਮਾਰੇ ਤੇ ਫਿਰ ਸਰਹਿੰਦ ਦੇ ਸੂਬੇਦਾਰ ਵਿਰੁੱਧ ਗੁਰੂ ਗੋਬਿੰਦ ਸਿੰਘ ਦੀ ਰੱਖਿਆ ਤੇ ਸਹਾਇਤਾ ਲਈ, ਇਹਨਾਂ ਸਿੰਘ ਦੀ, ਮਾਲਵੇ 'ਚ ਜਾ ਕੇ ਲੜਾਈ ਲੜਨ ਲਈ ਅਗਵਾਈ ਕੀਤੀ।

ਸਿੱਖ ਇਤਿਹਾਸ ਵਿੱਚ ਆਉਂਦਾ ਹੈ ਕਿ ਜਦੋਂ ਸਿੰਘ ਵਾਪਸ ਮਾਝੇ ਵਿੱਚ ਆਏ ਤਾਂ ਮਾਈ ਭਾਗੋ ਨੇ ਹੋਰ ਸੁਆਣੀਆਂ ਨੂੰ ਨਾਲ ਲੈਕੇ ਜਾ ਘੇਰਿਆ ਤੇ ਕਿਹਾ, "ਲਓ, ਸਾਡੇ ਘੱਗਰੇ ਤੇ ਚੂੜੀਆਂ ਪਹਿਨ ਲਵੋ ਤੇ ਘਰਾਂ 'ਚ ਇਸਤਰੀਆਂ ਵਾਂਗ ਬੈਠੋ। ਅਸੀਂ ਗੁਰੂ ਜੀ ਦਾ ਸਾਥ ਦੇਣ ਲਈ ਮੁਗਲਾਂ ਵਿਰੁੱਧ ਜੰਗ ਵਿੱਚ ਜਾਣ ਲਈ ਤਿਆਰ ਹਾਂ।" ਭਾਈ ਕਾਨ੍ਹ ਸਿੰਘ ਲਿਖਦੇ ਹਨ ਕਿ ਮਾਈ ਭਾਗੋ ਦੇ ਅਜਿਹੇ ਤਿੱਖੇ ਸ਼ਬਦ ਸੁਣ ਕੇ ਬਹੁਤੇ ਸਿੱਖ ਸਤਿਗੁਰੂ ਦੀ ਸੇਵਾ ਹਾਜ਼ਿਰ ਹੋਣ ਲਈ ਤਿਆਰ ਹੋ ਗਏ।"[1]

ਮਾਈ ਭਾਗੋ ਨਿਧਾਨ ਸਿੰਘ ਵੜੈਂਚ ਪੁੱਤਰ ਭਾਈ ਦੇਸਰਾਜ ਪੱਟੀ ਨਿਵਾਸੀ ਨੂੰ ਵਿਆਹੀ ਹੋਈ ਸੀ। ਜਨਮ ਤੇ ਪਾਲਣਾ ਕਰਕੇ ਸਿਦਕਵਾਨ ਹੋਣ ਕਾਰਨ ਉਹ ਮਾਝੇ ਦੇ ਸਿੱਖਾਂ ਵਲੋਂ ਸੰਕਟ ਦੀ ਘੜੀ ਵਿੱਚ 1705 ਈ: ਨੂੰ ਗੁਰੂ ਗਬਿੰਦ ਸਿੰਘ ਦਾ ਸਾਥ ਛੱਡ ਕੇ ਆ ਜਾਣ ਬਾਰੇ ਸੁਣਕੇ ਬੜੀ ਦੁਖੀ ਹੋਈ। ਉਸਨੇ ਬੇਦਾਵੀਏ ਸਿੰਘਾਂ ਨੂੰ ਦੁਬਾਰਾ ਇਕੱਠਿਆਂ ਕੀਤਾ ਤੇ ਉਹਨਾਂ ਨੂੰ ਗੁਰੂ ਕੋਲ ਜਾ ਕੇ ਮਾਫੀ ਮੰਗਣ ਤੇ ਉਹਨਾਂ ਨਾਲ ਮਿਲਣ ਲਈ ਮਨਾ ਲਿਆ।[2]

ਮਾਈ ਭਾਗੋ ਤੇ ਉਸਦੇ ਪਤੀ ਭਾਈ ਨਿਧਾਨ ਸਿੰਘ ਵੜੈਂਚ ਪਹਿਲਾਂ ਆਨੰਦਪੁਰ ਗਏ ਸਨ ਤੇ ਉਹਨਾਂ ਖਾਲਸਾ ਦੀ ਸਿਰਜਣਾ ਦਾ ਕੌਤਕ ਵੇਖਿਆ ਸੀ। ਕੁਝ ਸਮੇਂ ਪਿਛੋਂ ਉਹ ਆਪਣੇ ਨਗਰ ਆ ਗਈ। ਇਹ ਤਾਂ ਜਦੋਂ ਸਿੱਖਾਂ ਨੇ ਆਨੰਦਪੁਰ ਦੀ ਆਖਰੀ ਲੜਾਈ ਵਿੱਚ ਗੁਰੂ ਜੀ ਨੂੰ ਪਿੱਛਾ ਦਿੱਤਾ ਤਾਂ ਮਾਝੇ ਵਿੱਚ ਪਹੁੰਚੇ ਸਿੱਖਾਂ ਨੂੰ ਮਾਈ ਭਾਗੋ ਨੇ ਫਿਟਕਾਰਾਂ ਪਾਈਆਂ। ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬੇਦਾਵਾ ਦੇਣ ਵਾਲਿਆਂ ਵਿੱਚ ਮਾਈ ਭਾਗੋ ਦਾ ਪਤੀ ਤੇ ਭਰਾ ਵੀ ਸ਼ਾਮਿਲ ਹੋਣ।

ਆਨੰਦਪੁਰ ਵਿੱਚ ਤੇ ਪਿੱਛੋਂ ਜੋ ਕੁਝ ਵਾਪਰਿਆ, ਉਸਨੂੰ "ਗੁਰੂ ਕੀਆਂ ਸਾਖੀਆਂ" ਦੇ ਲੇਖਕ ਨੇ ਕੁਝ ਇਸ ਤਰ੍ਹਾਂ ਲਿਖਿਆ ਹੈ : "ਮਾਝੇ ਮੇਂ ਪੱਟੀ ਨਗਰੀ ਕੇ ਬੀਚ ਭਾਈ ਸੁਲਤਾਨ ਸਿੰਘ ਕਾ ਪਿਤਾ ਚੌਧਰੀ ਦੇਸਰਾਜ ਵੜੈਂਚ ਗੁਰਪੁਰੀ ਪਧਾਰ ਗਿਆ ਥਾ, ਇਸਕੀ.......ਮਾਤਮੀ ਪਰਚਾਵਨੀ ਕਰਨ ਸਾਕ ਸੱਜਣ ਆਏ। ਇਸ ਹੂਏ ਇਕੱਠ ਸੇ ਕਿਸੇ ਏਕ ਸਿੱਖ ਨੇ ਆਨੰਦਪੁਰ ਨਗਰੀ ਕੇ ਸਾਰੇ ਹਾਲਾਤ ਦੱਸੇ ਕਿ ਗੁਰੂ ਜੀ ਉਸੇ ਛੋਰ ਮਾਲਵਾ ਦੇਸ ਮੇਂ ਆਇ ਗਏ ਹੈਂ।......

ਉਸਦੀ ਬਿਰਧ ਮਾਤਾ, ਚਾਰੇ ਸਾਹਿਬਜ਼ਾਦੇ.......ਸਭ ਮੁਖੀਏ ਮੈਦਾਨੇ ਜੰਗ ਮੇਂ ਲੜਕੇ ਸ਼ਹਾਦਤਾਂ ਪਾਏ ਗਏ ਹੈਂ......ਅਸੀਂ ਨਿਮਾਣੇ ਨਿਭਾਗੇ ਸਿਖ ਪੀਛੇ ਰਹਿ ਗਏ......ਹੁਣ ਗੁਰੂ ਜੀ ਦੇਸ਼ ਮਾਲਵਾ ਮੇਂ ਦੀਨਾ ਕਾਂਗੜ ਕੇ ਇਰਦ ਗਿਰਦ ਹੈਂ, ਹਮੇਂ ਮਾਤਮੀ ਪਰਚਾਵਨੀ ਕਰਨੇ ਉਨ ਕੀ ਗੈਲ ਜਾਨਾ ਚਾਹੀਏ।.......ਪਟੀ ਨਗਰੀ ਸੇ ਭਾਈ ਭਾਗ ਸਿੰਘ ਝਬਾਲੀਆ, ਭਾਈ ਸੁਲਤਾਨ ਸਿੰਘ ਆਦਿ 40 ਸਿੰਘਾਂ ਤੇ ਇਕਤਾਲਵੀਂ ਮਾਤਾ ਭਾਗੋ......ਗੇਲ ਇਸ ਜੱਥੇ ਦੇ ਆਈ।........ਇਹ ਜੱਥਾ ਪੁਛਦਾ ਪੁਛਾਂਦਾ ਰਾਮੇਆਣਾ ਨਗਰੀ ਸੇ ਆਗੇ ਰੂਪੇ ਆਣਾ ਕੇ ਪਾਸ ਰੋਹੀ ਮੇਂ ਜਾਇ ਮਿਲਿਆ।"[3]

ਮੈਕਾਲਿਫ ਇਸ ਕਹਾਣੀ ਨੂੰ ਭਾਈ ਸਰੂਪ ਸਿੰਘ ਵਾਂਗ ਹੀ ਅੱਗੇ ਜਾਰੀ ਰੱਖਦਾ ਹੋਇਆ ਲਿਖਦਾ ਹੈ, "ਮਾਝੇ ਦੇ ਸਿੱਖਾਂ ਨੇ ਗੁਰੂ ਜੀ ਨੂੰ ਲੱਭ ਲਿਆ। ਉਹਨਾਂ ਦਾ,

ਨਿਵੇਦਨ ਸੁਣਕੇ ਗੁਰੂ ਜੀ ਨੇ ਕਿਹਾ, "ਜੇ ਤੁਸੀਂ ਮੇਰੇ ਸਿੱਖ ਹੁੰਦੇ ਤਾਂ ਤੁਸੀਂ ਮੈਨੂੰ ਸਿੱਖਿਆ ਦੇਣ ਦੀ ਥਾਂ ਸਿੱਖਿਆ ਸੁਣਦੇ......ਜਦੋਂ ਮੈਨੂੰ ਫਿਰ ਭੀੜ ਬਣੀ ਤੁਸੀਂ ਪਹਿਲਾਂ ਵਾਂਗ ਫਿਰ ਮੈਨੂੰ ਧੋਖਾ ਦੇ ਜਾਓਗੇ। ਲਿਖ ਕੇ ਬੇਦਾਵਾ ਦੇ ਜਾਓ ਤੇ ਆਪਣੇ ਘਰਾਂ ਨੂੰ ਚਲੇ ਜਾਓ।"

ਉਸ ਸਮੇਂ ਕਿਸੇ ਨੇ ਵੇਖਿਆ ਕਿ ਵੈਰੀ ਨੇੜੇ ਆ ਰਿਹਾ ਸੀ। ਗੁਰੂ ਜੀ ਨੇ ਖਿਦਰਾਣੇ ਜਾਣ ਦਾ ਫ਼ੈਸਲਾ ਕਰ ਲਿਆ।.......ਮਾਝੇ ਦੇ ਪੰਜ ਸਿੱਖ ਗੁਰੂ ਨੂੰ 'ਬੇਦਾਵਾ' ਦੇਣ ਤੇ ਪਛਤਾਵਾ ਕਰਕੇ ਗੁਰੂ ਜੀ ਨੂੰ ਸਹਾਇਤਾ ਦੇਣ ਦਾ ਫੈਸਲਾ ਕਰਕੇ ਮੁੜ ਆਏ। ਉਹਨਾਂ ਨੇ ਆਪਣੇ ਨਾਲ ਦੇ 35 ਹੋਰਾਂ ਨੂੰ ਵੀ ਆਪਣੇ ਨਾਲ ਹੀ ਜਾਣ ਲਈ ਤਿਆਰ ਕਰ ਲਿਆ। ਇਸ ਤਰ੍ਹਾਂ ਗੁਰੂ ਜੀ ਨੂੰ ਆਸ ਦੇ ਵਿਪਰੀਤ 40 ਤਾਕਤਵਰ ਤੇ ਸਰਗਰਮ ਯੋਧਿਆਂ ਦੀ ਮਦਦ ਮਿਲ ਗਈ। ਉਹਨਾਂ ਵਿੱਚ ਭਾਗੋ ਨਾਮ ਦੀ ਵੀਰਾਂਗਣਾ ਵੀ ਸੀ ਜਿਸਨੇ ਸਿੱਖੀ ਦੀ ਖਾਤਰ ਆਦਮੀਆਂ ਵਾਲੇ ਵਸਤਰ ਪਹਿਨਕੇ ਪ੍ਰਤਿਗਿੱਆ ਕੀਤੀ ਕਿ ਜੇ ਲੋੜ ਪਈ ਤਾਂ ਖਤਰੇ ਨਾਲ ਭਰਪੂਰ ਲਹੂ-ਰੰਗੀ ਰਣਭੂਮੀ ਵਿੱਚ ਉਹ ਗੁਰੂ ਜੀ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਲਵੇਗੀ। ਗੁਰੂ ਜੀ ਤੇ ਉਹਨਾਂ ਦੇ ਅੰਗ-ਰੱਖਿਅਕ ਉਹਨਾਂ ਤੋਂ ਪਹਿਲਾਂ ਖਿਦਰਾਣੇ ਚਲੇ ਗਏ ਸਨ......ਮਾਝੇ ਦੇ 40 ਸਿੰਘਾਂ ਨੇ ਖਿਦਰਾਣੇ ਪਹੁੰਚਕੇ ਨੇੜਲੀਆਂ ਝਾੜੀਆਂ ਨੂੰ ਕੱਪੜਿਆਂ ਨਾਲ ਢੱਕ ਦਿੱਤਾ ਤਾਂ ਜੋ ਦੁਸ਼ਮਣ ਸਮਝੇ ਕਿ ਸਿੱਖਾ ਨੇ ਵੱਡੀ ਗਿਣਤੀ 'ਚ ਆਕੇ ਡੇਰਾ ਲਾ ਲਿਆ ਹੈ ਤੇ ਇਸ ਤਰ੍ਹਾਂ ਵੈਰੀ ਅਚਾਨਕ ਹਮਲਾ ਨਹੀਂ ਕਰੇਗਾ।.........ਵਜ਼ੀਰ ਖਾਂ ਨੇ ਆਪਣੀ ਸੈਨਾ ਨੂੰ ਉਹਦੇ ਮੁਕਾਬਲੇ ਤੇ ਖੜੇ ਸਿੱਖਾਂ ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਕਿਉਂ ਜੋ ਉਹਦਾ ਵਿਸ਼ਵਾਸ ਸੀ ਕਿ ਗੁਰੂ ਸਿੱਖਾਂ ਵਿੱਚ ਲੁਕਿਆ ਹੋਇਆ ਹੈ। ਸਿੱਖਾਂ ਨੇ ਬੜੀ ਬਹਾਦਰੀ ਨਾਲ ਹਮਲੇ ਦਾ ਮੁਕਾਬਲਾ ਕੀਤਾ।"[4] ਗੁਰੂ ਸਾਹਿਬ ਨੇ ਦੋ ਮੀਲ ਦੂਰ ਟਿੱਬੀ ਉੱਪਰ ਆਪਣੇ ਅੰਗ-ਰਖਿਅਕਾਂ ਨਾਲ ਮੋਰਚਾ ਮੱਲਿਆ ਹੋਇਆ ਸੀ। ਉਥੋਂ ਉਹ ਮਾਰੂ ਤੀਰ ਛੱਡਦੇ ਰਹੇ।

ਚਾਲੀ ਮਝੈਲ ਸਿੱਖ ਬਹੁਤ ਵੈਰੀ ਦੀ ਬਹੁਤ ਜ਼ਿਆਦਾ ਫ਼ੌਜ ਨਾਲ ਟੱਕਰ ਲੈਣ ਦੇ ਸਮਰੱਥ ਨਾ ਹੁੰਦੇ ਹੋਏ ਵੀ ਮੁਸਲਮਾਨਾਂ ਦੀ ਤਲਵਾਰ ਦੀ ਭੇਂਟ ਚੜ੍ਹ ਗਏ। ਉਹਨਾਂ ਦੀਆਂ ਸਫ਼ਾਂ ਵਿੱਚ ਮਾਈ ਭਾਗੋ ਵੀ ਬੜੀ ਬੀਰਤਾ ਨਾਲ ਲੜੀ ਤੇ ਕਈ ਵੈਰੀਆਂ ਨੂੰ ਪਾਰ ਬੁਲਾਇਆ ਤੇ ਉਸਨੇ ਆਉਣ ਵਾਲੀਆਂ ਨਸਲਾਂ ਵਿੱਚ ਭਾਰਤੀ ਵੀਰਾਂਗਣਾਂ ਵਜੋਂ ਆਪਣਾ ਨਾਮ ਚਮਕਾਇਆ।

ਵਜੀਰ ਖਾਂ ਦੇ ਸੈਨਿਕਾਂ ਦੀ ਪਾਣੀ ਨਾ ਮਿਲਣ ਕਾਰਨ ਬੜੀ ਭੈੜੀ ਹਾਲਤ ਸੀ। ਉਹ ਛੇਤੀ ਹੀ ਮੈਦਾਨ ਛੱਡ ਗਏ ਤਾਂ ਉਸ ਸਮੇਂ ਗੁਰੂ ਜੀ ਰਣ ਭੂਮੀ ਵਿੱਚ ਆ ਕੇ ਜਖਮੀਆਂ ਨੂੰ ਸਾਂਭਿਆਂ ਤੇ ਮ੍ਰਿਤਕਾਂ ਦਾ ਕ੍ਰਿਆ-ਕਰਮ ਕੀਤਾ। ਉਹਨਾਂ ਨੇ ਮਹਾਂ ਸਿੰਘ ਨੂੰ ਆਖਰੀ ਸਾਹ ਲੈਂਦਿਆਂ ਵੇਖਿਆ, ਜਿਸ ਦੀਆਂ ਅੱਖਾਂ ਵਿੱਚ ਗੁਰੂ ਜੀ ਦੇ ਅੰਤਿਮ ਦਰਸ਼ਨ ਕਰਨ ਦੀ ਇੱਛਾ ਸੀ।

ਗੁਰੂ ਜੀ ਨੇ ਉਸਨੂੰ ਅੱਖਾਂ ਖੋਲ੍ਹਣ ਲਈ ਕਿਹਾ ਤੇ ਉਸਦੀ ਆਖਰੀ ਇੱਛਾ ਬਾਰੇ ਪੁੱਛਿਆ। ਮਹਾਂ ਸਿੰਘ ਨੇ ਗੁਰੂ ਜੀ ਨੂੰ ਬੇਦਾਵੇ ਦਾ ਕਾਗਜ਼ ਪਾੜਨ ਲਈ ਆਖਿਆ......ਉਹਨਾਂ ਨੇ ਜੇਬ 'ਚੋਂ ਕਾਗਜ਼ ਕੱਢਕੇ ਪਾੜ ਦਿੱਤਾ।[5]

ਸਰੂਪ ਸਿੰਘ ਨੇ ਵੀ ਲਿਖਿਆ ਹੈ ਕਿ ਰਾਇ ਸਿੰਘ, ਸੁੰਦਰ ਸਿੰਘ ਤੇ ਮਹਾਂ ਸਿੰਘ ਸਹਿਕ ਰਹੇ ਸਨ........ਇਹਨਾਂ ਤੋਂ ਬਿਨਾਂ ਮਾਤਾ ਭਾਗ ਕੌਰ ਜ਼ਖਮੀ ਸੀ ਜਿਸਦੇ ਪੱਟ ਤੇ ਗੋਲੀ ਲੱਗੀ ਸੀ।.........ਗੁਰੂ ਜੀ ਨੇ ਰਾਇ ਸਿੰਘ ਅਤੇ ਦੂਸਰੇ ਸਿੱਖਾਂ ਵੱਲ ਵੇਖਿਆ ਤੇ ਉਹਨਾਂ ਤੋਂ ਉਹਨਾਂ ਦੀ ਆਖਰੀ ਇੱਛਾ ਪੁੱਛੀ। ਰਾਇ ਸਿੰਘ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਬੇਦਾਵਾ ਪਾੜ ਦੇਣ.........ਗੁਰੂ ਜੀ ਨੇ ਕਾਗ਼ਜ਼ ਜੇਬ 'ਚੋਂ ਕੱਢਿਆ ਤੇ ਪਾੜ ਦਿੱਤਾ। ਇਸ ਪਿਛੋਂ ਭਾਈ ਸੁੰਦਰ ਸਿੰਘ ਝੱਲੀਆਂ, ਰਾਇ ਸਿੰਘ ਤੇ ਮਹਾਂ ਸਿੰਘ ਨੇ 30 ਪੋਹ ਦਿਨ ਐਤਵਾਰ ਬਿਕਰਮੀ ਸੰਮਤ 1762 (1705 ਈਸਵੀ) ਨੂੰ ਪ੍ਰਾਣ ਤਿਆਗ ਦਿੱਤੇ।

ਸਾਰੀ ਵਿਥਿਆ ਦਾ ਨਿਚੋੜ ਤੇ ਮੂਲ ਇਹੋ ਹੈ ਕਿ ਮੁਕਤਸਰ ਦੀ ਲੜਾਈ ਵਿੱਚ ਕੁਝ ਹੱਦ ਤੱਕ ਜਿੱਤ ਮਾਈ ਭਾਗੋ ਕਾਰਨ ਹੋਈ ਜਿਸਨੇ ਮਾਝੇ ਦੇ ਸਿੱਖਾਂ ਨੂੰ ਲਾਅਨਤ-ਮੁਲਾਮਤ ਕਰਕੇ ਆਨੰਦਪੁਰ ਤੋਂ ਬੇਦਾਵਾ ਦੇਕੇ ਆਇਆ ਨੂੰ ਗੁਰੂ ਜੀ ਪਾਸ ਲਿਆਂਦਾ।

ਜੇ ਅਸੀਂ ਇਹ ਵੀ ਮੰਨ ਲਈਏ ਕਿ ਬੇਦਾਵਾ ਆਨੰਦਪੁਰ 'ਚ ਨਹੀਂ ਸਗੋਂ ਰੂਪੇਆਣੇ ਦਿੱਤਾ ਗਿਆ ਸੀ ਤੋਂ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਏਥੇ ਵੀ ਮਾਈ ਭਾਗੋ ਨੇ ਹੀ ਉਹਨਾਂ ਨੂੰ ਗੁਰੂ ਜੀ ਦਾ ਸਾਥ ਛੱਡਕੇ ਜਾ ਰਹੇ ਸਿੱਖਾਂ ਨੂੰ ਆਪਣੇ ਫੈਸਲੇ ਤੇ ਮੁੜ ਵਿਚਾਰ ਕਰਨ ਲਈ ਮਨਾਇਆ ਸੀ। ਕੌਸ਼ਿਸ਼ ਲਿਖਦਾ ਹੈ : "ਸਤਿਗੁਰਾਂ ਦੇ ਚਲੇ ਜਾਣੇ ਬਾਅਦ ਮਾਤਾ ਭਾਗ ਕੋਰਾਂ ਜੋ ਭਾਗ ਸਿੰਘ, ਦਿਲਬਾਗ ਸਿੰਘ ਦੀ ਬੜੀ ਬਹਿਨ ਤੇ ਨਿਧਾਨ ਸਿੰਘ ਵੜੈਂਚ ਦੀ ਪਤਨੀ ਸੀ, ਇਸ ਸਭ ਦੀ ਤਰਫ ਮੁਖ ਕਰਕੇ ਇੰਜ ਕਿਹਾ ਕਿ ਅੱਗੇ ਤਾਂ ਰਾਤ ਸਮੇਂ ਦੁਨੀ ਚੰਦ ਕੇ ਗੈਲ ਚਾਰ ਪਾਂਚ ਮਝੈਲ ਸਿੰਘ ਕਿਲਾ ਅਨੰਦਗਢ ਸੇ ਦੀਵਾਰ ਸੇ ਰੱਸਾ ਬਾਂਧ ਕਰ ਭਾਗ ਆਇਆ, ਕਲੰਕ ਹਮਾਰੇ ਮਾਥੇ ਲਗਾ ਹੂਆ ਹੈ, ਉਹ ਨਹੀਂ ਭੁਲਾ। ਅਬ ਤਾਂ ਸਤਿਗੁਰਾਂ ਦੇ ਸਾਮ੍ਹੇਂ ਲਿਖ ਦੀਆ ਹੈ, ਹੁਣ ਕਿਹੜਾ ਮੁਖ ਲੈਕੇ ਵਾਪਸ ਵਤਨਾ ਕੋ ਜਾਓਗੇ ?[26]

ਇਸ ਤੇ ਵਿਚਾਰ ਕਰਨੀ ਕੁਥਾਂਵੇਂ ਹੋਵੇਗੀ ਕਿ ਬੇਦਾਵਾ ਆਨੰਦਪੁਰ 'ਚ ਲਿਖਿਆ ਗਿਆ ਸੀ ਜਾਂ ਰੂਪੇਆਣੇ। ਜਿਹੜੀ ਗੱਲ ਪਰਤੱਖ ਹੈ, ਉਹ ਇਹ ਹੈ ਕਿ ਗੁਰੂ ਜੀ ਦੀ ਰਖਿਆ ਲਈ ਪ੍ਰੇਰਨਾ ਦੇਣ ਵਾਲੀ ਸ਼ਖਸੀਅਤ ਹਰ ਹਾਲਤ ਵਿੱਚ ਮਾਤਾ ਭਾਗੋ ਹੀ ਸੀ। ਇਸਦੀ ਪ੍ਰੋੜਤਾ ਤੇ ਗੁਆਹੀ ਵਿੱਚ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ, ਤੇਜਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਇੰਦੂ ਭੂਸ਼ਨ ਬੈਨਰਜੀ ਤੇ ਗਿਆਨੀ ਅਵਾਤ ਸਿੰਘ ਸਭ ਇਸ ਵਿਚਾਰ ਦੇ ਹਨ ਤੇ ਇਕ ਮੱਤ ਹਨ ਕਿ ਬੇਦਾਵਾ ਆਨੰਦਪੁਰ ਲਿਖਿਆ ਗਿਆ ਸੀ ਤੇ ਮਾਈ ਭਾਗੋ ਦੇ ਫਿਟਕਾਰਨ ਤੇ ਉਹ ਗੁਰੂ ਜੀ ਦੀ ਭਾਲ ਵਿੱਚ ਨਿਕਲੇ ਸਨ ਤੇ ਗੁਰੂ ਜੀ ਦੀ ਖਾਤਰ ਵਜੀਰ ਖਾਂ ਤੇ ਉਹਦੇ ਸੈਨਕਾਂ ਵਿਰੁੱਧ ਇੱਕ ਕਿਲੇ ਵਾਂਗ ਡਟ ਕੇ ਲੜੇ ਸਨ।

ਗਿਆਨੀ ਆਵਤ ਸਿੰਘ ਅਨੁਸਾਰ ਚਾਲੀ ਬੇਦਾਵੀਆਂ 'ਚ ਮਾਤਾ ਭਾਗੋ ਦੇ ਦੋ ਭਰਾ (ਭਾਈ ਭਾਗ ਸਿੰਘ ਤੇ ਦਿਲਬਾਗ ਸਿੰਘ) ਉਸਦਾ ਪਤੀ ਨਿਧਾਨ ਸਿੰਘ ਉਸਦਾ ਭਰਾ ਸੁਲਤਾਨ ਸਿੰਘ ਤੇ ਦੋ ਹੋਰ ਝਬਾਲ ਵਾਸੀ ਝੰਡਾ ਸਿੰਘ ਤੇ ਘਰਬਾਰਾ ਸਿੰਘ ਸ਼ਾਮਿਲ ਸਨ।[24] ਮਾਤਾ ਭਾਗੋ ਨੇ ਪੂਰੀ ਪੁੱਛ ਪੜਤਾਲ ਕਰਕੇ ਮਹਾਂ ਸਿੰਘ, ਰਾਏ ਸਿੰਘ ਨੂੰ ਨਾਲ ਲਿਆ ਤੇ 40 ਸਿੰਘਾਂ ਦੀ ਅਗਵਾਈ ਕਰਕੇ ਪ੍ਰਤਿੱਗਿਆ ਕੀਤੀ ਕਿ ਉਹ ਬੇਦਾਵਾ ਪੜ੍ਹਵਾ ਕੇ

ਰਹੇਗੀ।[7] ਤੇ ਆਖਰ ਉਹ ਅਜਿਹਾ ਕਰਨ ਵਿੱਚ ਸਫਲ ਰਹੀ। ਇੰਦੂ ਭੂਸ਼ਣ ਬੈਨਰਜੀ ਲਿਖਦਾ ਹੈ ਕਿ ਵੈਰੀ ਦਾ ਹਮਲਾ ਉਹਨਾਂ 40 ਸਿੱਖਾਂ ਨੇ ਝੱਲਿਆ ਜੋ ਆਨੰਦਪੁਰੋਂ ਬੇਦਾਵਾ ਦੇਕੇ ਆ ਗਏ ਸਨ ਤੇ ਉਹ ਆਸ ਦੇ ਉਲਟ ਗੁਰੂ ਜੀ ਦੀ ਸਹਾਇਤਾ ਲਈ ਪਹੁੰਚ ਗਏ ਸਨ।[8] ਡਾ. ਗੰਡਾ ਸਿੰਘ ਤੇਜਾ ਸਿੰਘ[9] ਤੇ ਪਿਆਰਾ ਸਿੰਘ ਪਦਮ[10] ਵੀ ਇਸੇ ਵਿਚਾਰ ਨਾਲ ਸਹਿਮਤ ਹਨ।

ਕਿਉਂਕਿ ਉਹਦੇ ਭਰਾ ਤੇ ਪਤੀ ਮੁਕਤਸਰ ਵਿੱਚ ਸ਼ਹਾਦਤ ਪਾ ਗਏ ਸਨ। ਉਹ ਉਸ ਪਿਛੋਂ ਸਾਰੀ ਉਮਰ ਗੁਰੂ ਜੀ ਦੇ ਅਕਾਲ ਚਲਾਣੇ ਤੱਕ ਉਹਨਾਂ ਦੀ ਸੇਵਾ ਵਿੱਚ ਰਹੀ। ਮੁਕਤਸਰ ਦੇ ਯੁੱਧ ਪਿਛੋਂ ਉਸਨੇ ਇੱਕ ਦਿਨ ਭਗਤੀ ਭਾਵਨਾ ਦੇ ਵੇਗ ਵਿੱਚ ਤੇ ਬੇਖ਼ਬਰੀ ਦੀ ਹਾਲਤ ਵਿੱਚ ਆਪਣੇ ਕੱਪੜੇ ਪਾੜ ਲਏ ਤੇ ਜੰਗਲ ਵਿੱਚ ਅੱਧ ਨੰਗੀ ਵਿਚਰਨ ਲੱਗੀ। ਗੁਰੂ ਜੀ ਨੇ ਉਸਨੂੰ ਮਨ੍ਹਾ ਕੀਤਾ ਤੇ ਪਹਿਨਣ ਲਈ ਕਛਹਿਰਾ ਦਿੱਤਾ। ਉਸਨੂੰ ਦੁਬਾਰਾ ਮਰਦਾਵੇਂ ਵਸਤਰ ਪਹਿਨ ਲੈਣ ਦੀ ਆਗਿਆ ਦਿੱਤੀ ਗਈ। ਉਹ ਲੰਮੀ ਉਮਰ ਭੋਗ ਕੇ ਅਬਚਲ ਨਗਰ ਜਾ ਕੇ ਚਲਾਣਾ ਕਰ ਗਈ ਜਿੱਥੇ ਸਿੱਖ ਉਸਦੀ ਇੱਕ ਸੰਤ ਵਜੋਂ ਮਾਨਤਾ ਕਰਦੇ ਹਨ।[11]

ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਉਹ ਬਿਦਰ ਚਲੀ ਗਈ ਤੇ ਉਥੋਂ 71 ਮੀਲ ਦੂਰ ਜਿਨਵਾੜਾ ਵਿੱਚ ਰਹਿਣ ਲੱਗੀ। ਉਸਨੇ ਆਪਣੇ ਆਖਰੀ ਦਿਨ ਬਾਲਾ ਰਾਓ ਤੇ ਰੁਸਤਮ ਰਾਓ ਦੇ ਘਰ 'ਚ ਗੁਜ਼ਾਰੇ ਤੇ ਉੱਥੇ ਹੀ ਉਹ 7 ਜਨਵਰੀ 1718 ਨੂੰ ਪਰਲੋਕ ਗਮਨ ਕਰ ਗਈ।

ਮਾਤਾ ਭਾਗੋ ਨੂੰ ਆਪਣੀ ਚਮਤਕਾਰੀ ਭੂਮਿਕਾ ਨਿਭਾਉਣ ਕਾਰਨ ਸਦਾ ਯਾਦ ਰੱਖਿਆ ਜਾਵੇਗਾ ਕਿਉਂਕਿ ਸਿੱਖਾਂ ਦੀ ਟੁੱਟੀ ਗੰਢਾਉਣ ਤੇ ਗੁਰੂ ਨਾਲ ਜੋੜਨ ਵਾਲੀ ਉਹੋ ਸੀ। ਸਿੱਖ ਤਾਂ ਗੁਰੂ ਜੀ ਨੂੰ ਬੇਦਾਵਾ ਦੇ ਆਏ ਸਨ ਤੇ ਉਹ ਉਸਦੀ ਅਗਵਾਈ ਸਦਕਾ ਹੀ ਫਿਰ ਗੁਰੂ ਜੀ ਦੇ ਲੜ ਲੱਗੇ। ਇਸ ਗੌਰਵਮਈ ਕਾਰਜ ਕਰਕੇ ਹੀ ਉਸਦਾ ਨਾਮ ਅਗਲੀਆਂ ਪੀੜ੍ਹੀਆਂ ਵਿੱਚ ਇੱਕ ਭਾਰਤੀ ਨਾਇਕਾ ਵਜੋਂ ਸਦਾ ਯਾਦ ਕੀਤਾ ਜਾਵੇਗਾ। ਉਸਦੀ ਯਾਦ ਵਿੱਚ ਕਈ ਗੁਰਦੁਆਰੇ ਬਣੇ ਹੋਏ ਹਨ। ਜਿਨਵਾੜਾ 'ਚ ਉਸਦੀ ਕੁਟੀਆ ਹੁਣ ਗੁਰਦਵਾਰਾ ਜਨਮ ਅਸਥਾਨ ਦਾ ਰੂਪ ਧਾਰ ਗਈ ਹੈ। ਨਦੇੜ ਵਿਖੇ ਵੀ, ਤਖਤ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਵਿੱਚ ਇੱਕ ਹਾਲ ਅੰਦਰ ਉਸਦੀ ਰਿਹਾਇਸ਼ ਵਾਲੇ ਅਸਥਾਨ ਤੇ ਬੁੰਗਾ ਮਾਈ ਭਾਗੋ ਬਣਾਇਆ ਗਿਆ ਹੈ। ਇੱਕ ਗੁਰਦਵਾਰਾ ਝਬਾਲ ਵਿੱਚ ਵੀ ਬਣਾਇਆ ਗਿਆ ਹੈ। ਇਹ ਗੁਰਦੁਆਰਾ ਪ੍ਰਿੰਸੀਪਲ ਸਿੰਗਾਰਾ ਸਿੰਘ ਤੇ ਕੁਝ ਹੋਰ ਗੁਰਸਿੱਖਾਂ ਨੇ ਬਾਬਾ ਖੜਕ ਸਿੰਘ ਬੀੜ ਬਾਬਾ ਬੁੱਢਾ ਵਾਲਿਆਂ ਦੀ ਪ੍ਰੇਰਨਾ ਸਦਕਾ ਬਣਵਾਇਆ।

ਪ੍ਰੰਤੂ ਉਸਦੀ ਸਭ ਤੋਂ ਉੱਤਮ ਯਾਦਗਾਰ ਲੋਕਾਂ ਦੀ ਮਾਨਸਿਕਤਾ ਤੇ ਯਾਦ ਵਿੱਚ ਵਸੀ ਹੋਈ ਹੈ। ਕਿਸੇ ਹੋਰ ਸਿੱਖ ਇਸਤਰੀ ਨੂੰ ਉਸ ਜਿਤਨਾ ਸਤਿਕਾਰ ਨਹੀਂ ਮਿਲਦਾ। ਪੰਜਾਬ ਦੇ ਇਤਿਹਾਸ ਵਿੱਚ ਉਸਦਾ ਉਹੋ ਦਰਜਾ ਹੈ ਜੋ ਫਰਾਂਸ ਦੇ ਇਤਿਹਾਸ ਵਿੱਚ ਜਾਨ ਆਫ ਆਰਕ ਦਾ।

ਭਾਈ ਆਵਤ ਸਿੰਘ ਅਨੁਸਾਰ ਮਾਤਾ ਭਾਗੋ ਦੀ ਉਮਰ ਮੁਕਤਸਰ ਦੇ ਯੁੱਧ ਸਮੇਂ

ਕੇਵਲ 37 ਸਾਲ ਦੀ ਸੀ।[12] ਇਸ ਹਿਸਾਬ ਨਾਲ ਉਹਨਾਂ ਦਾ ਜਨਮ 1668 ਈ. ਦੇ ਲਗਭਗ ਹੋਇਆ। ਇੰਝ ਉਹਨਾਂ ਦੀ ਕੁਲ ਉਮਰ (1668-1718) 50 ਕੁ ਸਾਲ ਬਣਦੀ ਹੈ। ਅੱਧੀ ਸਦੀ ਉਮਰ ਭੋਗ ਕੇ ਮਾਤਾ ਭਾਗ ਕੌਰ ਨੇ ਸਦੀਵੀ ਤੌਰ ਤੇ ਸਿੱਖ ਇਤਿਹਾਸ ਉੱਪਰ ਆਪਣਾ ਪ੍ਰਭਾਵ ਅੰਕਿਤ ਕੀਤਾ, ਜਿਸਨੂੰ ਸਦਾ ਯਾਦ ਕੀਤਾ, ਜਾਂਦਾ ਰਹੇਗਾ।

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ ਪੰਜਾਬ, ਤੀਸਰਾ ਸੰਸਕਰਣ, ਪੰ: 912
2. ਹਰਬੰਸ ਸਿੰਘ (ਸੰ:) ਸਿੱਖ ਧਰਮ ਦਾ ਵਿਸ਼ਵਕੋਸ਼, ਜਿਲਦ-I, ਪੰ: 323
3. ਭਾਈ ਸ੍ਵਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਪੰ: 170-171
   ਇਹ ਕਹਾਣੀ ਡਾ. ਹਰਜਿੰਦਰ ਸਿੰਘ ਦਿਲਗੀਰ ਨੇ, (ਗੁਰੂ ਦੇ ਸ਼ੇਰ, ਪੰ: 201-206) ਮੈਕਾਲਿਫ ਨੇ (ਦੀ ਸਿੱਖ ਰਿਲੀਜਨ, 211, 12) ਵਿੱਚ ਥੋੜੇ ਬਹੁਤੇ ਫਰਕ ਨਾਲ ਹੀ ਦੁਹਰਾਈ ਹੈ।
4. ਮੈਕਾਲਿਫ, ਸਿੱਖ ਧਰਮ, ਪੰ: 213
5. ਉਹੀ, ਪੰ: 214.
6. ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਪੰ: 172
7. ਸੱਚ ਖੰਡ, ਅਗਸਤ 2004, ਪੰ: 11 ਤੇ ਡਾ. ਭਜਨ ਸਿੰਘ ਪੰਜਾਬੀ ਟ੍ਰਿਬਿਊਨ 19-1-05, ਪੰ: 10
8. ਇੰਦੂ ਭੂਸ਼ਣ ਬੈਨਰਜੀ, ਐਵੂਲੂਸ਼ਨ ਆਫ ਦੀ ਖਾਲਸਾ, ਪੰ: 138
9. ਪ੍ਰਿੰ: ਤੇਜਾ ਸਿੰਘ ਤੇ ਡਾ: ਗੰਡਾ ਸਿੰਘ, ਸੰਖੇਪ ਇਤਿਹਾਸ, ਪੰ: 76
10. ਹਰਬੰਸ ਸਿੰਘ, ਸਿੱਖ ਧਰਮ ਦਾ ਵਿਸ਼ਵ ਕੋਸ਼, ਜਿਲਦ-1, ਪੰ: 323=24
11. ਮੈਕਾਲਿਫ਼, ਸਿੱਖ ਰਿਲੀਜ਼ਨ, ਪੰ: 220
12. ਸੱਚਖੰਡ ਪੱਤਰ, ਪੰ: 14

# ਭਾਈ ਮਹਾਂ ਸਿੰਘ

ਭਾਈ ਮਹਾਂ ਸਿੰਘ ਦਾ ਪਰਿਵਾਰ ਸ਼ਹੀਦਾਂ ਦਾ ਪਰਿਵਾਰ ਸੀ। ਇਹ ਰਾਇ ਸਿੰਘ ਦੇ ਦਸਾਂ ਪੁੱਤਰਾਂ 'ਚੋਂ ਸਭ ਤੋਂ ਵੱਡਾ ਸੀ। ਉਸਦਾ ਦਾਦਾ ਮਾਈ ਦਾਸ ਸੀ ਤੇ ਪੜਦਾਦਾ ਭਾਈ ਬੱਲੂ ਸੀ। ਭਾਈ ਬੱਲੂ ਤੋਂ ਇਸ ਪਰਿਵਾਰ ਦੀ ਸ਼ਹੀਦੀ ਗਾਥਾ ਆਰੰਭ ਹੁੰਦੀ ਹੈ। ਭਾਈ ਬੱਲੂ 13 ਅਪ੍ਰੈਲ 1634 ਈ. ਵਿੱਚ ਸ੍ਰੀ ਅੰਮ੍ਰਿਤਸਰ ਦੇ ਯੁੱਧ ਵਿੱਚ ਮਾਰਿਆ ਗਿਆ ਜੋ ਮੁਗਲਾਂ ਤੇ ਗੁਰੂ ਹਰਿਗੋਬਿੰਦ ਸਾਹਿਬ ਵਿਚਕਾਰ ਲੜਿਆ ਗਿਆ ਸੀ। ਭਾਈ ਬਲੂ ਦੇ 12 ਪੁੱਤਰ ਸਨ। ਉਹਨਾਂ ਵਿਚੋਂ ਇੱਕ ਮਾਈਦਾਸ ਸੀ। ਮਾਈਦਾਸ ਦੇ ਤਿੰਨ ਭਰਾ ਠਠੀਆ, ਮਾਧੋ ਤੇ ਸੁਹੇਲਾ ਕਰਤਾਰਪੁਰ ਦੇ ਯੁੱਧ ਵਿੱਚ ਸ਼ਹੀਦੀਆਂ ਪਾ ਗਏ ਸਨ। ਮਾਈ ਦਾਸ ਦੇ ਵੀ 12 ਪੁੱਤਰ ਸਨ ਜਿਹਨਾਂ ਵਿੱਚੋਂ ਦਿਆਲ ਦਾਸ ਗੁਰੂ ਤੇਗ ਬਹਾਦਰ ਨਾਲ ਦਿੱਲੀ ਵਿੱਚ 11 ਨਵੰਬਰ 1675 ਨੂੰ ਸ਼ਹੀਦ ਹੋਏ। ਦਾਨ ਸਿੰਘ ਚਮਕੌਰ ਵਿੱਚ 7.12.1705 ਨੂੰ ਤੇ ਰਾਇ ਸਿੰਘ 30.12.05 ਨੂੰ ਮੁਕਤਸਰ ਵਿੱਚ ਸ਼ਹੀਦ ਹੋਏ। ਮੁਕਤਸਰ ਵਿੱਚ ਸ਼ਹੀਦ ਹੋਣ ਵਾਲੇ 40 ਸਿੰਘਾਂ ਵਿੱਚ ਉਹਨਾਂ ਦੇ ਦੋ ਬੇਟੇ ਸ਼ੀਤਲ ਸਿੰਘ ਤੇ ਮਹਾਂ ਸਿੰਘ[1] ਵੀ ਸ਼ਾਮਲ ਸਨ। ਭਾਈ ਮਨੀ ਸਿੰਘ ਭਾਈ ਰਾਇ ਸਿੰਘ ਦਾ ਭਰਾ ਤੇ ਮਹਾਂ ਸਿੰਘ ਦਾ ਚਾਚਾ ਸੀ। ਇਸ ਪਰਿਵਾਰ ਦੀਆਂ ਸ਼ਹਾਦਤਾਂ ਦੀ ਗਿਣਤੀ ਕਰਨੀ ਲਗਭਗ ਅਸੰਭਵ ਹੈ। ਭਾਈ ਬੱਲੂ ਤੋਂ ਲੈਕੇ ਭਾਈ ਮਹਾਂ ਸਿੰਘ ਤੱਕ ਸ਼ਹਾਦਤਾਂ ਦੀ ਗਿਣਤੀ (1634 ਈ: ਤੋਂ 1734 ਈ:) 60 ਦੇ ਲਗਭੱਗ ਬਣਦੀ ਹੈ।

ਭਾਈ ਮਹਾਂ ਸਿੰਘ ਭਾਈ ਰਾਇ ਸਿੰਘ ਦਾ ਪੁੱਤਰ ਸੀ, ਜੋ ਮੁਕਤਸਰ ਦੇ ਯੁੱਧ ਵਿੱਚ 29 ਦਸੰਬਰ 1705 ਨੂੰ ਸ਼ਹੀਦ ਹੋਇਆ ਸੀ। ਭਾਵੇਂ ਭਾਈ ਮਹਾਂ ਸਿੰਘ ਬਾਰੇ ਲੇਖਕਾਂ ਵਿੱਚ ਇੱਕ ਮੱਤ ਨਹੀਂ, ਫਿਰ ਵੀ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਭਾਈ ਮਹਾਂ ਸਿੰਘ ਭਾਈ ਰਾਇ ਸਿੰਘ ਦਾ ਪੁੱਤਰ ਤੇ ਭਾਈ ਮਨੀ ਸਿੰਘ ਦਾ ਭਤੀਜਾ ਸੀ।[1] ਪ੍ਰੰਤੂ ਗਿਆਨੀ ਗੁਰਚਰਨ ਸਿੰਘ ਮੁਕਤਸਰੀ ਨੇ ਸਿੱਖ ਸ਼ਖਸੀਅਤਾਂ ਪੰ: 80 ਤੇ ਮਹਾਂ ਸਿੰਘ ਦਾ ਪਿੰਡ ਰਟੌਲ (ਅੰਮ੍ਰਿਤਸਰ) ਲਿਖਿਆ ਹੈ। ਤੇ ਨਰਿੰਜਨ ਸਿੰਘ ਸਾਥੀ ਵੀ ਅਜੀਤ, 16.7.99 ਵਿੱਚ ਲਿਖਦਾ ਹੈ ਕਿ ਭਾਈ ਮਹਾਂ ਸਿੰਘ ਜੋ ਮੁਕਤਸਰ ਵਿੱਚ ਸ਼ਹੀਦ ਹੋਏ ਸਨ, ਉਹ ਭਾਈ ਮਨੀ ਸਿੰਘ ਦੇ ਭਤੀਜੇ ਤੇ ਭਾਈ ਹਾਇ ਦੇ ਪੁੱਤਰ ਨਹੀਂ ਸਨ ਸਗੋਂ ਸੁਰ ਸਿੰਘ ਦੇ ਢਿੱਲੋ ਗੋਤ ਦੇ ਜੱਟ ਸਿੱਖ ਸਨ ਤੇ ਉਹਨਾਂ ਨੂੰ ਬਹੁਤਾ ਸਮਾਂ ਆਪਣੇ ਨਾਨਕੇ ਪਿੰਡ ਰਟੌਲ ਰਹਿਣ ਕਰਕੇ, ਮਹਾਂ ਸਿੰਘ ਰਟੌਲ ਵੀ ਕਿਹਾ ਜਾਂਦਾ ਹੈ। ਪਰ ਭੱਟ ਵਹੀ ਕਰਸਿੰਧੂ ਪਰਗਨਾ ਸਫੀਦੋਂ ਇਸ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿੰਦੀ ਕਿ ਮੁਕਤਸਰ ਵਿੱਚ ਸ਼ਹੀਦ ਹੋਣ ਵਾਲਾ ਮਹਾਂ ਸਿੰਘ ਰਾਇ ਸਿੰਘ ਦਾ ਹੀ ਪੁੱਤਰ ਸੀ।

ਆਨੰਦਪੁਰ ਦੇ ਆਖਰੀ ਯੁੱਧ ਸਮੇਂ ਜਦੋਂ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਕਿਲ੍ਹਾ ਆਨੰਦਪੁਰ ਨੂੰ ਲੰਮੇ ਸਮੇਂ ਲਈ ਘੇਰਾ ਪਾ ਲਿਆ ਤਾਂ ਬਹੁਤੇ ਸਿੰਘ ਘਬਰਾ ਗਏ। ਬਹਾਦਰ ਤੋਂ ਬਹਾਦਰ ਵੀ ਡੋਲ ਗਏ। ਮਾਝੇ ਦੇ ਅਨੇਕ ਸਿੰਘ ਬੇਦਾਵਾ ਦੇਕੇ ਚਲੇ ਗਏ ਸਨ। ਉਹਨਾਂ ਵਿੱਚ ਰਾਇ ਸਿੰਘ, ਉਸ਼ਦੇ ਦੋ ਲੜਕੇ ਮਹਾਂ ਸਿੰਘ ਤੇ ਸੀਤਲ ਸਿੰਘ ਵੀ ਸ਼ਾਮਿਲ ਸਨ। ਇਹ ਆਕੇ ਆਪਣੇ ਪਿੰਡ ਮਰਲ-ਮਾੜੀ ਰਹਿਣ ਲੱਗ ਪਏ। ਪਹਿਲੋਂ ਇਹ ਪਰਿਵਾਰ ਅਲੀਪੁਰ (ਮੁਲਤਾਨ ਨੇੜੇ) ਰਿਹਾ ਕਰਦਾ ਸੀ। ਬਾਕੀ ਲੋਕ ਵੀ ਬੇਦਾਵਾ ਦੇ ਕੇ ਮਾਝੇ ਵੱਲ ਚਲੇ ਗਏ ਸਨ ਕਿਉਂਕਿ ਬਹੁਤੇ ਮਝੈਲ ਹੀ ਸਨ। ਜਦੋਂ ਇਹ ਲੋਕ ਆਪਣੇ ਪਿੰਡਾਂ ਵਿੱਚ ਪਹੁੰਚੇ ਤਾਂ ਉਧਰੋਂ ਚਮਕੌਰ ਵਿੱਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਸਿੰਘਾਂ ਦੀਆਂ ਸ਼ਹਾਦਤਾਂ ਦੀਆਂ ਖਬਰਾਂ ਪਹੁੰਚੀਆਂ ਤੇ ਮਾਝੇ ਦੇ ਬੇਦਾਵੀਆਂ ਨੂੰ ਫਿਟਕਾਰਾਂ ਪੈਣ ਲੱਗੀਆਂ। ਮਾਈ ਭਾਗੋ ਜਿਹੀਆਂ ਵੀਰਾਂਗਣਾਂ ਨੇ ਇਹਨਾਂ ਲੋਕਾਂ ਨੂੰ ਤਾਅਨੇ ਮਾਰ ਮਾਰ ਸੋਚਣ ਲਈ ਮਜਬੂਰ ਕਰ ਦਿੱਤਾ।

ਉਹਨਾਂ ਦਿਨਾਂ ਵਿੱਚ ਪੱਟੀ ਵਿੱਚ ਭਾਈ ਸੁਲਤਾਨ ਸਿੰਘ ਵੜੈਂਚ ਦੇ ਪਿਤਾ ਭਾਈ ਦੇਸਰਾਜ ਦਾ ਅਕਾਲ ਚਲਾਣਾ ਹੋ ਗਿਆ। ਭਾਈ ਨਿਧਾਨ ਸਿੰਘ ਵੜੈਂਚ ਮਾਈ ਭਾਗ ਕੌਰ ਦਾ ਪਤੀ ਸੀ ਤੇ ਦੇਸਰਾਜ ਦਾ ਪੁੱਤਰ। ਭਾਈ ਭਾਗ ਕੌਰ ਭਾਈ ਭਾਗ ਸਿੰਘ ਝਬਾਲੀਏ ਦੀ ਭੈਣ ਸੀ। ਉਸ ਸਮੇਂ ਭਾਈ ਦੇਸਰਾਜ ਦੀ ਮਾਤਮ ਪੁਰਸ਼ੀ ਲਈ ਇਲਾਕੇ ਦੇ ਉੱਘੇ ਸਿੱਖ ਪਹੁੰਚੇ ਸਨ। ਉਥੇ ਕਿਸੇ ਨੇ ਹਾਜ਼ਰ ਸੰਗਤਾਂ ਨੂੰ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਵਿੱਚ ਸ਼ਹਾਦਤ ਅਤੇ ਸਰਹਿੰਦ ਵਿੱਚ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਅਤੇ ਸਿੱਖਾਂ ਵੱਲੋਂ ਉਠਾਏ ਦੁੱਖਾਂ ਬਾਰੇ ਦੱਸਿਆ ਤਾਂ ਮਾਝੇ ਦੇ ਸਿੰਘ ਆਪਣਾ ਕਲੰਕ ਧੋਣ ਲਈ ਫਿਰ ਗੁਰੂ ਦੀ ਤਲਾਸ਼ ਵਿੱਚ ਤੁਰ ਪਏ। ਇਹ ਸਾਰੇ ਮਿਲਕੇ ਮਾਲਵੇ ਵੱਲ ਤੁਰ ਪਏ। ਇਹਨਾਂ ਸਿੰਘਾਂ ਦੀ ਗਿਣਤੀ 40 ਸੀ ਤੇ ਮਾਈ ਭਾਗ ਕੌਰ 41ਵੀ ਵੀਰਾਂਗਣਾ ਸੀ। ਰਸਤੇ 'ਚ ਇਹਨਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਕਾਂਗੜਾਂ ਤੋਂ ਕੋਟ ਕਪੂਰਾ ਵੱਲ ਜਾ ਚੁੱਕੇ ਹਨ।

ਇਸ ਜਥੇ ਦਾ ਮੇਲ ਗੁਰੂ ਜੀ ਨਾਲ ਰੁਪੇਆਣਾ (ਅੱਜ ਕੱਲ ਪਿੰਡ ਮਲ੍ਹਣ ਸੋਢੀਆਂ) ਦੀ ਰੋਹੀ ਵਿੱਚ ਹੋ ਗਿਆ।[6] ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਜੇ ਉਹ ਜੰਗ ਦਾ ਰਾਹ ਛੱਡ ਦੇਣ ਤਾਂ ਉਹ ਮੁਗਲਾਂ ਨਾਲ ਉਹਨਾਂ ਦੀ ਸੁਲਹ ਕਰਵਾ ਦੇਣਗੇ। ਗੁਰੂ ਜੀ ਨੇ ਕਿਹਾ, "ਜੇ ਤੁਸੀਂ ਮੇਰੇ ਸਿੱਖ ਹੁੰਦੇ ਤਾਂ ਤੁਸੀਂ ਮੈਨੂੰ ਸਿੱਖਿਆ ਦੇਣ ਦੀ ਥਾਂ ਮੇਰੀ ਗੱਲ ਸੁਣਦੇ। ਮੈਨੂੰ ਤੁਹਾਡੀ ਲੋੜ ਨਹੀਂ। ਤੁਸੀਂ ਪਹਿਲਾਂ ਵੀ ਮੈਨੂੰ ਤਿਆਗ ਚੁੱਕੇ ਹੋ। ਤੁਹਾਨੂੰ ਹੁਣ ਕਿਸ ਨੇ ਬੁਲਾਇਆ ਹੈ ? ਤੁਸੀਂ ਮੇਰਾ ਝਗੜਾ ਸੁਲਝਾਉਣ ਆਏ ਹੋ, ਪਰ ਤੁਸੀਂ ਉਸ ਵੇਲੇ ਕਿੱਥੇ ਸੀ ਜਦੋਂ ਮੈਨੂੰ ਤੁਹਾਡੀ ਸਹਾਇਤਾ ਦੀ ਲੋੜ ਸੀ ?.......ਜਦੋਂ ਮੈਨੂੰ ਭੀੜ ਬਣੀ ਤੁਸੀਂ ਪਹਿਲਾਂ ਵਾਂਗ ਫਿਰ ਮੈਨੂੰ ਛੱਡ ਜਾਓਗੇ।"

ਇੱਕ ਸਿੱਖ ਜੋ ਉਸ ਵੇਲੇ ਦਰਖਤ ਉਪਰ ਚੜ੍ਹਕੇ ਨਿਗਰਾਨੀ ਕਰ ਰਿਹਾ ਸੀ, ਕਹਿਣ ਲੱਗਾ, "ਮੈਨੂੰ ਵੈਰੀ ਆਉਂਦਾ ਦਿਸ ਰਿਹਾ ਹੈ।........ਗੁਰੂ ਜੀ ਨੇ ਤੀਰ ਕਮਾਨ ਸੰਭਾਲੀ ਤੇ ਘੋੜੇ ਤੇ ਸਵਾਰ ਹੋ ਗਏ ਉਹਨਾਂ ਨੂੰ ਕਪੂਰੇ ਵੱਲੋਂ ਨਾਲ ਭੇਜੇ ਪੱਥ-ਪਰਦਸ਼ਕ ਨੇ ਸਲਾਹ

ਦਿੱਤੀ ਕਿ ਉਹ ਖਿਦਰਾਣੇ ਵੱਲ ਚਲੇ ਜਾਣ। "ਉੱਥੇ ਪਾਣੀ ਦੀ ਢਾਬ ਹੈ, ਤੁਸੀਂ ਉਸ ਉੱਪਰ ਅਧਿਕਾਰ ਕਰ ਲੈਣਾ।"[3]

ਮਾਝੇ ਦੇ ਸਿੱਖ ਵੀ ਹੁਣ ਗੁਰੂ ਸਾਹਿਬ ਦੇ ਮਗਰ ਮਗਰ ਤੁਰ ਪਏ। ਗੁਰੂ ਸਾਹਿਬ ਟਿੱਬੀ ਸਾਹਿਬ ਦੇ ਅਸਥਾਨ ਤੇ ਬੈਠੇ ਤੀਰ ਚਲਾਕੇ ਵੈਰੀਆਂ ਦੇ ਆਹੂ ਲਾਹੁੰਦੇ ਰਹੇ ਤੇ ਇਹ ਸਿੰਘ ਦਰਬਾਰ ਸਾਹਿਬ ਮੁਕਤਸਰ ਵਾਲੇ ਅਸਥਾਨ ਦੇ ਨੇੜੇ ਢਾਬ ਤੱਕ ਤੁਰਕ ਫੌਜਾਂ ਨੂੰ ਪਹੁੰਚਣ ਤੋਂ ਰੋਕਦੇ ਰਹੇ ਤੇ ਝਾੜੀਆਂ ਵਿੱਚ ਲੁਕੇ ਹੋਏ ਹੀ ਮੁਗ਼ਲਾਂ ਦੇ ਦੰਦੇ ਖੱਟੇ ਕਰਦੇ ਰਹੇ। ਇਹਨਾਂ ਬਹਾਦਰਾਂ ਦੀ ਅਗਵਾਈ ਕਰਨ ਵਾਲੇ ਜੱਥੇਦਾਰ ਮਹਾਂ ਸਿੰਘ ਜੀ ਸਨ ਜੋ ਗੁਰੂ ਤੋਂ ਬੇਮੁੱਖ ਹੋਇਆਂ ਨੂੰ ਮੁੜ ਸਨਮੁੱਖ ਬਣਾਉਣ ਵਾਸਤੇ ਗੁਰੂ ਜੀ ਪਾਸੋਂ ਆਪਣੇ ਗੁਨਾਹਾਂ ਦੀ ਮੁਆਫੀ ਲਈ ਖਿਦਰਾਣੇ ਦੀ ਢਾਬ ਤੇ ਪਹੁੰਚ ਕੇ ਦੁਸ਼ਮਣ ਦੀ ਫੌਜ ਨਾਲ ਰਣ ਵਿੱਚ ਜੂਝਦੇ ਹੋਏ ਸ਼ਹੀਦ ਹੋਏ।[4]

ਮੈਕਾਲਿਫ ਵੀ ਲਿਖਦਾ ਹੈ, "ਗੁਰੂ ਜੀ ਤੇ ਉਹਨਾਂ ਦੇ ਅੰਗ-ਰੱਖਿਅਕ ਉਹਨਾਂ ਤੋਂ ਪਹਿਲਾਂ ਹੀ ਖਿਦਰਾਣੇ ਚਲੇ ਗਏ। ਕਿਉਂਕਿ ਢਾਬ ਖੁਸ਼ਕ ਹੋ ਗਈ ਸੀ, ਉਹ ਗੁਆਂਢ ਦੇ ਜੰਗਲ ਵਿੱਚ ਚਲੇ ਗਏ ਜਿੱਥੇ ਉਹਨਾਂ ਸੋਚਿਆ ਉਹ ਵਧੇਰੇ ਸੁਰੱਖਿਅਤ ਹੋਣਗੇ ਤੇ ਜਿੱਥੋਂ ਜੇ ਵੈਰੀ ਜੇਤੂ ਰਿਹਾ ਉਹ ਬੜੀ ਆਸਾਨੀ ਨਾਲ ਬਚ ਨਿਕਲਣਗੇ। ਮਾਝੇ ਦੇ 40 ਆਦਮੀਆਂ ਨੇ ਖਿਦਰਾਣੇ ਪਹੁੰਚ ਕੇ ਝਾੜੀਆਂ ਤੇ ਦਰਖਤਾਂ ਨੂੰ ਕੱਪੜਿਆਂ ਨਾਲ ਢਕ ਦਿੱਤਾ ਤਾਂ ਜੋ ਦੁਸ਼ਮਣ ਸਮਝੇ ਕਿ ਸਿੱਖਾਂ ਨੇ ਵੱਡੀ ਗਿਣਤੀ 'ਚ ਆਕੇ ਡੇਰਾ ਲਾ ਲਿਆ ਹੈ ਤੇ ਇਸ ਤਰ੍ਹਾਂ ਵੈਰੀ ਅਚਾਨਕ ਹਮਲਾ ਨਹੀਂ ਕਰੇਗਾ।.........ਵਜ਼ੀਰ ਖਾਂ ਨੇ ਆਪਣੀ ਸੈਨਾ ਨੂੰ ਉਹਦੇ ਮੁਕਾਬਲੇ ਤੇ ਖੜੇ ਸਿੱਖਾਂ ਤੇ ਗੋਲੀ ਚਲਾਉਣ ਲਈ ਕਿਹਾ ਜਿਹਨਾਂ ਵਿੱਚ ਉਹਨਾਂ ਦਾ ਵਿਸ਼ਵਾਸ ਸੀ ਕਿ ਗੁਰੂ ਲੁਕਿਆ ਹੋਇਆ ਹੈ। ਸਿੱਖਾਂ ਨੇ ਬੜੀ ਬੀਰਤਾ ਨਾਲ ਹਮਲੇ ਦਾ ਮੁਕਾਬਲਾ ਕੀਤਾ। ਮੁਸਲਮਾਨ ਹਾਰਕੇ ਭੱਜ ਰਹੇ ਸਨ ਜਦੋਂ ਵਜ਼ੀਰ ਖਾਂ ਨੇ ਉਹਨਾਂ ਨੂੰ ਇਕਠਿਆਂ ਕਰਦਿਆਂ ਕਿਹਾ ਕਿ ਮੁੱਠੀ ਭਰ ਸਿੱਖਾਂ ਕੋਲੋ ਭੱਜਦਿਆਂ ਉਹਨਾਂ ਨੂੰ ਸ਼ਰਮ ਨਹੀਂ ਆਉਂਦੀ।[5] ਬਸ ਫਿਰ ਕੀ ਸੀ ਜੋ ਸਿੱਖ ਅੱਗੇ ਵੱਧਦਾ, ਛਲਣੀ ਕਰ ਦਿੱਤਾ ਜਾਂਦਾ।

ਪਹਿਲਾਂ ਪੰਜ, ਫਿਰ ਗਿਆਰਾਂ ਤੇ ਫਿਰ ਬਾਕੀ ਸਭ। ਉਹ ਭਾਰੀ ਗਿਣਤੀ ਵਿੱਚ ਆਈ ਮੁਗਲ ਫ਼ੌਜ ਦਾ ਕਿਤਨਾ ਕੁ ਚਿਰ ਮੁਕਾਬਲਾ ਕਰ ਸਕਦੇ ਸੀ ? ਉਹਨਾਂ ਬਹਾਦਰਾਂ ਵਿੱਚ ਮਾਈ ਭਾਗੋ ਵੀ ਸੀ ਜਿਸਨੇ ਭਾਰਤੀ ਵੀਰਾਂਗਣਾ ਵਾਂਗ ਆਪਣਾ ਨਾਮ ਚਮਕਾਇਆ ਸੀ।

ਗੁਰੂ ਸਾਹਿਬ ਨੇ ਦੋ ਮੀਲ ਦੂਰ ਟਿੱਬੀ ਉੱਪਰ ਆਪਣੇ ਅੰਗ-ਰੱਖਿਅਕਾਂ ਨਾਲ ਮੋਰਚਾ ਮੱਲਿਆ ਹੋਇਆ ਸੀ। ਉਹ ਉੱਥੋਂ ਮਾਰੂ ਤੀਰ ਛੱਡਦੇ ਤੇ ਮੁਸਲਮਾਨ ਵੇਖ ਨਹੀਂ ਸਕਦੇ ਕਿ ਉਹਨਾਂ ਉੱਪਰ ਕਿਹੜੇ ਪਾਸੇ ਤੋਂ ਮਾਰੂ ਤੀਰਾਂ ਦੀ ਵਰਖਾ ਹੋ ਰਹੀ ਹੈ। ਲੜਾਈ ਦੇ ਅੰਤ ਵਿੱਚ ਵਜ਼ੀਰ ਖਾਂ ਨੇ ਸਮਝਿਆ ਕਿ ਗੁਰੂ ਮਾਰਿਆ ਗਿਆ ਹੈ। ਉਹਦੀ ਲਾਸ਼ ਲੱਭਣ ਲਈ ਵਜ਼ੀਰ ਖਾਂ ਨੇ ਆਪਣੇ ਆਦਮੀਆਂ ਨੂੰ ਹੁਕਮ ਦਿੱਤਾ। ਖਿਦਰਾਣੇ ਦੀ ਢਾਬ ਸੁੱਕੀ ਹੋਣ ਕਾਰਨ ਮੁਗਲ ਸੈਨਾ ਵਿਆਕੁਲ ਹੋ ਗਈ। ਮੁਸਲਮਾਨ ਸੈਨਾ ਇਤਨੀ ਤੰਗ ਹੋ ਗਈ ਕਿ

ਆਪਣੀ ਸੈਨਾ ਦੇ ਮ੍ਰਿਤਕ ਤੇ ਜ਼ਖਮੀਆਂ ਨੂੰ ਵੀ ਉੱਥੇ ਛੱਡ ਆਈ ਤੇ ਗੁਰੂ ਜੀ ਦੀ ਲੋਥ ਦੀ ਭਾਲ ਵੀ ਤਿਆਗ ਦਿੱਤੀ।

ਮੈਕਾਲਿਫ਼ ਲਿਖਦਾ ਹੈ, "ਇਹ ਵੇਖ ਕੇ ਕਿ ਮੁਸਲਮਾਨ ਸੈਨਾਂ ਉੱਥੋਂ ਚਲੀ ਗਈ ਹੈ, ਗੁਰੂ ਜੀ ਜੰਗ ਦੇ ਮੈਦਾਨ ਵਿੱਚ ਆ ਗਏ। ਜਖਮੀਆਂ ਨੂੰ ਸਾਂਭਿਆ ਤੇ ਮਰੇ ਹੋਇਆਂ ਦਾ ਕ੍ਰਿਆ-ਕਰਮ ਕੀਤਾ। ਉਹ ਮ੍ਰਿਤਕਾਂ ਦੀ ਸ਼ਲਾਘਾ ਕਰਦੇ ਰਹੇ। ਉਹਨਾਂ ਦੀਆਂ ਅੱਖਾਂ 'ਚੋ ਪਰਲ ਪਰਲ ਹੰਝੂ ਵਗਦੇ ਰਹੇ। ਉਹਨਾਂ ਕਿਹਾ ਕਿ ਸਭ ਉਹਦੀ ਖ਼ਾਤਰ ਜਾਨਾਂ ਵਾਰ ਗਏ ਹਨ ਤੇ ਉਹ ਸਵਰਗ ਵਿੱਚ ਸਦਾ ਆਤਮਕ ਸੁਖ ਭੋਗਣਗੇ।

ਮਹਾਂ ਸਿੰਘ ਦਾ ਸਾਹ ਕਾਹਲੀ-ਕਾਹਲੀ ਚਲ ਰਿਹਾ ਸੀ ਤੇ ਉਹਦੀ ਇੱਛਾ ਗੁਰੂ ਜੀ ਦੇ ਅੰਤਮ ਦਰਸ਼ਨ ਕਰਨ ਦੀ ਸੀ। ਗੁਰੂ ਜੀ ਨੇ ਉਸਨੂੰ ਆਪਣੀਆਂ ਅੱਖਾਂ ਖੋਲ੍ਹਣ ਲਈ ਕਿਹਾ ਤੇ ਜਦੋਂ ਉਸਨੇ ਅਜਿਹਾ ਕੀਤਾ ਤਾਂ ਉਸਨੂੰ ਹੋਸ਼ ਆ ਗਈ। ਗੁਰੂ ਜੀ ਨੇ ਉਸਨੂੰ ਕਿਹਾ ਕਿ ਰਾਜ ਤੋਂ ਲੈਕੇ ਮੁਕਤੀ ਤੱਕ ਜੋ ਮਰਜ਼ੀ ਹੈ, ਵਰ ਮੰਗ ਲਵੇ। ਮਹਾਂ ਸਿੰਘ ਨੇ ਕਿਹਾ ਕਿ ਮਾਝੇ ਦੇ ਸਿੱਖਾਂ ਵੱਲੋਂ ਦਿੱਤਾ ਗਿਆ ਬੇਦਾਵੇ ਦਾ ਕਾਗਜ਼ ਪਾੜ ਦਿੱਤਾ ਜਾਵੇ। ਪਹਿਲਾਂ ਤਾਂ ਗੁਰੂ ਜੀ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ, ਫਿਰ ਜ਼ੋਰ ਦੇਣ ਤੇ ਬੇਦਾਵਾ ਪਾੜ ਦੇਣ ਲਈ ਸਹਿਮਤ ਹੋ ਗਏ। ਗੁਰੂ ਜੀਨੇ ਉਹ ਕਾਗਜ਼ ਜ਼ੇਬ 'ਚੋਂ ਕੱਢਿਆ ਤੇ ਪਾੜ ਦਿੱਤਾ। ਮਹਾਂ ਸਿੰਘ ਨੇ ਸੁਆਸ ਤਿਆਗ ਦਿੱਤੇ।"[6]

ਗਿਆਨੀ ਗੁਰਚਰਨ ਸਿੰਘ ਮੁਕਤਸਰੀ ਨੇ ਆਪਣੇ ਨਿੱਜੀ ਪੁਸਤਕਾਲੇ ਵਿੱਚ ਪਈ "ਇੱਕ ਪੁਰਾਤਨ ਹੱਥ ਲਿਖਤ" ਚੋਂ ਇਹ ਪ੍ਰਸੰਗ ਦਿੱਤਾ ਹੈ : "ਗੁਰੂ ਜੀ ਨੇ ਕਹਿਆ ਮਹਾਂ ਸਿੰਘ ਕੁਹੁ ਮੰਗੁ ਹਮਾਰੀ ਖੁਸ਼ੀ ਹੈ। ਮਹਾਂ ਸਿੰਘ ਨੇ ਕਹਿਆ ਤੁਸਾਂ ਕਾ ਦੀਦਾਰ ਕਰਕੇ ਮੰਗਣਿ ਦੀ ਇੱਛਾ ਕਾਈ ਨਹੀਂ ਰਹੀ। ਗੁਰੂ ਜੀ ਕਹਿਆ ਕੁਹ ਜ਼ਰੂਰ ਹੀ ਮੰਗੁ ਸਾਡੀ ਇਹਾ ਖੁਸ਼ੀ ਹੈ। ਮਹਾਂ ਸਿੰਘ ਕਹਾ ਗੁਰੂ ਜੀ ਟੁੱਟੀ ਮਿਲੇ। ਗੁਰੂ ਜੀ ਕਾ ਹੁਕਮ ਹੋਇਆ ਮਹਾਂ ਸਿੰਘ ਕੁਹੁ ਹੋਰ ਮੰਗੁ ਟੁੱਟੀ ਨਿਖੁੱਟੀ। ਮਹਾਂ ਸਿੰਘ ਕਹਾ ਜੇ ਪਾਤਿਸਾਹ ਦੇਂਦੇ ਰਹੁ ਤਾਂ ਇਹੀ ਦਾਨ ਦੇਹੁ ਟੁੱਟੀ ਮਿਲੇ। ਸਾਹਿਬ ਕਹਿੰਦੇ ਵਾਹ ਵਾਹ ਖਾਲਸਾ ਧੰਨ ਖਾਲਸਾ ਧੰਨ, ਟੁੱਟੀ ਮੇਲੀ ਖਾਲਸੇ ਨੇ।[7] (ਸਾਖੀ ੫੩)

ਭਾਈ ਸੰਤੋਖ ਸਿੰਘ ਨੇ ਵੀ ਇਸ ਤਰ੍ਹਾਂ ਦਾ ਬ੍ਰਿਤਾਂਤ ਸੂਰਜ ਪ੍ਰਤਾਪ ਗ੍ਰੰਥ ਵਿੱਚ ਲਿਖਿਆ ਹੈ :

ਮਹਾਂ ਸਿੰਘ ਨੇ ਮੰਗ ਕੀਤੀ :

ਮੱਦ੍ਰ ਦੇਸ਼ ਦੀ ਸੰਗਤਿ ਤੁੱਟੀ। ਪ੍ਰਭ ਜੀ ! ਰਾਵਰ ਕੇ ਸੰਗ ਟੁੱਟੀ।
ਬਰ ਦੈਬੇ ਜੇ ਮੁਝ ਇੱਛ ਪਾਰੀ। ਤੌ ਕਰਿ ਕਰੁਨਾ ਮੇਲਹੁ ਸਾਰੀ।

ਤੇ ਗੁਰੂ ਜੀ ਨੇ ਕਿਹਾ :

ਪ੍ਰਭ ਬੋਲੇ ਟੂਟੀ ਸੁ ਨਿਖੁੱਟੀ। ਕਯੋ ਮੇਲਹੁ ਤਿਹ ਜੋ ਡਰਿ ਹੁੱਟੀ।
ਆਪਨੇ ਹਿਤ ਜਾਚਹੁ ਕੁਛ ਔਰੀ। ਦਿਉਂ ਤਤਕਾਲ ਖੁਸੀ ਲਖਿ ਮੋਰੀ।

ਤਾਂ ਮਹਾਂ ਸਿੰਘ ਨੇ ਫਿਰ ਕਿਹਾ :

ਜੇ ਮੁਝ ਕੋ ਦੈਬੈ ਬਰ ਚਹੋ। ਟੂਟੀ ਮੇਲ ਲੇਹੁ ਬਚ ਕਹੋ।
ਇਸਬਿਨ ਇੱਛਾ ਮੋਹਿ ਨ ਔਰ। ਦੇਹ ਆਪ ਸੋਢੀ ਸਿਰਮੌਰ॥

ਤਾਂ ਗੁਰੂ ਜੀ ਨੇ ਫਿਰ ਉਹ ਕਾਗਜ਼ ਪਾੜ ਦਿੱਤਾ :

ਵਾਹੁ ਖਾਲਸਾ ਸਿਖ ਮਮ ਧੰਨ। ਪਰ ਉਪਕਾਰਿ ਮਹਾ ਮਨ ਮੰਨ॥
ਤੋਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸਹਿ ਦਏ।

.....................................................................

ਸੁਨਿ ਸਤਿਗੁਰ ਤਤਕਾਲਾ ਨਿਕਾਸਾ। ਮਹਾਂ ਸਿੰਘ ਸੋ ਵਾਕ ਪ੍ਰਕਾਸਾ।
ਲਿਹ ਬਿਲੋਕਿ ! ਪਾੜਹਿ ਦਿਖਰਾਇ। ਇਸ ਕਹਿ ਚੀਰਯੋ ਬੀਚ ਬਨਾਇ॥[8]

"ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਪੁਆਰ ਬੰਝਰਾਉਤੋਂ ਕਾ"

ਵਿੱਚ ਇਉਂ ਲਿਖਿਆ ਹੈ :

"ਰਾਇ ਸਿੰਘ ਬੇਟਾ ਮਾਈ ਦਾਸਕਾ, ਪੋਤਾ ਬੱਲੂ ਰਾਇ ਕਾ, ਪੜਪੋਤਾ ਮੂਲ ਚੰਦ ਕਾ ਜਲ੍ਹਾਣਾ ਸੰਬਤ ਸਤ੍ਰਾਂ ਸੈ ਬਾਸਠ ਪੋਖ ਪ੍ਰਵਿਸ਼ਟੇ ਤੀਸ ਸਨੀਵਾਰ ਕੇ ਦਿਹੁੰ ਖਿਦਰਾਣਾ ਗ੍ਰਾਮਕੇ ਮਲ੍ਹਾਨ ਢਾਬ ਈਸ਼ਰ ਸਰਕੇ ਕਿਨਾਰੇ ਚਾਲੀ ਸਿਖਾ ਕੀ ਚਉਂਕੀ ਮੇਂ ਤੁਰਕ ਫੌਜ ਗੈਲ ਲੜਕੇ ਸਾਹਵੇਂ ਮਾਥੇ ਜੂਝਕੇ ਸ਼ਹਾਦਤ ਪਾਈ-ਗੈਲੋਂ ਬੇਟਾ ਮਹਾਂ ਸਿੰਘ ਸੀਤਲ ਸਿੰਘ ਮਾਰੇ ਗਏ।"[9]

ਗੁਰੂ ਕੀਆਂ ਸਾਖੀਆਂ ਵਿੱਚ ਇਹ ਵੀ ਲਿਖਿਆ ਹੈ ਕਿ ਜਦ ਗੁਰੂ ਜੀ ਲੜਾਈ ਦੇ ਮੈਦਾਨ ਵਿੱਚ ਆਏ ਤਾਂ ਰਾਇ ਸਿੰਘ, ਮਹਾਂ ਸਿੰਘ ਤੇ ਸੁੰਦਰ ਸਿੰਘ ਝੱਲੀਆ ਵਾਲਾ ਅਜੇ ਸਹਿਕਦੇ ਸਨ। "ਸ੍ਰੀ ਸਤਿਗੁਰਾਂ ਅੰਤਮ ਸਮੇਂ ਇਨ ਕੇ ਮੁਖ ਮੇਂ ਪਾਨੀ ਚੁਆਇਆ ਤੇ ਰੁਮਾਲ ਸੇ ਮੁਖ ਝਾੜੇ। ਇਨ ਤੀਨ ਸਿਖਾਂ ਕੇ ਇਲਾਵਾ ਚੌਥੀ ਮਾਤਾ ਭਾਗ ਕੁਇਰਾਂ ਘਾਇਲ ਹੋ ਗਈ.......ਸਤਿਗੁਰਾਂ ਰਾਇ ਸਿੰਘ ਆਦਿ ਤੀਨ ਸਿਖੋਂ ਕੀ ਤਰਫ ਦੇਖਾ, ਪੂਛਾ, ਆਪ ਕਿਆ ਚਾਹਤੇ ਹੈ ? ਇਨ ਮੇਂ ਰਾਇ ਸਿੰਘ ਬੋਲਾ, ਗਰੀਬ ਨਿਵਾਜ਼ ! ਜੇ ਆਪ ਅਸਾਂ ਤੇ ਤਰੁਠੇ ਹੋ ਤਾਂ ਆਪ ਅਸਾਂ ਕਾ ਲਿਖਾ ਸਿਖੀ ਸੇ ਪੰਚਾਇਤੀ ਬੇਦਾਵਾ ਪਾੜਕੇ ਸਿਖੀ ਦਾਨ ਬਖਸ਼ੀਏ। ਸਤਿਗੁਰਾਂ ਤੀਨ ਦਫਾ ਸ੍ਰੀ ਮੁਖੀ ਥੀਂ ਧੰਨ ਸਿੱਖੀ, ਧੰਨ ਸਿੱਖੀ, ਧੰਨ ਸਿੱਖੀ, ਕਹਿਕੇ ਖੀਸੇ ਸੇ ਬੇਦਾਵਾ ਵਾਲਾ ਕਾਗਦ ਨਿਕਾਲ ਲੀਰੋ ਲੀਰ ਕਰ ਦੀਆ।......ਗੁਰੂ ਜੀ ਨੇ ਇਹਨਾਂ ਚਾਲੀ ਸ਼ਹੀਦ ਸਿੱਖਾਂ ਕੋ ਮੁਕਤਿਆਂ ਦਾ ਵਰ ਦੀਆ।......ਸ਼ਹੀਦ ਸਿੰਘਾਂ ਦਾ ਅੰਤਮ ਇਸ਼ਨਾਨ ਕਰਾਇ ਇਨ ਕੀਆ ਦੇਹਾਂ ਏਕ ਲਕੜੀ ਕੇ ਢੇਰ ਤੇ ਰਾਖੀਆਂ ਗਈਆਂ।.......ਗੁਰੂ ਜੀ ਨੇ ਸ੍ਰੀ ਵਾਹਿਗੁਰੂ, ਆਖ ਆਪਨੇ ਹਸਤ ਕਮਲਾਂ ਸੇ ਅੰਗੀਠੇ ਕੋ ਅਨਲ ਦੀ।"[10]

ਭਾਈ ਲੰਗਰ ਸਿੰਘ ਹਰੀਕੇ ਕਲਾਂ ਨੇ ਇਹ ਸ਼ਹੀਦੀ ਅਸਥਾਨ ਬਣਵਾਇਆ ਤੇ ਅੰਮ੍ਰਿਤਸਰ ਵਾਸੀ ਸੰਗਤ ਦੇ ਉੱਦਮ ਨਾਲ ਦਸੰਬਰ 1725 ਈ. ਤੋਂ ਮਾਘੀ ਮੇਲਾ ਮਨਾਉਣ ਦਾ ਰਿਵਾਜ ਪਿਆ।[11]

ਭੱਟ ਵਹੀ ਕਰਸਿੰਧੂ ਪਰਗਨਾ ਸਫੀਦੋਂ ਵਿੱਚ ਲਿਖਿਆ ਹੈ : "ਰਾਏ ਸਿੰਘ ਬੇਟਾ ਮਾਈ ਦਾਸਕਾ, ਮਹਾਂ ਸਿੰਘ ਬੇਟਾ ਰਾਇ ਸਿੰਘ ਕਾ, ਸੀਤਲ ਸਿੰਘ ਬੇਟਾ ਰਾਇ ਸਿੰਘ ਕਾ,

ਚਾਲ੍ਹੀਆਂ ਕੀ ਚਉਕੀ ਮੇਂ, ਗ੍ਰਾਮ ਖਿਦਰਾਨਾ ਢਾਬ ਈਸਰ ਸਰ ਦੇ ਕਿਨਾਰੇ ਪਰਗਨਾ, ਕੋਟ ਕਪੂਰਾ ਮਾਘ ਬਦੀ ਦਸਮੀ ਸਾਲ ਸਤਰਾਂ ਮੈਂ ਬਾਸਠ ਕੋ ਸਾਮ੍ਹੇ ਮਾਥੇ ਜੂਝ ਮਰੇ।"[12]

ਇਸ ਆਧਾਰ ਤੇ ਡਾ. ਹਰਜਿੰਦਰ ਸਿੰਘ ਬੇਦਾਵਾ ਪੜ੍ਹਵਾਉਣ ਦਾ ਕਾਰਜ ਤੇ ਸਿਹਰਾ ਮਹਾਂ ਸਿੰਘ ਦੇ ਪਿਤਾ ਸਿਰ ਬੰਨ੍ਹਦਾ ਹੈ, ਪਰ ਕਿਉਂਕਿ ਮਹਾਂ ਸਿੰਘ ਦਾ ਸਭ ਤੋਂ ਮਗਰੋਂ ਚਲਾਣਾ ਹੋਇਆ ਹੈ,[13] ਇਸ ਲਈ ਇਹ ਟੁੱਟੀ ਗੰਢਣ ਦਾ ਕਾਰਜ ਉਸੇ ਦਾ ਉਪਕਾਰ ਹੀ ਵਧੇਰੇ.ਸੰਭਵ ਜਾਪਦਾ ਹੈ।

ਇਸ ਤਰ੍ਹਾਂ ਇਸ ਸ਼ਹਾਦਤ ਦੇ ਸਮੇਂ ਬਾਰੇ ਵੀ ਲੇਖਕਾਂ ਨੇ ਟਪਲੇ ਖਾਧੇ ਹਨ। ਢਾਬ ਸੁਕੀ ਹੋਣ ਕਾਰਨ ਬਹੁਤੇ ਲਿਖਾਰੀਆਂ ਬੈਸਾਖ ਲਿੱਖ ਦਿੱਤਾ ਹੈ। ਭਾਈ ਕਾਨ੍ਹ ਸਿੰਘ ਲਿਖਦੇ ਹਨ : "ਚਾਲੀ ਮੁਕਤਿਆਂ ਦੇ ਜੱਥੇਦਾਰ ਭਾਈ ਮਹਾਂ ਸਿੰਘ ਜੀ, ਸੰਮਤ 1762 ਵਿੱਚ ਜੋ ਸਿੰਘ ਸ਼ਾਹੀ ਫੌਜ ਨਾਲ, ਮੁਕਤਸਰ ਲੜੇ, ਆਪ ਉਹਨਾਂ ਵਿੱਚ ਸਨ।.......ਜਦ ਮਹਾਂ ਸਿੰਘ ਦੀ ਮੂਰਛਾ ਖੁਲ੍ਹੀ, ਤਾਂ ਕਲਗੀਧਰ ਨੇ ਫੁਰਮਾਇਆ, ਵਰ ਮੰਗ, ਮਹਾਂ ਸਿੰਘ ਨੇ ਅਰਜ਼ ਕੀਤੀ, ਕਿ ਜੇ ਤੁੱਠੇ ਹੋ, ਤਾਂ ਸੰਗਤਿ ਦਾ ਬੇਦਾਵਾ ਪਾੜਕੇ ਟੁੱਟੀ ਗੰਢੋ। ਹੋਰ ਕੋਈ ਵਾਸ਼ਨਾ ਨਹੀਂ। ਜਗਤ ਗੁਰੂ ਨੇ ਧੰਨ ਸਿੱਖੀ ਕਹਿੰਦੇ ਹੋਏ ਬੇਦਾਵਾ ਪਤ੍ਰ ਮਹਾਂ ਸਿੰਘ ਨੂੰ ਦਿਖਾਕੇ ਚਾਕ ਕਰ ਦਿੱਤਾ।"[14] ਭਾਈ ਕਾਨ੍ਹ ਸਿੰਘ ਨੇ ਮੁਕਤਸਰ ਦਾ ਯੁੱਧ ਵੈਸਾਖ ਸੰਮਤ 1762 (1706 ਈ.) ਵਿੱਚ ਲਿਖਿਆ ਹੈ।[15]

ਗਿਆਨੀ ਗਿਆਨ ਸਿੰਘ ਨੇ ਵੈਸਾਖ ਨੂੰ ਹੀ ਮੁਕਤਸਰ ਦੀ ਜੰਗ ਹੋਣਾ ਲਿਖਿਆ ਹੈ ਤੇ ਬੇਦਾਵਾ ਪੜ੍ਹਵਾਉਣ ਦਾ ਕਾਰਜ ਸਿੱਖੀ ਸਿਦਕ ਵਾਲੇ ਮਹਾਂ ਸਿੰਘ ਦੀ ਬੇਨਤੀ ਦੀ ਕਰਾਮਾਤ ਹੀ ਲਿਖਿਆ ਹੈ।[16]

ਦਲੀਪ ਸਿੰਘ ਨੇ ਵੀ ਇਹ "ਟੁੱਟੀ ਗੰਢਣ" ਦੀ ਬੇਨਤੀ ਮਹਾਂ ਸਿੰਘ ਰਾਹੀਂ ਹੀ ਕਰਵਾਈ ਹੈ।[17] ਇਸੇ ਤਰ੍ਹਾਂ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਵੀ ਲਿਖਿਆ ਹੈ :"ਪਤਸ਼ਾਹ ਇਸਤੋਂ ਇਲਾਵਾ ਹੋਰ ਕੁਝ ਨਹੀਂ ਲੋੜੀਂਦਾ, ਬਸ ਟੁੱਟੀ ਮੇਲੀ ਮਿਲੇ।"[18]

ਡਾ. ਗੋਪਾਲ ਸਿੰਘ ਵੀ ਲਿਖਦੇ ਹਨ ਕਿ ਇਸ ਵਿੱਚ ਉਹ ਬੇਦਾਵੀਏ ਵੀ ਸਨ ਜੋ ਗੁਰੂ ਜੀ ਨੂੰ ਆਨੰਦਪੁਰੋਂ ਬੇਦਾਵਾ ਦੇ ਆਏ ਸਨ ਤੇ ਉਹ ਵੀ ਸਨ ਜੋ ਰੂਪੋਆਣਾ ਕੋਲ ਸੁਲਹ-ਸਫ਼ਾਈ ਦੀ ਪੇਸ਼ਕਸ਼ ਲੈਕੇ ਆ ਮਿਲੇ ਸਨ।.......ਬੇਦਾਵਾ ਪਾੜਨ ਲਈ ਬੇਨਤੀ ਕਰਨ ਵਾਲਾ ਮਹਾਂ ਸਿੰਘ ਹੀ ਸੀ।[19]

ਪ੍ਰੰਤੂ ਡਾ. ਗੰਡਾ ਸਿੰਘ ਨੇ "ਸ੍ਰੀ ਗੁਰੂ ਸੋਭਾ" ਦੀ ਭੂਮਿਕਾ ਵਿੱਚ ਤਰਕ ਸੰਗਤ ਨਾਲ ਇਸ ਦੀ ਅਸਲੀਅਤ ਪੇਸ਼ ਕੀਤੀ ਹੈ :

"ਤੇਰ੍ਹਵੇਂ ਅਧਿਆਇ ਦੇ ਆਰੰਭ ਵਿੱਚ ਸੈਨਾਪਤਿ ਲਿਖਦਾ ਹੈ ਕਿ ਚਮਕੌਰ ਦੇ ਯੁੱਧ ਤੋਂ ਬਾਅਦ ਗੁਰੂ ਸਾਹਿਬ ਨੇ ਬਰਾੜਾਂ ਦੇ ਇਲਾਕ ਵਿੱਚ ਜਾ ਛਾਉਣੀ ਪਾਈ। ਜਦ ਵੈਰੀ ਨੂੰ ਇਨ੍ਹਾਂ ਦੀ ਖਬਰ ਹੋਈ ਤਾਂ ਉਹ ਹੱਲਾ ਕਰਨ ਚੜ੍ਹ ਆਏ ਪਰ ਇਨ੍ਹਾਂ ਨੂੰ ਰਾਹ ਵਿੱਚ ਹੀ ਉਹ ਸਿੰਘ ਟੱਕਰ ਗਏ ਜੋ ਬੇਦਾਵਾ ਲਿਖ ਕੇ ਆਨੰਦ ਪੁਰੋਂ ਘਰਾਂ ਨੂੰ ਚਲੇ ਗਏ ਸਨ ਅਤੇ ਮਾਈ ਭਾਗੋ ਦੇ ਨਾਲ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਣ ਲਈ ਮੁੜ ਆਏ ਸਨ। ਇਹ

ਟਾਕਰਾ ਖਿਦਰਾਣਾ ਦੀ ਢਾਬ ਉੱਤੇ ਹੋਇਆ।.........ਜਦ ਗੁਰੂ ਜੀ ਜੁੱਧ ਅਸਥਾਨ 'ਤੇ ਪੁੱਜੇ ਤਾਂ ਸਿਸਕ ਰਹੇ ਜਖਮੀ ਭਾਈ ਮਹਾਂ ਸਿੰਘ ਆਦਿ ਸਿੰਘਾਂ ਦੀ ਬੇਨਤੀ ਪਰਵਾਨ ਕਰਕੇ ਉਨ੍ਹਾਂ ਨੇ ਬੇਦਾਵਾ ਪੱਤਰ ਚਾਕ ਕਰ ਦਿੱਤਾ ਅਤੇ ਉਨ੍ਹਾਂ ਦੀ ਟੱਟੀ ਗੰਢੀ।.........ਇਹ ਜੰਗ 30 ਪੋਹ ਸੰਮਤ 1762 ਬਿਕਰਮੀ (29 ਦਸੰਬਰ 1705 ਈ.) ਮਾਘ ਵਦੀ 10 ਨੂੰ ਲੋਹੜੀ ਵਾਲੇ ਦਿਨ ਹੋਈ। ਅਗਲੇ ਦਿਨ ਮਾਘ ਦੀ ਸੰਗਰਾਂਦ ਸੀ ਜਿਸ ਦਿਨ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਦੇਸਾ ਸਿੰਘ, ਭੱਟ ਵਹੀ ਤਲੌਂਡਾ, ਕੋਇਰ ਸਿੰਘ ਗੁਰਬਿਲਾਸ ਪਾਤਸ਼ਾਹੀ ੧੦; ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ; ਭਾਈ ਸੁੱਖਾ ਸਿੰਘ, ਸੂਰਜ ਪ੍ਰਕਾਸ਼, ਵਿੱਚ ਸਸਕਾਰ ਮਾਘ ਦੀ ਸੰਗ੍ਰਾਂਦ ਦਾ ਦਿੱਤਾ ਹੋਇਆ ਹੈ।.........ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਤੇ ਪੰਥ ਪ੍ਰਕਾਸ਼ ਵਿੱਚ ਮੁਕਤਸਰ ਦੇ ਯੁੱਧ ਦੀ ਤਾਰੀਖ ਬਿਸਾਖ ਦਿੱਤੀ ਸੀ ਪਰ ਸੰਮਤ ਕਿਤੇ 1761 (ਦੂਜੀ ਵਾਰ) ਤੇ ਕਿਤੇ 1762 (ਛੇਵੀਂ ਵਾਰ, ਪੰ: 279) ਦਿੱਤਾ ਸੀ। ਪਰ 1923 ਈ. ਨੂੰ ਸੋਧੇ ਹੋਏ ਉਰਦੂ ਐਡੀਸ਼ਨ ਵਿੱਚ ਲਿਖਿਆ ਹੈ ਕਿ ਜੁੱਧ ਏਕਮ ਮਾਘ ਸੰਮਤ 1762 ਨੂੰ ਹੋਇਆ। (ਪੰ: 187)[20]

ਸਾਰੰਸ ਵਿੱਚ ਕਿਹਾ ਜਾ ਸਕਦਾ ਹੈ ਕਿ ਭਾਈ ਮਹਾਂ ਸਿੰਘ ਪੁੱਤਰ ਭਾਈ ਰਾਇ ਸਿੰਘ ਪਿੰਡ ਮਰਲ ਮਾੜ੍ਹੀ (ਉਹ ਕਦੇ ਰਟੌਲ ਜਾਂ ਸੁਰ ਸਿੰਘ ਭਾਵੇਂ ਰਹੇ ਹੋਣ, ਪਰ ਉਹ ਸੰਧੂ ਜੱਟ ਨਹੀਂ ਸਨ) ਦੀ ਸ਼ਹਾਦਤ 30 ਪੋਹ ਸੰਮਤ 1762 ਨੂੰ ਮੁਕਤਸਰ ਵਿੱਚ ਹੋਈ। ਉਹ ਆਨੰਦਪੁਰ ਦੇ ਜੁੱਧ (1705 ਈ.) 'ਚੋਂ ਬੇਦਾਵਾ ਦੇ ਕੇ ਗਏ ਸਿੰਘਾਂ ਦੇ ਜੱਥੇਦਾਰ ਬਣਕੇ ਮਾਈ ਭਾਗੋ ਦੀ ਪ੍ਰੇਰਨਾ ਮਗਰੋਂ ਮੁਕਤਸਰ ਪਹੁੰਚੇ ਤੇ ਉਹਨਾਂ ਨੇ ਆਪਣੀ ਕੁਰਬਾਨੀ ਨਾਲ ਆਪਣੇ ਪਿਤਾ ਤੇ ਹੋਰ ਸਹਿਕ ਰਹੇ ਸਿੰਘਾਂ ਨਾਲ ਬੇਨਤੀ ਕਰਕੇ ਬੇਦਾਵਾ ਪੜਵਾਇਆ ਤੇ ਮੁਕਤੀ ਪਾਈ। ਮਹਾ ਸਿੰਘ ਨੇ ਟੁੱਟੀ ਗੰਢਣ 'ਚ ਮੁੱਖ ਭੂਮਿਕਾ ਨਿਭਾਈ। ਉਹ ਅਦੁੱਤੀ ਤੇ ਅਮਰ ਸ਼ਹੀਦ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰ: 211, 348, 360
2. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰ: 203
3. ਐਮ.ਏ. ਮੈਕਾਲਿਫ, ਸਿੱਖ ਰਿਲੀਜ਼ਨ, ਪੰ: 212
4. ਰੂਪ ਸਿੰਘ, ਸਿੱਖ ਸ਼ਖ਼ਸੀਅਤਾਂ (ਭਾਈ ਮਹਾਂ ਸਿੰਘ-ਗਿਆਨੀ ਗੁਰਚਰਨ ਸਿੰਘ ਮੁਕਤਸਰੀ) ਪੰ: 78
5. ਐਮ.ਏ. ਮੈਕਾਲਿਫ਼, ਸਿੱਖ ਰਿਲੀਜ਼ਨ, ਪੰ: 212-13
6. ਉਹੀ, ਪੰ: 214
7. ਰੂਪ ਸਿੰਘ, ਸਿੱਖ ਸ਼ਖਸੀਅਤਾਂ (ਭਾਈ ਮਹਾਂ ਸਿੰਘ-ਗਿ: ਗੁਰਚਰਨ ਸਿੰਘ ਮੁਕਤਸਰੀ, ਪੰ: 80)

8. ਭਾਈ ਸੰਤੋਖ ਸਿੰਘ, ਗੁਰ ਸੂਰਯ ਪ੍ਰਤਾਪ ਗ੍ਰੰਥ, ਐਨ੧, ਅੱਸੂ ੧੨
9. ਪਿਆਰਾ ਸਿੰਘ ਪਦਮ, ਸੰਪਾਦਕ ਗੁਰੂ ਕੀਆਂ ਸਾਖੀਆਂ ਲੇਖਕ ਭਾਈ ਸ੍ਵਰੂਪ ਸਿੰਘ ਕੌਸ਼ਿਸ਼, ਸਿੰਘ ਬ੍ਰਦਰਜ਼, ਪੰ: 173 ਨੋਟ।
10. ਉਹੀ, ਪੰ: 174
11. ਉਹੀ, ਪੰ: 174
12. ਹਵਾਲਾ ਦਿੱਤਾ ਹੈ, ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰ: 210
13. ਉਹੀ, ਪੰ: 206
14. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰ: 934
15. ਉਹੀ, ਪੰ: 980
16. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰ: 1050-51
17. ਦਲੀਪ ਸਿੰਘ, ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰ: 259
18. ਪ੍ਰਿੰਸੀਪਲ ਸਤਿਬੀਰ ਸਿੰਘ, ਸਾਡਾ ਇਤਿਹਾਸ, ਪੰ: 407
19. ਡਾ. ਗੋਪਾਲ ਸਿੰਘ, ਹਿਸਟਰੀ ਆਫ ਦੀ ਸਿੱਖ ਪੀਪਲਜ਼, 312-13
20. ਸੈਨਾਪਤਿ, ਸ੍ਰੀ ਗੁਰਸੋਭਾ (ਸੰ. ਗੰਡਾ ਸਿੰਘ) ਪੰ: 37-38

*ਭਾਗ ਦੂਜਾ*

# ਸੂਰਮੇ ਬਣੇ ਸਿਰਦਾਰ

# ਬਾਬਾ ਬੰਦਾ ਸਿੰਘ ਬਹਾਦਰ

ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦੀ ਉਹ ਸਦੀਵੀਂ ਸ਼ਮ੍ਹਾ ਹੈ, ਜੋ ਖਾਲਸਾ ਰਾਜ ਕਾਇਮ ਕਰਨ ਦੀ ਕ੍ਰਿਸ਼ਮਿਆਂ ਭਰਪੂਰ ਗਾਥਾ ਨੂੰ ਹਸ਼ਰ ਤਕ ਰੌਸ਼ਨੀ ਬਖਸ਼ਦੀ ਰਹੇਗੀ। ਉਂਝ ਇਹ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦੇ ਅੰਮ੍ਰਿਤ ਦਾ ਹੀ ਸੀ ਜਿਸ ਨਾਲ ਇਕ ਸੰਸਾਰ-ਤਿਆਗੀ ਕੱਟੜ ਵੈਸ਼ਨੂ ਸਾਧ ਅਦੁੱਤੀ ਸੂਰਬੀਰ ਸਿਪਾਹੀ ਬਣ ਗਿਆ। ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਲੜਣਾ, ਜਿੱਤਣਾ ਤੇ ਰਾਜ ਕਰਨਾ ਸਿਖਾਇਆ। ਸਿੱਖਾਂ ਵਿੱਚ ਨਿਰਸੰਦੇਹ ਨਵੀਂ ਰੂਹ ਭਰਨ ਦਾ ਇਤਿਹਾਸਕ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਪਰ ਬੰਦੇ ਨੇ ਉਸ ਕਾਰਜ ਨੂੰ ਇਕ ਨਵੀਂ ਸੇਧ ਦਿੱਤੀ। ਡਾ. ਗੰਡਾ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ "ਬੰਦਾ ਸਿੰਘ ਨੇ ਡੇਢ ਕੁ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਚੜ੍ਹਦੇ ਪੰਜਾਬ ਵਿਚੋਂ ਮੁਗਲ ਰਾਜ ਦੀ ਸਫ ਵਲ੍ਹੇਟ ਦਿੱਤੀ ਅਤੇ ਉਸਦੀ ਥਾਂ ਸੱਤ ਸੋ ਸਾਲ ਤੋਂ ਬਾਅਦ ਮੁੜ ਪੰਜਾਬੀਆਂ ਦਾ ਰਾਜ ਕਾਇਮ ਕਰ ਦਿੱਤਾ ਅਤੇ ਦੇਸ਼ ਵਿੱਚ ਸੁਤੰਤਰਤਾ ਦੀ ਐਸੀ ਜੋਤ ਜਗਾਈ ਜੋ ਮੁਗਲਾਂ ਦੇ ਸਾਮਰਾਜੀ ਝੱਖੜਾਂ ਨਾਲ ਕੁਝ ਚਿਰ ਮੱਧਮ ਤਾਂ ਭਾਵੇਂ ਪੈ ਗਈ ਪਰ ਉਕੀ ਹੀ ਬੁਝਾਈ ਨਾ ਜਾ ਸਕੀ।"[1] ਡਾ. ਗੋਕਲ ਚੰਦ ਨੇ ਠੀਕ ਹੀ ਲਿਖਿਆ ਹੈ ਕਿ ਗੁਰੂ ਜੀ ਨੇ ਤਾਂ ਬੀਜ ਬੀਜਿਆ ਸੀ, ਪ੍ਰੰਤੂ ਫਸਲ ਦੀ ਕਟਾਈ ਬੰਦਾ ਸਿੰਘ ਨੇ ਹੀ ਕੀਤੀ।[2] ਬੰਦਾ ਸਿੰਘ ਬਹਾਦਰ ਦੇ ਕਾਰਨਾਮੇ ਅਤੇ ਉਸਦੀ ਸ਼ਹਾਦਤ ਸਿੱਖ ਇਤਿਹਾਸ ਦੀ ਗੌਰਵਮਈ ਗਾਥਾ ਹੈ ਤੇ ਸਿੱਖ ਇਤਿਹਾਸ ਵਿੱਚ ਹੋਏ ਸਾਕਿਆਂ ਬਾਰੇ ਲਿਖਦਿਆਂ ਬੰਦਾ ਬਹਾਦਰ ਦੀ ਗਾਥਾ ਦਾ ਜ਼ਿਕਰ ਨ ਕਰਨਾ ਇਤਿਹਾਸ ਵਲੋਂ ਅੱਖਾਂ ਫੈਰਨ ਦੇ ਤੁੱਲ ਹੋਵੇਗਾ।

ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ, 1670 ਈ: ਨੂੰ ਕਸ਼ਮੀਰ ਦੇ ਪੁਣਛ ਜ਼ਿਲਾ ਦੇ ਨਗਰ ਰਾਜੌਰੀ ਵਿੱਚ ਹੋਇਆ। ਉਸ ਦਾ ਬਚਪਨ ਦਾ ਨਾਮ ਲਛਮਣ ਦੇਵ ਸੀ ਤੇ ਪਿਤਾ ਦਾ ਨਾਮ ਰਾਮਦੇਵ। ਉਹ ਰਾਜਪੂਤ ਘਰਾਣੇ ਨਾਲ ਸੰਬੰਧਿਤ ਸੀ।[3] ਲਛਮਣ ਦੇਵ ਸ਼ਸਤਰ ਵਿਦਿਆ ਵਿੱਚ ਨਿਪੁੰਨ ਸੀ। ਉਸ ਨੂੰ ਸ਼ਿਕਾਰ ਦਾ ਬਹੁਤ ਸ਼ੌਕ ਸੀ। ਇੱਕ ਦਿਨ ਉਸ ਤੋਂ ਗਰਭਵਤੀ ਹਿਰਨੀ ਮਾਰੀ ਗਈ ਜਿਸਦੇ ਫਲਸਰੂਪ ਐਸਾ ਵੈਰਾਗ ਹੋਇਆ ਕਿ ਉਸ ਨੇ ਘਰ ਬਾਰ ਤਿਆਗ ਦਿੱਤਾ। ਪਹਿਲਾਂ ਉਹ ਜਾਨਕੀ ਦਾਸ ਸਾਧੂ ਦਾ ਚੇਲਾ ਬਣਿਆ। ਫਿਰ ਉਹ ਫਿਰਦਾ ਫਿਰਦਾ ਕਸੂਰ ਦੇ ਨੇੜੇ ਬਾਬਾ ਰਾਮ ਥੰਮਣ ਦੇ ਅਸਥਾਨ 'ਤੇ ਆਇਆ ਤੇ ਉਹ ਰਾਮ ਦਾਸ ਬੈਰਾਗੀ ਦਾ ਚੇਲਾ ਬਣ ਗਿਆ ਜਿਸ ਨੇ ਉਸਨੂੰ ਮਾਧੋ ਦਾਸ ਦਾ ਨਾਮ ਦਿੱਤਾ। ਫਿਰ ਉਹ ਦੱਖਣ ਵੱਲ ਨਾਸਿਕ ਦੇ ਨੇੜੇ ਪੰਚਵਟੀ ਦੇ ਜੰਗਲਾਂ ਵਿੱਚ ਚਲਾ ਗਿਆ। ਉਥੇ ਉਸ ਨੇ ਇਕ ਯੋਗੀ ਔਘੜ ਨਾਥ ਤੋਂ ਯੋਗ ਦੀ

ਸਿੱਖਿਆ ਪ੍ਰਾਪਤ ਕੀਤੀ ਤੇ ਫੇਰ ਨਾਂਦੇੜ ਜਾ ਕੇ ਆਪਣਾ ਮੱਠ ਕਾਇਮ ਕਰਕੇ ਨਿਵਾਸ ਕਰ ਲਿਆ। ਉਹ ਹਰ ਆਏ ਗਏ ਸਾਧੂ ਨੂੰ ਆਪਣੇ ਜੰਤ੍ਰ ਮੰਤ੍ਰ ਤੇ ਬੀਰਾਂ ਦੇ ਜ਼ੋਰ ਨਾਲ ਪ੍ਰੇਸ਼ਾਨ ਕਰਦਾ ਰਹਿੰਦਾ ਸੀ। ਇਸ ਨੇ ਗੁਰੂ ਸਾਹਿਬ ਨੂੰ ਵੀ ਪ੍ਰੇਸ਼ਾਨ ਕਰਨ ਦਾ ਯਤਨ ਕੀਤਾ ਪਰ ਸਫਲ ਨਾ ਹੋਇਆ। ਡਾ. ਗੰਡਾ ਸਿੰਘ ਨੇ ਅਹਿਮਦ ਸ਼ਾਹ ਬਟਾਲੀਏ ਦੀ ਰਚਨਾ "ਇਬਤਦਾਏ ਸਿੰਘਾਂ ਮਜ਼ਹਬੇ ਏਸ਼ਾਂ" ਵਿੱਚ ਬੰਦੇ ਦੀ ਗੁਰੂ ਸਾਹਿਬ ਨਾਲ ਹੋਈ ਮੁਲਾਕਾਤ ਦਾ ਇਉਂ ਉਲੇਖ ਕੀਤਾ ਹੈ।[4]

ਬੰਦਾ : ਆਪ ਕੌਣ ਹੋ ?
ਗੁਰੂ ਜੀ : ਉਸ ਜਿਸ ਨੂੰ ਤੂੰ ਜਾਣਦਾ ਹੈ।
ਬੰਦਾ : ਮੈਂ ਕੀ ਜਾਣਦਾ ਹਾਂ ?
ਗੁਰੂ ਜੀ : ਤੂੰ ਆਪਣੇ ਮਨ ਤੋਂ ਹੀ ਪੁੱਛ।
ਬੰਦਾ : ਆਪ ਗੁਰੂ ਗੋਬਿੰਦ ਸਿੰਘ ਹੋ?
ਗੁਰੂ ਜੀ : ਹਾਂ।
ਬੰਦਾ : ਆਪ ਇਥੇ ਕਿਸ ਤਰ੍ਹਾਂ ਆਏ ਹੋ ?
ਗੁਰੂ ਜੀ : ਇਸ ਲਈ ਕਿ ਤੈਨੂੰ ਆਪਣਾ ਸਿੰਘ ਸਜਾਵਾਂ।
ਬੰਦਾ : ਮੈਨੂੰ ਪ੍ਰਵਾਨ ਹੈ। ਮਾਂ ਤਾਂ ਆਪ ਦਾ ਬੰਦਾ ਹੀ ਹਾਂ।

ਬੰਦੇ ਦੀ ਮੁਲਾਕਾਤ ਗੁਰੂ ਜੀ ਨਾਲ 3 ਸਤੰਬਰ 1708 ਨੂੰ ਹੋਈ। ਗੁਰੂ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਮ ਗੁਰਬਖਸ਼ ਸਿੰਘ ਰੱਖਿਆ, ਪ੍ਰੰਤੂ ਉਸਨੇ ਆਪਣੇ ਆਪ ਨੂੰ ਗੁਰੂ ਜੀ ਦਾ ਬੰਦਾ ਕਿਹਾ ਸੀ ਇਸ ਲਈ ਉਸ ਦਾ ਪ੍ਰਸਿੱਧ ਨਾਮ ਬੰਦਾ ਸਿੰਘ ਹੀ ਪ੍ਰਚਲਿਤ ਰਿਹਾ। ਰਤਨ ਸਿੰਘ ਭੰਗੂ ਵੀ ਲਿਖਦਾ ਹੈ :

ਤਬ ਉਨ ਕਹਯੋ ਮੈਂ ਬੰਦਾ ਤੋਰਾ। ਮੈਂ ਤੁਹਿ ਸਿੰਘ ਗੁਰੂ ਤੂੰ ਮੋਰਾ।
ਅਬ ਮੈਂ ਭਯੋ ਤੁਮਾਰੋ ਦਾਸ। ਸੋ ਮੈਂ ਕਰੋਂ ਹੁਕਮ ਹੋਇ ਖਾਸ।
.................................................................
ਜਬ ਐਸੇ ਉਸ ਬਚਨ ਕਹੋ ਹਾਥ ਜੋੜ ਸਿਰ ਨਯਾਇ।
.................................................................
ਭਏ ਪ੍ਰਸੰਨ ਤਬ ਸਤਿਗੁਰੂ ਲੀਨੋ ਚਰਨਨ ਲਾਇ।[5]

ਕਈ ਲੇਖਕ ਜਿਵੇਂ ਭਾਈ ਸੰਤੋਖ ਸਿੰਘ ਤੇ ਡਾ. ਹਰੀ ਰਾਮ ਗੁਪਤਾ ਆਦਿ ਇਸ ਤੱਥ 'ਤੇ ਕਿੰਤੂ ਪ੍ਰੰਤੂ ਕਰਦੇ ਹਨ ਕਿ ਬੰਦੇ ਨੇ ਅੰਮ੍ਰਿਤ ਛਕਿਆ। ਪਰ ਜੇ ਗਹੁ ਨਾਲ ਵਿਚਾਰੀਏ ਤਾਂ ਗੁਰੂ ਸਾਹਿਬ ਵਿੱਚ ਬੇ-ਅੰਮ੍ਰਿਤੀਏ ਨੂੰ ਸਿੱਖਾਂ ਦਾ ਆਗੂ ਕਿਵੇਂ ਥਾਪ ਸਕਦੇ ਸਨ ? ਇਸ ਲਈ ਸੱਯਦ ਮੁਹੰਮਦ ਲਤੀਫ ਤੇ ਅੰਗਰੇਜ਼ ਲੇਖਕ ਮੈਕਗਰੇਗਰ ਵੀ ਇਸ ਤੱਥ ਨੂੰ ਸਵੀਕਾਰ ਕਰਦੇ ਹਨ ਕਿ ਗੁਰੂ ਸਾਹਿਬ ਨੇ ਬੰਦੇ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

### ਬੰਦਾ ਪੰਜਾਬ ਵੱਲ

ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਆਪਣੇ ਭੱਥੇ ਦੇ ਪੰਜ ਤੀਰ, ਨਿਸ਼ਾਨ ਤੇ ਨਗਾਰਾ

ਬਖ਼ਸ਼ਿਆਂ ਤੇ ਉਸ ਨਾਲ ਪੰਜ ਮੁਖੀ ਸਿੱਖ ਭਾਈ ਬਾਜ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਾਮ ਸਿੰਘ ਭੇਜੇ। ਉਸ ਦਾ ਮਨੋਰਥ ਉਤਰੀ ਭਾਰਤ ਵਿੱਚ ਜਾ ਕੇ ਗੁਰੂ ਦੋਖੀਆਂ ਖਾਸ ਕਰਕੇ, ਸਰਹੰਦ ਦੇ ਫੌਜਦਾਰ ਵਜ਼ੀਰ ਖਾਂ ਨੂੰ ਸਜ਼ਾ ਦੇਣਾ ਸੀ। ਬੰਦਾ ਬਹਾਦਰ ਨੇ ਦਿੱਲੀ ਦੀ ਸਰਹੱਦ ਨੇੜੇ ਖੜਖੋਡਾ ਪਰਗਣੇ ਜਾ ਕੇ ਟਿਕਾਣਾ ਕੀਤਾ। ਇਹ ਥਾਂ ਦਿੱਲੀ ਤੋਂ 20 ਕੁ ਮੀਲ ਦੀ ਦੂਰੀ ਤੇ ਸੀ। ਇਸ ਥਾਂ ਤੋਂ ਉਸ ਨੇ ਸਿੱਖਾਂ ਨੂੰ ਹੁਕਮਨਾਮੇ ਲਿਖੇ।[7]

ਛੇਤੀ ਹੀ ਸਿੱਖ ਬੰਦਾ ਸਿੰਘ ਨਾਲ ਮਿਲਣੇ ਸ਼ੁਰੂ ਹੋ ਗਏ। ਇਹਨਾਂ ਵਿੱਚ ਭਾਈ ਭਗਤੂ ਦੇ ਵੰਸਜ ਫਤਹਿ ਸਿੰਘ, ਭਾਈ ਰੂਪੇ ਦੀ ਵੰਸ਼ 'ਚੋਂ ਕਰਮ ਸਿੰਘ, ਧਰਮ ਸਿੰਘ, ਸਲੌਦੀ ਦੇ ਸਿੱਖ ਆਲੀ ਸਿੰਘ ਤੇ ਮਾਲੀ ਸਿੰਘ ਤੇ ਫੂਲਕੀਆਂ ਰਿਆਸਤਾਂ ਦੇ ਵਡੇਰੇ ਰਾਮ ਸਿੰਘ ਤੇ ਤਿਲੋਕ ਸਿੰਘ ਮੁੱਖੀ ਸਨ। ਬੰਦਾ ਸਿੰਘ ਦੀ ਸੈਨਾ ਦੀ ਗਿਣਤੀ ਕਾਫੀ ਵੱਧ ਗਈ। ਇਸ ਵਿੱਚ ਤਿੰਨ ਤਰ੍ਹਾਂ ਦੇ ਲੋਕ ਸ਼ਾਮਿਲ ਸਨ। ਗੁਰੂ ਖ਼ਾਤਰ ਤਨ, ਮਨ ਤੇ ਧਨ ਵਾਰਨ ਵਾਲੇ ਸਭ ਤੋਂ ਪਹਿਲਾਂ ਬੰਦਾਂ ਬਹਾਦਰ ਨਾਲ ਆ ਕੇ ਮਿਲੇ। ਉਹਨਾਂ ਦਾ ਉਦੇਸ਼ ਲੁੱਟਮਾਰ ਨਹੀਂ ਸੀ।

ਉਹ ਤਾਂ ਗੁਰੂ ਦੇ ਹੁਕਮ ਤੇ ਆਪਾ ਵਾਰਨ ਲਈ ਬੰਦੇ ਨਾਲ ਆ ਮਿਲੇ ਸਨ। ਦੂਸਰੇ ਅਜਿਹੇ ਸਨ ਜਿਹਨਾਂ ਨੂੰ ਤਨਖ਼ਾਹ ਦੇ ਕੇ ਭਾਈ ਰਾਮ ਸਿੰਘ, ਤਿਲੋਕ ਸਿੰਘ ਆਦਿ ਨੇ ਹਕੂਮਤ ਵਿਰੁੱਧ ਲੜਨ ਲਈ ਭੇਜਿਆ ਸੀ ਕਿਉਂਕਿ ਉਹ ਆਪ ਹਕੂਮਤ ਵਿਰੁੱਧ ਲੜ ਨਹੀਂ ਸਨ ਸਕਦੇ। ਤੀਸਰੀ ਕਿਸਮ ਦੇ ਲੋਕ ਤਾਂ ਧਨ ਮਾਲ ਦੀ ਲੁੱਟ ਖਾਤਿਰ ਆ ਮਿਲੇ ਸਨ। ਬੰਦੇ ਦੀ ਫੌਜ ਦੀ ਗਿਣਤੀ ਜੋ ਸ਼ੁਰੂ ਵਿੱਚ 4000 ਘੋੜ ਸਵਾਰ ਤੇ 8000 ਪਿਆਦਾ ਸੀ, ਛੇਤੀ ਹੀ ਚਾਲੀ ਹਜ਼ਾਰ ਤੱਕ ਪਹੁੰਚ ਗਈ।[8]

ਸਭ ਤੋਂ ਪਹਿਲਾਂ ਬੰਦਾਂ ਸਿੰਘ ਬਹਾਦਰ ਨੇ ਕੈਥਲ ਨੇੜੇ ਪਿੰਡ ਭੋਨਾ 'ਚ ਲਾਹੌਰ ਤੋਂ ਦਿੱਲੀ ਵੱਲ ਲਿਜਾਇਆ ਜਾ ਰਿਹਾ ਖ਼ਜ਼ਾਨਾ ਲੁੱਟਿਆ। ਉਸ ਦਾ ਅਗਲਾ ਨਿਸ਼ਾਨਾ ਸਮਾਣਾ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਦਾ ਕਾਤਲ ਜਲਾਲ-ਉਲ-ਦੀਨ ਇਸ ਸ਼ਹਿਰ ਦਾਸੀ। ਇਸ ਸ਼ਹਿਰ ਦੀ ਖ਼ੂਬ ਲੁੱਟ ਕੀਤੀ ਗਈ ਤੇ 1000 ਦੇ ਲਗਭਗ ਲੋਕ ਮੌਤ ਦੇ ਘਾਟ ਉਤਾਰੇ ਗਏ। ਸਮਾਣੇ ਉਪਰ ਹਮਲਾ 26 ਨਵੰਬਰ, 1709 ਨੂੰ ਕੀਤਾ ਗਿਆ। ਫਿਰ ਬੰਦਾ ਸਿੰਘ ਬਹਾਦਰ ਕਪੂਰੀ ਪਹੁੰਚਿਆ। ਕੁੰਜਪੁਰਾ ਵਜ਼ੀਰ ਖਾਂ ਫੌਜਦਾਰ ਸਰਹੰਦ ਦਾ ਜੱਦੀ ਨਗਰ ਸੀ। ਕਪੂਰੀ ਸਢੌਰੇ ਤੋਂ ਚਾਰ ਮੀਲ ਸੀ ਤੇ ਉਥੋਂ ਦਾ ਹਾਕਮ ਕਦਮ-ਉਦ-ਖਾਂ ਅਤਿ ਦਰਜੇ ਦਾ ਜ਼ਾਲਮ ਤੇ ਦੁਰਾਚਾਰੀ ਸੀ। ਕਪੂਰੀ ਨੂੰ ਸਿੰਘਾਂ ਵੱਲੋਂ ਤਬਾਹ ਕਰ ਦਿੱਤਾ ਗਿਆ। ਅਗਲਾ ਨਿਸ਼ਾਨਾ ਸਢੌਰਾ ਸੀ ਕਿਉਂਕਿ ਇਥੋਂ ਦੇ ਜ਼ਾਲਮ ਹਾਕਮ ਉਸਮਾਨ ਖਾਂ ਨੇ ਭੰਗਾਣੀ ਦੇ ਯੁੱਧ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਹਾਇਕ ਅਤੇ ਸ਼ਰਧਾਲੂ ਮੁਸਲਮਾਨ ਸੂਫ਼ੀ ਫ਼ਕੀਰ ਸੱਯਦ ਬੁੱਧੂ ਸ਼ਾਹ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਸੀ। ਉਸ ਨੇ ਉਸਮਾਨ ਖਾਂ ਨੂੰ ਮਾਰਿਆ ਤੇ ਹੋਰ ਅਣਗਿਣਤ ਦੁਸ਼ਟਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੰਦਾ ਅੱਗੇ ਵੱਧਦਾ ਗਿਆ ਤੇ ਛੱਤ-ਬਨੂੜ ਲਾਗੇ ਮਾਝੇ ਦੇ ਸਿੰਘ ਜੋ ਮਲੇਰ ਕੋਟਲੇ ਤੇ ਰੋਪੜ ਦੇ ਪਠਾਣਾਂ ਨੇ ਰੋਕ ਰੱਖੇ ਸਨ, ਉਸ ਨੂੰ ਆ ਮਿਲੇ। ਜ਼ਾਲਮਾਂ ਦੇ ਸਤਾਏ ਲੋਕ ਵੱਡੀ

ਭਾਰੀ ਗਿਣਤੀ ਵਿੱਚ ਸਿੰਘਾਂ ਨਾਲ ਮਿਲਦੇ ਗਏ। ਬੰਦੇ ਨੇ ਮੁਖਲਿਸਪੁਰ ਦੇ ਕਿਲ੍ਹੇ ਨੂੰ ਜਿੱਤ ਕੇ ਉਸਦਾ ਨਾਮ ਲੋਹਗੜ੍ਹ ਰੱਖਿਆ।

ਸਰਹੰਦ ਉਪਰ 12 ਮਈ, 1710 ਨੂੰ ਹਮਲਾ ਕੀਤਾ ਗਿਆ। ਸਰਹੰਦ ਤੋਂ ਬਾਹਰ "ਚਪੜ ਚਿੜੀ" ਦੇ ਮੈਦਾਨ ਵਿਚ ਦੋ ਦਿਨ ਭਾਰੀ ਯੁੱਧ ਹੋਇਆ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਦੇ ਕਾਤਲਾਂ ਨੂੰ ਸਜ਼ਾ ਦਿੱਤੀ ਗਈ। 14 ਮਈ ਨੂੰ ਸਿੱਖਾਂ ਦਾ ਸਰਹੰਦ ਉਪਰ ਕਬਜ਼ਾ ਹੋ ਗਿਆ। ਸਰਹੰਦ ਦੀ ਲੜਾਈ ਵਿਚ ਧਾਰਮਿਕ ਜੋਸ਼ ਤੋਪਾਂ ਦੀ ਤਾਕਤ ਉਪਰ ਵਿਜੈ ਪ੍ਰਾਪਤ ਕਰਨ ਵਿੱਚ ਸਫਲ ਹੋਇਆ। ਇਸ ਲੜਾਈ ਵਿੱਚ ਫੌਜਦਾਰ ਤੇ ਸੁੱਚਾ ਨੰਦ ਦੀਵਾਨ ਤਾਂ ਮਾਰੇ ਹੀ ਗਏ ਪ੍ਰੰਤੂ ਸ਼ਹਿਰ ਦੀ ਵੀ ਇੱਟ ਨਾਲ ਇੱਟ ਵਜਾ ਦਿੱਤੀ ਗਈ ਤੇ ਲੋਕਾਂ ਨੂੰ ਫੌਜਦਾਰ ਦੇ ਜ਼ੁਲਮਾਂ ਦਾ ਬਦਲਾ ਚੁਕਾਉਣਾ ਪਿਆ।

ਸੱਯਦ ਮੁਹੰਮਦ ਲਤੀਫ ਲਿਖਦਾ ਹੈ, "ਸਿੱਖਾਂ ਨੇ ਉਸ ਥਾਂ ਦੇ ਹਰ ਮੁਸਲਮਾਨ ਨੂੰ ਕਤਲ ਕੀਤਾ, ਬੰਦੂਕ ਦਾ ਨਿਸ਼ਾਨਾ ਬਣਾਇਆ, ਫਾਹੇ ਲਾਇਆ। ਟੁਕੜੇ ਟੁਕੜੇ ਕੀਤੇ ਤੇ ਜਿਉਂਦਿਆਂ ਨੂੰ ਸਾੜਿਆ। ਮੁਰਦਿਆਂ ਨੂੰ ਵੀ ਕਬਰਾਂ ਵਿਚੋਂ ਕੱਢ ਕੇ ਆਪਣੇ ਦਿਲ ਦੇ ਗੁਬਾਰ ਕੱਢੇ। ਕਬਰਾਂ ਪੁੱਟ ਕੇ, ਲਾਸ਼ਾਂ ਦੇ ਟੁਕੜੇ ਕਰ ਦਿੱਤੇ ਗਏ ਤੇ ਗਿੱਧਾਂ ਤੇ ਕਾਵਾਂ ਕੁੱਤਿਆਂ ਦੇ ਖਾਣ ਲਈ ਸੁੱਟ ਦਿੱਤਾ।[10]" ਇਹ ਤਸਵੀਰ ਭਾਵੇਂ ਸਹੀ ਨਹੀਂ ਫਿਰ ਵੀ "ਗੁਰੂ ਮਾਰੀ" ਸਰਹੰਦ ਦੀ ਦਸ਼ਾ ਦਾ ਸੰਕੇਤ ਦੇਣ ਲਈ ਕਾਫੀ ਹੈ।

ਸਰਹੰਦ ਦੀ ਤਬਾਹੀ ਤੋਂ ਤਾਂ ਰਤਨ ਸਿੰਘ ਭੰਗੂ ਵੀ ਮੁਨਕਰ ਨਹੀਂ । ਉਹ ਲਿਖਦਾ ਹੈ:

ਸਰਹੰਦ ਦੀ ਜੜ ਪੁਟਣ ਧਾਯਾ। ਪਰਬਤੀਅਨ ਕੋ ਮੈਂ ਮਾਰਨ ਆਯਾ।
ਮੈਂ ਹੋ ਉਸੀ ਪਰੁਖ ਕੋ ਦਾਸਾ। ਕਰਯੋ ਖਾਲਸਾ ਜਿਸੈ ਪ੍ਰਕਾਸ਼ਾ।
ਜਿਸ ਗੁਰ ਜੀ ਸੋ ਬੈਰ ਕਮਾਯੋ। ਬਦਲੇ ਲੈਨ ਤਿਸੀ ਮੈਂ ਆਯੋ।
ਤਿਨ ਤਿਨ ਕੋ ਮੈਂ ਮਾਰ ਗਵਾਊਂ। ਤਊ ਸਤਿਗੁਰ ਕੋ ਬੰਦਾ ਸਦਾਊਂ॥"

**ਬੰਦਾ ਸਿੰਘ ਬਹਾਦਰ ਤੇ ਸਰਹੰਦ ਦਾ ਪ੍ਰਬੰਧ**

ਸਰਹੰਦ ਦੇ 28 ਪਰਗਣੇ ਸਨ ਤੇ ਮਾਮਲਾ 36 ਲੱਖ ਸਾਲਾਨਾ ਸੀ। ਭਾਈ ਬਾਜ ਸਿੰਘ[12] ਨੂੰ ਸਰਹੰਦ ਦਾ ਸੂਬੇਦਾਰ ਥਾਪਿਆ ਗਿਆ ਤੇ ਭਾਈ ਆਲੀ ਸਿੰਘ ਨੂੰ ਉਸ ਦਾ ਨਾਇਬ ਬਣਾਇਆ ਗਿਆ। ਫਤਹਿ ਸਿੰਘ ਨੂੰ ਸਮਾਣੇ ਦਾ ਤੇ ਰਾਮ ਸਿੰਘ ਜੋ ਬਾਜ ਸਿੰਘ ਦਾ ਭਰਾ ਸੀ, ਉਸ ਨੂੰ ਥਾਨੇਸਰ ਦਾ ਹਾਕਮ ਥਾਪਿਆ ਗਿਆ। ਸਿੱਖਾਂ ਦਾ ਤੇਜ਼ ਪ੍ਰਤਾਪ ਇਤਨਾ ਵੱਧ ਗਿਆ ਕਿ ਦੀਨਦਾਰ ਖਾਂ ਤੇ ਇਕ ਅਖ਼ਬਾਰ ਨਵੀਸ ਮੀਰ ਨਸੀਰੁਦੀਨ, ਸਿੰਘ ਸਜ ਗਏ। ਸਤਲੁਜ ਤੋਂ ਜਮਨਾ ਤਕ ਸਿੰਘਾਂ ਦਾ ਦਬਦਬਾ ਕਾਇਮ ਹੋ ਗਿਆ ਸੀ। ਬੰਦਾ ਸਿੰਘ ਬਹਾਦਰ ਨੇ ਲੋਹਗੜ੍ਹ ਨੂੰ ਆਪਣਾ ਸਦਰ ਮੁਕਾਮ ਬਣਾਕੇ ਸਿੱਕਾ ਚਲਾਇਆ ਤੇ ਸਿੱਖ ਰਾਜ ਦੀ ਨੀਂਹ ਧਰ ਦਿੱਤੀ। ਸਿੱਕੇ ਉਪਰ ਇਹ ਸ਼ਬਦ ਉਕਰੇ ਸਨ :

ਸਿੱਕਾ ਜ਼ਦ ਬਰ ਹਰ ਦੁਆਲਮ, ਤੇਗਿ ਨਾਨਕ ਵਾਹਬ ਅਸਤ।
ਫਤਹ ਗੁਬਿੰਦ ਸਿੰਘ ਸ਼ਾਹੇ ਸ਼ਾਹਾਂ, ਫਜ਼ਲਿ ਸੱਚਾ ਸਾਹਿਬ ਅਸਤ।

ਇਸ ਤਰ੍ਹਾਂ ਖਾਲਸਈ ਮੁਹਰ ਵੀ ਤਿਆਰ ਕੀਤੀ ਗਈ।

ਉਸਦੇ ਸ਼ਬਦ ਸਨ :

ਦੇਗ ਤੇਗੋ ਫਤਹ ਵ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਬੰਦਾ ਸਿੰਘ ਬਹਾਦਰ ਨੇ ਕਾਸ਼ਤਕਾਰਾਂ ਨੂੰ ਮਾਲਕ ਬਣਾ ਕੇ ਜਾਗੀਰਦਾਰੀ ਪ੍ਰਥਾ ਦਾ ਵੀ ਅੰਤ ਕਰ ਦਿੱਤਾ। ਉਸਨੇ ਹਿੰਦੂਆਂ ਮੁਸਲਮਾਨਾਂ ਨਾਲ ਉਦਾਰਤਾ ਭਰਪੂਰ ਵਿਹਾਰ ਕੀਤਾ ਤੇ ਉਹ ਵੱਡੀ ਗਿਣਤੀ ਵਿੱਚ ਉਸਦੀ ਫੌਜ ਵਿੱਚ ਭਰਤੀ ਹੋ ਗਏ।

ਬੰਦਾ ਬਹਾਦੁਰ ਹਿੰਦੂ ਧਰਮ ਦਾ ਰਾਖਾ ਕਰਕੇ ਜਾਣਿਆ ਜਾਣਾ ਲੱਗਾ। ਹਿੰਦੂਆਂ ਵਲੋਂ ਜਲਾਲਾਬਾਦ ਦੇ ਹਾਕਮ ਜਲਾਲ-ਉਲ-ਦੀਨ ਦੀ ਸ਼ਿਕਾਇਤ ਕਰਨ ਤੇ ਬੰਦਾ ਸਿੰਘ ਨੇ ਜਲਾਲਾਬਾਦ ਉੱਪਰ ਹਮਲਾ ਕੀਤਾ। ਇਹ ਸਹਾਰਨਪੁਰ ਤੋਂ 20 ਮੀਲ ਦੀ ਦੂਰੀ ਤੇ ਹੈ। ਫਿਰ ਉਸ ਨੇ ਸਹਾਰਨਪੁਰ ਦੇ ਹਾਕਮ ਅਲੀ ਮੁਹੰਮਦ ਉਪਰ ਹਮਲਾ ਕੀਤਾ ਤੇ ਸ਼ਹਿਰ ਲੁੱਟਿਆ। ਉਸ ਨੇ ਬੇਹਾਤ ਦੇ ਪੀਰਜ਼ਾਦਿਆਂ ਨੂੰ ਵੀ ਗਊਆਂ ਮਾਰਨ ਦੇ ਦੋਸ਼ ਵਿਚ ਸਜ਼ਾਵਾਂ ਦਿੱਤੀਆਂ। ਜਲਾਲਾਬਾਦ ਦੇ ਰਾਹ ਵਿੱਚ ਪੈਂਦੇ ਅੰਬੇਟਾ ਤੇ ਨਨੌਤਾ ਵੀ ਤਬਾਹ ਕੀਤੇ ਗਏ। ਵਰਖਾ ਰੁੱਤ ਸ਼ੁਰੂ ਹੋਣ ਤੇ ਸਿੱਖ ਵਾਪਸ ਆ ਗਏ। ਫਿਰ ਕਰਨਾਲ ਜਿੱਤਿਆ ਤੇ ਪਾਣੀਪਤ ਤਕ ਦਾ ਸਾਰਾ ਇਲਾਕਾ ਮੱਲ ਲਿਆ। ਸਿੱਖ ਹੁਣ ਦਿੱਲੀ ਤੋਂ ਲੈ ਕੇ ਸਰਹਿੰਦ ਤੱਕ, ਸਾਰੇ ਇਲਾਕੇ ਦੇ ਮਾਲਕ ਸਨ। ਕਿਸੇ ਵੀ ਅਮੀਰ ਵਜ਼ੀਰ ਵਿੱਚ ਸਿੱਖਾਂ ਨਾਲ ਟੱਕਰ ਲੈਣ ਦੀ ਹਿੰਮਤ ਨਹੀਂ ਸੀ। ਦਿੱਲੀ ਦਾ ਗਵਰਨਰ ਨਿਜ਼ਾਮ-ਉਲ-ਮਲਕ ਆਸਿਫ਼-ਉਦ-ਦੌਲਾ ਅਸਦ ਖਾਂ ਪੂਰੀ ਘਬਰਾਹਟ ਵਿੱਚ ਸੀ ਤੇ ਰਾਜਪੂਤਾਂ ਵਿਰੁੱਧ ਲੜ ਰਹੇ ਸਮਰਾਟ ਬਹਾਦਰ ਸ਼ਾਹ ਨੂੰ ਚਿੱਠੀਆਂ ਭੇਜਣ ਤੋਂ ਬਿਨਾਂ ਹੋਰ ਕੁਝ ਕਰਨ ਦੇ ਸਮਰੱਥ ਨਹੀਂ ਸੀ। ਦਿੱਲੀ ਦੇ ਵਾਸੀ ਡਰ ਕੇ ਪੂਰਬੀ ਪ੍ਰਾਂਤਾਂ ਵੱਲ ਜਾਕੇ ਪਨਾਹ ਲੈਣ ਲੱਗ ਪਏ ਸਨ।

ਯੂ.ਪੀ. ਵਿਚ ਜਦੋਂ ਬੰਦਾ ਬਹਾਦਰ 11 ਜੁਲਾਈ, 1710 ਨੂੰ ਨਨੌਤਾ ਨਗਰ ਤੇ ਹਮਲਾਵਰ ਹੋਇਆ ਸੀ ਤਾਂ ਅਨੇਕ ਗੁੱਜਰ ਜੋ ਆਪਣੇ ਆਪ ਨੂੰ ਨਾਨਕਪੰਥੀ ਕਹਿੰਦੇ ਸਨ, ਬੰਦੇ ਦੀ ਫੌਜ ਵਿਚ ਸ਼ਾਮਲ ਹੋ ਗਏ। ਪਰ ਬੰਦੇ ਨੂੰ ਬਾਰਿਸ਼ਾਂ ਕਾਰਨ ਪੰਜਾਬ ਆਉਣਾ ਪਿਆ। ਉਸ ਨੇ ਬਟਾਲਾ ਤੇ ਕਲਾਨੌਰ ਜਿੱਤੇ। ਲਾਹੌਰ ਦਾ ਗਵਰਨਰ ਅਸਲਮ ਖਾਂ ਸਿੱਖਾਂ ਵਿਰੁੱਧ ਧਰਮ-ਯੁੱਧ ਜਾਂ ਜਹਾਦ ਛੇੜਨ ਦੀਆਂ ਤਿਆਰੀਆਂ ਕਰਨ ਲੱਗਾ, ਪ੍ਰੰਤੂ ਅਸਫ਼ਲ ਰਿਹਾ ਤੇ ਬੰਦਾ ਸਿੰਘ ਬਹਾਦਰ ਤੇ ਭੀਲੋਵਾਲ ਦੇ ਅਸਥਾਨ ਤੇ ਮੁਲਖਈਏ ਨੂੰ ਲੱਕ ਤੋੜਵੀਂ ਹਾਰ ਦਿੱਤੀ। ਲਾਹੌਰ ਸ਼ਹਿਰ ਤੋਂ ਬਿਨਾਂ ਸਾਰਾ ਮਾਝਾ ਤੇ ਰਿਆੜਕੀ ਬੰਦਾ ਸਿੰਘ ਅਧੀਨ ਆ ਚੁੱਕਿਆ ਸੀ। 3 ਅਕਤੂਬਰ ਨੂੰ ਉਸਨੇ ਜਲੰਧਰ ਦੇ ਸੂਬੇਦਾਰ ਸਮਸ਼ ਖਾਂ ਨੂੰ ਰਾਹੋਂ ਦੇ ਅਸਥਾਨ 'ਤੇ ਹਾਰ ਦੇ ਕੇ ਦੁਆਬੇ ਉਪਰ ਵੀ ਅਧਿਕਾਰ ਕਰ ਲਿਆ[13]। ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਨੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਦੱਖਣ ਤੋਂ ਉੱਤਰ ਵੱਲ ਆਉਣ ਲਈ ਮਜਬੂਰ ਕਰ ਦਿੱਤਾ।

**ਬੰਦਾ ਸਿੰਘ ਬਹਾਦਰ ਤੇ ਬਹਾਦਰ ਸ਼ਾਹ**

ਬਹਾਦਰ ਸ਼ਾਹ ਪੰਜਾਬ ਦੇ ਹਾਲਾਤ ਸੁਣ ਕੇ ਘਬਰਾ ਗਿਆ। ਮੈਲਕਮ ਨੇ ਠੀਕ ਹੀ

ਲਿਖਿਆ ਹੈ ਕਿ "ਜੇਕਰ ਇਸ ਸਮੇਂ ਬਹਾਦਰ ਸ਼ਾਹ ਦੱਖਣ ਤੋਂ ਨਾ ਆਉਂਦਾ ਤਾਂ ਸਿੱਖ ਸਾਰੇ ਹਿੰਦੁਸਤਾਨ ਉੱਤੇ ਕਬਜ਼ਾ ਜਮਾ ਲੈਂਦੇ[14]।" ਉਸ ਨੇ ਉੱਤਰ ਵਿਚ ਆ ਕੇ 10 ਦਸੰਬਰ, 1710 ਨੂੰ ਨਾਨਕ-ਪ੍ਰਸਤਾਂ ਨੂੰ ਜਿੱਥੇ ਵੀ ਮਿਲਣ, ਮਾਰ ਦੇਣ ਦੇ ਹੁਕਮ ਜਾਰੀ ਕਰ ਦਿੱਤੇ। ਬਹਾਦਰ ਸ਼ਾਹ ਦੇ ਹਮਲੇ ਸਮੇਂ ਬੰਦਾ ਸਿੰਘ ਬਹਾਦਰ ਤੇ ਉਹਦੇ ਸਾਥੀਆਂ ਨੂੰ ਸਰਹੰਦ ਛੱਡ ਕੇ ਲੋਹਗੜ੍ਹ ਦੇ ਕਿਲ੍ਹੇ 'ਚ ਸ਼ਰਣ ਲੈਣੀ ਪਈ। ਫਿਰ ਵੀ ਸਿੱਖ ਲੋਹਗੜ੍ਹ ਦੇ ਕਿਲ੍ਹੇ 'ਚ 4 ਦਸੰਬਰ, 1710 ਨੂੰ ਬਹਾਦਰ ਸ਼ਾਹ ਦੇ ਕੈਂਪ ਉਪਰ ਜੋ ਸਢੌਰੇ ਵਿਖੇ ਸੀ, ਹਮਲਾ ਕਰਨ ਵਿੱਚ ਸਫਲ ਹੋ ਗਏ। ਬਹਾਦਰ ਸ਼ਾਹ ਕੋਲ ਭਾਵੇਂ ਬੇਅੰਤ ਫੌਜ ਸੀ, ਪ੍ਰੰਤੂ ਉਸ ਦਾ ਲੋਹਗੜ੍ਹ ਕਿਲ੍ਹੇ ਉੱਪਰ ਹਮਲਾ ਕਰਨ ਦਾ ਹੌਸਲਾ ਨਹੀਂ ਸੀ। ਉਸ ਨੇ ਲੋਹਗੜ੍ਹ ਨੂੰ ਘੇਰਾ ਪਾ ਕੇ ਤੇ ਸਿੱਖਾਂ ਦਾ ਰਸਤ ਪਾਣੀ ਅੰਦਰ ਜਾਣੋ ਰੋਕ ਕੇ ਸਿੱਖਾਂ ਨੂੰ ਭੁੱਖੇ ਮਾਰਨ ਦੀ ਤਜਵੀਜ਼ ਬਣਾਈ, ਜੋ ਸਫਲ ਹੋਈ। ਕੋਈ ਚਾਰਾ ਨ ਚੱਲਦਾ ਵੇਖ ਕੇ ਬੰਦਾ ਸਿੰਘ ਬਹਾਦਰ ਇੱਕ ਗੁਲਾਬ ਸਿੰਘ ਨਾਮ ਦੇ ਸਿੱਖ ਨੂੰ ਆਪਣੀ ਥਾਂ ਬਿਠਾ ਕੇ ਲੋਹਗੜ੍ਹ ਦੇ ਕਿਲ੍ਹੇ 'ਚੋਂ ਨਿਕਲਣ 'ਚ ਸਫਲ ਹੋ ਗਿਆ। ਜਦੋਂ ਮੁਗ਼ਲਾਂ ਨੇ 10 ਦਸੰਬਰ, 1710 ਨੂੰ ਲੋਹਗੜ੍ਹ ਤੇ ਹਮਲਾ ਕੀਤਾ ਤਾਂ ਉਹਨਾਂ ਨੂੰ ਬਾਦਸ਼ਾਹ ਵਲੋਂ ਅਜਿਹਾ ਕਰਨ ਦਾ ਆਦੇਸ਼ ਨਹੀਂ ਸੀ। ਫਿਰ ਵੀ ਖ਼ਾਨ-ਇ-ਪਾਨਾ ਨੇ ਸਿੱਖਾਂ ਬਾਰੇ ਸੂਹ ਲੈਣ ਲਈ ਆਪਣੇ ਆਦਮੀ ਅੱਗੇ ਭੇਜ ਦਿੱਤੇ। ਕਿਲ੍ਹੇ 'ਚੋਂ ਗੋਲਾਬਾਰੀ ਸ਼ੁਰੂ ਹੋ ਗਈ ਤੇ ਮਜ਼ਬੂਰਨ ਮੁਗ਼ਲਾਂ ਨੂੰ ਵੀ ਹਮਲਾ ਕਰਨਾ ਪਿਆ। ਇਸ ਦਾ ਲਾਭ ਉਠਾ ਕੇ ਬੰਦਾ ਸਿੰਘ ਬਹਾਦਰ ਦੁਸ਼ਮਣ ਤੋਂ ਸਾਫ਼ ਬਚ ਕੇ ਨਿਕਲ ਗਿਆ। ਬਾਦਸ਼ਾਹ ਨੇ ਆਪਣੇ ਵਜ਼ੀਰ ਨੂੰ ਬਹੁਤ ਲਾਅਨਤਾਂ ਪਾਈਆਂ ਜਿਸ ਕਾਰਨ ਉਹ ਲਾਹੌਰ ਜਾਂਦਾ ਹੋਇਆ ਰਾਹ 'ਚ ਹੀ ਮਰ ਗਿਆ ਤੇ ਬਾਦਸ਼ਾਹ ਲਾਹੌਰ ਜਾ ਕੇ 28 ਫਰਵਰੀ, 1712 ਨੂੰ ਮਰ ਗਿਆ।

ਬੰਦਾ ਸਿੰਘ ਬਹਾਦਰ ਨੇ ਛੇਤੀ ਹੀ ਹੁਕਮਨਾਮੇ ਭੇਜ ਕੇ ਸਿੱਖਾਂ ਨੂੰ ਫਿਰ ਪਹਾੜਾਂ 'ਚ ਸੱਦ ਲਿਆ। ਬਿਲਾਸਪੁਰ, ਮੰਡੀ, ਕੁਲੂ ਤੇ ਚੰਬੇ ਦੇ ਪਹਾੜੀ ਰਾਜੇ ਬੰਦੇ ਦੀ ਅਧੀਨਗੀ ਪ੍ਰਵਾਨ ਕਰ ਗਏ। ਜੂਨ, 1711 ਈ. ਵਿੱਚ ਉਹ ਬਹਿਰਾਮਪੁਰ ਵਿੱਚ ਇੱਕ ਵਾਰ ਫਿਰ ਮੁਗਲ ਫੌਜਾਂ ਨੂੰ ਹਾਰ ਦੇਣ ਵਿੱਚ ਸਫਲ ਹੋ ਗਿਆ। ਬਹਾਦਰ ਸ਼ਾਹ ਨੇ ਲੜਕੇ ਜਹਾਨਦਾਰ ਸ਼ਾਹ ਸਮੇਂ ਸਿੱਖ ਫਿਰ ਸ਼ਕਤੀ ਪਕੜ ਗਏ। ਸਿੱਖਾਂ ਨੇ ਫਿਰ ਗੁਰਦਾਸਪੁਰ, ਕਲਾਨੌਰ ਅਤੇ ਸਢੌਰਾ ਤੇ ਲੋਹਗੜ੍ਹ ਦੇ ਇਲਾਕਿਆਂ ਉੱਪਰ ਕਬਜ਼ਾ ਕਰ ਲਿਆ।

**ਫਰਖ਼ਸ਼ੀਅਰ ਤੇ ਬੰਦਾ ਸਿੰਘ ਬਹਾਦਰ**

ਫਰਖ਼ਸ਼ੀਅਰ ਬਹੁਤ ਨਿਰਦਈ ਸੀ। ਉਸ ਨੇ ਬੰਦਾ ਸਿੰਘ ਬਹਾਦਰ ਨੂੰ ਪਕੜਨ ਤੇ ਸਿੱਖਾਂ ਦਾ ਖੁਰਾ ਮਿਟਾਉਣ ਦੀ ਧਾਰੀ ਹੋਈ ਸੀ. ਪੰਜਾਬ ਵਿੱਚ ਅਬਦੁਲ ਸਮਦ ਖਾਂ ਤੇ ਜੰਮੂ ਦਾ ਫ਼ੌਜਦਾਰ ਜ਼ਕਰੀਆ ਖ਼ਾਂ (ਅਬਦੁਲ ਸਮਦ ਖ਼ਾਂ ਦਾ ਲੜਕਾ) ਸਿੱਖ ਸ਼ਕਤੀ ਲਈ ਇਕ ਬਹੁਤ ਵੱਡੀ ਵੰਗਾਰ ਸਨ। ਬੰਦਾ ਸਿੰਘ ਨੂੰ ਇਕ ਵਾਰ ਫਿਰ ਲੋਹਗੜ੍ਹ ਖਾਲੀ ਕਰਕੇ ਪਹਾੜੀਆਂ 'ਚ ਜਾ ਕੇ ਸ਼ਰਣ ਲੈਣੀ ਪਈ। ਬੰਦੇ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਫਰਖ਼ਸ਼ੀਅਰ ਨੇ ਬੰਦਾ ਅਤੇ ਤੱਤ ਖਾਲਸੇ ਵਿੱਚ ਫੁੱਟ ਪਵਾ ਦਿੱਤੀ। ਪ੍ਰਾਚੀਨ ਪੰਥ ਪ੍ਰਕਾਸ਼ ਦਾ ਲੇਖਕ ਲਿਖਦਾ ਹੈ ਕਿ ਬੰਦੇ ਨੇ ਮਾਤਾ ਸੁੰਦਰੀ ਦੇ ਹੁਕਮਾਂ ਦੀ ਪ੍ਰਵਾਹ ਨਾ ਕੀਤੀ[14]।

ਸਿੰਘਾਂ ਦੀ ਆਪਸੀ ਫੁੱਟ ਕਾਰਨ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਘੇਰ ਲਿਆ ਗਿਆ। ਬਿਨੋਦ ਸਿੰਘ ਤੇ ਉਹਦੇ ਸਾਥੀ ਬੰਦੇ ਦਾ ਸਾਥ ਛੱਡ ਗਏ। 7 ਦਸੰਬਰ, 1715 ਨੂੰ ਲੰਬੇ ਘੇਰੇ ਪਿਛੋਂ ਬੰਦਾ ਸਿੰਘ ਬਹਾਦਰ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਕੇ ਲੜਨ ਲਈ ਬਾਹਰ ਆਇਆ ਤੇ ਮੁਗ਼ਲਾਂ ਨੇ ਗ੍ਰਿਫ਼ਤਾਰ ਕਰ ਲਿਆ। ਖਾਫੀ ਖ਼ਾਂ ਲਿਖਦਾ ਹੈ ਕਿ ਲਗਪਗ 3-4 ਹਜ਼ਾਰ ਸਿੱਖ ਮੌਤ ਦੇ ਘਾਟ ਉਤਾਰ ਦਿੱਤੇ ਗਏ। ਮੁਗ਼ਲਾਂ ਨੇ ਸਿੱਖ ਦੇ ਸਿਰ ਨੇਜ਼ਿਆਂ ਤੇ ਟੰਗੇ ਹੋਏ ਸਨ। 740 ਸਿੱਖਾਂ ਨਾਲ ਬੰਦਾ, ਉਸ ਦੀ ਪਤਨੀ ਤੇ ਤਿੰਨ ਸਾਲ ਦਾ ਬੱਚਾ ਅਜੈ ਸਿੰਘ ਊਠਾਂ 'ਤੇ ਬਿਠਾ ਕੇ ਪਹਿਲਾਂ ਲਾਹੌਰ ਸ਼ਹਿਰ 'ਚ ਜਲੂਸ ਕੱਢਿਆ ਗਿਆ। ਉਹਨਾਂ ਦਾ ਮਖੌਲ ਉਡਾਇਆ ਗਿਆ, ਗਾਲ੍ਹਾਂ ਕੱਢੀਆਂ ਗਈਆਂ, ਉਹਨਾਂ ਉੱਪਰ ਘਰਾਂ ਦੀਆਂ ਛੱਤਾਂ ਤੋਂ ਇੱਟਾਂ ਰੋੜੇ ਮਾਰੇ ਗਏ ਤੇ ਫਿਰ ਦਿੱਲੀ ਬਾਦਸ਼ਾਹ ਦੇ ਸਾਮ੍ਹਣੇ ਪੇਸ਼ ਕਰਨ ਲਈ ਲਿਜਾਏ ਗਏ। 27 ਫਰਵਰੀ, 1716 ਨੂੰ ਇਹ ਜਲੂਸ ਦਿੱਲੀ ਪਹੁੰਚਿਆ। ਇਤਮਾਦ-ਉਦ ਦੌਲਾ ਬਖ਼ਸ਼ੀ ਨੂੰ ਹੁਕਮ ਦਿੱਤਾ ਗਿਆ ਕਿ ਉਹ ਸ਼ਹਿਰ ਤੋਂ ਬਾਹਰ ਜਾ ਕੇ ਉਹਨਾਂ ਦੇ ਮੂੰਹ ਕਾਲੇ ਕਰੇ ਤੇ ਉਹਨਾਂ ਦੇ ਸਿਰਾਂ 'ਤੇ ਲੱਕੜੀ ਦੀਆਂ ਟੋਪੀਆਂ ਪਹਿਨਾਵੇ ਤਾਂ ਜੋ ਦੂਸਰਿਆਂ ਨੂੰ ਵੀ ਤਾੜਨਾ ਹੋਵੇ"[16]

**ਸ਼ਹਾਦਤ**

ਕੈਦੀਆਂ ਨੂੰ ਇਸਲਾਮ ਧਰਮ ਅਪਣਾਉਣ ਲਈ ਕਿਹਾ ਜਾਂਦਾ ਸੀ, ਪ੍ਰੰਤੂ ਕਿਸੇ ਇਕ ਨੇ ਵੀ ਧਰਮ ਤਿਆਗ ਕੇ ਇਸਲਾਮ ਕਬੂਲ ਕਰਨ ਦੀ ਗੱਲ ਪ੍ਰਵਾਨ ਨ ਕੀਤੀ। ਹਰ ਇਕ ਦੂਸਰੇ ਤੋਂ ਪਹਿਲਾਂ ਮਰਨ ਲਈ ਕਾਹਲਾ ਸੀ। ਖ਼ਾਫੀ ਖ਼ਾਂ ਅਨੁਸਾਰ ਇਕ ਸਿੱਖ ਬੱਚੇ ਦੀ ਮਾਂ ਫਰਖ਼ਸ਼ੀਅਰ ਕੋਲ ਰਹਿਮ ਦੀ ਅਪੀਲ ਲੈ ਕੇ ਆਈ ਤੇ ਉਸਨੇ ਕਿਹਾ ਕਿ ਉਹ ਦਾ ਲੜਕਾ ਸਿੱਖ ਨਹੀਂ, ਸਗੋਂ ਉਸ ਨੂੰ ਸਿੱਖ ਜ਼ਬਰਦਸਤੀ ਆਪਣੇ ਨਾਲ ਲੈ ਕੇ ਗਏ ਸਨ। ਉਸ ਬਾਲਕ ਨੂੰ ਜਦੋਂ ਕਾਤਲਾਂ ਨੇ ਪੁੱਛਿਆ ਤਾਂ ਉਸ ਦਾ ਉੱਤਰ ਸੀ, "ਮੇਰੀ ਮਾਂ ਝੂਠੀ ਹੈ, ਮੈਂ ਤਾਂ ਤਨੋਂ ਮਨੋਂ ਆਪਣੇ ਭਰਾਵਾਂ ਨਾਲ ਸ਼ਹਾਦਤ ਪਾ ਕੇ ਗੁਰੂ ਕੋਲ ਜਾਣ ਲਈ ਕਾਹਲਾ ਹਾਂ।" ਇਸ ਤਰ੍ਹਾਂ ਉਹ ਬਾਲਕ ਇਕ ਸ਼ਹੀਦ ਦੀ ਮੌਤ ਵੀ ਹੱਸ ਹੱਸ ਕੇ, ਕਬੂਲ ਕਰ ਗਿਆ।

ਗ੍ਰਿਫ਼ਤਾਰੀ ਪਿੱਛੋਂ, 9 ਜੂਨ, 1716 ਨੂੰ ਬੰਦਾ ਸਿੰਘ ਬਹਾਦਰ ਦੀ ਵਾਰੀ ਆਈ। ਉਹ ਤੇ ਉਹਦੇ ਸਾਥੀ ਹੁਣ ਤਕ ਇਸ ਲਈ ਜਿਉਂਦੇ ਰਹਿਣ ਦਿੱਤੇ ਗਏ ਸਨ ਤਾਂ ਜੋ ਉਹਨਾਂ ਤੋਂ ਸਿੱਖਾਂ ਦੇ ਖਜ਼ਾਨੇ ਦਾ ਭੇਤ ਲਾਇਆ ਜਾ ਸਕੇ। ਪ੍ਰੰਤੂ ਉਹਨਾਂ ਤੋਂ ਕੁਝ ਪਤਾ ਨ ਲਾਇਆ ਜਾ ਸਕਿਆ। ਪਹਿਲਾਂ ਬੰਦਾ ਸਿੰਘ ਬਹਾਦਰ ਦੇ ਮੁੱਖ ਸਾਥੀਆਂ, ਬਾਜ ਸਿੰਘ ਤੇ ਆਲੀ ਸਿੰਘ ਨੂੰ ਕਤਲ ਕੀਤਾ ਗਿਆ। ਫਿਰ ਉਸ ਦਾ ਪੁੱਤਰ ਅਜੈ ਸਿੰਘ ਉਹਦੀ ਗੋਦੀ 'ਚ ਪਾਇਆ ਗਿਆ ਤੇ ਚਾਕੂ ਦੇ ਕੇ ਉਸਨੂੰ ਕਤਲ ਕਰਨ ਲਈ ਕਿਹਾ ਗਿਆ। ਉਸਦੇ ਮਾਸ ਦੇ ਟੁੱਕੜੇ ਬੰਦਾ ਸਿੰਘ ਦੇ ਮੂੰਹ 'ਚ ਪਾਏ ਗਏ। ਫਿਰ ਬੰਦਾ ਸਿੰਘ ਨੂੰ ਲੋਹੇ ਦੇ ਪਿੰਜਰੇ 'ਚੋਂ ਬਾਹਰ ਕੱਢ ਕੇ ਲੋਹੇ ਦੀਆਂ ਗਰਮ ਸਲਾਖਾਂ ਨਾਲ ਉਸਨੂੰ ਤਸੀਹੇ ਦਿੱਤੇ ਗਏ। ਉਸਨੂੰ ਇਸਲਾਮ ਧਾਰਨ ਕਰਨ ਲਈ ਜ਼ੋਰ ਲਾਇਆ ਗਿਆ। ਉਸ ਦੀਆਂ ਅੱਖਾਂ ਇਕ ਇਕ ਕਰਕੇ ਕੱਢੀਆਂ ਗਈਆਂ। ਫਿਰ ਉਸਦੇ ਹੱਥ ਪੈਰ ਕੱਟੇ ਗਏ। ਉਸਨੂੰ ਲੋਹੇ ਦੀਆਂ ਗਰਮ

ਸਲਾਖਾਂ ਲਾ ਲਾ ਕੇ ਸਾੜਿਆ ਗਿਆ। ਫਿਰ ਉਸ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ ਗਿਆ। ਪ੍ਰਾਚੀਨ ਗ੍ਰੰਥ ਪ੍ਰਕਾਸ਼ ਦਾ ਕਰਤਾ ਲਿਖਦਾ ਹੈ :

ਅੰਧਾ ਕਰ ਬੰਦ ਰਖਯੋ ਫਰੁਖਸੀਅਰ ਬਹੁ ਰੋਜ਼।
ਜਿਸ ਪਾਛੇ ਦੋਊ ਮਰੇ ਸੁਨੰ ਸੁ ਵਾਂਕੇ ਖੋਜ॥6॥
ਫਰੁਖ਼ਸੀਅਰ ਕਾਜ਼ੀ ਹੁਤੋ ਉਸੈ ਬਜੀਰ ਭ੍ਰਾਇ।
ਬੰਦੈ ਮਾਰਯੋ ਬੋ ਜੋਊ ਬੈਲਨ ਗੈਲ ਲਿਪਟਾਇ॥7।"

ਡਾ. ਗੰਡਾ ਸਿੰਘ ਲਿਖਦੇ ਹਨ ਕਿ ਗੁਰਦਾਸ ਨੰਗਲ ਤੇ ਫਿਰ ਲਾਹੌਰ ਰਾਹੀ ਸੱਤ ਸੌ ਗੱਢਿਆਂ 'ਤੇ ਸਿੱਖਆਂ ਦੇ ਸਿਰ ਦਿੱਲੀ ਲਿਆਂਦੇ ਗਏ। 2000 ਸਿਰ ਨੇਜ਼ਿਆਂ 'ਤੇ ਟੰਗੇ ਗਏ। 740 ਸਿੱਖ ਸੰਗਲਾਂ 'ਚ ਕੈਦ ਕਰਕੇ ਲਿਆਂਦੇ ਗਏ। ਫਰੁਖ਼ਸ਼ੀਅਰ ਦੇ ਹੁਕਮ ਨਾਲ ਦੋ ਦਰਜ਼ਨ ਦੇ ਲਗਪਗ ਸਿੱਖ ਕਿਲ੍ਹੇ 'ਚ ਕੈਦ ਕਰ ਲਏ ਗਏ ਤੇ ਬਾਕੀ 694 ਸਰਬਰਾਹ ਖ਼ਾਂ ਕੋਤਵਾਲ ਦੇ ਹਵਾਲੇ ਕਰ ਦਿੱਤੇ ਗਏ ਜਿੱਥੇ ਉਹ ਹਰ ਰੋਜ਼ ਸੌ ਸੌ ਨੂੰ ਮੌਤ ਦੇ ਘਾਟ ਉਤਾਰਦਾ ਰਿਹਾ।

ਬੰਦਾ ਬਹਾਦਰ ਦੀ ਸ਼ਹਾਦਤ ਇਕ ਵਿਚਿੱਤਰ ਗਾਥਾ ਹੈ। ਉਸ ਬਾਰੇ ਅਨੇਕਾਂ ਕਹਾਣੀਆਂ ਪ੍ਰਚਿਲਤ ਹਨ। ਮੁਗਲ ਹਾਕਮ ਉਸਦੇ ਨਾਮ ਤੋਂ ਕੰਬਦੇ ਸਨ। ਉਹ ਸਿੱਖਾਂ ਵਿੱਚ ਫੁੱਟ ਪਾ ਕੇ ਬੰਦੇ ਨੂੰ ਪਕੜਨ ਵਿੱਚ ਸਫਲ ਹੋਏ। ਪਰ ਬੰਦਾ ਸਿੰਘ ਬਹਾਦਰ ਨੂੰ ਇਸ ਗੱਲ ਦਾ ਮਾਣ ਹੈ ਕਿ ਉਹਦਾ ਸਿੱਖੀ ਸਿਦਕ ਅਡੋਲ ਰਿਹਾ। ਉਸਦੀ ਸ਼ਹਾਦਤ ਕਿਸੇ ਹੋਰ ਸ਼ਹਾਦਤ ਨਾਲੋਂ ਨਾ ਤਾਂ ਘੱਟ ਗੌਰਵਸ਼ਾਲੀ ਹੈ ਤੇ ਨਾ ਹੀ ਉਹ ਕਦੇ ਭੁਲਾਈ ਜਾ ਸਕਣ ਵਾਲੀ ਹੈ। ਬੰਦਾ ਸਿੰਘ ਬਹਾਦਰ ਇੱਕ ਅੰਮ੍ਰਿਤਧਾਰੀ ਸਿੰਘ ਸੀ ਜਿਸ ਨੇ ਧਰਮ ਬਦਲਣ ਨਾਲੋਂ ਸ਼ਹਾਦਤ ਨੂੰ ਪਹਿਲ ਦਿੱਤੀ। ਉਸਦੀ ਸ਼ਹਾਦਤ ਦਾ ਇਤਿਹਾਸ ਵਿੱਚ ਸੁਨਹਿਰੀ ਸਥਾਨ ਨਿਸ਼ਚਿਤ ਕੀਤਾ ਜਾ ਚੁਕਿਆ ਹੈ।

## ਹਵਾਲੇ ਅਤੇ ਟਿੱਪਣੀਆਂ

1. ਸੈਨਾਪਤਿ ਸ੍ਰੀ ਗੁਰ ਸੋਭਾ (ਸੰਪਾਦਕ ਡਾ. ਗੰਡਾ ਸਿੰਘ), ਪੰਨਾ-55
2. ਡਾ. ਗੋਕਲ ਚੰਡ ਨਾਰੰਗ, ਗਲੋਰੀਅਸ ਹਿਸਟਰੀ ਔਫ ਸਿੱਖੀਇਜ਼ਮ, ਪੰਨਾ-153
3. ਪ੍ਰੋ: ਹਰਬੰਸ ਸਿੰਘ (ਸੰਪ:) ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ I, ਪੰ: 274 ਵਿੱਚ ਹਾਕਮ ਰਾਏ। (ਅਹਿਵਾਲ-ਇ-ਲਛਮਣ ਦਾਸ ਉਰਫ਼ ਬੰਦਾ ਸਾਹਿਬ) ਦੇ ਅਧਾਰ ਤੇ ਉਸ ਨੂੰ ਸੋਢੀ ਗੋਤ ਦਾ ਲਿਖਦੇ ਹਨ, ਜੋ ਸਹੀ ਨਹੀਂ ਹੈ।
4. ਡਾ ਗੰਡਾ ਸਿੰਘ ਸਿੱਖ ਇਤਿਹਾਸ ਬਾਰੇ ਪੰਨਾ-52
5. ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ-79-80 ਤੇ ਸੂਰੂਪ ਸਿੰਘ ਕੋਸ਼ਿਸ਼, ਗੁਰੂ ਕੀਆਂ ਸਾਖੀਆਂ, ਪੰਨਾ 199 'ਤੇ ਲਿਖਿਆ ਹੈ, "ਸਤਿਗੁਰਾਂ ਇਸੇ ਭਾਈ ਦਯਾ ਸਿੰਘ ਆਦਿ ਸਿੱਖਾਂ ਕੋ ਗੈਲ ਲੈ ਆਪਨੇ ਪਾਵਨ ਹਾਥੋਂ ਸੇ ਖੰਡੇ ਕੀ ਪਾਹਿਲੁ ਦੇ ਬੈਰਾਗੀ ਸੇ ਸਿੰਘ ਸਜਾ ਦਿੱਤਾ।"

6. ਸੱਯਦ ਮੁਹੰਮਦ ਲਤੀਫ਼ ਹਿਸਟਰੀ ਆਫ ਦਾ ਪੰਜਾਬ, ਪੰਨਾ-234 ਤੇ ਮੈਕਗਰੇਗਰ ਹਿਸਟਰੀ ਆਫ ਦੀ ਸਿੱਖਸ, ਜਿਲਦ-1, ਪੰਨਾ-106
7. ਪਿਆਰਾ ਸਿੰਘ ਪਦਮ, ਸੰਖੇਪ ਸਿੱਖ ਇਤਿਹਾਸ ਪੰਨਾ-80
8. ਖਾਫੀ ਖਾਂ ਵੀ ਇਸੇ ਵਿਚਾਰ ਦਾ ਹੈ। ਉਸ ਨੇ "ਮੁਨਤਖਿਬ-ਉਲ-ਲਬਾਬ" ਵਿਚ ਇਹੋ ਲਿਖਿਆ ਹੈ।
9. ਗੋਕਲ ਚੰਦ ਨਾਰੰਗ, ਸਿੱਖ ਧਰਮ ਦਾ ਸੁਨਹਿਰੀ ਇਤਿਹਾਸ, ਪੰਨਾ 150 ਤੇ ਸਰਹੰਦ ਉਪਰ ਹਮਲੇ ਦੀ ਤਾਰੀਖ 30 ਮਈ, 1710 ਦਿੰਦਾ ਹੈ ਜੋ ਠੀਕ ਨਹੀਂ।
10. ਸਯਦ ਮੁਹੰਮਦ ਲਤੀਫ਼, ਹਿਸਟਰੀ ਆਫ ਦੀ ਪੰਜਾਬ, ਪੰਨਾ-27
11. ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ—
12. ਸ੍ਵਰੂਪ ਸਿੰਘ ਕੌਸ਼ਿਸ਼, ਗੁਰੂ ਦੀਆਂ ਸਾਖੀਆਂ ਪੰਨਾ-199, ਬਾਜ ਸਿੰਘ ਸ਼ਾਮ ਸਿੰਘ ਤੇ ਭਗਵੰਤ ਸਿੰਘ ਠਠੀਏ ਦੇ ਬੇਟੇ ਤੇ ਭਾਈ ਮਨੀ ਸਿੰਘ ਦੇ ਚਾਚੇ ਦੇ ਪੁੱਤਰ ਸਨ। ਭਗਵੰਤ ਸਿੰਘ ਔਰੰਗਜ਼ੇਬ ਦੇ ਰਾਜ ਵਿੱਚ ਪੰਜ ਹਜ਼ਾਰੀ ਮਨਸਬਦਾਰ ਸੀ। ਇਹ ਸਭ 1716 ਈ. ਨੂੰ ਬੰਦਾ ਸਿੰਘ ਬਹਾਦਰ ਨਾਲ ਦਿੱਲੀ ਸ਼ਹੀਦ ਹੋਏ।
13. ਪ੍ਰੋ: ਹਰਬੰਸ ਸਿੰਘ (ਸੰਪ:) ਇਨਸਾਈਕਲੋਪੀਡੀਆ ਆਫ਼ ਸਿੱਖਇਜ਼ੱਮ, ਜਿਲਦ I, ਪੰ: 274
14. ਮੈਲਕਮ, ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ, ਪੰ: 92
15. ਰਤਨ ਸਿੰਘ ਭੰਗੂ; ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ-130-131
16. ਕਾਫੀ ਖਾਂ, ਮੁਨਤਖਿਬ-ਉਲ-ਲਬਾਬ,ਪੰਨਾ-761
17. ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ-156

# ਭਾਈ ਤਾਰਾ ਸਿੰਘ ਡੱਲ ਵਾਂ

ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ ਤੇ ਸਿੱਖ ਇਤਿਹਾਸ ਨਿਰੰਤਰ ਸ਼ਹਾਦਤਾਂ ਦਾ ਇਤਿਹਾਸ ਹੈ। ਪਿਛਲੇ 400 ਸਾਲਾਂ ਦੇ ਇਤਿਹਾਸ ਵਿੱਚ ਸਿੱਖ ਸ਼ਹੀਦਾਂ ਦੀ ਗਿਣਤੀ ਮਨੁੱਖੀ ਕਲਪਨਾ ਨੂੰ ਚਕਰਾ ਦਿੰਦੀ ਹੈ।

ਇਹਨਾਂ ਸ਼ਹੀਦੀਆਂ ਦਾ ਕਾਰਨ ਹਕੂਮਤ ਦੀਆਂ ਕਠੋਰ ਨੀਤੀਆਂ ਹੀ ਸਨ। ਸਿੱਖ ਅਨਿਆ ਤੇ ਜਬਰ ਦਾ ਵਿਰੋਧ ਕਰਦੇ ਹਨ। ਉਹ ਹੱਥ ਵਿੱਚ ਤਲਵਾਰ ਲੈਕੇ, ਜਾਨ ਕੁਰਬਾਨ ਕਰਨ ਤੋਂ ਕਦੇ ਪਿੱਛੇ ਨਹੀਂ ਹਟਦੇ।

ਅਜਿਹੀ ਇੱਕ ਗਾਥਾ ਤਾਰਾ ਸਿੰਘ ਡਲਵਾਂ ਦੀ ਹੈ। ਤਾਰਾ ਸਿੰਘ ਦੀ ਸੂਰਮਗਤੀ ਦਾ ਸਾਕਾ ਤੇ ਸ਼ਹਾਦਤ ਦਾ ਸੰਬੰਧ ਖਾਨ ਬਹਾਦਰ ਜ਼ਕਰੀਆ ਖ਼ਾਂ ਦੇ ਸਮੇਂ ਦਾ ਹੈ।[1] ਉਸ ਸਮੇਂ ਦਿੱਲੀ ਤੇ ਮੁਹੰਮਦ ਸ਼ਾਹ ਰੰਗੀਲੇ ਦਾ ਰਾਜ ਸੀ।[2] ਖਾਨ ਬਹਾਦਰ ਜ਼ਕਰੀਆ ਖਾਂ ਨੇ ਸਿੱਖਾਂ ਨੂੰ ਕੁਚਲਣ ਲਈ ਆਪਣੇ ਦੀਵਾਨ ਲਖਪਤ ਰਾਇ ਦੀ ਸਲਾਹ ਨਾਲ ਸਿੱਖਾਂ ਨੂੰ ਫੜਨ ਤੇ ਮਾਰਨ ਵਾਸਤੇ ਥਾਂ-ਥਾਂ ਗਸਤੀ ਦਸਤੇ ਭੇਜੇ। ਮੋਮਨ ਖਾਂ ਜਿਹੇ ਫੌਜਦਾਰ ਸਿੰਘਾਂ ਉੱਪਰ ਜ਼ੁਲਮ ਕਰਨ ਲਈ ਸਦਾ ਤਪਰ ਰਹਿੰਦੇ ਸਨ। ਅਜਿਹੇ ਸਮੇਂ ਹੀ ਤਾਰਾ ਸਿੰਘ ਦੀ ਸ਼ਹਾਦਤ ਹੋਈ। ਉਸ ਸ਼ਹਾਦਤ ਪਿੱਛੋਂ ਸਿੱਖ ਲਾਹੌਰ ਦਰਬਾਰ ਦੇ ਕਰਮਚਾਰੀਆਂ ਵਿਰੁੱਧ ਵਧੇਰੇ ਹੀ ਸਰਗਰਮ ਹੋ ਗਏ। ਡਾ. ਗੰਡਾ ਸਿੰਘ ਨੇ ਠੀਕ ਹੀ ਲਿਖਿਆ ਹੈ :"ਜਿਸ ਗੱਲ ਨੇ ਸਿੱਖਾਂ ਨੂੰ ਸਖਤ ਬਦਲੇ ਦੀ ਭਾਵਨਾ ਨਾਲ ਲਾਹੌਰ ਦੇ ਕਰਮਚਾਰੀਆਂ ਵਿਰੁੱਧ ਭੜਕਾਇਆ ਸੀ ਉਹ "ਵਾਂ" ਪਿੰਡ ਦੇ ਤਾਰਾ ਸਿੰਘ ਉੱਤੇ ਹਮਲਾ ਸੀ ਜੋ ਲੜਦਾ ਹੋਇਆ ਮਾਰਿਆ ਗਿਆ ਸੀ।[3]

ਤਾਰਾ ਸਿੰਘ ਦਾ ਪਿੰਡ 'ਵਾਂ' ਅੰਮ੍ਰਿਤਸਰ ਦੇ ਜ਼ਿਲੇ ਵਿੱਚ ਸੀ। ਉਸ ਪਿੰਡ ਦੇ ਨਾਲ ਹੀ ਡਲ ਪਿੰਡ ਹੈ। ਦੋਹਾਂ ਪਿੰਡਾਂ ਨੂੰ ਅਕਸਰ 'ਡੱਲ ਵਾਂ' ਨਾਲ ਸੱਦਿਆ ਜਾਂਦਾ ਹੈ। ਇਹਨਾਂ ਪਿੰਡਾਂ ਦੇ ਨੇੜੇ ਹੀ ਨੌਸ਼ਹਿਰਾ, ਭੜਾਣਾ ਆਦਿ ਸਨ ਜੋ ਹੁਣ ਸਾਰੇ ਪਾਕਿਸਤਾਨ ਵਿੱਚ ਜ਼ਿਲਾ ਲਾਹੌਰ ਵਿੱਚ ਸਨ। ਵੰਡ ਪਿੱਛੋਂ 'ਵਾਂ' ਆਦਿ ਪਿੰਡ, ਲਾਹੌਰ ਦੀ ਤਹਿਸੀਲ ਕਸੂਰ ਨਾਲੋਂ ਚਾਰ ਥਾਣੇ ਤੋੜ ਕੇ ਪੱਟੀ ਨਾਲ ਲਾ ਦਿੱਤੇ ਗਏ। ਵਾਂ ਪਿੰਡ ਹੁਣ ਪੱਟੀ ਤਹਿਸੀਲ ਵਿੱਚ ਹੀ ਪੈਂਦਾ ਹੈ।

ਇਸ ਪਿੰਡ ਵਿੱਚ 1702 ਈ. ਵਿੱਚ ਭਾਈ ਗੁਰਦਾਸ ਦੇ ਘਰ ਤਾਰਾ ਸਿੰਘ ਦਾ ਜਨਮ ਹੋਇਆ। ਤਾਰਾ ਸਿੰਘ ਤੇ ਬਾਰਾ ਸਿੰਘ ਦੋ ਭਰਾ ਤੇ ਇੱਕ ਭੈਣ ਬਿੱਸੋ ਸੀ। ਤਾਰਾ ਸਿੰਘ ਦੋਹਾਂ ਭਰਾਵਾਂ ਵਿੱਚੋਂ ਵੱਡਾ ਸੀ। ਇਹ ਪਰਿਵਾਰ ਬੁੱਟਰ ਜੱਟ ਖ਼ਾਨਦਾਨ ਨਾਲ ਸੰਬੰਧ ਰੱਖਦਾ ਸੀ।[4] ਇਹ ਪਰਿਵਾਰ ਪਿੰਡ 'ਵਾਂ' ਦੀ ਪੱਤੀ 'ਹੇਮੇ ਕੀ' ਵਿੱਚ ਰਹਿੰਦਾ ਸੀ।

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਤਾਰਾ ਸਿੰਘ ਦੇ ਪਿਤਾ ਗੁਰਦਾਸ ਸਿੰਘ

ਨੇ ਸ੍ਰੀ ਗੁਰੂ ਗੋਬਿੰਦ ਸਿੰਘ ਵੇਲੇ ਅੰਮ੍ਰਿਤ ਛਕਿਆ ਸੀ ਤੇ ਉਸਨੇ 6 ਅਪ੍ਰੈਲ 1709 ਈ. ਵਿੱਚ ਭਾਈ ਮਨੀ ਸਿੰਘ ਦੀ ਅਗਵਾਈ ਵਿੱਚ ਲੜੀ ਗਈ ਲੜਾਈ ਵਿੱਚ ਭਾਗ ਲਿਆ ਸੀ।[5] ਅੰਮ੍ਰਿਤਸਰ ਦੇ ਚੂਹੜਮੱਲ ਓਹਰੀ ਦੇ ਦੋ ਪੁੱਤਰ ਸਨ। ਮੁਹਕਮ ਸਿੰਘ ਤਾਂ ਸਿੰਘ ਸਜ ਗਿਆ ਸੀ ਤੇ ਦੂਸਰਾ ਰਾਮ ਜੀ ਮੱਲ ਸਿੱਖਾਂ ਵਿਰੁੱਧ ਸੀ। ਰਾਮ ਜੀ ਮੱਲ ਦੇ ਬਾਗ ਵਿਚੋਂ ਸਿੰਘਾਂ ਨੇ ਸਤੂਤ ਤੋੜ ਲਏ ਤੇ ਝਗੜਾ ਹੋ ਗਿਆ। ਉਹ ਆਪਣੀ ਸਹਾਇਤਾ ਲਈ ਮਾਮਲੇ ਨੂੰ ਰਾਜਸੀ ਰੰਗ ਦੇ ਕੇ ਸਿੱਖਾਂ ਵਿਰੁੱਧ ਸਹਾਇਤਾ ਲੈਣ ਲਈ ਲਾਹੌਰ ਦੌੜ ਗਿਆ। ਲਾਹੌਰ ਤੋਂ ਅਸਲਮ ਖਾਂ ਦੀ ਕਮਾਨ ਹੇਠ ਫੌਜ ਆਈ ਤੇ ਉਸਦੀ ਸਹਾਇਤਾ ਲਈ ਪੱਟੀ ਦੇ ਚੌਧਰੀ ਦੇਵਾ ਅਤੇ ਉਸਦੇ ਬ੍ਰਾਹਮਣ ਦੀਵਾਨ ਹਰ ਸਹਾਇ ਨੇ ਵੀ ਸਹਾਇਤਾ ਲਈ ਸੈਨਿਕ ਦਿੱਤੇ। ਪ੍ਰੰਤੂ ਅਸਮਾਨੀ ਬਿਜਲੀ ਦੇ ਇੱਕ ਕਰਾਮਾਤੀ ਵਰਤਾਰੇ ਨੇ ਹਮਲਾਵਰਾਂ ਨੂੰ ਹਾਰ ਦੇਣ ਵਿੱਚ ਆਪਣਾ ਯੋਗਦਾਨ ਪਾਇਆ। ਬਿਜਲੀ ਪੈਣ ਕਾਰਨ ਹਰ ਸਹਾਇ ਮਾਰਿਆ ਗਿਆ ਤੇ ਸਿੱਖ ਹਮਲਾਵਰਾਂ ਨੂੰ ਖਿੰਡਾਉਣ ਵਿੱਚ ਸਫਲ ਹੋ ਗਏ। ਇਹ ਗੱਲ ਆਮ ਪ੍ਰਚਲਤ ਹੋ ਗਈ ਤੇ ਲੋਕਾਂ ਨੇ ਇਸ ਘਟਨਾ ਨੂੰ ਇਉਂ ਅਮਰ ਕਰ ਦਿੱਤਾ : ਹਰਸਾ ਮਾਰਿਆ, ਦੇਵਾ ਨਠਾ ਅਸਲਾਂ ਗਈ ਲਾਹੌਰ।[6] ਗੁਰਦਾਸ ਸਿੰਘ ਨੇ ਇਸ ਲੜਾਈ ਵਿੱਚ ਭਾਗ ਲਿਆ ਸੀ। ਇਸੇ ਗੁਰਦਾਸ ਸਿੰਘ ਦੇ ਬੀਰ ਸਪੁੱਤਰ ਤਾਰਾ ਸਿੰਘ ਨੇ ਇੱਕ ਵਾਰ ਲਾਹੌਰ ਤੋਂ ਆਈ ਸੈਨਾ ਨੂੰ ਟੱਕਰ ਦੇ ਕੇ ਸਿੰਘਾਂ ਵਿੱਚ ਨਵਾਂ ਜੋਸ਼ ਭਰ ਦਿੱਤਾ।

ਤਾਰਾ ਸਿੰਘ 'ਵਾਂ' ਦੀ ਜੀਵਨ-ਕਥਾ ਬਾਰੇ ਰਤਨ ਸਿੰਘ ਭੰਗੂ ਲਿਖਦਾ ਹੈ :

ਸਾਖੀ ਤਾਰਾ ਸਿੰਘ ਦੀ ਸੁਨ ਸੁ ਬੁੱਧਿ ਨਿਧਾਨ।
ਬਾਂਇ ਡਲ ਮਧ ਸਿੰਘ ਭਯੋ ਬੁੱਟਰ ਗੋਤ ਪ੍ਰਧਾਨ।
ਹਠੀ ਤਪੀ ਜਤਵਾਨ ਰਹਿਤ ਵਹਿ ਰਹੈ ਸੁ ਚੰਗੀ
ਨੀਲ ਬਸਤ੍ਰ ਤਨ ਸਜੈ, ਸਜੈ ਤਨ ਸਸਤਰ ਜੰਗੀ।
ਗੁਰਬਾਣੀ ਹਿਤ ਰਖੇ ਸਿਦਕੇ ਗੁਰ ਦਰਨਨ ਧਾਰੇ।
ਮੁਖ ਤੇ ਕਹੈ ਜੁ ਬਚਨ ਸਤੀ ਜਿਸ ਸੋ ਜਿਮ ਸੋ ਪ੍ਰਿਤਪਾਰੇ।
ਦੰਗੈਯਨ ਮਹਿੰਪ੍ਰਿਥਮ ਉਸੈ ਧਰੀਐ ਨਾਮ ਗਿਣਾਏ।
ਜਾਇ ਬਲਾਇ ਜੁ ਘਰ ਪਰੈ ਲਏ ਅਪਨੇ ਠੀਕ ਟਿਕਾਇ।
ਸੀਸ ਪਰੇ ਹਥ ਪੁਰ ਫਿਰੈ ਕਹਿੰ ਮਰਨੋ ਸੰਕਾਇ।[7]

ਤਾਰਾ ਸਿੰਘ ਸਿੰਘ ਵਾ 25-30 ਸਾਲਾਂ ਦਾ ਗੱਭਰੂ ਸੀ ਤੇ ਜੰਗਲਾਂ ਵਿੱਚ ਛੁਪਿਆ ਸਿੰਘਾਂ ਨੂੰ ਰਸਤ ਪਾਣੀ ਪਹੁੰਚਾਇਆ ਕਰਦਾ ਸੀ।[8] ਉਸਨੇ ਬਾਹਰ ਖੇਤਾਂ ਵਿੱਚ ਹੀ ਆਪਣੀ ਕੁਟੀਆ ਬਣਾਈ ਹੋਈ ਸੀ ਤੇ ਸਿੰਘ ਉਸ ਪਾਸ ਆਉਂਦੇ ਜਾਂਦੇ ਰਹਿੰਦੇ ਸਨ। ਨਾਲ ਹੀ ਉਸਨੇ ਆਪਣੇ ਖੇਤ ਵਿੱਚ ਬੁਰਜ ਤੇ ਕੋਠੇ ਪਵਾ ਰੱਖੇ ਸਨ। ਉਹ ਖੇਤੀ ਵੀ ਕਰਾਉਂਦਾ ਸੀ ਤੇ ਗਰੀਬ ਗੁਰਬੇ ਮੁਸਾਫਰਾਂ ਵਾਸਤੇ ਉਹਦਾ ਲੰਗਰ ਚੱਲਦਾ ਰਹਿੰਦਾ ਸੀ। ਉਸ ਕੋਲ ਪੰਜਾਹ ਬਹਾਦਰ ਸੂਰਬੀਰ ਵੀ ਟਿਕੇ ਰਹਿੰਦੇ ਸਨ। ਉਸਦੇ ਨੇਕ ਸੁਭਾਵ ਕਰਕੇ ਬਾਦਸ਼ਾਹੀ ਨੌਕਰ ਵੀ ਭੱਜਕੇ ਉਹਦੀ ਸ਼ਰਨ ਆ ਜਾਂਦੇ ਸਨ ਤੇ ਉੱਥੇ ਹੀ ਟਿਕੇ ਰਹਿੰਦੇ ਸਨ। ਰਤਨ ਸਿੰਘ ਭੰਗੂ ਵੀ ਲਿਖਦਾ ਹੈ ਕਿ ਜਦ ਬੰਦਾ ਜਿਉਂਦਾ ਸੀ ਤੇ ਉਸਨੇ ਤੁਰਕਾਂ ਨੂੰ

ਹਰਾਇਆ ਸੀ ਤਾਂ ਉਸਨੇ ਸਿੰਘਾਂ ਦੀ ਖੁਸ਼ਾਮਦ ਕਰਕੇ ਮੁਲਕ ਵਿੱਚ ਵੱਸਣ ਲਈ ਤਿਆਰ ਕਰ ਲਿਆ ਸੀ ਤੇ ਸਿੰਘਾਂ ਨੂੰ ਨਾਲ੍ਹ ਰੱਖਦਾ ਸੀ ਤਾਂ ਜੋ ਮੁਸ਼ਕਲ ਘੜੀ ਟਲ ਜਾਏ। ਬੰਦਾ ਸਿੰਘ ਬਹਾਦਰ ਦੇ ਮਰਨ ਤੇ ਮੁਗਲ ਸਿੰਘਾਂ ਨੂੰ ਬਿਨਾਂ ਗੁਨਾਹ ਮਾਰਨ ਲੱਗ ਪਏ ਸਨ। ਤਾਰਾ ਸਿੰਘ ਨੂੰ ਜਾਗੀਰ ਮਿਲੀ ਸੀ ਤੇ ਉਸਨੇ ਆਪਣੀ ਜਾਗੀਰ ਵਿੱਚ ਚੁਬਾਰੇ ਬਣਾਏ ਹੋਏ ਸਨ। ਉਸਨੇ ਪਹਿਲਾਂ ਵਾਂਗ ਹੀ ਸਿਰੜ ਰਖਿਆ ਤੇ ਬਦਲੇ ਸਮੇਂ ਅਨੁਸਾਰ ਉਸ ਵਿੱਚ ਕੋਈ ਬਦਲਾਓ ਨਾ ਆਇਆ। ਉਹ ਆਪਣੇ ਸੁਭਾਅ ਤੋਂ ਰਤਾ ਵੀ ਨਾ ਬਦਲਿਆ ਤੇ ਦੂਸਰਿਆਂ ਦੀ ਲੜਾਈ ਵੀ ਆਪਣੀ ਸਿਰ ਲੈ ਲੈਂਦਾ। ਉਹ ਤੁਰਕਾਂ ਤੋਂ ਰਤਾ ਵੀ ਨਹੀਂ ਡਰਦਾ ਸੀ।

ਜਬ ਬੰਦਾ ਹੁਤ ਜੀਵਤੋਂ ਉਨ ਲੀਨੋ ਤੁਰਕ ਹਰਾਇ।
ਖੁਸ਼ਾਮਦ ਕਰ ਕਰ ਸਿੰਘਨ ਕੀ ਲੇਵੈ ਮੁਲਕ ਬਸਾਇ।
ਲੇਟ ਪੇਟ ਸਿੰਘਨ ਰਖੋ ਤੱਦੀ ਲਖ ਟਲ ਜਾਹਿ।
ਬੰਦੋ ਮਾਰਯੋ ਜਬ ਉਨੈ ਬਿਨ ਪਤਿਓਂ ਸਿੰਘਨ ਖਪਾਇੰ।
ਹੁਤੀ ਤਾਰੇ ਸਿੰਘ ਦਈ ਜਾਗੀਰ। ਚੁਣਯੋ ਥੋ ਤਿਹ ਸਿੰਘ ਬੀਰ।
ਤਾਰੇ ਸਿੰਘ ਨਹਿੰ ਸਮਾਂ ਨਿਹਾਰਯੋ। ਵਹੀ ਰਖਯੋ ਓਨ ਸਿੱਡਾ ਧਾਰਯੋ।
ਪਹਿਲੀ ਬਾਣੋਂ ਟਲੇ ਸੁ ਨਹਿ। ਦੰਗੋ ਫੰਗੋ ਰਖੈ ਮਚਾਇ।

ਤੇ ਇਹ ਲਿਖਣਾ ਕਿ ਉਸਨੇ ਬੰਦਾ ਸਿੰਘ ਬਹਾਦਰ ਦੀਆਂ ਮੁਹਿੰਮਾਂ ਵਿੱਚ ਨਾਮਣਾ ਖੱਟਿਆ ਸੀ, ਸਹੀ ਨਹੀਂ ਹੈ। ਇਹ ਗੱਲ ਉਸਦੇ ਪਿਤਾ ਬਾਰੇ ਤਾਂ ਠੀਕ ਹੈ ਪਰ ਉਹ ਤਾਂ ਉਸ ਸਮੇਂ 8-10 ਸਾਲ ਦਾ ਹੀ ਸੀ; ਉਸ ਬਾਰੇ ਅਜਿਹਾ ਲਿਖਣਾ ਇਤਿਹਾਸਕਾਰਾਂ ਦੀ ਭੁੱਲ ਹੈ। ਸ਼ਹੀਦ ਬਿਲਾਸ 'ਚ ਤਾਰਾ ਸਿੰਘ ਦਾ ਹਰਸਾ, ਦੇਵਾ ਤੇ ਅਸਲਮ ਖਾਂ ਦੀ ਲੜਾਈ ਵਿੱਚ ਸ਼ਾਮਲ ਹੋਣਾ ਲਿਖਿਆ ਹੈ। ਸੇਵਾ ਸਿੰਘ, ਸ਼ਹੀਦ ਬਿਲਾਸ, ਪੰ: 77 ਤੇ ਲਿਖਦਾ ਹੈ :

ਰਾਹ ਜਾਂਦੇ ਲਏ ਕਾਇੰਸ ਮੋਲ। ਦਸਪੰਜ ਦੰਗੱਯਨ ਰੱਖੈ ਸੁ ਕੋਲ।
ਜਿਤ ਕਿਤ ਤੇ ਕੋਊ ਲਯਾਵੇ ਉਲਾਂਭੇ। ਬਹੁਤ ਹਿਤ ਕਰ ਤਿਸ ਵਹਿ ਸਾਂਭੇ।
ਸੋ ਮਰਨੇ ਤੇ ਡਰੇ ਨ ਮੂਲ। ਇਕ ਕਰ ਦੰਗੋ ਰਖੋ ਜ਼ਰੂਰ।
ਔਰ ਤਰਫ ਜੋ ਕਾਇਸ ਜਾਵੇ। ਸਦੇ ਪਾਸ ਦੁਇ ਪਹਿਰ ਕਟਾਵੇ।
ਐਸੀ ਪਰੀ ਤਾਰੇ ਸਿੰਘ ਬਾਣ। ਨਹਿੰ ਮਨਿ ਵੇ ਤੁਰਕਨ ਆਣ।[9]

ਤਾਰਾ ਸਿੰਘ ਆਪਣੇ ਧਰਮ-ਭਰਾਵਾਂ ਦੀ ਹਰ ਵੇਲੇ ਸਹਾਇਤਾ ਕਰਦਾ ਰਹਿੰਦਾ ਸੀ। ਇਸ ਵਾਰ ਨੁਸ਼ਹਿਰ[10] ਦੇ ਇੱਕ ਘਟੀਆ ਨੀਅਤ ਵਾਲੇ ਅਤਿਆਚਾਰੀ ਸਾਹਿਬ ਰਾਏ ਦੀਆਂ ਕਰਤੂਤਾਂ ਕਰਕੇ ਸਥਿਤੀ ਵਿਗੜ ਗਈ। ਇਸਦਾ ਕਾਰਨ ਇਹ ਸੀ ਕਿ ਸਾਹਿਬ ਰਾਏ ਸਿੱਖਾਂ ਦੇ ਖੇਤਾਂ ਵਿੱਚ ਆਪਣੇ ਘੋੜੇ ਚਰਨ ਲਈ ਛੱਡ ਦਿੰਦਾ ਸੀ ਜੋ ਉਹਨਾਂ ਦੇ ਖੇਤਾਂ ਦਾ ਨਾਸ਼ ਕਰ ਦਿੰਦੇ ਸਨ। ਭੰਗੂ ਲਿਖਦਾ ਹੈ :

ਹੁਤੋ ਨੁਸਹਿਰੋ ਪੁਰ ਬਡੇ ਮਧ ਪੰਨੂ ਜੱਟ ਬਸਾਹਿੰ।
ਸਾਹਿਬ ਰਾਇ ਬਡ ਚੌਧਰੀ ਹੁਤੋ ਉਸੈਕੇ ਮਾਹਿ।
ਦੁਇ ਘੋੜੀ ਉਸ ਘਰ ਥੀ ਚੰਗੀ। ਪਰ ਖੇਤੀ ਚਰਾਵਤ ਨਹਿੰ ਸੰਗੀ।
ਤਹਿੰ ਭੀ ਦੁਇ ਸਿੰਘ ਖੇਤੀ ਕਰਾਵਤ। ਸੋ ਘੋੜੀ ਚੌਧਰੀ ਚਰਾਵਤ।

ਤੇ ਸਿੰਘ ਸਾਹਿਬ ਰਾਇ ਪਹਿ ਗਏ। ਬੰਨ੍ਹੋ ਘੋੜੀ ਤੇ ਹਮ ਖੇਤ ਰਹੇ।[11]

ਪਿੰਡ ਭੜਾਣੇ ਦੇ ਦੋ ਸਿੱਖ ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨੇ ਚੌਧਰੀ ਨੂੰ ਰੋਕਿਆ ਕਿ ਉਹ ਘੋੜੀਆਂ ਉਹਨਾਂ ਦੇ ਖੇਤਾਂ 'ਚ ਨਾ ਛੱਡੇ[12] ਤਾਂ ਉਸਨੇ ਉੱਤਰ ਦਿੱਤਾ ਕਿ "ਤੁਸੀਂ ਆਪਣੇ ਖੇਤਾਂ 'ਚ ਮੇਰੇ ਘੋੜਿਆਂ ਦੇ ਖੁਲ੍ਹ ਫਿਰਨ ਦੀ ਗੱਲ ਕਰਦੇ ਹੋ। ਮੈਂ ਤੁਹਾਨੂੰ ਦੱਸਦਾ ਹਾਂ ਕਿ ਮੇਰੀ ਕੈਂਚੀ ਤੁਹਾਡੀਆਂ ਦਾੜ੍ਹੀਆਂ ਤੇ ਲੰਮੇ ਕੇਸਾਂ ਤੇ ਜਦ ਬੇਰੋਕ ਟੋਕ ਚੱਲੇਗੀ ਤਾਂ ਮੈਂ ਉਹਨਾਂ ਵਾਲਾਂ ਦੇ ਰੱਸੇ ਬਣਾ ਕੇ ਹੀ ਘੋੜੀਆਂ ਬੰਨ੍ਹਾਂਗਾ।"[13]

ਮਾਰਿਆ ਹਰਸ੍ਹ ਬੀਚ ਮੈਦਾਨੇ ਤਾਰਾ ਸਿੰਘ ਡੱਲ ਵਾਈਂ।
ਸੇਵਾ ਹਰੀ, ਰਾਮਦਾਸ ਗੁਰੂ ਨੇ ਖਾਲਸੈ ਪੈਜ ਰਖਾਈ।

ਇਸਦੇ ਦੋ ਹੀ ਅਰਥ ਹਨ ਇਕ ਤਾਂ ਇਹ ਲੜਾਈ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਪਿਛੋਂ ਹੋਈ ਹੈ ਜਿਵੇਂ ਡਾ. ਏ.ਸੀ. ਅਰੋੜਾ ਲਿਖਦਾ ਹੈ ਤਾਂ ਜਾਂ ਫਿਰ ਉਸਦਾ ਜਨਮ 1702 ਈਸਵੀ ਤੋਂ ਬਹੁਤ ਹੀ ਪਹਿਲਾਂ ਹੋਇਆ ਹੋਵੇਗਾ ਤਾਂ ਹੀ ਉਹ ਬੰਦਾ ਬਹਾਦਰ ਦੇ ਸਮੇਂ ਦੇ ਯੁੱਧਾਂ ਵਿੱਚ ਹਿੱਸਾ ਲੈ ਸਕਿਆ ਹੋਵੇਗਾ।

ਰਤਨ ਸਿੰਘ ਭੰਗੂ ਲਿਖਦਾ ਹੈ :

"ਤੇ ਸਿੰਘ ਰਾਇ ਪਹਿ ਗਏ। ਬੰਨ੍ਹੋ ਘੋੜੀ ਤੋ ਹਮ ਖੇਤ ਰਹੇ।'
ਤੇ ਚੌਧ੍ਰੀ ਕਹੀ ਸਿੰਘਨ ਉਚਾਰ। ਤੁਮ ਘੋੜੀ ਰਖਾਵੋ, ਹਮ ਮੁੰਨੇ ਚਹੈਂ ਤੁਮ ਵਾਰ।
ਸੁਨ ਸਿੰਘ ਤਨ ਮਨ ਲਗੀ ਆਗ। "ਕਹੈਂ ਕਹਾਂ ਕਰੇ ਕਿਛੁ ਕਾਬੂ ਨ ਲਾਗ।
ਬਹੁ ਟਬਰਦਾਰੀ ਹੈ ਪਿੰਡ ਮਾਂਹਿ। ਨਹੀਂ ਮਾਰ ਮਰਤ ਤੁਮ ਕੋ ਅਬ ਥਾਂਇ।[14]

ਬੜੇ ਦੁਖੀ ਹੋਕੇ ਭੁੱਸੇ ਪਿੰਡ ਵਿੱਚ ਬਘੇਲ ਸਿੰਘ ਤੇ ਅਮਰ ਸਿੰਘ ਢਿੱਲੋ ਪਾਸ ਗਏ। ਉਹਨਾਂ ਨੇ ਬਘੇਲ ਸਿੰਘ ਤੇ ਅਮਰ ਸਿੰਘ ਢਿੱਲੋਂ ਨੂੰ ਪਿੰਡ ਬੁਲਾ ਕੇ ਘੋੜੀਆਂ ਫੜਵਾ ਦਿੱਤੀਆਂ। ਭੁੱਸੇ ਦੇ ਸਿੰਘਾਂ ਨੇ ਉਹ ਘੋੜੀਆਂ ਘੜਿਆਲਾ (ਅੰਮ੍ਰਿਤਸਰ) ਦੇ ਸਰਦਾਰ ਲਖਮੀਰ ਸਿੰਘ ਕੋਲ ਪਹੁੰਚਾ ਦਿੱਤੀਆਂ। ਉਸਨੇ ਅੱਗੋਂ ਮਾਲਵੇ ਵਿੱਚ ਜਾ ਕੇ ਸਰਦਾਰ ਆਲਾ ਸਿੰਘ ਕੋਲ ਵੇਚ ਦਿੱਤੀਆਂ ਤੇ ਉਹਨਾਂ ਰੁਪਿਆ ਦੀ ਰਸਦ ਖ਼ਰੀਦ ਕੇ ਤਾਰਾ ਸਿੰਘ ਵਾਂ ਦੇ ਪਿੰਡ ਗੁਰਦਵਾਰੇ ਵਿੱਚ ਸਿੰਘਾਂ ਤੇ ਲੋੜਵੰਦਾਂ ਲਈ ਚੱਲਦੇ ਲੰਗਰ ਵਿੱਚ ਪਾ ਦਿੱਤੀ।

ਚੌਧਰੀ ਸਾਹਿਬ ਰਾਇ ਨੂੰ ਆਪਣੀਆਂ ਘੋੜੀਆਂ ਦੇ ਚੋਰਾਂ ਦਾ ਪਤਾ ਲੱਗ ਗਿਆ। ਉਹ ਆਪਣੇ ਕੁਝ ਆਦਮੀ ਲੈਕੇ ਅਮਰ ਸਿੰਘ ਤੇ ਬਘੇਲ ਸਿੰਘ ਨੂੰ ਗ੍ਰਿਫਤਾਰ ਕਰਨ ਗਿਆ। ਉਨ੍ਹਾਂ ਨੇ ਭੱਜ ਕੇ ਤਾਰਾ ਸਿੰਘ ਕੋਲ ਸ਼ਰਨ ਲੈ ਲਈ। ਸਾਹਿਬ ਰਾਇ ਅਤੇ ਉਸਦੇ ਸਾਥੀ ਤਾਰਾ ਸਿੰਘ ਕੋਲ ਪਹੁੰਚ ਗਏ। ਉਹਨਾਂ ਨੇ ਤਾਰਾ ਸਿੰਘ ਨੂੰ ਨਤੀਜੇ ਭੁਗਤਣ ਦੀ ਧਮਕੀ ਦਿੱਤੀ। ਜਦੋਂ ਚੌਧਰੀ ਨੇ ਉਹ ਆਦਮੀ ਉਸਨੂੰ ਚੋਰ ਹਵਾਲੇ ਕਰਨ ਲਈ ਕਿਹਾ ਤਾਂ ਤਾਰਾ ਸਿੰਘ ਨੇ ਕਿਹਾ, "ਜੋ ਲੋਕਾਂ ਦੇ ਖੇਤਾਂ ਦੇ ਡੰਗਰ ਖੁਲ੍ਹੇ ਛੱਡਦਾ ਹੈ ਉਹ ਚੋਰ ਹੈ ਨਾ ਕਿ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ।" ਚੌਧਰੀ ਅੱਗ ਬਗੋਲਾ ਹੋ ਗਿਆ ਤੇ ਕਹਿਣ ਲੱਗਾ, "ਜੇ ਤੂੰ ਮੇਰੇ ਚੋਰ ਮੇਰੇ ਹਵਾਲੇ ਨਾ ਕੀਤੇ ਤਾਂ ਛਿੱਤਰ ਵੀ ਫੇਰਾਂਗਾ।" ਤਾਰਾ ਸਿੰਘ

ਨੇ ਉੱਤਰ ਦਿੱਤਾ, "ਜਿਹੜਾ ਸੰਤਾਂ ਨੂੰ ਛਿੱਤਰ ਮਾਰਨ ਦੀ ਗੱਲ ਕਰਦਾ ਹੈਂ, ਉਸਨੂੰ ਛਿੱਤਰਾਂ ਨਾਲ ਹੀ ਏਥੋਂ ਕੱਢਿਆ ਜਾਵੇਗਾ।" ਉਸ ਵਿੱਚ ਇੱਕ ਸਿੱਖ ਨੇ ਇਸ਼ਾਰਾ ਸਮਝ ਕੇ ਚੌਧਰੀ ਨੂੰ ਛਿੱਤਰਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਸਾਹਿਬ ਰਾਏ ਰੋਂਦਾ ਕੁਰਲਾਉਂਦਾ ਚਲਾ ਗਿਆ ਤੇ ਪੱਟੀ ਦੇ ਫੌਜਦਾਰ ਕੋਲ ਜਾ ਸ਼ਿਕਾਇਤ ਕੀਤੀ।"[15] ਘੋੜੀਆਂ ਕੱਢ ਲਿਜਾਉਣ, ਵੇਚਣ ਤੇ ਪੈਸੇ ਲੰਗਰ ਵਿੱਚ ਪਾਉਣ ਦੀ ਵਾਰਤਾ ਤੇ ਫਿਰ ਚੌਧਰੀ ਸਾਹਿਬ ਰਾਏ ਦੇ 'ਵਾਂ' ਆਕੇ ਤਾਰਾ ਸਿੰਘ ਨੂੰ ਡਰਾਉਣ ਦੀ ਸਾਰੀ ਕਹਾਣੀ ਰਤਨ ਸਿੰਘ ਭੰਗੂ ਨੇ ਬੜੇ ਵਿਸਥਾਰ ਨਾ ਬਿਆਨ ਕੀਤੀ ਹੈ :—

ਜੋ ਰਾਏ ਸਿੰਘ ਦੁਖਤ ਭੁਸਯੋ ਗਿਰਾਇ।
ਹੁਤ ਬਘੇਲ ਸਿੰਘ ਅਮਰ ਸਿੰਘ ਢਿਲੋਂ ਖਾਇ।
ਸੱਦ ਉਨਕੋ ਦਈ ਘੋੜੀ ਕਢਾਇ।
ਉਨ ਆਗੇ ਦਈ ਘਰਿਆਲੇ ਪੁਚਾਇ।
ਅਗੋ ਲੋ ਲਖਮੀਰ ਸਿੰਘ ਸੰਧੂ ਜੰਗਲ ਬੇਚੀ ਜਾਇ।
ਫਿਰ ਬਾਂਇ ਤਾਰੇ ਸਿੰਘ ਪਹਿ ਦਏ ਲੰਗਰ ਪੈਸੇ ਪਾਇ।
ਮਗਰ ਸਾਹਿਬ ਰਾਇ ਸੇਲੂ ਦੌੜੇ। ਲੇ ਪੁਜੇ ਖੋਜ ਸੋ ਭੀ ਤਿਸ ਠੌੜੇ।

..........................................................................

ਤੇ ਨਠ ਆਇਬਹੇ ਤਾਰੇ ਸਿੰਘ ਪਾਸ। ਵਹ ਜੋ ਜੀਵਨ ਰਖ ਨ ਆਸ।
ਤਹਿ ਹੀ ਆਪ ਸਾਹਿਬ ਰਾਇ ਆਇਆ। ਆਇਤਾਰੇ ਸਿੰਘ ਬੋਲ ਸੁਨਾਯਾ।
'ਹਮਰੇ ਦੇਹੁ ਤੂੰ ਚਰ ਫੜਾਇ। ਨਹਿੰ ਦੇਹੈਂ, ਲਿਊ ਲਾਹੌਰ ਮੰਗ ਵਾਇ।
ਅਬ ਤੂੰ ਰਖ ਇਨ ਖੂਬ ਸੰਭਾਲ। ਮਤ ਕਤ ਲੁਕ ਜਾਵੈ ਤੁਮ ਗਾਲ।'
ਸਿੰਘ ਕਹੀ ਏਹ ਸਿੰਘ ਨਹਿ ਚੋਰ। ਤੁਹੀਂ ਚਰਾਵਹਿ ਖੇਤੀ ਕਰ ਜੋਰ।
ਕਰੇ ਇਨਸਾਫ ਲਏ ਤੈਨੂੰ ਲੂਟ। ਹਮਰੀ ਜਿੰਦ ਤੇ ਨਵਾਬ ਕਯਾ ਲੈ ਕੂਟ।[16]

ਸਾਹਿਬ ਰਾਇ ਨੇ ਪੱਟੀ ਦੇ ਫੌਜਦਾਰ ਜਾਫਰ ਬੇਗ ਕੋਲ ਸ਼ਿਕਾਇਤ ਕੀਤੀ ਜੋ ਅੱਸੀ ਪਯਾਦੇ ਤੇ ਪੰਞੀ ਅਸਵਾਰ ਲੈਕੇ 'ਵਾਂ' ਪਿੰਡ ਤੇ ਚੜ੍ਹ ਆਇਆ। ਬਘੇਲ ਸਿੰਘ ਦਾ ਜਾਫਰ ਬੇਗ ਦੀ ਅਗਵਾਈ ਵਿੱਚ ਵਾੜੇ ਦੇ ਬਾਹਰ ਹੀ ਟਾਕਰਾ ਹੋ ਗਿਆ। ਬੰਦੂਕਾਂ ਦੀ ਆਵਾਜ਼ ਸੁਣਕੇ ਵਾੜੇ ਵਿਚਲੇ ਸਿੰਘ ਭੀ ਸ਼ਸਤਰ ਲੈ ਕੇ ਆ ਗਏ। ਜਾਫਰ ਬੇਗ ਦਾ ਭਤੀਜਾ ਲੜਾਈ ਵਿੱਚ ਮਾਰਿਆ ਗਿਆ। ਇਸ ਲੜਾਈ ਵਿੱਚ ਬਘੇਲ ਸਿੰਘ ਵੀ ਮਾਰਿਆ ਗਿਆ ਪਰ ਉਸਨੇ ਲਗਪਗ 50 ਸੈਨਿਕ ਮਾਰ ਮੁਕਾਏ। ਜਾਫਰ ਬੇਗ ਨੱਠ ਜਾਣ ਲਈ ਮਜਬੂਰ ਹੋ ਗਿਆ :

ਹੁਇ ਚਾਲੂ ਫਜੁਦਾਰ ਮੁੜ ਉਤਰਯੋ ਕੰਬੋ ਕੀ ਜਾਇ।
ਉਨ ਡੇਰ ਲਹੌਰੇ ਰੁਖ ਕੀ ਬੋ ਫਿਰਯਾਦ ਨਬਾਬਹਿ ਪਾਇ।[17]

ਲਾਹੌਰ ਦੇ ਸਿੱਖਾਂ ਨੇ ਇਸ ਹਮਲੇ ਦੀ ਖ਼ਬਰ ਦੇਣ ਲਈ ਤਾਰਾ ਸਿੰਘ ਨਾਂ ਦੀ ਕੁਟੀਆ ਵੱਲ ਸਿੰਘ ਦੁੜਾਏ। ਉਸਨੂੰ ਕਿਹਾ ਗਿਆ ਕਿ ਉਹ ਕਿਸੇ ਥਾਂ ਲੁਕ ਜਾਵੇ।[18]

ਤਾਰਾ ਸਿੰਘ ਨੇ ਇਹ ਸੰਦੇਸ਼ ਸਾਰੇ ਹਾਜ਼ਰ ਸਿੱਖਾਂ ਨੂੰ ਦੱਸ ਦਿੱਤਾ ਪਰ ਉਸਨੇ ਆਪਣਾ

ਇਰਾਦਾ ਉੱਥੇ ਦ੍ਰਿੜ੍ਹਤਾ ਨਾਲ ਟਿਕੇ ਰਹਿਣ ਦਾ ਦਰਸਾ ਦਿੱਤਾ। ਫਲਸਰੂਪ ਇੱਕ ਵੀ ਸਿੱਖ ਉਥੋਂ ਜਾਣ ਲਈ ਤਿਆਰ ਨਾ ਹੋਇਆ।

ਮੋਮਨ ਖਾਂ ਦੀ ਵੀ ਫੌਜ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਆ ਪਹੁੰਚੀ। ਸਿੰਘ ਵੀ ਤੀਰ ਚਲਾਉਣ ਲੱਗੇ ਤੇ ਗੋਲੀਆਂ ਦਾ ਮੀਂਹ ਵਸਾਉਂਦੇ ਰਹੇ। ਦੋਹਾਂ ਪਾਸਿਆਂ ਤੋਂ ਭਿਆਨਕ ਗੋਲੀਬਾਰੀ ਹੁੰਦੀ ਰਹੀ। ਜਦੋਂ ਸਿੰਘਾਂ ਦਾ ਗੋਲਾ ਬਾਰੂਦ ਮੁੱਕ ਗਿਆ ਤਾਂ ਫਿਰ ਤੀਰਾਂ ਬਰਛਿਆਂ ਤੇ ਤਲਵਾਰਾਂ ਲੈਕੇ ਸਿੰਘ ਵਾੜੇ 'ਚੋਂ ਬਾਹਰ ਆਕੇ ਵੈਰੀ ਤੇ ਟੁੱਟ ਪਏ।

ਮੋਮਨ ਖਾਂ ਦੇ ਨਾਇਬ ਤਕੀ ਬੇਗ ਖਾਂ ਨੇ ਤਾਰਾ ਸਿੰਘ ਨੂੰ ਵੇਖ ਕੇ ਉਸ ਵੱਲ ਆਪਣਾ ਹਾਥੀ ਅੱਗੇ ਵਧਾਇਆ। ਤਾਰਾ ਸਿੰਘ ਨੇ ਵੀ ਵੇਖਿਆ ਕਿ ਤਕੀ ਬੇਗ ਹੀ ਉਸਦੇ ਟਾਕਰੇ ਦਾ ਹੈ, ਉਸਨੇ ਵੀ ਆਪਣਾ ਘੋੜਾ ਉਸ ਵੱਲ ਤੋਰਿਆ। ਤਕੀ ਬੇਗ ਨੇ ਇੱਕ ਤੀਰ ਛੱਡਿਆ ਜੋ ਤਾਰਾ ਸਿੰਘ ਦੀ ਦਸਤਾਰ ਤੇ ਲੱਗੀ ਕਲਗੀ ਨੂੰ ਚੀਰ ਗਿਆ। ਉਸਨੇ ਆਪਣਾ ਬਚਾਅ ਕਰਦਿਆਂ ਆਪਣਾ ਨੇਜ਼ਾ ਮੋੜ ਕੇ ਤਕੀ ਬੇਗ ਵੱਲ ਚਲਾਇਆ। ਤਕੀ ਬੇਗ ਨੇ ਢਾਲਾਂ ਨਾਲ ਆਪਣਾ ਸਰੀਰ ਲੁਕੋਇਆ ਹੋਇਆ ਸੀ। ਤਾਰਾ ਸਿੰਘ ਨੇ ਤਕੀ ਬੇਗ ਦੇ ਮੂੰਹ ਵੱਲ ਬਰਛਾ ਮਾਰਿਆ ਜਿਸ ਨਾਲ ਉਹ ਜ਼ਖਮੀ ਹੋ ਗਿਆ ਤੇ ਪਿੱਛੇ ਨੂੰ ਮੁੜਿਆ। ਮੋਮਨ ਖਾਂ ਨੇ ਜਦੋਂ ਤਕੀ ਬੇਗ ਦੇ ਮੂੰਹ 'ਚੋਂ ਖੂਨ ਵਗਦਾ ਵੇਖਿਆ ਤਾਂ ਮਖੌਲ ਨਾਲ ਕਿਹਾ, "ਮਿਰਜਾ ਜੀ, ਪਾਨ ਚਬਾ ਰਹੇ ਹੋ?" ਤਾਂ ਉਸੇ ਹੀ ਸੁਰ ਵਿੱਚ ਕਿਹਾ, "ਹਾਂ, ਤਾਰਾ ਸਿੰਘ ਪਾਨ ਬੀੜੇ ਦੇ ਰਿਹਾ ਹੈ। ਤੁਸੀਂ ਵੀ ਅੱਗੇ ਹੋ ਕੇ ਲੈ ਲਵੋ।"[19] ਮਿਰਜ਼ਾ ਤਕੀ ਬੇਗ, ਥੋੜੇ ਚਿਰ ਪਿੱਛੋਂ, ਜ਼ਖਮਾਂ ਨਾਲ ਮਰ ਗਿਆ।

ਹੁਣ ਮੋਮਨ ਖਾਂ ਦਾ ਭਤੀਜਾ ਮੁਰੀਦ ਖਾਂ ਹਮਲੇ ਲਈ ਅੱਗੇ ਵਧਿਆ। ਭੀਮ ਸਿੰਘ ਨੇ ਮੁਰੀਦ ਖਾਂ ਦੇ ਹਾਥੀ ਦੇ ਮਹਾਵਤ ਦੇ ਭਾਲਾ ਮਾਰਿਆ। ਫਿਰ ਉਹ ਹਾਥੀ ਉੱਪਰ ਜਾ ਲਪਕਿਆ ਤੇ ਉਸਨੂੰ ਕੰਨ ਤੋਂ ਫੜ ਕੇ ਬਿਠਾ ਲਿਆ। ਲਖਬੀਰ ਸਿੰਘ ਜੋ ਨੇੜੇ ਹੀ ਖੜਾ ਸੀ ਉਸ ਨੇ ਮੁਰੀਦ ਖਾਂ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ।

ਹੁਣੇ ਦਇਆ ਰਾਮ ਤੇ ਮਨਸਾ ਰਾਮ ਪੂਰਬੀਏ, ਜੋ ਸ਼ਾਹੀ ਫੌਜ ਦੇ ਅਫਸਰ ਸਨ, ਸਿੱਖਾਂ ਤੇ ਹਮਲਾ ਕਰਨ ਲਈ ਅੱਗੇ ਵਧੇ। ਅਮਰ ਸਿੰਘ ਨੇ ਦੋਹਾਂ ਨੂੰ ਹੀ ਪਾਰ ਬੁਲਾਇਆ। ਭਾਈ ਤਾਰਾ ਸਿੰਘ ਵੀ ਸਖਤ ਜਖ਼ਮੀ ਹੋ ਗਿਆ ਤੇ ਸ਼ਹਾਦਤ ਪਾ ਗਿਆ। ਹਮਲਾਵਰਾਂ ਦੇ ਤਿੰਨ ਸੌ ਸਿਪਾਹੀ ਮਰੇ ਤੇ ਬਹੁਤ ਸਾਰੇ ਜ਼ਖਮੀ ਹੋ ਗਏ। ਤਾਰਾ ਸਿੰਘ ਤੋਂ ਬਿਨਾਂ 22 ਸਿੰਘ ਵੀ ਸ਼ਹੀਦ ਹੋਏ ਜਿਹਨਾਂ ਦੇ ਨਾਮ ਹਨ : ਵਸਾਵਾ ਸਿੰਘ, ਕੌਇਰ ਸਿੰਘ, ਸਮੁੰਦ ਸਿੰਘ, ਝਾਬ ਸਿੰਘ, ਸੁੱਚਾ ਸਿੰਘ ਖਾਲੜਾ, ਲਖਬੀਰ ਸਿੰਘ ਘੜਿਆਲ, ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਭੜਾਣਾ, ਭੀਮ ਸਿੰਘ ਤੇ ਬਾਦਲ ਸਿੰਘ ਰੱਤੋ ਕੀ, ਮੇਘ ਸਿੰਘੇ ਮਧਰਾ, ਹਾਤਾ ਸਿੰਘ ਚੂੰਘ, ਬਲਾਕਾ ਸਿੰਘ ਸੰਗਵਾਂ, ਜੋਧ ਸਿੰਘ ਬਾਜਵਾ ਨਾਰੋਕੇ, ਬੋਘੜ ਸਿੰਘ ਤੇ ਰਸਾਲ ਸਿੰਘ ਪਸ਼ੌਰੀਏ, ਅਮਰ ਸਿੰਘ ਭੁੱਸਾ, ਰੱਤਾ ਸਿੰਘ ਤੇ ਫੱਤਾ ਸਿੰਘ ਬਾਠ।[20]

ਮੋਮਨ ਖਾਂ ਜਿੱਤ ਦੇ ਡੰਕੇ ਵਜਾਉਂਦਾ ਹੋਇਆ ਲਾਹੌਰ ਨੂੰ ਮੁੜ ਗਿਆ। ਇਹ ਸਾਕਾ ਫਰਵਰੀ 1726 ਨੂੰ ਵਾਪਰਿਆ।[21]

ਤਾਰਾ ਸਿਘ 'ਵਾਂ' ਨੇ ਆਪਣੀ ਸ਼ਹਾਦਤ ਤਾਂ ਦੇ ਦਿੱਤੀ ਪਰ ਸ਼ਰਨ ਆਏ ਸਿੰਘਾਂ ਨੂੰ ਵੈਰੀ ਦੇ ਹਵਾਲੇ ਨਾ ਕੀਤਾ :

ਤਾਰੇ ਸਿੰਘ ਸ਼ਹੀਦੀ ਪਾਈ। ਸਿੰਘ ਨਿਭੇ ਉਸ ਮੰਗ ਸਭ ਬਾਈ।
ਇਸ ਤਾਰੇ ਸਿੰਘ ਜੀ ਸਾਕੋ ਕੀਆ।
ਮਸਾਹੂਰ ਸਭ ਜਗ ਮੈ ਥੀਆ।
ਗੁਰ ਕੇ ਵਾਕ ਜਿਸ ਐਸ ਕਸੱਯਾ।
ਸੀਸ ਦਯੋ ਪਰ ਸਿਰਰ ਨ ਦਯਾ।[22]

ਤਾਰਾ ਸਿੰਘ ਦੀ ਪ੍ਰਸਿੱਧੀ ਦੂਰ ਦੂਰ ਫੈਲ ਗਈ ਤੇ ਸਿੱਖ ਆਪਣੀਆਂ ਲੁਕਣਗਾਹਾਂ ਤੋਂ ਬਾਹਰ ਆਉਣੇ ਸ਼ੁਰੂ ਹੋ ਗਏ। ਉਹਨਾਂ ਨੇ ਮਾਝਾ ਖੇਤਰ ਵਿੱਚ ਸਰਕਾਰੀ ਖ਼ਜ਼ਾਨੇ ਲੁੱਟ ਕੇ ਆਪਣੀ ਹੋਂਦ ਜਿਤਾਉਣੀ ਸ਼ੁਰੂ ਕਰ ਦਿੱਤੀ। ਤਾਰਾ ਸਿੰਘ ਦੀ ਸ਼ਹਾਦਤ ਪਿੱਛੋਂ ਸਿੱਖ ਅੰਮ੍ਰਿਤਸਰ ਇਕੱਠੇ ਹੋਏ ਤੇ ਗੁਰਮਤਾ ਪਾਸ ਕਰਕੇ ਨਿਰਣਾ ਲਿਆ ਕਿ ਲੁੱਟਮਾਰ ਤੇ ਗੜਬੜੀ ਫੈਲਾਉ ਦ ਰਾਹ ਅਪਣਾਇਆ ਜਾਵੇ।[23] ਤਾਰਾ ਸਿੰਘ ਦੀ ਬੀਰਤਾ ਭਰਪੂਰ ਸ਼ਹਾਦਤ ਰਾਹ ਬਣਾ ਗਈ ਤੇ ਮੁਗਲਾਂ-ਸਿੱਖਾਂ ਦੇ ਸੰਘਰਸ਼ ਉਪਰ ਅਮਿੱਟ ਪ੍ਰਭਾਵ ਪਾ ਗਈ।

## ਹਵਾਲੇ ਅਤੇ ਟਿੱਪਣੀਆਂ

1. ਉਹ ਪੰਜਾਬ ਦੇ ਸੂਬੇਦਾਰ ਦਾ ਪੁੱਤਰ ਸੀ। ਉਸਨੂੰ 1726 ਵਿੱਚ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ ਗਿਆ ਤੇ ਉਸਦੀ ਥਾਂ ਤੇ ਉਸਦਾ ਪੁੱਤਰ ਖਾਨ ਬਹਾਦਰ ਜ਼ਕਰੀਆ ਖ਼ਾਂ ਨੇ 1726 ਤੋਂ 45 ਈ: ਤੱਕ ਬੜੀ ਸਖਤੀ ਨਾਲ ਲਾਹੌਰ ਵਿੱਚ ਸੂਬੇਦਾਰੀ ਸੰਭਾਲੀ।
2. ਮੁਹੰਮਦ ਸ਼ਾਹ ਰੰਗੀਲਾ 1719 ਤੋਂ 1748 ਤੱਕ ਹਿੰਦੁਸਤਾਨ ਦਾ ਬਾਦਸ਼ਾਹ ਰਿਹਾ। ਉਹ ਬਹਾਦਰ ਸ਼ਾਹ ਦਾ ਪੋਤਰਾ ਤੇ ਜਹਾਂਦਾਰ ਸ਼ਾਹ ਦਾ ਭਤੀਜਾ ਸੀ।
3. ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (ਅਨੁਵਾਦਕਿ ਡਾ. ਭਗਤ ਸਿੰਘ) ਪੰ: 116
4. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਕੇ ਸ਼ੇਰ, ਪੰ: 404 ਤੇ ਪੰਡਾ ਵਹੀ ਪ੍ਰੋਹਤ ਮੰਨੂੰ ਲਾਲ ਰਾਮ ਦਿੱਤਾ ਮੱਲ ਤੇ ਉਸਦੇ ਪੁੱਤਰ ਹਰਦੁਆਰ ਦੇ ਹਵਾਲੇ ਨਾਲ ਤਾਰਾ ਸਿੰਘ ਦੇ ਪਿਤਾ ਦਾ ਨਾਮ ਚੌਧਰੀ ਅਟਲ ਰਾਇ ਲਿਖਦਾ ਹੈ। ਸੰਭਵ ਹੈ ਕਿ ਅੰਮ੍ਰਿਤ ਛਕਣ ਉਪਰੰਤ ਉਸਦਾ ਨਾਮ ਗੁਰਦਾਸ ਸਿੰਘ ਰੱਖਿਆ ਗਿਆ ਹੋਵੇ।
5. ਇਨਸਾਈਕਲੋਪੀਡੀਆ ਆਫ ਸਿੱਖਇਜ਼ਮ (ਡਾ.ਭਗਤ ਸਿੰਘ ਵਲੋਂ ਇੰਦਰਾਜ਼) ਪੰ: 114 ਨੇ ਇਸ ਘਟਨਾ ਦਾ ਸਾਲ 1709 ਈ. ਦਿੱਤਾ ਹੈ ਜਦੋਂ ਕਿ ਏ.ਸੀ. ਅਰੋੜਾ ਇਹ ਘਟਨਾ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਮਗਰੋਂ ਦੀ ਹੋਈ ਲਿਖਦਾ ਹੈ, ਵੇਖੋ : ਪੰਜਾਬ ਦਾ ਇਤਿਹਾਸ-II, ਪੰ: 57

6. ਕੇਸਰ ਸਿੰਘ ਛਿੱਬਰ, ਬੰਸਾਵਾਲੀਨਾਮਾ ਦਸਾਂ ਪਾਤਸ਼ਾਹੀਆਂ ਦਾ, ਪੰ: 190
7. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 187-188
8. ਡਾ. ਗੰਡਾ ਸਿੰਘ, ਸਿੱਖ ਇਤਿਹਾਸ ਪੰ: 1163 ਏ.ਸੀ. ਅਰੋੜਾ, ਪੰਜਾਬ ਦਾ ਇਤਿਹਾਸ, ਪੰ: 58
9. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ, ਪੰ: 188
10. ਨੌਸ਼ਹਿਰਾ ਬਾਰੇ ਇਤਿਹਾਸਕਾਰਾਂ 'ਚ ਮੱਤਭੇਦ ਹੈ। ਰਤਨ ਸਿੰਘ ਭੰਗੂ ਸਾਹਿਬ ਰਾਏ ਨੂੰ ਨੌਸ਼ਹਿਰਾ ਪੰਨੂਆ ਲਿਖਦਾ ਹੈ ਜਦੋਂ ਕਿ ਉਹ ਭੂੱਸੇ ਭੜਾਣਾ ਆਦਿ ਪਿੰਡਾਂ ਕੋਲ ਨੁਸ਼ਹਿਰਾਂ ਦਾ ਰਹਿਣ ਵਾਲਾ ਸੀ।
11. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਾਸ, ਪੰ: 188
12. ਡਾ. ਗੁਰਚਰਨ ਸਿੰਘ ਔਲਖ, ਸ੍ਰੋਮਣੀ ਸ਼ਹੀਦ, ਪੰ: 94
13. ਡਾ. ਗੰਡਾ ਸਿੰਘ, ਸਿੱਖ ਇਤਿਹਾਸ, ਪੰ: 117
14. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 189
15. ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ ਤੇ ਰਣਜੀਤ ਸਿੰਘ, ਪੰ: 163
16. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 189
17. ਉਹੀ, ਪੰਨਾ 191
18. ਇਹ ਸੁਨੇਹਾ ਪਿੰਡ ਘਵਿੰਡ ਦੇ ਚੌਧਰੀ ਸੂਜਾ ਤੇ ਫਿਰ ਡੱਲ ਪਿੰਡ ਦੇ ਬੁਲਾਕੀ ਚੌਧਰੀ ਰਾਹੀਂ ਭੇਜਿਆ ਗਿਆ।
19. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੋ, ਪੰ: 103
20. ਉਹੀ 102 ਤੇ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼, ਪੰ: 189
ਕਰਮ ਸਿੰਘ, ਫੁਲਵਾੜੀ (ਅੰਕ, ਮਈ 1934)
21. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਜਿਲਦ-1, ਪੰ: 122, ਸੋਹਨ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ ਤੇ ਰਣਜੀਤ ਸਿੰਘ, ਪੰ: 166 ਪ੍ਰੰਤੂ ਡਾ. ਭਗਤ ਸਿੰਘ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ-IV ਪੰ: 311 ਤੇ ਸ਼ਹੀਦੀ ਦੀ ਮਿਤੀ 24 ਦਸੰਬਰ 1732 ਲਿਖਦੇ ਹਨ। ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ ਪੰ: 102 ਵਿੱਚ ਤਾਰਾ ਸਿੰਘ ਉਪਰ ਹਮਲਾ ਵੈਸਾਖ 1783 ਵਿਕਰਮੀ (1726 ਈ.) ਲਿਖਦੇ ਹਨ ਜੋ ਸਭ ਤੋਂ ਅਧਿਕ ਮੰਨਣਯੋਗ ਹੈ ਪ੍ਰਤੂ 1732 ਕਿਸੇ ਤਰ੍ਹਾਂ ਵੀ ਠੀਕ ਨਹੀਂ ਜਾਪਦੀ। ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਇਹ ਸ਼ਹਾਦਤ ਬੰਦਈ-ਤੱਤ ਖਾਲਸਾ ਝਗੜੇ ਤੋਂ ਤੁਰਤ ਪਿੱਛੋਂ ਹੋਈ ਹੋਵੇ ਜਿਵੇਂ ਕਿ ਸੇਵਾ ਸਿੰਘ, ਸ਼ਹੀਦ ਬਿਲਾਸ, ਪੰ: 84 ਤੇ ਲਿਖਦਾ ਹੈ :
'ਲਿਖਕਰ ਪਾਤੀ ਭੇਜੀ, ਦਿੱਲੀ ਮਾਤਕੂ। ਸਤਿਗੁਰ ਕੇ ਪ੍ਰਸਾਦਿ ਹੋ ਗਈ ਏਕਤਾ। ਤੁਰਕ ਰਹਿਆ ਝਖ ਮਾਰ ਬੀਚ ਪੰਜਾਬ ਦੇ। ਤਾਰਾ ਸਿੰਘ ਜਹੇ ਬੀਰ ਸ਼ਹੀਦੀ ਪਾ ਗਏ।"

22 ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 198 ਵਿਅਕਤੀਆਂ ਦੀ 2200 ਦੀ ਫੌਜ ਨਾਲ ਇਹ ਅਸਾਵੀਂ ਲੜਾਈ ਸਿੱਖ ਇਤਿਹਾਸ ਦੀਆਂ ਥੋੜੀਆਂ ਜਿਹੀਆਂ ਅਜਿਹੀਆਂ ਲੜਾਈਆਂ ਵਿੱਚੋਂ ਅਦੁੱਤੀ ਲੜਾਈ ਹੈ ਜਿਸਦੇ ਟਾਕਰੇ ਤੇ ਨੂਰ ਦੀ ਸਰਾਂ ਕੋਲ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਵਲੋਂ ਲੜੀ ਗਈ ਲੜਾਈ ਜਾਂ 1897 ਈ. ਵਿੱਚ ਈਸ਼ਰ ਸਿੰਘ ਦੀ ਅਗਵਾਈ ਵਿੱਚ ਸਾਰਾ ਗੜ੍ਹੀ ਦੀ ਲੜਾਈ ਜਾਂ 1962 ਈ. ਵਿੱਚ ਸੂਬੇਦਾਰ ਜੋਗਿੰਦਰ ਸਿੰਘ ਮਾਹਲਾ ਵਲੋਂ ਨੇਫਾ ਖੇਤਰ ਆਦਿ ਵਿੱਚ ਲੜੀਆਂ ਗਈਆਂ ਲੜਾਈਆਂ ਹੀ ਪੇਸ਼ ਕੀਤੀਆਂ ਜਾ ਸਕਦੀਆਂ ਹਨ।

23. ਸੋਹਨ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ ਤੇ ਮਹਾਰਾਜਾ ਰਣਜੀਤ ਸਿੰਘ, ਪੰ: 166

# ਵੀਰ ਯੋਧਾ ਬਾਬਾ ਬੋਤਾ ਸਿੰਘ ਭੜਾਣੀਆ

1726 ਈ. ਤੋਂ 1745 ਈ. ਤੱਕ ਪੰਜਾਬ ਦਾ ਸੂਬੇਦਾਰ ਖਾਨ ਬਹਾਦਰ ਜ਼ਕਰੀਆ ਖਾਂ ਸੀ। ਉਸਨੇ ਸਿੱਖਾਂ ਨੂੰ ਕੁਚਲਣ ਲਈ ਅਕਹਿ ਜ਼ੁਲਮ ਕੀਤੇ। ਇਸਦੇ ਸਮੇਂ ਹੀ ਸਿੱਖਾਂ ਨੂੰ ਵੱਡੀ ਗਿਣਤੀ ਵਿੱਚ ਮੌਤ ਦੇ ਘਾਟ ਉਤਾਰਿਆ ਗਿਆ। ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸਬੇਗ ਸਿੰਘ ਤੇ ਸ਼ਾਹਬਾਜ ਸਿੰਘ ਜਿਹੇ ਉੱਤਮ ਪੁਰਸ਼ਾਂ ਨੂੰ ਵੀ ਅਕਾਰਨ ਹੀ ਮੌਤ ਦੇ ਘਾਟ ਉਤਾਰਿਆ ਗਿਆ। ਭਾਈ ਮਨੀ ਸਿੰਘ ਦੀ ਸ਼ਹਾਦਤ ਨਾਲ ਸਿੱਖਾਂ ਵਿੱਚ ਇੱਕ ਵਾਰ ਫਿਰ ਰੋਹ ਦੀ ਅੱਗ ਭੜਕ ਉੱਠੀ। ਉਹਨਾਂ ਨੇ ਬੜੇ ਹੌਸਲੇ ਨਾਲ ਇੱਕ ਵਾਰ ਲੁੱਟ ਮਾਰ ਕਰਕੇ ਪੰਜਾਬ ਵਿੱਚ ਅਰਾਜਕਤਾ ਫੈਲਾ ਦਿੱਤੀ। ਕਈ ਚੌਧਰੀ ਮੌਤ ਦੇ ਘਾਟ ਉਤਾਰੇ ਤੇ ਕਈ ਪਿੰਡਾਂ ਦੀ ਲੁੱਟ ਮਾਰ ਕੀਤੀ। ਸਿੱਖਾਂ ਨੇ ਖਾਨ ਬਹਾਦਰ ਜ਼ਕਰੀਆ ਖਾਂ ਨੂੰ ਮਾਰਨ ਦੀ ਵਿਉਂਤ ਵੀ ਬਣਾ ਲਈ ਤੇ ਲਗਭਗ 2000 ਸਿੱਖ ਮੁਸਲਮਾਨੀ ਭੇਸ ਵਿੱਚ ਟਕਸਾਲੀ ਦਰਵਾਜ਼ੇ ਰਾਹੀਂ ਲਾਹੌਰ ਸ਼ਹਿਰ ਵਿੱਚ ਜਾ ਵੜੇ। ਉਹਨਾਂ ਦਾ ਵਿਚਾਰ ਸੀ ਕਿ ਜਦੋਂ ਖਾਨ ਬਹਾਦਰ ਜੁੰਮੇ ਦੀ ਨਮਾਜ਼ ਪੜ੍ਹਨ ਸ਼ਾਹੀ ਮਸਜਿਦ ਆਵੇਗਾ ਉਹ ਅਚਾਨਕ ਹੀ ਹਮਲਾ ਕਰਕੇ ਉਸਨੂੰ ਮੌਤ ਦੇ ਘਾਟ ਉਤਾਰ ਦੇਣਗੇ, ਪ੍ਰੰਤੂ ਖਾਨ ਬਹਾਦਰ ਕਿਲੇ ਤੋਂ ਬਾਹਰ ਹੀ ਨਾ ਆਇਆ। ਸਿੱਖ ਨਿਰਾਸ ਹੋ ਕੇ ਮੁੜ ਗਏ ਪਰ ਜਾਂਦੇ ਜਾਂਦੇ ਸਿੰਘਾਂ ਨੇ ਟਕਸਾਲੀ ਦਰਵਾਜ਼ੇ ਤੇ ਮੋਚੀ ਦਰਵਾਜ਼ੇ ਦੇ ਅੰਦਰ ਦੇ ਕਈ ਹਿੱਸਿਆਂ ਵਿੱਚ ਲੁੱਟ ਮਾਰ ਕੀਤੀ।

ਖਾਨ ਬਹਾਦਰ ਨੂੰ ਬੜਾ ਗੁੱਸਾ ਆਇਆ ਤੇ ਉਸਨੇ ਫੌਜ ਦੇ ਗਸ਼ਤੀ ਦਸਤਿਆਂ ਅਤੇ ਚੌਧਰੀਆਂ ਨੂੰ ਬੁਲਾਕੇ ਤਾੜਨਾ ਕੀਤੀ ਕਿ ਜਿਸ ਇਲਾਕੇ ਵਿੱਚ ਇੱਕ ਵੀ ਸਿੱਖ ਵੇਖਿਆ ਗਿਆ, ਉਸ ਨਾਲ ਵੀ ਉਹੋ ਜਿਹਾ ਸਲੂਕ ਕੀਤਾ ਜਾਵੇਗਾ, ਜਿਹੋ ਜਿਹਾ ਸਲੂਕ ਹੁਣ ਸਿੱਖਾਂ ਨਾਲ ਕੀਤਾ ਜਾਂਦਾ ਹੈ। ਜਦੋਂ 1739 ਵਿੱਚ ਨਾਦਰ ਸ਼ਾਹ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਤਾਂ ਵੀ ਸਿੱਖਾਂ ਨੇ ਉਹਦੀ ਵਹੀਰ ਦਾ ਕਾਫੀ ਸਾਮਾਨ ਲੁੱਟਿਆ ਤਾਂ ਉਸਨੇ ਵੀ ਨਾਦਰ ਸ਼ਾਹ ਨੂੰ ਤਾੜਨਾ ਕੀਤੀ ਕਿ ਜੇ ਸਰਗਰਮੀ ਨਾਲ ਉਸਨੇ ਸਿੱਖਾਂ ਵਿਰੁੱਧ ਕਾਰਵਾਈ ਨਾ ਕੀਤੀ ਤਾਂ ਸਿੱਖ ਉਸਦਾ ਰਾਜ ਖੋਹ ਲੈਣਗੇ।

ਖਾਨ ਬਹਾਦਰ ਨੇ ਸਿੱਖਾਂ ਉਪਰ ਇੱਕ ਵਾਰ ਫਿਰ ਦਮਨ ਚੱਕਰ ਚਲਾ ਦਿੱਤਾ। ਸਿੱਖਾਂ ਲਈ ਲਾਹੌਰ ਦੇ ਸੂਬੇ ਵਿੱਚ ਰਹਿਣਾ ਔਖਾ ਹੋ ਗਿਆ। ਉਹ ਮਾਲਵੇ ਵੱਲ ਨਿਕਲ ਗਏ। ਕੁਝ ਤਾਂ ਰਾਜਸਥਾਨ ਦੇ ਬੀਕਾਨੇਰ, ਜੈਪੁਰ ਤੇ ਜੋਧਪੁਰ ਦੇ ਮਾਰੂਥਲਾਂ ਵੱਲ ਨਿਕਲ ਗਏ। ਮਾਝਾ ਖੇਤਰ ਵਿੱਚ ਕੋਈ ਵਿਰਲਾ ਟਾਵਾਂ ਸਿੱਖ ਹੀ ਰਹਿ ਗਿਆ। ਅਜਿਹੇ ਸਮੇਂ ਵਿੱਚ ਸਿੱਖਾਂ ਦੀ ਹੋਂਦ ਪ੍ਰਗਟ ਕਰਨ ਲਈ ਬੋਤਾ ਸਿੰਘ ਸੰਧੂ ਜੱਟ ਪਿੰਡ ਭੜਾਣਾ (ਜ਼ਿਲਾ ਲਾਹੌਰ) ਤੇ ਗਰਜਾ ਸਿੰਘ ਮਜ਼੍ਹਬੀ ਸਿੱਖ ਪਿੰਡ ਲੀਲ੍ਹ ਨੇ ਅਦੁੱਤੀ ਬੀਰਤਾ ਦਿਖਾਈ ਤੇ ਇੱਕ ਨਵਾਂ ਇਤਿਹਾਸ ਸਿਰਜਿਆ।

ਇੱਕ ਦਿਨ ਇਹ ਦੋਵੇਂ ਅੰਮ੍ਰਿਤਸਰ ਦੇ ਸਰੋਵਰ ਵਿਚੋਂ ਇਸ਼ਨਾਨ ਕਰਕੇ ਆਪਣੇ ਕੇਸ ਪਿੱਛੇ ਛੱਡ ਕੇ ਲੁਕ ਛਿਪਕੇ ਲੰਘ ਰਹੇ ਸਨ। ਜਦ ਉਹ ਤਰਨਤਾਰਨ ਦੇ ਨੇੜੇ ਆਏ ਤਾਂ ਦੋ ਮੁਸਲਾਨਾਂ ਨੇ ਉਹਨਾਂ ਨੂੰ ਵੇਖ ਲਿਆ। ਇੱਕ ਨੇ ਕਿਹਾ, "ਇਹ ਸਿੱਖ ਹਨ।" ਦੂਸਰੇ ਨੇ ਕਿਹਾ, "ਸਿੱਖਾਂ ਦਾ ਤਾਂ ਖਾਨ ਬਹਾਦਰ ਨੇ ਖੁਰਾਖੋਜ ਮਿਟਾ ਦਿੱਤਾ ਹੈ। ਇਹ ਸਿੱਖ ਨਹੀਂ, ਬਹੁ-ਰੂਪੀਏ ਲੱਗਦੇ ਹਨ।" ਪਹਿਲੇ ਨੇ ਕਿਹਾ "ਇਹ ਸਿੰਘ ਹੀ ਹੋਣਗੇ।" ਦੂਸਰੇ ਨੇ ਕਿਹਾ, "ਇਹ ਸਿੰਘ ਨਹੀਂ ਹੋ ਸਕਦੇ। ਜੇ ਸਿੰਘ ਹੁੰਦੇ ਤਾਂ ਉਹ ਗਿੱਦੜਾਂ ਵਾਂਗ ਕਿਉਂ ਲੁਕਦੇ ਫਿਰਨ ?"[1]

ਸਿੱਖਾਂ ਨੂੰ ਇਹ ਬੋਲੀ ਖਾ ਗਈ। ਸਿੱਖਾਂ ਲਈ ਇਸ ਤੋਂ ਵੱਡੀ ਹੋਰ ਕੀ ਚੁਣੌਤੀ ਹੋ ਸਕਦੀ ਸੀ। ਉਹਨਾਂ ਦੋਹਾਂ ਸਿੰਘਾਂ ਨੇ ਸ਼ੇਰਾਂ ਵਾਂਗ ਬਹਾਦਰਾਂ ਦੀ ਮੌਤ ਮਰਨ ਦਾ ਫੈਸਲਾ ਕਰ ਲਿਆ।

ਸਿੰਘਾਂ ਨੇ ਉਸੇ ਦਿਨ ਨੂਰੀਦਨ ਦੀ ਸਰਾਇ (ਤਰਨਤਾਰਨ ਦੇ ਨੇੜੇ) ਦਿੱਲੀ ਤੋਂ ਲਾਹੌਰ ਜਾਂਦੀ ਸੜਕ ਤੇ ਸੋਟੇ ਫੜ ਕੇ ਨਾਕਾ ਲਾ ਲਿਆ। ਦਿੱਲੀ ਤੋਂ ਸ੍ਰੀ ਗੋਇੰਦਵਾਲ ਸਾਹਿਬ ਦੇ ਪੱਤਣ ਲੰਘ ਕੇ ਲਾਹੌਰ ਜਾਣ ਵਾਲੇ ਗਾਡੀਵਾਨ ਤੋਂ ਇੱਕ ਆਨਾ ਤੇ ਖੋਤੇ ਉੱਪਰ ਲੱਦਾ ਲੱਦ ਕੇ ਲਿਜਾਣ ਵਾਲੇ ਤੋਂ ਇੱਕ ਪੈਸਾ ਉਗਰਾਹੁਣਾ ਸ਼ੁਰੂ ਕਰ ਦਿੱਤਾ। ਉਹ ਕਿਸੇ ਨੂੰ ਜ਼ਕਾਤ ਲਏ ਬਿਨਾਂ ਲੰਘਣ ਨਾ ਦਿੰਦੇ। ਜੇ ਕੋਈ ਨਾਂਹ ਨੁੱਕਰ ਕਰਦਾ ਤਾਂ ਡੰਡਿਆਂ ਸੋਟਿਆਂ ਨਾਲ ਸਿੱਧਾ ਕਰ ਲੈਂਦੇ। ਕਈ ਰੋਜ਼ ਇਹ ਸਿਲਸਿਲਾ ਚੱਲਦਾ ਰਿਹਾ। ਰਤਨ ਸਿੰਘ ਭੰਗੂ ਲਿਖਦਾ ਹੈ ਕਿ ਉਸ ਨੇ ਆਪਣੇ ਕੰਨੀਂ ਉਹ ਸਾਰੀ ਵਾਰਤਾ ਸੁਣੀ ਸੀ ਜੋ ਬੋਤਾ ਸਿੰਘ ਨਾਲ ਹੋਈ ਬੀਤੀ ਸੀ :

> ਸਾਖੀ ਬੋਤਾ ਸਿੰਘ ਕੀ ਸੁਨੀ ਰਤਨ ਸਿੰਘ ਕਾਨ।
> ਸਿੰਘਨ ਕੀ ਨਿੰਦਯਾ ਸੁਨਤ ਜਿਨ ਕੀਨੋ ਸੀਸ ਕੁਰਬਾਨ।
> ਜਤੀ ਸਤੀ ਥੋ ਪ੍ਰਣ ਕੋ ਪੂਰੋ। ਗੁਰ ਕੇ ਸੇਵਕ ਦਿਲ ਕੋ ਸੂਰੋ।
> ਬੋਤਾ ਸਿੰਘ ਤਾਸਕੋ ਨਾਮ। ਮਾਝੇ ਮੇਂ ਥੋ ਤਾਂਕੋ ਗ੍ਰਾਮ।
> ਜਬੈ ਦੀਏ ਥੇ ਸਿੰਘ ਵਹੁ ਮਾਰ। ਦਿਸੇ ਨ ਸੁਨੀਏ ਮਹੀਨੇ ਚਾਰ।
> ਕਹੈਂ ਸਿੰਘ ਸਭ ਮਰ ਗਏ। ਤੁਰਕਨ ਸਿੰਘ ਸਿੰਘ ਖਪਾਇ ਸੁਦਏ।
> ਦੰਗਾ ਕਰਤ ਨ ਕਹੂੰ ਅਖਾਰਾ।' ਇਮ ਕਰ ਕਹਿੰ 'ਸਭ ਖਾਲਸਾ ਮਾਰਾ।'
> ਬੋਤਾ ਸਿੰਘ ਕਹੂੰ ਵਖ ਰਹਯੋ। ਕਿਨੈ ਫਿਰਤ ਤਿਹ ਦੇਖ ਯੁ ਲਯੋ।
> ਦੇਖਤ ਸੋਊ ਅਚੰਭੋ ਭਯੋ। 'ਕਹਾਂ ਸਿੰਘ ਯਹ ਜੀਵਤ ਰਹਯੋ।'
> ਐਸੋ ਦੇਖਨ ਕਾਰਨ ਕਹਯੋ। ਹੋਵਗ ਭੇਖੀ ਕੋਊ ਯਹ ਰਹਯੋ।
> ਸਿੰਘ ਨ ਦੀਸਤ ਹੈ ਕਹੂੰ ਤੁਰਕਨ ਦਏ ਖਪਾਇ।
> ਦੂਜੇ ਕਹਯੋ ਕੋਈ ਹੋਗ ਯਹ ਕਾਇਰ ਕੂਰ ਲੁਕਾਇ।'[2]

ਬੋਤਾ ਸਿੰਘ ਨੇ ਫਿਰ ਤਰਨਤਾਰਨ-ਝਬਾਲ ਸੜਕ ਤੇ ਡੇਰਾ ਲਾ ਲਿਆ ਤੇ ਚੁੰਗੀ ਉਗ੍ਰਾਹੁਣੀ ਸ਼ੁਰੂ ਕਰ ਦਿੱਤੀ।

ਗਹਿ ਸਰਾਇ ਡੇਰਾ ਦੀਓ ਚਹੁੰ ਤਰਫ ਲੀਓ ਬਨਾਇ।
ਲੜਕਨ ਜੈਸੀ ਖੇਲ ਜਯੋ ਗੜ੍ਹਾ ਧਰਾਯੋ ਨਾਇ।
ਬੈਠ ਸਿੰਘ ਤਹਿੰ ਜਗਾਤ ਲਗਾਈ। ਦੂਜੋ ਸਿੰਘ ਰੰਘਰੇਟੋ ਭਯੋ ਆਈ।
ਦੋਊਅਨ ਰੌਲਾ ਦੀਓ ਮਚਾਇ। ਖਬਰ ਲਹੌਰ ਜਿਮ ਪੈਜੇ ਜਾਇ।
ਔਰ ਚਿਠੀ ਭੀ ਤਿਨ ਲਿਖੀ ਜੋ ਸੁਨ ਨਵਾਬ ਜਲ ਜਾਇ।
ਚੜ੍ਹੇ ਫੌਜ ਜਿਮ ਤੁਰਤ ਹੀ ਕਛੂ ਨ ਦਰੇ ਲਗਾਇ।
ਚਿੱਠੀ ਲਿਖੇ ਯੋਂ ਸਿੰਘ ਬੋਤਾ। ਹੱਥ ਹੈ ਸੋਟਾ, ਵਿੱਚ ਰਾਹ ਖੜੋਤਾ।
ਆਨਾ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ।
ਆਖੋ ਭਾਬੀ ਖਾਨੋਂ ਨੂੰ ਯੋ ਆਖੇ ਸਿੰਘ ਬੋਤਾ।[3]

ਗਿਆਨੀ ਗਿਆਨ ਸਿੰਘ ਹੁਰਾਂ ਇਸਨੂੰ ਹੋਰ ਢੰਗ ਨਾਲ ਪੇਸ਼ ਕਰਦਿਆਂ ਲਿਖਿਆ ਹੈ :

ਚਿੱਠੀ ਸੁਨਹੋ ਖਾਨੂ ਕੋਤਾ। ਆਨਾ ਗੱਡੇ ਪੈਸਾ ਖੋਤਾ।
ਏਹੁ ਜਕਾਤ ਲੇਤ ਸਿੰਘ ਬੋਤਾ। ਹੱਥ ਮੈਂ ਰਾਖਤ ਸੋਟਾ ਸੋਟਾ।
ਤੇਰਾ ਅਕਬਤ ਕਰ ਹੈ ਖੋਟਾ
ਮੇਰਾ ਕਹੀ ਸਨੇਹਾ ਜਾਇ। ਭਾਬੀ ਖਾਨੋ ਨੂੰ ਸਮਝਾਇ।
ਤੇਰਾ ਯਾਰ ਸਿੰਘ ਜੋ ਬੋਤਾ। ਤੈਨੂੰ ਰਿਹਾ ਉਡੀਕ ਖੜੋਤਾ।
ਆਇ ਸਰਾਇ ਨੂਰਦੀ ਪਾਸ। ਤੂੰ ਜੋਤਾ ਲਗਵਾ ਲੈ ਖਾਸ।[4]

ਖਾਨੋ ਨਵਾਬ ਜਕਰੀਆ ਖਾਂ ਦੀ ਵੱਡੀ ਭੈਣ ਸੀ ਤੇ ਉਹ ਫਰਜ਼ੱਲਾ ਖਾਂ ਦੀ ਇਸਤਰੀ ਸੀ। ਬੋਤਾ ਸਿੰਘ ਵਲੋਂ ਜ਼ਕਾਨ ਉਗ੍ਰਾਹੁਣਾ, ਖਾਨ ਬਹਾਦਰ ਦੀ ਭੈਣ ਬਾਰੇ ਅਸ਼ਲੀਲ ਸ਼ਬਦ ਲਿਖਣੇ ਤੇ ਸਭ ਤੋਂ ਵੱਡੀ ਗੱਲ ਉਹਦਾ ਸਿੱਖ ਹੋਣਾ ਖਾਨ ਬਹਾਦਰ ਲਈ ਸਹਿਣੇ ਔਖੇ ਸਨ। ਉਸਨੂੰ ਅੱਗ ਲੱਗ ਉੱਠੀ ਤੇ ਜਲਾਲਦੀਨ ਫੌਜਦਾਰ ਨੂੰ 100 ਅਸਵਾਰ ਦੇਕੇ ਹੁਕਮ ਦਿੱਤਾ ਕਿ ਬੋਤਾ ਸਿੰਘ ਨੂੰ ਫੜਕੇ ਉਸ ਪਾਸ ਲਿਆਉ। ਜਦ ਸਿੰਘਾਂ ਨੇ ਮੁਗਲਾਂ ਦੀ ਫੌਜ ਚੜ੍ਹੀ ਆਉਂਦੀ ਵੇਖੀ ਤਾਂ ਲਾਲੀਆਂ ਚੜ੍ਹ ਗਈਆਂ। ਸਿੰਘਾਂ ਦੀ ਤਿਆਰੀ ਬਾਰੇ ਰਤਨ ਸਿੰਘ ਭੰਗੂ ਇਉਂ ਲਿਖਦਾ ਹੈ :

ਦੇਖ ਫੌਜ ਮੁੜ ਆਯੋ ਸੋਇ। ਲਲਕਾਰੋ ਦੀਨ ਗੁਰ ਫਤੋ ਬੁਲੋਇ॥
ਇਸ ਦੋਊ ਸਿੰਘ ਭਯੋ ਤਿਆਰ। ਹੱਥ ਇੱਕ ਸੋਟਾ ਗਲ ਤਲਵਾਰ।
ਦੂਜੇ ਹੱਥ ਨੇਜ਼ਾ ਇੱਕ ਫਲਾ। ਕਿਲੇ ਬਾਹਰ ਸਿੰਘ ਨਿਕਲ ਖਲਾ।
ਤਬ ਤੁਰਕਨ ਯੋ ਬਚਨ ਪੁਕਾਰੇਂ। ਕਰ ਨ ਮਰੋ ਸਿੰਘ ਚੋਲ ਹਮ ਨਾਰੇ।
ਤੈਨੂੰ ਲੈ ਸੰਗ ਨਵਾਬ ਮਿਲਾਊਂ। ਜਾਂ ਬਖਸ਼ੀ ਕਰ ਤੁਛੇ ਛਡਾਊਂ।
ਸਿੰਘ ਕਹੀ ਹਮ ਕਬ ਜਾਨ ਬਚਾਵੈ। ਹਮ ਤੋਂ ਮਰਨਾ ਆਪ ਤਕਾਵੈ।"[5]

ਇਸ ਤਰ੍ਹਾਂ ਬੋਤਾ ਸਿੰਘ ਲੜਨ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਮੌਤ ਦੀ ਡੋਲੀ ਲਿਆਉਣ ਲਈ ਖਿੜੇ ਮੱਥੇ ਫੌਜਦਾਰ ਦੇ ਸਾਮ੍ਹਣੇ ਆਕੇ ਲਲਕਾਰਨ ਲੱਗਾ।

ਬੋਤਾ ਸਿੰਘ ਨੇ ਆਖਿਆ, "ਤੁਹਾਡੇ ਵਿੱਚ ਜੋ ਬੜੇ ਤਲਵਾਰ ਦੇ ਲੜਾਕੇ ਹਨ, ਮੇਰੇ

ਸਾਹਮਣੇ ਕਰੋ।' ਫੌਜਦਾਰ ਨੇ ਚਾਰ ਬਹਾਦਰ ਸਾਹਮਣੇ ਕੀਤੇ, ਪਰ ਉਹ ਸਿੰਘ ਦਾ ਇੱਕ ਵਾਰ ਵੀ ਨਾ ਝੱਲ ਸਕੇ। ਉਹ ਤਾਂ ਤੁਰਤ ਹੀ ਜ਼ਮੀਨ ਤੇ ਸੌਂ ਗਏ।

ਫਿਰ ਬੋਤਾ ਸਿੰਘ ਨੇ ਕਿਹਾ ਕਿ ਤੂੰ ਘੋੜੇ ਤੋਂ ਉੱਤਰ ਤੇ ਹਥਿਆਰ ਲੈਕੇ ਮੁਕਾਬਲਾ ਕਰ, ਅਸੀਂ ਸੋਟਿਆਂ ਨਾਲ ਹੀ ਲੜਾਂਗੇ :

ਹਮ ਕੋ ਲਰਨਾ ਝਬ ਕਰੋ ਘੋੜੇ ਤੇ ਉਤਰਾਇ।
ਤੁਮ ਹਥਿਆਰ ਰਖੋ ਹਮ ਸੋਟੇ ਲਾਵੈਂ ਧਾਇ॥[6]
ਦੇਖੋ ਸੋਟੇ ਸੇ ਕਯਾ ਹਮ ਤੇ ਸਰੇ।
ਕਯਾ ਕਯਾ ਹਿੰਮਤ ਹਮ ਹਮ ਤੁਮ ਕਰੇ।

.................................................................

ਹਮ ਆਵਤ ਹੈ ਪਾਸ ਤੁਮ ਕਹਯੋ ਨ ਖਬਰ ਹਮ ਕੀਨ।
ਦੌੜ ਕਰੀ ਤਿਨ ਸ਼ੇਰ ਜਿਉਂ ਖੜੋ ਤਹਾਂ ਜਾ ਲੀਨ।
ਦੌੜ ਸਿੰਘਨ ਤਬ ਸ਼ਸਤ੍ਰ ਚਲਾਏ। ਹਥ ਸਿੰਘਨ ਕੇ ਤੁਰਕਨ ਆਏ।
ਸੋਟੇ ਢਿਗ ਤਬ ਸਿੰਘਨ ਚਲਾਈ। ਤੁਰਕ ਸੁ ਘੋੜੇ ਗਏ ਹਿਲਾਈ।
ਤੁਰਕ ਜਿੰਦ ਕੋ ਚਹੈਂ ਬਚਾਈ। ਸਿੰਘਨ ਚਿੰਤਾ ਜਿੰਦ ਨ ਕਾਈ।

.................................................................

ਸਿੰਘ ਕਰੇਂ ਨ ਜਾਨ ਪਿਆਰੀ। ਡਰੈ ਨ ਤੁਰਕ ਬਿਨ ਸ਼ਸਤ੍ਰ ਬਿਚਾਰੀ।
ਦੋਨੋਂ ਕੇ ਦਿਲ ਬਢਯੋ ਹੁਲਾਸ। ਲਖ ਖਾਲੀ ਉਨ ਮਰਨ ਪਿਆਸ।

.................................................................

ਸਿੰਘ ਕਹੈਂ ਧ੍ਰਿਗ ਤੁਮਰੇ ਤੀਰ। ਹਮਰੇ ਚੀਰ ਨ ਸਕੈਂ ਸਰੀਰ।
ਤਬ ਲਾਗੇ ਤਲਵਾਰ ਚਲਾਨ। ਸਿੰਘ ਸੋਟੇ ਸੋ ਰੋਕੈਂ ਤਾਨ।
ਦੋਊਅਨ ਸਿੰਘਨ ਲਈ ਪਿੱਠ ਜੋੜ। ਸੋਟਨ ਸੌਂ ਦਏ ਘੋੜੇ ਮੋੜ।[7]

ਇਸ ਮਗਰੋਂ ਤੁਰਕ ਘੋੜਿਆਂ ਤੋਂ ਉੱਤਰ ਆਏ ਤੇ ਢਾਲ ਦੇ ਆਸਰੇ ਲੜਾਈ ਲੜਨ ਲੱਗੇ, ਸਿੰਘਾਂ ਨੇ ਸੋਟਿਆਂ ਨਾਲ ਉਨ੍ਹਾਂ ਦਾ ਬੁਰਾ ਹਾਲ ਕਰ ਦਿੱਤਾ। ਸਿੱਖ ਹੌਸਲੇ ਨਾਲ ਲੜਦੇ ਰਹੇ। ਦੋਵੇਂ ਬਹਾਦਰਾਂ ਵਾਂਗ ਲੜਦੇ ਲੜਦੇ ਸ਼ਹੀਦ ਹੋ ਗਏ। ਜਲਾਲਦੀਨ ਦੇ ਲਗਭਗ 30 ਸਿਪਾਹੀ ਲੜਦੇ ਲੜਦੇ ਮਰ ਗਏ ਜਾਂ ਜ਼ਖਮੀ ਹੋ ਗਏ।[8]

ਇਸ ਲੜਾਈ ਵਿੱਚ ਸਿੰਘਾਂ ਦੇ ਟਾਕਰੇ ਤੁਰਕਾਂ ਨੇ ਆਪਣੀ ਹਾਨੀ ਹੁੰਦੀ ਵੇਖ ਸ਼ਰਮਿੰਦਗੀ ਮਹਿਸੂਸ ਕੀਤੀ। ਫਿਰ ਤੁਰਕਾਂ ਨੇ ਸਿੰਘਾਂ ਵਿਰੁੱਧ ਬੰਦੂਕ ਸੰਭਾਲਕੇ ਲੜਨਾ ਸ਼ੁਰੂ ਕੀਤਾ :

ਤੋ ਤੁਰਕਨ ਨੇ ਮਾਨੀ ਆਨ। ਸਿੰਘਨ ਪਰ ਨ ਪਾਵੈਂ ਤਾਨ।
ਤੋ ਤੁਰਕਨ ਬੰਦੂਕ ਸੰਭਾਰੀ। ਲਾਵੇਂ ਸਿੰਘਨ ਗੋਲੀ ਭਾਰੀ।
ਜਹਾਂ ਲਗੇ ਹਡ ਦੇਵੇ ਤੋੜ। ਸੋਟੇ ਲਾਵੇਂ ਹਥ ਦੇਂ ਫੋੜ।
ਸਿੰਘਨ ਸੋਟੇ ਹੱਥ ਖੱਬੇ ਫੜੇ। ਮਾਰ ਬੰਦੂਕਨ ਲੰਗੜੇ ਕਰੇ।[9]

ਸਿੰਘਾਂ ਨੂੰ ਲੰਗੜੇ ਕਰਕੇ ਮੁਸਲਮਾਨ ਕਹਿਣ ਲੱਗੇ, "ਅਸੀਂ ਤੁਹਾਨੂੰ ਹੁਣ ਮੁਸਲਮਾਨ

ਬਣਾਵਾਂਗੇ।" ਸਿੰਘ ਫਿਰ ਲੜਨ ਲੱਗੇ। ਫਿਰ ਉਹ ਲੜਦੇ ਲੜਦੇ ਸ਼ਹੀਦ ਹੋ ਗਏ।

ਟੂਕ ਟੂਕ ਸੋ ਤੁਰਕਨ ਕਰੇ। ਮਤ ਸਿੰਘ ਫੇਰ ਨ ਹੋਵੇਂ ਖਰੇ।
ਇਸ ਬਿਧ ਸਿੰਘਨ ਸ਼ਹੀਦੀ ਪਾਈ। ਧੰਨ ਮਾਤਾ ਧੰਨ ਪਿਤਾ ਉਸ ਭਾਈ।

.....................................................................................

ਸ਼ਹੀਦੀ ਬੜੀ ਬੋਤਾ ਸਿੰਘ ਲਈ। ਰਤਨ ਸਿੰਘ ਸੁਨ ਸੋਈ ਕਹੀ।[9]

ਸਿੱਖਾਂ ਦੀ ਦਲੇਰੀ ਦੀ ਅਜਿਹੀ ਮਿਸਾਲ ਹੋਰ ਕਿਧਰੇ ਮਿਲਣੀ ਮੁਸ਼ਕਿਲ ਹੈ। ਰਾਤ ਭਰ ਦੀ ਲੁਕਣਮੀਟੀ ਪਿੱਛੋਂ ਮੁਗਲ ਫੌਜ ਦੇ 30 ਜੁਆਨ ਟੱਕਰ ਵਿੱਚ ਮਾਰੇ ਗਏ ਤੇ ਦੋ ਸਿੰਘਾਂ ਨੇ ਆਪਣੇ ਤੋਂ 50 ਗੁਣਾਂ ਵੈਰੀਆਂ ਦੇ ਦੰਦ ਖੱਟੇ ਕਰ ਦਿੱਤੇ।

ਮੁਗਲ ਸਿਪਾਹੀ ਧੌਂਸੇ ਤੋਂ ਚੋਟ ਲਾਕੇ ਜਿੱਤੇ ਤੇ ਨਗਾਰੇ ਵਜਾਉਂਦੇ ਹੋਏ ਆਪਣੀ ਮੁਹਿਮ ਦੀ ਅਸਫਲਤਾ ਨੂੰ ਲੁਕਾਉਂਦੇ ਹੋਏ ਪਰਤ ਗਏ। 1739 ਈ. ਦੀ ਇਸ ਘਟਨਾ ਨੇ ਸਿੰਘਾਂ ਵਿੱਚ ਇੱਕ ਨਵਾਂ ਜੋਸ਼ ਭਰ ਦਿੱਤਾ।

ਇਹਨਾਂ ਨਿਰਭੈ ਯੋਧਿਆਂ ਦੀ ਯਾਦ ਵਿੱਚ ਸ੍ਰੀ ਤਰਨਤਾਰਨ ਸਾਹਿਬ ਤੋਂ ਝਬਾਲ ਵਾਲੀ ਸੜਕ ਤੇ ਪਿੰਡ ਨੂਰਦੀ ਦੇ ਦੱਖਣ ਪਾਸੇ ਬੜਾ ਸ਼ਾਨਦਾਰ ਗੁਰਦਵਾਰਾ ਉਸਾਰਿਆ ਗਿਆ ਹੈ।[10]

## ਹਵਾਲੇ ਅਤੇ ਟਿੱਪਣੀਆਂ


1. ਸੋਹਨ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ ਤੇ ਰਣਜੀਤ ਸਿੰਘ, ਪੰ: 188
2. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 243
3. ਉਹੀ, ਪੰ: 244
4. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਹਿੱਸਾ ਦੂਜਾ ਅਰਥਾਤ ਸ਼ਮਸ਼ੇਰ ਖਾਲਸਾ, ਪੰ: 130
5. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 244
6. ਉਹੀ, ਪੰ: 244
7. ਉਹੀ, ਪੰ: 245
8. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰ: 608
9. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 246
10. ਡਾ. ਗੁਰਚਰਨ ਸਿੰਘ ਔਲਖ, ਸ੍ਰੋਮਣੀ ਸ਼ਹੀਦ, ਪੰ: 110

# ਸੁੱਖਾ ਸਿੰਘ ਮਾੜੀ ਕੰਬੋਕੀ

ਭਾਈ ਸੁੱਖਾ ਸਿੰਘ ਉਹ ਬੀਰ ਯੋਧਾ ਸੀ, ਜਿਸਨੇ ਦਲ ਖਾਲਸਾ ਦੇ ਸੰਕਟ ਕਾਲ ਵਿੱਚ ਵੱਡੀਆਂ ਘਾਲਣਾਵਾਂ ਘਾਲੀਆਂ। ਜਦੋਂ ਖਾਨ ਬਹਾਦਰ ਜ਼ਕਰੀਆ ਖਾਂ ਦੇ ਜ਼ੁਲਮਾਂ ਦੇ ਸਤਾਏ ਹੋਏ ਸਿੰਘ ਪਹਾੜਾਂ ਤੇ ਥਲਾਂ ਵਿੱਚ ਦਿਨ ਗੁਜਰਾਨ ਲਈ ਮਜਬੂਰ ਹੋ ਗਏ ਸਨ ਤਾਂ ਉਸ ਸਮੇਂ ਭਾਈ ਸੁੱਖ ਸਿੰਘ ਨੇ ਭਾਈ ਮਤਾਬ ਸਿੰਘ ਮੀਰਾਂ ਕੋਟੀਏ ਨਾਲ ਜਾ ਕੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਬੈਠੇ ਮੱਸਾ ਰੰਘੜ ਮੰਡਿਆਲੀਏ ਦਾ ਸਿਰ ਵੱਢ ਕੇ ਉਸਦੇ ਕੁਕਰਮਾਂ ਦਾ ਫਲ ਭੁਗਤਾਇਆ। ਮੱਸਾ ਸਿੰਘ ਰੰਘੜ ਨੂੰ ਮਾਰਨ ਦਾ ਮਹਾਨ ਕਾਰਨਾਮਾ 6 ਮਈ 1740 ਈ. ਨੂੰ ਕੀਤਾ ਗਿਆ।[1]

ਸੁੱਖਾ ਸਿੰਘ ਮਾੜੀ ਕੰਬੋ ਦੀ ਜ਼ਿਲਾ ਲਾਹੌਰ ਦੇ ਰਹਿਣ ਵਾਲਾ ਕਲਸੀ ਗੋਤ ਦਾ ਤਰਖਾਣ ਸਿੱਖ ਸੀ। ਰਤਨ ਸਿੰਘ ਭੰਗੂ ਲਿਖਦਾ ਹੈ :

ਅਬ ਸਾਖੀ ਸੁੱਖਾ ਸਿੰਘ ਕੀ ਸੁਨੀਏ ਮਨ ਚਿੱਤ ਲਾਇ।
ਕੰਬੋਂ ਮਾੜੀ ਭਯੋ ਜਾਤ ਤ੍ਰਖਾਣ ਕਹਾਇ।[2]

ਉਸਦਾ ਵਿਆਹ ਬਾਰਾਂ ਸਾਲ ਦੀ ਉਮਰ ਵਿੱਚ ਕਰ ਦਿੱਤਾ ਗਿਆ। ਵਿਆਹ ਪਿਛੋਂ ਉਸਨੇ ਅੰਮ੍ਰਿਤ ਛਕ ਲਿਆ ਤੇ ਸਿੱਖਾਂ ਦੀ ਸਹਾਇਤਾ ਕਰਨ ਲੱਗ ਪਿਆ। ਪੰਜਾਬ ਵਿੱਚ ਉਸ ਸਮੇਂ ਖਾਨ ਬਹਾਦਰ ਜ਼ਕਰੀਆਂ ਖਾਂ ਸਿੱਖਾਂ ਤੇ ਜ਼ੁਲਮ ਢਾਹ ਰਿਹਾ ਸੀ। 1739 ਈ. ਵਿੱਚ ਨਾਦਰ ਸ਼ਾਹ ਦੇ ਹਮਲੇ ਪਿਛੋਂ ਜ਼ਕਰੀਆਂ ਖਾਂ ਦਾ ਕਹਿਰ ਹੋਰ ਵੀ ਵੱਧ ਗਿਆ ਸੀ। ਸਿੱਖਾਂ ਨੂੰ ਫੜਨ ਫੜਾਉਣ ਲਈ ਇਨਾਮ ਵਧਾ ਦਿੱਤੇ ਗਏ।

ਦੱਸਣ ਵਾਲੇ ਦਸ ਰੁਪਏ ਔਰ ਮਾਰਨ ਵਾਲਾ ਪਚਾਸ।
ਯਹ ਲਾਲਚ ਤੁਰਕਨ ਦਯੋ ਤਬ ਬਹੁਤ ਸਿੰਘਨ ਭਯੋ ਨਾਸ।

..............................................................

ਸਿੰਘਨ ਖ਼ੂਨ ਮਾਫ ਹਮ ਕੀਨੇ। ਜਿੱਤ ਲੱਭੇ ਤਿਤ ਮਾਰਨੁ ਚੀਨੇ।
ਲੂਟ ਕੂਟ ਉਸ ਮਾਫ ਹਮ ਕਰੀ। ਹਮਰੀ ਲਿਖਤ ਏ ਜਾਨੋ ਖਰੀ।[3]

ਅਜਿਹੇ ਸਮੇਂ ਸਿੱਖ ਬਣ ਜਾਣ ਦਾ ਭਾਵ ਮੌਤ ਕਬੂਲ ਕਰਨ ਵਾਲੀ ਗੱਲ ਸੀ। ਘਰਦਿਆਂ ਨੇ ਸੁੱਖਾ ਸਿੰਘ ਦਾ ਵਿਰੋਧ ਕੀਤਾ। ਪ੍ਰੰਤੂ ਸੁੱਖਾ ਸਿੰਘ, ਸਿੰਘਾਂ ਦੀ ਸਹਾਇਤਾ ਕਰਦਾ ਰਿਹਾ। ਉਸ ਸਮੇਂ ਸਰਕਾਰ ਦੇ ਪਿੱਠੂ ਬਹੁਤ ਸਰਗਰਮ ਸਨ।[4] ਹਰਿਭਗਤ ਨਿਰੰਜਨੀਆਂ ਨੇ ਚੁਗਲੀ ਖਾਧੀ ਤੇ ਪੁਲੀਸ ਚੜ੍ਹਾ ਲਿਆਂਦੀ। ਸੁੱਖਾ ਸਿੰਘ ਉਸੇ ਸਮੇਂ ਘਰ ਵਿੱਚ ਨਾ ਹੋਣ ਕਾਰਨ ਬਚ ਗਏ। ਪ੍ਰੰਤੂ ਉਸਦੇ ਮਾਤਾ ਪਿਤਾ ਤੇ ਘਰ ਵਾਲੇ ਡਾਢੇ ਘਬਰਾ ਗਏ। ਜਦੋਂ ਸੁੱਖਾ ਸਿੰਘ ਘਰ ਆਏ ਤਾਂ ਉਸਦੇ ਮਾਤਾ ਪਿਤਾ ਤੇ ਘਰ ਵਾਲੀ ਨੇ ਸਮਝਾਇਆ ਕਿ ਉਹ

ਸਿੱਖੀ ਭੇਸ ਵਿੱਚ ਕਿਸੇ ਸਮੇਂ ਵੀ ਫੜਿਆ ਜਾ ਸਕਦਾ ਹੈ। ਉਹ ਕੇਸ ਕਟਵਾ ਕੇ ਮੋਨਾ ਬਣ ਜਾਂਦੇ। ਉਹ ਘਰਵਾਲਿਆਂ ਨਾਲ ਇਸ ਕਾਰਨ ਕਾਫੀ ਨਾਰਾਜ਼ ਹੋਏ। ਘਰ ਵਾਲਿਆਂ ਨੇ ਸੁੱਖਾ ਸਿੰਘ ਨਾਲ ਇੱਕ ਚਾਲ ਚੱਲੀ। ਸੁੱਖਾ ਸਿੰਘ ਨੂੰ ਸਾਗ ਵਿੱਚ ਭੰਗ ਪਾਕੇ ਖੁਆ ਦਿੱਤੀ ਅਤੇ ਜਦੋਂ ਉਹ ਸੌਂ ਗਿਆ ਤਾਂ ਉਸਦੇ ਵਾਲ ਕੱਟ ਦਿੱਤੇ।[5] ਰਤਨ ਸਿੰਘ ਭੰਗੂ ਵੀ ਲਿਖਦਾ ਹੈ ਕਿ ਸੁੱਖਾ ਸਿੰਘ ਦੇ ਮਾਤਾ ਪਿਤਾ ਉਸਨੂੰ ਘਰ ਲਿਆਏ ਤੇ ਉਸ ਨਾਲ ਚਾਲਾਕੀ ਕੀਤੀ :

ਸਿੰਘ ਹੋਇ ਲੈਣ ਚਹੈਂ ਪਾਤਿਸ਼ਾਹੀ। ਹਮ ਕਮੀਨਨ ਘਰ ਸੋ ਕਦ ਆਈ।

..................................................................

ਹਮ ਤੋ ਆਹਿਂ ਕਮੀਨੀ ਜਾਤ। ਹਮ ਮਿਲੈ ਮਜੂਰੀ ਆਛੀ ਬਾਤ।<br>
ਯਹਿ ਹਿਤ ਧਰ ਸਿੰਘ ਰਾਤ ਘਰ ਲਘਾਏ। ਉਸ ਸੋਂ ਚਾਹਤਦਗਾ ਕਮਾਏ।<br>
ਭੰਗ ਸ਼ਰਾਬ ਮਿਲਾਇ ਪਿਲਾਇ। ਉਸਕੋ ਗੂਧੋ ਲੀਯੋ ਕਰਾਈ।<br>
ਸੁੱਧ ਬੁੱਧ ਸਭ ਉਸ ਭੁੱਲ ਗਈ। ਸੀਸ ਗੰਡਾਯੋ ਸਦ ਕੇ ਨਈ।"[6]

ਜਦੋਂ ਸਵੇਰੇ ਵੇਲੇ ਸਿੰਘ ਜਾਗਿਆ ਅਤੇ ਸਿਰ ਤੇ ਹੱਥ ਫੇਰਿਆ ਤਾਂ ਬਹੁਤ ਦੁਖੀ ਹੋਇਆ। ਉਹ ਰੋਣ ਕੁਰਲਾਉਣ ਲੱਗ ਗਿਆ। ਉਸ ਸੋਚਿਆ ਕਿ ਕੇਸਾਂ ਦੀ ਬੇਅਦਬੀ ਕਰਨ ਨਾਲ ਉਸਦਾ ਧਰਮ ਤਾਂ ਚਲਾ ਹੀ ਗਿਆ ਹੈ, ਜਿਉਣਾ ਕਿਸ ਕੰਮ ? ਇਹ ਸੋਚਕੇ ਉਸਨੇ ਖੂਹ ਵਿੱਚ ਛਾਲ ਮਾਰ ਦਿੱਤੀ। ਸੰਬੰਧੀਆਂ ਨੇ ਰੱਸੇ ਪਾਕੇ ਕੱਢ ਲਿਆ। ਇੱਕ ਆਦਮੀ ਨੇ ਉਸਨੂੰ ਕਿਹਾ ਕਿ ਇਸ ਤਰ੍ਹਾਂ ਡੁੱਬ ਮਰਨਾ ਗਲਤ ਹੈ :

ਮਰਨਾ ਹੈਂ ਗਰ ਤੁਰਕਨ ਸਿਰ ਚਰ। ਔਰ ਮੌਤ ਕਯੋਂ ਮਰੈਂ ਬਯਰਥ ਕਰ<br>
ਮਾਰ ਤੁਰਕਨ ਕੋ ਹੋਵੇ ਸ਼ਹੀਦ। ਹਮਰੀ ਤੁਮ ਕੋ ਯਹੀ ਤਕੀਦ।[7]

ਉਸ ਦਿਨ ਪਿਛੋਂ ਸੁੱਖਾਂ ਸਿੰਘ, ਸਿੰਘਾਂ ਨਾਲ ਜਾ ਰਲਿਆ ਤੇ ਫਿਰ ਪਿੱਛੇ ਭੌਂ ਕੇ ਨਹੀਂ ਵੇਖਿਆ। ਉਸਨੇ ਆਪਣੇ ਪਿੰਡ ਦੇ ਚੌਧਰੀ ਦੀ ਘੋੜੀ ਨਠਾ ਲਈ ਤੇ ਸਯਾਮ ਸਿੰਘ ਦੇ ਡੇਰੇ ਜਾ ਕੇ ਪੰਥ ਖਾਲਸੇ ਵਿੱਚ ਰਲ ਗਿਆ। ਉਸਨੇ ਸਯਾਮ ਸਿੰਘ ਨਾਰਲੀ ਦੇ ਜੱਥੇ ਜਾ ਕੇ ਸਯਾਮ ਸਿੰਘ ਤੋਂ ਪਾਹੁਲ ਲਈ ਤੇ ਉਹ ਵੀ ਸੁੱਖਾ ਸਿੰਘ ਨੂੰ ਆਪਣੇ ਪੁੱਤਰ ਵਾਂਗ ਪਿਆਰ ਕਰਨ ਲੱਗਾ।

ਸੁੱਖਾ ਸਿੰਘ ਬਹੁਤ ਨਿਡਰ ਸੀ। ਉਸਨੇ ਲਾਹੌਰ ਦੇ ਸਰਾਫਾ ਬਜ਼ਾਰ ਵਿੱਚ ਜਾ ਕੇ ਮੁਹਰਾਂ ਲੁੱਟੀਆਂ। ਜਦੋਂ ਫੌਜ ਉਸ ਮਗਰ ਲੱਗੀ ਤਾਂ ਉਹ ਝਾੜ ਜੰਗਲ ਵਿੱਚ ਜਾ ਛੁਪਿਆ। ਸੁਖਾ ਸਿੰਘ ਨੇ ਕਈ ਵਾਰ ਧਨ ਲੁੱਟਿਆ ਤੇ ਉਸਨੇ ਚੌਧਰੀ ਦੀ ਘੋੜੀ ਦੀ ਕੀਮਤ ਵੀ ਭੇਜ ਦਿੱਤੀ। ਬਾਕੀ ਧਨ ਉਹ ਲੰਗਰ ਵਿੱਚ ਪਾ ਦਿਆ ਕਰਦਾ ਸੀ।

ਸੁੱਖਾ ਸਿੰਘ ਸ਼ਸਤਰ ਵਿਦਿਆ ਵਿੱਚ ਬਹੁਤ ਮਾਹਰ ਸੀ। ਰਤਨ ਸਿੰਘ ਭੰਗੂ ਲਿਖਦਾ ਹੈ :

ਸਭ ਸ਼ਸਤਰਨ ਦੀ ਵਿੱਦਯਾ ਜਾਣੈ। ਹਾਥ ਪਾਇ ਉਸ ਬਹੁਤ ਸਤਾਵੈ।<br>
ਚੜ੍ਹ ਘੋੜੀ ਤੇ ਜੋ ਲੁਟ ਲਯਾਵੈ। ਤੁਰਤ ਖਾਲਸੇ ਲੰਗਰ ਪਾਵੈ।<br>
ਜਹਾਂ ਜੁੱਧ ਤੁਰਕਨ ਪਰੈ, ਪਰੈ ਸ਼ੇਰ ਜਿਮ ਜਾਇ।<br>
ਇਕ ਦੋ ਸ਼ਸਤਰ ਲਾਇ ਕੈ ਰਲੈ ਖਾਲਸੇ ਆਇ।

ਰਾਮ ਜੰਗ ਸਿੰਘ ਖੂਬ ਚਲਾਵੈਂ। ਤੀਰ ਮਾਰ ਮਾਰ ਕਰ ਘੋੜ ਗਿਰਾਵੈ।
ਨੇਜਾ ਸੇਲਾ ਬਰਛੀ ਤੇਗ। ਮਾਰ ਉਠਾਵੈ ਪ੍ਰਾਣਨ ਬੇਗ।
ਸੁਖਾ ਸਿੰਘ ਕੀ ਇਸ ਚਰਚਾ ਪਈ। ਸੂਰਨ ਕੋ ਸਿਰਮੌਰ ਗਨਈ।
ਜੰਗ ਜੁੜੇ ਜਹਿ ਫਤੇ ਲਿਆਵੈ। ਦੀਵਾਨ ਖਾਲਸੇ ਸੋਂ ਆਦਰ ਪਾਵੈ।

ਇਕ ਦਿਨ ਉਸਦੇ ਮਾਤਾ-ਪਿਤਾ ਉਸਨੂੰ ਸਯਾਮ ਸਿੰਘ ਪਾਸੋਂ, ਸੁੱਖਾ ਸਿੰਘ ਨੂੰ ਇਹ ਬੇਨਤੀ ਕਰਕੇ ਲੈ ਗਏ ਕਿ ਉਸਦਾ ਮੁਕਲਾਵਾ ਲਿਆਉਣਾ ਹੈ। ਉਹ ਨੇੜੇ ਸਵੇਰੇ ਘਰ ਚਲਾ ਜਾਂਦਾ ਤੇ ਫਿਰ ਤੁਰਕਾਂ ਦੇ ਡਰ ਕਾਰਨ ਖਾਲਸਾ ਦਲ ਵਿੱਚ ਆ ਜਾਂਦਾ। ਕੁਝ ਚਿਰ ਪਿਛੋਂ ਉਹਦੇ ਘਰ ਲੜਕੀ ਹੋਈ। ਲੜਕੀ ਸ਼ਾਇਦ ਕੁਦਰਤੀ ਮਰ ਗਈ ਜਾਂ ਉਸਦੀ ਘਰ ਵਾਲੀ ਨੇ ਮਾਰ ਦਿੱਤੀ। ਜਦੋਂ ਖਾਲਸੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਸਨੂੰ ਆਪਣੇ ਨਾਲ ਰਲਾਉਣ ਤੋਂ ਸੰਕੋਚ ਕਰਨ ਲੱਗੇ।

ਕਹੈ ਖਾਲਸਾ ਕੰਨਯਾ ਮਾਰੀ। ਰੀਤਿ ਖਾਲਸੇ ਕੀ ਹੈ ਬਿਗਾਰੀ।
ਪੰਥ ਖਾਲਸਾ ਮੁਖ ਨ ਕਮਾਵੈ। 'ਕੁੜੀ ਮਾਰ' ਕਹਿ ਦੂਰ ਬਿਠਾਵੈ।
ਬਖਸੈ ਨਾ ਖਾਲਸਾ ਬਿਨੈ ਕਰ ਰਹਯੋ। ਖ਼ਾਇ ਅੰਦੇਸੋ ਸਿੰਘ ਕੋ ਗਯੋ।[9]

ਇਕ ਤਾਂ ਸੁੱਖਾ ਸਿੰਘ ਆਪਣੇ ਨਾਲ ਵਾਪਰੀ ਇਸ ਘਟਨਾ ਤੋਂ ਹੀ ਦੁਖੀ ਸੀ, ਉਪਰ ਪੰਜਾਬ ਵਿੱਚ ਜ਼ਕਰੀਆ ਖਾਂ ਦੇ ਜ਼ੁਲਮਾਂ ਕਾਰਨ ਵੀ ਸਿੰਘ ਪੰਜਾਬ 'ਚੋਂ ਜਦ ਨਿਕਲਣੇ ਸ਼ੁਰੂ ਹੋ ਗਏ ਤਾਂ ਸੁੱਖਾ ਸਿੰਘ ਵੀ ਬੀਕਾਨੇਰ ਵੱਲ ਚਲਾ ਗਿਆ। ਅਜਿਹੇ ਬਿਖੜੇ ਸਮੇਂ ਮੱਸਾ ਰੰਘੜ ਮੰਡਿਆਲੀ ਵਾਲੇ ਨੇ ਬੜੇ ਦੁਰਾਚਾਰੀ ਕਾਰਜ ਕੀਤੇ। ਮੰਡਿਆਲਾ ਅੰਮ੍ਰਿਤਸਰ ਤੋਂ ਚਾਰ ਕੋਹ ਦੀ ਦੂਰੀ ਤੇ ਸੀ। ਉਹ ਮੰਡਿਆਲੇ ਦਾ ਤਲਕੇਦਾਰ ਸੀ ਤੇ ਉਹ ਅੰਮ੍ਰਿਤਸਰ ਹੀ ਰਿਹਾ ਕਰਦਾ ਸੀ। ਇਸ ਸਮੇਂ ਬੁੱਢਾ ਸਿੰਘ ਤੇ ਸ਼ਾਮ ਸਿੰਘ ਨਾਰਲੀ ਦੇ ਜੱਥੇ ਵੀ ਬੀਕਾਨੇਰ ਵੱਲ ਨਿਕਲ ਗਏ। ਕੋਈ ਵਿਰਲਾ ਟਾਵਾਂ ਸਿੱਖ ਹੀ ਮਾਝੇ ਵਿੱਚ ਰਹਿ ਗਿਆ ਸੀ। ਉਸਦੇ ਜ਼ੁਲਮਾਂ ਬਾਰੇ ਰਤਨ ਸਿੰਘ ਭੰਗੂ ਲਿਖਦਾ ਹੈ :

ਤਬ ਸਿੰਘਨ ਕੋ ਭਯੋ ਤਰਾਸ। ਸਿੰਘਨ ਵਤਨੋ ਛੋਡਯੋ ਵਾਸ।

.....................................................................

ਕੀਓ ਉਪੱਦ੍ਰਵ ਤੱਕ ਬਡ ਅੰਮ੍ਰਿਤਸਰ ਗੁਰਦ੍ਵਾਰ।
ਹਰਿਮੰਦਰ ਮੈਂ ਕੰਚਨੀ ਰਖੇ ਤੁਰਕਨ ਕੋ ਸਰਦਾਰ।
ਮੰਡਿਆਲੀ ਕੋ ਰੰਘੜੋ ਮੱਸਾ ਤਾਂਕੋ ਨਾਮ।
ਕਰੇ ਬਿਅਦਬੀ ਹਰਿਮੰਦਰ ਪਾਪੀ ਬਡੋ ਹਰਾਮ।[10]

ਇਕ ਬੁਲਾਕਾ ਸਿੰਘ ਸਿੱਖ ਕੰਗ ਪਹਿਲਾਂ ਤਾਂ ਬੋਤਾ ਸਿੰਘ ਵਾਂਗੂ ਲੁਕਿਆ ਰਿਹਾ, ਫੇਰ ਜਦ ਬਹੁਤੇ ਲੋਕ ਫੜਨ ਲਈ ਮਗਰ ਲੱਗ ਗਏ ਤਾਂ ਉਹ ਵੀ ਬੀਕਾਨੇਰ ਚਲਾ ਗਿਆ। ਬੁਲਾਕਾ ਸਿੰਘ ਨੇ ਸ਼ਾਮ ਸਿੰਘ ਨਾਰਲੀ ਵਾਲੇ ਤੇ ਬੁੱਢਾ ਸਿੰਘ ਨੂੰ ਭੁੱਬਾਂ ਮਾਰ ਮਾਰਕੇ ਹਰਿਮੰਦਰ ਦਾ ਹਾਲ ਦੱਸਿਆ। ਉਸ ਸਮੇਂ ਮਤਾਬ ਸਿੰਘ ਭੰਗੂ ਬੋਲਿਆ, "ਐਡੀ ਵੱਡੀ ਬੇਅਦਬੀ ਦਰਬਾਰ ਦੀ ਹੁੰਦੀ ਵੇਖਕੇ ਤੂੰ ਜਿਉਂਦਾ ਕੀਕੂੰ ਚਲਾ ਆਯਾ ?" ਉਸਨੇ

ਕਿਹਾ ਜਿਸ ਤਰ੍ਹਾਂ ਤੁਸੀਂ ਚਲੇ ਆਏ ਹੋ, ਓਸੇ ਤਰ੍ਹਾਂ ਮੈਂ ਭੀ ਤੇ ਹੋਰ ਸਿੰਘ ਭੀ ਨਾਲ ਆਏ।"

ਉਹਨਾਂ ਦੀ ਗੱਲਬਾਤ ਨੂੰ ਰਤਨ ਸਿੰਘ ਭੰਗੂ ਨੇ ਇੰਝ ਲਿਖਿਆ ਹੈ

ਮਤਾਬ ਸਿੰਘ ਸੁਨ ਗੁੱਸਾ ਖਾਯਾ। ਜਨ ਕਰ ਬਿੱਛੂ ਡੰਗ ਲਗਾਯਾ।
ਕਹਯੋ ਸਿੰਘ : ਊਹਾਂ ਸਿੰਘ ਕੋ ਨਾਹੀ। ਸੀਸ ਨ ਤਾਕੋ ਤੜਯੋ ਤਾਂਹੀ।
ਕਯਾ ਸਿੰਘਨ ਤੇ ਸਤ ਗਯੋ ਦੂਰ। ਕਯਾ ਸਿੰਘਨ ਪੁਰਖਾਰਥ ਭਯੋ ਕੂਰ।
ਤਬ ਉਸ ਸਿੰਘ ਬਚਨ ਪਲਟਾਯੋ। ਕਯਾ ਤੈ ਨੱਠ ਨਹਿੰ ਪੌਰਖ ਗਵਾਯੋ?
ਤੁਮ ਮਰਨੇ ਤੇ ਨਰ ਨਹਿੰ ਆਏ? ਉਨ ਕੋ ਦੇਤ ਉਲਾਂਭਾ ਕਾਹੇ ?[12]

ਉਸ ਸਮੇਂ ਜੱਥੇਦਾਰ ਬੁੱਢਾ ਸਿੰਘ ਨੇ ਤਲਵਾਰ ਸਭਾ ਵਿੱਚ ਰੱਖ ਦਿੱਤੀ ਤੇ ਆਖਿਆ; ਕੋਈ ਸਿੰਘ ਹੈ ਜੋ ਮੱਸੇ ਦਾ ਸਿਰ ਲਿਆਵੇ ?" ਇਹ ਸੁਣ ਕੇ ਸੁੱਖਾ ਸਿੰਘ ਤਖਾਣ ਕੰਬੋ ਮਾੜੀ ਵਾਲਾ, ਤੇ ਮਤਾਬ ਸਿੰਘ ਭੰਗੂ ਮੀਰਾਂ ਕੋਟੀਆਂ ਦੋਵੇਂ ਉੱਠ ਖੜੋਤੇ। ਤਲਵਾਰ ਉਠਾ, ਫਤੇ ਬੁਲਾ, ਅਰਦਾਸਾ ਸੁਧਾਇ, ਆਗਯਾ ਲੈ ਚੜ੍ਹ ਬੈਠੇ। ਰਤਨ ਸਿੰਘ ਭੰਗੂ ਲਿਖਦਾ ਹੈ :

ਕ੍ਰਮ ਕ੍ਰਮ ਕਰ ਸਿੰਘ ਵਤਨੀ ਆਏ। ਅੰਮ੍ਰਿਤਸਰ ਢਿਗ ਫਿਰਨ ਨ ਪਾਏ।
ਕਰੀ ਸੋਚ ਕਛੁ ਜਤਨ ਕਮਈਏ। ਟਕੇ ਭਰਨ ਕੋ ਰੂਪ ਬਸਈਏ।[13]

ਉਹਨਾਂ ਨਾਲ ਠੀਕਰੀਆਂ ਨਾਲ ਬੋਰੀਆਂ ਭਰ ਲਈਆਂ। ਮੁਸਲਮਾਨੀ ਭੇਸ਼ ਬਣਾਕੇ ਮਾਮਲਾ ਤਾਰਨ ਦੇ ਬਹਾਨੇ ਦਰਬਾਰ ਸਾਹਿਬ ਪਹੁੰਚ ਗਏ। ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਕੋਲ ਪਹੁੰਚ ਕੇ ਲਾਚੀ ਬੇਰ ਨਾਲ ਘੋੜੇ ਬੰਨ੍ਹ ਦਿੱਤੇ। ਉਸ ਸਮੇਂ ਨੂੰ ਰਤਨ ਸਿੰਘ ਭੰਗੂ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਸਿਖਰ ਦੁਪਹਿਰੀ ਭਾਦਵੇ ਸੂਰਜ ਅਤਿ ਤਪਤਾਇ।
ਕਦ ਬਰਸੈ ਕਦ ਉੱਜੜੈ ਬਿਧ ਐਸੀ ਲਈ ਤਕਾਇ।
ਧੁਪ ਲਗੇ ਫੌਜ ਛਾਵੈਂ ਗਈ। ਕਿਛ ਬਰਖਾ ਕਰ ਡੇਰਨ ਵਈ।
ਮੱਸੇ ਸਾਰੰਗ ਰਾਮ ਗਵਾਯਾ। ਬਿਚੈ ਮਲਾਰਹਿ ਰਾਗ ਅਲਾਇਆ।
ਕੋ ਸੁੱਤੇ ਕੋ ਜਾਗਤੇ ਕਿਨੈ ਨ ਲਖਿਉ ਭੇਦ।
ਦੁਵਾਜ਼ੇ ਦੁਸ਼ਨੀ ਜਾ ਢੁਕੇ ਉਤਰੇ ਤਹਿੰ ਬਿਨ ਖੇਦ।[14]

ਦੋਵੇ ਸਿੰਘ ਅਗੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਤੇ ਪਹੁੰਚ ਗਏ। ਭਾਈ ਸੁੱਖਾ ਸਿੰਘ ਪਹਿਰੇ ਤੇ ਖੜੇ ਹੋ ਗਏ ਤੇ ਮਤਾਬ ਸਿੰਘ ਨੇ ਬੋਰੀ ਪਲੰਘ ਹੇਠਾਂ ਸੁੱਟ ਦਿੱਤੀ ਤੇ ਕਿਹਾ, "ਮਾਮਲਾ ਹਾਜ਼ਰ ਹੈ ?"[15]

ਕੰਜਰੀ ਦਾ ਨਾਚ ਵੇਖ ਰਿਹਾ, ਸ਼ਰਾਬ ਨਾਲ ਰੱਜਿਆ ਤੇ ਹੁੱਕਾ ਪੀ ਰਿਹਾ ਮੱਸਾ ਜਿਉਂ ਹੀ ਮਾਮਲੇ ਦੀ ਬੋਰੀ ਵੱਲ ਝੁਕਿਆ ਤਾਂ ਮਤਾਬ ਸਿੰਘ ਨੇ ਤਲਵਾਰ ਦੇ ਇੱਕੋ ਵਾਰ ਨਾਲ ਮੱਸੇ ਰੰਘੜ ਦਾ ਸਿਰ ਧੌਣ ਤੋਂ ਵੱਖ ਕਰ ਦਿੱਤਾ। ਮੱਸੇ ਦਾ ਸਿਰ ਲੈ, ਸਿੰਘ ਘੋੜਿਆਂ ਤੇ ਚੜ੍ਹ ਹਵਾ ਹੋ ਗਏ। ਸਿੰਘਾਂ ਨੇ ਮੱਸੇ ਦਾ ਸਿਰ ਬੀਕਾਨੇਰ ਵਿੱਚ ਜੱਥੇਦਾਰ ਬੁੱਢਾ ਸਿੰਘ ਅੱਗੇ ਜਾ ਰੱਖਿਆ।

ਇਥੇ ਇਹ ਗੱਲ ਵਰਣਨ ਯੋਗ ਹੈ ਕਿ ਸਿੰਘਾਂ ਨੇ ਕੇਵਲ ਮੱਸਾ ਰੰਘੜ ਹੀ ਨਹੀਂ ਵੱਢਿਆ ਸਗੋਂ ਉੱਥੇ ਹਾਜ਼ਰ ਹੋਰ ਵੀ ਕਈਆਂ ਨੂੰ ਮਾਰ ਮੁਕਾਇਆ। ਸੁੱਖਾ ਸਿੰਘ ਨੇ ਮੱਸਾ

ਰੰਘੜ ਦੇ ਪਾਏ ਹੋਏ ਗਹਿਣੇ ਵੀ ਉਤਾਰ ਲਏ। ਫੌਜ ਦੇ ਸੁਚੇਤ ਹੋਣ ਤੋਂ ਪਹਿਲਾਂ ਹੀ ਉਹ ਦੂਰ ਨਿਕਲ ਗਏ। ਇਹਨਾਂ ਦੋਹਾਂ ਬਹਾਦਰਾਂ ਨੇ ਸਾਬਤ ਕਰ ਦਿੱਤਾ ਕਿ ਜਿਉਂਦੀਆਂ ਕੌਮਾਂ ਆਪਣੇ ਪਵਿੱਤਰ ਗੁਰਧਾਮ ਦੀ ਬੇਅਦਬੀ ਕਦੀ ਸਹਿਣ ਨਹੀਂ ਕਰਦੀਆਂ।

ਮਤਾਬ ਸਿੰਘ ਜਦੋਂ ਪੰਜਾਬ ਆਇਆ ਤਾਂ ਹਰਿਭਗਤ ਨਰਿੰਜਨੀਏ ਨੇ ਫਿਰ ਲਾਹੌਰ ਦੇ ਸੂਬੇਦਾਰ ਕੋਲ ਫੜਵਾ ਦਿੱਤਾ, ਜਿਥੇ ਉਸਨੂੰ 1745 (1802 ਬਿ.) ਨੂੰ ਚਰਖੜੀ ਤੇ ਚਾੜ੍ਹਕੇ ਸ਼ਹੀਦ ਕਰ ਦਿੱਤਾ ਗਿਆ।

ਪ੍ਰੰਤੂ ਸੁੱਖਾ ਸਿੰਘ ਨੇ ਜਕਰੀਆਂ ਖਾਂ, ਯਾਹੀਆਂ ਖਾਂ ਤੇ ਮੀਰ ਮੰਨੂੰ ਸਮੇਂ ਵੀ ਕਈ ਬਹਾਦਰੀ ਦੇ ਕਾਰਨਾਮੇ ਕੀਤੇ। ਜ਼ਕਰੀਆ ਖਾਂ ਦੇ ਪੁਤੱਰ ਯਾਹੀਆ ਖਾਂ ਦੇ ਸਮੇਂ ਜਦੋਂ 1746 ਈ. ਵਿੱਚ ਛੋਟਾਂ ਘੱਲੂਘਾਰਾ ਵਾਪਰਿਆ ਤਾਂ ਲਖਪਤ ਰਾਏ ਦਾ ਮੁਕਾਬਲਾ ਕਰਨ ਵਾਲੇ ਸਿੰਘਾਂ ਵਿੱਚ ਭਾਈ ਸੁੱਖਾ ਸਿੰਘ ਵੀ ਸ਼ਾਮਲ ਸੀ।

ਸੁੱਖਾ ਸਿੰਘ ਤਾਰਾ ਸਿੰਘ ਚੜ੍ਹਤ ਸਿੰਘ ਜੈ ਸਿੰਘ ਕਪੂਰ ਸਿੰਘ ਹਰੀ ਸਿੰਘ ਭੰਗੀ।[16]

ਦੀਪ ਸਿੰਘ ਸੁਧਾ ਸਿੰਘ ਛਜਾ ਤੇ ਅਘੜ ਸਿੰਘ ਦਰਗਾਹਾ ਸਿੰਘ ਦਲਜੀਤ ਸਿੰਘ ਜੰਗੀ।

ਸੁੱਖਾ ਸਿੰਘ ਲਖਪਤ ਰਾਏ ਨੂੰ ਮਾਰ ਮੁਕਾਉਣ ਦਾ ਚਾਹਵਾਨ ਸੀ, ਪਰ ਉਹ ਹੱਥ ਨਾ ਆਇਆ। ਸਗੋਂ ਲੜਾਈ ਵਿੱਚ ਇੱਕ ਗੋਲੀ ਸੁੱਖਾ ਸਿੰਘ ਦੇ ਵੱਜੀ ਤੇ ਉਸਦੀ ਲੱਤ ਦੀ ਹੱਡੀ ਟੁੱਟ ਗਈ। ਕਾਹਨੂੰਵਾਨ ਦੇ ਛੰਭ ਵਲੋਂ ਹੁੰਦੇ ਕੁਝ ਸਿੰਘ ਤਾਂ ਕਠੂਆ ਦੀਆਂ ਪਹਾੜੀਆਂ ਵੱਲ ਚਲੇ ਗਏ, ਕੁਝ ਰਾਵੀ 'ਚ ਰੁੜ ਗਏ ਤੇ 2000 ਕੁ ਸੁੱਖਾ ਸਿੰਘ ਨਾਲ ਬਿਆਸ ਤੇ ਸਤਲੁਜ ਦੇ ਤਪਦੇ ਰੇਤਲੇ ਇਲਾਕੇ ਨੂੰ ਪਾਰ ਕਰਕੇ ਮਾਲਵੇ ਵੱਲ ਚਲੇ ਗਏ।

ਜਦੋਂ 1746-47 ਈ. ਵਿੱਚ ਜ਼ਕਰੀਆ ਖਾਂ ਦੀ ਮੌਤ ਪਿਛੋਂ ਉਸਦੇ ਦੋਹਾਂ ਪੁੱਤਰਾਂ ਯਾਹੀਆ ਖਾਂ ਤੇ ਸ਼ਾਹ ਨਿਵਾਜ਼ ਖਾਂ ਵਿਚਕਾਰ ਯੁੱਧ ਛਿੜ ਗਿਆ ਤਾਂ ਸਿੱਖਾਂ ਨੂੰ ਕੁਝ ਰਾਹਤ ਮਿਲੀ। ਅਜਿਹੇ ਸਮੇਂ ਸੁੱਖਾ ਸਿੰਘ ਸਿੱਖੀ ਸਰੂਪ ਦਿਖਾ ਕੇ ਇਸ਼ਨਾਨ ਕਰਕੇ ਘੋੜਾ ਭਜਾ ਕੇ ਸਾਫ ਨਿਕਲ ਜਾਂਦਾ ਰਿਹਾ। ਇਸ ਨਾਲ ਸਿੱਖਾਂ ਨੂੰ ਹੋਰ ਵੀ ਹੌਸਲਾ ਹੋ ਗਿਆ। ਮਾਰਚ 12, 1747 ਵਿੱਚ ਜਦੋਂ ਮੀਰ ਮਨੂੰ ਨੇ ਅਬਦਾਲੀ ਦੇ ਪਹਿਲੇ ਹਮਲੇ ਸਮੇਂ ਹਾਰ ਖਾਧੀ ਤਾਂ ਸਿੱਖ ਰਾਮ ਰੌਣੀ ਨਾਮ ਦਾ ਕਿਲਾ ਬਣਾਕੇ ਅੰਮ੍ਰਿਤਸਰ ਵਿੱਚ ਰਹਿਣ ਲੱਗੇ। ਫਿਰ ਮੁਲਤਾਨ ਉੱਪਰ ਸ਼ਾਹ ਨਵਾਜ਼ ਨੇ ਹੱਲਾ ਬੋਲਿਆ ਤਾਂ ਕੌੜਾ ਮੱਲ ਦੀ ਸਲਾਹ ਤੇ ਮੀਰਮਨੂੰ ਨੇ ਸਿੱਖਾਂ ਨੂੰ ਉਸ ਵਿਰੁੱਧ ਭੇਜਿਆ। ਦੀਵਾਨ ਕੌੜਾ ਮੱਲ ਨਾਲ ਜਾਣ ਵਾਲੇ ਸਿੱਖਾਂ ਵਿੱਚ ਸੁੱਖਾ ਸਿੰਘ ਸ਼ਾਮਿਲ ਸੀ।

ਗਯੋ ਸਿੰਘ ਸੁਖਾ, ਸਿੰਘ ਲੈ ਬਿਅੰਤੈ, ਘਣੋ ਮਾਰ ਬੈਰੀਅਨ ਕੋ ਘਾਨ ਲਾਏ।[17]

ਸੁੱਖਾ ਸਿੰਘ ਨੇ 1747 ਵਿੱਚ ਅਬਦਾਲੀ ਦੇ ਹਮਲੇ ਸਮੇਂ ਇੱਕ ਗਿਲਜੇ ਦਾ ਬੜਾ ਡਟਵਾਂ ਟਾਕਰਾ ਕੀਤਾ। ਗਿਲਜੇ ਨੇ ਸਿੰਘਾਂ ਨੂੰ ਲਲਕਾਰਿਆ :

ਇਮ ਲਿਖ ਭੇਜਯੋ ਸਿੰਘਨ ਪਾਸ। ਹਮ ਹੈ ਭਾਈ ਸ਼ਾਹ ਕੇ ਖਾਸ।
ਤੁਮ ਅਖਵਾਵਤ ਸਿੰਘ ਸਿਪਾਹੀ। ਹਮ ਦੇਖਨ ਆਏ ਤੁਮ ਲੜਾਈ।

ਗਰਦ ਦੇਖ ਤਮੁ ਭਜ ਗਏ, ਭਏ ਦਰਿਆਵੋਂ ਪਾਰ।
ਝੂਠ ਕਹਾਯੋ ਸਿੰਘ ਤੁਮ ਗੀਦੀ ਗੁਲਾਮ ਗੁਵਾਰ।[18]

ਉਸਦਾ ਟਾਕਰਾ ਸੁੱਖਾ ਸਿੰਘ ਨੇ ਇੰਝ ਕੀਤਾ :

ਸੁੱਖਾ ਸਿੰਘ ਪਠਾਨ ਲਲਕਾਰੋ। ਅਬ ਮੁੜਨਾ ਕਿਸ ਬਨੈ ਤੁਮਾਰੋ।
ਪੰਥ ਨਿੰਦਾ ਕੈ ਜਾਨੋਂ ਕਹਾਂ। ਗੋਰ ਤੁਮਾਰੀ ਹੋਗੀ ਯਹਾਂ।[19]

..........................................................................

ਤਬ ਸਿੰਘ ਭੇ ਗਿਲਜਾ ਆਪਸ ਵਿੱਚ ਭਿੜ ਪਏ :

ਤੇਗਨ ਸੋਂ ਪਟਕੇ ਕਟ ਗਏ। ਛੁਰਾ ਛੁਰੀ ਸਭ ਤਬ ਗਿਰ ਪਏ।
ਦੋਊਅਕ ਤੇਗਨ ਮੁਖ ਠਟ ਗਏ। ਲਰਤ ਭਿਰਤ ਆਪਾਸ ਮੇਂ ਖਹੇ।
ਘੋੜਨ ਮੇਂ ਨਹਿੰ ਤਾਕਤ ਰਹੀ। ਜ਼ਖ਼ਮਨ ਤੇ ਰਤ ਸਭ ਚੁਇ ਗਈ।
ਘੋੜਨ ਸੋਂ ਘੋੜ ਢੁਕ ਪਏ। ਮੋਢਨ ਸੋਂ ਮੋਢੇ ਅੜ ਗਏ।
ਜੱਫਮ ਜੱਫੀ ਹੋ ਰਹੇ ਗਿਰੇ ਭੂਮ ਮਧ ਭੂਮ।
ਭਏ ਫੱਟ ਸਿਰ ਸਟ ਲਗੀ ਪਰ ਮੂਰਛਾ ਭੂਮ।
ਤਬ ਸਿੰਘ ਕੋ ਕਛੁ ਸੋਝੀ ਆਈ। ਗਿਚੀ ਤਬ ਉਸ ਸਿੰਘ ਉਠਾਈ।
ਚਕ ਸੰਜੋਇ ਦਈ ਪੇਟ ਧਸਾਇ। ਦਿਲ ਅਰ ਰੁਕੜੇ ਗਈ ਵਹਿ ਖਾਇ।
ਠੋਸ ਦਈ ਉਸਕੇ ਮਧ ਪੇਟ। ਆਂਤ ਓ ਝਰੀਕਢੀ ਸਮੇਟ।
ਸਤਿਗੁਰ ਰਖੀ ਖਾਲਸੇ ਲਾਜ। ਫਤੇ ਬੁਲਾਈ ਉਠ ਸਿੰਘ ਗਾਜ।[20]

ਇਸ ਤਰ੍ਹਾਂ ਸੁੱਖਾ ਸਿੰਘ ਨੇ ਬਿਫਰੇ ਗਿਲਜੇ ਦਾ ਅੰਤ ਕੀਤਾ।

ਇਸ ਜਿੱਤ ਪਿਛੋਂ ਸਿੱਖ ਸਰਦਾਰਾਂ ਨੇ ਸੁੱਖਾ ਸਿੰਘ ਨੂੰ ਇੱਕ-ਇੱਕ ਘੋੜਾ ਤੇ ਉਸਦੇ ਉਪਰ ਕੰਨਿਆ ਮਾਰਨ ਦਾ ਜੋ ਦੋਸ਼ ਲੱਗਾ ਸੀ, ਉਸਤੋਂ ਵੀ ਬਰੀ ਕਰ ਦਿੱਤਾ।

ਸਰਦਾਰ ਸਭੀ ਚਲ ਡੇਰੇ ਆਏ। ਇਕ ਇਖ ਘੋੜਾ ਸਭ ਲਿਆਏ।
ਦੈ ਦੈ ਘੋੜੇ ਧੰਨ ਧੰਨ ਕਹਯੋ। ਸਿੰਘ ਚਹੈ ਦੋਖ ਕੰਨਯਾ ਬਖਸਯੋ।
ਠਾਂਢ ਭਯੋ ਕਰ ਜੋਰ ਕਰ ਸਰਬ ਪੰਥਕੇ ਧਾਸ।
ਲਯੋ ਖਾਲਸੇ ਮੇਲ ਰਾਲ ਕਰ ਦਈ ਖੁਸ਼ੀ ਅਰਦਾਸ।[21]

ਸ਼ਾਮ ਸਿੰਘ ਦੇ ਘੋੜੇ ਤੋਂ ਬਿਨਾਂ ਬਾਕੀ ਮੁਹਾਂ ਦੇ ਘੋੜੇ ਉਸਨੇ ਮੋੜ ਦਿੱਤੇ। ਸ਼ਾਮ ਸਿੰਘ ਦਾ ਉਹ ਪੁੱਤਰਾਂ ਵਾਂਗ ਪਿਆਰਾ ਸੀ।

ਘੋੜੇ ਮੋੜ ਸਭੈ ਉਨ ਦਏ। ਸਯਾਮ ਸਿੰਘ ਕੇ ਉਨ ਰਖ ਲਏ।
ਸਯਾਮ ਸਿੰਘ ਕੋ ਬੇਟੋ ਕਹਾਵੇ। ਤਹਾਂ ਕਮੀ ਉਸ ਘੋੜਨ ਆਵੇ।[22]

ਸੁੱਖਾ ਸਿੰਘ ਦੇ ਅਨੇਕਾਂ ਕਾਰਨਾਮੇ ਹਨ। ਉਸਨੇ ਫਿਰ ਸਰਾਇ ਨੂਰਦੀਨ ਤੇ ਹਮਲਾ ਕੀਤਾ। ਸੰਘਰ ਕੋਟ ਲੁੱਟਿਆ। ਮਜੀਠੇ ਦੇ ਜ਼ਾਲਮਾਂ ਨੂੰ ਕਤਲ ਕੀਤਾ। ਫਿਰ ਉਸਨੇ ਛੀਨਾ ਪਿੰਡ ਤੇ ਹਮਲਾ ਕੀਤਾ। ਕਰਮਾ ਛੀਨਾ ਡਰ ਗਿਆ।

ਸਿੰਘਨ ਘੇਰਾ ਗ੍ਰਾਮਹਿ ਪਾਯਾ। ਗ੍ਰਾਮ ਲੜਨ ਤਬ ਬਾਹਰ ਆਇਆ।
ਸਿੰਘਨ ਲੀਏ ਸੋ ਬਾਹਰੇ ਮਾਰ। ਸਥ ਬੜੇ ਸਿੰਘ ਤਿਨਕੋ ਨਾਰ।

ਲੂਟ ਕਰੀ ਔਕਟੇ ਬਹੁਤਰੇ। ਪਾਏ ਸਿੰਘ ਕਰਮੇ ਗੜ੍ਹ ਘੇਰੇ।
ਤਬ ਕਰਮੇ ਨੇ ਜਾਨਿਓਂ ਸਿੰਘ ਅਬ ਛਾਡਤ ਨਾਂਹਿ।
ਤੇਰਾ ਬਹੁ ਜਿਸ ਆਪਣੀ ਆਪੇ ਦਈ ਕਟਾਇ।"[23]

ਇਸ ਤਰ੍ਹਾਂ ਸੁੱਖਾਂ ਸਿੰਘ ਨੇ ਕਰਮਾ ਛੀਨਾ ਹਮਲਾ ਕਰਕੇ ਮਾਰ ਮੁਕਾਇਆ। ਹੁਣ ਸੁੱਖਾ ਸਿੰਘ ਨਿਰਭੈ ਹੋਕੇ ਅੰਮ੍ਰਿਤਸਰ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਨ ਜਾਂਦਾ ਰਿਹਾ। ਕੋਈ ਵੀ ਮੁਸਲਮਾਨ ਉਸਦਾ ਰਾਹ ਨਹੀਂ ਰੋਕ ਸਕਦਾ ਸੀ। ਉਹ ਲਲਕਾਰਦਾ ਸੀ :

ਆਵੋ ਕੋ ਸਨਮੁਖ ਹਮ ਪਾਹੀ। ਨਹੀਂ ਤੇ ਭਜੋ ਛਡ ਹਮਰੋ ਰਾਹੀ।
ਕਾਢ ਤੇਗ ਜਬ ਸਿੰਘ ਚਮਕਾਈ। ਕੋ ਨਾ ਠਹਰਯੋ ਸਭ ਗਏ ਧਾਈ।[21]

ਇੱਕ ਵਾਰ ਸਿੰਘਾਂ ਨੂੰ ਮਾਇਆ ਦੀ ਤੋਟ ਆਈ। ਸੁਖਾ ਸਿੰਘ ਅਤੇ ਅਘੜ ਸਿੰਘ ਨੇ ਤੁਰਕੀ ਵੇਸ ਧਾਰਿਆ ਅਤੇ ਲੋਕਾਂ ਦੇ ਦੀਵੇ ਜਗਾਉਣ ਵੇਲੇ ਲਾਹੌਰ ਸ਼ਹਿਰ ਵਿੱਚ ਜਾ ਵੜੇ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਲੋਗਨ ਥੇ ਉਤ ਦੀਵੇ ਜੋੜੇ। ਇਨ ਬਜ਼ਾਰ ਮੇ ਬਾੜੇ ਘੋੜੇ।
ਸੁਖੇ ਸਿੰਘ ਇਕ ਧਨੀ ਸਰਾਫ। ਪਿਖਯੋ ਦੁਕਾਨ ਬਧਾਵਤ ਖਾਸ।
ਥੈਲੀ ਦੋ ਮੁਹਿਰਨ ਕੀ ਲੈਕੇ। ਘਰ ਕੋ ਚਾਲਿਓ ਕੰਧ ਧਰੇਕੇ।
ਗੁਰੂ ਮਨਾਇ ਸਿੰਘ ਮੁਦ ਪਾਈ। ਘੋੜੀ ਛੇੜ ਬਰਾਬਰ ਲਾਈ।
ਝਟ ਪਟ ਥੈਲੀ ਉਭੈ ਛਿਨਾਈ। ਬਲਕ ਫੇਟ ਮੈ ਕਯੋ ਗਿਰਾਈ।

...........................................................

ਧਨ ਦੀਕੋ ਲੰਗਰ ਮੈਂ ਪਾਏ। ਲੰਗਰ ਛਕਿਯੋ ਸਿੰਘਨ ਮੁਦਖਾਏ।
ਕਈ ਬਾਰੇ ਸੁਖਾਂ ਸਿੰਘ ਐਸੇ। ਕਰੇ ਕਾਮ ਪੰਥ ਖੁਸ ਰਹਿ ਜੈਸੇ।[25]

1751 ਈ. ਮੀਰ ਮਨੂੰ ਅਹਿਮਦ ਸ਼ਾਹ ਅਬਦਾਲੀ ਨਾਲ ਤੀਸਰੇ ਹਮਲੇ ਪਿਛੋਂ ਅਧੀਨਗੀ ਪਰਵਾਨ ਕਰਕੇ ਗਵਰਨਰ ਵਜੋਂ ਕੰਮ ਕਰਨ ਲੱਗ ਪਿਆ। ਸਿੱਖਾਂ ਦਾ ਹਮਦਰਦ ਕੌੜਾ ਮੱਲ ਮਾਲਿਆ ਜਾ ਚੁੱਕਾ ਸੀ। ਹੁਣ ਮੀਰ ਮਨੂੰ ਨੇ ਸਿੱਖਾਂ ਵਿਰੁੱਧ ਮੀਰ ਮੋਮਨ ਖਾਂ ਨੂੰ ਭੇਜਿਆ। ਸਿੰਘਾਂ ਨੇ ਉਹਨਾਂ ਨੂੰ ਬੜਾ ਪ੍ਰੇਸ਼ਾਨ ਕੀਤਾ। ਮੀਰ ਮੋਮਨ ਖਾਂ ਸਿੱਖਾਂ ਦੀਆਂ ਇਸਤਰੀਆਂ ਤੇ ਬੱਚੇ ਫੜ ਕੇ ਲੈ ਗਿਆ ਤੇ ਨਖਾਸਖਾਨੇ 'ਚ ਸ਼ਹੀਦ ਕਰਨ ਲਈ ਹੁਕਮ ਚਾੜ੍ਹ ਦਿੱਤਾ। ਅਜਿਹੇ ਸਮੇਂ ਸੁੱਖਾ ਸਿੰਘ ਨੇ ਆਪਣੇ ਸਾਥੀਆਂ ਨੂੰ ਲੈ ਕੇ ਕੋਟ ਬੁੱਢਾ ਕੋਲ 1753 ਈ. ਵਿੱਚ ਮੀਰ ਮਨੂੰ ਨਾਲ ਯੁੱਧ ਕੀਤਾ। ਗਿਆਨੀ ਗਿਆਨ ਸਿੰਘ ਲਿਖਦੇ ਹਨ :

ਸਯਾਮ ਸਿੰਘ ਸਰਦਾਰ ਚੜਤ ਸਿੰਘ ਆਦਿਮਹਾਨੋ।
ਸੁੱਖਾ ਸਿੰਘ ਅਰ ਅਘੜ ਸਿੰਘ ਇਸ ਬਚਨ ਬਖਾਨੋ।
ਧਰਮ ਯੁੱਧ ਮੈ ਸੀਸ ਸਿੰਘ ਖੁਸ਼ ਹੋ ਦੈਹੈ॥
ਸਚ ਖੰਡ ਜਾਇ ਪਰਮ ਪਦ ਸੁਖ ਸਭ ਪੈਹੈ॥
ਯਹ ਸੁਨ ਸਿੰਘ ਨੇ ਕੋਪ ਸ਼ਸਤ੍ਰ ਸਭ ਸੰਭਾਰੇ।
ਸੁੱਖੇ ਅਫੀਮਾਂ ਛਕੇ ਹੂਏ ਥੇ ਅਏ ਤਰਾਹੇ।

...............................................

ਸੁਖਾ ਸਿੰਘ ਤਬ ਅਧਿਕ ਗਰਜ ਕਰ ਗਯੋ ਅਗਾਰੀ।
ਮਾਰ ਅਨੇਕਨ ਤਈਂ ਜੂਝ ਬਨ ਗਯੋ ਮੁਰਾਰੀ।[26]

ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰ: 209 ਵਿੱਚ ਲਿਖਦੇ ਹਨ ਕਿ ਭਾਈ ਸੁੱਖਾ ਸਿੰਘ ਸੰਮਤ 1810 (1753 ਈ.) ਵਿੱਚ ਦੁਰਾਨੀਆਂ ਦੀ ਫੌਜ ਨਾਲ ਲੜਦੇ ਰਾਵੀ ਕਿਨਾਰੇ ਲਾਹੌਰ ਪਾਸ ਸ਼ਹੀਦ ਹੋਏ। ਪਰ ਇਹ ਠੀਕ ਨਹੀਂ ਲੱਗਦਾ ਕਿਉਂਕਿ ਦੁਰਾਨੀਆਂ ਨਾਲ ਤਾਂ ਦੀਵਾਨ ਕੌੜਾ ਮੱਲ ਦੇ ਕਹਿਣ ਤੇ ਸਿੱਖ 1751 ਈ. ਵਿੱਚ ਲੜੇ ਸਨ। ਉਸੇ ਲੜਾਈ ਵਿੱਚ ਦੀਵਾਨ ਕੌੜਾ ਮੱਲ ਵੀ ਮਾਰਿਆ ਗਿਆ ਸੀ।

## ਹਵਾਲੇ ਅਤੇ ਟਿੱਪਣੀਆਂ


1. ਗਿਆਨੀ ਗਿਆਨ ਸਿੰਘ, ਸ਼ਮਸ਼ੇਰ ਖਾਲਸਾ, ਪੰ: 132 ਤੇ 12 ਜੇਠ 1797 ਬਿਕਰਮੀ ਲਿਖਦੇ ਹਨ, ਜਦੋਂ ਕਿ ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ ਤੇ ਰਣਜੀਤ ਸਿੰਘ ਪੰ: 211 ਤੇ ਅਗਸਤ ਮਹੀਨਾ ਲਿਖਦਾ ਹੈ। ਪ੍ਰੋ: ਹਰਬੰਸ ਸਿੰਘ ਨੇ Heritge of the Sikhs, ਪੰ: 128 ਤੇ 6 ਮਈ 1740 ਦੀ ਤਾਰੀਖ ਹੀ ਦਿੱਤੀ ਹੈ।
2. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼ (ਸੰਪਾਦਿਤ ਭਾਈ ਵੀਰ ਸਿੰਘ) ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਐਡੀਸ਼ਨ-1993 ਪੰ: 246
3. ਉਹੀ, ਪੰ: 233
4. ਇਹਨਾਂ ਵਿੱਚ ਜੰਡਿਆਲਾ ਦਾ ਹਰਿਭਗਤ ਨਿਰੰਜਨੀਆ, ਜੋਧ ਨਗਰ ਦਾ ਧਰਮਦਾਸ ਟੋਪੀ, ਕਰਮਾ ਛੀਨਾ, ਘਣੀਆ ਪਿੰਡ ਦਾ ਰਾਮਾ ਰੰਧਾਵਾ, ਨੌਸ਼ਹਿਰੇ ਦਾ ਸਾਹਿਬ ਰਾਏ ਸੰਧੂ, ਨੌਸ਼ਹਿਰੇ ਦਾ ਮਨ੍ਹਾ, ਸਰਾਂ ਦਾ ਦਿਲਬਾਗ ਰਾਏ, ਧਨੇਸ਼ਰਾ ਦੇ ਹੈਬਤ ਮੱਲ ਤੇ ਜੰਡਿਆਲੇ ਦਾ ਮੱਸਾ ਰੰਘੜ ਸਰਗਰਮ ਸਨ।
5. ਜੋਗਿੰਦਰ ਸਿਘ, (ਪ੍ਰੋਫੈਸਰ), ਗਰੀਬੀ ਗਦਾ ਹਮਾਰੀ, ਪੰ: 48-49
6. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 247
7. ਉਹੀ, ਪੰ: 248
8. ਉਹੀ, ਪੰ: 249
9. ਉਹੀ, ਪੰ: 250
10. ਉਹੀ, ਪੰ: 235, 236
11. ਗਿਆਨੀ ਗਿਆਨ ਸਿੰਘ, ਸ਼ਮਸ਼ੇਰ ਖਾਲਸਾ, ਪੰ: 131-132
12. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 236
13. ਉਹੀ, ਪੰ: 237
14. ਉਹੀ, ਪੰ: 237
15. ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, ਖੂਨ ਸ਼ਹੀਦਾਂ ਦਾ, ਪੰ: 49

16. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰ: 78
17. ਉਹੀ
18. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 251
19. ਉਹੀ, 253
20. ਉਹੀ, ਪੰ: 254
21. ਉਹੀ, ਪੰ: 254
22. ਉਹੀ, ਪੰ: 254-55
23. ਉਹੀ, ਪੰ: 255
24. ਉਹੀ, ਪੰ: ੨੫੭
25. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰ: 822-23
26. ਉਹੀ, ਪੰ: 825

# ਬਾਬਾ ਦੀਪ ਸਿੰਘ ਸ਼ਹੀਦ

ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦਾ ਮੋਢੀ ਸੀ। ਉਹ ਸਿੱਖ ਇਤਿਹਾਸ ਦੇ ਅਤਿ ਸਤਿਕਾਰ ਯੋਗ ਯੋਧਿਆਂ ਵਿੱਚੋਂ ਇੱਕ ਹੈ।

ਉਸਦਾ ਜਨਮ 26 ਜਨਵਰੀ 1682 ਈਸਵੀ ਨੂੰ ਮਾਤਾ ਜਿਉਣੀ ਦੀ ਕੁੱਖੋਂ ਹੋਇਆ। ਉਸਦਾ ਪਿਤਾ ਭਾਈ ਭਗਤਾ, ਅੰਮ੍ਰਿਤਸਰ ਤੋਂ ਚਾਲੀ ਮੀਲ ਦੱਖਣ ਪੱਛਮ ਦੇ ਇੱਕ ਪਿੰਡ ਪਹੂਵਿੰਡ ਦੇ ਰਹਿਣ ਵਾਲਾ ਸੀ। ਇਹ ਪਿੰਡ ਅੰਮ੍ਰਿਤਸਰ ਜ਼ਿਲੇ ਵਿੱਚ ਹੈ। ਵੰਡ ਤੋਂ ਪਹਿਲਾਂ, ਇਹ ਜ਼ਿਲਾ ਲਾਹੌਰ ਦਾ ਹਿੱਸਾ ਸੀ।

ਉਹ ਬੜੇ ਨਰੋਏ ਤੇ ਸੁਡੌਲ ਸਰੀਰ ਦੇ ਮਾਲਕ ਸਨ। ਬਚਪਨ ਤੋਂ ਹੀ ਉਹ ਪੱਕੇ ਇਰਾਦੇ ਤੇ ਦ੍ਰਿੜ੍ਹਤਾ ਦੇ ਸੁਆਮੀ ਸਨ। ਉਹਨਾਂ ਨੇ ਆਨੰਦਪੁਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਪਾਸੋਂ ਅੰਮ੍ਰਿਤ ਛਕਿਆ ਜਿੱਥੇ ਉਹ ਕੁਝ ਸਮਾਂ ਰਹਿ ਕੇ ਭਾਈ ਮਨੀ ਸਿੰਘ ਪਾਸੋਂ ਧਾਰਮਕ ਗ੍ਰੰਥਾਂ ਦਾ ਅਧਿਐਨ ਵੀ ਕਰਦੇ ਰਹੇ। ਓਹਨਾਂ ਨੇ ਹਥਿਆਰਾਂ ਦੀ ਸਿਖਲਾਈ ਲਈ ਤੇ ਘੋੜ ਅਸਵਾਰੀ ਸਿੱਖੀ। ਉਹ ਉਹਨਾਂ ਕੁਝ ਕੁ ਸਿੱਖਾਂ ਵਿਚੋਂ ਸਨ ਜੋ ਗੁਰੂ ਜੀ ਦੇ ਹਜ਼ੂਰੀ ਸਿੱਖ ਸਨ। ਆਨੰਦਪੁਰ ਵਿੱਚ ਲੜੇ ਗਏ ਯੁੱਧਾਂ ਵਿੱਚ ਵੀ ਉਹਨਾਂ ਨੇ ਹਿੱਸਾ ਲਿਆ। ਉਹ 1702 ਨੂੰ ਪਿੰਡ ਮੁੜ ਆਏ, ਵਿਆਹ ਕਰਵਾਇਆ ਤੇ ਪਿੰਡ ਟਿਕ ਗਏ।

ਜਦੋਂ ਗੁਰੂ ਜੀ ਦੱਖਣ ਵੱਲ ਕੂਚ ਕਰ ਗਏ, ਤਾਂ ਉਹ ਤਲਵੰਡੀ ਸਾਬੋ ਟਿਕ ਗਏ ਜਿਸਨੂੰ ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਪੰਜਾਬ ਭੇਜਿਆ, ਉਸ ਸਮੇਂ ਬਾਬਾ ਦੀਪ ਸਿੰਘ ਆਪਣੇ ਜੱਥੇ ਨਾਲ ਬੰਦਾ ਬਹਾਦਰ ਨੂੰ ਜਾ ਮਿਲੇ। ਉਹ ਹਰ ਲੜਾਈ ਵਿੱਚ ਸੈਨਿਕਾਂ ਦੀਆਂ ਮੂਹਰਲੀਆਂ ਸਫਾਂ ਵਿੱਚ ਹੁੰਦੇ। ਉਹਨਾਂ ਨੇ ਸਢੌਰੇ ਤੇ ਸਰਹਿੰਦ ਦੇ ਯੁੱਧਾਂ ਵਿੱਚ ਭਾਗ ਲਿਆ। ਇਸੇ ਲਈ ਉਸਨੂੰ ਤੇ ਉਹਨਾਂ ਦੇ ਸਾਥੀਆਂ ਨੂੰ ਸ਼ਹੀਦ ਜਾਂ ਮਰਜੀਵੜੇ ਵੀ ਕਿਹਾ ਜਾਂਦਾ ਸੀ। ਉਹਨਾਂ ਨੇ ਬੰਦਾ ਬਹਾਦਰ ਦਾ ਸਾਥ 1714 ਈ: ਵਿੱਚ ਛੱਡ ਦਿੱਤਾ ਜਦੋਂ ਬੰਦਾ ਸਿੰਘ ਬਹਾਦਰ ਦਾ ਤੱਤ ਖਾਲਸਾ ਨਾਲ ਵਿਰੋਧ ਹੋ ਗਿਆ। ਦੀਪ ਸਿੰਘ ਤਲਵੰਡੀ ਸਾਬੋ ਮੁੜ ਆਇਆ।

ਹੁਣ ਬਾਬਾ ਦੀਪ ਸਿੰਘ ਨੇ ਆਪਣਾ ਸਾਰਾ ਸਮਾਂ ਸਿੱਖ ਧਰਮ ਗ੍ਰੰਥਾਂ ਦੇ ਅਧਿਐਨ ਵਾਸਤੇ ਲਾਇਆ। ਉਹਨਾਂ ਨੇ ਸਿੱਖਾਂ ਨੂੰ ਯੁੱਧ ਕਲਾ ਤੇ ਹਥਿਆਰ ਵਰਤਣ ਦੀ ਸਿੱਖਿਆ ਵੀ ਦੇਣੀ ਸ਼ੁਰੂ ਕੀਤੀ। ਕਿਹਾ ਜਾਂਦਾ ਹੈ ਕਿ 1726 ਈ: ਵਿੱਚ ਉਹਨਾਂ ਨੇ ਦਮਦਮੀ ਬੀੜ (ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਠਹਿਰਣ ਸਮੇਂ ਤਿਆਰ ਕਰਵਾਈ ਸੀ) ਦੇ ਚਾਰ ਉਤਾਰੇ ਕਰਵਾਏ।

1732 ਈ: ਵਿੱਚ ਉਸਨੇ ਸਰਦਾਰ ਆਲ੍ਹਾ ਸਿੰਘ ਦੀ ਉਦੋਂ ਸਹਾਇਤਾ ਕੀਤੀ ਜਦੋਂ

ਮੰਝ ਤੇ ਭੱਟੀ ਰਾਜਪੂਤਾਂ ਨੇ ਜਲੰਧਰ ਦੇ ਫੌਜਦਾਰ ਤੇ ਮਲੇਰਕੋਟਲੇ ਦੇ ਨਵਾਬ ਨਾਲ ਬਰਨਾਲੇ ਨੂੰ ਘੇਰਾ ਪਾਇਆ।

1733 ਈ: ਵਿੱਚ ਉਹ ਆਪਣਾ ਜੱਥਾ ਲੈਕੇ ਨਵਾਬ ਕਪੂਰ ਸਿੰਘ ਪਾਸ ਅੰਮ੍ਰਿਤਸਰ ਪਹੁੰਚੇ ਜਿੱਥੇ ਸਾਰੀ ਸਿੱਖ ਫੌਜ ਇਕੱਠੀ ਕਰਕੇ ਦਲ ਖਾਲਸਾ ਬਣਾਇਆ ਗਿਆ। ਦਲ ਖਾਲਸਾ ਨੂੰ ਪਰਬੰਧਕ ਸੌਖ ਤੇ ਕੁਸ਼ਲਤਾ ਲਈ ਦੋ ਭਾਗਾਂ ਵਿੱਚ ਵੰਡਿਆ ਗਿਆ—ਬੁੱਢਾ ਦਲ ਤੇ ਤਰੁਣਾ ਦਲ। ਤਰੁਣਾ ਦਲ ਦੇ ਅੱਗੋਂ 5 ਭਾਗ ਬਣਾਏ ਗਏ। ਦੀਪ ਸਿੰਘ ਨੂੰ ਇੱਕ ਜੱਥੇ ਦੀ ਕਮਾਨ ਸੌਂਪੀ ਗਈ ਜਿਹਨਾਂ ਨੂੰ ਅੱਗੇ ਜਾ ਕੇ 1748 ਈ: ਵਿੱਚ ਮਿਸਲਾਂ ਦੇ ਰੂਪ ਵਿੱਚ ਮੁੜ ਸੰਗਠਿਤ ਕੀਤਾ ਗਿਆ।[1] ਇਹਨਾਂ ਵਿਚੋਂ ਇੱਕ ਮਿਸਲ ਸ਼ਹੀਦ ਮਿਸ਼ਲ ਦੇ ਨਾਮ ਨਾਲ ਪ੍ਰਸਿੱਧ ਹੋਈ ਕਿਉਂਕਿ ਇਸਦੇ ਬਾਨੀ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ।

ਸ਼ਹੀਦ ਮਿਸਲ ਦਾ ਪ੍ਰਭਾਵ ਖੇਤਰ ਸਤਲੁਜ ਤੋਂ ਦੱਖਣ ਦੇ ਖੇਤਰ ਵਿੱਚ ਸੀ ਤੇ ਬਾਬਾ ਦੀਪ ਸਿੰਘ ਦਾ ਪੱਕਾ ਸਥਾਨ ਤਲਵੰਡੀ ਸਾਬੋ ਸੀ। ਉਥੋਂ ਉਹਨਾਂ ਨੇ ਇੱਕ ਖੂਹ ਵੀ ਲਵਾਇਆ ਸੀ ਜੋ ਅੱਜ ਤੱਕ ਵੀ ਹੈ। ਆਪ ਉਹ ਇਕ ਬੁਰਜ ਵਿੱਚ ਰਿਹਾ ਕਰਦੇ ਸਨ ਜੋ ਅੱਜ ਵੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕੋਲ ਸਥਿਤ ਹੈ ਤੇ ਜਿਸਨੂੰ ਬੁਰਜ ਬਾਬਾ ਦੀਪ ਸਿੰਘ ਕਿਹਾ ਜਾਂਦਾ ਹੈ।

ਪ੍ਰੰਤੂ ਬਾਬਾ ਦੀਪ ਸਿੰਘ ਦੀ ਪ੍ਰਸਿੱਧੀ ਉਸ ਧਾਰਮਕ ਜੋਸ਼ ਕਾਰਨ ਹੈ ਜੋ ਉਹਨਾਂ ਨੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਦਿਖਾਇਆ ਤੇ ਉਸਦੀ ਰੱਖਿਆ ਲਈ ਆਪਣੀ ਜਾਨ ਦੇ ਦਿੱਤੀ। 1756-57 ਈ: ਦੀਆਂ ਸਰਦੀਆਂ ਦੀ ਰੁੱਤੇ ਅਹਿਮਦਸ਼ਾਹ ਅਬਾਲੀ ਨੇ ਪੰਜਾਬ ਨੂੰ ਅਫ਼ਗਾਨ ਰਾਜ ਦਾ ਭਾਗ ਬਣਾ ਕੇ ਆਪਣੇ ਰਾਜ ਵਿੱਚ ਮਿਲਾ ਲਿਆ ਤੇ ਆਪਣੇ ਪੁੱਤਰ ਤੈਮੂਰ ਨੂੰ ਲਾਹੌਰ ਦਾ ਵਾਇਸਰਾਏ ਤੇ ਆਪਣੇ ਅਨੁਭਵੀ ਜਰਨੈਲ ਜਹਾਨ ਖਾਂ ਨੂੰ ਉਸਦਾ ਨਾਇਬ ਬਣਾ ਕੇ ਭੇਜਿਆ। ਜਹਾਨ ਖਾਂ ਨੇ ਮਈ 1757 ਈ: ਵਿੱਚ ਅੰਮ੍ਰਿਤਸਰ ਨੂੰ ਘੇਰਾ ਪਾਇਆ, ਸਿੱਖਾਂ ਦੇ ਕਿਲੇ, ਰਾਮ ਰਉਣੀ ਨੂੰ ਢਾਹ ਦਿੱਤਾ ਤੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਭਰ ਦਿੱਤਾ। ਜਦੋਂ ਇਸ ਬੇਹੁਰਮਤੀ ਦਾ ਬਾਬਾ ਦੀਪ ਸਿੰਘ ਨੂੰ ਪਤਾ ਲੱਗਾ ਤਾਂ ਉਹ ਆਪਣੇ ਯੋਧਿਆਂ ਦੇ ਦਲ ਨਾਲ ਅੰਮ੍ਰਿਤਸਰ ਲਈ ਚਲ ਪਿਆ। ਰਾਹ ਵਿੱਚ ਉਸ ਨਾਲ ਹੋਰ ਸਿੱਖ ਮਿਲਦੇ ਗਏ। ਜਦੋਂ ਉਹ ਤਰਨਤਾਰਨ ਪਹੁੰਚੇ, ਤਾਂ ਉਸਦੀ ਅਗਵਾਈ ਵਿੱਚ ਇਕੱਠੇ ਹੋਏ ਸਿੱਖਾਂ ਦੀ ਗਿਣਤੀ 5000 ਹੋ ਗਈ ਸੀ। ਤਰਨਤਾਰਨ ਪਹੁੰਚ ਕੇ ਉਹਨਾਂ ਨੇ ਆਪਣੇ ਗੁੱਟਾਂ ਤੇ ਸ਼ਗਨਾਂ ਦੇ ਗਾਨੇ ਬਨ੍ਹ ਲਏ ਤੇ ਆਪਣੀਆਂ ਦਸਤਾਰਾਂ ਅਤੇ ਕੱਪੜਿਆਂ ਤੇ ਕੇਸਰ ਛਿੜਕ ਲਿਆ ਜਿਵੇਂ ਉਹ ਲਾੜੀਆਂ ਨੂੰ ਜਿੱਤਕੇ ਵਿਆਹੁਣ ਲਈ ਜਾ ਰਹੇ ਹੋ।"[2]

ਜਦੋਂ ਜਹਾਨ ਖਾਂ ਨੂੰ ਇਸ ਬਾਰੇ ਜਾਣਕਾਰੀ ਮਿਲੀ ਤਾਂ ਉਹ 2000 ਘੋੜ ਸਵਾਰਾਂ ਨਾਲ ਅੱਗੇ ਆਇਆ। ਉਹ ਗੋਹਲਵੜ ਦੇ ਅਸਥਾਨ ਤੇ ਸਿੱਖਾਂ ਦੀ ਉਡੀਕ ਵਿੱਚ ਬੈਠਾ ਸੀ ਜਿਹੜਾ ਤਰਨਤਾਰਨ ਤੋਂ 8 ਤੇ ਅੰਮ੍ਰਿਤਸਰ ਤੋਂ 5 ਮੀਲ ਸੀ।[3] ਜਦੋਂ ਜਹਾਨ ਖਾਂ ਦਾ ਸਿੱਖਾਂ ਨਾਲ ਮੁਕਾਬਲਾ ਹੋਇਆ ਤਾਂ ਉਸਨੂੰ ਕਰਾਰੀ ਹਾਰ ਹੋਈ। ਪਠਾਨ ਜਾਨਾਂ ਬਚਾ ਕੇ ਵੱਖ-ਵੱਖ ਪਾਸਿਆਂ ਨੂੰ ਨਿਕਲ ਗਏ। ਜਹਾਨ ਖਾਂ ਨੇ ਡਰਾ ਧਮਕਾ ਕੇ ਆਪਣੇ ਆਦਮੀਆਂ

ਨੂੰ ਮੁੜ ਇਕਠਿਆਂ ਕਰਨ ਦੀ ਕੋਸ਼ਿਸ਼ ਕੀਤੀ ਪਰਉਸਦਾ ਕੋਈ ਅਸਰ ਨਾ ਹੋਇਆ। ਛੇਤੀ ਹੀ ਅਤਾਈ ਖਾਂ ਸੈਨਿਕਾਂ ਤੇ ਤੋਪਖਾਨੇ ਦੀ ਇੱਕ ਕੁਮਕ ਲੈਕੇ ਪਹੁੰਚ ਗਿਆ ਤੇ ਇਸ ਅਚਾਨਕ ਆਈ ਸਹਾਇਤਾ ਕਾਰਨ ਅਫ਼ਗਾਨਾਂ ਦਾ ਪੱਲੜਾ ਭਾਰੀ ਹੋ ਗਿਆ ਤੇ ਲੜਾਈ ਦਾ ਪਾਸਾ ਹੀ ਪਲਟ ਗਿਆ। ਸਿੱਖ ਸੁਸਿੱਖਿਅਤ ਅਫਗਾਨਾਂ ਦੇ ਟਾਕਰੇ ਤੇ ਜਹਾਨ ਖਾਂ ਨੂੰ ਐਨ ਮੌਕੇ ਤੇ ਪਹੁੰਚੀ ਕੁਮਕ ਕਾਰਨ ਬਹੁਤਾ ਚਿਰ ਠਹਿਰ ਨਾ ਸਕੇ।

ਬਾਬਾ ਦੀਪ ਸਿੰਘ ਨੂੰ ਵੈਰੀ ਦਲ ਦੇ ਇੱਕ ਕਮਾਂਡਰ ਨੇ ਲਲਕਾਰਿਆ ਤੇ ਬਾਬਾ ਜੀ ਨੇ ਉਹਦੀ ਵੰਗਾਰ ਕਬੂਲ ਕਰ ਲਈ। ਦੋਹਾਂ ਦੀ ਲੜਾਈ ਸ਼ੁਰੂ ਹੋ ਗਈ ਤੇ ਦੋਵੇਂ ਗੰਭੀਰ ਰੂਪ ਵਿੱਚ ਫੱਟੜ ਹੋ ਗਏ। ਖੁਸ਼ਵੰਤ ਸਿੰਘ ਲਿਖਦਾ ਹੈ, "ਦੀਪ ਸਿੰਘ ਨੂੰ ਧੌਣ ਤੇ ਡੂੰਘਾ ਫੱਟ ਲੱਗਾ, ਤੇ ਉਹ ਹਰਿਮੰਦਰ ਪਹੁੰਚ ਕੇ ਜਾਨ ਦੇਣ ਦਾ ਇਕਰਾਰ ਪੂਰਾ ਕਰਨ ਦੇ ਮਸਾਂ ਹੀ ਸਮਰੱਥ ਹੋਇਆ। ਉਸਨੂੰ ਰੰਗੀਨ ਤਸਵੀਰਾਂ ਵਿੱਚ ਖੱਬੇ ਹੱਥ ਦੀ ਤਲੀ ਤੇ ਸਿਰ ਰੱਖਕੇ ਤੇ ਸੱਜੇ ਹੱਥ ਨਾਲ ਤਲਵਾਰ ਚਲਾਉਂਦਿਆਂ ਹੋਇਆਂ ਵਿਖਾਇਆ ਗਿਆ ਹੈ।"[5]

ਸਿੱਖ ਰਿਵਾਇਤ ਅਨੁਸਾਰ ਉਸ ਸਮੇਂ ਇੱਕ ਕ੍ਰਿਸ਼ਮਾ ਵਾਪਰਿਆ ਜਦੋਂ ਸਿਰ ਤੋਂ ਬਿਨਾਂ ਹੀ ਧੜ ਕੁਝ ਸਮੇਂ ਲਈ ਚਾਰ ਕਿਲੋ ਵਜ਼ਨੀ (8 ਕਿੱਲੋ ਕੱਚਾ ਵੱਟਾ) ਤਲਵਾਰ ਲੈ ਕੇ ਲੜਦਾ ਵੇਖਿਆ ਗਿਆ ਸੀ। ਦੀਪ ਸਿੰਘ ਨੇ ਪ੍ਰਣ ਕੀਤਾ ਹੋਇਆ ਸੀ ਕਿ ਉਹ ਹਰਿਮੰਦਰ ਦੇ ਦਰਸ਼ਨ ਕਰਕੇ ਪਰਕਰਮਾ ਵਿੱਚ ਹੀ ਪ੍ਰਾਣ ਦੇਵੇਗਾ। ਉਸ ਪ੍ਰਣ ਨੂੰ ਧਿਆਨ 'ਚ ਰੱਖਕੇ ਉਹ ਵੈਰੀ ਸਫਾਂ ਚੀਰਦਾ ਹੋਇਆ ਤੇ ਲਹੂਲੁਹਾਨ ਹੋਇਆ ਉਦੋਂ ਹੀ ਧਰਤੀ ਤੇ ਡਿੱਗਾ ਜਦ ਉਹ ਹਰਿਮੰਦਰ ਦੀ ਪਵਿੱਤਰ ਪਰਕਰਮਾ 'ਚ ਪਹੁੰਚ ਗਿਆ। ਉਸਦੀ ਅਦੁੱਤੀ ਕੁਰਬਾਨੀ ਤੇ ਸਰਵੋਤਮ ਬੀਰਤਾ ਦੀ ਯਾਦ, ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ, ਅੱਜ ਵੀ ਕਾਇਮ ਹੈ।

ਜਿਹੜੇ ਹੋਰ ਉੱਘੇ ਸਿੱਖਾਂ ਨੇ ਬਾਬਾ ਦੀਪ ਸਿੰਘ ਨਾਲ ਹੀ ਸ਼ਹਾਦਤ ਪ੍ਰਾਪਤ ਕੀਤੀ ਉਹਨਾਂ ਵਿੱਚ ਧਰਮ ਸਿੰਘ, ਖੇਮ ਸਿੰਘ, ਮਾਨ ਸਿੰਘ, ਰਾਮ ਸਿੰਘ, ਬਹਾਦਰ ਸਿੰਘ ਸੱਜਣ ਸਿੰਘ, ਹੀਰਾ ਸਿੰਘ ਤੇ ਅੱਗੜ ਸਿੰਘ ਸ਼ਾਮਲ ਸਨ। ਇਹ ਘਟਨਾ 11 ਨਵੰਬਰ, 1757 ਈ: ਨੂੰ ਵਾਪਰੀ।

ਹਰਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਇਹ ਐਸੀ ਕੁਰਬਾਨੀ ਸੀ ਤੇ ਅਜਿਹਾ ਸਾਹਸੀ ਕਾਰਨਾਮਾ ਸੀ ਜਿਸਨੂੰ ਛੇਤੀ ਕਰਾਮਾਤ ਵਜੋਂ ਪ੍ਰਸਿੱਧੀ ਪ੍ਰਾਪਤ ਹੋ ਗਈ। ਇਹ ਗੱਲ ਪ੍ਰਸਿੱਧ ਹੋ ਗਈ ਕਿ ਬਾਬਾ ਦੀਪ ਸਿੰਘ ਨੇ ਆਪਣਾ ਕੱਟਿਆ ਹੋਇਆ ਸਿਰ ਖੱਬੇ ਹੱਥ ਦੀ ਤਲੀ ਤੇ ਟਿਕਾ ਕੇ ਸੱਜੇ ਹੱਥ ਨਾਲ ਉਦੋਂ ਤੱਕ ਲੜਾਈ ਜਾਰੀ ਰੱਖੀ ਜਦ ਤੱਕ ਉਹਨਾਂ ਨੇ ਪਵਿੱਤਰ ਹਰਿਮੰਦਰ ਵਿੱਚ ਪਹੁੰਚਣ ਦਾ ਪ੍ਰਣ ਪੂਰਾ ਨਾ ਕਰ ਲਿਆ।

ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਸੀ ਤੇ ਅਜਿਹੀ ਅਵਸਥਾ ਵਿੱਚ ਵੈਰੀ ਨਾਲ ਯੁੱਧ ਕਰਨਾ ਆਪਣੇ ਆਪ ਵਿੱਚ ਹੀ ਇੱਕ ਕਰਾਮਾਤ ਹੈ।

ਬਾਬਾ ਦੀਪ ਸਿੰਘ ਲਗਨ, ਸੇਵਾ, ਪਵਿਤੱਰਤਾ ਤੇ ਅਸੀਮ ਹੌਸਲੇ ਦੀ ਜਿਉਂਦੀ ਜਾਗਦੀ ਮਿਸਾਲ ਹੈ। ਉਸਨੇ 31 ਸਾਲ (1726 ਤੋਂ ਲੈਕੇ 1757 ਈ:) ਤੱਕ ਦਮਦਮਾ ਸਾਹਿਬ ਵਿੱਚ ਬਤੀਤ ਕੀਤੇ। ਇਸ ਤਰ੍ਹਾਂ ਉਹ ਟਕਸਾਲ ਦਾ ਬਾਨੀ ਸੀ ਜੋ ਮਗਰੋਂ

ਦਮਦਮੀ ਟਕਸਾਲ ਦੇ ਨਾਮ ਨਾਲ ਪ੍ਰਸਿੱਧ ਹੋਈ। ਦਮਦਮੀ ਬੀੜ ਦੇ ਚਾਰ ਉਤਾਰੇ ਤੇ ਸਿੱਖਾਂ ਨੂੰ ਅੰਮ੍ਰਿਤ ਛਕਾਉਣਾ ਉਹਨਾਂ ਦੇ ਧਾਰਮਕ ਖੇਤਰ ਦੇ ਮੁੱਖ ਕਾਰਜ ਸਨ।

ਪਰ ਉਹਨਾਂ ਦੀ ਸਦੀਵੀ ਪ੍ਰਸਿੱਧੀ ਉਹਨਾਂ ਦੇ ਆਖ਼ਰੀ ਕਾਰਜ ਕਰਕੇ ਹੈ ਜਿਸ ਰਾਹੀਂ ਉਹਨਾਂ ਨੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਦੀ ਭਰਪੂਰ ਕੋਸ਼ਿਸ਼ ਕੀਤੀ। ਉਸ ਅਦੁੱਤੀ ਸ਼ਹੀਦੀ ਦੀ ਯਾਦ ਨੂੰ ਸਮ੍ਰਪਿਤ ਦੋ ਅਸਥਾਨ ਹਨ—ਇੱਕ ਤਾਂ ਹਰਿਮੰਦਰ ਦੀ ਪਰਿਕਰਮਾ ਵਿੱਚ ਹੈ ਤੇ ਜਿੱਥੇ ਬਾਬਾ ਦੀਪ ਸਿੰਘ ਲੜਦਾ-ਲੜਦਾ ਆ ਕੇ ਸ਼ਹੀਦ ਹੋਇਆ ਤੇ ਦੂਸਰਾ ਅਸਥਾਨ ਗੁਰਦੁਆਰਾ ਰਾਮਸਰ ਨੇੜੇ ਤੇ ਚਾਟੀ ਵਿੰਡ ਦਰਵਾਜ਼ੇ ਦੇ ਨਾਲ ਲਗਵਾਂ ਸ਼ਹੀਦ ਗੰਜ ਹੈ ਜਿੱਥੇ ਬਾਬਾ ਦੀਪ ਸਿੰਘ ਦਾ ਸਸਕਾਰ ਕੀਤਾ ਗਿਆ ਸੀ। ਬਾਬਾ ਦੀਪ ਸਿੰਘ ਜਿਹੇ ਸਿਰਲੱਥ ਯੋਧਿਆਂ ਦੀ ਕੁਰਬਾਨੀ ਕਾਰਨ ਹੀ ਸਿੱਖੀ ਜੋਸ਼ ਤੇ ਚੜ੍ਹਦੀ ਕਲਾ ਅੱਜ ਵੀ ਕਾਇਮ ਹੈ।

## ਹਵਾਲੇ ਅਤੇ ਟਿੱਪਣੀਆਂ

1. ਪ੍ਰੋ. ਹਰਬੰਸ ਸਿੰਘ, ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ) ਕੇ.ਐਸ. ਥਾਪਰ ਦਾ ਇੰਦਰਾਜ਼) ਜਿਲਦ-1, ਪੰ: 588
2. ਲਖਸ਼ਮਣ ਸਿੰਘ ਭਗਤ, ਸਿੱਖ ਸ਼ਹੀਦ, ਪੰ: 195-97
3. ਡਾ. ਗੰਡਾ ਸਿੰਘ, ਸਿੱਖ ਇਤਿਹਾਸ, ਪੰ: 149
4. ਵੱਖ-ਵੱਖ ਲੇਖਕਾਂ ਨੇ ਇਸਨੂੰ ਗੋਲੇਵਾਲ ਜਾਂ ਗੋੜਵਾਲ ਲਿਖਕੇ ਭੁਲੇਖਾ ਖਾਧਾ ਹੈ। ਵੇਖੋ, ਖੁਸ਼ਵੰਤ ਸਿੰਘ, ਹਿਸਟਰੀ ਆਫ ਦੀ ਸਿੱਖਜ਼, ਪੰ: 146, ਜੀ ਐਸ ਛਾਬੜਾ ਐਡਵਾਂਸਡ ਹਿਸਟਰੀ ਆਫ ਦੀ ਪੰਜਾਬ, ਪੰ: 412 ਤੇ ਡਾ. ਗੰਡਾ ਸਿੰਘ, ਸਿੱਖ ਇਤਿਹਾਸ, ਪੰ: 149
5. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਪੰ: 146

# ਜੱਸਾ ਸਿੰਘ ਆਹਲੂਵਾਲੀਆ

ਆਹਲੂਵਾਲੀਆ ਮਿਸਲ ਦਾ ਅਸਲੀ ਮੋਢੀ ਜੱਸਾ ਸਿੰਘ ਸੀ। ਉਹ ਬੜਾ ਸੁਯੋਗ ਸੀ ਤੇ ਸਿੱਖ ਉਸਦਾ ਬਹੁਤ ਸਨਮਾਨ ਕਰਦੇ ਸੀ। ਉਸਨੇ ਪੰਜਾਬ ਵਿੱਚ ਸਿੱਖ ਸ਼ਕਤੀ ਨੂੰ ਦ੍ਰਿੜ੍ਹਤਾ ਨਾਲ ਕਾਇਮ ਕਰਨ ਵਿੱਚ ਕਿਸੇ ਹੋਰ ਸਰਦਾਰ ਨਾਲੋਂ ਵੱਧ ਚੜ੍ਹ ਕੇ ਹਿੱਸਾ ਪਾਇਆ।[1] ਉਹ ਇੱਕ ਬੜਾ ਦਲੇਰ ਮਨੁੱਖ ਸੀ ਜਿਸ ਨੂੰ ਯੁੱਧ ਵਿਦਿਆ ਦਾ ਗਿਆਨ ਸੀ। ਉਸਨੇ ਛੇਤੀ ਹੀ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਲਈ। ਆਪਣੇ ਰਾਜਨੀਤਕ ਗੁਣਾਂ, ਧਾਰਮਿਕ ਉਤਸ਼ਾਹ ਤੇ ਉੱਤਮ ਵਿਚਾਰਾਂ ਕਾਰਨ ਉਹ ਪੰਜਾਬ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਵਿਅਕਤੀਆਂ ਵਿਚੋਂ ਇੱਕ ਬਣ ਗਿਆ।[2]

ਨਵਾਬ ਕਪੂਰ ਸਿੰਘ ਤੋਂ ਪਿੱਛੋਂ ਤੇ ਰਣਜੀਤ ਸਿੰਘ ਦੇ ਉਭਾਰ ਤੱਕ ਉਹ ਸਿੱਖਾਂ ਦਾ ਸਭ ਤੋਂ ਪ੍ਰਸਿੱਧ ਆਗੂ ਸੀ। ਉਸ ਨੇ ਪੰਜਾਬ ਨੂੰ ਦੁਰਾਨੀਆਂ ਦੇ ਪੰਜੇ ਵਿਚੋਂ ਉਦੋਂ ਮੁਕਤ ਕਰਾਇਆ ਜਦੋਂ ਦਿੱਲੀ ਦੇ ਬਾਦਸ਼ਾਹ ਅਹਿਮਦਸ਼ਾਹ ਨੇ ਇਹ ਪ੍ਰਾਂਤ ਅਹਿਮਦਸ਼ਾਹ ਅਬਦਾਲੀ ਨੂੰ ਸੌਂਪ ਦਿੱਤਾ ਸੀ। ਪੰਜਾਬ ਦੀ ਮੁਕਤੀ ਦੇ ਸੰਘਰਸ਼ ਵਿੱਚ ਤੇ ਸਿੱਖਾਂ ਦੀ ਅਗਵਾਈ ਵਿੱਚ ਉਸਦੀ ਮੁੱਖ ਭੂਮਿਕਾ ਸੀ ਤੇ ਸਿੱਖਾਂ ਦੀ ਸਫਲਤਾ ਲਈ ਉਸਦਾ ਯੋਗਦਾਨ ਵੀ ਬਹੁਤ ਮਹੱਤਵਪੂਰਨ ਸੀ। ਉਹ ਇੱਕ ਸਫਲ ਜਰਨੈਲ ਤੇ ਸਿੱਖ ਸਰਦਾਰਾਂ ਵਿਚੋਂ ਵਧੇਰੇ ਧਾਰਮਕ ਬਿਰਤੀ ਵਾਲਾ ਵਿਅਕਤੀ ਸੀ। ਖੁਸ਼ਵੰਤ ਸਿੰਘ ਅਨੁਸਾਰ ਇਹ ਜੱਸਾ ਸਿੰਘ ਆਹਲੂਵਾਲੀਆ ਵਰਗੇ ਆਗੂ ਹੀ ਸਨ ਜਿਹਨਾਂ ਨੇ ਪੰਜਾਬੀ ਭਾਈਚਾਰੇ ਦੀ ਆਤਮਾ ਨੂੰ ਪੁਨਰ-ਸੁਰਜੀਤ ਕੀਤਾ। ਉਹਨਾਂ ਨੇ ਖਾਲਸਈ ਰਾਜ ਹੀ ਸਥਾਪਿਤ ਨਹੀਂ ਕੀਤਾ ਸਗੋਂ ਮੁਸਲਮਾਨੀ ਕਿਰਸਾਣੀ ਦਾ ਵਿਸ਼ਵਾਸ ਵੀ ਜਿੱਤਿਆ ਜੋ ਅਬਦਾਲੀ ਦੇ ਹਮਲਿਆਂ ਦੀ ਰੋਜ਼ਾਨਾ ਬੁਛਾੜ ਤੋਂ ਤੰਗ ਪੈ ਚੁੱਕੇ ਸਨ। ਇਹਨਾਂ ਦੁਖ-ਭਰੇ ਵਰ੍ਹਿਆਂ ਵਿੱਚ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਹਮਲਾਵਰਾਂ ਨੂੰ ਠੱਲ ਪਾਈ ਗਈ ਤੇ ਇਹ ਪ੍ਰਭਾਵ ਵੀ ਪੈਦਾ ਹੋ ਗਿਆ ਕਿ ਸਿੱਖ ਹੀ ਪੰਜਾਬ ਦੇ ਰੱਖਵਾਲੇ ਹਨ।[3]

ਜੱਸਾ ਸਿੰਘ ਰਾਮਗੜ੍ਹੀਆ ਨਾਲੋਂ ਵੱਖਰੀ ਪਛਾਣ ਦੇਣ ਲਈ ਜੱਸਾ ਸਿੰਘ ਆਹਲੂਵਾਲੀਆ ਨੂੰ ਜੱਸਾ ਸਿੰਘ ਕਲਾਲ ਵੀ ਕਿਹਾ ਜਾਂਦਾ ਹੈ। ਉਸਨੂੰ ਕਲਾਲ ਹੇਠਾਂ ਦਿੱਤੇ ਹਾਲਾਤ ਕਾਰਨ ਕਿਹਾ ਜਾਣ ਲੱਗਾ। ਉਸਦੇ ਪੂਰਵਜਾਂ ਵਿੱਚ ਇੱਕ ਗੰਡਾ ਸਿੰਘ ਨਾਮ ਦਾ ਵਿਅਕਤੀ ਸੀ ਜਿਸ ਨੂੰ ਇਨਾਮ ਵਜੋਂ ਲਾਹੌਰ ਦੇ ਗਵਰਨਰ ਕੋਲੋ ਆਹਲੂ, ਹੱਲੋਕੀ, ਸੱਦੋਕੀ ਤੂਰ ਤੇ ਚੱਕ ਇਨਾਮ ਵਜੋਂ ਜਾਗੀਰ ਮਿਲੇ ਹੋਏ ਸਨ। ਗੰਡਾ ਸਿੰਘ ਦੇ ਪੁੱਤਰ ਸਾਧਾ ਸਿੰਘ ਦਾ ਵਿਆਹ ਇੱਕ ਕਲਾਲ ਦੀ ਬੇਟੀ ਨਾਲ ਇਸ ਸ਼ਰਤ ਤੇ ਹੋਇਆ ਸੀ ਕਿ ਉਹਨਾਂ ਦੀ ਵੰਸ਼ ਹੀ ਇਸ ਵਿਆਹ ਪਿੱਛੋਂ ਕਲਾਲ ਗੋਤ ਅਪਣਾਏਗੀ ਤੇ ਸਾਰੇ

ਵਿਆਹ ਸੰਬੰਧ ਭਵਿੱਖ ਵਿੱਚ ਕਲਾਲਾਂ ਨਾਲ ਹੀ ਕਾਇਮ ਕੀਤੇ ਜਾਣਗੇ, ਇਸ ਕਾਰਨ ਇਸ ਪਰਿਵਾਰ ਦੇ ਲੋਕ ਕਲਾਲ ਕਰਕੇ ਜਾਣੇ ਜਾਣ ਲੱਗੇ।

ਸਾਧਾ ਸਿੰਘ ਦੇ ਚਾਰ ਪੁੱਤਰ ਸਨ-ਗੋਪਾਲ ਸਿੰਘ, ਹੇਮੂ, ਸਿਕੰਦਰ ਤੇ ਚਾਕਾ। ਗੋਪਾਲ ਸਿੰਘ ਆਹਲੂ ਪਿੰਡ ਦੀ ਮਿਲਖ ਦਾ ਮਾਲਕ ਬਣਿਆ ਤੇ ਦੂਸਰੇ ਲਾਹੌਰ ਚਲੇ ਗਏ। ਗੋਪਾਲ ਦਾ ਪੁੱਤਰ ਦੇਵਾ ਸਿੰਘ ਸੀ ਤੇ ਦੇਵਾ ਸਿੰਘ ਦੇ ਤਿੰਨ ਪੁੱਤਰ ਸਨ—ਗੁਰਬਖਸ਼ ਸਿੰਘ, ਸਦਰ ਸਿਘ ਤੇ ਬਦਰ ਸਿੰਘ। ਕਿਉਂਕਿ ਪਰਿਵਾਰ ਆਹਲੂ ਪਿੰਡ ਦਾ ਵਸਨੀਕ ਸੀ ਸੋ ਪਰਿਵਾਰ ਨੂੰ ਆਹਲੂਵਾਲੇ ਯਾਂ ਆਹਲੂਵਾਈਏ ਕਿਹਾ ਜਾਣ ਲੱਗਾ। ਇਹੋ ਕਾਰਨ ਸਨ ਜਿਹਨਾਂ ਕਰਕੇ ਇਸ ਪਰਿਵਾਰ ਨੂੰ ਕਲਾਲ ਅਤੇ ਆਲੂਵਾਲੀਏ ਕਿਹਾ ਜਾਣ ਲੱਗ ਪਿਆ।[4]

ਸਰਦਾਰ ਬਦਰ ਸਿੰਘ ਦਾ ਵਿਆਹ ਹਲੋਵਾਲ ਦੇ ਸਰਦਾਰ ਬਾਘ ਸਿੰਘ ਦੀ ਭੈਣ ਨਾਲ ਹੋਇਆ ਜਿਹੜਾ ਉਸ ਸਮੇਂ ਪੰਥ ਵਿੱਚ ਉੱਘਾ ਸਰਦਾਰ ਤੇ ਸਿੱਖਾਂ ਦੇ ਇੱਕ ਜੱਥੇ ਦਾ ਆਗੂ ਵੀ ਸੀ।

ਜੱਸਾ ਸਿੰਘ ਦਾ ਜਨਮ 3 ਮਈ, 1718 ਈਸਵੀ (ਵੈਸਾਖ ਸੁਦੀ ਪੂਰਨਮਸਾੀ 1775 ਬਿਕਰਮੀ ਸੰਮਤ) ਨੂੰ ਪਿੰਡ ਆਹਲੂ ਵਿੱਚ ਲਾਹੌਰ ਨੇੜੇ ਹੋਇਆ।[5] ਬਦਕਿਸਮਤੀ ਨਾਲ ਉਸਦਾ ਪਿਤਾ 1823 ਈਸਵੀ ਉਸ ਸਮੇਂ ਚਲਾਣਾ ਕਰ ਗਿਆ, ਜਦੋਂ ਜੱਸਾ ਸਿੰਘ ਦੀ ਉਮਰ ਸਿਰਫ 5 ਸਾਲ ਸੀ। ਉਸ ਸਮੇਂ ਕੋਈ ਇਹ ਨਹੀਂ ਕਹਿ ਸਕਦਾ ਸੀ ਕਿ ਇਹ ਯਤੀਮ ਬੱਚਾ ਵੱਡਾ ਹੋਕੇ ਖਾਲਸਾ ਪੰਥ ਦਾ ਆਗੂ ਬਣੇਗਾ ਤੇ ਰਾਜਾ ਕਿਹਾ ਜਾਵੇਗਾ।

ਜੱਸਾ ਸਿੰਘ ਦੀ ਵਿਧਵਾ ਮਾਂ ਉਸਨੂੰ ਗੁਰੂ ਗੋਬਿੰਦ ਸਿੰਘ ਦੀ ਵਿਧਵਾ ਪਤਨੀ, ਮਾਤਾ ਸੁੰਦਰੀ (ਉਰਫ ਸੁੰਦਰ ਕੌਰ) ਦੇ ਪਾਸ ਲੈ ਗਈ ਤੇ ਉਸਨੂੰ ਬੇਨਤੀ ਕੀਤੀ ਕਿ ਉਹ ਬਾਲਕ ਤੇ ਮਿਹਰ ਭਰਿਆ ਹੱਥ ਰੱਖੇ।

ਮਾਤਾ ਸੁੰਦਰੀ ਬੱਚੇ ਦੀ ਸ਼ਕਲ ਸੂਰਤ ਵੇਖ ਕੇ ਬਹੁਤ ਪ੍ਰਭਾਵਿਤ ਹੋਏ ਤੇ ਉਹਨਾਂ ਉਸਤੋਂ ਪਿਆਰ ਨਿਛਾਵਰ ਕੀਤਾ ਤੇ ਉਸਨੂੰ ਯੁੱਧ ਤੇ ਸ਼ਾਂਤੀ ਸਮੇਂ ਕੰਮ ਆਉਣ ਵਾਲੀ ਵਿਦਿਆ ਦਿਲਵਾਈ। ਉਸਨੇ ਸਿੱਖਾਂ ਦੇ ਧਾਰਮਕ ਗ੍ਰੰਥਾਂ ਦਾ ਅਧਿਐਨ ਵੀ ਕੀਤਾ। 1729 ਈ: ਨੂੰ ਪੰਜਾਬ ਆਉਣ ਸਮੇਂ ਮਾਤਾ ਸੁੰਦਰੀ ਨੇ ਜੱਸਾ ਸਿੰਘ ਨੂੰ ਇੱਕ ਤਲਵਾਰ, ਇੱਕ ਗੁਰਜ, ਢਾਲ, ਕਮਾਨ ਤੇ ਤੀਰਾਂ ਦਾ ਭੱਥਾ, ਪੁਸ਼ਾਕਾ ਤੇ ਚਾਂਦੀ ਦੀ ਚੋਬ ਬਖਸ਼ ਕੇ ਅਸੀਸ ਦਿੱਤੀ ਕਿ ਉਹ ਬੜੀ ਪ੍ਰਸਿੱਧਤਾ ਪ੍ਰਾਪਤ ਕਰੇਗਾ।

ਜੱਸਾ ਸਿੰਘ, ਉਸਦੀ ਮਾਤਾ ਤੇ ਉਸਦਾ ਮਾਮਾ ਬਾਘ ਸਿੰਘ ਵਾਪਸੀ ਤੇ ਆਉਂਦੇ ਕਰਤਾਰਪੁਰ ਸਰਦਾਰ ਕਪੂਰ ਸਿੰਘ ਪਾਸ ਵੀ ਆਏ। ਜੱਸਾ ਸਿੰਘ ਤੇ ਉਸਦੀ ਮਾਤਾ ਨੇ ਅੰਮ੍ਰਿਤ ਵੇਲੇ ਖਾਲਸਾ ਦੀਵਾਨ ਵਿੱਚ 'ਆਸਾ ਦੀ ਵਾਰ' ਦੀ ਬਾਣੀ ਦਾ ਗਾਇਣ ਕੀਤਾ। ਨਵਾਬ ਕਪੂਰ ਸਿੰਘ ਸੁਰੀਲੀ ਆਵਾਜ਼ ਵਿੱਚ ਮਧੁਰ ਸ਼ਬਦ ਕੀਰਤਨ ਸੁਣਕੇ ਬੜੇ ਪ੍ਰਸੰਨ ਹੋਏ ਤੇ ਜੱਸਾ ਸਿੰਘ ਨੂੰ ਆਪਣੀ ਗੋਦੀ 'ਚ ਲੈਂਦੇ ਹੋਏ ਕਿਹਾ, "ਅੱਜ ਤੋਂ ਤੂੰ ਮੇਰਾ ਧਰਮ ਪੁੱਤਰ ਹੋ ਗਿਆ ਹੈਂ।"

ਬੱਚੇ ਦੀਆਂ ਸੇਵਾਵਾਂ ਨਵਾਬ ਕਪੂਰ ਸਿੰਘ ਨੂੰ ਅਰਪਿਤ ਕਰਦਿਆਂ ਉਸਦੇ ਮਾਮੇ

ਬਾਘ ਸਿੰਘ ਨੇ ਆਪਣੀ ਭੈਣ ਦੀ ਸਹਿਮਤੀ ਵੀ ਲੈ ਲਈ। ਨਵਾਬ ਕਪੂਰ ਸਿੰਘ ਨੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋਕੇ ਆਪ ਜੱਸਾ ਸਿੰਘ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ। ਉਸਦੀ ਮਾਤਾ ਜੱਸਾ ਸਿੰਘ ਨੂੰ ਕਪੂਰ ਸਿੰਘ ਪਾਸ ਛੱਡਕੇ ਆਪ ਆਪਣੇ ਭਰਾ ਨਾਲ ਉਸਦੇ ਪਿੰਡ ਹਲੋਵਾਲ ਚਲੀ ਗਈ। ਇੱਥੇ ਰਹਿਕੇ ਜੱਸਾ ਸਿੰਘ ਨੇ ਘੋੜ ਸਵਾਰੀ ਤੇ ਤਲਵਾਰਬਾਜ਼ੀ ਵਿੱਚ ਵੱਡੇ-ਵੱਡੇ ਮਾਹਿਰਾਂ ਪਾਸੋਂ, ਮੁਹਾਰਤ ਪ੍ਰਾਪਤ ਕੀਤੀ। ਜੱਸਾ ਸਿੰਘ ਨੂੰ ਘੋੜਿਆਂ ਲਈ ਦਾਨਾ ਪੱਠਾ ਵੰਡਣ ਦੀ ਸੇਵਾ ਦਿੱਤੀ ਗਈ।[7]

ਰਤਨ ਸਿੰਘ ਭੰਗੂ ਉਸਦੇ ਬਚਪਨ ਦੀ ਕਹਾਣੀ ਤੇ ਪਰਕਾਸ਼ ਪਾਉਂਦਾ ਹੋਇਆ ਲਿਖਦਾ ਹੈ ਕਿ ਇਸ ਹੋਣਹਾਰ ਬਾਲਕ ਦੀ ਕਿਵੇਂ ਪਾਲਣਾ ਕੀਤੀ ਗਈ ਤੇ ਕਿਵੇਂ ਉਸਨੂੰ ਅਸ਼ੀਰਵਾਦ ਦਿੱਤੀ ਗਈ। ਭੰਗੂ ਲਿਖਦਾ ਹੈ :

ਸਾਖੀ ਜੱਸਾ ਸਿੰਘ ਦੀ ਅਬ ਮੈਂ ਦਿਉ ਸੁਨਾਇ।
ਮੰਗਤ ਖਾਤ ਖਾਲਸੈ ਰਲਯੋ ਭਯੋ ਪੰਥ ਪਾਤਿਸ਼ਾਹਿ।
ਆਹਲੂਵਾਲੀਏ ਇੱਕ ਕੌਮ ਕਹਾਵੈ॥ ਲਾਹੌਰ ਕਸੂਰਹਿ ਮੱਧ ਬਸਾਵੈ।

..................................................................

ਹੁਤੀ ਸਿੰਘਨ ਕੀ ਬੇਟੀ ਸੋਇ। ਪਿਤਾ ਪੜ੍ਹਾਈ ਅੱਛਰ ਤੋਇ।
ਗੁਰਬਾਣੀ ਤਿਸ ਕੰਠ ਘਨੇਰੀ। ਹੁਤੀ ਸਿੱਖਣੀ ਦੁਇ ਪਖੋਂ ਕੇਰੀ।

..................................................................

ਸੁਨ ਖਾਲਸੋ ਅੰਮ੍ਰਿਤਸਰ ਆਯੋ। ਤਿਨ ਭੀ ਦਰਸ਼ਨ ਪੰਥਹਿ ਪਾਯੋ।
ਕੀਤੀ ਚੌਂਕੀ ਪ੍ਰੇਮਹਿ ਲਾਇ। ਸੁਨੀ ਪੰਥ ਬਹੁ ਸ਼ਾਂਤ ਬ੍ਰਤਾਇ।
ਅਤਿ ਪ੍ਰਸੰਨ ਪੰਥ ਤਿਸ ਪਰ ਭਯੋ। ਭਲੇ ਵਖਤ ਕਿਤਵਹੁ ਥੋ ਅਯੋ।
ਕਪੂਰ ਸਿੰਘ ਲਯੋ ਬਾਲ ਬੁਲਾਇ। ਕੀਯੋ ਸਿੰਘ ਨਿਜ ਅੰਮ੍ਰਿਤ ਛਕਾਇ।
ਮਾਤਾ ਭੀ ਉਸ ਹੋਇ ਖੁਸ਼ੀ ਦੀਨੀ ਬਾਂਹਿ ਫੜਾਇ।
ਭਲੇ ਭਾਗ ਉਸਕੇ ਭਏ ਰਹਯੋ ਨਿਬਾਬੈ ਪਾਹਿ।
ਨਿਬਾਬ ਮਿਹਰ ਜੱਸਾ ਸਿੰਘ ਆਈ। ਦਾਣੋਂ ਘੋੜਨ ਕਹਯੋ ਵ੍ਰਤਾਈ।
ਕਈ ਰੋਜ਼ ਉਨ ਕੰਮ ਚਲਾਯਾ। ਅਕਸਰ ਬਾਲਕ ਲੋਕਨ ਰੁਵਾਯਾ।
ਰੋਵਨ ਹਤੋਂ ਬਾਲਕਨ ਜ਼ੋਰ। ਰੋਤ ਅਯੋ ਕਪੂਰ ਸਿੰਘ ਕੌਰ।
"ਮੈਥੋਂ ਦਾਨਾ ਵਰਤੇ ਨਾਹੀਂ। ਧੌਲ ਧਪੇ ਮੁਹਿ ਬਹੁਤ ਕਰਾਹੀਂ।
ਹੋਇ ਖੁਸ਼ੀ ਨ੍ਵਾਬ ਸੱਦ ਲਯੋ ਪਾਸ। ਪਰਯੋ ਹਾਥ ਉਸਸਿਰ ਪਰ ਖਾਸ।
ਕਹੀ ਬਾਤ ਮੁਖ ਦਯੋ ਪਿਆਰ। "ਤੁਧ ਦਾਣੋਂ ਦੇਣੇ ਬੱਗ ਹਜ਼ਾਰ।
ਹਮ ਤੋ ਕੀਨੋ ਪੰਥ ਨਵਾਬੈ। ਤੇਰੈ ਕਰਯਗੁ ਪਾਤਿਸਾਹੀ ਤਾਬੈ।"[8]

ਉਸ ਦਿਨ ਪਿਛੋਂ ਜੱਸਾ ਸਿੰਘ ਮੁੜ ਸੇਵਾ ਵਿੱਚ ਲੱਗ ਗਿਆ ਤੇ ਮਾਨ ਮਰਤਬੇ ਵਿੱਚ ਤੇ ਤਾਕਤ ਵਿੱਚ ਉੱਚਾ ਹੁੰਦਾ ਗਿਆ। ਉਹ ਕਈ ਸਾਲ ਕਪੂਰ ਸਿੰਘ ਦੇ ਜੱਥੇ ਨਾਲ ਜੁੜਿਆ ਰਿਹਾ ਤੇ ਘੋੜਿਆਂ ਦੇ ਲਈ ਦਾਨਾ ਵੰਡਣ ਦਾ ਕੰਮ ਕਰਦਾ ਰਿਹਾ।[9]

ਜਦੋਂ ਜੱਸਾ ਸਿੰਘ ਦਾ ਮਾਮਾ ਬਾਘ ਸਿੰਘ ਹਰਿਆਣਾ ਨੇੜੇ ਸ਼ਾਹੀ ਫੌਜਾਂ ਨਾਲ

ਲੜਦਾ ਲੜਦਾ ਸ਼ਹੀਦ ਹੋ ਗਿਆ ਤਾਂ ਉਸਦੀ ਧੰਨ ਸੰਪਤੀ ਤੇ ਸ਼ਕਤੀ ਦੀ ਵਿਰਾਸਤ ਜੱਸਾ ਸਿੰਘ ਨੂੰ ਪ੍ਰਾਪਤ ਹੋ ਗਈ ਕਿਉਂਕਿ ਬਾਘ ਸਿਘ ਦੇ ਕੋਈ ਸੰਤਾਨ ਨਹੀਂ ਸੀ। ਅਮੀਰ ਵਿਰਾਸਤ ਮਿਲਣ ਅਤੇ ਵੱਡੇ ਵੱਡੇ ਸਮਕਾਲੀ ਸਿੱਖ ਨੇਤਾਵਾਂ ਜਿਵੇਂ ਕਪੂਰ ਸਿੰਘ ਆਦਿ ਦੀ ਦੇਖ-ਰੇਖ ਤੇ ਅਗਵਾਈ ਵਿੱਚ ਉਹ ਇੱਕ ਉੱਦਮੀ ਤੇ ਦਲੇਰ ਆਗੂ ਬਣ ਗਿਆ। ਉਸਨੇ ਵੀ ਆਪਣਾ ਵੱਖਰਾ ਜੱਥਾ ਬਣਾ ਲਿਆ ਤੇ ਕਪੂਰਥਲੇ ਦੇ ਰਾਜ ਘਰਾਣੇ ਦੀ ਨੀਂਹ ਰੱਖੀ। ਸਿੱਖਾਂ ਵਿੱਚ ਉਸਦਾ ਬਹੁਤ ਸਤਿਕਾਰ ਹੋਣ ਲੱਗਾ ਤੇ ਸਿੱਖ ਉਸ ਹੱਥੋਂ ਅੰਮ੍ਰਿਤ ਛਕਣ ਵਿੱਚ ਮਾਨ ਮਹਿਸੂਸ ਕਰਨ ਲੱਗੇ। ਫੂਲਕੀਆਂ ਵੰਸ਼ ਦੇ ਰਾਜਾ ਅਮਰ ਸਿੰਘ ਨੇ ਵੀ ਜੋ ਆਲ੍ਹਾ ਸਿੰਘ ਦਾ ਪੁੱਤਰ ਸੀ, ਜੱਸਾ ਸਿੰਘ ਪਾਸੋਂ ਅੰਮ੍ਰਿਤ ਪਾਨ ਕੀਤਾ।

## ਜੱਸਾ ਸਿੰਘ ਆਹਲੂਵਲੀਆ ਦੇ ਕਾਰਨਾਮੇ

ਜਦੋਂ 1739 ਈ. ਵਿੱਚ ਨਾਦਰ ਸ਼ਾਹ ਨੇ ਭਾਰਤ ਤੇ ਹਮਲਾ ਕੀਤਾ ਤਾਂ ਸਾਰੇ ਦੇਸ਼ ਵਿੱਚ ਡਰ ਭੈ ਪੈਦਾ ਹੋ ਗਿਆ। ਜਦੋਂ ਉਹ ਆਪਣੇ ਦੇਸ਼ ਪਰਤਿਆ ਤਾਂ ਜੱਸਾ ਸਿੰਘ ਨੇ ਉਸ ਵਲੋਂ ਬਹੁਤ ਸਾਰੇ ਲੁੱਟੇ ਹੋਏ ਮਾਲ ਤੇ ਹੱਥ ਸਾਫ ਕਰਨ ਵਿੱਚ ਜੱਸਾ ਸਿੰਘ ਨੇ ਹੋਰ ਸਿੱਖ ਆਗੂਆਂ ਨਾਲ ਮਿਲਕੇ ਉੱਘੀ ਭੂਮਿਕਾ ਨਿਬਾਈ।

1743 ਈ. ਵਿੱਚ ਜੱਸਾ ਸਿੰਘ ਨੇ ਰਾਵੀ ਦੇ ਕਿਨਾਰੇ ਡੱਲੇਵਾਲ ਦਾ ਕਿਲਾ ਬਣਾਇਆ। ਐਮਨਾਬਾਦ ਤੋਂ ਲਾਹੌਰ ਨੂੰ ਲਿਜਾਇਆ ਜਾ ਰਿਹਾ ਸ਼ਾਹੀ ਖਜਾਨਾ ਲੁਟਿਆ। ਲਾਹੌਰ ਦੇ ਗਵਰਨਰ ਜ਼ਕਰੀਆ ਖਾਂ ਨੇ ਅਦੀਨਾ ਬੇਗ ਨੂੰ ਹਦਾਇਤ ਕੀਤੀ ਕਿ ਉਹ ਜੱਸਾ ਸਿੰਘ ਨੂੰ ਸਜ਼ਾ ਦੇਵੇ। ਪਰ ਜੱਸਾ ਸਿੰਘ ਸਤਲੁਜ ਵੱਲ ਨਿਕਲ ਗਿਆ ਤੇ ਸਿੱਖਾਂ ਉੱਪਰ ਮੁਗਲਾਂ ਦੇ ਅਤਿਆਚਾਰ ਜਾਰੀ ਰਹੇ।

## ਛੋਟਾ ਘੱਲੂਘਾਰਾ

ਇਹ ਜੱਸਾ ਸਿੰਘ ਹੀ ਸੀ, ਜਿਸਨੇ ਸੁੱਖਾ ਸਿੰਘ ਮਾੜੀ ਕੰਬੋਲੀ ਨਾਲ ਮਿਲਕੇ ਕਾਫ਼ੀ ਘੋੜਸੁਆਰਾਂ ਨਾਲ ਜਸਪਤ ਰਾਏ ਫੌਜਦਾਰ ਨੂੰ ਜੋ ਲਾਹੌਰ ਦੇ ਦੀਵਾਨ ਲਖਪਤ ਰਾਏ ਦਾ ਭਰਾ ਸੀ, ਪ੍ਰੇਸ਼ਾਨ ਕੀਤਾ। ਉਹਨਾਂ ਵਿੱਚ ਝਗੜਾ ਹੋ ਗਿਆ ਤੇ ਟੱਕਰ ਵਿੱਚ ਜਸਪਤਾ ਰਾਇ ਨੂੰ ਇੱਕ ਸਿੱਖ ਨਿਬਾਹੂ ਸਿੰਘ ਨੇ ਮਾਰ ਦਿੱਤਾ। ਇਸਦੇ ਫਲਸਰੂਪ ਦੀਵਾਨ ਲਖਪਤ ਰਾਇ ਨੇ ਸਿੱਖਾਂ ਦਾ ਕਤਲਾਮ ਸ਼ੁਰੂ ਕਰ ਦਿੱਤਾ। ਦਸ ਹਜ਼ਾਰ ਸਿੱਖ ਮਾਰੇ ਗਏ। ਇਹ ਘਟਨਾ ਕਾਹਨੂੰਵਾਨ ਦੇ ਜੰਗਲ ਵਿੱਚ 1746 ਈ. ਨੂੰ ਵਾਪਰੀ।

1747 ਈ: ਵਿੱਚ ਉਸਨੇ ਕਸੂਰ ਤੇ ਹਮਲਾ ਕੀਤਾ ਤੇ ਫਿਰ ਛੇਤੀ ਹੀ ਅਬਦਾਲੀ ਦਾ ਪਹਿਲਾ ਹਮਲਾ ਪੰਜਾਬ ਉਪਰ ਹੋਇਆ। ਅਬਦਾਲੀ ਦੀ ਵਾਪਸੀ ਤੇ ਜੱਸਾ ਸਿੰਘ ਨੇ ਲਾਹੌਰ ਦੇ ਨਵੇਂ ਗਵਰਨਰ ਮੁਈਨ-ਅਲ-ਮਲਕ (ਮੀਰ ਮਨੂੰ) ਦੇ ਨਾਇਬ ਗੁਰਦਿੱਤ ਮੱਲ ਤੇ ਹਮਲਾ ਕਰ ਦਿੱਤਾ ਪ੍ਰੰਤੂ ਉਸਦੇ ਟਿਕਾਣੇ ਸਿੱਖਾਂ ਵੱਲੋਂ ਲੁੱਟ ਨਾ ਕੀਤੀ ਜਾ ਸਕੀ।

ਜਦੋਂ ਅਬਦਾਲੀ ਲਾਹੌਰ ਤੋਂ ਦੱਖਣ ਵੱਲ ਆਇਆ ਤਾਂ ਸਿੱਖਾਂ ਨੇ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਉਸਨੂੰ ਨੂਰ ਦੀ ਸਰਾਂ ਅਤੇ ਵੈਰੋਵਾਲ ਨੇੜੇ ਬਹੁਤ ਜਿੱਚ ਕੀਤਾ। ਦੋ ਮਹੀਨੇ ਮਗਰੋਂ ਹੀ ਜੱਸਾ ਸਿੰਘ ਨੇ ਦੂਸਰੇ ਸਰਦਾਰਾਂ ਨਾਲ ਸ਼ਲਾਬਤ ਖਾਂ ਦੀ ਅਗਵਾਈ ਵਿੱਚ ਮੁਗ਼ਲ ਸੈਨਾ ਨੂੰ ਅੰਮ੍ਰਿਤਸਰ ਵਿੱਚ ਹਾਰ

ਦਿੱਤੀ।[10] ਸ਼ਲਾਬਤ ਖਾਂ ਨੇ ਅੰਮ੍ਰਿਤਸਰ ਉਦਾਲੇ ਪੁਲਸ ਚੌਂਕੀਆਂ ਤੇ ਨਿਗਰਾਨੀ ਲਈ ਮੋਰਚੇ ਕਾਇਮ ਕਰ ਲਏ ਸਨ ਤੇ ਜਿਹੜਾ ਵੀ ਸਿੱਖ ਸਰੋਵਰ 'ਚ ਇਸ਼ਨਾਨ ਕਰਨ ਆਉਂਦਾ ਸੀ, ਉਸਨੂੰ ਮਾਰ ਦਿੱਤਾ ਜਾਂਦਾ ਸੀ। ਸਿੱਖਾਂ ਨੇ ਅੰਮ੍ਰਿਤਸਰ ਨੂੰ ਉਸਦੇ ਪੰਜੇ ਤੋਂ ਮੁਕਤ ਕਰਾਉਣ ਦਾ ਮਤਾ ਬਣਾਇਆ। ਫਲਸਰੂਪ ਇੱਕ ਟੱਕਰ ਹੋਈ ਜਿਸ ਵਿੱਚ ਸ਼ਲਾਬਤ ਖਾਂ ਜੱਸਾ ਸਿੰਘ ਹੱਥੋਂ ਮਾਰਿਆ ਗਿਆ ਤੇ ਉਸਦਾ ਭਤੀਜਾ ਨਵਾਬ ਕਪੂਰ ਸਿੰਘ ਨੇ ਮਾਰ ਮੁਕਾਇਆ।[11]

## ਦਲ ਖਾਲਸਾ ਤੇ ਜੱਸਾ ਸਿੰਘ ਆਹਲੂਵਾਲੀਆ

29 ਮਾਰਚ 1748 ਨੂੰ ਵੈਸਾਖੀ ਵਾਲੇ ਦਿਨ ਸਰਬਤ ਖਾਲਸੇ ਦਾ ਅੰਮ੍ਰਿਤਸਰ ਇਕੱਠ ਹੋਇਆ ਤੇ ਮਤਾ ਪਾਸ ਕੀਤਾ ਗਿਆ ਕਿ ਸਾਰੇ ਵੱਖ-ਵੱਖ ਦਲ 'ਦਲ ਖਾਲਸਾ' ਦੇ ਰੂਪ ਵਿੱਚ ਇਕੱਠੇ ਹੋ ਜਾਣ। ਜੱਸਾ ਸਿੰਘ ਆਹਲੂਵਾਲੀਆ ਜਿਸਨੇ ਬਿਰਧ ਹੋ ਰਹੇ ਨਵਾਬ ਕਪੂਰ ਸਿੰਘ ਤੋਂ ਸਿੱਖਾਂ ਦੀ ਅਗਵਾਈ ਹੌਲੀ-ਹੌਲੀ ਸਾਂਭ ਲਈ ਸੀ ਤੇ ਜਿਸਨੂੰ ਸਿੱਖ ਪਾਤਸ਼ਾਹ ਕਹਿਕੇ ਬੁਲਾਉਣ ਲੱਗੇ ਸਨ, ਦਲ ਖਾਲਸਾ ਦਾ ਮੁਖੀ ਥਾਪਿਆ ਗਿਆ। 65 ਵੱਖ-ਵੱਖ ਘੁੰਮਦੇ ਜਥਿਆਂ ਨੂੰ 11 ਜਥਿਆਂ ਵਿੱਚ ਮਿਲਾ ਦਿੱਤਾ ਗਿਆ ਜਿਹਨਾਂ ਨੂੰ ਮਿਸਲਾਂ ਕਿਹਾ ਗਿਆ। 12ਵੀਂ ਫੂਲਕੀਆਂ ਮਿਸਲ ਦਾ ਆਰੰਭ ਵੱਖਰਾ ਸੀ ਤੇ ਇਹ ਦਲ ਖਾਲਸਾ ਦਾ ਅੰਗ ਨਹੀਂ ਸੀ ਤੇ ਕਈ ਵਾਰ ਇਹ ਕੌਮ ਦੇ ਹਿੱਤਾਂ ਵਿਰੁੱਧ ਵੀ ਕਾਰਜ ਕਰਦੀ ਸੀ। ਆਹਲੂਵਾਲੀਆ ਮਿਸਲ ਜੱਸਾ ਸਿੰਘ ਅਧੀਨ ਸੀ ਜਿਹੜਾ ਸਾਰੀਆਂ ਮਿਸਲਾਂ ਦਾ ਵੀ ਆਗੂ ਸੀ। ਹਰ ਸਿੱਖ ਨੂੰ ਆਜ਼ਾਦੀ ਸੀ ਕਿ ਉਹ ਚਾਹੇ ਤਾਂ ਕਿਸੇ ਵੀ ਮਿਸਲ ਵਿੱਚ ਸ਼ਾਮਲ ਹੋ ਜਾਵੇ। ਕੌਮ ਦੇ ਸਾਂਝੇ ਹਿੱਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਜਾਂ ਵਿੱਚ ਹੀ ਦਲ ਖਾਲਸਾ ਦੇ ਪ੍ਰਮੁੱਖ ਜੱਸਾ ਸਿੰਘ ਆਹਲੂਵਾਲੀਆ ਤੋਂ ਆਗਿਆ ਲੈਣ ਦੀ ਲੋੜ ਹੁੰਦੀ ਸੀ।[12] ਸਿੱਟੇ ਵਜੋਂ ਜੱਸਾ ਸਿੰਘ ਨੇ ਪੰਥ ਦੀ ਹਰ ਮੁਹਿੰਮ ਵਿੱਚ ਭਾਗ ਲਿਆ। ਇਸ ਸਮੇਂ ਹੀ ਸਿੱਖਾਂ ਨੇ ਆਪਣਾ ਪਹਿਲਾਂ ਕਿਲਾ 'ਰਾਮ ਰੌਣੀ' ਅੰਮ੍ਰਿਤਸਰ ਵਿੱਚ ਬਣਾਇਆ। ਇਸ ਦੀ ਉਸਾਰੀ ਸਰਕਾਰ ਨੂੰ ਸਾਫ ਸੁਨੇਹਾ ਸੀ ਕਿ ਉਸਦਾ ਅੰਤ ਆ ਗਿਆ ਹੈ ਤੇ ਛੇਤੀ ਹੀ ਸਿੱਖ ਪੰਜਾਬ ਦੇ ਹਾਕਮ ਹੋਣਗੇ।

ਇਸ ਪਿੱਛੋਂ ਮੁਗ਼ਲਾਂ ਵੱਲੋਂ ਅਤਿਆਚਾਰ ਹੋਰ ਪ੍ਰਚੰਡ ਹੋ ਗਏ। ਸਿੱਖਾਂ ਵਿਰੁੱਧ ਕਈ ਮੁਹਿੰਮਾਂ ਭੇਜੀਆਂ ਗਈਆਂ ਤੇ ਸਿੱਖਾਂ ਦੀ ਖੋਜ ਕਨ ਲਈ ਦੰਡ-ਚੌਂਕੀਆਂ ਬਿਠਾਈਆਂ ਗਈਆਂ ਜੋ ਘੁੰਮ ਫਿਰ ਕੇ 1748 ਤੋਂ 1753 ਈ: ਵਿੱਚ ਮੀਰ ਮਨੂੰ ਦੇ ਸਮੇਂ ਵਿੱਚ ਸਰਗਰਮ ਰਹੀਆਂ।

ਮੀਰ ਮਨੂੰ ਨੇ ਅਦੀਨਾ ਬੇਗ ਨੂੰ ਹਿਦਾਇਤ ਕੀਤੀ ਕਿ ਉਹ ਸਿੱਖ ਆਗੂਆਂ ਨੂੰ ਸਖਤੀ ਨਾਲ ਦਬਾਏ। ਅਦੀਨਾ ਬੇਗ ਨੇ ਜੱਸਾ ਸਿੰਘ ਰਾਮ ਗੜ੍ਹੀਆ ਨੂੰ ਵੀ ਆਪਣੇ ਨਾਲ ਰਲਾ ਲਿਆ ਤੇ ਸਿੱਖ ਜਦੋਂ ਦੀਵਾਲੀ ਵੇਲੇ ਇਕੱਠੇ ਹੋਏ ਸਨ, ਉਹਨਾਂ ਤੇ ਜਾ ਹਮਲਾ ਕੀਤਾ। ਉਸਦੀ ਸਹਾਇਤਾ ਲਈ ਅਦੀਨਾ ਬੇਗ ਤੇ ਦੀਵਾਨ ਕੌੜਾ ਮੱਲ ਵੀ ਆ ਗਏ ਤੇ ਰਾਮ ਰੌਣੀ ਨੂੰ ਘੇਰਾ ਪਾਇਆ ਗਿਆ। ਦੋ ਮਹੀਨੇ ਦੀ ਉੱਗੜ-ਦੁੱਗੜੀ ਲੜਾਈ ਪਿੱਛੋਂ ਮੀਰ ਮਨੂੰ ਨੇ ਘੇਰਾ ਉਠਾਉਣ ਦੀ ਇਸ ਸ਼ਰਤ ਤੇ ਪੇਸ਼ਕਸ਼ ਕੀਤੀ ਕਿ ਸਿੱਖ ਸ਼ਾਂਤੀ ਨਾਲ

ਰਹਿਣ। ਉਹਨਾਂ ਨੂੰ ਜਾਗੀਰ ਦੇਣੀ ਵੀ ਮੰਨੀ। ਜੱਸਾ ਸਿੰਘ ਨੇ ਪੱਟੀ ਦੇ ਪਰਗਣੇ ਦਾ 1/4 ਮਾਮਲੇ ਦੀ ਵਸੂਲੀ ਵਾਲੀ ਸ਼ਰਤ ਪਰਵਾਨ ਕਰ ਲਈ। ਪਰ ਅਸਲੀ ਕਾਰਨ ਤਾਂ ਅਹਿਮਦਸ਼ਾਹ ਅਬਦਾਲੀ ਦਾ ਹੋਣ ਵਾਲਾ ਹਮਲਾ ਸੀ ਜਿਸ ਕਾਰਨ ਉਹ ਸਿੱਖਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਅਬਦਾਲੀ ਨੇ ਸਿੰਧ ਤੋਂ ਪਾਰ ਭਾਰਤ ਉੱਪਰ ਹਮਲਾ ਕਰਨ ਲਈ ਫੌਜਾਂ ਇਕੱਠੀਆਂ ਕਰ ਲਈਆਂ ਸਨ ਤੇ ਉਹ ਦਸੰਬਰ 1748 ਈ: ਵਿੱਚ ਪਿਸ਼ਾਵਰ ਤੋਂ ਚੱਲ ਪਿਆ ਸੀ। ਮੀਰ ਮਨੂੰ ਨੇ ਉਸਨੂੰ ਸਿਆਲਕੋਟ, ਗੁਜਰਾਤ, ਔਰੰਗਾਬਾਦ ਤੇ ਪਸਰੂਰ ਤੇ ਮਹਾਲ ਦੇ ਕੇ ਸੁਲਹ ਕਰ ਲਈ ਸੀ।

ਲਾਹੌਰ ਮੁੜ ਕੇ ਮੀਰ ਮਨੂੰ ਨੇ ਫਿਰ ਸਿੱਖਾਂ ਨੂੰ ਸਬਕ ਸਿਖਾਉਣ ਦਾ ਫੈਸਲਾ ਕਰ ਲਿਆ ਕਿਉਂਕਿ ਅਬਦਾਲੀ ਦੇ ਦੂਸਰੇ ਹਮਲੇ ਸਮੇਂ ਸਿੱਖ ਮੀਰ ਮਨੂੰ ਦੀ ਗੈਰ ਹਾਜਰੀ ਵਿੱਚ ਉਸਦੀ ਰਾਜਧਾਨੀ ਲਾਹੌਰ ਤੇ ਝਪਟ ਪਏ ਸਨ। ਲਾਹੌਰ ਸ਼ਹਿਰ ਨਵਾਬ ਕਪੂਰ ਸਿੰਘ ਦੇ ਰਹਿਮ ਤੇ ਹੀ ਸੀ।[13]

ਫਲਸਰੂਪ ਸਿੱਖਾਂ ਦੀ ਜਾਗੀਰ ਜਬਤ ਕਰ ਲਈ ਗਈ ਤੇ ਤੁਰਦੇ-ਫਿਰਦੇ ਦਸਤੇ ਸਿੱਖਾਂ ਦੇ ਮਗਰ ਫੇਜ ਦਿੱਤੇ ਗਏ।

ਪਰ ਇਹ ਮੁਹਿੰਮ ਬਹੁਤਾ ਚਿਰ ਨਾ ਚੱਲੀ। ਮੁਲਤਾਨ ਵਿੱਚ ਸ਼ਾਹ ਨਵਾਜ਼ ਖਾਂ ਨੇ ਗੜਬੜ ਫੈਲਾ ਦਿੱਤੀ ਤੇ ਦੀਵਾਨ ਕੌੜਾ ਮੱਲ ਨੇ ਮੀਰ ਮਨੂੰ ਨੂੰ ਸਲਾਹ ਦਿੱਤੀ ਕਿ ਉਹ ਸਿੱਖਾਂ ਦੀ ਸਹਾਇਤਾ ਲਵੇ। ਜੱਸਾ ਸਿੰਘ ਨੇ ਸਹਾਇਤਾ ਦੇਣ ਤੇ ਕੌੜਾ ਮੱਲ ਨੂੰ ਸਹਿਯੋਗ ਦੇਣ ਲਈ 1749 ਈ: ਵਿੱਚ ਹਾਂ ਕਰ ਦਿੱਤੀ।

ਇਸ ਸਹਾਇਤਾ ਕਾਰਨ ਦੀਵਾਨ ਕੌੜਾ ਮੱਲ ਨੇ ਮੁਲਤਾਨ ਦੀ ਸੈਨਾ ਨੂੰ ਹਰਾਇਆ ਤੇ ਉਸਨੇ ਸ਼ਾਹ ਨਿਵਾਜ ਦਾ ਸਿਰ ਵੱਢ ਕੇ ਮੀਰ ਮਨੂੰ ਪਾਸ ਜਿੱਤ ਦੀ ਨਿਸ਼ਾਨੀ ਵਜੋਂ ਭੇਜ ਦਿੱਤਾ। ਜੱਸਾ ਸਿੰਘ ਨੂੰ ਲੁੱਟ ਕੇ ਮਾਲ ਦਾ ਕਾਫੀ ਵੱਡਾ ਹਿੱਸਾ ਪ੍ਰਾਪਤ ਹੋਇਆ। ਦੀਵਾਨ ਕੌੜਾ ਮੱਲ ਨੇ ਮਿਸਲਦਾਰਾਂ ਨੂੰ ਵੀ ਰਿਆਇਤਾਂ ਖੁਲ੍ਹ ਦਿਲੀ ਨਾਲ ਦਿੱਤੀਆਂ ਕਿਉਂਕਿ ਉਸਦੀ ਜਿੱਤ ਸਿੱਖਾਂ ਦੇ ਸਹਿਯੋਗ ਕਾਰਨ ਹੀ ਸੀ। ਉਸਨੇ ਬਹੁਤ ਸਾਰੇ ਸਿੱਖ ਆਪਣੀ ਫੌਜ ਵਿੱਚ ਭਰਤੀ ਕਰ ਲਏ ਤੇ ਹਰਿਮੰਦਰ ਸਾਹਿਬ ਨਾਲ 12 ਪਿੰਡਾਂ ਦਾ ਮਾਮਲਾ ਲੱਗਾ ਦਿੱਤਾ। 1749 ਤੇ 1750 ਈ: ਵਿੱਚ ਇਸੇ ਕਾਰਨ ਬਹੁਤ ਸਾਰੇ ਕਿਸਾਨਾਂ ਦਾ ਸਿੱਖ ਧਰਮ ਵਿੱਚ ਪ੍ਰਵੇਸ਼ ਹੋਇਆ।[15]

7 ਅਕਤੂਬਰ 1753 ਈ: ਨੂੰ ਨਵਾਬ ਕਪੂਰ ਸਿੰਘ ਅਕਾਲ ਚਲਾਣਾ ਕਰ ਗਿਆ ਤੇ 3 ਨਵੰਬਰ 1757 ਈ: ਨੂੰ ਲਾਹੌਰ ਨੇੜੇ ਤਿਲਕਪੁਰ ਵਿੱਚ ਮੀਰ ਮਨੂੰ ਵੀ ਮਰ ਗਿਆ।

ਗ੍ਰਿਫਨ ਲਿਖਦਾ ਹੈ ਕਿ ਕਪੂਰ ਸਿੰਘ ਨੇ ਆਪਣੇ ਅੰਤ ਸਮੇਂ ਜੱਸਾ ਸਿੰਘ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਲੋਹੇ ਦੀ ਗੁਰਜ ਦੇ ਕੇ ਜਿਵੇਂ ਆਪਣਾ ਉਤਰਾਧਿਕਾਰੀ ਥਾਪ ਦਿੱਤਾ ਤੇ ਉਹ ਉਸ ਦੀਆਂ ਸ਼ਕਤੀਆਂ ਦਾ ਸੁਆਮੀ ਬਣ ਗਿਆ ਜਿਹਨਾਂ ਨੂੰ ਉਸਨੇ ਯੋਗਤਾ ਤੇ ਹੌਸਲੇ ਨਾਲ ਕਾਫੀ ਵਧਾ ਲਿਆ।[16]

ਇਸ ਪਿਛੋਂ ਜੱਸਾ ਸਿੰਘ ਨੇ ਅਫਗਾਨਾਂ ਵਿਰੁੱਧ ਹਰ ਵੱਡੀ ਲੜਾਈ ਵਿੱਚ ਭਾਗ ਲਿਆ। ਮੀਰਮਨੂੰ ਦੀ ਮੌਤ ਪਿੱਛੋਂ ਪਈ ਗੜਬੜ ਕਾਰਨ ਵੀ ਉਸਨੇ ਪੰਜਾਬ ਦੇ ਕਈ ਪਿੰਡਾਂ

ਤੇ ਸ਼ਹਿਰਾਂ ਤੇ ਅਧਿਕਾਰ ਕਰ ਲਿਆ। ਉਸਨੇ 'ਰਾਖੀ' ਪ੍ਰਬੰਧ ਕਾਇਮ ਕਰ ਲਿਆ।

ਜੱਸਾ ਸਿੰਘ ਦੀ ਅਗਵਾਈ ਵਿੱਚ ਦਲ ਖਾਲਸਾ ਨੇ 1753 ਈ: ਵਿੱਚ ਅਜੀਜ਼ ਖਾਂ ਨੂੰ ਭਾਂਜ ਦਿੱਤੀ। 1754 ਈ: ਵਿੱਚ ਜੱਸਾ ਸਿੰਘ ਤੇ ਹਰੀ ਸਿੰਘ ਨੇ ਕਲਾਨੌਰ ਨੂੰ ਲੁੱਟਿਆ। ਉਸਨੇ ਚੜ੍ਹਤ ਸਿੰਘ ਨਾਲ ਮਿਲਕੇ ਲਾਹੌਰ ਤੇ ਹਮਲਾ ਕੀਤਾ ਤੇ ਲੁੱਟਿਆ।

ਜੱਸਾ ਸਿੰਘ ਨੇ 1754 ਈ: ਵਿੱਚ ਅੰਮ੍ਰਿਤਸਰ ਨੂੰ ਘੇਰਾ ਪਾਈ ਬੈਠੀ ਲਾਹੌਰ ਦੀ ਫੌਜ ਨੂੰ ਉਖੇੜਿਆ। 1755 ਈ: ਵਿੱਚ ਆਲੂਵਾਲੀਆ ਸਰਦਾਰ ਨੇ ਅਦੀਨਾ ਬੇਗ ਨੂੰ ਖਡੂਰ ਸਾਹਿਬ ਵਿੱਚ ਹਾਰ ਦਿੱਤੀ ਤੇ ਉਸ ਤੋਂ ਫਤਿਹਾਆਬਾਦ ਦਾ ਇਲਾਕਾ ਖੋਹ ਲਿਆ।[17]

ਉਸਨੇ ਲਾਹੌਰ ਸ਼ਹਿਰ ਦੇ ਹੀਜੜੇ ਕਮਾਂਡਰ ਉਮੇਦ ਖਾਂ ਨੂੰ ਮਾਰ ਮੁਕਾਇਆ ਤੇ ਅਜ਼ੀਜ਼ ਖਾਂ ਨੂੰ ਵੀ ਹਾਰ ਦਿੱਤੀ ਜੋ ਅਦੀਨਾ ਬੇਗ ਵੱਲੋਂ ਆਹਲੂਵਾਲੀਆ ਨਾਲ ਦੂਸਰੀ ਵਾਰ ਟੱਕਰ ਲੈਣ ਲਈ ਆਇਆ ਸੀ।

1757 ਈ: ਵਿੱਚ ਜੱਸਾ ਸਿੰਘ ਨੇ ਤੈਮੂਰ ਸ਼ਾਹ ਦੀ ਪਿਛਲੀ ਵਹੀਰ ਤੇ ਹਮਲਾ ਕੀਤਾ। ਤੈਮੂਰ ਸ਼ਾਹ ਨੂੰ ਉਹਦੇ ਪਿਤਾ ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਸੀ ਤੇ ਉਹ ਕਰਤਾਰਪੁਰ ਨੂੰ ਲੁੱਟ ਪੁੱਟ ਕੇ ਆ ਰਿਹਾ ਸੀ।

ਫਿਰ ਉਸਨੇ ਬਾਬਾ ਵੱਡਭਾਗ ਸਿੰਘ ਦੀ ਪ੍ਰੇਰਨਾ ਤੇ ਅਦੀਨਾ ਬੇਗ ਦੀ ਸਹਾਇਤਾ ਕੀਤੀ ਤੇ ਕਰਤਾਰਪੁਰ ਨੂੰ ਤਬਾਹ ਕਰਨ ਵਾਲੇ ਤੈਮੂਰਕ ਵਲੋਂ ਨਿਯੁਕਤ ਜਲੰਧਰ ਦੇ ਕਮਾਂਡਰ ਨਾਸਿਰ ਅਲੀ ਨੂੰ ਮਾਰ ਮੁਕਾਇਆ। ਲਾਹੌਰ ਦੀ ਗਵਰਨਰੀ ਤੋਂ ਹਟਾਏ ਜਾਣ ਮਗਰੋਂ ਹੀ ਅਦੀਨਾ ਬੇਗ ਦੀ ਬੇਨਤੀ ਤੇ ਵੀ ਜੱਸਾ ਸਿੰਘ ਨੇ ਉਹਦੀ ਉਸ ਸਮੇਂ ਸਹਾਇਤਾ ਕੀਤੀ ਜਦੋਂ ਦੁੱਰਾਨੀਆਂ ਨੇ ਉਹਦੇ ਵਿਰੁੱਧ ਮੁਰਾਦ ਖਾਂ ਤੇ ਬੁਲੰਦ ਖਾਂ ਨੂੰ ਭੇਜਿਆ। ਉਸਨੇ ਦੁਰਾਨੀਆਂ ਨੂੰ ਜਲੰਧਰ ਜਿਲੇ ਦੇ ਨੇੜੇ ਮਾਹਲਪੁਰ ਵਿੱਚ ਹਾਰ ਦਿੱਤੀ। ਅਦੀਨਾ ਬੇਗ ਨੇ ਧੰਨਵਾਦ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ 1000 ਰੁਪੈ ਮੱਥਾ ਟੇਕ ਕੇ ਜਲੰਧਰ ਦੁਆਬ ਦਾ 'ਰਾਖੀ ਕਰ' ਵਜੋਂ $1^1/4$ ਲੱਖ ਰੁਪਿਆ ਜੱਸਾ ਸਿੰਘ ਦੀ ਭੇਟਾ ਕੀਤੀ।[18]

ਮਾਰਚ 1758 ਈ. ਵਿੱਚ ਅਦੀਨਾ ਬੇਗ, ਮਰਹੱਟੇ ਤੇ ਜੱਸਾ ਸਿੰਘ ਦੀ ਅਗਵਾਈ ਅਧੀਨ ਸਿੱਖ ਫੌਜਾਂ ਨੇ ਸਰਹਿੰਦ ਤੇ ਹਮਲਾ ਕੀਤਾ। ਫਿਰ ਦਲ ਖਾਲਸਾ ਨੇ ਅਦੀਨਾ ਬੇਗ ਨੂੰ ਲਾਹੌਰ ਦਾ ਗਵਰਨਰ ਬਣਾਉਣ ਵਿੱਚ ਅਪ੍ਰੈਲ 1758 ਨੂੰ ਮਰਹੱਟਿਆਂ ਨਾਲ ਮਿਲਕੇ ਉੱਘੀ ਭੂਮਿਕਾ ਨਿਭਾਹੀ।

ਪਾਣੀਪਤ ਦੀ 1761 ਈ. ਵਿੱਚ ਹੋਈ ਤੀਸਰੀ ਲੜਾਈ ਸਮੇਂ ਜਦੋਂ ਅਬਦਾਲੀ ਮਰਹੱਟਿਆਂ ਨਾਲ ਉਲਝਿਆ ਸੀ ਤੇ ਲਾਹੌਰ ਵਿੱਚ ਰਾਜਸੀ ਗੜਬੜ ਸੀ, ਜੱਸਾ ਸਿੰਘ ਨੇ ਇੱਕ ਹੋਰ ਮੌਕਾ ਵੇਖ ਕੇ ਸਾਰੇ ਪੰਜਾਬ ਵਿੱਚ ਗਤੀਵਿਧੀਆਂ ਤੇਜ਼ ਕਰ ਦਿੱਤੀਆਂ। ਸਰਹਿੰਦ ਦੁਬਾਰਾ ਲੁੱਟੀ। ਫਿਰੋਜ਼ਪੁਰ ਜਿਲੇ ਵਿੱਚ ਨੈਪਾਲ ਤੋਂ ਡੋਗ ਆਪਣੇ ਅਧੀਨ ਕੀਤੇ ਤੇ ਸਤਲੁਜ ਦੇ ਪੱਛਮੀ ਕਿਨਾਰੇ ਵੱਲ ਕੋਟ ਈਸਾਂ ਖਾਂ ਤੇ ਜਗਰਾਵਾਂ ਤੇ ਅਧਿਕਾਰ ਕਰ ਲਿਆ। ਹੁਸ਼ਿਆਰਪੁਰ, ਭਿਰੋਗ ਤੇ ਨਾਰਾਇਣਗੜ੍ਹ ਵੀ ਜੱਸਾ ਸਿੰਘ ਅਧੀਨ ਆ ਗਏ। ਜਦੋਂ ਅਹਿਮਦਸ਼ਾਹ ਅਬਦਾਲੀ ਨੇ ਭਾਰਤ ਤੇ ਪੰਜਵੀਂ ਵਾਰ ਹਮਲਾ ਕੀਤਾ ਤੇ ਮਰਹੱਟਿਆਂ ਨੂੰ ਪਾਣੀਪੱਤ ਦੇ ਮੈਦਾਨ ਵਿੱਚ ਹਾਰ ਦਿੱਤੀ ਤਾਂ ਦਲ ਖਾਲਸਾ ਨੇ ਆਪਣਾ ਅਧਿਕਾਰ ਮਾਲਵਾ ਤੇ ਮਾਝਾ ਖੇਤਰਾਂ ਵਿੱਚ ਜਮਾ ਲਿਆ ਤੇ ਰਾਖੀ ਉਗਰਾਹੀ। ਸਿੱਖਾਂ ਨੇ ਜੱਸਾ ਸਿੰਘ

ਦੀ ਅਗਵਾਈ ਵਿੱਚ ਉਹਦੀ ਵਤਨ ਵਾਪਸੀ ਸਮੇਂ ਉਦੋਂ ਅਚਾਨਕ ਹਮਲਾ ਕਰ ਦਿੱਤਾ ਜਦ ਉਸਨੇ ਅੰਮ੍ਰਿਤਸਰ ਨੇੜੇ ਗੋਂਦਿਵਾਲ ਨੇ ਪੱਤਣ ਤੋਂ ਮਾਰਚ 1761 ਈ: ਵਿੱਚ ਦਰਿਆ ਪਾਰਕੀਤਾ ਤੇ ਉਸ ਕੋਲੋਂ 2200 ਢੱਕਾਂ ਛੁਡਾ ਲਈਆਂ ਜਿਹਨਾਂ ਨੂੰ ਗ਼ੁਲਾਮ ਬਣਾ ਕੇ ਉਹ ਆਪਣੇ ਨਾਲ ਲਿਜਾ ਰਿਹਾ ਸੀ।[19] ਸਿੱਖ ਉਹਦੇ ਮਗਰ ਮਗਰ ਹੀ ਰਹੇ ਤੇ ਹਰ ਰਾਤ ਉਹ ਅਫਗਾਨਾਂ ਉੱਪਰ ਝਪਟ ਪੈਂਦੇ ਤੇ ਉਹਦੇ ਸੁਪਨਿਆਂ ਨੂੰ ਦੁਰਸੁਪਨ ਬਣਾ ਦਿੰਦੇ। ਇਹ ਸਿਲਸਿਲਾ ਸਿੰਧ ਦਰਿਆ ਦੇ ਕਿਨਾਰਿਆਂ ਤੱਕ ਜਾਰੀ ਰਿਹਾ। ਉਹਨਾਂ ਨੇ ਅਬਦਾਲੀ ਵੱਲੋਂ ਲੁੱਟ ਦਾ ਮਾਲ ਕਾਫੀ ਹੌਲਾ ਕਰ ਦਿੱਤਾ ਤੇ ਦੋ ਹਜ਼ਾਰ ਤੋਂ ਉੱਪਰ ਹਿੰਦੂ ਇਸਤਰੀਆਂ ਨੂੰ ਛੁਡਾ ਲਿਆ ਜਿਹਨਾਂ ਨੂੰ ਅਫ਼ਗਾਨ ਆਪਣੇ ਹਰਮਾਂ (ਜਨਾਨਖਾਨਿਆਂ) ਲਈ ਲਿਜਾ ਰਹੇ ਸਨ।[20]

ਅਬਦਾਲੀ ਨਾਲ ਮੁੱਠ-ਭੇੜਾਂ ਤੋਂ ਵਾਪਸ ਆਕੇ ਜੱਸਾ ਸਿੰਘ ਨੇ ਤਰਨਤਾਰਨ ਤੇ ਗੋਇੰਦਵਾਲ ਦੇ ਖੇਤਰ ਤੇ ਅਧਿਕਾਰ ਕਰ ਲਿਆ। ਫਿਰ ਉਹ ਕਈ ਸਿੱਖ ਸਰਦਾਰਾਂ ਨਾਲ ਸਰਦਾਰ ਚੜ੍ਹਤ ਸਿੰਘ ਸ਼ਕਰਚੱਕੀਆ ਦੀ ਸਹਾਇਤਾ ਲਈ ਤੁਰ ਪਿਆ ਜਿਸ ਉੱਪਰ ਗੁੱਜਰਾਂਵਾਲੇ ਵਿੱਚ ਉਬੈਦ ਖਾਂ ਨੇ ਹਮਲਾ ਕਰ ਦਿੱਤਾ ਸੀ।

22 ਅਕਤੂਬਰ 1761 ਈ: ਨੂੰ ਸਿੱਖ ਦੀਵਾਲੀ ਦੇ ਤਿਉਹਾਰ ਸਮੇਂ ਅੰਮ੍ਰਿਤਸਰ ਇਕੱਠੇ ਹੋਏ। ਉਹਨਾਂ ਨੇ ਅਫਗਾਨਾਂ ਤੋਂ ਲਾਹੌਰ ਖੋਹ ਲੈਣ ਦਾ ਮਤਾ ਪਾਸ ਕੀਤਾ। ਲਾਹੌਰ ਨੂੰ ਘੇਰਾ ਪਾਇਆ ਗਿਆ। ਉਬੈਦ ਖਾਂ ਕਿਲੇ ਵਿੱਚ ਵੜਕੇ ਬੈਠ ਗਿਆ। ਸਿੱਖਾਂ ਨੇ ਲਾਹੌਰ ਤੇ ਅਧਿਕਾਰ ਕਰ ਲਿਆ ਤੇ ਜੱਸਾ ਸਿੰਘ ਨੂੰ ਲਾਹੌਰ ਦਾ ਰਾਜਾ ਐਲਾਨ ਕਰ ਦਿੱਤਾ। ਇਹ ਸਿੱਕਾ ਵੀ ਜਾਰੀ ਕੀਤਾ ਗਿਆ ਜਿਸਤੇ ਲਿਖਿਆ ਸੀ :

ਸਿੱਕਾ ਜ਼ਦ ਦਰ ਜਹਾਂ ਬਾਫਜ਼ਲਿ ਅਕਾਲ।
ਮੁਲਕ ਅਹਿਮਦ ਗ੍ਰਿਫਤ ਜੱਸਾ ਕਲਾਂਲ।

ਡਾ. ਗੰਡਾ ਸਿੰਘ ਦਾ ਕਹਿਣਾ ਹੈ ਕਿ ਇਹ ਸਿੱਕਾ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਉਂ ਤੇ ਜਾਰੀ ਕੀਤਾ ਗਿਆ ਜੋ 51 ਸਾਲ ਪਹਿਲਾਂ ਬੰਦਾ ਬਹਾਦਰ ਦੇ ਸਮੇਂ ਦੀ ਮੁਹਰ ਤੋਂ ਲਿਆ ਗਿਆ ਸੀ। ਖੁਸ਼ਵੰਤ ਸਿੰਘ ਵੀ ਇਸੇ ਵਿਚਾਰ ਦਾ ਹੈ। ਇਹ ਫਾਰਸੀ ਵਿੱਚ ਇਸ ਤਰ੍ਹਾਂ ਉਕਰਿਆ ਹੋਇਆ ਸੀ :

ਦੇਗ ਤੇਗ ਫਤਿਹ ਨੁਸਰਤ ਬੇਦਰੰਗ॥
ਯਾਫਤ ਅਜ਼ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ।[22]

## ਵੱਡਾ ਘੱਲੂਘਾਰਾ

ਲਾਹੌਰ ਉੱਪਰ ਸਿੱਖਾਂ ਦਾ ਕਬਜ਼ਾ ਹੋਣ ਦੀਆਂ ਖਬਰਾਂ ਸੁਣਕੇ ਅਬਦਾਲੀ ਬੜੀ ਤੇਜ਼ੀ ਨਾਲ ਪੰਜਾਬ ਵੱਲ ਮੁੜਿਆ। ਉਹ $1^1/2$ ਲੱਖ ਸੈਨਾਂ ਨਾਲ 250 ਮੀਲ ਦਾ ਫਾਸਲਾ 36 ਘੰਟਿਆਂ ਤੋਂ ਘੱਟ ਸਮੇਂ ਵਿੱਚ ਕਰਦਾ ਹੋਇਆ ਮਾਲੇਰਕੋਟਲੇ ਨੇੜੇ ਕੁੱਪ ਪਹੁੰਚਿਆ ਜਿੱਥੇ ਲੜਾਈ ਹੋਈ ਤੇ ਉਹ ਸਿੱਖਾਂ ਉਪਰ ਝਪਟ ਪਿਆ। ਇਸ ਲੜਾਈ ਵਿੱਚ ਪੰਝੀ ਹਜ਼ਾਰ ਸਿੱਖ ਮਾਰੇ ਗਏ ਸਨ। ਜੱਸਾ ਸਿੰਘ ਦੇ ਸਰੀਰ ਤੇ 22 ਜ਼ਖ਼ਮ ਆਏ ਸਨ। ਭਾਵੇਂ ਵਾਪਸੀ ਸਮੇਂ ਅਬਦਾਲੀ ਨੇ ਅੰਮ੍ਰਿਤਸਰ ਵਿੱਚ ਪਵਿੱਤਰ ਹਰਿਮੰਦਰ ਨੂੰ ਬਾਰੂਦ ਨਾਲ ਉਡਾ ਦਿੱਤਾ ਫਿਰ

ਵੀ ਸਿੱਖਾਂ ਨੇ ਹੌਸਲਾ ਨਾ ਹਾਰਿਆ। ਅਜੇ ਅਬਦਾਲੀ ਲਾਹੌਰ ਸੀ ਕਿ ਸਿੱਖ ਜੱਸਾ ਸਿੰਘ ਦੀ ਅਗਵਾਈ ਵਿੱਚ 17 ਮਈ 1762 ਈ: ਨੂੰ ਸਰਹੰਦ ਤੇ ਹਮਲਾਵਰ ਹੋਏ ਤੇ ਜ਼ੈਨ ਖਾਂ ਤੋਂ ਨਜ਼ਰਾਨਾ ਉਗ੍ਰਾਹਿਆ। ਉਸਨੇ ਜਲੰਧਰ ਦੁਆਬ ਵੱਲ ਕੂਚ ਕਰਕੇ ਫੌਜਦਾਰ ਸ਼ਆਦਤ ਖਾਂ ਤੋਂ ਕਾਠਗੜ੍ਹ ਤੇ ਗੜ੍ਹਸ਼ੰਕਰ ਦੇ ਇਲਾਕੇ ਖੋਹ ਲਏ। ਜੱਸਾ ਸਿੰਘ ਆਹਲੂਵਾਲੀਆ ਨੇ ਮਲੇਰਕੋਟਲੇ ਦੇ ਭੀਖਣ ਖਾਂ ਨੂੰ ਹਾਰ ਦਿੱਤੀ ਤੇ ਮਾਰ ਮੁਕਾਇਆ। ਉਸਨੇ ਆਪਣੇ ਨਾਲ ਭੰਗੀ, ਰਾਮਗੜ੍ਹੀਆਂ ਤੇ ਸ਼ੁੱਕਰਚੱਕੀਆਂ ਸਰਦਾਰਾਂ ਨੂੰ ਨਾਲ ਲੈ ਕੇ ਕੁਰਾਲੀ ਤੇ ਮੁਰਿੰਡਾ ਵੀ ਲੁੱਟੇ।

ਫਿਰ 14 ਜਨਵਰੀ 1764 ਈ: ਨੂੰ ਸਰਹਿੰਦ ਉੱਪਰ ਹਮਲਾ ਕਰਕੇ ਸਿੱਖਾਂ ਨੇ ਫੌਜਦਾਰ ਜ਼ੈਨ ਖਾਂ ਨੂੰ ਮਾਰ ਦਿੱਤਾ।

ਸਰਹਿੰਦ ਦੇ ਉੱਪਰ ਅਧਿਕਾਰ ਕਰਨ ਦੇ ਕੁਝ ਹਫਤਿਆਂ ਮਗਰੋਂ ਹੀ ਲਾਹੌਰ ਤੇ ਹਮਲਾ ਕੀਤਾ ਗਿਆ ਤੇ ਉੱਥੋਂ ਦੇ ਗਵਰਨਰ ਕਾਬਲੀ ਮੱਲ ਤੋਂ ਆਪਣੀਆਂ ਸ਼ਰਤਾਂ ਮਨਵਾਈਆਂ। ਸਿੱਖਾਂ ਨੂੰ ਹੁਣ ਰੋਕਣ ਵਾਲਾ ਕੋਈ ਨਹੀਂ ਸੀ। 17 ਅਪ੍ਰੈਲ 1765 ਈ: ਨੂੰ ਸਿੱਖਾਂ ਨੇ ਲਾਹੌਰ ਤੇ ਮੁੜ ਅਧਿਕਾਰ ਕੀਤਾ। ਜਦੋਂ ਅਬਦਾਲੀ ਆਇਆ ਤਾਂ ਉਹ ਸਿੱਖਾਂ ਨਾਲ ਸਮਝੌਤੇ ਦੀਆ ਗੱਲਾਂ ਕਰਨ ਲੱਗਾ ਤੇ ਉਸਨੇ ਜੱਸਾ ਸਿੰਘ ਤੇ ਹੋਰ ਸਰਦਾਰਾਂ ਨੂੰ ਰਾਜ ਦੇ ਭਵਿੱਖ ਵਿੱਚ ਸਿਆਸੀ ਪ੍ਰਬੰਧ ਬਾਰੇ ਸਹਿਮਤੀ ਲਈ ਸੰਕੇਤ ਦਿੱਤੇ ਪ੍ਰੰਤੂ ਸਰਦਾਰਾਂ ਨੇ ਉਸਦੇ ਸਭ ਸੁਝਾ ਰੱਦ ਕਰ ਦਿੱਤੇ।

1767 ਈ: ਤੋਂ ਪਿੱਛੋਂ ਅਬਦਾਲੀ ਦੇ ਹਮਲੇ ਬੰਦ ਹੋ ਗਏ ਤੇ ਜੱਸਾ ਸਿੰਘ ਨੇ ਕਾਫੀ ਇਲਾਕੇ ਜਿੱਤ ਲਏ। 1769 ਵਿੱਚ ਉਸਦੇ ਅਧੀਨ ਨਾਰਾਇਣ ਗੜ੍ਹ, ਭੜੋਗ, ਭਰੋਲੀਆਂ, ਜਗਰਾਵਾਂ, ਕੋਟ ਈਸਾ ਖਾਂ, ਫਤਿਹਗੜ੍ਹ, ਈਸੜੂ ਤੇ ਹੋਰ ਇਲਾਕੇ ਸਰਹੰਦ ਪ੍ਰਾਂਤ ਦੇ ਸਨ। ਦੁਆਬਾ ਜਲੰਧਰ ਵਿੱਚ ਤਲਵੰਡੀ, ਜੰਡਿਆਲਾ, ਨੂਰਮਹਿਲ, ਬੰਗਾ, ਬਲਾਚੌਰ, ਹੈਬਤਪੁਰ, ਚੋਹਲਾ, ਕਾਇਮਪੁਰ ਆਦਿ 10 ਲੱਖ ਰੁਪੈ ਦੇ ਮਾਮਲੇ ਦੇ ਖੇਤਰ ਸਨ। ਬਾਰੀ ਦੁਆਬ ਵਿੱਚ ਉਸ ਅਧੀਨ ਸਰਹਾਲੀ, ਗੋਇੰਦਵਾਲ, ਫਤਿਆਹਾਬਦ, ਕੋਟ ਮੁਹਮਦ ਖਾਂ, ਜਲਾਲਾਬਾਦ, ਵੈਰੋਵਾਲ, ਮਹਿਤਾਬ ਕੋਟ, ਬੰਡਾਲਾ, ਸਠਿਆਲਾ, ਬੁਤਾਲਾ ਆਦਿ ਇਲਾਕੇ ਸਨ।[23] ਉਸਨੇ 1771 ਈ: ਵਿੱਚ ਰਾਏ ਕੋਟ ਤੇ ਕਬਜਾ ਕੀਤਾ। ਕਪੂਰਥਲਾ ਦਾ ਹਾਕਮ ਰਾਇ ਇਬਰਾਹੀਮ ਭੱਟੀ ਆਹਲੂਵਾਲੀਆ ਦੇ ਖੇਤਰਾਂ ਵਿੱਚ ਪੂਰੀ ਤਰ੍ਹਾਂ ਘਿਰਿਆ ਹੋਇਆ ਸੀ। ਦੋਵੇਂ ਸਦਾ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਸਨ। ਜੱਸਾ ਸਿੰਘ ਆਹਲੂਵਾਲੀਆ ਨੇ ਉਸ ਤੋਂ 1771 ਈਸਵੀ ਵਿੱਚ ਕਪੂਰਥਲਾ ਖੋਹ ਕੇ ਫਤਿਹਾਆਬਾਦ ਦੀ ਥਾਂ ਆਪਣੀ ਰਾਜਧਾਨੀ ਬਣਾ ਲਿਆ।[24]

ਇਸ ਤਰ੍ਹਾਂ ਦੂਸਰੇ ਸਰਦਾਰਾਂ ਨੇ ਵੀ ਪੰਜਾਬ ਨੂੰ ਆਪਸ ਵਿੱਚ ਵੰਡ ਲਿਆ ਸੀ। ਦੁਰੱਾਨੀ ਦਾ ਸਾਮਰਾਜ ਖ਼ਤਮ ਹੋ ਚੁੱਕਾ ਸੀ। ਹਰੀ ਰਾਮ ਗੁਪਤਾ ਨੇ ਠੀਕ ਹੀ ਲਿਖਿਆ ਹੈ : "ਅਬਦਾਲੀ ਦੇ ਆਖ਼ਰੀ ਹਮਲੇ ਦਾ ਹਸ਼ਰ ਬੜਾ ਸ਼ਰਮਨਾਕ ਹੋਇਆ। ਲਗਾਤਾਰ ਯਤਨਾਂ ਦੇ ਬਾਵਜੂਦ ਸਿੱਖਾਂ ਦੀ ਸ਼ਕਤੀ ਸ਼ਾਲੀ ਕੌਮ ਨੂੰ ਕੁਚਲਣ ਵਿੱਚ ਉਹ ਅਸਫਲ ਰਿਹਾ ਜੋ ਨਸਲ ਤੇ ਧਰਮ ਦੇ ਬੰਧਨਾਂ ਨਾਲ ਚੰਗੀ ਤਰ੍ਹਾਂ ਸੰਗਠਤ ਸੀ ਤੇ ਜਿਸ ਵਿੱਚ

ਅਮਿੱਟ ਹੌਸਲੇ ਤੇ ਅਸੀਮਤ ਦਲੇਰੀ ਦਾ ਅਦੁੱਤੀ ਸੰਕਲਪ ਸੀ।"[25] ਸਿੱਖਾਂ ਦੀ ਸ਼ਾਨਦਾਰ ਚੜ੍ਹਤਲ ਤੇ ਸ਼ਕਤੀ ਦਾ ਸਿਹਰਾ ਜੱਸਾ ਸਿੰਘ ਆਹਲੂਵਾਲੀਆ ਨੂੰ ਹੀ ਜਾਂਦਾ ਹੈ।

ਅਬਦਾਲੀ ਅਜੇ ਮੁੜਿਆ ਹੀ ਸੀ ਕਿ ਸਿੱਖ ਸਰਦਾਰਾਂ ਦੇ ਆਪਸੀ ਝਗੜੇ ਸ਼ੁਰੂ ਹੋ ਗਏ। ਜੱਸਾ ਸਿੰਘ ਆਹਲੂਵਾਲੀਆ ਨੇ ਭੰਗੀ, ਕਨ੍ਹਈਆ ਤੇ ਸ਼ੁਕਰਚੱਕੀਆ ਤੇ ਕਰੋੜਸਿੰਘੀਆਂ ਨੂੰ ਨਾਲ ਲੈ ਕੇ ਜੱਸਾ ਸਿੰਘ ਰਾਮਗੜ੍ਹੀਆ ਵਿਰੁੱਧ ਇੱਕ ਸੰਘ ਬਣਾ ਲਿਆ। ਦੋਹਾਂ ਧਿਰਾਂ ਵਿੱਚ 1775 ਈ: ਨੂੰ ਬਿਆਸ ਦਰਿਆ ਦੇ ਕਿਨਾਰੇ ਜ਼ਹੂਰਾ ਪਿੰਡ ਨੇੜੇ ਲੜਾਈ ਹੋਈ। ਜੱਸਾ ਸਿੰਘ ਰਾਮਗੜ੍ਹੀਆ ਦੇ ਗੋਲੀ ਲੱਗੀ ਤੇ ਉਹ ਮੈਦਾਨ 'ਚੋਂ ਨੱਠ ਗਿਆ। ਆਹਲੂਵਾਲੀਆ ਸਰਦਾਰ ਵੱਲੋਂ ਬਘੇਲੇ ਸਿੰਘ ਕਰੋੜ ਸਿੰਘੀਆਂ ਨੂੰ ਰਾਮਗੜ੍ਹੀਆ ਵਿਰੁੱਧ ਸਹਾਇਤਾ ਦੇਣ ਕਰਕੇ ਜ਼ਹੂਰਾ ਪਿੰਡ ਦੇ ਦਿੱਤਾ ਗਿਆ।

1776 ਈ: ਵਿੱਚ ਜੱਸਾ ਸਿੰਘ ਆਹਲੂਵਾਲੀਆ ਅਚਲ ਸਾਹਿਬ ਇਸ਼ਨਾਨ ਕਰਨ ਗਿਆ। ਜੱਸਾ ਸਿੰਘ ਦੇ ਭਰਾਵਾਂ-ਤਾਰਾ ਸਿੰਘ, ਮਾਲੀ ਸਿੰਘ, ਤੇ ਖੁਸ਼ਹਾਲ ਸਿੰਘ ਨੇ ਮੌਕਾ ਵੇਖਕੇ ਆਲੂਵਾਲੀਆ ਸਰਦਾਰ ਤੇ ਹਮਲਾ ਕਰਕੇ ਜ਼ਖਮੀ ਕਰ ਦਿੱਤਾ। ਉਹ ਉਸਨੂੰ ਜੱਸਾ ਸਿੰਘ ਰਾਮਗੜ੍ਹੀਆਂ ਦੀ ਰਾਜਧਾਨੀ ਹਰ ਗੋਬਿੰਦਰ ਲੈ ਆਏ। ਭਾਵੇਂ ਜੱਸਾ ਸਿੰਘ ਰਾਮਗੜ੍ਹੀਆ ਨੇ ਸਤਿਕਾਰ ਨਾਲ ਸੁਆਗਤ ਕੀਤਾ ਤੇ ਉਸਨੂੰ ਮਾਨ ਸਤਿਕਾਰ ਨਾਲ ਉਸਦੀ ਰਾਜਧਾਨੀ ਫਤਿਹਆਬਾਦ ਭੇਜ ਦਿੱਤਾ, ਫਿਰ ਵੀ ਇਸ ਘਟਨਾ ਨਾਲ ਰਾਮਗੜ੍ਹੀਆ ਤੇ ਆਹਲੂਵਾਲੀਆ ਦੇ ਸੰਬੰਧ ਬਹੁਤ ਵਿਗੜ ਗਏ।

ਫਿਰ 1776 ਈ. ਵਿੱਚ ਕਨ੍ਹਈਆ ਸਰਦਾਰਾਂ (ਜੈ ਸਿੰਘ, ਹਕੀਕਤ ਸਿੰਘ ਤੇ ਗੁਰਬਖਸ਼ ਸਿੰਘ) ਰਾਜਾ ਸੰਸਾਰ ਚੰਦ ਕਟੋਚ, ਜੱਸਾ ਸਿੰਘ ਆਹਲੂਵਾਲੀਆ ਤੇ ਮਹਾਂ ਸਿੰਘ ਸ਼ੁੱਕਰਚਕੀਆ ਨੇ ਰਾਮਗੜ੍ਹੀਆ ਤੇ ਹਮਲਾ ਕੀਤਾ ਤੇ ਸ੍ਰੀ ਹਰਗੋਬਿੰਦਪੁਰ ਬਟਾਲਾ ਤੇ ਕਲਾਨੌਰ ਕੋਲ ਖੂਨੀ ਲੜਾਈਆਂ ਲੜੀਆਂ।[26]

ਇਸ ਪਿੱਛੋਂ ਜੱਸਾ ਸਿੰਘ ਰਾਮਗੜ੍ਹੀਆ ਹਿਸਾਰ ਵੱਲ ਚਲਾ ਗਿਆ। ਡਾ. ਜੇ ਐਸ ਗਰੇਵਾਲ ਲਿਖਦਾ ਹੈ : "18ਵੀਂ ਸਦੀ ਦੀ ਆਖਰੀ ਚੌਥਾਈ ਵਿੱਚ ਸਿੱਖ ਸਰਦਾਰ ਰਾਜਸੀ ਸੰਬੰਧਾਂ ਵਿੱਚ ਵਿਅਕਤੀਗਤ ਰੂਪ ਵਿੱਚ ਵਿਚਰਦੇ ਰਹੇ ਤੇ ਉਹ ਗੈਰ-ਸਿੱਖ ਹਾਕਮਾਂ ਨਾਲ ਗੱਠ-ਜੋੜ ਕਰਕੇ ਇੱਕ ਦੂਸਰੇ ਵਿਰੁੱਧ ਵੀ ਜੁੱਟ ਪੈਂਦੇ।--ਪ੍ਰਬੰਧ ਚਲਾਉਣ ਦੇ ਖੇਤਰ ਵਿੱਚ ਉਹ ਆਪਣੇ ਇਲਾਕਿਆਂ ਉਹ ਇੱਕ ਦੂਸਰੇ ਤੋਂ ਬਿਲਕੁਲ ਸੁਤੰਤਰ ਸਨ।"[27]

ਵਡੇਰੀ ਉਮਰ ਦੇ ਹੁੰਦਿਆਂ ਹੋਇਆਂ ਵੀ ਜੱਸਾ ਸਿੰਘ ਦੂਸਰੇ ਸਿੱਖ ਸਰਦਾਰਾਂ ਦੀ ਲੋੜ ਪੈਣ ਤੇ ਸਹਾਇਤਾ ਕਰਿਆ ਕਰਦਾ ਸੀ। ਉਸਨੇ 1779 ਈ: ਵਿੱਚ ਪਟਿਆਲਾ ਦੇ ਰਾਜਾ ਅਮਰ ਸਿੰਘ ਦੀ ਸਹਾਇਤਾ ਕੀਤੀ ਜਦੋਂ ਦਿੱਲੀ ਦੇ ਸਮਰਾਟ ਸ਼ਾਹ ਆਲਮ ਦੇ ਵਜ਼ੀਰ ਅਬਦੁੱਲ ਅਹਾਦ ਨੇ ਉਸਤੇ ਹਮਲਾ ਕੀਤਾ। ਉਸਨੇ 1783 ਈ. ਵਿੱਚ ਬਘੇਲ ਸਿੰਘ ਦੀ ਵੀ ਦਿੱਲੀ ਉਪਰ ਹਮਲੇ ਸਮੇਂ ਸਹਾਇਤਾ ਕੀਤੀ।

ਦਲ ਖਾਲਸਾ ਦੇ ਆਗੂ ਵਜੋਂ ਉਸਦੀਆਂ ਪ੍ਰਾਪਤੀਆਂ ਅਦੁੱਤੀ ਸਨ। ਉਸਨੇ ਸਿੱਖਾਂ ਦੀ ਜੁਝਾਰੂ ਸ਼ਕਤੀਆਂ ਨੂੰ ਜੱਥੇਬੰਦ ਕੀਤਾ, ਅਫਗਾਨ ਸ਼ਕਤੀ ਨੂੰ ਪ੍ਰਾਜਿਤ ਕੀਤਾ ਤੇ ਦਿੱਲੀ ਦੇ ਮੁਗਲ ਬਾਦਸ਼ਾਹ ਪਾਸੋਂ ਅਫ਼ਗਾਨਾਂ ਪਾਸੋਂ ਖੋਹੇ ਖੇਤਰ 'ਚ ਸੁਤੰਤਰ ਰੂਪ ਵਿੱਚ ਮਾਲਕੀ ਦਾ ਅਧਿਕਾਰ ਪ੍ਰਾਪਤ ਕੀਤਾ।

ਧਾਰਮਕ ਨੇਤਾ ਵਜੋਂ ਉਹਦਾ ਸਾਰੇ ਸਿੱਖ ਨੇਤਾਵਾਂ ਵਿਚੋਂ ਵਧੇਰੇ ਸਤਿਕਾਰ ਕੀਤਾ ਜਾਂਦਾ ਸੀ ਕਿਉਂਕਿ ਉਹ ਬੁਹਤਾ ਹੀ ਧਾਰਮਕ ਤੇ ਪਵਿੱਤਰ ਵਿਅਕਤੀ ਸੀ।

ਉਸਨੇ ਅਬਦਾਲੀ ਨੂੰ ਕੁਚਲਿਆ, ਮੁਗਲਾਂ ਤੇ ਰੋਹੇਲਿਆਂ ਨੂੰ ਹਰਾਇਆ ਤੇ ਉੱਤਰੀ ਭਾਰਤ ਵਿੱਚ ਸਿੱਖਾਂ ਦੀ ਸਰਦਾਰੀ ਕਾਇਮ ਕੀਤੀ। ਉਸਦੀ ਸਦਾ ਯਾਦ ਰੱਖੀ ਜਾਣ ਵਾਲੀ ਪ੍ਰਾਪਤੀ ਅਬਦਾਲੀ ਦੀ ਕੈਦ 'ਚੋਂ 2200 ਇਸਤਰੀਆਂ (ਢੱਕਾਂ) ਨੂੰ ਛੁਡਾਉਣਾ ਸੀ ਜਿਸ ਕਾਰਨ ਉਸਨੂੰ "ਬੰਦੀ ਛੋੜ" ਵੀ ਕਿਹਾ ਗਿਆ।

ਉਹ 20 ਅਕਤੂਬਰ 1783 ਨੂੰ ਮਰ ਗਿਆ। ਉਸਦਾ ਸਸਕਾਰ ਅੰਮ੍ਰਿਤਸਰ ਵਿੱਚ ਕੀਤਾ ਗਿਆ। ਗੁਰਦੁਆਰਾ ਬਾਬਾ ਅਟੱਲ ਦੀ ਪਰਿਕਰਮਾ ਵਿੱਚ ਉਸਦੇ ਸਨਮਾਨ ਵਿੱਚ ਸਮਾਧ ਅੱਜ ਤੱਕ ਕਾਇਮ ਹੈ।

ਜੱਸਾ ਸਿੰਘ ਦੇ ਦੋ ਬੇਟੀਆਂ ਸਨ। ਉਸਦਾ ਉੱਤਰਾਧਿਕਾਰੀ ਸਰਦਾਰ ਭਾਗ ਸਿੰਘ ਬਣਿਆ ਜੋ ਉਸਦੇ ਤਾਏ ਗੁਰਬਖਸ਼ ਸਿੰਘ ਦਾ ਪੜਪੋਤਾ ਸੀ।

## ਹਵਾਲੇ ਅਤੇ ਟਿੱਪਣੀਆਂ


1. ਲੈਪਲ ਐਚ. ਗ੍ਰਿਫਨ, ਰਾਜਾਜ਼ ਆਫ ਦੀ ਪੰਜਾਬ, ਪੰ: 468
2. ਐਸ.ਐਸ. ਲਤੀਫ, ਪੰਜਾਬ ਦਾ ਇਤਿਹਾਸ, ਪੰ: 314
3. ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ, ਜਿਲਦ-1, ਪੰ: 183
4. ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਥਾਨ ਤੇ ਰਣਜੀਤ ਸਿੰਘ, ਪੰ: 419
5. ਰਾਮਸੁਖ ਰਾਓ, ਜੱਸਾ ਸਿੰਘ ਬਿਨੋਦ, ਖਰੜਾ, ਪੰਜਾਬ ਸਟੇਟ ਆਕਾਈਵਜ, ਪੰ: 69
6. ਉਹੀ, ਪੰ: 420 ਤੇ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਪੰ: 355 (ਡਾ. ਗੰਡਾ ਸਿੰਘ ਵਲੋਂ ਇੰਦਰਾਜ਼)
7. ਰਾਮਜੱਸ, ਤਵਾਰੀਖ-ਇ-ਰਿਆਸਤ ਕਪੂਰਥਲਾ ਲਾਹੌਰ, 1879, ਪੰ: 13
8. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰ: 217-218
9. ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉੱਥਾਨ ਤੇ ਰਣਜੀਤ ਸਿੰਘ, ਪੰ: 42
10. ਇਨਸਾਈਕਲੋਪੀਡੀਆ ਆਫ਼ ਸਿੱਖਜ਼ਮ ਜਿਲਦ-II ਪੰ: 355
11. ਗੁਰਬਖਸ਼ ਸਿੰਘ, ਖਾਲਸਾ ਜਰਨੈਲ, ਪੰ: 35
12. ਖੁਸ਼ਵਕਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ, ਜਿਲਦ-I, ਪੰ: 132-33 ਅਤੇ ਇਨਸਾਈਕਲੋਪੀਡੀਆ ਆਫ਼ ਸਿੱਖਜ਼ਿਮ, ਪੰ: 355
13. ਖੁਸ਼ਵੰਕ ਰਾਏ, ਕਿਤਾਬ-ਏ-ਤਵਾਰੀਖ-ਇ-ਪੰਜਾਬ ਪੰ: 82
14. ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ, ਜਿਲਦ-I, ਪੰ: 137
15. ਉਹੀ, ਪੰ: 137
16. ਐਲ.ਐਚ. ਗ੍ਰਿਫਨ, ਪੰਜਾਬ ਦੇ ਰਾਜੇ, ਪੰਨਾ 461
17. ਜੀ.ਐਸ. ਛਾਬੜਾ, ਐਡਵਾਂਸਡ ਹਿਸਟਰੀ ਆਫ਼ ਦੀ ਪੰਜਾਬ, ਪੰ: 468

18. ਗੰਡਾ ਸਿੰਘ, ਅਹਿਮਦ ਸ਼ਾਹ ਦੁਰੱਾਨੀ, ਪੰ: 197
19. ਇਨਸਾਈਕਲੋਪੋਡੀਆ ਆਫ ਸਿੱਖਇਜ਼ਮ ਜਿਲਦ-II ਪੰ:-356
20. ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦੀ ਸਿੱਖਜ, ਜਿਲਦਾ, ਪੰ: 150
21. ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ, ਪੰ: 421
22. ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਪੰ: 356 ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ, ਪੰ: 152 ਸੀ ਐਨ. ਰੋਜਰਜ਼ ਅਨੁਸਾਰ ਜੱਸਾ ਕਲਾਲ ਵਾਲੇ ਸਿੱਕੇ ਸਥਾਨਕ ਲੋਕਾਂ ਵਲੋਂ ਜਾਅਲੀ ਘੜਕੇ ਅਹਿਮਦਸ਼ਾਹ ਨੂੰ 1761 ਈ: ਵਿੱਚ ਭੇਜੇ ਗਏ ਸਨ। ਗੋਬਿੰਦ ਸ਼ਾਹੀ ਸਿੱਕਾ 1765 ਈ: ਵਿੱਚ ਹੀ ਜਾਰੀ ਕੀਤਾ ਗਿਆ ਸੀ। ਸੀ.ਐਲ. ਰੋਜਰਜ਼-ਏਸੀਐਟਿਕ ਸੁਸਾਇਟੀ ਜਰਨਲ-1881)
23. ਸੋਹਣ ਸਿੰਘ ਸੀਤਲ, ਸ਼ਕਤੀ ਦਾ ਉਭਾਰ ਤੇ ਮਹਾਰਾਜਾ ਰਣਜੀਤ ਸਿੰਘ ਪੰ: 424
24. ਲਤੀਫ਼, ਪੰਜਾਬ ਦਾ ਇਤਿਹਾਸ, ਪੰ: 316
25. ਡਾ. ਹਰੀ ਰਾਮ ਗੁਪਤਾ, ਸਿੱਖਾਂ ਦਾ ਇਤਿਹਾਸ, ਜਿਲਦ-1, ਪੰ: 271
26. ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ ਤੇ ਮਹਾਰਾਜ ਰਣਜੀਤ ਸਿੰਘ, ਪੰ: 425
27. ਡਾ. ਜੇ.ਐਸ. ਗਰੇਵਾਲ, ਸਿੱਖਜ਼ ਆਫ ਦੀ ਪੰਜਾਬ, ਪੰ: 94

# ਸ਼ਹੀਦ ਭਾਈ ਗੁਰਬਖ਼ਸ਼ ਸਿੰਘ ਨਿਹੰਗ

ਸ਼ਹੀਦ ਭਾਈ ਗੁਰਬਖ਼ਸ਼ ਸਿੰਘ ਦਾ ਜਨਮ 10 ਅਪ੍ਰੈਲ 1688 ਈਸਵੀ (ਵੈਸਾਖ ਵਦੀ 5, 1745 ਬਿਕਰਮੀ) ਨੂੰ ਮਾਤਾ ਲੱਛਮੀ ਤੇ ਪਿਤਾ ਭਾਈ ਦਸੌਂਧਾ ਦੇ ਘਰ ਪਿੰਡ ਲੀਹਲ, ਖੇਮਕਰਨ ਦੇ ਨਜ਼ਦੀਕ, ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ ਵਿੱਚ ਹੋਇਆ।[1] ਪਾਕਿਸਤਾਨ ਬਣ ਜਾਣ ਪਿੱਛੋਂ ਇਹ ਜ਼ਿਲ੍ਹਾ ਅੰਮ੍ਰਿਤਸਰ ਦਾ ਭਾਗ ਬਣ ਗਿਆ ਕਿਉਂਕਿ ਕਸੂਰ ਤਹਿਸੀਲ ਦੇ ਚਾਰ ਥਾਣੇ ਭਾਰਤ ਵਿੱਚ ਰਹਿ ਗਏ ਤੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਮਿਲਾਏ ਗਏ। ਰਤਨ ਸਿੰਘ ਭੰਗੂ ਨੇ ਉਸ ਦੇ ਪਿੰਡ ਬਾਰੇ ਇੰਝ ਲਿਖਿਆ ਹੈ :

ਖੇਮਕਰਨ ਢਿਗ ਲੀਲਸੁ ਨਾਮ।
ਹੁਤੋ ਮਾਝੈ ਮੈਂ ਤਿਸਕੋ ਗ੍ਰਾਮ।[2]

ਇਕ ਲੇਖਕ ਦਾ ਵਿਚਾਰ ਹੈ ਕਿ ਭਾਈ ਸਾਹਿਬ ਦਾ ਪਰਿਵਾਰ 1693 ਈਸਵੀ ਵਿੱਚ ਆਨੰਦਪੁਰ ਚਲਾ ਗਿਆ। ਉੱਥੇ ਹੀ ਉਸ ਨੇ 1699 ਈਸਵੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ, ਪਰੰਤੂ ਬਹੁਤ ਸਾਰੇ ਸੋਮੇ ਕੁਝ ਵੱਖਰਾ ਵੇਰਵਾ ਦਿੰਦੇ ਹਨ।[3] ਉਹਨਾਂ ਅਨੁਸਾਰ ਭਾਈ ਗੁਰਬਖ਼ਸ਼ ਸਿੰਘ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਤੇ ਧਾਰਮਿਕ ਸਿੱਖਿਆ ਉਹਨਾਂ ਤੋਂ ਹੀ ਪ੍ਰਾਪਤ ਕੀਤੀ। ਰਤਨ ਸਿੰਘ ਭੰਗੂ ਲਿਖਦਾ ਹੈ :

ਭਈ ਜੁ ਸ਼ਹੀਦ ਮਨੀ ਸਿੰਘ ਭਾਈ।
ਉਨੋਂ ਹਾਥ ਥੀ ਪਾਹੁਲ ਪਿਲਾਈ।[4]

ਸੋਹਨ ਸਿੰਘ ਸੀਤਲ ਲਿਖਦਾ ਹੈ ਕਿ ਭਾਈ ਮਨੀ ਸਿੰਘ ਨੇ ਉਸ ਨੂੰ ਹਰਿਮੰਦਰ ਸਾਹਿਬ ਅੰਮ੍ਰਿਤਸਰ ਰਹਿਣ ਸਮੇਂ ਹੀ ਅੰਮ੍ਰਿਤ ਛਕਾਇਆ ਸੀ।[5]

ਉਹ ਬਾਬਾ ਦੀਪ ਸਿੰਘ ਦੀ ਸ਼ਹੀਦ ਮਿਸਲ ਵਿੱਚ ਸ਼ਾਮਿਲ ਹੋ ਗਏ ਤੇ 1757 ਈ: ਵਿੱਚ ਉਹਨਾਂ ਦੀ ਸ਼ਹਾਦਤ ਪਿੱਛੋਂ ਉਸ ਨੇ ਆਪਣਾ ਵੱਖਰਾ ਦਲ ਬਣਾ ਲਿਆ। ਦੁੱਰਾਨੀਆਂ ਤੇ ਮੁਗ਼ਲਾਂ ਨਾਲ 18ਵੀਂ ਸਦੀ ਵਿੱਚ ਹੋਏ ਸਾਰੇ ਹੀ ਯੁੱਧਾਂ ਵਿੱਚ ਉਸ ਨੇ ਭਾਗ ਲਿਆ। ਉਹ ਹਰ ਸਮੇਂ ਅੱਗੇ ਹੋ ਕੇ ਲੜਨ ਵਾਲਿਆਂ ਵਿੱਚ ਹੁੰਦੇ ਸਨ।

ਰਤਨ ਸਿੰਘ ਭੰਗੂ ਲਿਖਦਾ ਹੈ :

ਜਹਾਂ ਜੁੱਧ ਕੀ ਜਾਗਾ ਹੋਇ। ਮਰਨੈ ਕੈ ਡਰ ਟਰੈ ਨ ਸੋਇ।
ਜਹਾਂ ਪੰਥ ਪੈ ਬਡ ਪਵੇ ਭੀਰ। ਡਾਹੈ ਆਪ ਜਾਇ ਤਹਾਂ ਸਰੀਰ।
ਜਹਾਂ ਜੁੱਧ ਕੀ ਜਾਗਾ ਹੋਇ। ਫੜ ਨਿਸ਼ਾਨ ਆਪ ਅੱਗੇ ਹੋਇ।
ਸਾਥ ਨਗਾਰਾ ਘੁਰਦਾ ਜਾਵੇ। ਜਾਇ ਲੜਾਈ ਮੂਹਰੇ ਪਾਵੇ।

..........................................................

ਪਹਿਲੋਂ ਡੇਰਾ ਉਸ ਤੁਰੈ ਤੈ ਪਾਛੈ ਔਰ ਤੁਰਾਂਹਿ।
ਜਹਾਂ ਸੁ ਝੰਡਾ ਗਡ ਖੜੈ ਖਾਲਸੋ ਉਹਾਂ ਖੜਾਹਿ।[6]

ਉਹ ਧਰਮੀ ਕਰਮੀ, ਨਿੱਤ ਨੇਮੀ ਤੇ ਰਹਿਤ ਮਰਿਆਦਾ ਵਿੱਚ ਪਰਪੱਕ ਸੀ। ਉਹ ਅਸਲੀ ਟਕਸਾਲੀ ਅਕਾਲੀ ਜਾਂ ਨਿਹੰਗ ਸੀ ਤੇ ਜੰਗ-ਜੁੱਧ ਲਈ ਉਸ ਦੇ ਮਨ ਵਿੱਚ ਡਾਢਾ ਚਾਅ ਹੁੰਦਾ ਸੀ।

ਹੁਤੋ ਭੁਜੰਗੀ ਔ ਬੜ ਜੰਗੀ। ਨੀਲ ਬਸਤ੍ਰ ਰਖ ਰਹਿ ਰਹਤ ਚੰਗੀ।

..................................................................

ਸਵਾ ਪਹਿਰ ਨਿਸ ਕਰੈ ਸ਼ਨਾਨ। ਬਾਣੀ ਪੜ੍ਹੇ ਖੜ੍ਹ ਪੱਗ ਬੰਧਾਨ।
ਸਰਬ ਲੋਹ ਕੀ ਪੂਜਾ ਕਰੇ। ਨਮਸਕਾਰ ਕਰ ਸ਼ਸਤਰ ਫੜੈ।
ਸਰਬ ਲੋਹ ਗਲ ਮਾਲਾ ਪਾਵੈ। ਕੰਗਣ ਸਿਮਰਨ ਲੋਹ ਸੁਹਾਵੈ।
ਲੋਹ ਚਕ੍ਰ ਲੋਹ ਤੋੜੇ ਧਾਰੇ। ਸਰਬ ਲੋਹ ਕੀ ਰਖਯਾ ਉਚਾਰੈ।

.................. ..............................................

ਸੰਜੋਇ ਲੋਹ ਕੀ ਪਹਰਸ ਅੰਗ। ਇਮਲਾਇ ਦਿਵਾਨ ਬਹੈ ਨਿਹੰਗ।

...............................................................

ਅੰਮ੍ਰਿਤਸਰ ਸਨਮੁਖ ਦਰਬਾਰ। ਅਕਾਲ ਬੁੰਗੇ ਬਹੈ ਤਖ਼ਤ ਮਝਾਰ।
ਸਿਰ ਪਰੋਂ ਉਸ ਡੇਰਾ ਰਹੈ। ਅਕਾਲ ਅਕਾਲ ਵਹਿ ਮੁਖ ਤੇ ਕਹੈ।

ਜਦੋਂ ਨਵੰਬਰ 1764 ਈ: ਵਿੱਚ ਅਹਿਮਦ ਸ਼ਾਹ ਅਬਦਾਲੀ ਨੇ 30000 ਦੀ ਸੈਨਾ ਨਾਲ ਹਮਲਾ ਕੀਤਾ ਸੀ ਤਾਂ ਉਸ ਸਮੇਂ ਭਾਈ ਗੁਰਬਖ਼ਸ਼ ਸਿੰਘ ਨੇ ਅੰਮ੍ਰਿਤਸਰ ਵਿੱਚ ਹਰਿਮੰਦਿਰ ਵਿੱਚ ਡੇਰਾ ਲਾਇਆ ਹੋਇਆ ਸੀ। ਜਿਸ ਤਰ੍ਹਾਂ ਉਸ ਨੇ ਨਿਰਭੈਅ ਬੀਰਤਾ ਦਿਖਾਈ ਤੇ ਸਨਮੁੱਖ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਸਿਰਫ਼ ਤੀਹ ਸਾਥੀਆਂ ਨਾਲ ਸ਼ਹਾਦਤ ਪਾਈ, ਉਹਦਾ ਕਥਨ ਕਰਨਾ ਸੰਭਵ ਨਹੀਂ। ਭੰਗੂ ਲਿਖਦਾ ਹੈ :

ਸੁਨੋ ਉਸ ਜੋ ਪੌਰਖ ਕਮਾਯੋ। ਸੀਸ ਲਾਇ ਜਿਮ ਗਿਲਜੋ ਗਲਾਯੋ।
ਗਿਲਜੋ ਆਯੋ ਜਿਮ ਉਤਬਾਰ। ਤਿਸਕੋ ਬਿਰੋਵ ਲਿਖੋ ਉਚਾਰ।[7]

ਅਬਦਾਲੀ ਨੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੀ ਤੀਸਰੀ ਲੜਾਈ ਵਿੱਚ 14 ਜਨਵਰੀ 1761 ਨੂੰ ਮਰਹੱਟਿਆਂ ਨੂੰ ਕਰਾਰੀ ਹਾਰ ਦਿੱਤੀ ਸੀ। ਇਸ ਜਿੱਤ ਪਿੱਛੋਂ ਪੰਜਾਬ ਵਿੱਚ ਸੁਚੱਜਾ ਪ੍ਰਬੰਧ ਚਲਾਉਣ ਲਈ ਵੱਖ-ਵੱਖ ਥਾਵਾਂ 'ਤੇ ਆਪਣੇ ਗਵਰਨਰ ਨਿਯੁਕਤ ਕੀਤੇ। ਉਸ ਨੇ ਲਾਹੌਰ ਖਵਾਜਾ ਉਬੈਦ ਖ਼ਾਂ, ਸਰਹਿੰਦ ਜੈਨ ਖ਼ਾਂ ਨੂੰ, ਦੁਆਬਾ ਜਲੰਧਰ ਸ਼ਆਦਤ ਯਾਰ ਖ਼ਾਂ ਤੇ ਸਾਦਿਕ ਖ਼ਾਂ ਨੂੰ ਤੇ ਚਹਾਰ ਮਹੱਲ ਖਵਾਜਾ ਮਿਰਜਾ ਖ਼ਾਂ ਨੂੰ ਸੌਂਪ ਦਿੱਤੇ ਸਨ।

ਸਿੱਖਾਂ ਨੇ ਅਬਦਾਲੀ ਦੇ ਜਾਣ ਪਿੱਛੋਂ ਖਵਾਜਾ ਮਿਰਜ਼ਾ ਖ਼ਾਂ ਨੂੰ ਸਿਆਲਕੋਟ 'ਚੋਂ ਤੇ ਜਲੰਧਰ 'ਚੋਂ ਸ਼ਆਦਤ ਯਾਰ ਖ਼ਾਂ ਨੂੰ ਨੱਠਾ ਦਿੱਤਾ। ਅਬਦਾਲੀ ਨੂੰ ਜਦੋਂ ਇਸ ਦੀ ਖ਼ਬਰ ਪਹੁੰਚੀ ਤਾਂ ਉਸ ਨੇ ਨੂਰਦੀਨ ਬਮਜਈ ਨੂੰ ਭੇਜਿਆ ਪਰ ਚੜ੍ਹਤ ਸਿੰਘ ਨੇ ਨੂਰਉਦੀਨ ਨੂੰ ਹਰਾ ਦਿੱਤਾ। ਜਦੋਂ ਲਾਹੌਰ ਦਾ ਗਵਰਨਰ ਖਵਾਜਾ ਉਬੈਦ ਖ਼ਾਂ ਸਿੱਖਾਂ ਦੇ ਟਾਕਰੇ 'ਤੇ ਗਿਆ

ਤਾਂ ਉਸ ਦੀ ਵੀ ਹਾਰ ਹੋਈ। ਸਿੱਖਾਂ ਨੇ ਲਾਹੌਰ ਉੱਪਰ ਹੱਲਾ ਵੀ ਕਰ ਦਿੱਤਾ ਤੇ ਜੱਸਾ ਸਿੰਘ ਆਹਲੂਵਾਲੀਆ ਨੇ 'ਸੁਲਤਾਨ-ਉਲ ਕੌਮ' ਦੀ ਉਪਾਧੀ ਧਾਰਣ ਕੀਤੀ ਤੇ ਸਿੱਕੇ ਵੀ ਜਾਰੀ ਕੀਤੇ।

ਆਪਣੇ ਗਵਰਨਰਾਂ ਦੀ ਇਹ ਹਾਲਤ ਵੇਖ ਕੇ ਅਬਦਾਲੀ ਨੇ ਪੰਜਾਬ 'ਤੇ ਛੇਵਾਂ ਹਮਲਾ ਕੀਤਾ। 5 ਫਰਵਰੀ 1762 ਈ: ਨੂੰ ਸਿੱਖਾਂ ਨੂੰ ਕੁੱਪ ਦੇ ਅਸਥਾਨ 'ਤੇ ਭਾਰੀ ਹਾਰ ਦਿੱਤੀ। ਜਿਸ ਨਾਲ ਸਿੱਖਾਂ ਦੀ ਅੱਧੀ ਕੌਮ ਮਾਰੀ ਗਈ। ਅਬਦਾਲੀ ਨੇ 3 ਮਾਰਚ 1762 ਨੂੰ ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਦਾ ਪਵਿੱਤਰ ਹਰਿਮੰਦਰ ਢਹਿ ਢੇਰੀ ਕਰ ਦਿੱਤਾ ਤੇ ਉਸ ਨੇ ਸ਼ਹਿਰ ਦੀਆਂ ਕੰਧਾਂ ਅਤੇ ਦਰਵਾਜ਼ਿਆਂ ਉੱਪਰ ਸਿੱਖਾਂ ਦੇ ਸਿਰਾਂ ਦੇ ਬੁਰਜ ਉਸਾਰੇ।

ਪਰ ਉਹ ਸਿੱਖਾਂ ਨੂੰ ਫਿਰ ਵੀ ਕੁਚਲ ਨਾ ਸਕਿਆ। ਅਬਦਾਲੀ ਲਾਹੌਰ ਪਹੁੰਚ ਗਿਆ ਪਰ ਸਿੱਖਾਂ ਨੇ 17 ਅਕਤੂਬਰ 1762 ਈ: ਨੂੰ 60 ਹਜ਼ਾਰ ਦੀ ਗਿਣਤੀ 'ਚ ਆ ਕੇ ਦੀਵਾਲੀ ਤੋਂ ਇਕ ਦਿਨ ਪਹਿਲਾਂ ਡੇਰਾ ਲਾ ਲਿਆ। ਅਬਦਾਲੀ ਸਿੱਖਾਂ ਵਿਰੁੱਧ ਫ਼ੌਜਾਂ ਲੈ ਕੇ ਆਇਆ। ਸਿੱਖਾਂ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ ਤੇ ਅਫ਼ਗਾਨਾਂ ਨੂੰ ਭਾਜ ਦਿੱਤੀ।

ਦਸੰਬਰ 1762 ਈ: ਨੂੰ ਫਿਰ ਅਬਦਾਲੀ ਨੂੰ ਕਾਬਲ ਜਾਣਾ ਪਿਆ। ਜਾਣ ਤੋਂ ਪਹਿਲਾਂ ਉਸ ਨੇ ਕਾਬਲੀ ਮੱਲ ਨੂੰ ਲਾਹੌਰ, ਜੈਨ ਖ਼ਾਂ ਨੂੰ ਸਰਹਿੰਦ, ਸ਼ਆਦਤ ਖ਼ਾਂ ਨੂੰ ਜਲੰਧਰ ਤੇ ਜਹਾਨ ਖ਼ਾਂ ਨੂੰ ਸਿੰਧ ਤੇ ਰਾਵੀ ਵਿਚਕਾਰਲੇ ਖੇਤਰ ਦਾ ਹਾਕਮ ਬਣਾ ਦਿੱਤਾ।

ਸਿੱਖ ਤੁਰੰਤ ਹੀ ਅਫ਼ਗਾਨਾਂ ਵਿਰੁੱਧ ਬਾਗੀ ਹੋ ਗਏ। ਸਿੱਖਾਂ ਨੇ ਨਵੰਬਰ 1763 ਈ: 'ਚ ਜਹਾਨ ਖ਼ਾਂ ਨੂੰ ਹਰਾਇਆ। 14 ਜਨਵਰੀ 1764 ਈ: ਨੂੰ ਸਰਹਿੰਦ 'ਤੇ ਹਮਲਾ ਕੀਤਾ ਤੇ ਜੈਨ ਖ਼ਾਂ ਨੂੰ ਮਾਰ ਦਿੱਤਾ।

ਸਿੱਖਾਂ ਨੇ ਫਰਵਰੀ 1764 ਈ: ਵਿੱਚ ਲਾਹੌਰ ਉੱਪਰ ਹਮਲਾ ਕੀਤਾ ਤੇ ਕਾਬਲੀ ਮੱਲ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ। ਕਸ਼ਮੀਰ ਦੇ ਸੂਬੇਦਾਰ ਸਰ ਬੁਲੰਦ ਖ਼ਾਂ ਨੂੰ ਵੀ ਰੁਹਤਾਸ ਵਿੱਚ ਹਾਰ ਦੇ ਕੇ ਕੈਦ ਕਰ ਲਿਆ।

ਹੁਣ ਅਬਦਾਲੀ ਨੇ ਸਿੱਖਾਂ ਨੂੰ ਸਜ਼ਾ ਦੇਣ ਲਈ ਸੱਤਵਾਂ ਹੱਲਾ ਕੀਤਾ। ਉਸ ਨੇ ਆਪਣੇ ਬਲੋਚ ਸਾਥੀ ਕਲਾਤ ਦੇ ਮੀਰ ਨਾਸਿਰ ਖ਼ਾਂ ਨੂੰ ਸਿੱਖਾਂ ਦੇ ਵਿਰੁੱਧ ਜਹਾਦ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਉਸ ਨੇ ਲਿਖਿਆ, "ਤੂੰ ਮੱਕੇ ਜਾਣ ਬਾਰੇ ਕਿੱਦਾਂ ਸੋਚ ਸਕਦਾ ਹੈਂ ਜਦ ਕਿ ਦੋਖੀ ਫ਼ਿਰਕਾ ਇਤਨੀ ਬਰਬਾਦੀ ਕਰ ਰਿਹਾ ਹੋਵੇ ? ਤੈਨੂੰ ਉਸ ਪਾਸੇ ਤੋਂ ਕੂਚ ਕਰਨਾ ਚਾਹੀਦਾ ਹੈ ਜਦਕਿ ਇਸ ਪਾਸੇ ਤੋਂ ਮੈਂ ਹੱਲਾ ਕਰਾਂਗਾ ਤਾਂ ਜੋ ਅਸੀਂ ਇਨ੍ਹਾਂ ਲੋਕਾਂ ਦਾ ਖੁਰਾ ਖੋਜ ਮਿਟਾ ਦਈਏ। ਯਾਦ ਰੱਖੋ, ਇਨ੍ਹਾਂ ਕਾਫ਼ਿਰਾਂ ਵਿਰੁੱਧ ਜ਼ਹਾਦ ਮੱਕੇ ਦੇ ਹੱਜ ਕਰਨ ਨਾਲੋਂ ਵੀ ਵਧੇਰੇ ਮਹਤੱਵਪੂਰਣ ਹੈ। ਤੂੰ ਮੇਰੇ ਲਈ ਪੁੱਤਰ ਸਮਾਨ ਤੇ ਹਮ-ਧਰਮੀ ਹੈਂ। ਆਓ, ਅਸੀਂ ਇਨ੍ਹਾਂ ਕਾਫ਼ਿਰਾਂ ਨੂੰ ਨਸ਼ਟ ਕਰ ਦੇਈਏ ਅਤੇ ਇਨ੍ਹਾਂ ਦੀਆਂ ਇਸਤਰੀਆਂ ਤੇ ਬੱਚਿਆਂ ਨੂੰ ਗ਼ੁਲਾਮ ਬਣਾ ਲਈਏ।" ...... ਨਸੀਰ ਖ਼ਾਂ ਨੇ ਆਪਣੇ ਧਾਰਮਿਕ ਆਗੂਆਂ ਤੋਂ ਸਿੱਖਾਂ ਵਿਰੁੱਧ ਜਹਾਦ ਕਰਨ ਲਈ ਫਤਵਾ ਵੀ ਲੈ ਲਿਆ।

ਅਕਤੂਬਰ 1764 ਈ: ਵਿੱਚ ਅਹਿਮਦ ਸ਼ਾਹ ਅਬਦਾਲੀ ਨੇ 18000 ਅਫ਼ਗਾਨ

ਨਾਲ ਲੈ ਕੇ ਸਿੰਧ ਨੂੰ ਪਾਰ ਕੀਤਾ ਅਤੇ ਐਮਨਾਬਾਦ ਦੇ ਸਥਾਨ 'ਤੇ ਨਸੀਰ ਖ਼ਾਂ ਵੀ ਆਪਣੇ 12000 ਬਲੋਚ ਸੈਨਿਕ ਨਾਲ ਲੈ ਕੇ ਆ ਗਿਆ। ਲਾਹੌਰ ਵਿੱਚੋਂ ਕਾਬਲੀ ਮੱਲ ਉਸ ਨਾਲ ਆ ਰਲਿਆ।

ਸਿੱਖਾਂ ਦੀ ਵੱਡੀ ਗਿਣਤੀ ਲੱਖੀ ਜੰਗਲ ਵੱਲ ਚਲੀ ਗਈ ਜੋ ਲਾਹੌਰ ਤੋਂ 150 ਮੀਲਾਂ 'ਤੇ ਸੀ। ਉਨ੍ਹਾਂ ਦੀ 15000 ਦੇ ਕਰੀਬ ਭਾਰੀ ਗਿਣਤੀ ਭਰਤਪੁਰ ਦੇ ਜਾਟ ਰਾਜਾ ਸੂਰਜ ਮੱਲ ਦੇ ਪੁੱਤਰ ਜਵਾਹਰ ਸਿੰਘ ਦੀ ਸਹਾਇਤਾ ਲਈ ਗਈ ਹੋਈ ਸੀ ਜੋ ਰੁਹੇਲਾ ਸਰਦਾਰ ਨਜੀਬ-ਉਦ-ਦੌਲਾ ਵਿਰੁੱਧ ਲੜ ਰਿਹਾ ਸੀ। ਬਾਕੀ ਇੱਧਰ-ਉੱਧਰ ਪਿੰਡਾਂ ਵਿੱਚ ਤੁਰਦੇ-ਫਿਰਦੇ ਆਪਣਾ ਸਮਾਂ ਲੰਘਾ ਰਹੇ ਸਨ।

ਅਗਲੇ ਦਿਨ ਹੀ ਇਸ ਗੱਲ ਦਾ ਸਬੂਤ ਮਿਲ ਗਿਆ ਕਿ ਸਿੱਖ ਪੂਰੀ ਤਰ੍ਹਾਂ ਕੇਂਦਰੀ ਜ਼ਿਲ੍ਹਿਆਂ ਵਿੱਚੋਂ ਗ਼ੈਰ-ਹਾਜ਼ਰ ਨਹੀਂ ਸਨ। ਸਿੱਖਾਂ ਨੇ ਇਕ ਸੂਹੀਆ ਟੋਲੀ ਉੱਪਰ ਹਮਲਾ ਕਰ ਦਿੱਤਾ ਸੀ। ਸੂਹੀਆ ਟੋਲੀ ਦੀ ਸਹਾਇਤਾ ਲਈ ਸਾਰੀ ਇਕੱਠੀ ਹੋਈ ਸੈਨਾ ਨਸੀਰ ਖ਼ਾਂ ਦੀ ਕਮਾਨ ਥੱਲੇ ਭੇਜੀ ਗਈ। ਸਿੱਖਾਂ ਨੇ ਪਹਿਲੀ ਝੜਪ ਵਿੱਚ ਹੀ ਮੂਹਰਲਾ ਸੈਨਿਕ ਦਸਤਾ ਮਾਰ ਮੁਕਾਇਆ। ਫਿਰ ਨਾਸਿਰ ਖ਼ਾਂ ਤੇ ਚੜ੍ਹਤ ਸਿੰਘ ਜੋ ਦੋਹਾਂ ਫ਼ੌਜਾਂ ਦੇ ਮੁਖੀ ਸਨ, ਦੀ ਅਗਵਾਈ ਵਿੱਚ ਦੋਹਾਂ ਫ਼ੌਜਾਂ ਦੀ ਟੱਕਰ ਹੋਈ। ਸਿੱਖਾਂ ਨੇ ਆਪਣੀਆਂ ਆਮ ਜੰਗੀ ਚਾਲਾਂ ਚਲੀਆਂ ਜਿਨ੍ਹਾਂ ਅਨੁਸਾਰ ਉਹ ਦੂਰੋਂ ਗੋਲੀ ਚਲਾਉਂਦੇ ਅਤੇ ਫਿਰ ਆਪਣੀਆਂ ਬੰਦੂਕਾਂ ਵਿੱਚ ਮੁੜ ਸਿੱਕਾ ਬਾਰੂਦ ਪਾਉਣ ਲਈ ਦੂਰ ਪਿੱਛੇ ਹਟ ਜਾਂਦੇ ਜਦਕਿ ਉਨ੍ਹਾਂ ਦੀ ਇਕ ਹੋਰ ਟੋਲੀ ਹੋਰ ਪਾਸਿਉਂ ਦੀ ਹਮਲਾ ਕਰਨ ਲਈ ਅਗਾਂਹ ਵਧਦੀ ਅਤੇ ਆਪਣੀ ਕਾਰਵਾਈ ਕਰਕੇ ਪਿੱਛੇ ਭੱਜ ਜਾਂਦੀ। ਕਾਜ਼ੀ ਨੂਰ ਮੁਹੰਮਦ ਜੋ ਖ਼ੁਦ ਲੜਾਈ ਵਿੱਚ ਹਾਜ਼ਰ ਸੀ, ਲਿਖਦਾ ਹੈ ਕਿ "ਕਿੰਨੀ ਤਰਸਯੋਗ ਗੱਲ ਹੈ ਕਿ ਕਾਫ਼ਿਰ ਲੋਕ ਗਾਜ਼ੀਆਂ ਨੂੰ ਦੂਰੋਂ ਮਾਰ ਜਾਣ। ਜੇ ਹੱਥੋ ਹੱਥ ਲੜਾਈ ਹੁੰਦੀ ਤਾਂ ਦੁਨੀਆਂ ਕੁਝ ਤਮਾਸ਼ਾ ਦੇਖਦੀ।" ਸਾਰਾ ਦਿਨ ਲੜਾਈ ਹੁੰਦੀ ਰਹੀ ਅਤੇ ਰਾਤ ਪੈਣ 'ਤੇ ਇਹ ਬੰਦ ਹੋ ਗਈ। ਅਗਲੀ ਸਵੇਰ ਨੂੰ ਕੋਈ ਸਿੱਖ ਕਿਧਰੇ ਨਹੀਂ ਸੀ ਦਿਸਿਆ।[8]

ਅਹਿਮਦ ਸ਼ਾਹ ਨੂੰ ਦੱਸਿਆ ਗਿਆ ਕਿ ਸਿੱਖ ਅੰਮ੍ਰਿਤਸਰ (ਗੁਰੂ ਚੱਕ) ਨੂੰ ਚਲੇ ਗਏ ਹਨ। ਉਸ ਨੇ ਉਨ੍ਹਾਂ ਦਾ ਪਿੱਛਾ ਕਰਨ, ਉਨ੍ਹਾਂ ਦਾ ਕਤਲ ਕਰਨ ਤੇ ਚੱਕ ਨੂੰ ਢਾਹ ਕੇ ਜ਼ਮੀਨ ਦੇ ਬਰਾਬਰ ਪੱਧਰਾ ਕਰਨ ਦਾ ਫ਼ੈਸਲਾ ਕੀਤਾ। ਉਸ ਨੇ ਸਿੱਖਾਂ ਨਾਲ ਕਈ ਵਾਰ ਅਜਿਹਾ ਵਰਤਾਰਾ ਕੀਤਾ ਸੀ, ਪਰ ਸਿੱਖ ਹਰ ਵਾਰ ਉੱਠ ਖੜੇ ਹੋਏ ਸਨ। ਅਹਿਮਦ ਸ਼ਾਹ ਅਬਦਾਲੀ ਜਿਸ ਨੇ ਵੱਡੇ ਘਲੂਘਾਰੇ ਸਮੇਂ ਦੋ ਦਿਨਾਂ ਵਿੱਚ 150 ਮੀਲ ਦਾ ਪੰਧ ਮੁਕਾ ਲਿਆ ਸੀ, ਹੁਣ ਉਸ ਨੂੰ 32 ਮੀਲ ਦਾ ਪੈਂਡਾ ਖ਼ਤਮ ਕਰਨ ਲਈ ਚਾਰ ਦਿਨ ਲੱਗੇ। ਅਫ਼ਗਾਨਾਂ ਨੇ ਸ਼ਹਿਰ ਨੂੰ ਘੇਰ ਲਿਆ ਤਾਂ ਜੋ ਕੋਈ ਸਿੱਖ ਬਚ ਕੇ ਨਾ ਜਾ ਸਕੇ। ਕਈ ਦਸਤੇ ਸ਼ਹਿਰ ਦੀਆਂ ਭੀੜੀਆਂ ਤੇ ਊਬੜ-ਖਾਬੜ ਤੇ ਸੁੰਨਸਾਨ ਗਲੀਆਂ ਵਿੱਚੋਂ ਬੜੀ ਮੁਸ਼ਕਲ ਨਾਲ ਲੰਘੇ।[9] ਜੋ ਕੁਝ ਉੱਥੇ ਅਫ਼ਗਾਨਾਂ ਨੇ ਵੇਖਿਆ, ਉਸ ਨੂੰ ਵੇਖਣ ਨਾਲ ਉਹਨਾਂ ਨੂੰ ਕੁਝ ਅਨੁਭਵ ਹੋ ਗਿਆ ਕਿ ਸਿੱਖ ਕਿਸ ਕਿਸਮ ਦੇ ਲੋਕ ਹਨ। ਹਰਿਮੰਦਰ ਦੇ ਪਰਵੇਸ਼ ਦੁਆਰਾਂ ਤੇ ਸਿਰਫ਼ 30 ਸਿੱਖ ਪਹਿਰਾ ਦੇ ਰਹੇ ਸਨ ਤੇ ਉਹਨਾਂ ਨੂੰ ਰਤਾ ਭਰ ਵੀ

ਭੈਅ ਨਹੀਂ ਸੀ। ਉਹ ਤਾਂ ਉੱਥੇ ਗੁਰੂ ਖ਼ਾਤਰ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਸਨ।[10]

ਇਹਨਾਂ 30 ਆਦਮੀਆਂ ਦਾ ਮੁਖੀ ਗੁਰਬਖ਼ਸ਼ ਸਿੰਘ ਲੀਹਲ ਸੀ। ਉਹਨਾਂ ਨੇ ਬੜੇ ਸ਼ਾਨਦਾਰ ਢੰਗ ਨਾਲ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਹ ਆਪਣੇ ਤੋਂ ਕਿਤੇ ਵੱਧ ਗਾਜ਼ੀਆਂ ਨਾਲ ਉਲਝ ਪਏ। ਉਹਨਾਂ ਵਿੱਚੋਂ ਹਰ ਕੋਈ ਸ਼ਹੀਦ ਦੀ ਮੌਤ ਮਰਿਆ। ਇਹ ਸਾਕਾ 1 ਦਸੰਬਰ 1764 ਨੂੰ ਵਾਪਰਿਆ। 30 ਸਿੰਘਾਂ ਦੀ 30 ਹਜ਼ਾਰ ਅਫ਼ਗਾਨਾਂ ਨਾਲ ਇਹ ਟੱਕਰ ਅਸਾੱਵੀਂ ਤੇ ਅਦੁੱਤੀ ਸੀ। ਸਾਰਾਗੜ੍ਹੀ ਦੇ ਸਾਕੇ, 1854 ਵਿੱਚ ਬਾਲਕਲਾਵਾ ਦੇ ਯੁੱਧ (ਕਰਮੀਆ ਦੀ ਲੜਾਈ) ਤੇ ਸੂਬੇਦਾਰ ਜੁਗਿੰਦਰ ਸਿੰਘ ਦੀ 1962 ਵਿੱਚ ਨੇਫ਼ਾ ਖੇਤਰ ਵਿੱਚ ਤਵਾਂਗ ਦੇ ਯੁੱਧ ਨਾਲੋਂ ਸ੍ਰ. ਗੁਰਬਖ਼ਸ਼ ਸਿੰਘ ਤੇ ਉਹਦੇ ਸਾਥੀਆਂ ਦੀ ਵੀਰਤਾ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ।

ਭਾਈ ਰਤਨ ਸਿੰਘ ਭੰਗੂ ਨੇ ਸ਼ਹੀਦ ਗੁਰਬਖ਼ਸ਼ ਸਿੰਘ ਦੀ ਵੀਰਤਾ ਦਾ ਬੜਾ ਦਿਲਚਸਪ ਵੇਰਵਾ ਦਿੱਤਾ ਹੈ।

ਨਿਹੰਗ ਸਿੰਘ ਤਬ ਬਚਨ ਉਚਾਰਾ। ਹੈ ਗੁਰਮੁਖ ਜੋ ਸਿੰਘ ਪਿਆਰਾ।
ਕਰੋ ਤਿਆਰੀ ਹਮ ਸੰਗ ਸੋਇ। ਮੈਂ ਲਾੜੇ ਵਹਿ ਸ੍ਰਿਬਾਲੇ ਹੋਇ।

..............................................................................

ਉਨ ਸਿੰਘਨ ਤਬ ਐਸ ਉਚਾਰਾ। ਹਮ ਚਾਹਤ ਥੇ ਬਚਨ ਤੁਮਾਰਾ।
ਸਿੰਘਨ ਦੇਖ ਸਿੰਘ ਔਰ ਭਏ ਖੜੇ। ਤੁਮ ਲਾੜੇ ਹਮ ਹੁਇ ਜੰਞ ਚੜੇ।

..............................................................................

ਹੁਤੇ ਭੁਜੰਗੀ ਜੋ ਗੁਰ ਲਾਲ। ਹੋਨ ਸ਼ਹੀਦ ਕਿਛ ਰਹੈ ਸਿੰਘ ਨਾਲ।
ਕਿਸੇ ਪੁਸ਼ਾਕ ਥੀ ਨੀਲੀ ਸਜਾਈ। ਕਿਨੇ ਸੀਤ ਕਿਸੇ ਕੇਸਰੀ ਰੰਗਵਾਈ।
ਸ੍ਰੀ ਅਕਾਲ ਬੁੰਗੇ ਸਨਮੁਖ ਦਰਬਾਰ। ਪੀ ਸੁਖੇ ਸਿੰਘ ਭਏ ਤਿਆਰ।

..............................................................................

ਬਸਤਰ ਸ਼ਸਤਰ ਪਹਿਰ ਸਿੰਘ ਭਏ ਤਬੇ ਸਾਵਧਾਨ।
ਗੁਰੂ ਗ੍ਰੰਥ ਬਾਣੀ ਪੜ੍ਹੀ ਗੁਰ ਨਾਨਕ ਪਗ ਧਰ ਧਯਾਨ।
ਉਠ ਅੰਮ੍ਰਿਤਸਰ ਸਿੰਘ ਜੀ ਨ੍ਹਾਯੋ। ਅਕਾਲ ਬੁੰਗੇ ਪਰ ਤਖ਼ਤ ਬਹਾਯੋ।
ਕਈ ਪੁਸ਼ਾਕ ਸਿੰਘ ਪਹਿਲ ਸੁਹਾਯੋ। ਜੰਘ ਕੱਛ ਗਲ ਚੋਲਾ ਪਾਯੋ।
ਸੀਸ ਪੱਗ ਲਈ ਖ਼ੂਬ ਛਿਕਾਇ। ਧਰੇ ਚਕ੍ਰ ਸਿਰ ਪੇਚੇ ਦਾਇ।
ਚਕ੍ਰਨ ਕੋ ਮੱਧ ਕਰਦ ਗਡੋਈ। ਜਨੁ ਲਾੜੇ ਸਿਰ ਕਲਗੀ ਸੋਹੀ।

..............................................................................

ਕਰ ਕੰਗਨੋ, ਸਿਰ ਸੇਹਰੋ, ਮੋਚੇ ਧਰ ਤਲਵਾਰ।
ਤਖ਼ਤੋਂ ਉਤਰ ਨਿਹੰਗ ਸਿੰਘ ਪੂਜਨ ਚਲਯੋ ਦਰਬਾਰ।

..............................................................................

ਦਰਸ਼ਨੀ ਦੁਵਾਜੇ ਜਬ ਸਿੰਘ ਗਯੋ। ਕਰ ਕੁੰਨਸ ਸਿਰ ਅਵਨਿ ਟਿਕਯੋ।

ਆਗੇ ਤੁਰ ਢਿਗ ਪੁਜਯੋ ਦਰਬਾਰ। ਦਈ ਪ੍ਰਦਛੱਣਾ ਫਿਰ ਵਲ ਚਾਰ।
ਹਰਿਮੰਦਰ ਕੇ ਹਜ਼ੂਰ ਇਸ ਖੜ ਕਰ ਕਰੀ ਅਰਦਾਸ।
ਸਤਿਗੁਰ ਸਿਖੀ ਸੰਗ ਨਿਭੈ ਸੀਸ ਕੇਸਨ ਕੇ ਸਾਸ।[11]

ਇਤਨੇ ਨੂੰ ਅਬਦਾਲੀ ਦੀਆਂ ਫ਼ੌਜਾਂ ਪਰਕਰਮਾ ਨੇੜੇ ਪਹੁੰਚ ਗਈਆਂ। ਉਹਨਓਂ ਦੀ ਤਿਆਰੀ ਵੀ ਪੂਰੀ ਸੀ।

ਗਿਲਜਨ ਟੋਪ ਸੰਜੋਇ ਸਵਾਰੇ। ਸਿੰਘ ਰਖਯਾ ਹਿਤ ਵਸਤ੍ਰ ਨ ਧਾਰੇ।
ਗਿਲਜਨ ਸਾਜ ਥੋ ਮਾਰਨ ਕੀਓ। ਸਿੰਘਨ ਸਾਜਯੋ ਪਰੈਨ ਲੀਓ।
ਗਿਲਜਨ ਲੀਨੇ ਲੰਮੇ ਹਥਯਾਰ। ਤੀਰ ਬੰਦੂਕ ਕਰਾਬੀਨ ਸੁਧਾਰ।
ਸਿੰਘਨ ਨੇ ਤੋ ਫੜੇ ਹਥਿਆਰ। ਕਰਦ ਕਟਾਰੀ ਤੇਗ ਨਮਸਕਾਰ।[12]

ਇਸ ਤਰ੍ਹਾਂ ਘੱਟ ਹਥਿਆਰਾਂ ਦੇ ਬਾਵਜੂਦ ਵੀ ਸਿੰਘ ਵੈਰੀਆਂ ਦੀਆਂ ਸਫ਼ਾਂ ਵਿਹਲੀਆਂ ਕਰੀ ਜਾ ਰਹੇ ਸਨ। ਉਹ ਦਰਬਾਰ ਸਾਹਿਬ ਦੀ ਰਾਖੀ ਲਈ ਅੱਗੇ ਵੱਧ ਕੇ ਦੁਸ਼ਮਣ ਨਾਲ ਲੋਹਾ ਲੈ ਰਹੇ ਸਨ। ਨਿਹੰਗ ਭਾਈ ਗੁਰਬਖ਼ਸ਼ ਸਿੰਘ ਸਭ ਨੂੰ ਹੌਸਲਾ ਦੇ ਰਹੇ ਸਨ। ਤੇ ਅੱਗੇ ਹੋ ਕੇ ਲੜਨ ਦੀ ਪ੍ਰੇਰਨਾ ਦੇ ਰਹੇ ਸਨ।

ਪਗ ਆਗੇ ਪਤ ਉਬਰੇ, ਪਗ ਪਾਛੇ ਪਤ ਜਾਇ।
ਬੈਰੀ ਖੰਡੇ ਸਿਰ ਧਰੇ, ਫਿਰ ਕਯਾ ਤਕਨ ਸਹਾਇ।
ਸੁਨਤ ਸਿੰਘ ਕੁਦ ਪਏ ਚੁਫੇਰੇ। ਪਰੇ ਸਿੰਘ ਜਿਮ ਮਿਰਗਨ ਹੇਰੇ।
ਸਿੰਘਨ ਇੱਛਾ ਮਰਨੈ ਕਰੀ। ਜੀਵਨ ਆਸ ਦੂਰ ਕਰ ਧਰੀ।[13]

ਸਿੰਘ ਤੇਗ਼ਾਂ ਲੈ ਕੇ ਵੈਰੀਆਂ ਸਿਰ ਜਾ ਧਮਕੇ। ਗਿਲਜੇ ਦੂਰੋਂ ਹੀ ਗੋਲੀਆਂ ਚਲਾ ਕੇ ਲੜ ਰਹੇ ਸਨ। ਭਾਈ ਗੁਰਬਖ਼ਸ਼ ਸਿੰਘ ਸਰੀਰਾਂ ਨੂੰ ਸੰਜੋਆਂ ਸਣੇ ਚੀਰਦੇ ਵੈਰਾਂ ਦੀਆਂ ਸਫ਼ਾਂ ਵਿਹਲੀਆਂ ਕਰਦੇ ਗਏ। ਵੈਰੀ ਢਾਲ ਦਾ ਆਸਰਾ ਲੈਣ ਲੱਗੇ ਪਰ ਸਿੰਘ ਨੇ ਢਾਲ ਵੀ ਛੱਡ ਦਿੱਤੀ ਤੇ ਸਨਮੁੱਖ ਹੋ ਕੇ ਲੜੇ।

ਰਤਨ ਸਿੰਘ ਭੰਗੂ ਲਿਖਦਾ ਹੈ :

ਤਬ ਸਿੰਘ ਜੀ ਨੇ ਖੜਗ ਉਠਾਯਾ। ਅੱਗੇ ਹੋਇ ਗਿਲਜੈ ਤਨ ਲਾਯਾ।
ਕਾਟ ਸੰਜੋਇ ਔ ਉਰੁ ਉਦਾਰਯੋ। ਇਮਹੀ ਔਰਹਿ ਤਨ ਪਰ ਝਾਰਯੋ।
ਜਰੀਅਤ ਕਰ ਸਿੰਘ ਆਗੇ ਧਾਯੋ। ਗਿਲਜਨ ਨੇ ਮੁਖ ਪਿਛੇ ਹਟਾਯੋ।
ਫਿਰ ਗਿਲਜਨ ਮਿਲ ਹੁੱਨਰ ਕੀਓ। ਢਾਲਨ ਉਹਲੈ ਮੁਖ ਧਰ ਲੀਓ।
ਸਿੰਘ ਢਾਲ ਹਥੋਂ ਦਈ ਡਾਲ। ਬਨੈ ਨ ਉਹਲੇ ਚਿਤ ਕੀਯੋ ਖਯਾਲ।
ਆਵੈ ਜੁ ਗਿਲਜੋ ਤੇਗ ਉਭਾਰੈ। ਹੁਇ ਸਨਮੁਖ ਸਿੰਘ ਸੀਸ ਪੈ ਧਾਰੇ।
ਆਂਖ ਨ ਝਮਕੈ ਸੀਸ ਨ ਮੋੜੇ। ਤੱਕੇ ਨ ਪਿੱਛੇ ਅਗੈ ਕੋ ਦੌੜੇ।
ਗਿਲਜੇ ਨੱਠੇ ਉਤ ਵੇਲੇ। ਸਿੰਘ ਕੀ ਤੇਗ ਨ ਖੜ ਕੋਊ ਝੇਲੇ।[14]

ਫਿਰ ਗਿਲਜਿਆਂ ਨੇ ਦੂਰੋਂ ਹੀ ਸਿੰਘ ਦੇ ਗੋਲੀ ਮਾਰ ਦਿੱਤੀ ਤੇ ਗੋਲੀ ਨਾਲ ਕਈ ਜ਼ਖ਼ਮ ਹੋ ਗਏ :

ਗੋਲੀ ਛਾਡੈ ਦੂਰ ਖੜ ਔ ਧਰੀ ਤੀਰਨ ਕੀ ਮਾਰ।

ਸਿੰਘ ਗਏ ਚੀਰ ਸਰੀਰ ਕੋ ਪਰੇ ਨ ਜ਼ਖ਼ਮ ਸੁਮਾਰ।

........................................................................................

ਰਕਤ ਨਿਕਸ ਸਿੰਘ ਬਿਹਬਲ ਭਯੋ। ਸਰੀਰ ਚਲਨ ਤੇ ਸਿੰਘ ਥਕ ਰਹਯੋ।

ਤੌ ਗਿਲਜਨ ਔਰੇ ਆਏ ਬਡੀ ਫੌਜ ਕੇ ਸਾਥ।

ਸਿੰਘ ਪਰੋਇ ਸੁ ਉਨ ਲਯੋ ਬਡ ਨੇਜਨ ਕੇ ਸਾਥ।[15]

ਇਸ ਤਰ੍ਹਾਂ ਸਿੰਘ ਅਖ਼ੀਰ ਦਮ ਤੱਕ ਨਿਹੰਗ ਗੁਰਬਖ਼ਸ਼ ਸਿੰਘ ਦੀ ਅਗਵਾਈ ਵਿੱਚ ਆਪਣੀਆਂ ਜਾਨਾਂ ਤਲੀ 'ਤੇ ਧਰ ਲੜਦੇ ਰਹੇ। ਇਸ ਤਰ੍ਹਾਂ 30 ਦੇ 30 ਸਿੰਘ ਸ਼ਹੀਦੀਆਂ ਪ੍ਰਾਪਤ ਕਰ ਗਏ।

ਖ਼ਾਲਸਾ ਪੰਥ ਅਜਿਹੇ ਨਿਰਭੈਅ ਯੋਧਿਆਂ ਸਦਕਾ ਹੀ ਸਦਾ ਚੜ੍ਹਦੀ ਕਲਾ ਵਿੱਚ ਰਹੇਗਾ। ਇਸ ਨੂੰ ਖ਼ਤਮ ਕਰਨ ਵਾਲੇ ਖ਼ਤਮ ਹੋ ਗਏ, ਮਾਰਨ ਵਾਲੇ ਆਪ ਮਰ ਗਏ, ਅੱਜ ਕਿਸੇ ਦਾ ਨਾਮੋਨਿਸ਼ਾਨ ਨਹੀਂ, ਪਰ ਭਾਈ ਗੁਰਬਖ਼ਸ਼ ਸਿੰਘ ਜਿਹੇ ਸ਼ਹੀਦ ਸਦਾ ਅਮਰ ਰਹਿਣਗੇ।

ਭਾਈ ਗੁਰਬਖ਼ਸ਼ ਸਿੰਘ ਦਾ ਅਤੇ ਉਹਨਾਂ ਦੇ ਸਾਥੀਆਂ ਦਾ ਸਸਕਾਰ ਤਖ਼ਤ ਅਕਾਲ ਬੁੰਗੇ ਕੋਲ ਕੀਤਾ ਗਿਆ। ਉਸ ਅਸਥਾਨ 'ਤੇ ਸਮਾਧ ਬਣਾਈ ਗਈ, ਜਿਸ ਨੂੰ ਸ਼ਹੀਦ ਗੰਜ ਕਿਹਾ ਜਾਂਦਾ ਹੈ। ਭਾਈ ਰਤਨ ਸਿੰਘ ਭੰਗੂ ਲਿਖਦਾ ਹੈ :

ਇੱਕ ਚਿਖਾ ਪੈ ਸਭ ਧਰੇ ਦੀਨੇ ਹੁਤਾਸਨ ਲਾਇ।

ਕਰਯੋ ਕੜਾਹ ਸੁ ਤਹਿੰ ਹੁਤੋ ਸਭ ਹੀ ਦਯੋ ਵਰਤਾਇ॥[16]

ਇਹ ਸ਼ਹਾਦਤ 1764 ਦੀ ਹੈ ਨਾ ਕਿ 1757 ਦੀ। ਇੱਥੇ ਸੋਹਣ ਸਿੰਘ ਸੀਤਲ ਟਪਲਾ ਖਾ ਗਿਆ ਜਾਪਦਾ ਹੈ ਉਹ ਲਿਖਦਾ ਹੈ ਕਿ ਸਰਦਾਰ ਗੁਰਬਖਸ਼ ਸਿੰਘ ਪਿੰਡ ਲੀਲ (ਤਹਿਸੀਲ ਕਸੂਰ ਉਪਰ ਜਹਾਨ ਖਾਂ ਨੇ ਹਮਲਾ ਕੀਤਾ ਤੇ ਗੁਰਬਖਸ਼ ਸਿੰਘ ਆਪਣੇ ਸਾਥੀਆਂ ਸਮੇਤ ਲੜਦੇ ਹੋਏ ਸ਼ਹਾਦਤ ਪਾ ਗਏ। ਇੱਥੇ ਸੋਹਣ ਸਿੰਘ ਸੀਤਲ, ਭਾਈ ਗੁਰਬਖਸ਼ ਸਿੰਘ ਦੀ ਸ਼ਹਾਦਤ ਨੂੰ 1757 ਈ: ਵਿੱਚ ਬਾਬਾ ਦੀਪ ਸਿੰਘ ਦੀ ਸ਼ਹਾਦਤ ਨਾਲ ਜੋੜ ਕੇ ਭੁਲੇਖਾ ਪਾ ਦਿੰਦਾ ਹੈ।[17]

ਭਾਈ ਗੁਰਬਖਸ਼ ਸਿੰਘ ਦੀ ਸ਼ਹਾਦਤ 1764 ਈਸਵੀ ਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰ ਸ਼ਬਦ ਰਤਨਾਕਰ ਵਿੱਚ ਪੰਨਾ 420 ਤੇ ਲੀਲਪਿੰਡ ਨੂੰ ਅੰਮ੍ਰਿਤਸਰ ਜ਼ਿਲ੍ਹੇ 'ਚ ਲਿਖਿਆ ਹੈ, ਜੋ ਪੁਸਤਕ ਛਪਣ ਸਮੇਂ ਭਾਵ 1930 ਈ: ਵਿੱਚ ਤਾਂ ਠੀਕ ਨਹੀਂ ਸੀ।
2. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 415
3. ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪੰਨਾ 131 (ਡਾ. ਗੁਰਬਚਨ ਸਿੰਘ ਨਈਅਰ ਦਾ ਇੰਦਰਾਜ)।

4. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 415
5. ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ, ਪੰਨਾ 289
6. ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 415
7. ਉਹੀ, ਪੰਨਾ 415
8. ਡਾ. ਗੰਡਾ ਸਿੰਘ ਤੇਜਾ ਸਿੰਘ, ਸਿੱਖ ਇਤਿਹਾਸ, ਪੰਨਾ 170
9. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਪੰਨਾ 158
10. ਕਾਜ਼ੀ ਨੂਰ ਮੁਹੰਮਦ, ਜੰਗਨਾਮਾ, ਪੰਨਾ 97-101
11. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 417-18
12. ਉਹੀ, ਪੰਨਾ 419
13. ਉਹੀ, ਪੰਨਾ 419
14. ਉਹੀ, ਪੰਨਾ 420-21
15. ਉਹੀ, ਪੰਨਾ 421
16. ਉਹੀ, ਪੰਨਾ 423
17. ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ, ਪੰਨਾ 189

# ਸ੍ਰ: ਦਸੌਂਧਾ ਸਿੰਘ ਮਨਸੂਰਵਾਲ

ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇਕ ਮਿਸਲ ਨਿਸ਼ਾਨਵਾਲੀਆ ਸੀ। ਇਸ ਦੇ ਉੱਘੇ ਜਥੇਦਾਰਾਂ ਵਿੱਚ ਦਸੌਂਧਾ ਸਿੰਘ, ਮੋਹਰ ਸਿੰਘ, ਸੰਗਤ ਸਿੰਘ ਤੇ ਕਪੂਰ ਸਿੰਘ ਆਦਿ ਸਨ।

ਇਸ ਮਿਸਲ ਦਾ ਨਾਮ ਨਿਸ਼ਾਨਵਾਲੀਆ ਇਸ ਕਾਰਨ ਪਿਆ ਕਿਉਂਕਿ ਇਸ ਮਿਸਲ ਦੇ ਸਰਦਾਰ ਧਰਮ ਯੁੱਧ ਸਮੇਂ ਸਭ ਤੋਂ ਅੱਗੇ ਹੋ ਕੇ ਝੰਡਾ ਭਾਵ 'ਨਿਸ਼ਾਨ' ਫੜ ਕੇ ਤੁਰਦੇ ਸਨ।

ਸ੍ਰ: ਦਸੌਂਧਾ ਸਿੰਘ ਚੌਧਰੀ ਸਾਹਿਬ ਰਾਏ ਦਾ ਪੁੱਤਰ ਸੀ। ਉਹ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਮਨਸੂਰਵਾਲ ਦਾ ਰਹਿਣ ਵਾਲਾ ਸ਼ੇਰ ਗਿੱਲ ਜੱਟ ਸੀ। ਉਸ ਨੇ ਦਲ ਖ਼ਾਲਸਾ ਦੇ ਆਗੂ ਸ੍ਰ: ਦਰਬਾਰਾ ਸਿੰਘ ਪਾਸੋਂ ਅੰਮ੍ਰਿਤ ਛਕਿਆ ਸੀ। ਉਸ ਨੇ ਜ਼ਕਰੀਆ ਖ਼ਾਂ ਦੇ ਸਮੇਂ ਆਪਣਾ ਜੱਥਾ ਬਣਾ ਲਿਆ ਸੀ। 1734 ਈ: ਵਿੱਚ ਸਿੱਖਾਂ ਨੇ ਦਲ ਖ਼ਾਲਸਾ ਦੇ ਦੋ ਜੱਥੇ ਬਣਾ ਲਏ ਸਨ—ਬੁੱਢਾ ਦਲ ਅਤੇ ਤਰੁਣਾ ਦਲ। ਅੱਗੋਂ ਤਰੁਣਾ ਦਲ ਦੇ ਪੰਜ ਜੱਥੇ ਬਣਾਏ ਗਏ—ਇਕ ਜੱਥੇ ਦਾ ਆਗੂ ਬਾਬਾ ਦੀਪ ਸਿੰਘ ਸ਼ਹੀਦ, ਦੂਸਰੇ ਦੇ ਆਗੂ ਪ੍ਰੇਮ ਸਿੰਘ ਤੇ ਧਰਮ ਸਿੰਘ ਖੱਤਰੀ, ਤੀਸਰੇ ਦਾ ਆਗੂ ਦਸੌਂਧਾ ਸਿੰਘ, ਚੌਥੇ ਦਾ ਬਾਬਾ ਕਾਹਨ ਸਿੰਘ ਤੇ ਬਾਬਾ ਬਿਨੋਦ ਸਿੰਘ ਤੇ ਪੰਜਵੇਂ ਦੇ ਆਗੂ ਬੀਰ ਸਿੰਘ ਤੇ ਬਿਨੋਦ ਸਿੰਘ ਸਨ। ਇਹ ਸਾਰੇ ਜੱਥੇ ਅੰਮ੍ਰਿਤਸਰ ਦੇ ਆਲੇ-ਦੁਆਲੇ ਵਿਚਰਦੇ ਸਨ।[1]

ਖੁਸ਼ਵੰਤ ਸਿੰਘ ਦਾ ਵਿਚਾਰ ਹੈ ਕਿ ਸਿੱਖਾਂ ਦੇ ਦਲਾਂ ਦਾ ਮੁੱਖ ਟਿਕਾਣਾ ਅੰਮ੍ਰਿਤਸਰ ਸੀ ਜਿੱਥੇ ਨਿਸ਼ਾਨਵਾਲੀਆ ਤੇ ਡੱਲੇਵਾਲੀਆ ਦੇ ਦਲ ਰਾਖਵੇਂ ਰੱਖੇ ਜਾਂਦੇ ਸਨ ਤੇ ਲੋੜ ਪੈਣ 'ਤੇ ਹੀ ਸਹਾਇਤਾ ਲਈ ਭੇਜੇ ਜਾਂਦੇ ਸਨ।[2]

1734 ਈ: ਵਿੱਚ ਦਸੌਂਧਾ ਸਿੰਘ ਤਰੁਣਾ ਦਲ ਦਾ ਉੱਘਾ ਆਗੂ ਸੀ ਤੇ 1748 ਈ: ਵਿੱਚ ਜੱਥੋਂ ਦਲ ਖ਼ਾਲਸਾ 'ਚੋਂ ਮਿਸਲਾਂ ਦਾ ਨਿਰਮਾਣ ਹੋਇਆ ਤਾਂ ਦਸੌਂਧਾ ਸਿੰਘ ਨਿਸ਼ਾਨਵਾਲੀਆ ਮਿਸਲ ਦਾ ਆਗੂ ਥਾਪਿਆ ਗਿਆ। ਇਸ ਮਿਸਲ ਦੇ ਹੋਰ ਆਗੂਆਂ ਵਿੱਚ ਉਸ ਦਾ ਭਰਾ ਸੰਗਤ ਸਿੰਘ, ਜੈ ਸਿੰਘ ਕੈਰੋਂ ਤੇ ਕੌਰ ਸਿੰਘ ਮਾਨ ਪਿੰਡ ਢੰਡ ਕਸੇਲ ਸ਼ਾਮਿਲ ਸਨ।

ਭਾਵੇਂ ਦਸੌਂਧਾ ਸਿੰਘ ਦੀ ਮੁੱਖ ਭੂਮਿਕਾ ਯੁੱਧ ਹੋਣ ਸਮੇਂ ਸਭ ਤੋਂ ਮੂਹਰੇ ਹੋ ਕੇ ਨਿਸ਼ਾਨ ਸਾਹਿਬ ਲੈ ਕੇ ਅੱਗੇ ਚੱਲਣਾ ਸੀ, ਪਰ ਇਹ ਮਿਸਲ ਵੀ ਹੌਲੀ-ਹੌਲੀ ਅਨੇਕਾਂ ਇਲਾਕਿਆਂ ਵਿੱਚ ਆਪਣੇ ਲਈ ਮੱਲਾਂ ਮਾਰਨ ਵਿੱਚ ਸਫ਼ਲ ਹੋਈ। ਸ੍ਰ: ਦਸੌਂਧਾ ਸਿੰਘ ਨੇ ਮੁਸਲਮਾਨਾਂ ਵਿਰੁੱਧ ਮੇਰਠ ਤੇ ਕਸੂਰ ਦੀ ਜੰਗ ਵਿੱਚ ਵੀ ਹਿੱਸਾ ਲਿਆ। ਇਨ੍ਹਾਂ ਦੇ ਜੱਥੇ

ਵਿੱਚ 12000 ਸਿਪਾਹੀ ਸਨ ਤੇ ਇਹਨਾਂ ਦੇ ਅਧਿਕਾਰ ਵਿੱਚ ਬਹੁਤ ਸਾਰੇ ਇਲਾਕੇ ਆ ਗਏ। ਜਦੋਂ ਸਿੱਖਾਂ ਨੇ 1764 ਈ: ਵਿੱਚ ਸਰਹਿੰਦ ਦੇ ਫ਼ੌਜਦਾਰ ਜ਼ੈਨ ਖ਼ਾਂ 'ਤੇ ਹਮਲਾ ਕਰਕੇ ਉਸ ਨੂੰ ਮਾਰ ਦਿੱਤਾ ਤੇ ਦਸੌਂਧਾ ਸਿੰਘ ਤੇ ਉਹਦੇ ਸਾਥੀਆਂ ਦੀ ਮਿਸਲ ਦੇ ਅਧੀਨ ਅੰਬਾਲਾ, ਬੂਹ, ਬਬਿਆਲ, ਪੰਜੋਖੜ, ਖਿਰਵਾ, ਸ਼ਾਹਬਾਦ, ਲਿੱਧੜਾਂ, ਸਰਾਏ ਲਸ਼ਕਰੀ ਖ਼ਾਂ, ਸਿੰਘਾਂਵਾਲਾ, ਸਾਨ੍ਹੇਵਾਲ, ਸੌਂਟੀ, ਜ਼ੀਰਾ, ਲੁੱਧੜ ਖੇੜੀ, ਇਸਲਾਮਾਬਾਦ, ਮਨਸੂਰਵਾਰ ਤੇ ਅਮਲੋਹ, ਦੋਰਾਹਾ ਆਦਿ ਸਨ। ਅੰਬਾਲਾ ਉਸ ਦੀ ਰਾਜਧਾਨੀ ਸੀ।

ਦਸੌਂਧਾ ਸਿੰਘ ਮਈ 1767 ਈ: ਵਿੱਚ ਮੇਰਠ ਵਿੱਚ ਉਸ ਸਮੇਂ ਮਾਰਿਆ ਗਿਆ ਜਦੋਂ ਜਹਾਨ ਖ਼ਾਂ ਤੇ ਜ਼ਾਬਤਾਂ ਖ਼ਾਂ ਨੇ ਅਚਾਨਕ ਹੱਲਾ ਬੋਲ ਦਿੱਤਾ। ਉਸ ਦੀ ਮੌਤ ਪਿੱਛੋਂ ਮਿਸਲ ਦਾ ਮੁਖੀ, ਉਸ ਦਾ ਭਰਾ ਸੰਗਤ ਸਿੰਘ ਬਣਿਆ।

## ਹਵਾਲੇ ਅਤੇ ਟਿੱਪਣੀਆਂ

1. ਡਾ. ਗੋਕਲ ਚੰਦ ਨਾਰੰਗ, ਸਿੱਖ ਧਰਮ ਦਾ ਰੂਪਾਂਤਰਨ, ਪੰਨਾ 118
2. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਪੰਨਾ 142

# ਮਹਾਰਾਜਾ ਰਣਜੀਤ ਸਿੰਘ

ਪੰਜਾਬ ਦਾ ਮਹਾਰਾਜਾ, ਰਣਜੀਤ ਸਿੰਘ ਜੋ ਲੋਕਾਂ ਵਿੱਚ ਵਧੇਰੇ ਕਰਕੇ ਸ਼ਰਿ-ਪੰਜਾਬ ਵਜੋਂ ਪ੍ਰਸਿੱਧ ਹੈ, ਉਹ ਸਿੱਖ ਇਤਿਹਾਸ ਵਿੱਚ ਅਤਿ ਸ਼ਕਤੀਸ਼ਾਲੀ ਤੇ ਹਰਮਨ ਪਿਆਰੀ ਸ਼ਖ਼ਸੀਅਤ ਸੀ। ਉਸ ਦੇ ਰਾਜ ਦੀਆਂ ਹੱਦਾਂ ਪੱਛਮ ਵਿੱਚ ਦੱਰਾ ਖੈਬਰ ਤੋਂ ਲੈ ਕੇ ਪੂਰਬ ਵਿੱਚ ਦਰਿਆ ਸਤਲੁਜ ਤੱਕ, ਤੇ ਉੱਤਰ ਕਸ਼ਮੀਰ ਦੀ ਧੁਰ ਉੱਤਰੀ ਸੀਮਾ ਤੋਂ ਦੱਖਣ ਵਿੱਚ ਸਿੰਧ ਦੇ ਥਲਾਂ ਤੱਕ ਇਕ ਲੱਖ ਚਾਰ ਸੌ ਛੱਤੀ ਵਰਗ ਮੀਲ ਦੇ ਖੇਤਰ ਵਿੱਚ ਫੈਲੀਆਂ ਹੋਈਆਂ ਸਨ। ਰਾਜਸੀ ਤੌਰ 'ਤੇ ਘੱਟ ਮਹੱਤਤਾ ਵਾਲੇ ਪਰਿਵਾਰ 'ਚੋਂ ਉੱਠ ਕੇ ਤੇ ਸੈਨਿਕ ਪੱਖੋਂ ਵੀ ਘੱਟ ਮਹੱਤਵ ਵਾਲੀ ਸ਼ਕਤੀ ਹੋਣ ਦੇ ਬਾਵਜੂਦ ਵੀ, ਜਿਸ ਕੋਲ ਥੋੜ੍ਹੇ ਜਿਹੇ ਲੜਾਕੂ ਘੋੜਸਵਾਰਾਂ ਦਾ ਜੱਥਾ ਸੀ, ਉਹ ਉੱਤਰ ਪੱਛਮੀ ਸੀਮਾ ਵੱਲੋਂ ਹਮਲਾਵਰਾਂ ਦੇ ਹੜ੍ਹ ਨੂੰ ਰੋਕਣ ਵਾਲਾ ਤੇ ਹਿੰਦੁਸਤਾਨ ਦੇ ਪ੍ਰੰਪਰਾਗਤ ਜੇਤੂਆਂ ਦੇ ਵਤਨ ਵਿੱਚ ਜਾ ਕੇ ਇਕ ਹਜ਼ਾਰ ਸਾਲ ਮਗਰੋਂ ਆਪਣਾ ਝੰਡਾ ਗੱਡਣ ਵਾਲਾ, ਪਹਿਲਾ ਵਿਅਕਤੀ ਸੀ।[1]

ਉਸ ਨੇ ਕਈ ਵਿਰੋਧੀ ਮਿਸਲਾਂ ਨੂੰ ਆਪਣੀ ਬਹਾਦਰੀ ਤੇ ਤਲਵਾਰ ਦੇ ਬਲ ਨਾਲ ਅਧੀਨ ਕਰਕੇ ਤੇ ਕਸੂਰ, ਝੰਗ ਆਦਿ ਮੁਸਲਿਮ ਰਿਆਸਤਾਂ ਦੇ ਛੋਟੇ ਘੇਰੇ ਦੇ ਆਹੂ ਲਾਹ ਤੇ ਫਿਰ ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਦੀਆਂ ਮੁਸਲਿਮ ਰਿਆਸਤਾਂ ਦੇ ਬਾਹਰਲੇ ਵੱਡੇ ਘੇਰੇ ਨੂੰ ਜਿੱਤ ਕੇ ਉਸ ਨੇ ਇਤਿਹਾਸ ਵਿੱਚ ਆਪਣੇ ਲਈ ਸਦੀਵੀ ਸਥਾਨ ਪ੍ਰਾਪਤ ਕਰ ਲਿਆ। ਉਸ ਨੇ ਪੂਰਬ ਤੇ ਦੱਖਣ ਪੂਰਬ ਦੀਆਂ ਸ਼ਕਤੀਆਂ ਡੋਗਰਿਆਂ ਤੇ ਗੋਰਖਿਆਂ ਆਦਿ ਨਾਲ ਵੀ ਨਜਿੱਠਿਆ ਜੋ ਉਸ ਉੱਪਰ ਛਹਿਕੇ ਵਾਰ ਕਰ ਰਹੀਆਂ ਸਨ। ਉਸ ਨੇ ਇਹ ਕ੍ਰਿਸ਼ਮਾਂ ਕਿਵੇਂ ਕਰ ਵਿਖਾਇਆ ? ਸ਼ਾਇਦ, ਇਹ ਕਿਸੇ ਦੇਵ-ਕਥਾ ਤੋਂ ਘੱਟ ਨਹੀਂ। ਸ਼ਾਇਦ ਉਹ ਇਕੱਲਾ ਹੀ ਅਜਿਹੀ ਪ੍ਰਾਪਤੀ ਦੇ ਸਮਰੱਥ ਹੋ ਸਕਦਾ ਜਿਸ ਨੂੰ ਨੈਪੋਲੀਅਨ ਵਾਂਗ ਕੁਝ ਵੀ ਅਸੰਭਵ ਨਹੀਂ ਸੀ ਤੇ ਉਹ ਅਸੰਭਵ ਨੂੰ ਸੰਭਵ ਬਣਾ ਸਕਦਾ ਸੀ।

ਉਹ ਮਹਾਨ ਯੋਧਾ ਤੇ ਵਿਜਈ ਸੀ। ਇਸ ਤੋਂ ਬਿਨਾਂ ਉਹ ਆਪਣੀ ਵੀਰਤਾ, ਚਤੁਰਤਾ ਤੇ ਤਲਵਾਰ ਦੀ ਸ਼ਕਤੀ ਨਾਲ ਜਿੱਤੇ ਹੋਏ ਰਾਜ ਦਾ ਸੰਗਠਨ ਕਰਨ ਦੇ ਸਮਰੱਥ ਵੀ ਸੀ। ਉਹ ਵਧੀਆ ਘੋੜਸਵਾਰ, ਚੰਗਾ ਖਿਡਾਰੀ ਤੇ ਸ਼ਿਕਾਰੀ ਅਤੇ ਫ਼ੌਜੀ ਹੁਨਰ ਅਤੇ ਯੁੱਧ ਕਲਾ ਵਿੱਚ ਮਾਹਿਰ ਸੀ।[2]

ਕਨਿੰਘਮ ਅਨੁਸਾਰ ਰਣਜੀਤ ਸਿੰਘ ਸਾਹਮਣੇ ਅਜਿਹਾ ਪੰਜਾਬ ਸੀ ਜਿਹੜਾ ਇਕ ਲੜਾਈ ਵਿੱਚ ਉਲਝਿਆ ਸੰਘ ਸੀ, ਆਪਣੇ ਮੁਖੀਆਂ ਦੀ ਧੜੇਬੰਦੀ ਦਾ ਸ਼ਿਕਾਰ ਸੀ, ਅਫ਼ਗਾਨਾਂ ਤੇ ਮਰਹੱਟਿਆਂ ਦੇ ਦਬਾ ਅਧੀਨ ਤੇ ਅੰਗਰੇਜ਼ਾਂ ਦੀ ਪ੍ਰਭੁਤਾ ਪਰਵਾਨ ਕਰਨ

ਲਈ ਤਿਆਰ ਸੀ। ਉਸ ਨੇ ਅਨੇਕਾਂ ਛੋਟੀਆਂ-ਛੋਟੀਆਂ ਰਿਆਸਤਾਂ ਨੂੰ ਇਕ ਰਾਜ ਵਿੱਚ ਸੰਗਠਿਤ ਕੀਤਾ। ਉਸ ਨੇ ਕਾਬਲ ਤੋਂ ਉਸ ਦਾ ਸਭ ਤੋਂ ਵਧੀਆ ਸੂਬਾ ਹਥਿਆ ਲਿਆ ਤੇ ਉਸ ਨੇ ਸ਼ਕਤੀਸ਼ਾਲੀ ਅੰਗਰੇਜ਼ਾਂ ਨੂੰ ਪੰਜਾਬ 'ਚ ਮੁਦਾਖਲਤ ਕਰਨ ਦਾ ਕੋਈ ਬਹਾਨਾ ਨਾ ਦਿੱਤਾ। ਉਸ ਵੇਲੇ ਉਸ ਦੇ ਮੁਲਕ ਦੀ ਸੈਨਿਕ ਸ਼ਕਤੀ ਘੋੜਸਵਾਰਾਂ ਦੀ ਵਹੀਰ ਹੀ ਸੀ ਜੋ ਭਾਵੇਂ ਬਹਾਦਰ ਤਾਂ ਸਨ ਪਰ ਜੰਗੀ ਹੁਨਰ ਤੋਂ ਉਹ ਅਣਜਾਣ ਸਨ ਤੇ ਉਸ ਨੇ ਇਹਨਾਂ ਨੂੰ 50 ਹਜ਼ਾਰ ਸੁਸਿੱਖਿਅਤ ਸਿਪਾਹੀਆਂ, 50 ਹਜ਼ਾਰ ਸਸ਼ਤਰਬੱਧ ਘੋੜਸਵਾਰ ਤੇ ਰਜ਼ਾਕਾਰ ਸੈਨਿਕਾਂ ਦੇ ਰੂਪ, 300 ਤੋਪਾਂ ਨਾਲ ਲੈਸ ਕਰਕੇ ਜੰਗ ਲਈ ਤਿਆਰ-ਬਰ-ਤਿਆਰ ਕਰ ਦਿੱਤਾ। ਉਸ ਦਾ ਰਾਜ ਇਕ ਕੌਮ ਦੀ ਇੱਛਾ 'ਤੇ ਵੀ ਨਿਰਭਰ ਸੀ ਪਰੰਤੂ ਇਹ ਸੈਨਿਕ ਅਨੁਸ਼ਾਸਨ ਤੇ ਰਾਜ ਦੇ ਇਲਾਕਾਈ ਵਿਕਾਸ ਦੇ ਸਾਂਝੇ ਕਾਰਜ ਦੇ ਜ਼ਰੂਰੀ ਸਿਧਾਂਤਾਂ 'ਤੇ ਵੀ ਆਧਾਰਿਤ ਸੀ।"[3]

ਇਕ ਸੈਨਿਕ ਤੇ ਬਹਾਦਰ ਯੋਧੇ ਦੇ ਰੂਪ ਵਿੱਚ ਉਸ ਦੀ ਵੱਡੀ ਦੇਣ ਆਕਰਮਣ ਅਤੇ ਬੰਦਸ਼ ਦੋਹਾਂ ਦਾ ਸੰਤੁਲਨ ਰੱਖਣਾ ਸੀ। ਉਹ ਇਕ ਸੈਨਿਕ ਵਾਂਗ ਵੀ ਵਿਚਰਿਆ ਪਰੰਤੂ ਉਹ ਜੰਗੀ ਚਾਲਾਂ ਵਿੱਚ ਵੀ ਨਿਪੁੰਨ ਸੀ। ਸੈਨਿਕ ਸ਼ਕਤੀ ਭਾਵੇਂ ਕਿੰਨੀ ਵੀ ਜ਼ਿਆਦਾ ਹੋਵੇ, ਰਣ ਖੇਤਰ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਲੜ ਸਕਦੀ ਜੇਕਰ ਇਸ ਨੂੰ ਯੋਗ ਵਿਉਂਤਬੰਦੀ ਦੇ ਸੰਕਲਪ ਦੀ ਸੇਧ ਜਾਂ ਅਗਵਾਈ ਨਾ ਮਿਲੇ।

ਰਣਜੀਤ ਸਿੰਘ ਹਰ ਤਰ੍ਹਾਂ ਨਾਲ ਆਪਣੇ ਦੋ ਪ੍ਰਸਿੱਧ ਸਮਕਾਲੀਆਂ ਫਰਾਂਸ ਦੇ ਨੈਪੋਲੀਅਨ ਬੋਨਾਪਾਰਟ ਤੇ ਮਿਸਰ ਦੇ ਮੁਹੰਮਦ ਅਲੀ ਵਾਂਗ ਹੀ ਇਕ ਮਨੁੱਖ ਵਜੋਂ ਅਲੌਕਿਕ ਸੀ। ਦੋਹਾਂ ਵਾਂਗ ਹੀ ਉਸ ਨੇ ਵੀ ਆਪਣੀ ਮਹਿਮਾ ਤੇ ਪਰਤਾਪ ਦਾ ਮਾਰਗ ਤਲਵਾਰ ਦੇ ਜ਼ੋਰ ਹੀ ਤਿਆਰ ਕੀਤਾ। ਪਰੰਤੂ ਉਸ ਦੀ ਤੁਲਨਾ ਨੈਪੋਲੀਅਨ ਬੋਨਾਪਾਰਟ ਨਾਲ ਇਸ ਕਰਕੇ ਕੀਤੀ ਜਾਂਦੀ ਹੈ ਕਿਉਂਕਿ ਉਹ ਵਿਵਹਾਰਕ ਪਹਿਲੂ ਤੋਂ ਜੰਗ ਦੇ ਮਕਾਨਕੀ ਤੇ ਵਿਗਿਆਨਕ ਪਰਿਪੇਖ ਤੋਂ ਵੀ ਸੁਚੇਤ ਸੀ।[4]

ਦੋਹਾਂ ਜਰਨੈਲਾਂ ਨੇ ਲੜਾਈ ਲੜ ਕੇ ਆਪਣੇ ਸਾਮਰਾਜ ਦਾ ਵਿਸਥਾਰ ਕੀਤਾ। ਪਰੰਤੂ ਰਣਜੀਤ ਸਿੰਘ ਬਾਰੇ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਨੂੰ ਨੈਪੋਲੀਅਨ ਵਾਂਗ ਵਾਟਰਲੂ ਜਿਹੇ ਯੁੱਧ ਵਰਗੀ ਹਾਰ ਕਦੇ ਨਹੀਂ ਵੇਖਣੀ ਪਈ। ਰਣਜੀਤ ਸਿੰਘ ਨੂੰ ਫ਼ੌਜੀ ਮੁਹਿੰਮਾਂ ਦੀ ਯੁਕਤੀਪੂਰਨ ਸੂਝ ਸੀ ਤੇ ਉਹ ਕਿਸੇ ਇਲਾਕੇ ਨੂੰ ਕੇਵਲ ਜਿੱਤਣ ਦੀ ਥਾਂ ਤੇ ਬਦਲਵੇਂ ਨਿਸ਼ਾਨੇ ਨੂੰ ਧਿਆਨ 'ਚ ਰੱਖਦਾ ਸੀ ਜਿਸ ਕਰਕੇ ਉਸ ਨੇ ਕਦੀ ਵੀ ਕੋਈ ਫ਼ੌਜੀ ਹਮਲਾ ਨਾ ਕੀਤਾ ਜਿਹੋ-ਜਿਹਾ ਰੂਸ ਉੱਪਰ ਅਸਫਲ ਹਮਲਾ ਨੈਪੋਲੀਅਨ ਨੇ ਕੀਤਾ। ਰਣਜੀਤ ਸਿੰਘ ਇਕ ਜਰਨੈਲ ਵਜੋਂ ਇਸ ਕਾਰਨ ਸਫਲ ਸੀ ਕਿਉਂਕਿ ਲੜਾਈ ਤੇ ਯੁੱਧ-ਚਾਲਾਂ ਦੋਹਾਂ ਦੇ ਅਵੱਸ਼ਕ ਤੱਤਾਂ ਬਾਰੇ ਉਹ ਪ੍ਰਤੀਬੱਧ ਸੀ। ਉਸ ਦੀ ਯੁੱਧ ਨੀਤੀ 18ਵੀਂ ਸਦੀ ਦੇ ਯੂਰਪੀ ਹਾਕਮਾਂ ਵਾਂਗ ਛੋਟੇ-ਛੋਟੇ ਲਾਭ ਪ੍ਰਾਪਤ ਕਰਨ ਉੱਪਰ ਆਧਾਰਿਤ ਸੀ। ਉਹ ਟਕਰਾਓ ਨਾਲੋਂ ਜ਼ਬਤ ਉੱਪਰ ਵਧੇਰੇ ਵਿਸ਼ਵਾਸ ਕਰਦਾ ਸੀ। ਉਸ ਲਈ ਜੰਗ ਆਖ਼ਰੀ ਨਿਸ਼ਾਨਾ ਨਹੀਂ ਸੀ, ਸਗੋਂ ਆਪਣੀ ਸ਼ਕਤੀ ਦਾ ਪਸਾਰ ਤੇ ਸੰਗਠਿਤ ਕਰਨ ਦਾ

ਇਕ ਸਾਧਨ ਸੀ। ਇਸ ਕਾਰਨ ਹੀ ਉਹ ਭਾਰਤੀ ਇਤਿਹਾਸ ਵਿੱਚ ਸਫ਼ਲ ਹੋਇਆ ਤੇ ਪਹਿਲੀ ਵਾਰ ਉਹ ਇਕ ਸ਼ਕਤੀਸ਼ਾਲੀ ਤੇ ਸਥਿਰ ਸਾਮਰਾਜ ਦੀ ਸਿਰਜਣਾ ਕਰ ਸਕਿਆ।[5] ਇਸੇ ਕਾਰਨ ਉਸ ਦੀ ਫ਼ੌਜ ਹਰ ਅੱਖ ਲਈ ਪ੍ਰਸ਼ੰਸਾ ਦਾ ਕੇਂਦਰ ਸੀ ਤੇ ਇਸ ਕਾਰਨ ਹੀ ਸਿੱਖ ਸੈਨਿਕ ਬਾਰੇ ਇਹ ਪ੍ਰਭਾਵ ਬਣ ਗਿਆ ਕਿ ਉਹ ਏਸ਼ੀਆ ਵਿੱਚ ਸਭ ਨਾਲੋਂ ਉੱਤਮ ਹੈ ਤੇ ਉਸ ਦੀ ਯੂਰਪ ਦੇ ਸਰਵੋਤਮ ਸੈਨਿਕ ਨਾਲ ਤੁਲਨਾ ਕੀਤੀ ਜਾ ਸਕਦੀ ਹੈ।

ਉਹ ਵਿਅਕਤੀ ਜਿਸ ਨੇ ਆਪੋ ਵਿੱਚ ਲੜ ਰਹੀਆਂ ਮਿਸਲਾਂ ਨੂੰ ਹੜੱਪਿਆ, ਖੇਤਰੀ ਰਾਸ਼ਟਰਵਾਦ ਦੀ ਥਾਂ ਤੇ ਸਾਂਝੀ ਬਾਦਸ਼ਾਹਤ ਦੀ ਚੇਤੰਨਤਾ ਨੂੰ ਉਤਸ਼ਾਹਿਤ ਕੀਤਾ ਤੇ ਪੰਜਾਬੀਆਂ ਦੀ ਅਸ਼ਾਂਤ ਤੇ ਅਸਥਿਰ ਸ਼ਕਤੀ ਨੂੰ ਗੁਆਂਢੀ ਮੁਲਕਾਂ ਨੂੰ ਜਿੱਤਣ ਲਈ ਵਰਤਿਆ, ਉਹ ਸ਼ੁਕਰਚਕੀਆ ਮਿਸਲ ਦਾ ਰਣਜੀਤ ਸਿੰਘ ਸੀ। ਉਸ ਦਾ ਜਨਮ 2 ਨਵੰਬਰ, 1780 ਨੂੰ ਮਹਾਂ ਸਿੰਘ ਤੇ ਰਾਜ ਕੌਰ ਦੇ ਘਰ ਗੁਜਰਾਂਵਾਲੇ ਵਿੱਚ ਹੋਇਆ।[6] ਰਾਜ ਕੌਰ ਜੀਂਦ ਦੇ ਰਾਜਾ ਗਜਪਤ ਸਿੰਘ ਦੀ ਲੜਕੀ ਸੀ।

ਰਣਜੀਤ ਸਿੰਘ ਦੇ ਬਚਪਨ ਬਾਰੇ ਇਸ ਤੋਂ ਬਿਨਾਂ ਬੜੀ ਘੱਟ ਜਾਣਕਾਰੀ ਮਿਲਦੀ ਹੈ ਕਿ ਉਸ ਨੂੰ ਬਚਪਨ ਵਿੱਚ ਭਿਆਨਕ ਚੇਚਕ ਦਾ ਸ਼ਿਕਾਰ ਹੋਣਾ ਪਿਆ ਜਿਸ ਨਾਲ ਉਸ ਦੀ ਖੱਬੀ ਅੱਖ ਜਾਂਦੀ ਰਹੀ ਤੇ ਉਸਦਾ ਚਿਹਰਾ ਮਾਤਾ ਦੇ ਦਾਗਾਂ ਨਾਲ ਭਰ ਗਿਆ। ਉਸ ਦੀ ਸਿੱਖਿਆ ਵੱਲ ਕੋਈ ਧਿਆਨ ਨਾ ਦਿੱਤਾ ਗਿਆ ਜਿਸ ਕਾਰਨ ਉਹ ਅਨਪੜ੍ਹ ਹੀ ਰਿਹਾ। ਲਤੀਫ ਲਿਖਦਾ ਹੈ ਕਿ ਉਹ ਆਪਣਾ ਬਹੁਤਾ ਸਮਾਂ ਸ਼ਿਕਾਰ ਖੇਡਣ, ਤੇ ਹਰ ਪ੍ਰਕਾਰ ਦੇ ਅਸੰਜਮ ਤੇ ਅਯਾਸ਼ੀ ਵਿੱਚ ਲੰਘਾ ਕੇ ਆਪਣੇ ਜੁਆਨੀ ਦੇ ਜਜ਼ਬਿਆਂ ਤੇ ਇੱਛਾਵਾਂ ਦੀ ਪੂਰਤੀ ਕਰਦਾ।[7] ਉਹ ਇਕ ਮਾਹਿਰ ਸ਼ਿਕਾਰੀ ਬਣ ਗਿਆ ਤੇ ਘੋੜਿਆਂ ਪ੍ਰਤੀ ਉਸ ਦੀ ਲਾਲਸਾ ਸਭ ਹੱਦਾਂ ਟੱਪ ਗਈ। ਰਣਜੀਤ ਸਿੰਘ ਇਕ ਆਦਰਸ਼ ਸੈਨਿਕ ਸੀ ਜੋ ਬਹੁਤ ਬਲਵਾਨ, ਫੁਰਤੀਲਾ, ਕ੍ਰਿਆਸ਼ੀਲ, ਦਲੇਰ ਤੇ ਟਿਕਾਊ ਸੀ। ਇਕ ਉੱਤਮ ਘੋੜਸਵਾਰ ਵਜੋਂ ਉਹ ਸਾਰਾ ਦਿਨ ਥਕੇਵਾਂ ਅਨੁਭਵ ਕੀਤੇ ਬਿਨਾਂ ਘੋੜੇ ਦੀ ਕਾਠੀ 'ਤੇ ਬੈਠਾ ਰਹਿ ਸਕਦਾ ਸੀ।

ਉਹ ਮਸਾਂ ਦਸ ਸਾਲ ਦਾ ਹੀ ਸੀ ਜਦੋਂ ਉਸ ਨੇ ਆਪਣੇ ਪਿਤਾ ਨਾਲ ਫ਼ੌਜੀ ਮੁਹਿੰਮਾਂ 'ਤੇ ਜਾਣਾ ਸ਼ੁਰੂ ਕੀਤਾ। ਉਸ ਨੇ ਆਪਣੇ ਪਿਤਾ ਵੱਲੋਂ ਜ਼ਿੰਦਗੀ ਦੇ ਮੁੱਢਲੇ ਦਿਨਾਂ ਵਿੱਚ ਹੀ ਆਪਣੇ ਨੂੰ ਬੁੱਧ ਸਿੰਘ ਤੋਂ ਬਦਲ ਕੇ ਰਣਜੀਤ ਸਿੰਘ ਕਰ ਦੇਣ ਨੂੰ ਆਪਣੀ ਯੁੱਧ ਕਲਾ ਦੀ ਪਹਿਲੀ ਕਾਰਵਾਈ ਨਾਲ ਹੀ ਸਹੀ ਸਿੱਧ ਕਰ ਦਿੱਤਾ। ਜਨਮ ਸਮੇਂ ਉਸ ਦਾ ਨਾਮ ਬੁੱਧ ਸਿੰਘ ਰੱਖਿਆ ਗਿਆ ਸੀ ਪਰੰਤੂ ਉਸ ਦੇ ਪਿਤਾ ਨੇ ਰਸੂਲ ਨਗਰ ਦੀ ਲੜਾਈ ਵਿੱਚ ਜਿੱਤ ਪ੍ਰਾਪਤ ਕਰਨ ਦੀ ਯਾਦ ਵਜੋਂ ਉਸ ਦਾ ਨਾਮ ਬਦਲ ਕੇ ਰਣਜੀਤ ਸਿੰਘ ਰੱਖ ਦਿੱਤਾ ਸੀ।

ਉਸ ਨੇ ਬਚਪਨ ਤੋਂ ਹੀ ਆਪਣੇ ਫ਼ੌਜੀ ਗੁਣਾਂ ਦੀ ਤੇ ਸੂਝ ਅਰ ਤੀਖਣਤਾ ਦਿਖਾਉਣੀ ਸ਼ੁਰੂ ਕਰ ਦਿੱਤੀ। ਉਹ ਆਪਣੇ ਸਮੇਂ ਦਾ ਨਿਰਸੰਦੇਹ ਉੱਤਮ ਯੋਧਾ ਸੀ। ਉਸ ਨੇ ਆਪਣੀ ਤਲਵਾਰ ਦੇ ਜੌਹਰ ਦਸ ਸਾਲ ਦੀ ਉਮਰ ਵਿੱਚ ਹੀ ਭੰਗੀ ਸਰਦਾਰਾਂ ਵਿਰੁੱਧ ਆਪਣੇ ਪਿਤਾ ਦੇ ਨਾਲ ਪਹਿਲੀ ਟੱਕਰ ਵਿੱਚ ਹੀ ਦਿਖਾ ਦਿੱਤੇ। ਸਾਹਿਬ ਸਿੰਘ ਭੰਗੀ

ਵਿਰੁੱਧ ਲੜਾਈ ਵਿੱਚ ਉਸ ਦਾ ਪਿਤਾ ਬਿਮਾਰ ਪੈ ਗਿਆ। ਉਹਨਾਂ ਨੇ ਸਹੋਦਰਾ ਨੂੰ ਘੇਰਾ ਪਾਇਆ ਹੋਇਆ ਸੀ। ਜਦੋਂ ਲਾਹੌਰ ਦੇ ਭੰਗੀ ਸਰਦਾਰਾਂ ਨੂੰ ਪਤਾ ਲੱਗਾ ਕਿ ਮਹਾਂ ਸਿੰਘ ਬਿਮਾਰ ਪੈ ਗਿਆ ਹੈ ਤਾਂ ਉਹਨਾਂ ਨੇ ਸਾਹਿਬ ਸਿੰਘ ਭੰਗੀ ਦੀ ਸਹਾਇਤਾ ਲਈ ਸੈਨਾ ਭੇਜ ਦਿੱਤੀ ਪਰੰਤੂ ਰਣਜੀਤ ਸਿੰਘ ਨੇ ਲੈਰੀ ਉਮਰ ਦੇ ਬਾਵਜੂਦ, ਫ਼ੌਜ ਦੀ ਕਮਾਨ ਸੰਭਾਲ ਲਈ ਤੇ ਇਕੱਲੇ ਨੇ ਹੀ ਪਹਿਲੀ ਵਾਰ 'ਕੋਟ ਮਹਾਰਾਜਾ' ਦੀ ਲੜਾਈ ਵਿੱਚ ਜਿੱਤ ਪ੍ਰਾਪਤ ਕੀਤੀ। ਉਸ ਸਮੇਂ ਮਹਾਂ ਸਿੰਘ ਦੀ ਮੌਤ ਹੋ ਗਈ ਤੇ ਰਣਜੀਤ ਦੇ ਮੋਢਿਆਂ ਤੇ ਛੋਟੀ ਉਮਰੇ ਹੀ ਭਾਰੀ ਜ਼ਿੰਮੇਵਾਰੀ ਆ ਪਈ।

ਫਿਰ 1793 ਈ: ਵਿੱਚ ਚੱਠਾ ਮੁਖੀ ਹਸਮਤ ਖ਼ਾਂ ਨੇ ਅਚਾਨਕ ਹੀ ਹਮਲਾ ਕਰ ਦਿੱਤਾ। ਉਦੋਂ ਉਸ ਦੀ ਉਮਰ 13 ਸਾਲ ਸੀ। ਰਣਜੀਤ ਸਿੰਘ ਇਕ ਦਿਨ ਸ਼ਿਕਾਰ ਖੇਡਦਿਆਂ ਚੱਠਿਆਂ ਦੇ ਖੇਤਰ ਵਿੱਚ ਚਲਾ ਗਿਆ ਤੇ ਸਾਥੀਆਂ ਨਾਲੋਂ ਨਿੱਖੜ ਗਿਆ। ਉਸ ਨੂੰ ਇਕੱਲਾ ਵੇਖ ਕੇ ਹਸਮਤ ਖ਼ਾਂ ਨੇ ਤਲਵਾਰ ਕੱਢ ਲਈ ਤੇ ਹਮਲਾ ਕਰਨ ਲਈ ਅੱਗੇ ਵਧਿਆ। ਰਣਜੀਤ ਸਿੰਘ ਨੇ ਉਸ ਦਾ ਵਾਰ ਬਚਾ ਲਿਆ ਪਰ ਤਲਵਾਰ ਘੋੜੇ ਦੀ ਲਗਾਮ ਤੇ ਲੱਗੀ, ਜੋ ਦੋ ਟੋਟੇ ਹੋ ਗਈ। ਰਣਜੀਤ ਸਿੰਘ ਨੇ ਫੁਰਤੀ ਨਾਲ ਆਪਣੇ ਸੰਭਾਵੀ ਕਾਤਲ 'ਤੇ ਹਮਲਾ ਕਰ ਦਿੱਤਾ ਤੇ ਉਸ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਹਸਮਤ ਖ਼ਾਂ ਦੀ ਮੌਤ ਪਿੱਛੋਂ ਚੱਠਿਆਂ ਨੇ ਰਣਜੀਤ ਸਿੰਘ ਦੀ ਈਨ ਮੰਨ ਲਈ। ਰਣਜੀਤ ਸਿੰਘ ਨੇ ਚੱਠਿਆਂ ਦੀ ਮਿਲਖ ਦਾ ਬਹੁਤਾ ਭਾਗ ਆਪਣੇ ਇਲਾਕੇ ਵਿੱਚ ਸ਼ਾਮਿਲ ਕਰ ਲਿਆ।

ਉਸ ਦੇ ਪਿਤਾ ਦੀ ਮੌਤ ਪਿੱਛੋਂ ਸ਼ੁਕਰਚਕੀਆ ਮਿਸਲ ਦਾ ਪ੍ਰਬੰਧ ਲਖਪਤ ਰਾਏ ਤੇ ਰਣਜੀਤ ਸਿੰਘ ਦੀ ਮਾਤਾ ਕਰਦੇ ਸਨ। ਰਣਜੀਤ ਸਿੰਘ ਨੇ 1796 ਈਸਵੀ ਵਿੱਚ ਸਵਰਗੀ ਗੁਰਬਖ਼ਸ਼ ਸਿੰਘ ਕਨ੍ਹਈਆ ਦੀ ਤੇ ਸਦਾ ਕੌਰ ਦੀ ਪੁੱਤਰੀ ਮਹਿਤਾਬ ਕੌਰ ਨਾਲ ਵਿਆਹ ਕਰਵਾ ਲਿਆ। ਉਸ ਸਮੇਂ ਪਿੱਛੋਂ ਉਸ ਦੀ ਮਿਸਲ ਦਾ ਪ੍ਰਬੰਧ ਉਸ ਦੀ ਸੱਸ ਸਰਦਾਰਨੀ ਸਦਾ ਕੌਰ ਤੇ ਉਸ ਦੇ ਪਿਤਾ ਦਾ ਮਾਮਾ ਸਰਦਾਰ ਦਲ ਸਿੰਘ ਕਰਨ ਲੱਗੇ। ਉਦੋਂ ਵੀ ਉਸ ਨੇ ਆਪਣੇ ਮਿਸਲ ਦੇ ਪ੍ਰਬੰਧ ਵਿੱਚ ਘੱਟ ਹੀ ਰੁਚੀ ਵਿਖਾਈ ਸੀ।

ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਤੇ ਕਾਬਲ ਦੇ ਬਾਦਸ਼ਾਹ ਸ਼ਾਹ ਜ਼ਮਾਨ ਨੇ ਭਾਰਤ ਵਿੱਚ ਦੁਰਾਨੀ ਰਾਜ ਪੁਨਰ-ਸਥਾਪਿਤ ਕਰਨ ਲਈ ਕਈ ਵਾਰ ਤੀਬਰ ਯਤਨ ਕੀਤੇ। ਪਹਿਲੀ ਵਾਰ ਉਸ ਨੇ 15 ਦਸੰਬਰ 1793 ਈ: ਨੂੰ ਅਟਕ ਪਾਰ ਕੀਤਾ। ਫਿਰ ਉਹ 3 ਨਵੰਬਰ, 1795 ਈ: ਨੂੰ ਦੂਸਰੀ ਵਾਰ ਕਾਬਲ ਤੋਂ ਚੱਲਿਆ, ਰੁਹਤਾਸ ਤੇ ਅਧਿਕਾਰ ਕੀਤਾ ਤੇ ਪਹਿਲੀ ਜਨਵਰੀ, 1796 ਈ: ਵਿੱਚ ਉਸ ਨੇ ਪੰਜਾਬ ਤੇ ਹਮਲਾ ਕੀਤਾ ਤੇ ਦਿੱਲੀ ਵੱਲ ਅੱਗੇ ਵਧਣ ਦੀ ਵਿਉਂਤ ਵੀ ਬਣਾਈ, ਪਰ ਉਸ ਨੂੰ ਛੇਤੀ ਹੀ ਵਾਪਸ ਪਰਤਣਾ ਪਿਆ।

1798 ਈ: ਵਿੱਚ ਸ਼ਾਹ ਜ਼ਮਾਨ ਨੇ ਪੰਜਾਬ ਉੱਪਰ ਚੌਥਾ ਹਮਲਾ ਕੀਤਾ। ਉਸ ਨੂੰ ਲਾਹੌਰ ਜਿੱਤਣ ਲਈ ਸਖ਼ਤ ਲੜਾਈ ਲੜਨੀ ਪਈ। ਇਸ ਮੁਹਿੰਮ ਦੌਰਾਨ ਹੀ ਅਫ਼ਗਾਨ ਧਾੜਵੀ ਰਣਜੀਤ ਸਿੰਘ ਦੇ ਹੌਂਸਲੇ ਤੇ ਵੀਰਤਾ ਤੋਂ ਪ੍ਰਭਾਵਿਤ ਹੋਇਆ। ਸੋਹਨ ਲਾਲ

ਅਨੁਸਾਰ ਰਣਜੀਤ ਸਿੰਘ ਨੇ ਲਾਹੌਰ ਦੇ ਕਿਲ੍ਹੇ, ਸੰਮਣ ਬੁਰਜ, ਵੱਲ ਵਧਕੇ ਤੇਜ਼ੀ ਨਾਲ ਧਾਵਾ ਕੀਤਾ ਤੇ ਕਾਫ਼ੀ ਅਫ਼ਗਾਨ ਮਾਰ ਦਿੱਤੇ ਤੇ ਸ਼ਾਹ ਜ਼ਮਾਨ ਨੂੰ ਵੰਗਾਰਦਿਆਂ ਹੋਇਆਂ ਕਿਹਾ : "ਓਏ ਅਹਿਮਦਸ਼ਾਹ ਦੇ ਪੋਤਰੇ ਹੇਠਾਂ ਆ ਤੇ ਚੜ੍ਹਤ ਸਿੰਘ ਦੇ ਪੋਤਰੇ ਨਾਲ ਤਲਵਾਰ ਫੜ ਕੇ ਮੁਕਾਬਲਾ ਕਰ।" ਅੱਗੋਂ ਕੋਈ ਪ੍ਰਤੀਕਿਰਿਆ ਨਾ ਹੋਣ ਕਰਕੇ ਰਣਜੀਤ ਸਿੰਘ ਨੂੰ ਬਿਨਾਂ ਸ਼ਕਤੀ ਪ੍ਰਦਰਸ਼ਨ ਦੇ ਹੀ ਮੁੜਨਾ ਪਿਆ।

1797 ਈ: ਵਿੱਚ ਰਣਜੀਤ ਸਿੰਘ ਨੇ ਸ਼ੁਕਰਚਕੀਆ ਮਿਸਲ ਦੀ ਮਿਲਖ ਦੇ ਪ੍ਰਬੰਧ ਦੀ ਹਾਲਤ ਲਖਪਤ ਰਾਏ ਤੇ ਦਲ ਸਿੰਘ ਦੀ ਟੱਕਰ ਕਾਰਨ ਬੜੀ ਨਾਜ਼ੁਕ ਹੋ ਗਈ ਸੀ। ਲਖਪਤ ਰਾਏ ਨੂੰ ਉਸ ਸਮੇਂ ਕਤਲ ਕਰ ਦਿੱਤਾ ਗਿਆ ਸੀ ਜਦੋਂ ਉਹ ਮਾਮਲਾ ਉਗ੍ਰਾਹ ਰਿਹਾ ਸੀ। ਰਣਜੀਤ ਸਿੰਘ ਨੇ ਮਹਿਸੂਸ ਕੀਤਾ ਕਿ ਉਹ ਬਹੁਤ ਸਾਰੇ ਸਲਾਹਕਾਰਾਂ ਤੋਂ ਛੁਟਕਾਰਾ ਪਾ ਕੇ ਰਾਜ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਵੇ। ਸਤਾਰਾਂ ਸਾਲ ਦੀ ਉਮਰ ਵਿੱਚ ਰਣਜੀਤ ਸਿੰਘ ਸ਼ੁਕਰਚੱਕੀਆ ਮਿਸਲ ਦੀ ਵਿਰਾਸਤ ਦਾ ਅਸਲੀ ਮਾਲਕ ਬਣ ਗਿਆ।[9]

7 ਜੁਲਾਈ, 1799 ਈ: ਨੂੰ ਰਣਜੀਤ ਸਿੰਘ ਨੇ ਲਾਹੌਰ ਦੇ ਭੰਗੀ ਹਾਕਮਾਂ ਨੂੰ ਲਾਹੌਰ 'ਚੋਂ ਕੱਢ ਕੇ ਰਾਜਧਾਨੀ ਤੇ ਅਧਿਕਾਰ ਕਰ ਲਿਆ। ਜੋ ਕੁਝ ਸ਼ਾਹ ਜ਼ਮਾਨ ਸੈਨਿਕ ਕਾਰਵਾਈ ਰਾਹੀਂ ਪ੍ਰਾਪਤ ਨਹੀਂ ਕਰ ਸਕਿਆ, ਉਸ ਨੇ ਹੁਣ ਕੂਟਨੀਤੀ ਨਾਲ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਰਣਜੀਤ ਸਿੰਘ ਨੂੰ ਖਿਲਅਤ ਭੇਜੀ ਤੇ ਲਾਹੌਰ ਦਾ ਹਾਕਮ ਮੰਨ ਲੈਣ ਦਾ ਆਗਿਆ ਪੱਤਰ ਭੇਜਿਆ। ਰਣਜੀਤ ਸਿੰਘ ਨੇ ਇਹ ਦਾਤ ਤੇ ਸ਼ੁੱਭ ਕਾਮਨਾ ਪ੍ਰਵਾਨ ਕਰਦਿਆਂ ਹੋਇਆਂ ਉਹ ਤੋਪਾਂ ਭਿਜਵਾ ਦਿੱਤੀਆਂ ਜਿਹੜੀਆਂ ਅਫ਼ਗਾਨ ਕਾਬਲ ਜਾਂਦੇ ਹੋਏ ਰਾਹ ਵਿੱਚ ਗੁਆ ਬੈਠੇ ਸਨ।

ਪਰੰਤੂ ਉਸ ਦੀ ਸਫਲਤਾ ਨੇ ਭੰਗੀ ਤੇ ਰਾਮਗੜ੍ਹੀਆ ਆਦਿ ਵਿਰੋਧੀ ਸਰਦਾਰਾਂ ਦੇ ਮਨ ਵਿੱਚ ਈਰਖਾ ਭਰ ਦਿੱਤੀ ਤੇ ਉਹਨਾਂ ਨੇ ਕਸੂਰ ਦੇ ਨਿਜ਼ਾਮਉੱਦੀਨ ਨੂੰ ਨਾਲ ਲੈ ਕੇ ਇਕ ਗਠਜੋੜ ਬਣਾ ਲਿਆ ਤੇ ਇਹਨਾਂ ਦੀਆਂ ਫ਼ੌਜਾਂ ਲਾਹੌਰ ਨੇੜੇ ਭਸੀਨ ਪਿੰਡ ਵਿੱਚ ਇਕੱਠੀਆਂ ਹੋ ਗਈਆਂ। ਭਸੀਨ ਦੇ ਸਥਾਨ 'ਤੇ ਦੋਹਾਂ ਧਿਰਾਂ ਦੀਆਂ ਫ਼ੌਜਾਂ ਲਗਭਗ ਦੋ ਮਹੀਨੇ ਆਹਮਣੇ-ਸਾਹਮਣੇ ਡਟੀਆਂ ਰਹੀਆਂ ਪਰੰਤੂ ਕੋਈ ਬਾਕਾਇਦਾ ਘਮਸਾਨ ਦਾ ਯੁੱਧ ਨ ਹੋਇਆ ਤੇ ਕਦੀ-ਕਦੀ ਛੋਟੀਆਂ-ਛੋਟੀਆਂ ਝੜਪਾਂ ਹੀ ਹੁੰਦੀਆਂ ਰਹੀਆਂ। ਇਕ ਦਿਨ ਅਚਾਨਕ ਸੰਗਠਨ ਦਾ ਆਗੂ ਗੁਲਾਬ ਸਿੰਘ ਭੰਗੀ ਜ਼ਿਆਦਾ ਸ਼ਰਾਬ ਪੀਣ ਕਾਰਨ ਮਰ ਗਿਆ। ਇਸ ਨਾਲ ਰਣਜੀਤ ਸਿੰਘ ਦੇ ਵੈਰੀ ਦਲਾਂ ਵਿੱਚ ਭਾਜੜ ਪੈ ਗਈ ਤੇ ਉਹਨਾਂ ਦੀਆਂ ਫ਼ੌਜਾਂ ਰਣਖੇਤਰ 'ਚੋਂ ਭੱਜ ਨਿਕਲੀਆਂ।

12 ਅਪ੍ਰੈਲ 1801 ਈ: ਨੂੰ ਵੈਸਾਖੀ ਵਾਲੇ ਦਿਨ ਰਣਜੀਤ ਸਿੰਘ ਦੀ ਮਹਾਰਾਜਾ ਬਣਨ ਦੀ ਰਸਮ ਬੜੀ ਧੂਮਧਾਮ ਤੇ ਵਿਧੀ ਪੂਰਵਕ ਕੀਤੀ ਗਈ। ਗੁਰੂ ਨਾਨਕ ਦੇਵ ਜੀ ਦੇ ਵੰਸ਼ਜ ਇਕ ਧਾਰਮਕ ਤੇ ਪਵਿੱਤਰ ਸ਼ਖ਼ਸੀਅਤ ਬਾਬਾ ਸਾਹਿਬ ਸਿੰਘ ਬੇਦੀ ਨੇ ਮਹਾਰਾਜੇ ਦੇ ਮੱਥੇ 'ਤੇ ਕੇਸਰੀ ਤਿਲਕ ਲਗਾਇਆ। ਪਰੰਤੂ ਉਹ ਫਿਰ ਵੀ ਨਿਮ੍ਰਤਾ 'ਚ ਰਿਹਾ; ਉਸ

ਨੇ ਨਾ ਤਾਂ ਸ਼ਾਹੀ ਚਿੰਨ੍ਹ, ਤਾਜ ਹੀ ਪਹਿਨਿਆ ਤੇ ਨਾ ਹੀ ਤਖ਼ਤ 'ਤੇ ਬੈਠਾ। ਉਸ ਦੀ ਸਰਕਾਰ ਨੂੰ 'ਸਰਕਾਰ ਖ਼ਾਲਸਾ' ਤੇ ਦਰਬਾਰ ਨੂੰ 'ਦਰਬਾਰ ਖ਼ਾਲਸਾ' ਕਿਹਾ ਜਾਂਦਾ ਸੀ। ਸਿੱਕੇ ਵੀ ਰਣਜੀਤ ਸਿੰਘ ਦੇ ਨਾਮ ਉੱਪਰ ਨਹੀਂ ਸਗੋਂ ਗੁਰੂ ਦੇ ਨਾਮ ਤੇ ਜਾਰੀ ਹੁੰਦੇ ਸਨ। ਸਰਕਾਰੀ ਮੋਹਰ ਉੱਪਰ ਵੀ ਉਸ ਦਾ ਨਾਮ ਨਹੀਂ ਹੁੰਦਾ ਸੀ।

ਰਣਜੀਤ ਸਿੰਘ ਦੇ ਮਨ 'ਤੇ ਪੂਰੀ ਤਰ੍ਹਾਂ ਪੰਜਾਬ ਉੱਪਰ ਅਧਿਕਾਰ ਕਰਨ ਦਾ ਖ਼ਬਤ ਛਾਇਆ ਹੋਇਆ ਸੀ ਤੇ ਕੁਦਰਤੀ ਹਾਲਾਤ ਵੀ ਰਣਜੀਤ ਸਿੰਘ ਲਈ ਸਹਾਇਕ ਸਿੱਧ ਹੋਏ। ਲਗਭਗ ਸਾਰੇ ਸਤਿਕਾਰਯੋਗ ਨੇਤਾ ਜਿਹਨਾਂ ਨੇ ਸਿੱਖਾਂ ਦੀ ਸੁਤੰਤਰਤਾ ਲਈ ਸੰਘਰਸ਼ ਕੀਤੇ ਸਨ ਜਿਵੇਂ ਜੱਸਾ ਸਿੰਘ ਆਹਲੂਵਾਲੀਆ, ਝੰਡਾ ਸਿੰਘ ਤੇ ਗੰਡਾ ਸਿੰਘ ਭੰਗੀ ਜਿਹੇ ਜਾਂ ਤਾਂ ਮਰ ਗਏ ਸਨ ਜਾਂ ਜੱਸਾ ਸਿੰਘ ਰਾਮਗੜ੍ਹੀਆ ਤੇ ਜੈ ਸਿੰਘ ਕਨ੍ਹਈਆ ਜਿਹੇ ਬਿਰਧ ਹੋ ਗਏ ਸਨ। ਪਰੰਤੂ ਸੈਨਿਕ ਦ੍ਰਿਸ਼ਟੀ ਤੋਂ ਜਿੱਤ ਦਾ ਰਾਹ ਪੱਧਰਾ ਨਹੀਂ ਸੀ। 1790 ਈਸਵੀ ਦੇ ਦਹਾਕੇ ਵਿੱਚ ਪੰਜਾਬ ਇਕ ਗੁੰਝਲਦਾਰ ਚਿੱਤਰ ਦੇ ਵਾਂਗ ਦਿਖਾਈ ਦਿੰਦਾ ਸੀ ਜੋ ਚੌਦਾਂ ਟੋਟਿਆਂ 'ਤੇ ਆਧਾਰਿਤ ਸੀ ਤੇ ਜਿਸ ਵਿੱਚ ਸਾਰੇ ਪਾਸਿਆਂ ਤੋਂ ਪੰਜ ਤੀਰ ਧਸੇ ਹੋਏ ਸਨ। ਇਨ੍ਹਾਂ ਵਿੱਚੋਂ ਬਾਰਾਂ ਟੋਟੇ ਸਿੱਖ ਮਿਸਲਾਂ ਦੇ ਸਨ ਤੇ ਦੂਸਰੇ ਦੋਹਾਂ ਵਿੱਚੋਂ ਇਕ ਲਾਹੌਰ ਦੇ ਗੁਆਂਢ ਵਿੱਚ ਪਠਾਨਾਂ ਅਧੀਨ ਕਸੂਰ ਤੇ ਦੂਸਰਾ ਦੱਖਣ ਪੂਰਬ ਵਿੱਚ ਹਾਂਸੀ ਸੀ, ਜੋ ਇਕ ਤਿਕੜਮਬਾਜ਼ੀ ਤੇ ਸਾਹਸੀ ਅੰਗਰੇਜ਼ ਜਾਰਜ ਥਾਮਸ ਅਧੀਨ ਸੀ। ਪੰਜ ਤੀਰ ਸਨ—ਉੱਤਰ ਪੱਛਮ ਵਿੱਚ ਅਫ਼ਗਾਨ, ਉੱਤਰ ਵਿੱਚ ਕਾਂਗੜੇ ਦੇ ਰਾਜਪੂਤ, ਉੱਤਰ-ਪੂਰਬ ਵਿੱਚ ਗੋਰਖੇ, ਪੂਰਬ ਵਿੱਚ ਅੰਗਰੇਜ਼ ਤੇ ਦੱਖਣ ਪੂਰਬ ਵਿੱਚ ਮਰਹੱਟੇ।"[10]

ਪਰੰਤੂ ਲਾਹੌਰ ਉੱਪਰ ਅਧਿਕਾਰ ਲਈ 18ਵੀਂ ਸਦੀ ਦੀ ਵਿਰਾਸਤ ਰਣਜੀਤ ਸਿੰਘ ਲਈ ਅਨੁਕੂਲ ਸੀ। ਉਸ ਦੇ ਪਿਤਾ ਤੇ ਦਾਦੇ ਨੇ ਕੁੱਝ ਮਹੱਤਵਪੂਰਨ ਟਿਕਾਣਿਆਂ 'ਤੇ ਅਧਿਕਾਰ ਕੀਤਾ ਹੋਇਆ ਸੀ। ਪਹਾੜੀ ਅਤੇ ਮੈਦਾਨੀ ਖੇਤਰ ਦੇ ਮੁਖੀਆਂ ਉੱਪਰ ਆਪਣੇ ਪ੍ਰਭੁਤਾ ਦੇ ਅਧਿਕਾਰ ਕਾਇਮ ਕੀਤੇ ਹੋਏ ਸਨ। ਇਕ ਬਹੁਤ ਵੱਡਾ ਨਾਲ ਲੱਗਦਾ ਤੇ ਸੁਚੱਜੇ ਪ੍ਰਬੰਧ ਵਾਲੀ ਰਚਨਾ ਦੁਆਬ ਦੇ ਮੱਧ ਤੋਂ ਲੈ ਕੇ ਦੁਆਬਾ ਸਿੰਧ ਸਾਗਰ ਦੇ ਮੱਧ ਤੱਕ ਦਾ ਅਸ਼ਾਸ਼ਾ ਉਸ ਨੂੰ ਵਿਰਾਸਤ ਵਿੱਚ ਮਿਲਿਆ ਹੋਇਆ ਸੀ ਜਿਸ ਦੀ ਵਾਰਸ਼ਿਕ ਆਮਦਨ 10 ਲੱਖ ਰੁਪਏ ਸੀ। ਉਸ ਦੀ ਕਮਾਨ ਹੇਠ 5000 ਸੁਸੱਜਿਤ ਤੇ ਹਥਿਆਰਬੰਦ ਘੋੜਸਵਾਰਾਂ ਦਾ ਰਸਾਲਾ ਵੀ ਸੀ। ਇਸ ਮਹੱਤਵ ਵਾਲੀ ਸਥਿਤੀ ਨੂੰ ਦੋ ਵਿਆਹਾਂ ਨਾਲ ਹੋਰ ਵੀ ਸ਼ਕਤੀ ਪ੍ਰਾਪਤ ਹੋਈ। ਇਕ ਵਿਆਹ ਅਪਰ ਬਾਰੀ ਦੁਆਬ ਵਿੱਚ ਜੈ ਸਿੰਘ ਕਨ੍ਹਈਆ ਦੇ ਪਰਿਵਾਰ ਵਿੱਚ ਹੋਇਆ ਤੇ ਦੂਸਰਾ ਲਾਹੌਰ ਦੇ ਦੱਖਣ ਵਿੱਚ ਕੰਵਰ ਸਿੰਘ ਨਕਈ ਦੇ ਪਰਿਵਾਰ ਵਿੱਚ।

ਅਹਿਮਦ ਸ਼ਾਹ ਅਬਦਾਲੀ ਦੇ ਦੂਸਰੇ ਉੱਤਰਾਧਿਕਾਰੀ ਜ਼ਮਾਨ ਸ਼ਾਹ ਦੇ ਹਮਲੇ ਨੇ ਰਣਜੀਤ ਸਿੰਘ ਦੇ ਨੇਤ੍ਰਿਤਵ ਦੇ ਗੁਣਾਂ ਨੂੰ ਉਤਪ੍ਰੇਰਕ ਬਣ ਕੇ ਹੋਰ ਉਭਾਰਿਆ। ਉਹਦੇ ਪਹਿਲੇ ਹਮਲੇ ਪਿੱਛੋਂ ਰਣਜੀਤ ਸਿੰਘ ਨੇ ਆਪਣਾ ਰੁਹਤਾਸ ਦਾ ਕਿਲ੍ਹਾ ਉਸ ਤੋਂ ਖੋਹ ਲਿਆ; ਦੂਸਰੇ ਹਮਲੇ ਵਿੱਚ ਉਹ ਸਿੱਖਾਂ ਦੇ ਉੱਘੇ ਆਗੂ ਵਜੋਂ ਪ੍ਰਗਟ ਹੋਇਆ ਤੇ 1798-

99 ਈ: ਦੇ ਤੀਸਰੇ ਹਮਲੇ ਵਿੱਚ ਉਸ ਨੇ ਜ਼ਮਾਨ ਸ਼ਾਹ ਦਾ ਮੁਕਾਬਲਾ ਕਈ ਸਿੱਖ ਆਗੂਆਂ ਦਾ ਨੇਤਾ ਬਣ ਕੇ ਕੀਤਾ।

ਇਸ ਤਰ੍ਹਾਂ ਜ਼ਮਾਨ ਸ਼ਾਹ ਦੇ ਹਮਲੇ ਦੇ 6 ਮਹੀਨੇ ਪਿੱਛੋਂ ਹੀ ਉਸ ਨੇ ਲਾਹੌਰ 'ਤੇ ਆਪਣੇ ਸਹਿਯੋਗੀਆਂ, ਖ਼ਾਸ ਕਰਕੇ ਆਪਣੀ ਸੱਸ ਸਦਾ ਕੌਰ ਦੀ ਸਹਾਇਤਾ ਨਾਲ ਅਧਿਕਾਰ ਕਰ ਲਿਆ।

ਭਸੀਨ ਦੇ ਯੁੱਧ ਪਿੱਛੋਂ ਰਣਜੀਤ ਸਿੰਘ ਆਪਣੀ ਬਰਾਬਰੀ ਕਰਨ ਵਾਲੇ ਵਿਰੋਧੀਆਂ ਨਾਲ ਨਜਿੱਠਣ ਲਈ ਮੁੜਿਆ। ਜੋ ਕਮਜ਼ੋਰ ਸਨ, ਉਹਨਾਂ ਨੂੰ ਉਸਨੇ ਤਾਕਤ ਨਾਲ ਕੁਚਲ ਦਿੱਤਾ ਜੋ ਸ਼ਕਤੀਸ਼ਾਲੀ ਸਨ ਉਹਨਾਂ ਨਾਲ ਕੂਟਨੀਤੀ ਵਰਤੀ। ਰਣਜੀਤ ਸਿੰਘ ਦੋ ਸਿੱਖ ਮੁਖੀਆਂ ਜੱਸਾ ਸਿੰਘ ਰਾਮ ਗੜ੍ਹੀਆ ਤੇ ਫਤਿਹ ਸਿੰਘ ਆਹਲੂਵਾਲੀਆ ਨੂੰ ਆਪਣੇ ਸ਼ਕਤੀਸ਼ਾਲੀ ਵਿਰੋਧੀ ਸਮਝਦਾ ਸੀ। ਉਹਨਾਂ ਵਿਰੁੱਧ ਉਸਨੇ ਹਥਿਆਰਾਂ ਦੀ ਥਾਂ ਤੇ ਰਾਜਨੀਤਿਕ ਮੈਤਰੀ ਸਥਾਪਿਤ ਕੀਤੀ। 1801 ਈ: ਵਿੱਚ ਰਣਜੀਤ ਸਿੰਘ ਤੇ ਫਤਿਹ ਸਿੰਘ ਤਰਨਤਾਰਨ ਮਿਲੇ ਤੇ ਪੱਗਾਂ ਵਟਾਈਆਂ ਤੇ ਉਸ ਵੇਲੇ ਤੋਂ ਹੀ ਫਤਿਹ ਸਿੰਘ ਰਣਜੀਤ ਸਿੰਘ ਦਾ ਵੱਡਾ ਸਮਰਥੱਕ ਬਣ ਗਿਆ ਤੇ ਉਸ ਨੇ ਬੜੀਆਂ ਖ਼ਤਰਨਾਕ ਮੁਹਿੰਮਾਂ ਵਿੱਚ ਨਾਲ ਜਾ ਕੇ ਹਿੱਸਾ ਵੀ ਲਿਆ। ਉਸ ਨੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਵੀ ਝਗੜਾ ਨਾ ਕੀਤਾ ਤੇ 1803 ਵਿੱਚ ਉਸ ਦੀ ਮੌਤ ਪਿੱਛੋਂ ਉਸ ਦੇ ਲੜਕੇ ਜੋਧ ਸਿੰਘ ਨਾਲ ਵੀ ਮਿੱਤਰਤਾ ਗੰਢੀ ਰੱਖੀ ਤੇ ਉਸ ਨੂੰ ਵਡਿਆਉਣ ਲਈ ਸਦਾ ਬਾਬਾ ਜੀ ਕਹਿ ਕੇ ਬੁਲਾਇਆ ਕਰਦਾ ਸੀ। ਉਸ ਦੀ ਮੌਤ ਪਿੱਛੋਂ ਹੀ ਉਸ ਨੇ ਰਾਮਗੜ੍ਹੀਆ ਮਿਸਲ ਨੂੰ ਆਪਣੇ ਇਲਾਕੇ ਵਿੱਚ ਮਿਲਾਇਆ। ਇਸੇ ਤਰ੍ਹਾਂ ਉਸ ਨੇ ਤਾਰਾ ਸਿੰਘ ਘੇਬਾ ਦੀ ਡੱਲੇਵਾਲੀਆ ਮਿਸਲ ਉੱਪਰ ਵੀ ਉਸ ਦੀ ਮੌਤ ਪਿੱਛੋਂ ਕਬਜ਼ਾ ਕਰਕੇ ਆਪਣੇ ਰਾਜ ਵਿੱਚ ਮਿਲਾਇਆ। ਬਾਕੀ ਦੇ ਸਿੱਖ ਸਰਦਾਰਾਂ ਤੇ ਮਿਸਲਦਾਰਾਂ ਪ੍ਰਤੀ ਤਾਂ ਰਣਜੀਤ ਸਿੰਘ ਨੇ ਤਦ ਤੱਕ ਆਰਾਮ ਨਾ ਕੀਤਾ ਜਦ ਤੱਕ ਉਹਨਾਂ ਦੇ ਇਲਾਕੇ ਆਪਣੇ ਰਾਜ ਵਿੱਚ ਨਾ ਮਿਲਾ ਲਏ। ਐੱਨ.ਕੇ. ਸਿਨਹਾ ਦੇ ਸ਼ਬਦਾਂ ਵਿੱਚ, "ਰਣਜੀਤ ਸਿੰਘ ਦੀ ਨੀਤੀ ਸਾਰੀਆਂ ਸਿੱਖ ਮਿਸਲਾਂ ਨੂੰ ਹੜੱਪ ਕਰ ਜਾਣ ਦੀ ਨੀਤੀ ਸੀ। ਨਾ ਤਾਂ ਰਿਸ਼ਤੇਦਾਰੀ ਦਾ ਬੰਧਨ ਤੇ ਨਾ ਹੀ ਅਹਿਸਾਨਮੰਦੀ ਦੀ ਭਾਵਨਾ ਉਸ ਦੇ ਰਾਹ ਵਿੱਚ ਰੁਕਾਵਟ ਬਣ ਸਕਦੀ ਸੀ।"[11] ਲਤੀਫ ਵੀ ਲਿਖਦਾ ਹੈ ਕਿ "ਉਸ ਦੀ ਨੀਤੀ ਕਿਸੇ ਵੀ ਕੀਮਤ ਤੇ ਆਪਣੇ ਰਾਜ ਦਾ ਵਿਸਥਾਰ ਕਰਨ ਦੀ ਨੀਤੀ ਸੀ। ਉਹ ਬਲ ਨਾਲ ਆਪਣਾ ਅਧਿਕਾਰ ਜਮਾਂਦਾ ਸੀ। ਉਸ ਦੇ ਹੱਥੀਂ ਨਿਰਬਲ ਸਰਦਾਰਾਂ ਦਾ ਨਾਸ਼ ਅਟੱਲ ਸੀ ਅਤੇ ਉਨ੍ਹਾਂ ਨੂੰ ਬਰਬਾਦ ਕਰਕੇ ਹੀ ਉਸ ਨੇ ਆਪਣੇ ਮਹਾਨ ਰਾਜ ਦਾ ਵਿਸਥਾਰ ਕੀਤਾ।"[12]

ਸਮਾਂ ਰਣਜੀਤ ਸਿੰਘ ਦੇ ਅਨੁਕੂਲ ਸੀ ਤੇ ਰਣਜੀਤ ਸਿੰਘ ਸਮੇਂ ਦੇ ਅਨੁਕੂਲ ਸੀ।[13] ਲਾਹੌਰ ਦੀ ਜਿੱਤ ਤੋਂ ਪਿੱਛੋਂ ਉਹ ਬੜੀ ਵਿਉਂਤ ਨਾਲ ਇਕ ਚੌਥਾਈ ਸਦੀ ਤੋਂ ਘੱਟ ਸਮੇਂ ਵਿੱਚ ਜਿੱਤਾਂ ਦੇ ਮਾਰਗ ਤੇ ਤੁਰ ਪਿਆ ਜਿਸ ਨਾਲ ਉਹ ਇਕ ਚੌਥਾਈ ਸਦੀ ਦੇ ਘੱਟ ਸਮੇਂ ਤੋਂ ਵੀ ਇਕ ਸਾਮਰਾਜ ਦਾ ਸੁਆਮੀ ਬਣ ਗਿਆ। ਆਪਣੇ ਜੀਵਨ ਦੇ ਪਹਿਲੇ 10 ਸਾਲਾਂ

ਵਿੱਚ ਉਸ ਨੇ ਪੰਜਾਬ ਦੇ ਮੈਦਾਨੀ ਭਾਗ ਦੇ 20 ਤੋਂ ਵਧੇਰੇ ਰਿਆਸਤਾਂ ਨੂੰ ਨਸ਼ਟ ਕੀਤਾ। ਉਸ ਨੇ ਸ਼ਕਤੀਸ਼ਾਲੀ ਹਰੀ ਸਿੰਘ ਭੰਗੀ ਦੁਆਰਾ ਸਥਾਪਿਤ ਕੀਤੇ ਰਾਜ ਖ਼ਤਮ ਕੀਤੇ, ਉਸ ਨੇ 1802 ਈ: ਵਿੱਚ ਜੱਸਾ ਸਿੰਘ ਦੂਲੋਂ ਦੇ ਇਲਾਕੇ, 1801 ਈ: ਦਲ ਸਿੰਘ ਗਿੱਲ ਦੇ ਰਚਨਾ ਦੁਆਬ ਤੇ ਜੋਧ ਸਿੰਘ ਬਾਜਵਾ ਦੇ ਚੱਜ ਦੁਆਬੇ ਵਿਚਲੇ ਇਲਾਕੇ ਆਪਣੇ ਰਾਜ ਵਿੱਚ ਮਿਲਾ ਲਏ। ਉਸ ਨੇ 1805 ਈ: ਵਿੱਚ ਗੁਲਾਬ ਸਿੰਘ ਭੰਗੀ ਦੀ ਵਿਧਵਾ ਤੋਂ ਅੰਮ੍ਰਿਤਸਰ ਜਿੱਤਿਆ। ਅੰਮ੍ਰਿਤਸਰ ਜਿੱਤਣ ਨਾਲ ਉਸ ਨੂੰ ਗੋਬਿੰਦਗੜ੍ਹ ਦੇ ਕਿਲ੍ਹੇ ਤੋਂ ਬਿਨਾਂ ਜਮਜ਼ਮਾ ਦੀ ਵੱਡੀ ਤੋਪ ਸਣੇ 5 ਤੋਪਾਂ ਪ੍ਰਾਪਤ ਕੀਤੀਆਂ। ਉਸ ਨੂੰ ਪ੍ਰਸਿੱਧ ਸੈਨਿਕ ਅਕਾਲੀ ਫੂਲਾ ਸਿੰਘ ਦੀਆਂ ਸੇਵਾਵਾਂ ਵੀ ਪ੍ਰਾਪਤ ਹੋਈਆਂ। ਫੂਲਾ ਸਿੰਘ ਜੁਝਾਰਵਾਦੀ ਨਿਹੰਗਾਂ ਦੀ ਸੰਪ੍ਰਦਾਇ ਨਾਲ ਸੰਬੰਧਿਤ ਸੀ। ਉਸ ਦੀ ਅੰਮ੍ਰਿਤਸਰ ਦੀ ਜਿੱਤ ਵਿੱਚ ਉੱਘੀ ਭੂਮਿਕਾ ਸੀ। ਫਿਰ ਉਸ ਨੇ ਤਾਰਾ ਸਿੰਘ ਡੱਲੇਵਾਲੀਆਂ ਦੀ ਮੌਤ ਪਿੱਛੋਂ 1807 ਈ: ਵਿੱਚ ਜਲੰਧਰ ਦੁਆਬ ਵਿੱਚ ਰਾਹੋਂ ਤੇ ਨਕੋਦਰ 'ਤੇ ਅਧਿਕਾਰ ਕਰ ਲਿਆ। 1810 ਈ: ਵਿੱਚ ਉਸ ਨੇ ਬਘੇਲ ਸਿੰਘ ਦੀਆਂ ਵਿਧਵਾਵਾਂ ਤੋਂ ਹਰਿਆਣੇ ਦਾ ਕਸਬਾ ਖੋਹ ਲਿਆ। ਫਿਰ ਉਸ ਨੇ ਫ਼ੈਜ਼ਲਪੁਰੀਆ ਮਿਸਲ ਦੇ ਬੁੱਧ ਸਿੰਘ ਨੂੰ ਅਧੀਨਗੀ ਸਵੀਕਾਰ ਕਰਨ ਲਈ ਕਿਹਾ। ਉਸ ਦੇ ਨਾਂਹ ਕਰਨ ਤੇ ਦੀਵਾਨ ਮੁਹਕਮ ਚੰਦ, ਜੋਧ ਸਿੰਘ ਰਾਮਗੜ੍ਹੀਆ ਤੇ ਫਤਿਹ ਸਿੰਘ ਆਹਲੂਵਾਲੀਆਂ ਨੂੰ ਭਾਰੀ ਫ਼ੌਜ ਦੇ ਕੇ ਭੇਜਿਆ ਗਿਆ। ਬੁੱਧ ਸਿੰਘ ਨੇ ਦਰਿਆ ਸਤਲੁਜ ਪਾਰ ਕਰਕੇ ਦੱਖਣ ਵਾਲੇ ਆਪਣੇ ਇਲਾਕੇ ਵਿੱਚ ਜਾ ਕੇ ਸ਼ਰਨ ਲੈ ਲਈ। ਰਣਜੀਤ ਸਿੰਘ ਨੇ ਉਸ ਦੇ ਸਤਲੁਜ ਦੇ ਉੱਤਰ ਵਿੱਚ ਜਲੰਧਰ ਦੁਆਬ, ਫਤਿਹਪੁਰ ਤੇ ਪੱਟੀ ਆਦਿ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ।

1810 ਈ: ਵਿੱਚ ਉਸ ਨੇ ਚੂਣੀਆ, ਸ਼ਰਕਪੁਰ ਤੇ ਕੋਟ ਕਮਾਲੀਆ ਨਕੱਈਆਂ ਤੋਂ ਖੋਹੇ। ਉਸ ਨੇ 1808 ਈ: ਜੀਵਨ ਸਿੰਘ ਤੋਂ ਸਿਆਲਕੋਟ ਤੇ ਸਾਹਿਬ ਸਿੰਘ ਭੰਗੀ ਤੋਂ ਗੁਜਰਾਤ ਜਿੱਤਿਆ। ਉਸ ਨੇ ਆਹਲੂਵਾਲੀਆ ਨਾਲ ਦੋਸਤੀ ਦਾ ਇਕਰਾਰਨਾਮਾ ਕੀਤਾ ਤੇ ਕਨ੍ਹਈਆ ਤੇ ਨਕੱਈਆਂ ਨਾਲ ਵਿਆਹ ਸੰਬੰਧ ਕਾਇਮ ਕੀਤੇ ਜੋ ਉਸ ਨੂੰ ਬੜੇ ਸਹਾਈ ਸਿੱਧ ਹੋਏ। ਡਾ. ਐੱਨ.ਕੇ. ਸਿਨਹਾ ਨੇ ਫਤਿਹ ਸਿੰਘ ਆਹਲੂਵਾਲੀਆ ਤੇ ਸਦਾ ਕੌਰ ਕਨ੍ਹਈਆ ਨਾਲ ਮੈਤਰੀ ਭਾਵਨਾ ਤੇ ਟਿੱਪਣੀ ਕਰਦਿਆਂ ਲਿਖਿਆ : "ਇਹ ਸੰਧੀ ਤੇ ਸਹਿਯੋਗ ਜੋ ਰਿਸ਼ਤੇਦਾਰੀ ਅਤੇ ਰਾਜਸੀ ਮਿੱਤਰਤਾ ਤੇ ਆਧਾਰਿਤ ਸੀ, ਰਾਜਸੀ ਪ੍ਰਭੁਤਾ ਦੇ ਮਾਰਗ ਦੀ ਪੌੜੀ ਬਣੀ।"[15]

ਉਸ ਦੀ ਮਿਸਲਾਂ ਸੰਬੰਧੀ ਨੀਤੀ ਦਾ ਤਾਤਪਰਜ ਕੱਢਦਿਆਂ ਲਤੀਫ ਨੇ ਲਿਖਿਆ ਹੈ : ਪੁਰਾਣੀਆਂ ਸਿੱਖ ਮਿਸਲਾਂ ਜਾਂ ਤਾਂ ਉਹਦੀ ਸਿਲਸਿਲੇਵਾਰ ਹੜੱਪ ਲੈਣ ਦੀ ਨੀਤੀ ਨਾਲ ਖ਼ਤਮ ਕਰ ਦਿੱਤੀਆਂ ਗਈਆਂ ਸਨ ਜਾਂ ਫੂਲਕੀਆਂ ਤੇ ਨਿਹੰਗਾਂ (ਸ਼ਹੀਦਾਂ) ਦੀ ਮਿਸਲ ਵਾਂਗ ਸਤਲੁਜ ਦੇ ਦੱਖਣ ਵਿੱਚ ਕਿਸੇ ਹੋਰ ਵੱਡੀ ਤਾਕਤ ਦੀ ਸ਼ਰਨ 'ਚ ਚਲੀਆਂ ਗਈਆਂ ਸਨ। ਕਨ੍ਹਈਆ, ਰਾਮਗੜ੍ਹੀਆ ਤੇ ਆਹਲੂਵਾਲੀਆ ਉਸ ਦੇ ਝੰਡੇ ਤੇ ਉਸ ਦੀ ਅਗਵਾਈ ਥੱਲੇ ਰਣਖੇਤਰ 'ਚ ਉਸ ਨਾਲ ਜਾਣਾ ਮਾਨ ਸਮਝਦੀਆਂ ਸਨ।"[16]

ਉਸ ਨੇ 1806-07 ਈ: ਵਿੱਚ ਸਤਲੁਜ ਦੇ ਦੱਖਣ ਦੀਆਂ ਫੂਲਕੀਆ ਮਿਸਲ ਦੀਆਂ ਰਿਆਸਤਾਂ ਵਿਰੁੱਧ ਮੁਹਿੰਮਾਂ ਭੇਜੀਆਂ। ਉਸ ਨੇ ਕਸੂਰ, 1807 ਈ: ਵਿੱਚ ਉਸ ਦੇ ਮੁਖੀ ਨਵਾਬ ਕੁਤੁਬ-ਉਦ-ਦੀਨ ਤੋਂ ਜਿੱਤ ਲਿਆ ਤੇ ਉਸ ਨੂੰ ਮਮਦੋਟ 'ਚ ਜਾਗੀਰ ਦੇ ਦਿੱਤੀ। ਉਸ ਨੇ 1807 ਈ: ਵਿੱਚ ਖਰਲਾਂ ਤੇ ਸਿਆਲਾਂ ਨੂੰ ਵੀ ਜਿੱਤਿਆ ਤੇ ਝੰਗ ਨੂੰ ਰਾਜ ਵਿੱਚ ਮਿਲਾ ਲਿਆ। ਉਸ ਨੇ ਅਖਨੂਰ ਦੇ ਆਲਮ ਖ਼ਾਂ ਤੋਂ ਨਜ਼ਰਾਨਾ ਵਸੂਲ ਕੀਤਾ। 1809 ਈ: ਵਿੱਚ ਉਸ ਨੇ ਸੰਸਾਰ ਚੰਦ ਕਟੋਚ 'ਤੇ ਹਮਲਾ ਕੀਤਾ ਤੇ ਉਸ ਤੋਂ ਕਾਂਗੜਾ ਜਿੱਤਿਆ।

ਉਸ ਦੀ ਜਿੱਤ ਦੇ ਮਾਰਗ ਵਿੱਚ ਸਤਲੁਜ ਦੇ ਦੱਖਣ ਵੱਲ 1809 ਵਿੱਚ ਅੰਗਰੇਜ਼ਾਂ ਨੇ ਰੋਕ ਪਾ ਦਿੱਤੀ, ਜਿਨ੍ਹਾਂ ਨੇ ਉਸ ਨਾਲ ਅੰਮ੍ਰਿਤਸਰ ਦੀ ਸੰਧੀ ਕਰ ਲਈ। ਡਾ. ਜੇ. ਐੱਸ. ਗਰੇਵਾਲ ਲਿਖਦੇ ਹਨ, "ਅੰਮ੍ਰਿਤਸਰ ਦੀ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਰਣਜੀਤ ਸਿੰਘ ਨੂੰ ਪੰਜਾਬ ਦਾ ਇਕੋ ਇਕ ਪ੍ਰਭੁੱਤਾ ਸੰਪੰਨ ਹਾਕਮ ਪਰਵਾਨ ਕਰ ਲਿਆ ਤੇ ਉਸ ਨੂੰ ਭੂਤਪੂਰਵ ਮੁਗ਼ਲ ਸਾਮਰਾਜ ਦੇ ਲਾਹੌਰ ਪ੍ਰਾਂਤ ਵਿੱਚ ਆਪਣੀਆਂ ਜਿੱਤਾਂ ਨੂੰ ਇਕਸਾਰ ਕਰਨ, ਅਫ਼ਗਾਨਾਂ ਦੇ ਮੁਲਤਾਨ ਤੇ ਕਸ਼ਮੀਰ 'ਚੋਂ ਕੱਢਣ ਤੇ ਅੰਤ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਉੱਤਰ ਅਧਿਕਾਰੀਆਂ ਵਿਰੁੱਧ ਮੁਗ਼ਲਾਂ ਦੇ ਭੂਤਪੂਰਵਕ ਕਾਬਲ ਦੇ ਪ੍ਰਾਂਤ ਵਿੱਚ ਉਹਨਾਂ ਦੀ ਬਾਜ਼ੀ ਉਲਟਾਉਣ ਦੀ ਖੁੱਲ੍ਹ ਦੇ ਦਿੱਤੀ।[17] ਜਲੰਧਰ ਦੁਆਬ ਵਿੱਚ ਗੱਦੀਆਂ ਤੋਂ ਲਾਹੇ ਗਏ ਤੇ ਰਿਆਸਤਾਂ ਤੋਂ ਵੰਚਿਤ ਕੀਤੇ ਗਏ ਜਲੰਧਰ, ਹਾਜੀਪੁਰ ਤੇ ਮੁਕੇਰੀਆਂ ਦੇ ਸਿੱਖ ਮੁਖੀ ਸਨ। ਬਾਰੀ ਦੁਆਬ ਵਿੱਚ ਜੈਮਲ ਸਿੰਘ ਫਤਿਹਗੜ੍ਹ ਚੂੜੀਆਂ, ਸ੍ਰੀ ਹਰਿਗੋਬਿੰਦਪੁਰ ਤੋਂ ਜੋਧ ਸਿੰਘ ਰਾਮਗੜ੍ਹੀਆ, ਤੇ ਨਕੱਈ ਸਰਦਾਰ ਸਨ; ਰਚਨਾ ਦੁਆਬ ਵਿੱਚ ਜੀਵਨ ਸਿੰਘ ਰਾਵਲਪਿੰਡੀ ਸਨ। ਸਦਾ ਕੌਰ ਤੋਂ ਬਟਾਲਾ ਖੋਹ ਲਿਆ ਗਿਆ ਸੀ ਤੇ ਫਤਿਹ ਸਿੰਘ ਆਹਲੂਵਾਲੀਆ ਇੱਕੋ ਇਕ ਅਜਿਹਾ ਸਰਦਾਰ ਸੀ ਜਿਸ ਤੋਂ ਕੋਈ ਇਲਾਕਾ ਨਹੀਂ ਖੋਹਿਆ ਗਿਆ ਸੀ।

ਜੰਮੂ, ਕਾਂਗੜਾ, ਖਾਰੀ, ਖਰਿਆਲੀ, ਅਖਨੂਰ, ਭਿੰਬਰ, ਲੱਧਣਪੁਰ, ਨੂਰਪੁਰ, ਸੁਲੇਰ, ਸੀਬਾ, ਕੋਟਲਾ, ਜਸਵਾਂ, ਦਾਤਾਰਪੁਰ ਦੇ ਰਾਜਪੂਤ ਮੁਖੀਆਂ ਕੋਲੋਂ ਵੀ ਰਣਜੀਤ ਸਿੰਘ ਨੇ ਪਹਾੜੀ ਖੇਤਰ ਖੋਹ ਲਏ ਸਨ। 1811 ਈ: ਵਿੱਚ ਰਣਜੀਤ ਸਿੰਘ ਦੀਆਂ ਜਿੱਤਾਂ ਬਾਰੇ ਐਲਫਿਨਸਟੋਨ ਦੀ ਟਿੱਪਣੀ ਅਸਲੀਅਤ ਤੋਂ ਬਹੁਤੀ ਦੂਰ ਨਹੀਂ : ਲਗਭਗ ਸਾਰਾ ਪੰਜਾਬ ਰਣਜੀਤ ਸਿੰਘ ਦੇ ਅਧੀਨ ਹੈ, ਜੋ 1805 ਈ: ਵਿੱਚ ਬਾਕੀ ਸਰਦਾਰਾਂ ਵਾਂਗ ਸਿਰਫ਼ ਇਕ ਸਾਧਾਰਣ ਸਰਦਾਰ ਸੀ, ਪਰ ਜਦੋਂ ਅਸੀਂ ਵਾਪਸ ਮੁੜੇ ਤਾਂ ਉਹ ਇਕ ਸਰਵਉੱਚ ਆਗੂ ਬਣ ਚੁੱਕਾ ਸੀ।"[18] ਉਸ ਨੇ ਅਫ਼ਗਾਨਾਂ ਤੋਂ 1813 ਵਿੱਚ ਅਟਕ ਖੋਹਿਆ, ਅਵਾਂਨਾ, ਗੱਖੜਾਂ ਤੇ ਟਿਵਾਣਾ ਹਾਕਮਾਂ ਤੋਂ ਵੀ ਸਿੰਧ ਸਾਗਰ ਵਿੱਚ ਉਹਨਾਂ ਦੀਆਂ ਮਿਲਖਾਂ ਖੋਹੀਆਂ। ਚੱਜ ਦੁਆਬ ਵਿੱਚ ਖੁਸ਼ਾਬ ਤੇ ਸਾਹੀਵਾਲ ਦੇ ਬਲੋਚ ਮੁਖੀਆਂ ਤੋਂ ਤੇ ਰਚਨਾ ਦੁਆਬ ਝੰਗ ਦੇ ਸਿਆਲ ਮੁਖੀ ਤੋਂ ਵੀ ਰਣਜੀਤ ਸਿੰਘ ਨੇ 1818 ਤੋਂ ਪਹਿਲਾਂ ਉਹਨਾਂ ਦੇ ਇਲਾਕੇ ਖੋਹ ਲਏ। ਹੁਣ ਉਹ ਅਫ਼ਗਾਨਾਂ ਨੂੰ ਪੰਜਾਬ ਤੇ ਕਸ਼ਮੀਰ 'ਚੋਂ ਕੱਢ ਦੇਣ ਲਈ ਤੁਲਿਆ ਹੋਇਆ ਸੀ।

ਰਣਜੀਤ ਸਿੰਘ ਦੀਆਂ ਵੱਡੀਆਂ ਜਿੱਤਾਂ ਮੁਲਤਾਨ ਦੀ ਜਿੱਤ ਨਾਲ ਸ਼ੁਰੂ ਹੋਈਆਂ। ਭਾਵੇਂ ਉਸ ਨੇ ਇਸ ਤੋਂ ਪਹਿਲਾਂ 1802, 1805, 1807, 1810 ਤੇ 1816-17 ਈ: ਵਿੱਚ ਮੁਹਿੰਮਾਂ ਭੇਜੀਆਂ ਸਨ ਤੇ ਆਖ਼ਰ 1818 ਈ: 'ਚ ਮੁਲਤਾਨ 'ਤੇ ਅਧਿਕਾਰ ਕੀਤਾ। ਸ਼ਾਇਦ ਨੈਪੋਲੀਅਨ ਵਾਂਗ ਉਸ ਦਾ ਵਿਚਾਰ ਸੀ ਕਿ ਸੈਨਾਪਤੀ ਕਦੇ ਵੀ ਹਾਰੇ ਹੋਏ ਜਾਂ ਜਿੱਤੇ ਹੋਏ ਨੂੰ ਟਿਕ ਕੇ ਬਹਿਣ ਨਾ ਦੇਵੇ।

ਨਵਾਬ ਮੁਜ਼ੱਫ਼ਰ ਖ਼ਾਂ ਦੇ ਸਾਰੇ ਇਲਾਕੇ ਰਾਜ ਵਿੱਚ ਮਿਲਾ ਲਏ ਗਏ ਸਨ। ਕਸ਼ਮੀਰ 1819 ਈ: ਵਿੱਚ ਜਿੱਤਿਆ ਗਿਆ। ਕਸ਼ਮੀਰ ਜਿੱਤਣ ਲਈ 1813 ਤੋਂ 1814 ਵਿੱਚ ਵੀ ਯਤਨ ਕੀਤੇ ਗਏ ਸਨ ਪਰ ਅੰਤ ਵਿੱਚ ਇਸ ਨੂੰ ਮਿਸਰ ਦੀਵਾਨ ਚੰਦ ਨੇ ਜਿੱਤਿਆ। ਭਾਵੇਂ ਅਫ਼ਗਾਨਾਂ ਨੇ ਜੱਬਾਰ ਖ਼ਾਂ ਅਧੀਨ ਬਹਾਦਰੀ ਨਾਲ ਮੁਕਾਬਲਾ ਕੀਤਾ ਪਰੰਤੂ ਉਹ ਅਖ਼ੀਰ ਵਿੱਚ ਲਾਹੌਰੀ ਜਰਨੈਲ ਦੀਆਂ ਸਰਵੋਤਮ ਜੁਗਤਾਂ ਤੇ ਢੰਗ ਤਰੀਕਿਆਂ ਅੱਗੇ ਮਜਬੂਰ ਹੋ ਕੇ ਹਾਰ ਗਏ। ਜੱਬਾਰ ਖ਼ਾਂ ਮਸਾਂ ਹੀ ਬਚ ਕੇ ਨਿਕਲ ਸਕਿਆ।

ਉਸ ਨੇ ਪਿਸ਼ਾਵਰ, ਡੇਰਾ ਗਾਜ਼ੀ ਖ਼ਾਂ, ਡੇਰਾ ਇਸਮਾਇਲ ਖ਼ਾਂ, ਹਜ਼ਾਰਾ, ਕੋਹਾਟ, ਟੌਂਕ ਤੋਂ ਬੰਨੂ ਉੱਤੋੜੁੱਤੀ ਜਿੱਤ ਲਏ ਪਰੰਤੂ ਸ਼ੁਰੂ-ਸ਼ੁਰੂ ਵਿੱਚ ਉਹ ਇਹਨਾਂ ਖੇਤਰਾਂ ਉੱਪਰ ਉਹਨਾਂ ਸਥਾਨਕ ਮੁਸਲਮਾਨ ਮੁਖੀਆਂ ਰਾਹੀਂ ਰਾਜ ਕਰਕੇ ਤੇ ਸੰਤੁਸ਼ਟ ਸੀ, ਜੋ ਕਰ ਦੇ ਕੇ ਉਸ ਨੂੰ ਆਪਣਾ ਸਰਵੋਤਮ ਹਾਕਮ ਪਰਵਾਨ ਕਰਨ ਲਈ ਤਿਆਰ ਸਨ।

ਉਸ ਨੇ ਪਿਸ਼ਾਵਰ 1818 ਈ: ਵਿੱਚ ਜਿੱਤਿਆ ਪਰ ਇਹ ਪਹਿਲਾਂ ਜਹਾਦਾਦ ਖ਼ਾਂ ਨੂੰ ਦੇ ਦਿੱਤਾ; 1823 ਵਿੱਚ ਯਾਰ ਮੁਹੰਮਦ ਖ਼ਾਂ ਨੂੰ ਤੇ 1830 ਈ: ਵਿੱਚ ਇਕ ਜਾਗੀਰ ਦੇ ਤੌਰ 'ਤੇ ਸੁਲਤਾਨ ਮੁਹੰਮਦ ਖ਼ਾਂ ਨੂੰ ਦੇ ਦਿੱਤਾ। ਦਸਾਂ ਸਾਲਾਂ ਵਿੱਚ ਰਣਜੀਤ ਸਿੰਘ ਨੇ ਸਿੱਧੇ ਤੌਰ 'ਤੇ ਕੋਈ ਇਲਾਕਾ ਰਾਜ ਵਿੱਚ ਸ਼ਾਮਿਲ ਨਾ ਕੀਤਾ।

ਉਸ ਨੇ ਡੇਰਾ ਗਾਜ਼ੀ ਖ਼ਾਂ 1820 ਵਿੱਚ ਜਿੱਤਿਆ ਤੇ ਬਹਾਵਲਪੁਰ ਦੇ ਨਵਾਬ ਨੂੰ ਪਟੇ 'ਤੇ ਦੇ ਦਿੱਤਾ। ਪਿਸ਼ਾਵਰ ਦੇ ਸੁਲਤਾਨ ਮੁਹੰਮਦ ਖ਼ਾਂ ਤੋਂ ਰਣਜੀਤ ਸਿੰਘ ਕੁਝ ਘੋੜੇ ਤੇ ਚਾਵਲ ਵਾਰਸ਼ਕ ਕਰ ਦੇ ਰੂਪ ਵਿੱਚ ਲਿਆ ਕਰਦਾ ਸੀ ਤੇ ਉਸ ਦੇ ਇਕ ਪੁੱਤਰ ਨੂੰ ਜ਼ਮਾਨਤ ਦੇ ਤੌਰ 'ਤੇ ਦਰਬਾਰ ਵਿੱਚ ਰੱਖਿਆ ਹੋਇਆ ਸੀ।

ਉਸ ਨੇ ਡੇਰਾ ਗਾਜ਼ੀ ਖ਼ਾਂ ਨੂੰ 1821 ਵਿੱਚ ਜਿੱਤਿਆ ਤੇ ਮਨਕੇਰਾ ਦੇ ਗੱਦੀਓਂ ਲਾਹੇ ਨਵਾਬ ਹਾਫਿਜ਼ ਮੁਹੰਮਦ ਖ਼ਾਂ ਨੂੰ ਲਾਹੌਰ ਦੇ ਅਧੀਨ ਹਾਕਿਮ ਦੇ ਰੂਪ ਵਿੱਚ ਮਨਕੇਰਾ ਦੇ ਦਿੱਤਾ। ਟੌਂਕ ਤੇ ਗੁਆਂਢ ਦੇ ਜ਼ਿਲ੍ਹੇ ਵੀ ਰਾਜ 'ਚ ਨਾ ਮਿਲਾਏ ਗਏ ਤੇ 1822 ਖਰਾਜ ਦੇਣ ਵਾਲੇ ਖੇਤਰ ਬਣਾਏ ਗਏ।

ਪਰੰਤੂ ਜਦ ਕੱਟੜ ਪੰਥੀ ਸਯੱਦ ਅਹਿਮਦ ਸ਼ਾਹ ਬਰੇਲਵੀ ਦਾ ਵਿਦਰੋਹ ਦਬਾ ਦਿੱਤਾ ਗਿਆ ਤਾਂ ਰਣਜੀਤ ਸਿੰਘ ਨੇ ਸਿੰਧ ਪਾਰ ਦੇ ਇਲਾਕਿਆਂ ਬਾਰੇ ਨੀਤੀ ਵਿੱਚ ਤਬਦੀਲੀ ਕੀਤੀ। 1831 ਈ: ਵਿੱਚ ਡੇਰਾ ਗਾਜ਼ੀ ਖ਼ਾਂ, ਪਿਸ਼ਾਵਰ 1834 ਈ: ਵਿੱਚ, ਟੌਂਕ, ਬੰਨੂ ਤੇ ਡੇਰਾ ਇਸਮਾਈਲ ਖ਼ਾਂ 1832 ਈ: ਤੋਂ 1836 ਈ: ਵਿਚਕਾਰ ਲਾਹੌਰ ਰਾਜ ਵਿੱਚ ਮਿਲਾ ਲਏ ਗਏ। ਉੱਤਰ ਪੱਛਮ ਵਿੱਚ ਸਿੱਖ ਰਾਜ ਦੀਆਂ ਹੱਦਾਂ ਯੂਸਫਜਈ ਇਲਾਕੇ ਤੱਕ,

ਪਿਸ਼ਾਵਰ ਦੇ ਉੱਤਰ ਪੂਰਬ ਤੱਕ ਤੇ ਖੈਬਰ ਦੱਰੇ ਦੇ ਨੇੜੇ ਫਤਿਹਗੜ੍ਹ ਕਿਲ੍ਹੇ ਤੱਕ ਪਹੁੰਚ ਗਈਆਂ।

ਦੱਖਣ ਪੱਛਮ ਵਿੱਚ ਇਹ ਸਿੰਧ ਦੀ ਅਨਿਸਚਿਤ ਸੀਮਾ ਜੋ ਰੋਝਣ ਤੇ ਮਿਠਨ ਕੋਟ ਤੱਕ, ਦਰਿਆ ਸਤਲੁਜ ਤੇ ਸਿੰਧ ਦੇ ਸੰਗਮ ਤੋਂ ਪਰ੍ਹੇ ਸੀ, ਨੂੰ ਛੂੰਹਦੀ ਸੀ।[20]

ਰਣਜੀਤ ਸਿੰਘ ਇਕ ਗਜ਼ਬ ਦਾ ਜਰਨੈਲ ਸੀ ਪਰੰਤੂ ਉਸ ਦੀ ਸਹਾਇਤਾ ਲਈ ਉਸ ਦੇ ਯੋਗ ਜਰਨੈਲ ਦੀਵਾਨ ਮੁਹਕਮ ਚੰਦ, ਮਿਸਰ ਦੀਵਾਨ ਚੰਦ, ਹਰੀ ਸਿੰਘ ਨਲਵਾ ਤੇ ਅਕਾਲੀ ਫੂਲਾ ਸਿੰਘ, ਰਾਜਕੁਮਾਰ ਸ਼ੇਰ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਤੇ ਅਨੇਕਾਂ ਹੋਰ ਵੀ ਬਹੁਤ ਵਧੀਆ ਤੇ ਗਜ਼ਬ ਦੇ ਜਰਨੈਲ ਸਨ। ਉਸ ਵਿੱਚ ਅਸੀਮ ਸ਼ਕਤੀ ਤੇ ਜੋਸ਼ ਸੀ। ਬਹੁਤ ਔਖੀਆਂ ਤੇ ਖ਼ਤਰਨਾਕ ਮੁਹਿੰਮਾਂ ਵਿੱਚ ਜਿਵੇਂ ਹਜ਼ਰੋ ਦੇ ਯੁੱਧ ਵਿੱਚ, ਟਿੱਬੀ ਟੀਹੜੀ ਦੀ ਲੜਾਈ ਵਿੱਚ ਤੇ ਫਿਰ 1837 ਈ: ਵਿੱਚ ਹਰੀ ਸਿੰਘ ਨਲਵਾ ਦੀ ਮੌਤ ਤੋਂ ਪਿੱਛੋਂ ਉਸ ਨੇ ਸੈਨਾ ਦੀ ਆਪ ਅਗਵਾਈ ਕੀਤੀ।

1823 ਈ: ਵਿੱਚ ਸ਼ੇਰ ਸਿੰਘ ਦੀ ਸੈਨਾ ਉੱਪਰ ਜਹਾਂਗੀਰਾ ਦੇ ਅਸਥਾਨ 'ਤੇ ਅਫ਼ਗਾਨਾਂ ਦਾ ਦਬਾਅ ਬਹੁਤ ਵਧ ਗਿਆ ਸੀ ਤੇ ਉਹ ਉਸ ਨੂੰ ਖ਼ਤਮ ਕਰਨ ਦੀ ਯੋਜਨਾ ਬਣਾ ਰਹੇ ਸਨ। ਸਮਾਂ ਬਹੁਤ ਥੋੜ੍ਹਾ ਸੀ। ਤੜਕਸਾਰ ਹੀ ਰਣਜੀਤ ਸਿੰਘ ਨੇ ਆਪਣੇ ਸੈਨਿਕਾਂ ਨੂੰ ਹਰ ਹਾਲਤ ਵਿੱਚ ਅਟਕ ਦਰਿਆ ਪਾਰ ਕਰਨ ਦਾ ਆਦੇਸ਼ ਦਿੱਤਾ। ਦਰਿਆ ਵਿੱਚ ਘੋੜਾ ਠੇਲ੍ਹਣ ਵਾਲਾ ਸਭ ਤੋਂ ਪਹਿਲਾ ਵਿਅਕਤੀ ਉਹ ਆਪ ਸੀ, ਬਾਕੀ ਦੀ ਫ਼ੌਜ ਉਹਦੇ ਪਿੱਛੇ ਆ ਗਈ। ਗੋਲੀਬਾਰੀ ਕਰਨ ਲਈ ਲੁਕੇ ਹੋਏ ਅਫ਼ਗਾਨਾਂ ਦੇ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਪੰਜਾਬੀਆਂ ਨੇ ਦਰਿਆ ਦੇ ਪੱਛਮੀ ਕਿਨਾਰੇ 'ਤੇ ਅਧਿਕਾਰ ਕਰ ਲਿਆ। ਗਾਜ਼ੀ ਹੈਰਾਨ ਪ੍ਰੇਸ਼ਾਨ ਹੋਏ ਪਿੱਛੇ ਹਟ ਗਏ।[21]

ਅਸਲੀਅਤ ਇਹ ਹੈ ਕਿ ਉਹ ਬਹੁਤ ਦਲੇਰ ਸੀ। ਉਹ ਸ਼ਕਤੀ ਤੇ ਜੋਸ਼ ਨਾਲ ਭਰਪੂਰ ਸੀ। ਨੈਪੋਲੀਅਨ ਨੇ ਕਿਹਾ ਹੈ : 'ਜੋਸ਼ ਫ਼ੌਜ ਲਈ ਲਾਜ਼ਮੀ ਹੈ। ਤੇ ਕੋਰਵਾਨ ਕਲਾਜਵਿਟਜ਼ ਅਨੁਸਾਰ ਸੈਨਿਕ ਗੁਣਾਂ ਵਿੱਚੋਂ ਜੰਗ ਦੇ ਸੰਚਾਲਨ ਵਿੱਚ ਸ਼ਕਤੀ ਨੇ ਸਫ਼ਲਤਾ ਤੇ ਪ੍ਰਸਿੱਧੀ ਲਈ ਸਭ ਤੋਂ ਵੱਧ ਯੋਗਦਾਨ ਪਾਇਆ ਹੈ।' ਉਸ ਵਿੱਚ ਇਸ ਦੀ ਅਧਿਕ ਮਾਤਰਾ ਸੀ। ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਇਸੇ ਕਾਰਨ ਉਹ ਕਦੇ ਕੋਈ ਲੜਾਈ ਨਹੀਂ ਹਾਰਿਆ ਸੀ। ਰਣਜੀਤ ਸਿੰਘ ਸਿੱਖ ਬਹਾਦਰੀ ਦਾ ਆਦਰਸ਼ ਸੀ। ਉਹਦੇ ਸਦਕਾ ਹੀ ਸਿੱਖ ਸ਼ਕਤੀ ਆਪਣੇ ਸਿਖਰ 'ਤੇ ਸੀ।[22]

ਕੇਵਲ ਸਿੱਖ ਹੀ ਨਹੀਂ ਸਗੋਂ ਸਾਰੀ ਹਿੰਦੂ ਕੌਮ ਮਹਿਸੂਸ ਕਰਦੀ ਸੀ ਕਿ ਉਸ ਨਾਲ ਹੀ ਹਿੰਦੂ ਸ਼ਾਨੋ-ਸ਼ੌਕਤ ਦਾ ਸੂਰਜ ਭਾਰਤ ਦੇ ਰਾਜਸੀ ਦੁਮੇਲ ਉੱਪਰ ਫਿਰ ਇਕ ਵਾਰ ਚੜ੍ਹ ਪਿਆ ਹੈ। ਉਸ ਨੂੰ ਰਾਖਾ ਤੇ ਮੁਕਤੀਦਾਤਾ ਸਮਝਿਆ ਜਾਂਦਾ ਸੀ, ਜਿਸ ਨੇ ਉੱਤਰ ਵੱਲੋਂ ਵਹਿਸ਼ੀ ਹਮਲੇ ਕਰਨ ਵਾਲਿਆਂ ਨੂੰ ਫਿਰ ਉਹਨਾਂ ਦੇ ਘੁਰਨਿਆਂ ਵਿੱਚ ਧਕੇਲ ਦਿੱਤਾ ਸੀ।

ਉਹ ਹਿੰਮਤ-ਹੌਂਸਲੇ ਦਾ ਮੁਜੱਸਮਾ ਸੀ। ਉਹ ਇਕ ਆਦਰਸ਼ਕ ਸੈਨਿਕ, ਮਜ਼ਬੂਤ, ਪਤਲਾ, ਫ਼ੁਰਤੀਲਾ ਤੇ ਕਸ਼ਟ ਸਹਿ ਸਕਣ ਦੇ ਸਮਰੱਥ ਸੂਰਬੀਰ ਸੀ। ਉਹ ਇੰਨਾ ਵਧੀਆ

ਘੋੜਸਵਾਰ ਸੀ ਕਿ ਉਹ ਸਾਰਾ ਦਿਨ ਘੋੜੇ ਦੀ ਅਸਵਾਰੀ ਕਰਦਾ ਬਿਨਾਂ ਥਕੇਵਾਂ ਅਨੁਭਵ ਕੀਤਿਆਂ ਘੋੜੇ 'ਤੇ ਬੈਠਾ ਰਹਿ ਸਕਦਾ ਸੀ। ਜਦੋਂ ਉਸ ਨੇ 1837 ਈ: ਵਿੱਚ ਪਿਸ਼ਾਵਰ ਵਿਖੇ ਲੜਾਈ ਵਿੱਚ ਸ੍ਰ. ਹਰੀ ਸਿੰਘ ਨਲਵਾ ਦੀ ਮੌਤ ਦੀ ਖ਼ਬਰ ਸੁਣੀ ਤਾਂ ਉਸ ਨੇ ਇਕ ਦਿਨ ਵਿੱਚ ਲਾਹੌਰ ਤੋਂ ਪਿਸ਼ਾਵਰ ਤੱਕ ਦਾ 102 ਮੀਲ ਦਾ ਸਫ਼ਰ ਪੂਰਾ ਕੀਤਾ। ਸ਼ਾਇਦ ਉਹ ਆਪਣੇ ਸਮੇਂ ਦਾ ਭਾਰਤ ਦਾ ਸਰਵੋਤਮ ਘੋੜਸਵਾਰ ਤੇ ਤਲਵਾਰਬਾਜ਼ ਸੀ।

ਜਦੋਂ 1831 ਈ: ਵਿੱਚ ਰੋਪੜ ਵਿਖੇ "ਸੁਨਹਿਰੀ ਕੱਪੜੇ ਦੇ ਮੈਦਾਨ" ਵਿੱਚ ਉਸ ਦੀ ਮੁਲਾਕਾਤ ਗਵਰਨਰ ਜਨਰਲ ਨਾਲ ਹੋਈ ਤਾਂ ਉਸ ਨੇ ਨਿੱਜੀ ਰੂਪ ਵਿੱਚ ਸਕਿਨਰ ਦੇ ਰਿਸਾਲੇ ਵੱਲੋਂ ਤੰਬੂ ਲਾਉਣ ਤੇ ਤਲਵਾਰਬਾਜ਼ੀ ਦੇ ਕਰਤੱਵਾਂ ਦੇ ਮੁਕਾਬਲੇ ਵਿੱਚ ਭਾਗ ਲਿਆ। ਉਸਨੇ ਪੂਰੀ ਰਫ਼ਤਾਰ ਨਾਲ ਘੋੜ ਦੌੜ ਕਰਦਿਆਂ ਇਕ ਫ਼ੌਜੀ ਦੀ ਤਲੀ 'ਤੇ ਰੱਖਿਆ ਨਿੰਬੂ ਬਿਨਾਂ ਚੋਟ ਆਉਣ ਦੇ, ਦੋ ਹਿੱਸਿਆਂ 'ਚ ਕੱਟ ਕੇ ਅਦੁੱਤੀ ਕ੍ਰਿਸ਼ਮਾ ਕਰ ਵਿਖਾਇਆ ਜਿਹੜਾ ਕੋਈ ਹੋਰ ਕਰਕੇ ਨਾ ਵਿਖਾ ਸਕਿਆ। ਉਸ ਦੇ ਹੋਰ ਗੁਣਾਂ ਦੇ ਨਾਲ ਉਸ ਦੇ ਲੋਕਾਂ ਨੂੰ ਉਸ ਦਾ ਹੌਂਸਲਾ ਤੇ ਸੈਨਿਕ ਗੁਣ ਬਹੁਤ ਚੰਗੇ ਲੱਗਦੇ ਸਨ ਜੋ ਸਰੀਰਕ ਮਜ਼ਬੂਤੀ ਤੇ ਹੌਂਸਲੇ ਦੇ ਕਿਸੇ ਹੋਰ ਗੁਣ ਨਾਲੋਂ ਵਧੇਰੇ ਕਦਰਦਾਨ ਸਨ। ਉਹ ਆਪਣੇ ਲੋਕਾਂ, ਆਪਣੀ ਸੈਨਾ, ਫ਼ੌਜੀ ਤੇ ਸਿਵਲ ਅਧਿਕਾਰੀਆਂ ਵਿੱਚ ਬੜਾ ਹੀ ਲੋਕ-ਪ੍ਰਿਯ ਸੀ।

**ਫ਼ੌਜੀ ਪ੍ਰਬੰਧ**—ਉਸ ਨੇ ਇਕ ਫ਼ੌਜ ਦਾ ਨਿਰਮਾਣ ਕੀਤਾ ਜੋ ਆਪਣੀ ਸਿਖਰ ਤੇ ਬਹੁਤ ਸ਼ਕਤੀਸ਼ਾਲੀ ਸੀ। ਇਸ ਦੀ ਸਮੁੱਚੀ ਸ਼ਕਤੀ 1 ਲੱਖ ਪਿਆਦਾ, 30 ਹਜ਼ਾਰ ਘੋੜਸਵਾਰ ਤੇ 288 ਤੋਪਾਂ ਸਨ। ਇਹ ਰਣਜੀਤ ਸਿੰਘ ਦੀ ਚਹੇਤੀ ਸੀ ਤੇ ਇਸ ਦੀ ਸਾਂਭ-ਸੰਭਾਲ ਉਸ ਨੇ ਰਾਜ ਦੀ ਆਮਦਨ ਦਾ ਤੀਸਰਾ ਹਿੱਸਾ ਖ਼ਰਚ ਕਰ ਕੇ ਕੀਤੀ। ਸੈਨਿਕ ਮਸਲਿਆਂ ਵਿੱਚ ਮਹਾਰਾਜਾ ਅਸਾਧਾਰਣ ਸੂਝ ਸਿਆਣਪ ਦਾ ਮਾਲਕ ਸੀ।[23] ਉਸ ਦੀ ਫ਼ੌਜ ਬਾਕਾਇਦਾ ਤੇ ਬੇਕਵਾਇਦ ਦੋ ਸ਼੍ਰੇਣੀਆਂ ਵਿੱਚ ਵੰਡੀ ਹੋਈ ਸੀ। ਅੱਗੋਂ ਉਸ ਦੇ ਚਾਰ ਭਾਗ ਸਨ—ਪਿਆਦਾ, ਘੋੜਸਵਾਰ, ਤੋਪਖਾਨਾ ਤੇ ਫ਼ੌਜਿ-ਇ-ਖ਼ਾਸ। ਮਹਾਰਾਜਾ ਰਣਜੀਤ ਸਿੰਘ ਨੇ ਛੇਤੀ ਹੀ ਭਾਰੀ ਤੋਪਖਾਨੇ ਦੇ ਮਹੱਤਵ ਨੂੰ ਸਮਝ ਲਿਆ ਸੀ। ਇਸ ਲਈ ਪੈਦਲ ਸੈਨਾ ਦੀ ਤਰ੍ਹਾਂ ਮਹਾਰਾਜੇ ਨੇ ਤੋਪਖਾਨੇ ਵੱਲ ਸਭ ਤੋਂ ਵੱਧ ਧਿਆਨ ਦਿੱਤਾ ਸੀ ਕਿਉਂਕਿ ਉਹ ਉਸ ਨੂੰ ਸੈਨਿਕ ਸੁਧਾਰਾਂ ਦੀ ਯੋਜਨਾ ਦਾ ਇਕ ਅਤਿ ਅਵੱਸ਼ਕ ਅੰਗ ਸਮਝਦਾ ਸੀ।[24] ਉਸ ਨੇ ਸਿੱਖ ਮਿਸਲਾਂ ਤੋਂ ਵਿਰਾਸਤ 'ਚ ਮਿਲੇ ਅਣਘੜ ਤੇ ਬੇਤਰਤੀਬੇ ਸੈਨਿਕ ਢਾਂਚੇ ਨੂੰ ਪਿਆਦਾ ਤੇ ਤੋਪਖਾਨਾ ਫ਼ੌਜ ਦੇ ਵੱਖਰੇ ਸੈਨਾ ਦਲਾਂ ਵਿੱਚ ਨਵੇਂ ਸਿਰਿਉਂ ਸੰਗਠਿਤ ਕੀਤਾ ਸੀ। 1822 ਈ: ਵਿੱਚ ਉਸ ਨੇ ਸੈਨਾ ਦਾ ਯੂਰਪੀ ਢੰਗ ਨਾਲ ਆਧੁਨਿਕੀਕਰਣ ਕੀਤਾ। ਉਸ ਨੇ ਦੋ ਫਰਾਂਸੀਸੀਆਂ, ਜੀਨ ਫਰਾਂਕੋ ਅਲਾਰਡ ਤੇ ਜੀਨ ਬਪਤਿਸਤੇ ਵੈਂਤੂਰਾ ਨੂੰ ਕ੍ਰਮਵਾਰ ਘੋੜਸਵਾਰ ਸੈਨਾ ਤੇ ਤੋਪਖਾਨੇ ਦੀ ਸੈਨਾ ਨੂੰ ਸਿਖਲਾਈ ਦੇਣ ਲਈ ਭਰਤੀ ਕਰ ਲਿਆ, ਜਿਨ੍ਹਾਂ ਨੇ ਨੈਪੋਲੀਅਨ ਬੋਨਾਪਾਰਟ ਦੀ ਨੌਕਰੀ ਕੀਤੀ ਸੀ। ਨਿਰਸੰਦੇਹ ਮਹਾਰਾਜਾ ਆਪ ਇਕ ਸੁਯੋਗ ਤੇ ਸੂਰਬੀਰ ਸੈਨਾ ਨਾਇਕ ਸੀ ਪਰੰਤੂ ਉਸ ਤੋਂ ਕਿਤੇ ਵੱਧ ਉਹ ਇਕ ਸਰਵੋਤਮ ਸੈਨਿਕ ਸੰਗਠਨ-ਕਰਤਾ ਵੀ ਸੀ। ਲੈਪਲ ਗ੍ਰਿਫ਼ਨ ਨੇ

ਬੜਾ ਸਹੀ ਲਿਖਿਆ ਹੈ ਕਿ "ਮਹਾਰਾਜਾ ਰਣਜੀਤ ਸਿੰਘ ਦੀ ਤਿੱਖੀ ਸੈਨਿਕ ਬੁੱਧੀ ਇਤਨੀ ਉਸ ਦੇ ਸੈਨਾ ਨਾਇਕ ਹੋਣ ਤੋਂ ਪ੍ਰਗਟ ਨਹੀਂ ਹੁੰਦੀ ਜਿਤਨੀ ਕਿ ਉਸ ਕੌਸ਼ਲ ਤੋਂ ਹੁੰਦੀ ਹੈ ਜਿਸ ਰਾਹੀਂ ਉਸ ਨੇ ਸ਼ਕਤੀਸ਼ਾਲੀ ਅਨੁਸ਼ਾਸਨ ਯੁਕਤ ਤੇ ਸ਼ਸਤਰਾਂ ਨਾਲ ਸੁਸੱਜਿਤ ਸੈਨਾ ਦਾ ਸੰਗਠਨ ਕੀਤਾ"।[25]

ਡਾ. ਜੇ. ਐੱਸ. ਗਰੇਵਾਲ ਟਿੱਪਣੀ ਕਰਦਾ ਹੈ ਕਿ 'ਰਣਜੀਤ ਸਿੰਘ ਦੀ ਰਾਜਸੀ ਸਫਲਤਾ ਉਸ ਦੀ ਸੁਯੋਗ ਸੈਨਾ ਤੋਂ ਬਿਨਾਂ ਸੰਭਵ ਨਾ ਹੁੰਦੀ।'[26]

ਆਪਣੀ ਉਸ ਘੋੜਸਵਾਰ ਫ਼ੌਜ ਤੋਂ ਬਿਨਾਂ ਜਿਹੜੀ ਉਸ ਦੀਆਂ ਪਹਿਲੀਆਂ ਜਿੱਤਾਂ ਦੇ ਮਗਰੋਂ ਵਧਦੀ ਗਈ, ਉਸ ਦੀ ਸਹਾਇਤਾ ਉਸ ਦੇ ਸਹਿਯੋਗ ਤੇ ਅਧੀਨ ਮੁਖੀਆਂ ਵੱਲੋਂ ਘੋੜਸਵਾਰਾਂ ਦੇ ਦਲ ਭੇਜ ਕੇ ਵੀ ਕੀਤੀ ਜਾਂਦੀ ਸੀ। ਇਸ ਵਿੱਚ ਸ਼ੱਕ ਨਹੀਂ ਕਿ ਘੋੜਸਵਾਰ ਸੈਨਾ ਦੀ ਉਸ ਨੂੰ ਤੇ ਉਸ ਦੇ ਸਰਦਾਰਾਂ ਨੂੰ ਖ਼ਾਸ ਖਿੱਚ ਸੀ। ਉਸ ਨੇ ਘੋੜ ਚੜ੍ਹਿਆਂ ਤੇ ਅੰਗ-ਰੱਖਿਅਕਾਂ ਦੀ ਖ਼ਾਸ ਫ਼ੌਜ ਦਾ ਨਿਰਮਾਣ ਕੀਤਾ। ਇਸ ਸੈਨਾ ਦਲ ਨਾਲੋਂ ਵਧੇਰੇ ਚਮਤਕਾਰੀ ਤੇ ਸੁੰਦਰ ਦਲ ਹੋਰ ਕਿਤੇ ਸੰਭਵ ਨਹੀਂ ਸੀ।[27] ਉਸ ਨੇ ਦੂਸਰੇ ਦਹਾਕੇ ਵਿੱਚ ਘੋੜ ਸਵਾਰਾਂ ਨੂੰ ਯੂਰਪੀਨ ਲੀਹਾਂ ਤੇ ਸੁਸਿਖਿੱਅਤ ਕਰਨਾ ਸ਼ੁਰੂ ਕਰ ਦਿੱਤਾ ਸੀ। ਅਜਿਹੇ ਘੋੜਸਵਾਰਾਂ ਦੀ ਗਿਣਤੀ 1830 ਈ: ਤੱਕ 4000 ਹੋ ਗਈ ਸੀ।

ਰਣਜੀਤ ਸਿੰਘ ਦੀ ਫ਼ੌਜ ਦੀ ਅਸਲੀ ਸ਼ਕਤੀ ਪਿਆਦਾ ਤੇ ਤੋਪਖਾਨਾ ਫ਼ੌਜ ਸੀ। ਅੰਮ੍ਰਿਤਸਰ ਦੀ ਸੰਧੀ ਪਿੱਛੋਂ ਤੇ ਖ਼ਾਸ ਕਰਕੇ ਮੁਲਤਾਨ ਤੇ ਕਸ਼ਮੀਰ ਦੀਆਂ ਜਿੱਤਾਂ ਵੇਲੇ ਇਹਨਾਂ ਦਲਾਂ ਨੇ ਅਧਿਕ ਨਿਰਣਾਇਕ ਭੂਮਿਕਾ ਨਿਭਾਈ। ਮਹਾਰਾਜੇ ਦੇ ਰਾਜ ਦੇ ਆਖ਼ਰੀ ਪੜਾਅ ਵਿੱਚ ਲਗਪਗ ਅੱਧੀ ਸੈਨਾ ਦੇ ਸੈਨਿਕ ਤੇ ਅਫ਼ਸਰ ਯੂਰਪੀਨ ਲੀਹਾਂ ਤੇ ਸੁਸਿੱਖਿਅਤ ਸਨ ਤੇ ਉਹਨਾਂ 'ਚ ਅਧਿਕ ਗਿਣਤੀ ਪੰਜਾਬੀਆਂ ਦੀ ਸੀ। ਹਮਲਾ ਕਰਨ ਦੀ ਸ਼ਕਤੀ ਪੱਖੋਂ ਰਣਜੀਤ ਸਿੰਘ ਦੇ ਰਾਜ ਦੀ ਤਾਕਤ ਏਸ਼ੀਆ ਦੇ ਵੱਡੇ ਰਾਜਾਂ ਦੇ ਮੁਕਾਬਲੇ ਵਧੇਰੇ ਸੀ।[28]

ਰਣਜੀਤ ਸਿੰਘ ਦੀ ਪੁਨਰ-ਗਠਿਤ ਸੈਨਾ ਵਧੀਆ ਤਾਕਤ ਬਣ ਗਈ ਸੀ। ਉਸ ਨੇ ਆਪਣੀ ਪੁਨਰ-ਗਠਿਤ ਸੈਨਾ ਦੇ ਤਿੰਨ ਭਾਗ ਕੀਤੇ। ਪਹਿਲੇ ਭਾਗ ਵਿੱਚ 13 ਹਜ਼ਾਰ ਸੈਨਿਕ ਸਨ ਜੋ ਸਿੱਧੇ ਮਹਾਰਾਜੇ ਦੀ ਕਮਾਨ ਅਧੀਨ ਸਨ ਤੇ ਉਹ ਸਦਾ ਹੀ ਕਾਰਵਾਈ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਇਸ ਵਿੱਚ ਘੋੜਸਵਾਰ, ਪਿਆਦਾ ਤੇ ਤੋਪਖਾਨਾ ਦੇ ਦਲ ਸ਼ਾਮਿਲ ਸਨ। ਘੋੜਸਵਾਰ ਦਲ ਸਮੁੱਚਾ ਹੀ ਸਿੱਖਾਂ 'ਤੇ ਆਧਾਰਿਤ ਸੀ ਤੇ ਇਸ ਵਿੱਚੋਂ ਹੀ ਉਸ ਦੇ ਚੋਟੀ ਦੇ ਜਰਨੈਲ ਜਿਵੇਂ ਹਰੀ ਸਿੰਘ ਨਲਵਾ, ਹੁਕਮਾ ਸਿੰਘ ਚਿਮਨੀ, ਤੇ ਦੇਸਾ ਸਿੰਘ ਮਜੀਠੀਆ ਸਨ। ਪਿਆਦਾ ਫ਼ੌਜ ਹਿੰਦੂਆਂ ਤੇ ਮੁਸਲਮਾਨਾਂ ਦੀ ਮਿਸ਼ਰਿਤ ਸੀ ਤੇ ਸਿੱਖਾਂ ਦੀ ਮਾਤਰਾ ਕਾਫ਼ੀ ਘੱਟ ਸੀ। ਭਾਰੀ ਤੋਪਖਾਨਾ ਜਿਸ ਵਿੱਚ ਅਧਿਕ ਮੁਸਲਮਾਨ ਸਨ ਮੀਆਂ ਗੌਸਾ ਦੀ ਕਮਾਨ ਅਧੀਨ ਸਨ। ਦੂਸਰਾ ਭਾਗ ਜਿਸ ਵਿੱਚ 1000 ਸੈਨਿਕ ਸਨ, ਉਹਨਾਂ ਮੁਖੀਆਂ ਦੀ ਸੈਨਾ ਉੱਪਰ ਆਧਾਰਿਤ ਸੀ ਜੋ ਮਹਾਰਾਜੇ ਨੂੰ ਜਾਗੀਰਾਂ ਦੇ ਬਦਲੇ ਫ਼ੌਜੀ ਸੇਵਾ ਦੇ ਦੇਣਦਾਰ ਸਨ। ਤੀਸਰਾ ਭਾਗ ਉਹਨਾਂ ਮਿਸਲਾਂ ਦੀਆਂ ਫ਼ੌਜਾਂ ਦਾ ਸੀ ਜੋ ਦਰਬਾਰ ਦੀਆਂ ਮਿੱਤਰ ਤੇ ਸਹਿਯੋਗੀ ਸਨ। ਸਮੁੱਚੀ ਸੈਨਿਕ ਤਾਕਤ ਜੋ ਮਹਾਰਾਜ

ਲੜਾਈ ਸਮੇਂ ਮੈਦਾਨ ਵਿੱਚ ਝੋਂਕ ਸਕਦਾ ਸੀ, ਉਸ ਦੀ ਗਿਣਤੀ 31000 ਸੀ।

ਇਸ ਪੁਨਰਗਠਿਤ ਸੈਨਾ ਤੋਂ ਪ੍ਰਯਾਪਤ ਸੈਨਾ ਦੀ ਤਾਕਤ ਬਾਰੇ ਸਾਫ਼ ਸਪੱਸ਼ਟ ਜਾਣਕਾਰੀ ਪ੍ਰਾਪਤ ਹੋ ਜਾਂਦੀ ਸੀ। ਉਸ ਨੇ ਸੈਨਾ ਦੇ ਨਿਸ਼ਾਨੇਬਾਜ਼ੀ, ਡਰਿਲ ਤੇ ਯੁੱਧ ਚਾਲਾਂ ਵਿੱਚ ਬੜੇ ਸਖ਼ਤ ਮਾਪ-ਦੰਡ ਤੇ ਪੱਧਰ ਨਿਸ਼ਚਿਤ ਕੀਤੇ। ਉਹ ਹਰ ਰੋਜ਼ 3-4 ਘੰਟੇ ਆਪਣੀ ਫ਼ੌਜ ਨਾਲ ਬਿਤਾਉਂਦਾ ਸੀ ਤੇ ਕੋਈ ਦਿਨ ਹੀ ਸ਼ਾਇਦ ਖ਼ਾਲੀ ਜਾਂਦਾ ਹੋਵੇ ਜਦੋਂ ਉਸ ਨੇ ਤੋਪਚੀ ਜਾਂ ਘੋੜਸਵਾਰ ਨੂੰ ਉਸ ਦੀ ਵਧੀਆ ਕਾਰਗੁਜ਼ਾਰੀ ਬਦਲੇ ਇਨਾਮ ਨਾ ਦਿੱਤਾ ਹੋਵੇ। ਕਿਉਂਕਿ ਉਹ ਅਜਿਹੀ ਲੜਾਈ ਸਮੇਂ ਫ਼ੌਜ ਦੇ ਨਾਲ ਹੀ ਜਾਂਦਾ ਸੀ, ਇਸ ਲਈ ਉਹ ਵਿਅਕਤੀਗਤ ਬਹਾਦਰੀ ਦੇ ਕਾਰਨਾਮਿਆਂ ਬਦਲੇ ਵਿਅਕਤੀ ਵਿਸ਼ੇਸ਼ ਦਾ ਉਤਸ਼ਾਹ ਵਧਾਉਣ ਲਈ ਜਾਗੀਰਾਂ ਤੇ ਪੈਨਸ਼ਨਾਂ ਇਨਾਮ ਵਜੋਂ ਦਿਆ ਕਰਦਾ ਸੀ। ਅਜਿਹੀ ਸੈਨਾ ਦੀ ਮੁੱਠੀ ਵਿੱਚ ਆਕਾਸ਼ ਵੀ ਆ ਸਕਣਾ ਅਸੰਭਵ ਨਹੀਂ ਸੀ।[29]

ਰਣਜੀਤ ਸਿੰਘ ਦੇ ਰਾਜ ਦੇ ਵਿਸਥਾਰ ਵਿੱਚ ਉਸ ਦੀ ਸੈਨਾ ਦੇ ਪੱਛਮੀਕ੍ਰਿਤ ਦਲਾਂ ਜਿਤਨਾ ਹੀ ਯੋਗਦਾਨ ਉਸ ਦੀ ਪ੍ਰਚਲਤ ਤਾਬੇਦਾਰੀ ਸੈਨਾ ਦਾ ਵੀ ਸੀ। ਬਹੁਤ ਸਾਰੇ ਸਰਦਾਰ ਜਿਹਨਾਂ ਦੀਆਂ ਰਿਆਸਤਾਂ ਖ਼ਤਮ ਕਰ ਦਿੱਤੀਆਂ ਗਈਆਂ ਸਨ, ਉਹਨਾਂ ਨੂੰ ਰਾਜਸੀ ਪ੍ਰਮੁੱਖਤਾ ਪਰਵਾਨ ਕਰਨ ਬਦਲੇ ਖਿਰਾਜ ਦੇਣਾ ਪੈਂਦਾ ਸੀ।[30] ਖੁਸ਼ਾਬ, ਸਾਹੀਵਾਲ, ਝੰਗ ਤੇ ਮਨਕੇਰਾ ਦੇ ਮੁਖੀਆਂ ਨੂੰ ਆਪਣੇ ਇਲਾਕਿਆਂ ਦੇ ਇਲਹਾਕ ਤੋਂ ਕਈ ਸਾਲ ਪਹਿਲਾਂ ਹੀ ਕਰ ਦਿਆ ਕਰਦੇ ਸਨ। ਮੁਲਤਾਨ ਦਾ ਹਾਕਮ 1818 ਈ: ਦੀ ਜਿੱਤ ਤੋਂ ਲਗਭਗ ਇਕ ਦਹਾਕਾ ਪਹਿਲਾਂ ਤੋਂ ਹੀ ਨਿਯਮਿਤ ਰੂਪ ਵਿੱਚ ਖਿਰਾਜ ਦਿੰਦਾ ਆ ਰਿਹਾ ਸੀ। ਬਹਾਵਲਪੁਰ ਰਿਆਸਤ ਦਾ ਮੁਖੀ ਸਤਲੁਜ ਤੋਂ ਲਹਿੰਦੇ ਖੇਤਰ ਦਾ ਖਿਰਾਜ 1831 ਈ: ਤੱਕ ਦਿੰਦਾ ਰਿਹਾ। ਬਹੁਤ ਸਾਰੀਆਂ ਹਾਲਤਾਂ ਵਿੱਚ ਤਾਂ ਉਹ ਵਾਸਤਵਿਕ ਰੂਪ ਵਿੱਚ ਉਦੋਂ ਤੱਕ ਖਿਰਾਜ ਦੀ ਰਕਮ ਵਧਾਈ ਜਾਂਦਾ ਜਦ ਤੱਕ ਜਾਂ ਤਾਂ ਉਹ ਦੇਣ ਦੇ ਯੋਗ ਨਾ ਰਹਿੰਦਾ ਜਾਂ ਫਿਰ ਦੇਣ ਤੋਂ ਨਾਂਹ ਕਰ ਦਿੰਦਾ ਤੇ ਇਸ ਨਾਲ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਕਿ ਰਿਆਸਤ ਦਾ ਇਲਾਕਾ ਲੈਣਾ ਜ਼ਰੂਰੀ ਹੋ ਜਾਂਦਾ ਭਾਵੇਂ ਇਹ ਅਨੁਚਿੱਤ ਹੁੰਦਾ ਹੈ। ਉਹ ਆਪਣੇ ਤਾਬੇਦਾਰ ਸਰਦਾਰਾਂ 'ਚੋਂ ਧਨ ਇਸ ਤਰ੍ਹਾਂ ਖਿਰਾਜ ਦੇ ਰੂਪ ਵਿੱਚ ਆਖਰੀ ਰੁਪਏ ਤੱਕ ਨਿਚੋੜ ਲੈਂਦਾ ਜਿਵੇਂ ਕੋਈ ਨਿੰਬੂ ਦੇ ਰਸ ਦੀ ਆਖ਼ਰੀ ਤਿੱਪ ਨਿਚੋੜ ਲਵੇ। ਉਹ ਗਊ ਦੀ ਪਾਲਣਾ ਕਰਨ ਤੋਂ ਬਿਨਾਂ ਹੀ ਗਊ ਚੋ ਲੈਣ ਦੀ ਨੀਤੀ 'ਤੇ ਚਲਦਾ ਸੀ। ਉਸ ਨੇ ਲਗਭਗ ਸਤਲੁਜ ਜਮਨਾ ਪਸਾਰ ਦੇ ਸਾਰੇ ਮੁਖੀਆਂ ਪਾਸੋਂ ਉਹਨਾਂ ਦੇ ਅੰਗਰੇਜ਼ੀ ਸੁਰੱਖਿਆ ਵਿੱਚ ਜਾਣ ਤੋਂ ਪਹਿਲਾਂ ਕਰ ਪ੍ਰਾਪਤ ਕੀਤਾ ਸੀ। ਇਸ ਤਰ੍ਹਾਂ ਰਣਜੀਤ ਸਿੰਘ ਅਧੀਨ ਬਾਜ਼ਗੁਜ਼ਾਰੀ ਦਾ ਪ੍ਰਬੰਧ, ਜਿੱਥੋਂ ਤੱਕ ਆਮਦਨ ਤੇ ਪ੍ਰਭਾਵ ਦਾ ਸੰਬੰਧ ਸੀ, ਉਤਨਾ ਹੀ ਪ੍ਰਭਾਵਸ਼ਾਲੀ ਸੀ ਜਿਤਨਾ ਕਿਸੇ ਖੇਤਰ ਉੱਪਰ ਅਧਿਕਾਰ ਕਰਕੇ ਨਾਲ ਰਲਾ ਲੈਣ ਨਾਲ ਹੁੰਦਾ।

ਰਣਜੀਤ ਸਿੰਘ ਦਾ ਸਿਵਲ ਪ੍ਰਬੰਧ ਵੀ ਇਕ ਸ੍ਵੈ-ਇੱਛਾਧਾਰੀ ਸੈਨਿਕ ਤਾਨਾਸ਼ਾਹੀ ਸੀ ਜੋ ਆਮ ਲੋਕਾਂ ਦੀ ਇੱਛਾ 'ਤੇ ਵੀ ਨਿਰਭਰ ਕਰਦਾ ਸੀ।[31] ਸਰਕਾਰ ਖ਼ਾਲਸਾ ਕਿਹਾ

ਜਾਂਦਾ ਇਹ ਰਾਜ ਇਕ ਪੂਰੀ ਤਰ੍ਹਾਂ ਕੇਂਦਰੀਕ੍ਰਿਤ ਰਾਜਤੰਤਰ ਸੀ। ਇਸ ਦੀ ਵੱਡੀ ਵਿਸ਼ੇਸ਼ਤਾ ਧਾਰਮਿਕ ਰਵਾਦਾਰੀ ਤੇ ਵਿਵਹਾਰਕ ਨਿਪੁੰਨਤਾ ਸੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸੈਨਿਕ ਰਾਜਤੰਤਰ ਜਨ-ਸਾਧਾਰਣ ਦੀ ਇੱਛਾ ਅਨੁਸਾਰ ਹੀ ਚਲਦਾ ਸੀ। ਬਰਨਜ਼ ਲਿਖਦਾ ਹੈ ਕਿ ਉਸ ਨੇ ਆਪਣੇ ਆਪ ਨੂੰ ਅਜਿਹੇ ਸੁਧਾਰ ਕਰਨ ਵਿੱਚ ਨਾਲ ਰੱਖਿਆ ਸੀ ਜੋ ਕੇਵਲ ਵੱਡੇ ਦਿਮਾਗ਼ਾਂ 'ਚੋਂ ਹੀ ਪੈਦਾ ਹੁੰਦੇ ਹਨ ਅਤੇ ਅਸੀਂ ਵੇਖਦੇ ਹਾਂ ਕਿ ਅਜਿਹੀ ਤਾਨਾਸ਼ਾਹੀ ਜਿਸ ਵਿੱਚ ਸਖ਼ਤੀ ਨਹੀਂ ਤੇ ਇਕ ਅਜਿਹਾ ਤਾਨਾਸ਼ਾਹ ਜੋ ਬਿਲਕੁਲ ਜ਼ਾਲਮ ਨਹੀਂ ਤੇ ਇਕ ਅਜਿਹਾ ਸ਼ਾਸਨ ਪ੍ਰਬੰਧ ਜੋ ਪੂਰਬ ਦੀਆਂ ਦੇਸੀ ਸੰਸਥਾਵਾਂ ਤੋਂ ਕਿਤੇ ਅੱਗੇ ਤੇ ਵਧੀਆ ਸੀ।"[32] ਭਾਵੇਂ ਇਹ ਰਾਜ ਸੈਨਿਕ ਸ਼ਕਤੀ ਤੇ ਆਧਾਰਿਤ ਸੀ ਤੇ ਇਸ ਨੂੰ ਲਗਾਤਾਰ ਜਿੱਤਾਂ ਨੇ ਵਧੇਰੇ ਸ਼ਕਤੀ ਦਿੱਤੀ ਸੀ ਫਿਰ ਵੀ ਇਹ ਰਾਜ ਲੋਕ-ਪ੍ਰਿਆ ਸੀ। ਇਕ ਤਾਨਾਸ਼ਾਹ ਸਮਰਾਟ ਵਜੋਂ ਉਸ ਦੀਆਂ ਬਹੁਤ ਸ਼ਕਤੀਆਂ ਸਨ ਤੇ ਉਹਨਾਂ ਦੀ ਵਰਤੋਂ ਉਹ ਆਪਣੀ ਸਮੁੱਚੀ ਪਰਜਾ—ਹਿੰਦੂਆਂ, ਸਿੱਖਾਂ, ਮੁਸਲਮਾਨਾਂ ਤੇ ਹੋਰ ਦੂਸਰਿਆਂ ਦੀ ਭਲਾਈ ਬਿਨਾਂ ਰੋਕ ਟੋਕ ਤੇ ਅੜਿੱਕੇ ਦੇ ਕਰਦਾ ਸੀ।

ਇਹ ਦੇਸ਼ ਵਿਚਲੇ ਦੂਸਰੇ ਤਾਨਾਸ਼ਾਹੀ ਰਾਜਤੰਤਰਾਂ ਨਾਲੋਂ ਇਸ ਪੱਖੋਂ ਭਿੰਨ ਸੀ ਕਿ ਬਾਵਜੂਦ ਆਪਣੀ ਸ਼ਕਤੀ ਦੇ, ਇਹ ਸਿਧਾਂਤਕ ਰੂਪ ਵਿੱਚ ਖ਼ਾਲਸਾ ਪੰਥ ਦੀ ਏਜੰਸੀ ਹੀ ਸੀ ਜਿਹੜਾ ਕਿ ਕੁਲ ਪ੍ਰਭੁਤਵਤਾ ਦਾ ਭੰਡਾਰ ਸੀ। ਰਣਜੀਤ ਸਿੰਘ ਦੀ ਰਾਜਨੀਸੀ ਅਫ਼ਿਰਕੂ ਤੇ ਮਾਨਵਵਾਦੀ ਸੀ। ਡਾ. ਫੌਜਾ ਸਿੰਘ ਦੇ ਸ਼ਬਦਾਂ ਵਿੱਚ, "ਰਣਜੀਤ ਸਿੰਘ ਦਾ ਅਜਿਹਾ ਧਰਮ ਨਿਰਪੇਖ ਰਾਜ ਸਥਾਪਤ ਕਰਨ ਦਾ ਕੋਈ ਵਿਚਾਰ ਨਹੀਂ ਸੀ ਜਿਵੇਂ ਕਿ ਪੱਛਮ ਵਿੱਚ ਇਸ ਦਾ ਅਰਥ ਲਿਆ ਜਾਂਦਾ ਹੈ ਜਾਂ ਜਿਸ ਤਰ੍ਹਾਂ ਕਿ ਅਸੀਂ ਅੱਜ ਇਸ ਦਾ ਅਰਥ ਸਮਝਦੇ ਹਾਂ। ਉਸ ਦੀ ਯੋਜਨਾ ਧਾਰਮਿਕ ਸੀ ਪਰੰਤੂ ਉਹ ਫ਼ਿਰਕਾਪ੍ਰਸਤੀ ਵਾਲੀ ਨਹੀਂ ਸੀ।"[33]

ਉਸ ਨੇ ਆਪਣੇ ਰਾਜ ਨੂੰ ਚਾਰ ਮੁੱਖ ਪ੍ਰਾਂਤਾਂ—ਲਾਹੌਰ, ਮੁਲਤਾਨ, ਪਿਸ਼ਾਵਰ ਤੇ ਕਸ਼ਮੀਰ ਵਿੱਚ ਵੰਡਿਆ ਹੋਇਆ ਸੀ। ਕੇਂਦਰੀ ਸਰਕਾਰ ਲਾਹੌਰ ਵਿੱਚ ਸਥਿਤ ਸੀ। ਇਹਨਾਂ ਚਾਰ ਪ੍ਰਾਂਤਾਂ ਤੋਂ ਬਿਨਾਂ ਬਾਜ਼ਗੁਜਾਰ ਪਹਾੜੀ ਰਿਆਸਤਾਂ ਜਿਵੇਂ ਬਿਲਾਸਪੁਰ, ਸੁਕੇਤ, ਚੰਬਾ, ਰਾਜੌਰੀ, ਲੱਦਾਖ ਤੇ ਇਸਕਰਦੂ ਸਨ। ਮੰਡੀ, ਕੁੱਲੂ, ਹਰੀਪੁਰ, ਦਾਤਾਰਪੁਰ, ਕਟਹਿਰ, ਸ਼ਿਬਾ, ਨੂਰਪੁਰ, ਜਸਵਾਂ, ਕਾਂਗੜਾ, ਬਸੌਲੀ, ਛੱਛ, ਹਜ਼ਾਰਾ, ਰਾਵਲਪਿੰਡੀ, ਹਸਨ ਅਬਦਾਲ, ਧਨੀ, ਕਟਾਸ, ਚਕਵਾਲ, ਟੌਂਕ, ਬੰਨੂ, ਮਨਕੇਰਾ, ਰਾਮਨਗਰ, ਮਿੱਠਾ ਟਿਵਾਣਾ, ਭੇਰਾ, ਖੁਸ਼ਾਬ, ਪਿੰਡ ਦਾਦਨ ਖ਼ਾਂ, ਗੁਜਰਾਤ, ਵਜ਼ੀਰਾਬਾਦ, ਸਿਆਲਕੋਟ, ਜਲੰਧਰ, ਦੁਆਬ ਤੇ ਸ਼ੇਖੂਪੁਰਾ ਠੇਕੇ ਤੇ ਦਿੱਤੇ ਜਾਂਦੇ ਸਨ। ਇਸ ਤੋਂ ਬਿਨਾਂ ਰਣਜੀਤ ਸਿੰਘ ਕੋਲ ਸਤਲੁਜ ਤੋਂ ਦੱਖਣ ਵੱਲ ਕਾਫ਼ੀ ਇਲਾਕੇ ਸਨ ਜਿਹਨਾਂ ਦਾ ਵਾਰਸ਼ਿਕ ਮਾਮਲਾ 20 ਲੱਖ ਰੁਪਏ ਸੀ। 1838 ਈ: ਵਿੱਚ ਮੁਨਸ਼ੀ ਸ਼ਾਹਮਤ ਅਲੀ ਅਨੁਸਾਰ ਰਾਜ ਦੀ ਕੁੱਲ ਆਮਦਨ 3 ਕਰੋੜ 27 ਹਜ਼ਾਰ 62 ਸੀ ਜਿਸ ਵਿੱਚੋਂ 1 ਕਰੋੜ 96 ਲੱਖ, 57 ਹਜ਼ਾਰ ਤੇ 172 ਰੁਪਏ ਸਰਕਾਰੀ ਭੂਮੀ ਦਾ ਮਾਮਲਾ ਸੀ, 87 ਲੱਖ 54 ਹਜ਼ਾਰ ਪੰਜ ਸੌ ਨੱਬੇ ਜਾਗੀਰਾਂ

ਤੋਂ 12,66,000 ਖਿਰਾਜ ਅਤੇ 3½ ਲੱਖ ਮਹਿਸੂਲ ਚੁੰਗੀ ਤੋਂ ਪ੍ਰਾਪਤ ਹੁੰਦੇ ਸਨ।

ਕੇਂਦਰੀ ਸਰਕਾਰ ਦਾ ਪ੍ਰਬੰਧ ਚਲਾਉਣ ਲਈ ਦਰਜਨ ਦੇ ਲਗਭਗ ਵਿਭਾਗ ਜਾਂ ਦਫ਼ਤਰ ਸਨ ਤੇ ਜਿਨ੍ਹਾਂ ਦੀ ਨਿਗਰਾਨੀ ਯੋਗਤਾ ਤੇ ਗੁਣਾਂ ਦੇ ਆਧਾਰ ਤੇ ਚੁਣੇ ਹੋਏ ਵਿਅਕਤੀ ਕਰਦੇ ਸਨ ਜੋ ਖ਼ਜ਼ਾਨਾ, ਭੂਮੀ ਮਾਲੀਆ, ਚੁੰਗੀ ਤੇ ਆਬਕਾਰੀ, ਤਨਖ਼ਾਹਾਂ ਤੇ ਹਿਸਾਬ-ਕਿਤਾਬ, ਸ਼ਾਹੀ ਪਰਿਵਾਰ ਦਾ ਖ਼ਰਚਾ ਤੇ ਹੋਰ ਵਿਭਾਗ ਦੀ ਦੇਖ-ਰੇਖ ਕਰਦੇ ਸਨ। ਉਹਨਾਂ ਦੇ ਮੁੱਖ ਅਧਿਕਾਰੀ ਮੰਤਰੀ ਤੇ ਸਲਾਹਕਾਰ ਹੁੰਦੇ ਸਨ ਤੇ ਰਣਜੀਤ ਸਿੰਘ ਹੀ ਉਹਨਾਂ ਦੀ ਨਿਯੁਕਤੀ ਲਈ ਆਪ ਹੀ ਪਾਰਖੂ ਸੀ। ਉਸ ਦੀ ਚੋਣ ਜ਼ਾਤ ਤੇ ਧਰਮ ਦੇ ਆਧਾਰ 'ਤੇ ਨਹੀਂ ਸਗੋਂ ਸੁਯੋਗਤਾ ਹੀ ਮੁੱਖ ਆਧਾਰ ਸੀ।

ਉਸ ਦਾ ਰਾਜ ਚਾਰ ਸੂਬਿਆਂ ਵਿੱਚ ਵਿਭਾਜਿਤ ਸੀ ਜਿਹਨਾਂ ਦੇ ਮੁਖੀ ਨੂੰ ਨਾਜ਼ਿਮ ਜਾਂ ਸੂਬਾਦਾਰ ਕਿਹਾ ਜਾਂਦਾ ਸੀ। ਸੂਬੇਦਾਰ ਦੇ ਅਧੀਨ ਕਾਰਦਾਰ ਹੁੰਦਾ ਸੀ ਜਿਸ ਦੇ ਅਧੀਨ ਵਿੱਤੀ, ਮਾਲੀ ਤੇ ਨਿਆਂ ਸ਼ਕਤੀਆਂ ਸਨ ਤੇ ਉਸ ਦੀ ਨਿਯੁਕਤੀ ਕੇਂਦਰੀ ਸਰਕਾਰ ਕਰਦੀ ਸੀ। ਉਸ ਨੇ ਮੁਗ਼ਲਾਂ ਦੇ ਸਮੇਂ ਵਿਰਸੇ ਵਿੱਚ ਮਿਲਿਆ ਹੋਇਆ ਪ੍ਰਚਲਤ ਭੂਮੀ ਪ੍ਰਬੰਧ ਹੀ ਥੋੜ੍ਹੀ ਬਹੁਤ ਤਬਦੀਲੀ ਨਾਲ ਕਾਇਮ ਰੱਖਿਆ ਹੋਇਆ ਸੀ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ ਕਿ ਨਿਯਮਤ ਤੇ ਅਨਿਯਮਤ ਖ਼ਰਚੇ ਤੇ ਉਗਰਾਹੀ ਕੁੱਲ ਉਪਜ ਦੇ ਅੱਧ ਤੋਂ ਨਾ ਵਧਣ ਜਿਸ ਦਾ ਅਨੁਮਾਨ ਖੜੀ ਫ਼ਸਲ ਤੋਂ ਲਾ ਲਿਆ ਜਾਂਦਾ ਸੀ। ਸਿੱਖ ਹਾਕਮ ਮਾਮਲੇ ਲਈ ਸੁਨਹਿਰੀ ਅੰਡੇ ਦੇਣ ਵਾਲੀ ਮੁਰਗੀ ਨੂੰ ਮਾਰ ਦੇਣ ਦਾ ਇੱਛਾਵਾਨ ਨਹੀਂ ਸੀ।[34] ਮਹਾਰਾਜੇ ਦੀ ਮਾਮਲਾ ਨੀਤੀ ਨਾ ਤਾਂ ਦਬੇਲ ਸੀ ਤੇ ਨਾ ਹੀ ਹਮਦਰਦੀ ਤੋਂ ਬਿਨਾਂ ਤੇ ਨਾ ਹੀ ਇਕ ਕਿਸਾਨਾਂ ਲਈ ਸਨੇਹ ਭਾਵ ਤੋਂ ਸੱਖਣੀ ਸੀ।

ਰਣਜੀਤ ਸਿੰਘ ਦੇ ਰਾਜ ਵਿੱਚ ਖੇਤੀ ਤੇ ਵਪਾਰ ਦੀ ਪੁਨਰ-ਸੁਰਜੀਤੀ ਸਿਖਰ ਤੇ ਪਹੁੰਚ ਗਈ ਸੀ। ਉਹ ਖੇਤੀ ਨੂੰ ਜਦੀਦ ਬੰਜਰ ਤੇ ਕਦੀਮ ਬੰਜਰ ਤੱਕ ਫੈਲਾਉਣਾ ਚਾਹੁੰਦਾ ਸੀ ਤੇ ਇਸ ਬਾਰੇ ਉਸ ਨੇ ਨਾਜ਼ਿਮਾਂ ਤੇ ਕਾਰਦਾਰਾਂ ਨੂੰ ਵਿਸ਼ੇਸ਼ ਹਿਦਾਇਤਾਂ ਦੇ ਰੱਖੀਆਂ ਸਨ। ਨਵੀਂ ਵਾਹੀ ਹੇਠ ਲਿਆਂਦੀ ਭੂਮੀ ਲਈ ਵਾਸਤਵਿਕ ਕਾਸ਼ਤਕਾਰਾਂ ਨੂੰ ਕਈ ਸਾਲਾਂ ਤੱਕ ਮਾਮਲੇ ਵਿੱਚ ਰਿਆਇਤ ਦਿੱਤੀ ਜਾਂਦੀ ਸੀ। ਸਰਕਾਰੀ ਨੀਤੀ ਨਾਲ ਭਾਵੇਂ ਰਾਜ ਨੂੰ ਵੀ ਵਧੇਰੇ ਆਮਦਨੀ ਹੁੰਦੀ ਸੀ ਪਰ ਅਸਲੀ ਵਾਹੀਕਾਰ ਨੂੰ ਵੀ ਵਧੀ ਹੋਈ ਖੇਤੀ ਦੀ ਉਪਜ ਦਾ ਬਹੁਤ ਲਾਭ ਹੁੰਦਾ ਸੀ। ਉਸ ਨੇ ਵਪਾਰ ਤੇ ਉਦਯੋਗ ਨੂੰ ਵੀ ਉਤਸ਼ਾਹਿਤ ਕੀਤਾ।

ਉਸ ਨੇ ਅਮੀਰੀ ਨੂੰ ਉਤਸ਼ਾਹਿਤ ਕੀਤਾ ਤੇ ਬੋਝ ਨੂੰ ਘਟਾਇਆ। ਉਸ ਨੇ ਅਜਿਹਾ ਢਾਂਚਾ ਖੜਾ ਕੀਤਾ ਜਿਸ ਨਾਲ ਰਾਜ ਦੇ ਸਾਰੇ ਵਰਗ ਉਸ ਨਾਲ ਸਹਿਮਤੀ ਰੱਖਣ ਲੱਗੇ ਤੇ ਬਹੁਤ ਸਾਰੇ ਤਾਂ ਜੋਸ਼ੀਲੇ ਸਮਰੱਥਕ ਬਣ ਗਏ। ਉਸ ਨੇ ਸਮਾਜ ਦੇ ਬਹੁਤ ਸਾਰੇ ਵਰਗਾਂ ਦੇ ਸਮਾਜਕ ਉੱਥਾਨ ਦੇ ਮੌਕੇ ਪੈਦਾ ਕੀਤੇ।[35]

ਮਹਾਰਾਜਾ ਰਣਜੀਤ ਸਿੰਘ ਦਾ ਨਿਆਂ ਪ੍ਰਬੰਧ ਮੋਟੇ ਤੌਰ 'ਤੇ ਮੁਗ਼ਲਾਂ ਦੇ ਸਮੇਂ ਦੇ

ਸਥਾਨਕ ਰਿਵਾਜ਼ਾਂ ਅਤੇ ਪ੍ਰੰਪਰਾਵਾਂ ਉੱਪਰ ਆਧਾਰਿਤ ਸੀ। ਵਿਧੀ ਵਿਧਾਨ ਅਨੁਸਾਰ ਤਾਂ ਕੋਈ ਨੇਮਤ ਨਿਆਂਇ ਸ਼ਾਸਤਰ ਨਹੀਂ ਸੀ। ਆਮ ਤੌਰ 'ਤੇ ਜੁਰਮ ਦਾ ਨਿਪਟਾਰਾ ਜੁਰਮਾਨਾ ਕਰਕੇ ਸੁਲਹ ਸਫ਼ਾਈ ਨਾਲ ਕੀਤਾ ਜਾਂਦਾ ਸੀ। ਦੀਵਾਨੀ ਮੁਕੱਦਮੇ ਵਿੱਚ ਮੁਕੱਦਮੇਬਾਜ਼ ਨੂੰ ਹਰ ਹਾਲਤ ਵਿੱਚ ਕੁੱਝ ਦੇਣਾ ਹੀ ਪੈਂਦਾ ਸੀ। ਉਹ ਜਿੱਤ ਜਾਂਦਾ ਤਾਂ ਉਹ ਸ਼ੁਕਰਾਨਾ ਅਦਾ ਕਰਦਾ, ਜੇ ਉਹ ਮੁਕੱਦਮਾ ਹਾਰ ਜਾਂਦਾ ਤਾਂ ਉਸ ਨੂੰ ਜੁਰਮਾਨਾ ਦੇਣਾ ਪੈਂਦਾ। ਮੌਤ ਦੀ ਸਜ਼ਾ ਬਿਲਕੁਲ ਨਹੀਂ ਸੀ। ਰਣਜੀਤ ਸਿੰਘ ਸ਼ਾਇਦ ਪਹਿਲਾ ਭਾਰਤੀ ਹਾਕਮ ਸੀ ਜਿਸ ਨੇ ਮੌਤ ਦੀ ਸਜ਼ਾ ਨੂੰ ਸਮਾਪਤ ਕਰਕੇ ਦੰਡ ਵਿਧਾਨ ਵਿੱਚ ਸੁਧਾਰ ਕਰਨ ਦੀ ਮਿਸਾਲ ਪੇਸ਼ ਕੀਤੀ ਸੀ।"[36]

ਭਾਵੇਂ ਰਣਜੀਤ ਸਿੰਘ ਇਕ ਮਹਾਨ ਜਰਨੈਲ ਸੀ ਪਰ ਉਹ ਇਕ ਪ੍ਰਬੰਧਕ ਵਜੋਂ ਹੋਰ ਵੀ ਵੱਡਾ ਸੀ ਤੇ ਇਕ ਸਿਆਸਤਦਾਨ ਵਜੋਂ ਉਹ ਭਾਰਤੀ ਸ਼ਾਸਕਾਂ ਵਿੱਚੋਂ ਸਭ ਤੋਂ ਮਹਾਨ ਸੀ। ਉਹ ਬੜਾ ਸੂਝਵਾਨ ਸੀ ਤੇ ਆਪਣੀ ਸੀਮਾ ਵੀ ਭਲੀ-ਭਾਂਤ ਜਾਣਦਾ ਸੀ। ਚਤੁਰ ਅੰਗਰੇਜ਼ ਉਸ ਨਾਲ ਚੰਗੇ ਸੰਬੰਧ ਬਣਾਈ ਰੱਖਣਾ ਚਾਹੁੰਦੇ ਸਨ। ਉਹ ਉਸ ਨਾਲ ਸੁਗਾਤਾਂ ਦਾ ਆਦਾਨ ਪ੍ਰਦਾਨ ਕਰਦੇ ਰਹਿੰਦੇ ਤੇ ਉਸ ਦੇ ਪ੍ਰਤੀਨਿੱਧਾਂ ਦਾ ਬੜੇ ਸਤਿਕਾਰ ਨਾਲ ਸੁਆਗਤ ਕਰਦੇ। ਉਹਨਾਂ ਨੇ 1812 ਈ: ਵਿੱਚ ਖੜਕ ਸਿੰਘ ਦੇ ਵਿਆਹ ਤੇ ਅਤੇ 1837 ਈ: ਵਿੱਚ ਕੰਵਰ ਨੌਨਿਹਾਲ ਦੀ ਸ਼ਾਦੀ ਤੇ ਆਪਣੇ ਪ੍ਰਤਿਨਿਧ ਭੇਜੇ।

1827 ਈ: ਵਿੱਚ ਬ੍ਰਿਟਿਸ਼ ਗਵਰਨਰ ਜਨਰਲ ਸ਼ਿਮਲੇ ਆਇਆ ਤੇ ਉਸ ਨੇ ਵੇਡ ਨੂੰ ਅੰਮ੍ਰਿਤਸਰ ਭੇਜਿਆ। ਤੇ ਉਸ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਤੇ ਲਾਰਡ ਬੈਂਟਿਕ ਵਿੱਚ ਦੋਹਾਂ 'ਚ ਦੋਸਤ ਦੇ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਮੁਲਾਕਾਤ ਹੋਈ। ਉਸ ਨੇ ਅੰਗਰੇਜ਼ਾਂ ਨਾਲ 1809 ਈ: ਦੀ ਅੰਮ੍ਰਿਤਸਰ ਦੀ ਤੇ ਫਿਰ 1838 ਈ: ਵਿੱਚ ਤ੍ਰੈ-ਪੱਖੀ ਸੰਧੀ ਕੀਤੀ।

1809 ਈ: ਦੀ ਮਹਾਰਾਜੇ ਦੀ ਅੰਗਰੇਜ਼ਾਂ ਨਾਲ ਸੰਧੀ ਸੂਝ ਭਰਿਆ ਕਾਰਜ ਸੀ ਤੇ ਇਸ ਨਾਲ ਉਸ ਦਾ ਰਾਜ ਆਪਣੇ ਆਰੰਭ ਵਿੱਚ ਹੀ ਪ੍ਰਤੱਖ ਦਿਸਦੀ ਤਬਾਹੀ ਤੋਂ ਬਚ ਗਿਆ। ਭਾਵੇਂ ਐਨ.ਕੇ. ਸਿਨਹਾ ਕਹਿੰਦਾ ਹੈ ਕਿ "ਰਣਜੀਤ ਸਿੰਘ ਨੂੰ ਇਕ ਰਾਜਨੀਤਕ ਹਾਰ ਹੋਈ, ਉਸ ਦੇ ਸਨਮਾਨ ਨੂੰ ਬਹੁਤ ਸੱਟ ਵੱਜੀ ਤੇ ਉਸ ਨੂੰ ਬਹੁਤ ਅਪਮਾਨਿਤ ਹੋਣਾ ਪਿਆ"[37], ਪਰ ਦੂਸਰੇ ਪਾਸੇ ਇਹ ਟਿੱਪਣੀ ਵੀ ਸਹੀ ਹੈ ਕਿ ਉਸ ਨੇ ਭੈੜੇ ਸੌਦੇ 'ਚੋਂ ਵੀ ਲਾਹਾ ਖੱਟਿਆ ਤੇ ਅੰਗਰੇਜ਼ਾਂ ਦੀ ਦੋਸਤੀ ਨੂੰ ਸਤਲੁਜ ਤੋਂ ਲਹਿੰਦੇ ਵੱਲ ਆਪਣੀਆਂ ਯੋਜਨਾਵਾਂ ਨੂੰ ਸਿਰੇ ਚੜ੍ਹਾਉਣ ਤੇ ਆਪਣੀ ਸ਼ਕਤੀ ਅਤੇ ਰਾਜ ਨੂੰ ਵਧਾਉਣ ਲਈ ਵਰਤਿਆ ਤੇ ਉਹਨਾਂ ਵੱਲੋਂ ਬੇਫ਼ਿਕਰ ਹੋ ਕੇ ਉਹ ਪੰਜਾਬ ਦਾ ਮਾਲਕ ਬਣ ਗਿਆ। ਸਯੱਦ ਅਬਦੁਲ ਕਾਦਰ ਬਿਲਕੁਲ ਸਹੀ ਕਹਿੰਦਾ ਹੈ ਕਿ "ਸਮਝੌਤਾ ਕੂਟਨੀਤੀ ਦੀ ਆਤਮਾ ਹੈ ਅਤੇ ਅੰਗਰੇਜ਼ੀ ਸਰਕਾਰ ਨਾਲ ਉੱਚਿਤ ਸਮੇਂ ਤੇ ਸਮਝੌਤਾ ਕਰਕੇ ਰਣਜੀਤ ਸਿੰਘ ਨੇ ਆਪਣੇ ਜੀਵਨ ਵਿੱਚ ਜਾਨਲੇਵਾ ਟੱਕਰ ਤੋਂ ਆਪਣੇ ਆਪ ਨੂੰ ਬਚਾ ਲਿਆ।"[38]

ਭਾਵੇਂ ਰਣਜੀਤ ਸਿੰਘ ਨੂੰ ਆਪਣੀ ਜ਼ਿੰਦਗੀ ਦੇ ਆਖ਼ਰੀ ਦਹਾਕੇ ਵਿੱਚ ਤਿੰਨ ਵਾਰ

ਯਰਕਣ ਵਾਲੀ ਨੀਤੀ ਦਾ ਦੋਸ਼ੀ ਮੰਨਿਆ ਗਿਆ ਹੈ, ਪਰੰਤੂ ਉਹਦੇ ਹੱਕ ਵਿੱਚ ਇਹ ਗੱਲ ਵੀ ਕਹੀ ਜਾਂਦੀ ਹੈ ਕਿ ਉਸਨੇ ਸਾਰੀ ਉਮਰ ਅੰਗਰੇਜ਼ਾਂ ਪ੍ਰਤੀ ਇਕਸਾਰ ਨੀਤੀ ਅਪਣਾਈ। "ਇਕ ਮਿੱਤਰਤਾ ਪ੍ਰਤੀ ਮਹਾਰਾਜਾ ਸਦਾ ਸਥਿਰ ਰਿਹਾ; ਇਕ ਸੰਧੀ ਤੋਂ ਉਸ ਨੇ ਆਪਣੇ ਆਪ ਨੂੰ ਆਜ਼ਾਦ ਕਰਨ ਦਾ ਕਦੇ ਯਤਨ ਨਾ ਕੀਤਾ। ਇਹ ਉਹਦੀ ਅੰਗਰੇਜ਼ ਸਰਕਾਰ ਨਾਲ ਮਿੱਤਰਾਪੂਰਣ ਸੰਧੀ ਸੀ।"[39] ਨਿਰਸੰਦੇਹ ਮਹਾਰਾਜਾ ਨੂੰ ਕੁਦਰਤ ਨੇ ਮਹਾਨਤਾ ਦੇ ਚੌਦਵੇਂ ਗੁਣਾਂ ਤੇ ਚਿੰਨ੍ਹਾਂ ਨਾਲ ਨਿਵਾਜਿਆ ਸੀ। ਉਹ ਆਦਰਸ਼ ਸੈਨਿਕ, ਬਲਵਾਨ, ਫ਼ੁਰਤੀਲਾ, ਕ੍ਰਿਆਸ਼ੀਲ ਤੇ ਸਥਿਰਤਾ ਦਾ ਸੁਆਮੀ ਸੀ। ਉਹ ਇਕ ਚੰਗਾ ਸੈਨਾਨਾਇਕ ਸੀ ਪਰ ਉਹ ਯੁੱਧ ਲੜਨ ਦੇ ਕੰਮ ਦੀ ਥਾਂ ਯੁੱਧ ਲਈ ਕੀਤੇ ਗਏ ਸੰਗਠਨ ਦੇ ਕੰਮਾਂ ਲਈ ਵਧੇਰੇ ਪ੍ਰਸਿੱਧ ਸੀ। "ਉਸ ਦੀਆਂ ਯੋਜਨਾਵਾਂ ਸਦਾ ਅਜਿਹੀਆਂ ਹੁੰਦੀਆਂ ਸਨ ਜਿਨ੍ਹਾਂ ਨੂੰ ਸਫ਼ਲਤਾਪੂਰਵਕ ਅਮਲੀ ਜਾਮਾ ਪਹਿਣਾਇਆ ਜਾ ਸਕਦਾ ਸੀ। ਆਪਣੀ ਸਾਵਧਾਨ ਤੇ ਸੁੱਘੜ-ਸਿਆਣੀ ਸੈਨਿਕ ਨੀਤੀ ਨਾਲ ਉਸ ਨੇ ਆਪਣੇ ਅਣਗਿਣਤ ਦੁਸ਼ਮਣਾਂ ਨੂੰ ਕੁਚਲ ਸੁੱਟਿਆ ਅਤੇ ਇਕ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ।"[40]

ਉਹ ਇਕ ਵਿਸ਼ੇਸ਼ ਮਾਤਰਾ ਵਿੱਚ ਰਾਜਸੀ ਗੁਣਾਂ ਦਾ ਸੁਆਮੀ ਸੀ ਜੋ ਪੂਰਬੀ ਸਮਰਾਟਾਂ 'ਚ ਆਮ ਕਰਕੇ ਬਹੁਤਾ ਸਪੱਸ਼ਟ ਦਿਖਾਈ ਨਹੀਂ ਦਿੰਦੇ। ਉਹ ਸਦਾ ਹੀ ਜਾਣਦਾ ਸੀ ਕਿ ਉਸ ਦੀ ਸੀਮਾ ਕੀ ਹੋਣੀ ਚਾਹੀਦੀ ਹੈ...... ਉਸ ਦੇ ਤੁਰੰਤ ਢੰਗ ਉਪਾਅ ਬੜੇ ਵਿਵਹਾਰਕ ਹੁੰਦੇ ਸਨ। ਇਕ ਪ੍ਰਬੰਧਕ ਵਜੋਂ ਵੀ ਉਹ ਉੱਚਿਤ ਸਥਾਨਾਂ ਲਈ ਉੱਚਿਤ ਵਿਅਕਤੀਆਂ ਨੂੰ ਚੁਣਦਾ ਸੀ ਤੇ ਅਜਿਹਾ ਕਰਦੇ ਸਮੇਂ ਉਹ ਪਰਜਾ ਦੀਆਂ ਵੱਖ-ਵੱਖ ਸ਼੍ਰੇਣੀਆਂ ਦੀਆਂ ਪਰੰਪਰਾਵਾਂ ਅਤੇ ਜੱਦੀ ਪਰਵਿਰਤੀਆਂ ਵੱਲ ਬਹੁਤ ਧਿਆਨ ਦਿੰਦਾ ਸੀ।[41]

ਇਹਨਾਂ ਗੁਣਾਂ ਕਾਰਨ ਉਸ ਨੇ ਇਕ ਸ਼ਾਨਦਾਰ ਰਾਜ ਦੀ ਸਥਾਪਨਾ ਕੀਤੀ। ਉਹ ਇਕ ਸੈਨਿਕ, ਹਾਕਮ ਤੇ ਸਰਵੋਤਮ ਉਸਰੱਈਆ ਸੀ। ਸ਼ਾਇਦ ਉਸ ਦੇ ਇਹਨਾਂ ਉੱਘੇ ਗੁਣਾਂ ਕਾਰਨ ਹੀ ਉਸ ਦਾ ਨਾਮ ਉਸ ਦੀ ਮੌਤ ਤੋਂ ਪਿੱਛੋਂ ਅੱਧੀ ਸਦੀ ਤੱਕ ਘਰ ਘਰ ਸਤਿਕਾਰ ਨਾਲ ਲਿਆ ਜਾਂਦਾ ਰਿਹਾ।

ਉਸ ਨੇ ਖ਼ਾਲਸਾ ਪੰਥ ਦੇ ਸੁਪਨੇ ਸਾਕਾਰ ਕੀਤੇ। ਉਸ ਦਾ ਗੁਰੂ ਗੋਬਿੰਦ ਸਿੰਘ ਨਾਲ ਉਹੋ ਹੀ ਸੰਬੰਧ ਸੀ ਜੋ ਲੈਨਿਨ ਦਾ ਕਾਰਲ ਮਾਰਕਸ ਦੇ ਨਾਲ ਸੀ।"[42]

ਉਹ ਮਹਾਨ ਸੀ ਕਿਉਂਕਿ ਉਹ ਇਕ ਜਮਾਂਦਰੂ ਸੈਨਿਕ ਤੇ ਹਾਕਮ ਸੀ। ਲੋਕ ਸੁਭਾਵਿਕ ਹੀ ਉਸ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਸਨ ਕਿਉਂਕਿ ਉਹਨਾਂ ਵਿੱਚ ਅਵੱਗਿਆ ਕਰਨ ਦੀ ਕੋਈ ਤਾਕਤ ਹੀ ਨਹੀਂ ਸੀ। ਆਪਣੇ ਆਖ਼ਰੀ ਦਿਨਾਂ ਵਿੱਚ ਵੀ ਉਹਦਾ ਜੋ ਨਿਯੰਤਰਣ ਸਮੂਹ ਸਿੱਖਾਂ ਸਰਦਾਰਾਂ ਤੇ ਧਰਮ ਪ੍ਰਚਾਰਕਾਂ ਉੱਪਰ ਰਿਹਾ, ਇਹ ਉਸ ਦੀ ਵਡਿੱਤਣ ਦਾ ਪੈਮਾਨਾ ਸੀ....... ਉਹ ਮਹਾਨ ਸੀ ਕਿਉਂਕਿ ਉਸ ਵਿੱਚ ਉਹ ਸਾਰੇ ਗੁਣ ਅਸਾਧਾਰਨ ਮਾਤਰਾ ਵਿੱਚ ਸਨ ਜਿਹਨਾਂ ਬਿਨਾਂ ਸਰਵੋਤਮ ਸਫ਼ਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਉਹਨਾਂ ਸਾਧਾਰਨ ਗੁਣਾਂ ਦੀ ਘਾਟ ਜੋ ਆਮ ਨਾਗਰਿਕ ਲਈ ਜ਼ਰੂਰੀ

ਹੁੰਦੇ ਹਨ, ਉਸ ਦੇ ਚਰਿਤਰ ਦੀ ਵਡਿਆਈ ਵਿੱਚ ਕਿਸੇ ਤਰ੍ਹਾਂ ਵੀ ਉਹ ਘਾਟਾ ਜਾਂ ਪ੍ਰਭਾਵ ਨਹੀਂ ਪਾਉਂਦੀ।"[53]

ਰਣਜੀਤ ਸਿੰਘ ਨੇ ਮਹਾਂਨਤਾ ਪ੍ਰਾਪਤ ਕੀਤੀ ਤੇ ਉਸ ਦੀਆਂ ਸਫਲਤਾਵਾਂ ਨੂੰ ਉਸ ਦੇ ਸ਼ਬਦਾਂ ਵਿੱਚ ਹੀ ਵਧੀਆ ਢੰਗ ਨਾਲ ਵਰਨਣ ਕੀਤਾ ਜਾ ਸਕਦਾ ਹੈ : "ਮੇਰੀ ਬਾਦਸ਼ਾਹੀ ਇਕ ਮਹਾਨ ਬਾਦਸ਼ਾਹੀ ਹੈ। ਪਹਿਲਾਂ ਇਹ ਨਿੱਕੀ ਜਿਹੀ ਸੀ, ਹੁਣ ਇਹ ਵੱਡੀ ਤੇ ਵਿਸ਼ਾਲ ਹੈ; ਪਹਿਲਾਂ ਇਹ ਛਿੰਨ-ਭਿੰਨ, ਟੁੱਟੀ-ਭੱਜੀ ਤੇ ਵੰਡੀ ਵਿਹਾਜੀ ਹੋਈ ਸੀ, ਹੁਣ ਇਹ ਬਿਲਕੁਲ ਸੰਗਠਿਤ ਹੈ। ...... ਮੈਂ ਇਹ ਰਾਜ-ਭਾਗ ਵਾਹਿਗੁਰੂ ਦੀ ਮਿਹਰ ਤੇ ਉਨ੍ਹਾਂ ਦੇ ਬਖ਼ਸ਼ੇ ਹੋਏ ਬਲ ਤੇ ਬੁੱਧੀ ਨਾਲ ਹਾਸਿਲ ਕੀਤਾ ਹੈ। ਮੈਂ ਆਪਣੀ ਹਕੂਮਤ ਨੂੰ ਉਦਾਰਤਾ, ਜ਼ਬਤ ਤੇ ਨੀਤੀ ਨਾਲ ਬਾਕਾਇਦਾ ਨਿਯਮਿਤ ਤੇ ਸੰਗਠਿਤ ਕੀਤਾ ਹੈ। ਮੈਂ ਦਲੇਰ ਲੋਕਾਂ ਨੂੰ ਇਨਾਮ ਦਿੱਤੇ ਹਨ, ਯੋਗਤਾ ਨੂੰ ਜਿੱਥੋਂ ਤੇ ਜਦੋਂ ਵੀ ਉਹ ਨਜ਼ਰ ਆਈ ਹੈ, ਉਤਸ਼ਾਹਿਤ ਕੀਤਾ ਹੈ ਅਤੇ ਰਣਭੂਮੀ ਵਿੱਚ ਸੂਰਬੀਰਾਂ ਨੂੰ ਵਡਿਆਇਆ ਹੈ। ਮੈਂ ਆਪਣੀ ਫ਼ੌਜ ਨਾਲ ਸਭ ਖ਼ਤਰਿਆਂ ਤੇ ਥਕੇਵਿਆਂ ਵਿੱਚ ਸਾਂਝ ਪਾਉਂਦਾ ਰਿਹਾ ਹਾਂ। ਮੈਂ ਆਪਣੇ ਸੁਖ-ਆਰਾਮ ਦੀ ਕਦੇ ਪਰਵਾਹ ਨਹੀਂ ਕੀਤੀ। ਮੈਂ ਪੱਖਪਾਤੀ ਰੁਚੀ ਨੂੰ ਨਾ ਕਦੇ ਮੰਤਰੀ-ਮੰਡਲ ਅਤੇ ਨਾ ਹੀ ਕਦੇ ਰਣ-ਭੂਮੀ ਵਿੱਚ ਆਪਣੇ ਹਿਰਦੇ ਅੰਦਰ ਦਾਖ਼ਲ ਹੋਣ ਦਿੱਤਾ ਹੈ। ਮੈਂ ਸ਼ਹਿਨਸ਼ਾਹੀ ਖਿੱਲਤ ਦੇ ਨਾਲ-ਨਾਲ, ਹੁਸ਼ਿਆਰੀ ਤੇ ਖ਼ਬਰਦਾਰੀ ਦਾ ਕੱਜਣ ਵੀ ਪਹਿਨੀ ਰੱਖਿਆ ਹੈ। ਮੈਂ ਫ਼ਕੀਰਾਂ ਤੇ ਧਰਮੀ ਪੁਰਸ਼ਾਂ ਦੀ ਸੇਵਾ ਕਰਦਾ ਰਿਹਾ ਹਾਂ ਉਹਨਾਂ ਦੀਆਂ ਅਸੀਸਾਂ ਪ੍ਰਾਪਤ ਕਰਦਾ ਰਿਹਾ ਹਾਂ। ਮੈਂ ਦੋਸ਼ੀਆਂ ਨੂੰ ਨਿਰਦੋਸ਼ਾਂ ਵਾਂਗ ਹੀ ਬਖ਼ਸ਼ ਦਿੰਦਾ ਰਿਹਾ ਤਾਂ ਅਤੇ ਜਿਨ੍ਹਾਂ ਬੰਦਿਆਂ ਦੇ ਹੱਥ ਮੇਰੀ ਜ਼ਾਤ ਵਿਰੁੱਧ ਵੀ ਉੱਠੇ ਹਨ, ਉਨ੍ਹਾਂ ਉੱਤੇ ਵੀ ਮੈਂ ਦਇਆ ਕੀਤੀ ਹੈ। ਸ੍ਰੀ ਅਕਾਲ ਪੁਰਖ ਜੀ ਆਪਣੇ ਇਸ ਸੇਵਕ ਉੱਤੇ, ਇਸੇ ਲਈ ਦਿਆਲੂ ਰਹੇ ਹਨ ਅਤੇ ਇਸ ਦੀ ਰਾਜ ਸ਼ਕਤੀ ਵਿੱਚ ਵਾਧਾ ਕਰਦੇ ਰਹੇ ਹਨ। ਇੱਥੋਂ ਤੱਕ ਕਿ ਇਸ ਦਾ ਰਾਜ ਖੇਤਰ ਹੁਣ ਚੀਨ ਤੇ ਅਫ਼ਗਾਨਿਸਤਾਨ ਦੀਆਂ ਹੱਦਾਂ ਤੱਕ ਪਸਰਿਆ ਹੋਇਆ ਹੈ ਅਤੇ ਇਸ ਵਿੱਚ ਸਤਲੁਜ ਪਾਰ ਦੀਆਂ ਉਪਜਾਊ ਬਸਤੀਆਂ ਵੀ ਸ਼ਾਮਲ ਹਨ।"[54]

ਰਣਜੀਤ ਸਿੰਘ ਨੇ 40 ਸਾਲ ਪੰਜਾਬ, ਸੀਮਾ ਪ੍ਰਾਂਤ ਦੇ ਕਸ਼ਮੀਰ ਉੱਪਰ ਰਾਜ ਕੀਤਾ ਤੇ ਇਹ ਉਸ ਨੂੰ ਪਿਤਾ-ਪੁਰਖੀ ਵਿਰਾਸਤ ਰਾਹੀਂ ਪ੍ਰਾਪਤ ਨਹੀਂ ਹੋਏ ਸਨ। ਉਸ ਦੇ ਰਾਜ ਸਮੇਂ ਪੰਜਾਬ ਵਿੱਚ ਸ਼ਾਂਤੀ ਤੇ ਖ਼ੁਸ਼ਹਾਲੀ ਰਹੀ ਤੇ ਪੰਜਾਬ ਅਕਬਰ ਮਹਾਨ ਦੀ ਮੌਤ ਪਿੱਛੋਂ ਪਹਿਲੀ ਵਾਰ ਧਾਰਮਕ ਤੰਗਦਿਲੀ ਤੇ ਕੱਟੜਤਾ ਤੋਂ ਮੁਕਤ ਰਿਹਾ। ਉਸ ਦੀ ਮੌਤ ਉੱਪਰ ਸਰਵਵਿਆਪਕ ਤੌਰ ਤੇ ਸੋਗ ਮਨਾਇਆ ਗਿਆ। ਉਸ ਦੀ ਮੌਤ ਨਾਲ ਇਕ ਖਲਾ ਪੈਦਾ ਹੋ ਗਿਆ ਤੇ ਹਰ ਥਾਂ ਇਹ ਕਿਹਾ ਗਿਆ ਕਿ ਅੱਜ ਪੰਜਾਬ ਰੰਡੀ ਹੋ ਗਈ ਹੈ।[55]

ਰਣਜੀਤ ਸਿੰਘ ਦੀ ਫ਼ੌਜੀ ਯੋਗਤਾ ਤੇ ਉਸ ਦੀ ਸੂਰਬੀਰਤਾ ਨੂੰ ਅਮਰਜੀਤ ਸਿੰਘ ਅਮਰ ਦੀ ਕਵਿਤਾ ਦੇ ਬੰਦ ਯਾਦ ਕਰਨ ਲਈ ਬੜੇ ਭਾਵਪੂਰਤ ਤੇ ਢੁੱਕਵੇਂ ਹਨ :

"ਰਾਜ ਕਰੇਗਾ ਖ਼ਾਲਸਾ" ਇਸ ਤੁਕ ਨੂੰ

ਜੇਕਰ ਸਿਰੇ ਚੜ੍ਹਾਇਆ, ਤਾਂ ਤੂੰ ਸ਼ੇਰਾ।
"ਰਾਜ ਕਰੇਗਾ ਖ਼ਾਲਸਾ" ਇਸ ਤੁਕ ਨੂੰ
ਜੇਕਰ ਸਿਰੇ ਚੜ੍ਹਾਇਆ, ਤਾਂ ਤੂੰ ਸ਼ੇਰਾ।
ਆਕੀ ਰਹਿਣ ਨਹੀਂ ਦੇਣ ਕੋਈ ਖ਼ਾਲਸੇ ਤੋਂ,
ਇਹ ਵੀ ਕੌਲ ਪੁਗਾਇਆ, ਤਾਂ ਤੂੰ ਸ਼ੇਰਾ।
ਜਿਸ ਗੋਰੇ ਨੇ ਜਿੱਤਿਆ ਜਗ ਸਾਰਾ,
ਉਹਨੂੰ ਅਗਰ ਝੁਕਾਇਆ, ਤਾਂ ਤੂੰ ਸ਼ੇਰਾ।
ਪਹਿਲੀ ਵਾਰ ਸੰਸਾਰ ਦੇ ਵਿੱਚ ਸਿੱਚ
ਨਾਨਕ ਸ਼ਾਹੀ ਚਲਾਇਆ, ਤਾਂ ਤੂੰ ਸ਼ੇਰਾ।[56]

ਨਿਰਸੰਦੇਹ ਰਣਜੀਤ ਸਿੰਘ ਮਹਾਨ ਯੋਧਾ ਸੀ ਤੇ ਉਹ ਜਰਨੈਲਾਂ ਦਾ ਜਰਨੈਲ ਵੀ ਸੀ।

## ਹਵਾਲੇ ਅਤੇ ਟਿੱਪਣੀਆਂ


1. ਹਰਬੰਸ ਸਿੰਘ (ਸੰਪਾਦਕ) ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਜਿਲਦ III, ਪੰਨਾ 479, ਪੰ: ਯੂ: ਪਟਿਆਲਾ, 2002, (ਖੁਸ਼ਵੰਤ ਸਿੰਘ ਦਾ ਇੰਦਰਾਜ)।
2. ਸਯੱਦ ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਪੰਨਾ 496
3. ਜੇ.ਡੀ. ਕਨਿੰਘਮ, ਸਿੱਖਾਂ ਦਾ ਇਤਿਹਾਸ, ਨਵੀਂ ਦਿੱਲੀ, 1994, ਪੰਨਾ 200
4. ਪਾਲਿਤ, ਡੀ. ਕੇ., ਸੈਨਿਕ ਗਿਆਨ ਦੇ ਅਵੱਸ਼ਕ ਤੱਤ, ਪੰਨਾ 91
5. ਹਸਰਤ, ਬਿਕਰਮਜੀਤ ਸਿੰਘ, ਰਣਜੀਤ ਸਿੰਘ ਦਾ ਜੀਵਨ ਤੇ ਸਮਾਂ, ਹੁਸ਼ਿਆਰਪੁਰ, 1977, ਪੰਨਾ 6
6. ਖੁਸ਼ਵੰਤ ਸਿੰਘ, ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ, ਪੰਨਾ 23 ਤੇ ਉਸ ਦੀ ਜਨਮ ਤਾਰੀਖ 13 ਨਵੰਬਰ, 1780 ਦਿੰਦਾ ਹੈ ਜਦੋਂ ਕਿ ਮੈਕਗਰੇਗਰ, ਗ੍ਰਿਫਨ, ਪ੍ਰੇਮ ਸਿੰਘ ਹੋਤੀ, ਤੇ ਡਾ. ਗੰਡਾ ਸਿੰਘ 2 ਨਵੰਬਰ ਤੇ ਜਨਮ ਵੀ ਬੱਡਰੁੱਖਾ ਦੀ ਥਾਂ ਤੇ ਗੁੱਜਰਾਂਵਾਲਾ ਸਹੀ ਮੰਨਦੇ ਹਨ।
7. ਸਯੱਦ ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਪੰਨਾ 346
8. ਉਹੀ, ਪੰਨਾ 348
9. ਖੁਸ਼ਵੰਤ ਸਿੰਘ, ਰਣਜੀਤ ਸਿੰਘ, ਪੰਨਾ 27
10. ਡਾ. ਜੇ. ਐੱਸ. ਗਰੇਵਾਲ, ਪੰਜਾਬ ਦੇ ਸਿੱਖ, ਪੰਨੇ 100-101
11. ਐਨ.ਕੇ. ਸਿਨਹਾ, ਰਣਜੀਤ ਸਿੰਘ, ਪੰਨਾ 66
12. ਸਯੱਦ ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਪੰਨਾ 365
13. ਸੰਤ ਨਿਹਾਲ ਸਿੰਘ, ਮਹਾਰਾਜਾ ਰਣਜੀਤ ਸਿੰਘ ਬਰਸੀ ਦੀ ਪਹਿਲੀ ਸਦੀ ਦਾ ਮੈਮੋਰੀਅਲ, ਪੰਨਾ 1

14. ਕਨਿੰਘਮ, ਸਿੱਖਾਂ ਦਾ ਇਤਿਹਾਸ, ਪੰਨਾ 118, ਐਸ.ਐਮ. ਲਤੀਫ, ਪੰਜਾਬ ਦਾ ਇਤਿਹਾਸ ਪੰਨਾ 359, ਖੁਸ਼ਵੰਤ ਸਿੰਘ, ਰਣਜੀਤ ਸਿੰਘ ਪੰਨਾ 55 'ਚ ਲਿਖਦੇ ਹਨ ਕਿ ਰਣਜੀਤ ਸਿੰਘ ਨੇ ਅੰਮ੍ਰਿਤਸਰ 1802 'ਚ ਜਿੱਤਿਆ, ਪਰੰਤੂ ਮਹਾਰਾਜਾ ਰਣਜੀਤ ਸਿੰਘ ਦਾ ਰੋਜ਼ਨਾਮਚਾ ਨਿਗਾਰ ਕਹਿੰਦਾ ਹੈ ਕਿ ਉਸ ਨੇ ਅੰਮ੍ਰਿਤਸਰ 1805 ਈ: ਵਿੱਚ ਜਿੱਤਿਆ।
15. ਡਾ. ਐਨ.ਕੇ. ਸਿਨਹਾ, ਰਣਜੀਤ ਸਿੰਘ, ਪੰਨਾ 15
16. ਸਯੱਦ ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਪੰਨਾ 390
17. ਡਾ. ਜੇ. ਐੱਸ. ਗਰੇਵਾਲ, ਪੰਜਾਬ ਦੇ ਸਿੱਖ, ਪੰਨਾ 101
18. ਐਲਫਿਨਸਟੋਨ ਦੀ ਟਿੱਪਣੀ ਦਾ ਹਵਾਲਾ, ਡਾ. ਐਨ.ਕੇ. ਸਿਨਹਾ, ਰਣਜੀਤ ਸਿੰਘ, ਪੰਨਾ 41
19. ਡਾ. ਜੇ.ਐੱਸ. ਗਰੇਵਾਲ, ਪੰਜਾਬ ਦੇ ਸਿੱਖ, ਪੰਨਾ 103
20. ਖੁਸ਼ਵੰਤ ਸਿੰਘ, ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪੰਨਾ 483
21. ਉਹੀ, ਰਣਜੀਤ ਸਿੰਘ, ਪੰਨਾ 150
22. ਡਾ. ਗੋਕਲ ਚੰਦ ਨਾਰੰਗ; ਸਿੱਖ ਧਰਮ ਦਾ ਰੂਪਾਂਤਰਨ, ਪੰਨਾ 177
23. ਸੀਤਾ ਰਾਮ ਕੋਹਲੀ, ਮਹਾਰਾਜਾ ਰਣਜੀਤ ਸਿੰਘ, ਬਰਸੀ ਦੀ ਪਹਿਲੀ ਸਦੀ ਦੀ ਸਮ੍ਰਿਤੀ, ਪੰਨਾ 71
24. ਫੌਜਾ ਸਿੰਘ ਬਾਜਵਾ, ਸਿੱਖਾਂ ਦਾ ਸੈਨਿਕ ਪ੍ਰਬੰਧ, ਪੰਨਾ 172
25. ਲੈਪਲ. ਐੱਚ., ਗ੍ਰਿਫਨ, ਰਣਜੀਤ ਸਿੰਘ, ਪੰਨਾ 132
26. ਡਾ. ਜੇ. ਐੱਸ. ਗਰੇਵਾਲ, ਪੰਜਾਬ ਦੇ ਸਿੱਖ, ਪੰਨਾ 103
27. ਬੈਰਨ ਚਾਰਲਸ ਹਿਊਗਲ, ਕਸ਼ਮੀਰ ਤੇ ਪੰਜਾਬ ਦੀ ਯਾਤਰਾ, ਪੰਨੇ 330-31
28. ਡਾ. ਜੇ. ਐੱਸ. ਗਰੇਵਾਲ, ਪੰਨਾ 109
29. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਪੰਨਾ 209
30. ਡਾ. ਜੇ. ਐਸ. ਗਰੇਵਾਲ, ਪੰਜਾਬ ਦੇ ਸਿੱਖ, ਪੰਨਾ 104
31. ਡਾ. ਜੇ.ਬੀ. ਹਸਰਤ, ਰਣਜੀਤ ਸਿੰਘ ਦਾ ਜੀਵਨ ਤੇ ਸਮਾਂ, ਪੰਨਾ 285
32. ਐਨ.ਕੇ. ਸਿਨਹਾ, ਰਣਜੀਤ ਸਿੰਘ, ਪੰਨਾ 139
33. ਅਲੈਗਜ਼ੈਂਡਰ ਬਰਨਜ਼, ਬੁਖਾਰਾ ਵਿੱਚ ਯਾਤਰਾ, ਜਿਲਦ 1, ਪੰਨਾ 178
34. ਲੈਪਲ ਐਚ. ਗ੍ਰਿਫਿਨ, ਰਣਜੀਤ ਸਿੰਘ, ਪੰਨਾ 144
35. ਡਾ. ਜੇ. ਐਸ. ਗਰੇਵਾਲ, ਪੰਜਾਬ ਦੇ ਸਿੱਖ, ਪੰਨਾ 113
36. ਡਾ. ਭਗਤ ਸਿੰਘ, ਸਿੱਖ ਰਾਜਨੀਤੀ, ਪੰਨਾ 290
37. ਡਾ. ਐਨ.ਕੇ. ਸਿਨਹਾ, ਰਣਜੀਤ ਸਿੰਘ, ਪੰਨਾ 37
38. ਸਯੱਦ ਅਬਦੁਲ ਕਾਦਰ, ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜ਼ਾਂ ਨਾਲ ਸੰਬੰਧ—ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੀ ਪਹਿਲੀ ਸ਼ਤਾਬਦੀ ਦੀ ਸਿਮ੍ਰਤੀ ਅੰਕ ਵਿੱਚ, ਪੰਨਾ 172

39. ਐਲ.ਐਚ. ਗ੍ਰਿਫਿਨ, ਰਣਜੀਤ ਸਿੰਘ, ਪੰਨਾ 167
40. ਡਾ. ਜੀ. ਐਲ. ਚੋਪੜਾ, ਪੰਜਾਬ ਇਕ ਪ੍ਰਭੁੱਤਾ ਸੰਪੰਨ ਰਾਜ, ਪੰਨਾ 133
41. ਉਹੀ, ਪੰਨਾ 135
42. ਐਨ.ਕੇ. ਸਿਨਹਾ, ਰਣਜੀਤ ਸਿੰਘ, ਪੰਨਾ 189
43. ਗ੍ਰਿਫਿਨ, ਰਣਜੀਤ ਸਿੰਘ, ਪੰਨਾ 91
44. ਮੇਜਰ ਐਚ.ਐਮ. ਲਾਰੈਂਸ ਨੂੰ ਰਣਜੀਤ ਦਾ ਪੱਤਰ ਜੋ ਉਸ ਨੇ "ਪੰਜਾਬ ਵਿੱਚ ਇਕ ਅਫ਼ਸਰ ਦੇ ਕਾਰਨਾਮੇਂ", ਪੰਨਾ 1, 64-65 ਵਿੱਚ ਦਿੱਤੇ।
45. ਡਾ. ਗੋਕਲ ਚੰਦ ਨਾਰੰਗ, ਸਿੱਖ ਧਰਮ ਦਾ ਰੂਪਾਂਤਰਨ, ਪੰਨਾ 182
46. ਅਮਰਜੀਤ ਸਿੰਘ ਅਮਰ, "ਸੱਚ ਦੇ ਸਿੱਕੇ", ਹਵਾਲਾ ਗੁਲਜ਼ਾਰ ਸਿੰਘ ਸੰਧੂ ਦਾ ਲੇਖ "ਸਮੇਂ ਦੀ ਨਬਜ਼ ਪਛਾਨਣ ਵਾਲੇ' ਅਜੀਤ 08.02.05, ਪੰਨਾ 4

# ਹਰੀ ਸਿੰਘ ਨਲਵਾ

ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲਾਂ ਵਿੱਚੋਂ ਸਭ ਤੋਂ ਵਧੇਰੇ ਉੱਘਾ ਹਰੀ ਸਿੰਘ ਨਲਵਾ ਸੀ। ਉਸ ਦੀ ਤੁਲਨਾ ਨੈਪੋਲੀਅਨ ਬੋਨਾਪਾਰਟ ਦੇ ਰਿਸ਼ਤੇਦਾਰ ਤੇ ਮਹਾਨ ਜਰਨੈਲ ਮੁਰਤ ਨਾਲ ਕੀਤੀ ਜਾਂਦੀ ਹੈ। ਉਹ 46 ਸਾਲ ਦੀ ਉਮਰ ਵਿੱਚ ਆਪਣੀ ਮੌਤ ਸਮੇਂ ਰਣਜੀਤ ਸਿੰਘ ਦਾ ਸਭ ਤੋਂ ਪ੍ਰਸਿੱਧ ਜਰਨੈਲ ਤੇ ਅਫ਼ਗਾਨਾਂ ਲਈ ਇਕ ਹਊਆ ਬਣ ਚੁੱਕਾ ਸੀ। ਉੱਤਰ ਪੱਛਮੀ ਸੀਮਾ ਪ੍ਰਾਂਤ ਦੇ ਪਠਾਣਾਂ ਵਿੱਚ ਉਸ ਦਾ ਡਰ ਇੰਨਾ ਸੀ ਕਿ ਹੁਣ ਦੇ ਦਿਨਾਂ ਤੱਕ ਪਠਾਣੀਆਂ ਆਪਣੇ ਇਲੱਤੀ ਤੇ ਰੋਂਦੂ ਜੁਆਕਾਂ ਨੂੰ 'ਹਰੀਆ ਰਾਗ਼ਲੇ' (ਹਰੀ ਸਿੰਘ ਆ ਗਿਆ ਦਾ ਡਰ ਦੇ ਕੇ) ਕਹਿ ਕੇ ਚੁੱਪ ਕਰਾਇਆ ਕਰਦੀਆਂ ਸਨ।

ਕਿਰਪਾਲ ਸਿੰਘ ਨਾਰੰਗ ਤੇ ਡਾ. ਹਰੀ ਰਾਮ ਗੁਪਤਾ ਦੇ ਸ਼ਬਦਾਂ ਵਿੱਚ ਉਹ 'ਸਿੱਖ ਫ਼ੌਜ ਦਾ ਮੁਰਤ' ਤੇ 'ਖ਼ਾਲਸਾ ਫ਼ੌਜ ਦਾ ਸੈਨਾਪਤੀ' ਸੀ ਜਿਸ ਨੂੰ ਰਣਜੀਤ ਸਿੰਘ ਦੇ ਦਰਬਾਰ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਸੀ। ਉਹ ਮਹਾਰਾਜੇ ਦੇ ਬਹਾਦਰ ਤੇ ਮਾਹਰ ਜਰਨੈਲਾਂ ਵਿੱਚੋਂ ਸੀ।"[1]

1881 ਦੇ ਯੂਰਪੀਨ ਅਖ਼ਬਾਰਾਂ ਵਿੱਚ ਉਸ ਦੀ ਤੁਲਨਾ ਨੈਪੋਲੀਅਨ, ਫੀਲਡ ਮਾਰਸ਼ਲ ਵੌਨ ਹਿੰਡਨਬਰਗ, ਡਿਊਕ ਆਫ਼ ਵੈਲਿੰਗਟਨ ਜਿਹੇ ਯੂਰਪੀ ਜਰਨੈਲਾਂ ਨਾਲ ਤੇ ਏਸ਼ੀਆ ਦੇ ਹਲਾਕੂ ਖ਼ਾਂ ਤੇ ਚੰਗੇਜ਼ ਖ਼ਾਂ ਜਿਹੇ ਜਰਨੈਲਾਂ ਨਾਲ ਕੀਤੀ ਗਈ ਸੀ ਪਰ ਸਿੱਟਾ ਇਹ ਕੱਢਿਆ ਗਿਆ ਕਿ ਹਰੀ ਸਿੰਘ ਨਲਵਾ ਸਰਵੋਤਮ ਜਰਨੈਲ ਸੀ। ਨਿਰਸੰਦੇਹ ਸਿੱਖ ਜਰਨੈਲਾਂ ਵਿੱਚ ਉਹਦੇ ਤੁੱਲ ਕੋਈ ਹੋਰ ਨਹੀਂ ਸੀ।[2]

ਉਹਦਾ ਜਨਮ 1791 ਈ: ਨੂੰ ਅਪ੍ਰੈਲ ਦੇ ਮਹੀਨੇ ਗੁਜਰਾਂਵਾਲਾ (ਹੁਣ ਪਾਕਿਸਤਾਨ) ਵਿੱਚ ਹੋਇਆ। ਉਸ ਦੀ ਮਾਤਾ ਦਾ ਨਾਮ ਧਰਮ ਕੌਰ ਸੀ। ਉਸ ਦਾ ਪਿਤਾ ਸਰਦਾਰ ਗੁਰਦਿਆਲ ਸਿੰਘ ਉੱਪਲ ਖੱਤਰੀ ਸੀ ਤੇ ਉਹ ਸ਼ੁੱਕਰਚਕੀਆਂ ਦੀ ਸੈਨਾ ਵਿੱਚ ਕੁਮੇਦਾਨ ਸੀ।[3] ਪਰਿਵਾਰ ਦਾ ਪਿੱਛਾ ਅੰਮ੍ਰਿਤਸਰ ਨੇੜੇ ਮਜੀਠਾ ਪਿੰਡ ਦਾ ਸੀ। ਉਸ ਦਾ ਦਾਦਾ ਹਰਦਾਸ ਸਿੰਘ 1762 ਈਸਵੀ ਵਿੱਚ ਮਾਰਿਆ ਗਿਆ ਸੀ ਤੇ ਉਸ ਦੇ ਪਿਤਾ ਨੇ ਸ਼ੁੱਕਰਚਕੀਆਂ ਦੀਆਂ ਮੁਹਿੰਮਾਂ ਵਿੱਚ ਡੇਰੇਦਾਰ ਵਜੋਂ ਭਾਗ ਲਿਆ ਸੀ।

ਜਦੋਂ ਹਰੀ ਸਿੰਘ ਸੱਤ ਸਾਲਾਂ ਦਾ ਹੋਇਆ ਤਾਂ ਉਸ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਉਸ ਦੀ ਮਾਤਾ ਧਰਮ ਕੌਰ ਉਸ ਨੂੰ ਪੇਕੀਂ ਲੈ ਗਈ ਤੇ ਹਰੀ ਸਿੰਘ ਦੀ ਪਾਲਣਾ ਉਸ ਦੇ ਮਾਮੇ ਨੇ ਬੜੇ ਲਾਡ ਦੁਲਾਰ ਨਾਲ ਕੀਤੀ। ਉਸ ਨੂੰ ਫ਼ਾਰਸੀ ਤੇ

ਗੁਰਮੁਖੀ ਪੜ੍ਹਾਈ ਗਈ। ਉਸ ਨੇ ਧਰਮ ਪੁਸਤਕਾਂ ਦਾ ਅਧਿਐਨ ਵੀ ਕੀਤਾ। ਉਸ ਨੇ ਤਲਵਾਰਬਾਜ਼ੀ, ਬੰਦੂਕ ਚਲਾਉਣੀ ਤੇ ਘੋੜਸਵਾਰੀ ਦੇ ਮਰਦਾਵੇਂ ਗੁਣਾਂ ਵਿੱਚ ਸਿਖਲਾਈ ਪ੍ਰਾਪਤ ਕੀਤੀ। ਉਹ ਜੰਗੀ ਹੁਨਰਾਂ ਵਿੱਚ ਨਿਪੁੰਨ ਹੋ ਗਿਆ। ਦਸ ਸਾਲ ਦੀ ਉਮਰ ਵਿੱਚ ਉਸ ਨੂੰ ਅੰਮ੍ਰਿਤ ਛਕਾਇਆ ਗਿਆ। ਜਦ ਹਰੀ ਸਿੰਘ 14 ਸਾਲ ਦਾ ਹੋਇਆ ਤਾਂ ਉਸ ਦੀ ਮਾਤਾ ਉਸ ਨੂੰ ਪੇਕਿਆਂ ਤੋਂ ਲੈ ਕੇ ਗੁੱਜਰਾਂਵਾਲੇ ਆ ਗਈ। 1805 ਈ: ਵਿੱਚ ਬਸੰਤ ਪੰਚਮੀ ਦੇ ਮੇਲੇ ਵਿੱਚ ਹਰੀ ਸਿੰਘ ਨੇ ਤਲਵਾਰਬਾਜ਼ੀ ਦੇ ਜੌਹਰ ਦਿਖਾਏ। ਸ਼ਸਤਰ-ਕਲਾ ਵਿੱਚ ਉਸ ਦੀ ਨਿਪੁੰਨਤਾ ਵੇਖ ਕੇ ਮਹਾਰਾਜੇ ਨੇ ਉਸ ਨੂੰ ਫ਼ੌਜ ਵਿੱਚ ਭਰਤੀ ਕਰ ਲਿਆ। ਛੇਤੀ ਹੀ ਮਹਾਰਾਜੇ ਦੀ ਪਾਰਖੂ ਅੱਖ ਨੇ ਉਸ ਨੂੰ ਪਛਾਣ ਲਿਆ ਤੇ ਉਸ ਨੂੰ ਆਪਣੇ ਅੰਗ-ਰੱਖਿਅਕਾਂ ਵਿੱਚ ਸ਼ਾਮਲ ਕਰ ਲਿਆ। ਉਸ ਨੇ ਆਪਣੇ ਪਿਤਾ ਦੀ ਜਾਗੀਰ ਦੀ ਦੇਖ-ਰੇਖ ਵੀ ਸੰਭਾਲ ਲਈ।

ਇਕ ਦਿਨ ਜਦ ਉਹ ਸ਼ਿਕਾਰ ਖੇਡਣ ਗਿਆ ਤਾਂ ਉਸ ਨੇ ਤਲਵਾਰ ਦੇ ਇਕ ਵਾਰ ਨਾਲ ਹੀ ਸ਼ੇਰ ਮਾਰ ਦਿੱਤਾ। ਕਿਉਂਕਿ ਉਸ ਨੇ ਸ਼ੇਰ ਦਾ ਸਿਰ ਤਲਵਾਰ ਦੇ ਇਕੋ ਵਾਰ ਨਾਲ ਕੱਪ ਦਿੱਤਾ ਸੀ ਜਦੋਂ ਕਿ ਉਸ ਨੂੰ ਸ਼ੇਰ ਨੇ ਫੜਿਆ ਹੋਇਆ ਸੀ, ਇਸ ਕਾਰਨ ਉਸ ਦਾ ਨਾਂ ਸ਼ੇਰ-ਮਾਰ (ਭਾਵ ਨਲਵਾ) ਪੈ ਗਿਆ। ਪੁਰਾਤਨ ਯੁੱਗ ਵਿੱਚ ਰਾਜਾ ਨੱਲ ਹੋਇਆ ਹੈ ਜਿਸ ਨੇ ਵੀ ਸ਼ੇਰ ਮਾਰਿਆ ਸੀ, ਇਸ ਕਾਰਨ ਵੀ ਉਸ ਨੂੰ ਨੱਲ ਜਿਹਾ ਭਾਵ ਨਲਵਾ (ਰਾਜੇ ਨੱਲ ਜਿਹਾ ਬਹਾਦਰ) ਕਿਹਾ ਜਾਣ ਲੱਗਾ। ਇਸ ਬਹਾਦਰੀ ਦੇ ਕਾਰਨਾਮੇ ਪਿੱਛੋਂ ਮਹਾਰਾਜੇ ਨੇ ਉਸ ਨੂੰ 800 ਘੋੜਸਵਾਰ ਤੇ ਪਿਆਦਾ ਦਲ ਦਾ ਕਮਾਨ ਅਫ਼ਸਰ ਨਿਯੁਕਤ ਕਰ ਦਿੱਤਾ।[4]

ਹਰੀ ਸਿੰਘ ਨਲਵਾ ਨੇ ਕਸੂਰ, ਮੁਲਤਾਨ, ਅਟਕ, ਕਸ਼ਮੀਰ, ਹਜ਼ਾਰਾ, ਪਿਸ਼ਾਵਰ ਦੀਆਂ ਮਸ਼ਹੂਰ ਤੇ ਨਿਰਣਾਇਕ ਲੜਾਈਆਂ ਵਿੱਚ ਹਿੱਸਾ ਲਿਆ ਤੇ ਅੰਤ 46 ਸਾਲ ਦੀ ਉਮਰ ਵਿੱਚ ਉਸ ਨੇ ਖਾਲਸਈ ਸੈਨਾਪਤੀ ਦੀ ਪਦਵੀ 'ਤੇ ਪਹੁੰਚ ਕੇ 30 ਅਪ੍ਰੈਲ 1837 ਨੂੰ ਜਮਰੌਦ ਦੀ ਲੜਾਈ ਵਿੱਚ ਲੜ ਕੇ ਸ਼ਹਾਦਤ ਪਾਈ।

ਉਸ ਨੇ ਕੇਵਲ ਇਕ ਸੈਨਿਕ ਵਜੋਂ ਹੀ ਆਪਣੀ ਸੂਝ ਤੇ ਹੁਸ਼ਿਆਰੀ ਦੇ ਗੁਣਾਂ ਕਰਕੇ ਹੀ ਨਹੀਂ ਸਗੋਂ ਚੰਗੀ ਪ੍ਰਬੰਧਕੀ ਸੁਯੋਗਤਾ ਕਾਰਨ ਵੀ ਮਹਾਰਾਜੇ ਦੇ ਮਨ ਵਿੱਚ ਅਜਿਹੀ ਥਾਂ ਬਣਾ ਲਈ ਸੀ ਕਿ ਉਸ ਨੂੰ ਮਹਾਰਾਜੇ ਨੇ ਉਸ ਦੇ ਸਾਹਮਣੇ ਹੀ ਕਿਹਾ ਸੀ : "ਦੇਸ਼ ਉੱਤੇ ਰਾਜ ਕਰਨ ਲਈ ਤੁਹਾਡੇ ਜਿਹੇ ਵਿਅਕਤੀਆਂ ਦੀ ਲੋੜ ਹੈ।"[5]

ਹਰੀ ਸਿੰਘ ਨੇ ਸਭ ਤੋਂ ਪਹਿਲਾਂ 1807 ਈ: ਵਿੱਚ ਕਸੂਰ ਦੇ ਯੁੱਧ ਵਿੱਚ ਭਾਗ ਲਿਆ। ਜਦੋਂ ਮਹਾਰਾਜੇ ਨੇ ਆਖ਼ਰੀ ਵਾਰ ਹਮਲਾ ਕਰਕੇ ਕਸੂਰ ਨੂੰ ਲਾਹੌਰ ਰਾਜ ਦਾ ਭਾਗ ਬਣਾਇਆ। ਹਰੀ ਸਿੰਘ 'ਸ਼ੇਰ-ਦਿਲ ਰਜਮੈਂਟ' ਦੀ ਕਮਾਨ ਕਰ ਰਿਹਾ ਸੀ। ਉਸ ਨੇ ਰਣ ਖੇਤਰ ਵਿੱਚ ਬਹਾਦਰੀ ਦਾ ਸਬੂਤ ਦੇ ਕੇ ਸ਼ਹਿਰ ਦੇ ਦਰਵਾਜ਼ੇ ਵਿੱਚ ਦਾਖ਼ਲ ਹੋ ਕੇ ਕੁਤਬ-ਉਦ-ਦੀਨ ਨੂੰ ਫੜ ਲਿਆਂਦਾ ਤੇ ਮਹਾਰਾਜੇ ਦੇ ਪੇਸ਼ ਕੀਤਾ। ਮਹਾਰਾਜੇ ਨੇ ਉਸ ਨੂੰ ਕਾਫ਼ੀ ਵੱਡੀ ਜਾਗੀਰ ਦਿੱਤੀ।

1810 ਈ: ਵਿੱਚ ਹਰੀ ਸਿੰਘ ਨੇ ਸਿਆਲਕੋਟ ਵਿਰੁੱਧ ਫ਼ੌਜ ਦੀ ਅਗਵਾਈ ਕੀਤੀ। ਦੋ ਦਿਨ ਫ਼ੌਜ ਕੋਈ ਪ੍ਰਭਾਵਸ਼ਾਲੀ ਕਾਰਵਾਈ ਨਾ ਕਰ ਸਕੀ ਪਰ ਤੀਸਰੇ ਦਿਨ ਨਲਵਾ ਸਰਦਾਰ ਨੇ ਹੌਂਸਲਾ ਕਰਕੇ ਹੱਥ ਵਿੱਚ ਮਹਾਰਾਜੇ ਦਾ ਝੰਡਾ ਲੈ ਕੇ ਕਿਲ੍ਹੇ ਦੀ ਫਸੀਲ ਉੱਪਰ ਚੜ੍ਹ ਕੇ ਝੰਡਾ ਗੱਡ ਦਿੱਤਾ। ਇਹ ਫ਼ੌਜ ਵਾਸਤੇ ਦ੍ਰਿੜ੍ਹਤਾ ਨਾਲ ਧਾਵਾ ਕਰਨ ਦਾ ਸੰਕੇਤ ਸੀ। ਫਲਸਰੂਪ ਕਿਲ੍ਹਾ ਜਿੱਤ ਲਿਆ ਗਿਆ। ਸਿਆਲਕੋਟ ਨੂੰ ਮਹਾਰਾਜੇ ਦੇ ਰਾਜ ਵਿੱਚ ਮਿਲਾ ਲਿਆ ਗਿਆ।

25 ਜਨਵਰੀ, 1810 ਈ: ਵਿੱਚ ਮੁਲਤਾਨ ਉੱਪਰ ਵੀ ਖ਼ਾਲਸਾ ਫ਼ੌਜ ਨੇ ਹਮਲਾ ਕੀਤਾ। ਨਲਵਾ ਨੇ ਇਕ ਸ਼ਰਧਾਵਾਨ ਤੇ ਦ੍ਰਿੜ੍ਹ ਸੈਨਿਕ ਵਾਂਗ ਲੜਾਈ 'ਚ ਹਿੱਸਾ ਲਿਆ ਤੇ ਉਹ ਇਸ ਜੰਗ ਵਿੱਚ ਜ਼ਖ਼ਮੀ ਵੀ ਹੋ ਗਿਆ। ਇਸ ਤੋਂ ਬਿਨਾਂ ਉਸ ਨੇ ਸ਼ਾਹੀਵਾਲ ਤੇ ਖੁਸ਼ਾਬ ਦੀਆਂ ਮੁਹਿੰਮਾਂ ਵਿੱਚ ਵੀ ਭਾਗ ਲਿਆ।

1813 ਈ: ਵਿੱਚ ਅਫ਼ਗਾਨਾਂ 'ਤੇ ਸਿੱਖਾਂ ਦਰਮਿਆਨ ਅਟਕ ਦੀ ਲੜਾਈ ਵਿੱਚ ਵੀ ਉਸ ਨੇ ਹਿੱਸਾ ਲਿਆ। ਸਿੱਖ ਫ਼ੌਜ ਦੀ ਅਗਵਾਈ ਦੀਵਨ ਮੁਹਕਮ ਚੰਦ ਦੇ ਹੱਥ ਵਿੱਚ ਸੀ ਤੇ ਹਰੀ ਸਿੰਘ ਨਲਵਾ ਉਸ ਦਾ ਸਹਾਇਕ ਸੀ। ਇਹ ਲੜਾਈ ਹਜ਼ਰੋਂ ਜਾਂ ਛੱਛ ਦੇ ਅਸਥਾਨ 'ਤੇ 12-13 ਜੁਲਾਈ, 1813 ਈ: ਨੂੰ ਲੜੀ ਗਈ। ਇਸ ਲੜਾਈ ਵਿੱਚ ਕਾਬਲ ਦੇ ਵਜ਼ੀਰ ਫਤਿਹ ਖ਼ਾਂ ਦਾ ਛੋਟਾ ਭਰਾ ਦੋਸਤ ਮੁਹੰਮਦ ਘਾਇਲ (ਜ਼ਖ਼ਮੀ) ਹੋ ਗਿਆ। ਅਫ਼ਗਾਨ ਯੁੱਧ ਹਾਰ ਗਏ ਤੇ ਉਹਨਾਂ ਦੀ 15000 ਅਫ਼ਗਾਨਾਂ ਨਾਲ ਸਿੱਖਾਂ ਤੋਂ ਅਟਕ ਖੋਹ ਲੈਣ ਦਾ ਯਤਨ ਠੁੱਸ ਹੋ ਗਿਆ।[6]

ਉਸ ਨੇ 1814 ਤੇ 1819 ਈ:ਦੀਆਂ ਕਸ਼ਮੀਰ ਮੁਹਿੰਮਾਂ ਵਿੱਚ ਵੀ ਭਾਗ ਲਿਆ। 1814 ਈ: ਵਿੱਚ ਦੀਵਾਨ ਮਹੁਕਮ ਚੰਦ ਬੀਮਾਰ ਹੋ ਗਿਆ ਤੇ ਮਹਾਰਾਜੇ ਨੇ ਕਸ਼ਮੀਰ ਉੱਪਰ ਹਮਲਾ ਕਰਨ ਲਈ 30000 ਸੈਨਕਾਂ ਦੀ ਅਗਵਾਈ ਦੀਵਾਨ ਮਹੁਕਮ ਚੰਦ ਦੇ 20 ਸਾਲਾ ਪੋਤਰੇ ਰਾਮ ਦਿਆਲ ਨੂੰ ਸੌਂਪ ਦਿੱਤੀ। ਇਸ ਯੁਵਕ ਸੈਨਾਪਤੀ ਨਾਲ ਯੁੱਧ ਦੀ ਅਕਾਸ਼ ਗੰਗਾ ਵਿੱਚ ਹਰੀ ਸਿੰਘ ਨਲਵਾ, ਮਿੱਤ ਸਿੰਘ ਭੜਾਣੀਆ, ਜੋਧ ਸਿੰਘ ਕਲਸੀਆ ਤੇ ਤੋਪਖਾਨੇ ਦੇ ਕਮਾਂਡਰ ਮੀਆਂ ਗੌਂਸਾ ਜਿਹੇ ਸਿਤਾਰੇ ਸਨ, ਪਰ ਇਹ ਮੁਹਿੰਮ ਪੂਰੀ ਤਰ੍ਹਾਂ ਅਸਫਲ ਰਹੀ।[7]

1814-1815 ਈ: ਵਿੱਚ ਹਰੀ ਸਿੰਘ ਨਲਵਾ ਨੇ ਕਸ਼ਮੀਰ ਦੀ ਤਲਹੱਟੀ (ਅਰਧ-ਪਹਾੜੀ) ਖੇਤਰਾਂ ਜਿਵੇਂ ਰਾਜੌਰੀ ਆਦਿ 'ਤੇ ਅਧਿਕਾਰ ਕੀਤਾ।

1819 ਈ: ਦੀ ਤੀਸਰੀ ਅਤੇ ਆਖ਼ਰੀ ਮੁਹਿੰਮ ਮਿਸਰ ਦੀਵਾਨ ਚੰਦ ਦੀ ਅਗਵਾਈ ਵਿੱਚ ਭੇਜੀ ਗਈ। ਕਸ਼ਮੀਰ ਉੱਪਰ ਹਮਲਾ ਕਰਨ ਵਾਲੇ ਤਿੰਨ ਦਲ ਸਨ, ਜਿਹਨਾਂ ਵਿੱਚੋਂ ਇਕ ਦੀ ਕਮਾਨ ਹਰੀ ਸਿੰਘ ਦੇ ਹੱਥ ਸੀ। ਜਦੋਂ ਉਹ ਉੱਥੇ ਪਹੁੰਚਿਆ ਤਾਂ ਅਫ਼ਗਾਨ ਪਹਿਲਾਂ ਹੀ ਹਾਰ ਚੁੱਕੇ ਸਨ ਪਰ ਉਸ ਨੇ ਕੁਝ ਰਜਵਾੜੇ ਜਿਵੇਂ ਦੇਵਬੰਦ ਦੇ ਪੈਂਦੇ ਖ਼ਾਂ

ਆਦਿ ਨੂੰ ਹਰਾਇਆ, ਜੋ ਅਜੇ ਵੀ ਸਿੱਖ ਸੈਨਾ ਦਾ ਵਿਰੋਧ ਕਰ ਰਹੇ ਸਨ। ਇਸ ਤਰ੍ਹਾਂ ਕਸ਼ਮੀਰ ਘਾਟੀ 'ਚੋਂ ਅਫ਼ਗਾਨਾਂ ਦੇ ਰਾਜ ਦਾ ਅੰਤ ਹੋ ਗਿਆ।[9]

1818 ਵਿੱਚ ਹਰੀ ਸਿੰਘ ਨਲਵਾ ਨੇ ਮੁਲਤਾਨ ਉੱਪਰ ਆਖ਼ਰੀ ਹਮਲੇ ਵਿੱਚ ਭਾਗ ਲਿਆ। ਖੜਕ ਸਿੰਘ ਨਾਮ ਧ੍ਰੀਕ ਕਮਾਂਡਰ ਵਜੋਂ ਕਮਾਨ ਕਰ ਰਿਹਾ ਸੀ ਪਰ ਅਸਲੀ ਅਗਵਾਈ ਮਿਸਰ ਦੀਵਾਨ ਚੰਦ ਦੇ ਹੱਥ ਸੀ। ਹਰੀ ਸਿੰਘ ਨੇ ਇਸ ਲੜਾਈ ਵਿੱਚ ਮੁਲਤਾਨ ਦੇ ਕਿਲ੍ਹੇ ਉੱਪਰ ਅਧਿਕਾਰ ਕਰਨ ਵਿੱਚ ਕਾਫ਼ੀ ਬਹਾਦਰੀ ਨਾਲ ਭਾਗ ਲਿਆ। ਮੁਲਤਾਨ ਦੀ ਜਿੱਤ ਪਿੱਛੋਂ ਮਹਾਰਾਜੇ ਨੇ ਹਰੀ ਸਿੰਘ ਨਲਵਾ ਦੀ ਜਾਗੀਰ ਦੁੱਗਣੀ ਕਰ ਦਿੱਤੀ।

ਮੁਲਤਾਨ ਦੀ ਜਿੱਤ ਮਗਰੋਂ ਹਰੀ ਸਿੰਘ ਨੇ ਮਨਕੇਰਾ ਦੇ ਨਵਾਬ ਹਾਜ਼ੀ ਅਹਿਮਦ ਖ਼ਾਂ ਪਾਸੋਂ ਕਰ (ਟੈਕਸ) ਉਗਰਾਹਿਆ। ਹਰੀ ਸਿੰਘ ਨੇ ਮਨਕੇਰਾ ਦੇ ਕਿਲ੍ਹੇ "ਮੁਹੰਮਦ ਕੋਟ" ਤੇ ਤੋਪਾਂ ਬੀੜ ਦਿੱਤੀਆਂ। ਨਵਾਬ ਨੇ ਅਧੀਨਗੀ ਸਵੀਕਾਰ ਕਰ ਲਈ ਤੇ 50000 ਰੁਪਏ ਦਾ ਖਿਰਾਜ ਅਦਾ ਕਰ ਦਿੱਤਾ। 1821 ਈ: ਵਿੱਚ ਲਾਹੌਰ ਦਰਬਾਰ ਨੇ ਮਨਕੇਰਾ ਨੂੰ ਰਾਜ ਵਿੱਚ ਹੀ ਮਿਲਾ ਲਿਆ।

ਮੁਲਤਾਨ ਦੀ ਜਿੱਤ ਪਿੱਛੋਂ 1820 ਈ: ਵਿੱਚ ਹਰੀ ਸਿੰਘ ਨੂੰ ਦੀਵਾਨ ਮੋਤੀ ਰਾਮ ਪਿੱਛੋਂ ਸੂਬੇਦਾਰ ਬਣਾਇਆ ਗਿਆ। ਉਸ ਨੇ ਗੜਬੜੀ ਵਾਲੇ ਖੇਤਰ ਵਿੱਚ ਅਮਨ ਕਾਨੂੰਨ ਕਾਇਮ ਕੀਤਾ ਤੇ ਰਾਜ ਪ੍ਰਬੰਧ ਨੂੰ ਪੁਨਰ-ਸਥਾਪਿਤ ਕੀਤਾ। ਉਸ ਨੇ ਕਸ਼ਮੀਰ ਦੇ ਪ੍ਰਬੰਧ ਵਿੱਚ ਆਪਣੀ ਯੋਗਤਾ ਦਾ ਪ੍ਰਮਾਣ ਦਿੱਤਾ।

ਨਵੰਬਰ 1821 ਵਿੱਚ ਇਕ ਬੜੀ ਮਹੱਤਵਪੂਰਣ ਘਟਨਾ ਵਾਪਰੀ। ਨਲਵਾ ਮੁਜੱਫਰਾਬਾਦ ਦੇ ਰਸਤੇ 7000 ਸੈਨਕਾਂ ਤੇ ਖ਼ਜ਼ਾਨੇ ਸਮੇਤ ਲਾਹੌਰ ਨੂੰ ਪਰਤ ਰਿਹਾ ਸੀ। ਮੰਗਲੀ ਦੇ ਦੱਰੇ 'ਤੇ ਹਜ਼ਾਰਾ ਖੇਤਰ ਦੇ 30000 ਕਬਾਇਲੀ ਇਕੱਠੇ ਹੋ ਕੇ ਉਸ ਦਾ ਰਾਹ ਰੋਕ ਖਲੋਤੇ। ਉਹ ਉਸ ਤੋਂ ਰਾਹ-ਕਰ ਜਾਂ ਚੁੰਗੀ ਦੀ ਮੰਗ ਕਰਨ ਲੱਗੇ। ਨਲਵਾ ਨੇ ਉਹਨਾਂ ਨੂੰ ਮਨਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਉਹ ਅਜਿਹੀ ਕਾਰਵਾਈ ਤੋਂ ਬਾਜ ਰਹਿਣ ਪਰ ਉਹ ਅੜੇ ਰਹੇ। ਆਖ਼ਰ ਉਸ ਨੇ ਉਹਨਾਂ ਨਾਲ ਗਹਿਗੱਚ ਲੜਾਈ ਲੜੀ ਤੇ 30000 ਅਫ਼ਗਾਨਾਂ ਨੂੰ ਭਾਂਜ ਦਿੱਤੀ ਤੇ ਉਹਨਾਂ ਦੇ 2000 ਅਫ਼ਗਾਨ ਮੌਕੇ 'ਤੇ ਹੀ ਮੌਤ ਦੇ ਘਾਟ ਉਤਾਰ ਦਿੱਤੇ।[10]

ਇਹ ਇੱਕ ਸ਼ਾਨਦਾਰ ਜਿੱਤ ਸੀ ਜਿਸ ਪਿੱਛੋਂ ਨਲਵੇ ਨੂੰ ਹਜ਼ਾਰੇ ਦਾ ਸੂਬੇਦਾਰ (ਗਵਰਨਰ) ਨਿਯੁਕਤ ਕਰ ਦਿੱਤਾ ਗਿਆ। ਉਹ 15 ਸਾਲ ਲਈ ਹਜ਼ਾਰੇ ਦਾ ਗਵਰਨਰ ਰਿਹਾ ਤੇ ਗੜਬੜੀ ਵਾਲੇ ਖੇਤਰ ਵਿੱਚ ਸ਼ਾਂਤੀ ਕਾਇਮ ਕੀਤੀ। ਉਸਨੇ ਡੋਰ ਦਰਿਆ ਦੇ ਪੱਛਮੀ ਕਿਨਾਰੇ ਤੇ ਸਾਲਿਕ ਸਰਾਏ ਨੇੜੇ ਹਸਨ ਅਬਦਾਲ ਤੋਂ ਐਬਟਾਬਾਦ ਨੂੰ ਜਾਣ ਵਾਲੀ ਸੜਕ 'ਤੇ ਇਕ ਕਿਲ੍ਹਾ ਬਣਾਇਆ ਤੇ ਇਸ ਦਾ ਨਾਮ ਅੱਠਵੇਂ ਗੁਰੂ ਦੇ ਨਾਮ ਤੇ ਹਰਿਕ੍ਰਿਸ਼ਨ ਗੜ੍ਹ ਰੱਖਿਆ। ਉਸ ਨੇ ਕਿਲ੍ਹੇ ਦੇ ਨੇੜੇ ਹਰੀਪੁਰ ਨਾਮ ਦਾ ਸ਼ਹਿਰ ਵੀ ਵਸਾਇਆ।[11]

1823 ਈ: ਵਿੱਚ ਹਰੀ ਸਿੰਘ ਨੂੰ ਹਜ਼ਾਰੇ ਤੋਂ ਕੁਝ ਸਮੇਂ ਲਈ ਜਾਣਾ ਪਿਆ। ਉਸ ਨੂੰ ਅਟਕ ਤੋਂ ਪਾਰ ਅਫ਼ਗਾਨਾਂ ਵਿਰੁੱਧ ਨੌਸ਼ਹਿਰੇ ਦੇ ਯੁੱਧ ਵਿੱਚ ਲੜਨ ਲਈ ਭੇਜਿਆ ਗਿਆ। ਅਫ਼ਗਾਨ ਮੁਹੰਮਦ ਅਜ਼ੀਮ ਖ਼ਾਂ ਬਾਰਕਜ਼ਈ ਅਧੀਨ ਬੜੀ ਗੜਬੜ ਮਚਾ ਰਹੇ ਸਨ। ਉਹਨਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਸਿੱਖ ਅਫ਼ਗਾਨਾਂ ਦੇ ਗੜ੍ਹ ਮੁਲਤਾਨ, ਮਨਕੇਰਾ ਤੇ ਕਸ਼ਮੀਰ ਆਦਿ 'ਤੇ ਅਧਿਕਾਰ ਕਰਨ ਪਿੱਛੋਂ ਆਪਣੇ ਰਾਜ ਦਾ ਵਿਸਥਾਰ ਅਟਕ ਤੋਂ ਅੱਗੇ ਵੱਲ ਕਰ ਰਹੇ ਹਨ, ਇਸ ਲਈ ਉਹ 45000 ਦੀ ਫ਼ੌਜ ਲੈ ਕੇ ਦਰਿਆ ਪਾਰ ਕਰਕੇ ਸਿੱਖ ਇਲਾਕੇ 'ਤੇ ਹਮਲਾ ਕਰਨ ਦੀ ਯੋਜਨਾ ਬਣਾਉਣ ਲੱਗੇ। ਉਹਨਾਂ ਨੇ ਜਹਾਂਗੀਰਾ ਦੇ ਕਿਲੇ ਨੇੜੇ ਮੋਰਚਾਬੰਦੀ ਕਰ ਲਈ ਸੀ ਤੇ ਅਟਕ ਪਾਰ ਕਰ ਰਹੇ ਸਿੱਖਾਂ ਨੂੰ ਰੋਕਣ ਦਾ ਫ਼ੈਸਲਾ ਕਰ ਲਿਆ ਸੀ। ਮਹਾਰਾਜਾ ਆਪ ਸੈਨਾ ਦੀ ਅਗਵਾਈ ਕਰ ਰਿਹਾ ਸੀ। ਉਹਦੇ ਸਭ ਤੋਂ ਸ਼ਕਤੀਸ਼ਾਲੀ ਤੇ ਸੁਯੋਗ ਜਰਨੈਲ ਜਿਵੇਂ ਰਾਜਕੁਮਾਰ ਸ਼ੇਰ ਸਿੰਘ, ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ, ਸ: ਦੇਸਾ ਸਿੰਘ ਮਜੀਠੀਆ, ਸਰਦਾਰ ਰਤਨ ਸਿੰਘ ਘਰਜਾਖੀਆ ਤੇ ਅਮੀਰ ਸਿੰਘ ਛੁਰੀਆਂ ਵਾਲਾ ਵੱਖ-ਵੱਖ ਪਲਟਣਾਂ ਦੀ ਅਗਵਾਈ ਕਰ ਰਹੇ ਸਨ।

ਜਰਨੈਲ ਹਰੀ ਸਿੰਘ ਨਲਵਾ ਤੇ ਰਾਜਕੁਮਾਰ ਸ਼ੇਰ ਸਿੰਘ ਦੁਸ਼ਮਣ ਉੱਪਰ ਦਰਿਆ ਪਾਰ ਕਰਕੇ ਜਾ ਪਏ ਸਨ ਤੇ ਉਹ ਵੈਰੀ 'ਤੇ ਦਬਾ ਪਾਈ ਬੈਠੇ ਸਨ ਪਰੰਤੂ ਉਹਨਾਂ ਨੂੰ ਕੁਮਕ ਦੀ ਜ਼ਰੂਰਤ ਸੀ ਜੋ ਦਰਿਆ ਦੇ ਦੂਸਰੇ ਪਾਸੇ ਪਹੁੰਚ ਚੁੱਕੀ ਸੀ। ਵੈਰੀ ਨੇ ਦਰਿਆ ਤੇ ਬੇੜੀਆਂ ਦਾ ਬਣਿਆ ਹੋਇਆ ਪੁਲ ਤੋੜ ਦਿੱਤਾ ਸੀ ਤੇ ਵਰ੍ਹਦੀਆਂ ਗੋਲੀਆਂ ਦੇ ਮੰਡਰਾਉਂਦੇ ਖ਼ਤਰੇ ਵਿੱਚ ਪੁਲ ਬਣਾਏ ਜਾਣ ਦੀ ਉਡੀਕ ਕਰਨਾ ਵਿਅਰਥ ਸੀ। ਅਕਾਲੀ ਫੂਲਾ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਨੇ ਹੜ੍ਹ 'ਚ ਆਏ ਤੂਫ਼ਾਨੀ ਦਰਿਆ 'ਚ ਆਪਣੇ ਘੋੜੇ ਠੇਲ੍ਹ ਦਿੱਤੇ। ਦੂਸਰੇ ਕਿਵੇਂ ਪਿੱਛੇ ਰੁਕੇ ਰਹਿ ਸਕਦੇ ਸਨ ? ਉਹਨਾਂ ਦਰਿਆ ਪਾਰ ਕੀਤਾ ਤੇ ਜਰਨੈਲ ਹਰੀ ਸਿੰਘ ਤੇ ਰਾਜਕੁਮਾਰ ਸ਼ੇਰ ਸਿੰਘ ਨੂੰ ਨਾਜ਼ੁਕ ਸਥਿਤੀ ਤੋਂ ਬਚਾਇਆ। ਦੁਸ਼ਮਣ ਇਹ ਕਹਿੰਦਾ ਨੱਠ ਤੁਰਿਆ—

"ਤੋਬਾ, ਤੋਬਾ ਖ਼ੁਦਾ ਖ਼ੁਦ ਖ਼ਾਲਸਾ ਸ਼ੁਦ।"

ਖ਼ੁਦਾ ਹਾਫ਼ਿਜ਼, ਜਾਪਦਾ ਹੈ ਅੱਲ੍ਹਾ ਵੀ ਖ਼ਾਲਸਾ ਬਣ ਗਿਆ ਹੈ।"

ਪਰੰਤੂ ਜੰਗ ਅਜੇ ਸਮਾਪਤ ਨਹੀਂ ਹੋਈ ਸੀ। ਗਾਜ਼ੀ ਜਹਾਂਗੀਰਾ ਛੱਡ ਕੇ ਪਿੱਛੇ ਹਟ ਗਏ ਤੇ ਉਹਨਾਂ ਨੇ ਨੌਸ਼ਹਿਰੇ ਦੇ ਬਾਹਰ ਟਿੱਬਾ ਟੀਹਰੀ ਦੇ ਮੈਦਾਨ ਵਿੱਚ ਮੋਰਚੇ ਕਾਇਮ ਕਰ ਲਏ। ਇਸ ਜੰਗ ਵਿੱਚ ਲਾਹੌਰ ਦਰਬਾਰ ਨੂੰ ਫੂਲਾ ਸਿੰਘ ਦੀ ਜਾਨ ਤੋਂ ਹੱਥ ਧੋਣੇ ਪਏ। ਸਿੱਖਾਂ ਨੂੰ ਇਹ ਜਿੱਤ ਬੜੀ ਮਹਿੰਗੀ ਪਈ। ਨੌਸ਼ਹਿਰਾ ਵਿੱਚ ਆਪਣੇ ਹਾਰ ਦੇ ਇਕ ਸਾਲ ਦੇ ਅੰਦਰ-ਅੰਦਰ ਉੱਤਰ-ਪੱਛਮ ਦੇ ਕਬਾਇਲੀਆਂ ਨੇ ਦਰਬਾਰ ਦੀ ਸਰਦਾਰੀ ਨੂੰ ਫਿਰ ਲਲਕਾਰਿਆ। ਇਸ ਵਾਰ ਵਿਦਰੋਹ ਦਾ ਕੇਂਦਰ ਹਰੀਪੁਰ ਵਿੱਚ ਹਰੀ ਸਿੰਘ ਵੱਲੋਂ ਉਸਾਰੇ ਗਏ ਕਿਲ੍ਹੇ ਕੋਲ, ਸਿਤਨਾ ਸੀ। ਨਲਵਾ ਮਹਾਰਾਜੇ ਦੇ ਪਹੁੰਚਣ ਤੱਕ ਡਾਢੀ ਮੁਸ਼ਕਲ

ਵਿੱਚ ਸੀ।[12] ਯਾਰ ਮੁਹੰਮਦ ਨੂੰ ਫਿਰ ਇਕ ਵਾਰ ਵਫ਼ਾਦਾਰੀ ਦੀ ਸਹੁੰ ਖਾਣ ਤੇ ਪਿਸ਼ਾਵਰ ਵਿੱਚ ਬਹਾਲ ਕਰ ਦਿੱਤਾ ਗਿਆ। ਉੱਥੋਂ ਦਾ ਪ੍ਰਬੰਧ ਠੀਕ ਕਰਨ ਲਈ ਹਰੀ ਸਿੰਘ ਪਿਸ਼ਾਵਰ ਸੱਤ ਮਹੀਨੇ ਟਿਕਿਆ ਰਿਹਾ।

ਜਦੋਂ ਉਹ ਹਰੀਪੁਰ ਪਹੁੰਚਿਆ ਤਾਂ ਉਸ ਨੂੰ ਪਤਾ ਲੱਗਿਆ ਕਿ ਕੋਟ ਤੇ ਨਾੜਾ ਦੇ ਖੇਤਰ ਵਿੱਚ ਤਰੀਨ ਤੇ ਤੋਰਖੇਲੀ ਦੀਆਂ ਪਹਾੜੀਆਂ 'ਚ ਕੁੱਝ ਲੋਕ ਮੈਦਾਨ ਛੱਡ ਕੇ ਆ ਵੱਸੇ ਹਨ। ਤੇ ਉਹਨਾਂ ਥਾਂਵਾਂ ਤੋਂ ਆਪਣੇ ਆਗੂ ਮੁਹੰਮਦ ਖ਼ਾਂ ਤਰੀਨ ਦੇ ਅਗਵਾਈ ਵਿੱਚ ਜਾ ਕੇ ਮੈਦਾਨੀ ਇਲਾਕੇ 'ਤੇ ਹਮਲੇ ਕਰਦੇ ਹਨ। ਨਵਾਬ ਮੁਹੰਮਦ ਖ਼ਾਂ ਤਰੀਨ ਦੇ ਇਸ ਵਿਦ੍ਰੋਹ ਦਾ ਮੁਕਾਬਲਾ ਕਰਦਾ ਹੋਇਆ ਹਰੀ ਸਿੰਘ 1824 ਈ: ਨੂੰ ਜ਼ਖ਼ਮੀ ਹੋ ਗਿਆ। ਹਰੀ ਸਿੰਘ ਨੇ ਪਿੱਛੇ ਹਟ ਰਹੇ ਵੈਰੀ 'ਤੇ ਹੱਲਾ ਬੋਲ ਦਿੱਤਾ। ਜਦੋਂ ਵੈਰੀ ਪਿੱਛੇ ਹਟ ਰਿਹਾ ਸੀ ਤਾਂ ਉਸ ਨੇ ਹਰੀ ਸਿੰਘ ਉੱਪਰ ਬਰੂਦ ਦੇ ਭਰੇ ਹੋਏ ਭਾਰੀ ਪੱਥਰ ਰੋੜ੍ਹ ਦਿੱਤੇ ਜਿਨ੍ਹਾਂ 'ਚੋਂ ਇਕ ਦੇ ਫਟਣ ਨਾਲ ਹਰੀ ਸਿੰਘ ਜ਼ਖ਼ਮੀ ਹੋ ਗਿਆ। ਉਹ ਬੇਹੋਸ਼ ਹੋ ਕੇ ਇਕ ਖੱਡ ਵਿੱਚ ਜਾ ਡਿੱਗਾ। ਪਰੰਤੂ ਛੇਤੀ-ਛੇਤੀ ਭਾਲ ਕਰਨ ਕਰਕੇ ਉਸ ਦੀ ਜਾਨ ਬਚ ਗਈ।13

1827 ਈ: ਦੇ ਸ਼ੁਰੂ ਵਿੱਚ ਫਿਰ ਸਾਰੀ ਉੱਤਰ ਪੱਛਮੀ ਸੀਮਾ ਤੇ ਗੜਬੜ ਫੈਲ ਗਈ। ਇਸ ਵਾਰ ਕਬਾਇਲੀਆਂ ਨੂੰ ਵਿਦਰੋਹ ਲਈ ਅਹਿਮਦਸ਼ਾਹ ਬਰੇਲੀ ਨੇ ਭੜਕਾਇਆ ਜੋ ਭਾਰਤ ਵਿੱਚੋਂ ਸਿੰਧ ਰਾਹੀਂ ਆ ਕੇ ਸਿੱਖਾਂ ਵਿਰੁੱਧ ਜਹਾਦ ਦੀ ਅਗਵਾਈ ਕਰ ਰਿਹਾ ਸੀ। ਉਹ ਖਲੀਫਾ ਹੋਣ ਦਾ ਦਾਅਵਾ ਕਰ ਰਿਹਾ ਸੀ। ਉਸ ਨੇ ਕਬਾਇਲੀਆਂ ਨੂੰ ਇਕਮੁੱਠ ਹੋਣ ਲਈ ਭੜਕਾਇਆ ਤੇ ਸਿੱਖਾਂ ਦੇ ਰਾਜ ਤੋਂ ਮੁਕਤੀ ਪਾਉਣ ਲਈ ਜੋਸ਼ ਭਰ ਦਿੱਤਾ। ਥੋੜ੍ਹੇ ਹੀ ਸਮੇਂ ਵਿੱਚ ਪਾਪਲੀ, ਸਵਾਤ, ਬੁਨੇਰ ਤੇ ਤੀਰਾਹ ਦੇ ਆਲੇ-ਦੁਆਲੇ ਦੇ ਖੇਤਰਾਂ 'ਚੋਂ ਅਫ਼ਗਾਨ ਉਹਦੇ ਝੰਡੇ ਹੇਠਾਂ ਇਕੱਠੇ ਹੋ ਕੇ ਆ ਗਏ। ਉਹਨਾਂ ਨੇ ਸਿੱਖ ਸੈਨਾ ਨੂੰ ਕੱਢ ਦਿੱਤਾ ਤੇ ਉਸ ਖੇਤਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਨੂੰ ਵੰਗਾਰ ਪਾਈ।

ਜਰਨੈਲ ਹਰੀ ਸਿੰਘ ਨੂੰ ਮਹਾਰਾਜੇ ਨੇ ਉੱਥੇ ਅਮਨ ਬਹਾਲ ਕਰਨ ਲਈ ਭੇਜਿਆ। ਪ੍ਰਸਿੱਧ ਜਰਨੈਲ ਨੇ ਅਹਿਮਦ ਸ਼ਾਹ ਤੇ ਉਹਦੇ ਮੁਲਖਈਏ ਨੂੰ 1827 ਵਿੱਚ ਸੈਦੋ ਦੇ ਅਸਥਾਨ 'ਤੇ ਭਾਂਜ ਦਿੱਤੀ। ਗਾਜ਼ੀਆਂ ਨੇ ਪਹਿਲਾਂ ਆਪਣਾ ਝੰਡਾ ਲਹਿਰਾਇਆ ਤੇ ਹਜ਼ਾਰਾਂ ਹੀ ਗਾਜ਼ੀ ਅਕੋੜਾ ਖਟਕ ਦੇ ਮੈਦਾਨਾਂ ਵਿੱਚ ਜਮ੍ਹਾਂ ਹੋ ਗਏ। ਉਹਨਾਂ ਨੇ ਪਹਿਲਾਂ ਖੈਰਾਬਾਦ ਦੇ ਸਿੱਖਾਂ ਦੇ ਕਿਲ੍ਹੇ ਨੂੰ ਘੇਰਾ ਪਾਇਆ ਤੇ ਉੱਥੋਂ ਦੇ ਕਿਲ੍ਹੇਦਾਰ ਬੁੱਧ ਸਿੰਘ ਸੰਧਾਵਾਲੀਆ ਨੂੰ ਬੇਖ਼ਬਰੇ ਹੀ ਜਾ ਪਏ ਜੋ ਥੋੜ੍ਹੀ ਜਿਹੀ ਸੈਨਾ ਨਾਲ ਵਿਰੋਧ ਕਰਨ ਦੇ ਅਸਮਰੱਥ ਸੀ। ਹਰੀ ਸਿੰਘ ਉਸ ਵੇਲੇ ਛੱਛ ਦੇ ਖੇਤਰ ਵਿੱਚ ਸੀ। ਉਸ ਨੂੰ ਜਦੋਂ ਇਸ ਵਿਸਾਹਘਾਤੀ ਸਥਿਤੀ ਦੀ ਜਾਣਕਾਰੀ ਹੋਈ ਤਾਂ ਉਹ ਇਕ ਦਿਨ ਵਿੱਚ ਹੀ 8000 ਸੈਨਕਾਂ ਨਾਲ ਪਹੁੰਚ ਗਿਆ। ਮੁਸਲਮਾਨਾਂ ਦੀ ਫ਼ੌਜ 20 ਗੁਣਾਂ ਜ਼ਿਆਦਾ ਸੀ ਤੇ ਉਹਨਾਂ ਦੀ ਗਿਣਤੀ 1½ ਲੱਖ ਸੀ। ਭਾਵੇਂ ਉਹ ਧਾਰਮਕ ਜੋਸ਼ ਨਾਲ ਭਰਪੂਰ ਤੇ ਮਰਨ ਲਈ ਤੁਲੇ

ਹੋਏ ਸਨ ਪਰ ਉਹ ਛੇਤੀ ਹੀ ਸਮਝ ਗਏ ਕਿ ਬੇਕਾਇਦਾ ਤੇ ਅਨਿਯਮਤ ਹਜੂਮ ਦਾ ਅਤਿ ਸਿੱਖਿਅਤ ਤੇ ਯੁੱਧਾਂ ਦੀ ਅਨੁਭਵੀ ਫ਼ੌਜ ਨਾਲ ਕੋਈ ਮੁਕਾਬਲਾ ਨਹੀਂ ਸੀ ਭਾਵੇਂ ਉਹ ਗਿਣਤੀ ਵਿੱਚ ਬਹੁਤ ਘੱਟ ਹੀ ਸੀ।[15] ਸਯੱਦ ਅਹਿਮਦ ਸ਼ਾਹ ਦੀ ਅਗਵਾਈ ਵਿੱਚ 23 ਫਰਵਰੀ 1827 ਈ: ਨੂੰ ਹਜ਼ਾਰਾਂ ਹੀ ਆਦਮੀਆਂ ਦੀਆਂ ਲੋਥਾਂ ਛੱਡ ਕੇ ਗਾਜ਼ੀ ਦੌੜ ਗਏ। ਮਹਾਰਾਜਾ ਇਸ ਜਿੱਤ 'ਤੇ ਬੜਾ ਪ੍ਰਸੰਨ ਹੋਇਆ।

ਇਕ ਵਾਰ ਫਿਰ ਸਯੱਦ ਨੇ ਪਿਸ਼ਾਵਰ ਤੇ ਹਮਲਾ ਕੀਤਾ ਤੇ ਯਾਰ ਮੁਹੰਮਦ ਖ਼ਾਂ ਨੂੰ ਮਾਰ ਦਿੱਤਾ। ਉਸ ਨੂੰ 1830 ਈ: ਵਿੱਚ ਹਰੀ ਸਿੰਘ ਨਲਵਾ ਤੇ ਜਰਨੈਲ ਅਲਾਰਡ ਨੇ ਪਿਛਾੜਿਆ। ਅਖ਼ੀਰ ਉਹ 1831 ਈ: ਵਿੱਚ ਬਾਲਾਕੋਟ ਵਿੱਚ ਮਾਰਿਆ ਗਿਆ।

ਖੁਸ਼ਵੰਤ ਸਿੰਘ ਇਸ ਲੜਾਈ ਬਾਰੇ ਲਿਖਦਾ ਹੈ : ਲਾਹੌਰ ਦਰਬਾਰ ਨੇ ਵੈਂਤੂਰਾ ਤੇ ਅਲਾਰਡ ਨੂੰ ਬੁੱਧ ਸਿੰਘ ਸੰਧਾਵਾਲੀਆ ਦੇ ਨਾਲ ਪਿਸ਼ਾਵਰ ਤੇ ਮੁੜ ਕਬਜ਼ਾ ਕਰਨ ਲਈ ਭੇਜਿਆ ਕਿਉਂਕਿ ਯਾਰ ਮੁਹੰਮਦ ਫਿਰ ਇਕ ਵਾਰ ਆਪਣੇ ਅਸਥਿਰ ਸੁਭਾਅ ਕਾਰਨ ਅਹਿਮਦ ਸ਼ਾਹ ਤੇ ਉਹਦੇ ਗਾਜ਼ੀਆਂ ਨਾਲ ਜਾ ਮਿਲਿਆ ਸੀ। ਯਾਰ ਮੁਹੰਮਦ ਦਾ ਵਿਸ਼ਵਾਸ ਸੀ ਕਿ ਗਾਜ਼ੀ ਜੇਤੂ ਹੋਣਗੇ। ਇਸ ਲਈ ਉਸ ਨੇ ਉਹਨਾਂ ਦੇ ਆਉਣ ਤੇ ਪਿਸ਼ਾਵਰ ਉਹਨਾਂ ਲਈ ਖ਼ਾਲੀ ਕਰ ਦਿੱਤਾ।

ਸੱਯਦ ਅਹਿਮਦ ਨੇ ਸੰਧਾਵਾਲੀਆ ਦੀ ਸੈਨਾ ਦਾ ਸੈਦੋ ਦੇ ਅਸਥਾਨ 'ਤੇ ਟਾਕਰਾ ਕੀਤਾ। ਧਾਰਮਕ ਜੋਸ਼ ਦਾ ਅਨੁਸ਼ਾਸਤ ਸੈਨਾ ਨਾਲ ਕੀ ਮੁਕਾਬਲਾ ਹੋਣਾ ਸੀ। ਗਾਜ਼ੀ ਖਦੇੜ ਦਿੱਤੇ ਗਏ ਤੇ ਪਿਸ਼ਾਵਰ ਤੇ ਅਧਿਕਾਰ ਕਰ ਲਿਆ ਗਿਆ।[15]

ਭਾਵੇਂ ਬੁੱਧ ਸਿੰਘ ਲੜਾਈ ਵਿੱਚ ਮਾਰਿਆ ਗਿਆ ਸੀ ਪਰੰਤੂ ਹਰੀ ਸਿੰਘ ਦੀ ਬਹਾਦਰੀ ਤੇ ਜੰਗੀ ਵਿਉਂਤ ਨਾਲ ਸਿੱਖਾਂ ਨੂੰ ਭਾਰੀ ਜਿੱਤ ਪ੍ਰਾਪਤ ਹੋਈ। ਸ਼ੇਰਸ਼ਾਹੀ ਮਾਰਗ ਤੇ ਅਟਕ ਦਰਿਆ ਉੱਪਰ ਨੌਸ਼ਹਿਰਾ ਤੇ ਸੰਗਰਾਮ ਨੇੜੇ ਖ਼ਾਲਸਾ ਫ਼ੌਜ ਨੇ ਬੜੀ ਬਹਾਦਰੀ ਨਾਲ ਇਕ ਤਾਕਤਵਰ ਸੈਨਾ ਉੱਪਰ ਜਿੱਤ ਪ੍ਰਾਪਤ ਕਰ ਲਈ। ਇਹ ਸਿੱਖ ਇਤਿਹਾਸ ਦੀ ਅਜਿਹੀ ਘਟਨਾ ਹੈ ਜਿਸ 'ਤੇ ਦੁਨੀਆਂ ਦੀ ਕੋਈ ਵੀ ਕੌਮ ਮਾਨ ਕਰ ਸਕਦੀ ਹੈ। ਇਸ ਜਿੱਤ ਦਾ ਸਿਹਰਾ ਨਲੂਆ ਦੇ ਸਿਰ ਹੈ।

ਗਾਜ਼ੀਆਂ ਨੇ ਇਸ ਹਾਰ ਨੂੰ ਯਾਰ ਮੁਹੰਮਦ ਦੀ ਹਾਰ ਹੀ ਸਮਝਿਆ ਕਿਉਂਕਿ ਉਹ ਉਸ ਨੂੰ ਸਿੱਖਾਂ ਨਾਲ ਮਿਲਿਆ ਹੋਇਆ ਕਹਿ ਕੇ ਭੰਡਦੇ ਸਨ। ਗਾਜ਼ੀ ਫਿਰ ਇਕ ਵਾਰ ਪਿਸ਼ਾਵਰ ਨੇੜੇ ਟਿੱਡੀ ਦਲ ਵਾਂਗ ਆ ਇਕੱਠੇ ਹੋਏ। 1829 ਈ: ਵਿੱਚ ਰਾਜਕੁਮਾਰ ਸ਼ੇਰ ਸਿੰਘ ਦੀ ਅਗਵਾਈ ਵਿੱਚ ਸਿੱਖਾਂ ਨੇ ਗਾਜ਼ੀਆਂ 'ਤੇ ਹਮਲਾ ਕੀਤਾ ਤੇ ਉਹਨਾਂ ਨੂੰ ਕਰਾਰੀ ਹਾਰ ਦਿੱਤੀ। ਕੁਝ ਮਹੀਨੇ ਪਿੱਛੋਂ ਗਾਜ਼ੀਆਂ ਨੇ ਯਾਰ ਮੁਹੰਮਦ ਨੂੰ ਮਾਰ ਦਿੱਤਾ। ਸਯੱਦ ਮੁਹੰਮਦ ਦਾ ਹੌਂਸਲਾ ਵੱਧ ਗਿਆ ਤੇ ਉਸ ਨੇ ਹਜ਼ਾਰਾ ਦੀਆਂ ਪਹਾੜੀਆਂ ਵਿੱਚ ਹਰੀ ਸਿੰਘ ਤੇ ਐਲਾਰਡ ਤੇ ਧਾਵਾ ਬੋਲ ਦਿੱਤਾ ਤੇ ਸਿੱਖਾਂ ਨੂੰ ਆਪਣੀ ਰੱਖਿਆ ਲਈ ਮਜਬੂਰ ਕਰ ਦਿੱਤਾ ਤੇ ਪਿਸ਼ਾਵਰ 'ਤੇ ਅਧਿਕਾਰ ਕਰ ਲਿਆ। ਪਰੰਤੂ ਸ਼ੇਰ ਸਿੰਘ ਨੇ ਸ਼ਹਿਰ ਨੂੰ ਦੁਬਾਰਾ ਜਿੱਤ ਕੇ ਸੁਲਤਾਨ ਮੁਹੰਮਦ ਖ਼ਾਂ ਨੂੰ ਦੇ ਦਿੱਤਾ। ਸਯੱਦ ਮੁਹੰਮਦ 1831 ਈ: ਵਿੱਚ

ਬਾਲਾਕੋਟ ਵਿੱਚ ਸੀ ਜਦੋਂ ਰਾਜਕੁਮਾਰ ਸ਼ੇਰ ਸਿੰਘ ਨੇ ਉਸ ਨੂੰ ਤੇ ਉਸ ਦੇ ਛੋਟੇ ਜਿਹੇ ਗਾਜ਼ੀਆਂ ਦੇ ਦਲ ਨੂੰ ਮਾਰ ਮੁਕਾਇਆ।[16]

ਇਸ ਤਰ੍ਹਾਂ 1827 ਤੋਂ 1831 ਈ: ਤੱਕ ਹਰੀ ਸਿੰਘ ਨਲਵਾ ਸਯੱਦ ਅਹਿਮਦ ਬਰੇਲਵੀ ਦੀਆਂ ਭਿਆਨਕ ਮੁਹਿੰਮਾਂ ਨੂੰ ਪਿਛਾੜਨ ਵਿੱਚ ਲੱਗਾ ਰਿਹਾ। 1831 ਈ: ਵਿੱਚ ਬਾਰਕਜ਼ਈ ਭਰਾਵਾਂ 'ਚੋਂ ਸੁਲਤਾਨ ਮੁਹੰਮਦ ਖ਼ਾਂ ਨੂੰ ਪਿਸ਼ਾਵਰ ਦਾ ਗਵਰਨਰ ਨਿਯੁਕਤ ਕੀਤਾ ਗਿਆ ਪਰੰਤੂ 1834 ਈ: ਵਿੱਚ ਮਹਾਰਾਜੇ ਨੇ ਪਿਸ਼ਾਵਰ ਨੂੰ ਲਾਹੌਰ ਦਰਬਾਰ ਵਿੱਚ ਸ਼ਾਮਿਲ ਕਰਨ ਦਾ ਫ਼ੈਸਲਾ ਲੈ ਲਿਆ। 5 ਅਪ੍ਰੈਲ 1834 ਈ: ਨੂੰ ਕੰਵਰ ਨੌਨਿਹਾਲ ਸਿੰਘ ਨੂੰ ਇਕ ਵੱਡੀ ਸੈਨਾ ਦੇ ਕੇ ਪਿਸ਼ਾਵਰ 'ਤੇ ਅਧਿਕਾਰ ਕਰਨ ਲਈ ਭੇਜਿਆ ਗਿਆ। ਹਰੀ ਸਿੰਘ ਨਲਵਾ ਨੇ ਹਜ਼ਾਰਾ ਮਹਾਂਸਿੰਘ ਨੂੰ ਸੌਂਪਿਆ ਤੇ 20 ਅਪ੍ਰੈਲ 1834 ਈ: ਨੂੰ ਪਿਸ਼ਾਵਰ ਵੱਲ ਕੂਚ ਕਰ ਦਿੱਤਾ। ਦੋਹਾਂ ਸੈਨਾਵਾਂ ਨੇ ਇਕੱਠਿਆਂ ਹਮਲਾ ਕੀਤਾ ਤੇ 6 ਮਈ 1834 ਈ: ਨੂੰ ਪਿਸ਼ਾਵਰ 'ਤੇ ਅਧਿਕਾਰ ਕਰ ਲਿਆ। ਸੁਲਤਾਨ ਮੁਹੰਮਦ ਤਾਂ ਦੌੜ ਗਿਆ ਪਰ ਹਾਜ਼ੀ ਖਾਂ ਤੇ ਖ਼ਾਨ ਮੁਹੰਮਦ ਡਟਵਾਂ ਵਿਰੋਧ ਕਰਦੇ ਰਹੇ, ਪਰ ਉਹ ਵੀ ਜ਼ਖ਼ਮੀ ਹੋ ਕੇ ਮੈਦਾਨ 'ਚੋਂ ਭੱਜ ਨਿਕਲੇ। ਪਿਸ਼ਾਵਰ 'ਤੇ ਅਧਿਕਾਰ ਕਰ ਲਿਆ ਗਿਆ ਤੇ ਹਰੀ ਸਿੰਘ ਨੂੰ ਇਸ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ।

ਪਿਸ਼ਾਵਰ ਨੂੰ ਸਿੱਖ ਰਾਜ ਵਿੱਚ ਮਿਲਾ ਲੈਣ ਨਾਲ ਕਾਬਲ ਦਾ ਹਾਕਮ ਦੋਸਤ ਮੁਹੰਮਦ ਕਰੋਧ ਵਿੱਚ ਆ ਗਿਆ। ਉਸ ਨੇ ਪਿਸ਼ਾਵਰ 'ਤੇ ਅਧਿਕਾਰ ਕਰਨ ਲਈ ਇਕ ਵੱਡੀ ਸੈਨਾ ਭੇਜੀ। ਹਰੀ ਸਿੰਘ ਨੇ ਕਾਬਲ ਦੀ ਉਸ ਵਿਸ਼ਾਲ ਸੈਨਾ ਨੂੰ ਵੀ ਹਰਾ ਦਿੱਤਾ। ਦੋਸਤ ਮੁਹੰਮਦ ਰਾਤ ਦੇ ਹਨੇਰੇ ਦੀ ਓਟ ਵਿੱਚ ਆਪਣੀ ਜਾਨ ਬਚਾ ਕੇ ਨੱਠ ਗਿਆ।

30 ਅਪ੍ਰੈਲ 1837 ਨੂੰ ਹਰੀ ਸਿੰਘ ਕਾਬਲ ਦੇ ਹਾਕਮ ਦੋਸਤ ਮੁਹੰਮਦ ਦੇ ਪੁੱਤਰ ਅਕਬਰ ਖ਼ਾਂ ਦੀ ਅਗਵਾਈ ਵਿੱਚ ਅਫ਼ਗਾਨਾਂ ਨਾਲ ਇਕ ਭਿਆਨਕ ਯੁੱਧ ਵਿੱਚ ਰੁੱਝ ਗਿਆ। ਉਸ ਸਮੇਂ ਹਰੀ ਸਿੰਘ ਪਿਸ਼ਾਵਰ ਵਿੱਚ ਬੀਮਾਰ ਪਿਆ ਸੀ। ਪਿਸ਼ਾਵਰ ਦੀ ਸੈਨਾ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਕਾਰਨ ਲਾਹੌਰ ਪਰਤ ਗਈ ਸੀ।

ਕਾਬਲ ਦੀ ਸੈਨਾ ਨੇ ਦੱਰਾ ਖੈਬਰ ਪਾਰ ਕਰਕੇ 30000 ਅਫ਼ਗਾਨਾਂ ਨਾਲ ਆ ਕੇ ਜਮਰੌਦ ਨੂੰ ਘੇਰ ਲਿਆ। ਜਮਰੌਦ ਦੇ ਕਿਲ੍ਹੇ ਦੇ ਹਾਕਮ ਮਹਾਂ ਸਿੰਘ ਦਾ ਤੁਰੰਤ ਸਹਾਇਤਾ ਵਾਸਤੇ ਭੇਜਿਆ ਜ਼ਰੂਰੀ ਸੰਦੇਸ਼ ਲੈ ਕੇ ਬੀਬੀ ਹਰਸ਼ਰਨ ਕੌਰ ਇਕ ਅਫ਼ਰੀਦਣ ਦੇ ਭੇਸ਼ ਵਿੱਚ ਪਿਸ਼ਾਵਰ ਪਹੁੰਚੀ।

ਨਲਵਾ ਆਪਣੀ ਬਿਮਾਰੀ ਵਿੱਚੋਂ ਉੱਠ ਕੇ ਜਮਰੌਦ ਨੂੰ ਚੱਲ ਪਿਆ। ਨਲੂਆ ਦੇ ਆਉਣ ਦੀ ਖ਼ਬਰ ਹੀ ਅਫ਼ਗਾਨਾਂ ਨੂੰ ਭੈਭੀਤ ਕਰਨ ਲਈ ਕਾਫ਼ੀ ਸੀ। ਉਹਨਾਂ ਨੇ ਜਮਰੌਦ ਦਾ ਘੇਰਾ ਉਠਾ ਲਿਆ ਤੇ ਖੈਬਰ ਦੀ ਘਾਟੀ ਵਿੱਚ ਮੋਰਚੇ ਸੰਭਾਲ ਲਏ। ਨਲਵੇ ਨੇ ਆਪਣੇ ਸੈਨਿਕ ਯੁੱਧ ਦੀ ਪਾਲਬੰਦੀ ਵਿੱਚ ਨਿਯੁਕਤ ਕਰ ਦਿੱਤੇ ਤੇ ਤਿੰਨ ਚਾਰ ਗੁਣਾਂ ਅਧਿਕ ਅਫ਼ਗਾਨਾਂ ਦੇ ਹਮਲੇ ਦੀ ਉਡੀਕ ਕਰਨ ਲੱਗਾ।

7 ਦਿਨ ਫ਼ੌਜਾਂ ਆਮ੍ਹਣੇ-ਸਾਮ੍ਹਣੇ ਡਟੀਆਂ ਰਹੀਆਂ। ਨਲਵੇ ਨੇ ਮਹਿਸੂਸ ਕਰ ਲਿਆ ਕਿ ਅਫ਼ਗਾਨਾਂ ਵਿੱਚ ਹਮਲਾ ਕਰਨ ਦਾ ਹੌਂਸਲਾ ਨਹੀਂ ਹੈ। ਉਸ ਨੇ ਆਪਣੀ ਫ਼ੌਜ ਨੂੰ ਅੱਗੇ ਵੱਧ ਕੇ ਹਮਲਾ ਕਰਨ ਦਾ ਹੁਕਮ ਦਿੱਤਾ। ਇਹ ਲੜਾਈ 30 ਅਪ੍ਰੈਲ 1837 ਨੂੰ ਹੋਈ। ਪੰਜਾਬੀਆਂ ਨੇ ਅਫ਼ਗਾਨਾਂ ਤੇ ਪਠਾਨ ਕਬਾਇਲੀਆਂ ਬਿਨਾਂ ਕਿਸੇ ਮੁਸ਼ਕਲ ਦੇ ਅੱਗੇ ਲਾ ਲਿਆ ਤੇ ਖਦੇੜ ਦਿੱਤਾ; ਉਹਨਾਂ ਦੀਆਂ 11 ਤੋਪਾਂ ਤੇ ਕਬਜ਼ਾ ਕਰ ਲਿਆ ਗਿਆ। ਦੋਸਤ ਮੁਹੰਮਦ ਦਾ ਪੁੱਤਰ ਅਕਬਰ ਖ਼ਾਂ ਜੋ ਲੜਾਈ ਇਕ ਉਚਾਣ ਤੋਂ ਵੇਖ ਰਿਹਾ ਸੀ ਉਸਨੇ ਨਲਵੇ ਨੂੰ ਆਪਣੇ ਸੈਨਿਕਾਂ ਤੋਂ ਕਾਫ਼ੀ ਅੱਗੇ ਹੋ ਕੇ ਹਮਲਾ ਕਰਦਾ ਤੱਕਿਆ। ਉਹ ਇਕੱਲੇ ਅੱਗੇ ਵਧੇ ਹੋਏ ਦਸਤੇ 'ਤੇ ਝਪਟਿਆ ਤੇ ਨਲਵੇ ਦੇ ਹਾਥੀ ਦੇ ਹੌਦੇ ਤੇ ਗੋਲੀਆਂ ਦਾਗ਼ ਦਿੱਤੀਆਂ। ਨਲਵਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਜਮਰੌਦ ਲਿਆਂਦਾ ਗਿਆ। ਉਹ ਸਮਝ ਗਿਆ ਕਿ ਉਸ ਦਾ ਅੰਤ ਨੇੜੇ ਹੈ। ਉਸ ਨੇ ਆਪਣੀ ਫ਼ੌਜ ਦੇ ਅਫ਼ਸਰਾਂ ਨੂੰ ਕਿਹਾ ਕਿ ਫ਼ੌਜਾਂ ਵੱਲੋਂ ਅਫ਼ਗਾਨਾਂ ਨੂੰ ਖ਼ੈਬਰ ਦੱਰੇ ਤੋਂ ਪਾਰ ਟਪਾਉਣ ਤੱਕ ਉਹ ਉਹਦੀ ਮੌਤ ਲੁਕਾਈ ਰੱਖਣ। ਡਾ. ਵੁੱਡ ਲਿਖਦਾ ਹੈ : "ਹਰੀ ਸਿੰਘ ਦੇ ਚਾਰ ਜ਼ਖ਼ਮ ਲੱਗੇ : ਦੋ ਤਲਵਾਰ ਦੇ ਫੱਟ ਛਾਤੀ 'ਤੇ ਇਕ ਤੀਰ ਸਿੱਧਾ ਹਿੱਕ ਵਿੱਚ ਜੋ ਉਸ ਨੇ ਧੀਰਜ ਨਾਲ ਕੱਢ ਲਿਆ ਤੇ ਪਹਿਲਾਂ ਵਾਂਗ ਉਦੋਂ ਤੱਕ ਅੱਗੇ ਵਧਣ ਦਾ ਹੁਕਮ ਦਿੰਦਾ ਰਿਹਾ ਜਦ ਪਾਸੇ ਤੋਂ ਉਸ ਦੇ ਗੋਲੀ ਲੱਗਣ ਨਾਲ ਘਾਓ ਨਾ ਹੋ ਗਿਆ ਤੇ ਜਿਸ ਨਾਲ ਉਸ ਦਾ ਦਿਲ ਡੁੱਬਣ ਲੱਗਾ ਤੇ ਉਸ ਨੂੰ ਮੈਦਾਨ 'ਚੋਂ ਕਿਲ੍ਹੇ ਵਿੱਚ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਉਸ ਨੇ ਬੇਨਤੀ ਕੀਤੀ ਕਿ ਮਹਾਰਾਜੇ ਵੱਲੋਂ ਭੇਜੀ ਕੁਮਕ ਆਉਣ ਤੱਕ ਉਸ ਦੀ ਮੌਤ ਨੂੰ ਰਾਜ਼ ਹੀ ਰੱਖਿਆ ਜਾਵੇ।"[17]

ਅਫ਼ਗਾਨਾਂ ਨੂੰ ਪੇਸ਼ਾਵਰ ਸਬਦਕਰ ਉੱਪਰ ਮੁੜ ਅਧਿਕਾਰ ਕਰਨ ਦੀ ਯੋਜਨਾ ਦਾ ਤਿਆਗ ਕਰਨਾ ਪਿਆ ਤੇ ਉਹ ਜਮਰੌਦ ਤੋਂ ਨਮੋਸ਼ੀ ਨਾਲ ਪਿੱਛੇ ਹਟਣ ਲਈ ਮਜਬੂਰ ਹੋ ਗਏ। ਫਿਰ ਵੀ ਉਹ ਕਾਬਲ ਨੂੰ ਖ਼ੁਸ਼ੀਆਂ ਵਿੱਚ ਬਾਘੀਆਂ ਪਾਉਂਦੇ ਮੁੜੇ। ਉਹ ਕਹਿੰਦੇ ਸਨ ਕੀ ਹੋਇਆ ਜੇ ਉਹ ਲੜਾਈ ਹਾਰ ਗਏ ਹਨ—ਉਹਨਾਂ ਨੇ ਨਲਵਾ ਨੂੰ ਤਾਂ ਮਾਰ ਦਿੱਤਾ ਹੈ ਜੋ ਇਕੱਲਾ ਹੀ ਸਵਾ ਲੱਖ ਆਦਮੀਆਂ ਦੀ ਫ਼ੌਜ ਦੇ ਬਰਾਬਰ ਸੀ। ਮੈਸਨ ਲਿਖਦਾ ਹੈ : ਅਫ਼ਗਾਨਾਂ ਦਾ ਇਸ ਕਾਰਵਾਈ ਉੱਪਰ ਫੜਾਂ ਮਾਰਨ ਦਾ ਕੋਈ ਵਿਸ਼ੇਸ਼ ਕਾਰਨ ਨਹੀਂ ਸੀ। ਭਾਵੇਂ ਉਹ ਇਸ ਨੂੰ ਵੱਡੀ ਜਿੱਤ ਤੇ ਮਾਨ ਮਹਿਸੂਸ ਕਰ ਰਹੇ ਸਨ।[19]

ਸਿੱਖ ਉੱਕਾ ਹੀ ਇਸ ਨੂੰ ਆਪਣੀ ਹਾਰ ਨਹੀਂ ਮੰਨਦੇ ਸਨ ਪਰ ਉਹਨਾਂ ਨੂੰ ਆਪਣੇ ਸੈਨਾਪਤੀ ਦੀ ਮੌਤ ਦਾ ਨਾ ਪੂਰਾ ਹੋਣ ਵਾਲਾ ਘਾਟਾ ਉਠਾਉਣਾ ਪਿਆ ਸੀ।

ਉਸ ਦੀ ਮੌਤ ਦੀ ਖ਼ਬਰ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਨੇ ਹੰਝੂ ਵਹਾਏ ਤੇ ਕਿਹਾ ਕਿ ਉਸ ਨੇ ਖ਼ਾਲਸਾ ਫ਼ੌਜ ਦਾ ਇਕ ਨਮਕ ਹਲਾਲ ਗੁਆ ਲਿਆ ਹੈ ਤੇ ਉਹ ਸ਼ੁਰੂ ਤੋਂ ਲੈ ਕੇ ਆਖ਼ਰੀ ਦਮ ਤੱਕ ਉਸ ਦੀ ਵਫ਼ਾਦਾਰੀ ਤੇ ਕੁਰਬਾਨੀਆਂ ਬਾਰੇ ਗੱਲਾਂ ਕਰਦਾ ਰਿਹਾ।[20]

ਨਿਰਸੰਦੇਹ ਉਹ ਮਹਾਨ ਜਰਨੈਲ ਸੀ ਤੇ ਉਸ ਨੇ ਸਰਹੱਦੀ ਜਿੱਤਾਂ ਵਿੱਚ ਅਮਿੱਟ ਸ਼ੁਹਰਤ ਪ੍ਰਾਪਤ ਕੀਤੀ। ਉਸ ਨੂੰ ਸਹੀ ਤੌਰ 'ਤੇ ਹੀ "ਪਿਸ਼ਾਵਰ ਦਾ ਨਾਇਕ" ਤੇ "ਸਿੱਖ ਰਾਜ ਦਾ ਰਾਖਾ" ਕਿਹਾ ਗਿਆ।

ਉਹ ਉੱਚਕੋਟੀ ਦਾ ਜਰਨੈਲ ਤਾਂ ਸੀ ਹੀ, ਪਰ ਉਹ ਇਕ ਚੰਗਾ ਪ੍ਰਬੰਧਕ ਤੇ ਗਵਰਨਰ ਵੀ ਸੀ। ਉਸ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ ਗਿਆ ਜਿੱਥੇ ਉਸ ਨੇ ਇਨਸਾਫ਼ ਕਰਕੇ ਲੋਕਾਂ ਵਿੱਚ ਪ੍ਰਸਿੱਧੀ ਤੇ ਸਰਵ-ਪ੍ਰੀਅਤਾ ਪ੍ਰਾਪਤ ਕੀਤੀ। ਫਿਰ ਉਸ ਨੂੰ ਹਜ਼ਾਰਾ ਦਾ ਗਵਰਨਰ ਥਾਪਿਆ ਗਿਆ। 1834 ਈ: ਵਿੱਚ ਉਸ ਨੂੰ ਪਿਸ਼ਾਵਰ ਦਾ ਗਵਰਨਰ ਬਣਾਇਆ ਗਿਆ। ਉੱਥੇ ਉਸ ਨੇ ਸਤਾਰ੍ਹਵੀਂ ਸਦੀ ਤੋਂ ਹਿੰਦੂਆਂ ਉੱਪਰ ਲੱਗਾ ਜਜ਼ੀਆ ਖ਼ਤਮ ਕੀਤਾ। ਅਮਨ ਕਾਇਮ ਕਰਨ ਲਈ ਉਸ ਨੇ ਥਾਣੇ ਕਾਇਮ ਕੀਤੇ ਤੇ ਫ਼ੌਜੀ ਨੁਕਤੇ ਤੋਂ ਕਈ ਕਿਲ੍ਹੇ ਬਣਾਏ।

ਪਰੰਤੂ ਉਸ ਦੀਆਂ ਮੁੱਖ ਪ੍ਰਾਪਤੀਆਂ ਯੁੱਧ-ਖੇਤਰ ਵਿੱਚ ਸਨ। "ਉਸ ਦੀ ਮੌਤ ਨਾਲ ਸਿੱਖ ਇਤਿਹਾਸ ਦਾ ਮਹਾਰਥੀ ਤੇ ਸਿੱਖ ਸਰਕਾਰ ਦਾ ਸੁਯੋਗ ਜਰਨੈਲ ਚਲਾ ਗਿਆ, ਜਿਸ ਨੇ ਰਣਜੀਤ ਸਿੰਘ ਦੇ ਰਾਜ ਦੇ ਵਿਸਥਾਰ ਤੇ ਮਜਬੂਤੀ ਲਈ ਵੱਡਾ ਯੋਗਦਾਨ ਪਾਇਆ", ਡਾ. ਬਿਕਰਮਜੀਤ ਹਸਰਤ ਦੀ ਇਹ ਟਿੱਪਣੀ ਕਿਤਨੀ ਸਹੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਕਿਰਪਾਲ ਸਿੰਘ ਨਾਰੰਗ, ਹਰੀ ਰਾਮ ਗੁਪਤਾ, ਪੰਜਾਬ ਦਾ ਇਤਿਹਾਸ, ਅਤਰ ਚੰਦ ਕਪੂਰ, ਨਵੀਂ ਦਿੱਲੀ, 1973, ਪੰਨਾ 318
2. ਗੁਰਬਖ਼ਸ਼ ਸਿੰਘ, ਖ਼ਾਲਸਾ ਜਰਨੈਲ, ਪੰਨਾ 59
3. ਡਾ. ਗੋਪਾਲ ਸਿੰਘ, ਸਿੱਖ ਕੌਮ ਦਾ ਇਤਿਹਾਸ, ਪੰਨਾ 466, ਪਰੰਤੂ "ਇਨਸਾਈਕਲੋਪੀਡਿਆ ਆਫ਼ ਸਿੱਖਇਜ਼ਮ ਵਿੱਚ ਅਵਤਾਰ ਸਿੰਘ ਸੰਧੂ ਦੇ ਇੰਦਰਾਜ ਵਿੱਚ ਉਸ ਨੂੰ ਸ਼ੁਕਰਚਕੀਆਂ ਦਾ ਡੇਰੇਦਾਰ ਕਿਹਾ ਗਿਆ ਹੈ।
4. ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦਾਂ II, ਪੰਨਾ 252
5. ਸੋਹਣ ਲਾਲ, ਉਮਦਾਤ-ਉਤ-ਤਵਾਰੀਖ, ਦਫ਼ਤਰ III, ਪੰਨਾ 379
6. ਖੁਸ਼ਵੰਤ ਸਿੰਘ, ਰਣਜੀਤ ਸਿੰਘ, ਪੰਨਾ 115
7. ਉਹੀ, ਸਿੱਖਾਂ ਦਾ ਇਤਿਹਾਸ, ਜਿਲਦ 1, ਪੰਨਾ 247
8. ਕੁਲਦੀਪ ਸਿੰਘ ਧੀਰ, ਸਿੱਖ ਰਾਜ ਦੇ ਉਸਰੱਈਏ, ਪੰਨਾ 34
9. ਸੋਹਣ ਸਿੰਘ ਸੀਤਲ, ਸਿੱਖ ਸ਼ਕਤੀ ਦਾ ਉਭਾਰ ਤੇ ਰਣਜੀਤ ਸਿੰਘ, ਪੰਨਾ 591
10. ਮੀਰਾ ਬਖ਼ਸ਼ ਮੌਲਵੀ, ਤਾਰੀਖ-ਇ-ਹਜ਼ਾਰਾ, ਪੰਨਾ 168
11. ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ II, ਪੰਨਾ 252
12. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਜਿਲਦ 1, ਪੰਨਾ 271

13. ਗੁਰਬਖ਼ਸ਼ ਸਿੰਘ, ਖ਼ਾਲਸਾ ਜਰਨੈਲ, ਪੰਨਾ 62
14. ਡਾ. ਗੋਪਾਲ ਸਿੰਘ, ਸਿੱਖ ਕੌਮ ਦਾ ਇਤਿਹਾਸ, ਪੰਨਾ 484
15. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਜਿਲਦ 1, ਪੰਨਾ 272
16. ਉਹੀ, ਪੰਨਾ 273
17. ਨਿੱਜੀ ਪੱਤਰ ਵਿਹਾਰ—ਮਈ 29, 1839 (ਡਾ. ਵੁੱਡ ਵੱਲੋਂ ਵਡੇ ਵੱਲ)
18. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਪੰਨਾ 194
19. ਮੈਸਨ ਚਾਰਲਸ, ਬਲੋਚਿਸਤਾਨ, ਅਫ਼ਗਾਨਿਸਤਾਨ ਤੇ ਪੰਜਾਬ ਵਿੱਚ ਯਾਤਰਾ ਦਾ ਵਰਣਨ, ਜਿਲਦ IV, ਕਾਂਡ 16
20. ਸੂਰੀ, ਸੋਹਣ ਲਾਲ, ਉਮਦਾਤ-ਉਲ-ਤਵਾਰੀਖ, ਦਫ਼ਤਰ III, ਪੰਨੇ 354-55

# ਅਕਾਲੀ ਫੂਲਾ ਸਿੰਘ

ਨਿਸ਼ਾਨਵਾਲੀਆ ਮਿਸਲ ਨਾਲ ਸੰਬੰਧਿਤ ਸਰਦਾਰਾਂ 'ਚੋਂ ਸਰਦਾਰ ਈਸ਼ਰ ਸਿੰਘ ਦੇ ਘਰ ਪਿੰਡ ਸੀਹਾਂ ਬਾਂਗਰ ਪਿੰਡ ਵਿੱਚ ਸੰਮਤ 1818 (1731 ਈ:) ਨੂੰ ਫੂਲਾ ਸਿੰਘ ਦਾ ਜਨਮ ਹੋਇਆ। ਵੱਡੇ ਘੱਲੂਘਾਰੇ ਸਮੇਂ ਅਬਦਾਲੀ ਨੇ ਜਦੋਂ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ ਭਾਰਤ 'ਤੇ ਛੇਵਾਂ ਹਮਲਾ ਕੀਤਾ ਤਾਂ ਸਰਦਾਰ ਈਸ਼ਰ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਤੇ ਚਲਾਣਾ ਕਰ ਗਏ। ਬਾਲਕ ਫੂਲਾ ਸਿੰਘ ਦੀ ਪਾਲਣਾ ਉਹਨਾਂ ਦੇ ਪਿਤਾ ਦੇ ਇਕ ਮਿੱਤਰ ਵੱਲੋਂ ਕੀਤੀ ਗਈ। ਇਹ ਸੁਹਿਰਦ ਵਿਅਕਤੀ ਸ਼ਹੀਦਾਂ ਦੀ ਮਿਸਲ ਦੇ ਰਤਨ ਰੂਪ ਬਾਬਾ ਨਰੈਣ ਸਿੰਘ (ਨੈਣਾ ਸਿੰਘ) ਜੀ ਸਨ।[1] ਉਹਨਾਂ ਨੇ ਹੀ ਫੂਲਾ ਸਿੰਘ ਨੂੰ ਅੰਮ੍ਰਿਤ ਛਕਾਇਆ। ਆਪ ਨੂੰ ਉਹਨਾਂ ਵੱਲੋਂ ਨੇਜ਼ਾਬਾਜੀ, ਘੋੜਸਵਾਰੀ ਤੇ ਸ਼ਸਤਰ ਵਿੱਦਿਆ ਵਿੱਚ ਨਿਪੁੰਨ ਬਣਾ ਦਿੱਤਾ ਗਿਆ ਜਿਸ ਕਾਰਨ ਉਹ ਯੁੱਧ ਕਲਾ ਵਿੱਚ ਸਦਾ ਜੇਤੂ ਰਿਹਾ। ਜਦੋਂ ਨਰੈਣ ਸਿੰਘ ਜੀ ਚਲਾਣਾ ਕਰ ਗਏ ਤਾਂ ਫੂਲਾ ਸਿੰਘ ਅਕਾਲੀ ਜੱਥੇ ਦੇ ਆਗੂ ਬਣੇ।

1800 ਈ: ਵਿੱਚ ਅਕਾਲੀ ਫੂਲਾ ਸਿੰਘ ਨੇ ਅੰਮ੍ਰਿਤਸਰ ਨੂੰ ਆਪਣਾ ਕੇਂਦਰ ਬਣਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦੁਆਰਿਆਂ ਵਿੱਚੋਂ ਮਹੰਤਾਂ ਵੱਲੋਂ ਸ਼ੁਰੂ ਕੀਤੀ ਬ੍ਰਾਹਮਣੀ-ਮਰਯਾਦਾ ਦਾ ਸਫਾਇਆ ਕਰਕੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਵਾਈ।[2] ਸ੍ਰੀ ਅੰਮ੍ਰਿਤਸਰ ਤੋਂ ਬਿਨਾਂ ਆਪ ਸਮੇਂ-ਸਮੇਂ ਸ੍ਰੀ ਆਨੰਦਪੁਰ ਤੇ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵੀ ਗੁਰਧਾਮਾਂ ਦੇ ਸੁਧਾਰ ਲਈ ਜਾਂਦੇ ਰਹਿੰਦੇ ਸਨ।

ਅਕਾਲੀ ਫੂਲਾ ਸਿੰਘ ਜੀ ਸਿੱਖ ਰਾਜ ਦੇ ਸ਼ੁੱਭ-ਇੱਛਕਾਂ ਤੇ ਆਪਾ-ਵਾਰੂ ਸੇਵਕਾਂ ਵਿੱਚੋਂ ਸਭ ਤੋਂ ਅੱਗੇ ਸਨ। ਆਪ ਦਾ ਸੰਬੰਧ ਪਹਿਲਾਂ ਤਖ਼ਤ ਦਮਦਮਾ ਸਾਹਿਬ ਨਾਲ ਸੀ। ਉਹੋ ਹੀ ਸ਼ਹੀਦਾਂ ਦੀ ਮਿਸਲ ਦਾ ਮੁੱਖ ਸਥਾਨ ਸੀ। ਜਦੋਂ ਅਠਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ ਪਹਾੜੀ ਰਾਜਿਆਂ ਨੇ ਆਨੰਦਪੁਰ ਸਾਹਿਬ ਦੇ ਗੁਰਦਵਾਰਿਆਂ ਉੱਤੇ ਹਮਲੇ ਕੀਤੇ ਤਾਂ ਆਪ ਦਮਦਮਾ ਸਾਹਿਬ ਤੋਂ ਆਨੰਦਪੁਰ ਪਹੁੰਚ ਗਏ। ਏਥੇ ਪੰਥ-ਦੋਖੀਆਂ ਨੂੰ ਕਰਾਰੇ ਹੱਥ ਦਿਖਾ ਕੇ 1800 ਈ: 'ਚ ਅੰਮ੍ਰਿਤਸਰ ਚਲੇ ਗਏ।[3]

ਅੰਮ੍ਰਿਤਸਰ ਪਹੁੰਚ ਕੇ ਆਪ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਨੇਕ ਜੰਗਾਂ ਵਿੱਚ ਸਹਾਇਤਾ ਕੀਤੀ। ਆਪਣਾ ਪੱਕਾ ਹੈੱਡਕੁਆਰਟਰ ਉਸ ਥਾਂ ਕਾਇਮ ਕੀਤਾ ਜਿੱਥੇ ਹੁਣ ਬੁਰਜ ਅਕਾਲੀ ਫੂਲਾ ਸਿੰਘ ਹੈ। ਏਥੇ ਅਕਾਲੀ ਫੂਲਾ ਸਿੰਘ ਦੇ ਜੱਥੇ ਵਿੱਚ 1200 ਸਵਾਰ ਤੇ 1800 ਪੈਦਲ ਸਿੰਘ ਸਨ।

1802 ਈ: ਵਿੱਚ ਭੰਗੀ ਮਿਸਲ ਦੇ ਸਰਦਾਰਾਂ ਤੋਂ ਜਦੋਂ ਰਣਜੀਤ ਸਿੰਘ ਨੇ ਇਹ ਸ਼ਹਿਰ ਜਿੱਤਿਆ ਤਾਂ ਅਕਾਲੀ ਜੀ ਨੇ ਮਹਾਰਾਜੇ ਨੂੰ "ਗੁਰੂ ਕੀ ਨਗਰੀ" ਦੀ ਲੁੱਟਮਾਰ ਕਰਨ ਤੋਂ ਰੋਕਿਆ।

1802 ਈ: ਵਿੱਚ ਕਸੂਰ ਦੇ ਹਾਕਮ ਕੁਤਬੁਦੀਨ ਦੀ ਬਗ਼ਾਵਤ ਸਮੇਂ ਤੇ 1816 ਈ: ਨੂੰ ਮੁਲਤਾਨ, ਭੱਖਰ ਤੇ ਬਹਾਵਲਪੁਰ ਦੇ ਇਲਾਕਿਆਂ ਵਿੱਚ ਸਿੱਖ ਰਾਜ ਵਿਰੁੱਧ ਬਗ਼ਾਵਤਾਂ ਨੂੰ ਕੁਚਲਣ ਲਈ ਮਹਾਰਾਜਾ ਨੇ ਅਕਾਲੀ ਫੂਲਾ ਸਿੰਘ ਦੇ ਜੱਥੇ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਸ਼ਾਇਦ ਹੀ ਕੋਈ ਮੁਹਿੰਮ ਹੋਏ ਜਿਸ ਵਿੱਚ ਅਕਾਲੀ ਫੂਲਾ ਸਿੰਘ ਦੇ ਜੱਥੇ ਦਾ ਯੋਗਦਾਨ ਨਾ ਹੋਵੇ। ਕਸ਼ਮੀਰ, ਮੁਲਤਾਨ ਤੇ ਪਿਸ਼ਾਵਰ ਦੀਆਂ ਜਿੱਤਾਂ ਮਹਾਰਾਜੇ ਲਈ ਬਹੁਤ ਹੀ ਅਹਿਮ ਸਨ। ਅਕਾਲੀ ਜੀ ਦਾ ਇਹਨਾਂ ਵਿੱਚ ਵੱਡਾ ਯੋਗਦਾਨ ਸੀ। 1813 ਈ: ਅਤੇ 1819 ਈ: ਦੀ ਪਿਸ਼ਾਵਰ ਦੀ ਚੜ੍ਹਾਈ ਸਮੇਂ ਅਕਾਲੀ ਫੂਲਾ ਸਿੰਘ ਦਾ ਯੋਗਦਾਨ ਤਾਂ ਹੈ ਹੀ ਸੀ ਪਰੰਤੂ 1823 ਈ: ਨੂੰ ਨੌਸ਼ਹਿਰੇ ਦੀ ਲੜਾਈ ਸਮੇਂ ਬਹਾਦਰੀ ਤੇ ਸੂਰਮਗਤੀ ਦੇ ਜੌਹਰ ਅਤੇ ਸ਼ਹਾਦਤ ਦੀ ਪ੍ਰਾਪਤੀ ਉਹਦੀ ਕੁਰਬਾਨੀ ਦਾ ਸਦੀਵੀ ਪ੍ਰਮਾਣ ਹੈ।

1816 ਈ: ਦੀ ਮੁਲਤਾਨ ਦੀ ਜਿੱਤ ਵਿੱਚ ਅਕਾਲੀ ਫੂਲਾ ਸਿੰਘ ਨੇ ਜੋ ਬੀਰਤਾ ਵਿਖਾਈ, ਉਸ ਦਾ ਦਸੰਬਰ 1846 ਦਾ ਕਲਕੱਤਾ ਰੀਵੀਉ ਇੰਝ ਜ਼ਿਕਰ ਕਰਦਾ ਹੈ :— ਰਣਜੀਤ ਸਿੰਘ ਦੀ ਸਾਰੀ ਸੈਨਾ ਮੁਲਤਾਨ ਤੋਂ ਪਿੱਛੇ ਧੱਕੀ ਜਾਣੀ ਸੀ ਜੇਕਰ ਅਕਾਲੀ ਫੂਲਾ ਸਿੰਘ ਲੋਹੇ ਵਰਗਾ ਹੌਂਸਲਾ ਕਰਕੇ ਮੋਰਚੇ ਵਿੱਚੋਂ ਆਪਣਾ ਜੱਥਾ ਲੈ ਕੇ ਤੂਫ਼ਾਨ ਵਾਂਗੂੰ ਅੰਦਰ ਨਾ ਚਲਾ ਜਾਂਦਾ।

ਇਹੋ ਕਾਰਨ ਸੀ ਕਿ ਮੁਲਤਾਨ ਦੀ ਫਤਹਿ ਪਿੱਛੋਂ ਮਹਾਰਾਜਾ ਨੇ ਅਕਾਲੀ ਫੂਲਾ ਸਿੰਘ ਨੂੰ "ਖਾਲਸਾ ਰਾਜ ਦਾ ਰਾਖਾ" ਆਖ ਕੇ ਸਨਮਾਨਿਆ ਸੀ।

1818 ਈ: ਵਿੱਚ ਪਿਸ਼ਾਵਰ ਉੱਪਰ ਮਹਾਰਾਜਾ ਰਣਜੀਤ ਸਿੰਘ ਵੱਲੋਂ ਧਾਵਾ ਬੋਲਿਆ ਗਿਆ। ਸਿੱਖ ਫ਼ੌਜਾਂ ਵਿਰੁੱਧ ਪਠਾਣਾਂ ਨੇ ਜਹਾਦ ਦਾ ਨਾਅਰਾ ਲਗਾ ਕੇ ਮੁਸਲਮਾਨਾਂ ਦਾ ਸਾਂਝਾ ਮੁਹਾਜ਼ ਬਣਾ ਲਿਆ। ਧਾਰਮਿਕ ਜਨੂਨ ਵਿੱਚ ਖਰੂਦੀ ਪਠਾਣਾਂ ਨੇ ਸਿੱਖ ਫ਼ੌਜ ਦੇ ਰਸਤੇ ਬੰਦ ਕਰਕੇ ਸੈਂਕੜੇ ਸਿੱਖ ਫ਼ੌਜੀ ਸ਼ਹੀਦ ਕਰ ਦਿੱਤੇ। ਇਸ ਸਮੇਂ ਮਹਾਰਾਜਾ ਨੇ ਅਕਾਲੀ ਫੂਲਾ ਸਿੰਘ ਪਾਸੋਂ ਸਹਾਇਤਾ ਮੰਗੀ। ਅਕਾਲੀ ਫੂਲਾ ਸਿੰਘ ਦੀ ਅਗਵਾਈ ਵਿੱਚ ਅਕਾਲੀ ਗਾਜ਼ੀਆਂ ਉੱਤੇ ਟੁੱਟ ਪਏ। ਇਹਨਾਂ ਦੀਆਂ ਤੇਗ਼ਾਂ ਮੂਹਰੇ ਪਠਾਣ ਨੱਠ ਉੱਠੇ। ਖ਼ਾਲਸਾ ਫ਼ੌਜ ਦਾ ਪਿਸ਼ਾਵਰ 'ਤੇ ਕਬਜ਼ਾ ਹੋ ਗਿਆ।

1819 ਈ: ਵਿੱਚ ਕਸ਼ਮੀਰ ਦੀ ਜਿੱਤ ਸਮੇਂ ਪੁਣਛ ਦਾ ਪਠਾਣ ਹਾਕਮ ਆਪਣੇ ਇਕ ਕਿਲ੍ਹੇ ਵਿੱਚ ਆਕੀ ਹੋਇਆ ਬੈਠਾ ਸੀ। ਅਕਾਲੀ ਫੂਲਾ ਸਿੰਘ ਨੇ ਉਸ ਨੂੰ ਕਿਲ੍ਹੇ ਵਿੱਚੋਂ ਕੱਢ ਕੇ ਉਸ ਦੇ ਪੁੱਤਰਾਂ ਸਮੇਤ ਕੈਦੀ ਬਣਾ ਲਿਆ। ਇਸ ਜਿੱਤ ਉੱਪਰ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿੱਚ ਦੀਪਮਾਲਾ ਕੀਤੀ ਤੇ ਅਕਾਲੀ ਫੂਲਾ ਸਿੰਘ ਨੂੰ 'ਮਹਾਂਬਲੀ' ਦੀ ਉਪਾਧੀ ਦਿੱਤੀ।

ਉਹਨਾਂ ਨੇ ਸਿੱਖ ਰਾਜ ਦੀ ਸੇਵਾ ਕਰਦਿਆਂ ਆਖ਼ਰੀ ਲੜਾਈ ਲੜਦਿਆਂ ਨੌਸ਼ਹਿਰੇ ਦੇ ਅਸਥਾਨ 'ਤੇ ਵੀਰਗਤੀ ਪ੍ਰਾਪਤ ਕੀਤੀ। ਭਾਈ ਕਾਨ੍ਹ ਸਿੰਘ ਲਿਖਦੇ ਹਨ : 14 ਮਾਰਚ, 1823 ਈ: (1 ਚੇਤ ਸੰਮਤ 1879) ਨੂੰ ਸਰਹੱਦੀ ਗਾਜ਼ੀ ਅਤੇ ਮੁਲਖੈਯੇ ਦੀ "ਤਰਕੀ" ਤੀਰੀ ਨਾਮੀ ਜੰਗਭੂਮੀ ਦੀ ਭਾਰੀ ਲੜਾਈ ਵਿੱਚ ਖ਼ਾਲਸਾ ਦਲ ਦੀ ਸਹਾਇਤਾ

ਕਰਦੇ ਹੋਏ ਜੰਗ ਫਤੇ ਕਰਕੇ ਵੱਡੀ ਵੀਰਤਾ ਨਾਲ ਫੂਲਾ ਸਿੰਘ ਜੀ ਸ਼ਹੀਦ ਹੋਏ।"[5] ਕਾਬਲ ਦੇ ਬਾਦਸ਼ਾਹ ਮੁਹੰਮਦ ਅਜ਼ੀਮ ਖ਼ਾਂ ਨੇ 1823 ਈ: ਵਿੱਚ ਖ਼ਾਲਸਾ ਰਾਜ ਦੇ ਪ੍ਰਬੰਧਕਾਂ ਨੂੰ ਕੱਢ ਕੇ ਮੁੜ ਕਬਜ਼ਾ ਕਰ ਲਿਆ ਸੀ। ਇਸ ਬਗ਼ਾਵਤ ਨੂੰ ਕੁਚਲਣ ਲਈ ਮਹਾਰਾਜੇ ਨੇ ਸ: ਹਰੀ ਸਿੰਘ ਨਲਵਾ ਤੇ ਅਕਾਲੀ ਫੂਲਾ ਸਿੰਘ ਨੂੰ ਭੇਜਿਆ। ਖ਼ਾਲਸਾ ਫ਼ੌਜਾਂ ਦਾ ਟਾਕਰਾ ਕਰਨ ਵਿੱਚ ਪਠਾਣ ਅਸਫ਼ਲ ਹੋਏ। ਪਰ ਖ਼ਾਲਸਈ ਜਿੱਤ ਦੀ ਇਸ ਘੜੀ ਵਿੱਚ ਕਿਸੇ ਪਠਾਣ ਨੇ ਪੱਥਰ ਉਹਲੇ ਲੁੱਕ ਕੇ ਅਚਾਨਕ ਬੰਦੂਕ ਦੀਆਂ ਦੋ ਗੋਲੀਆਂ ਅਕਾਲੀ ਫੂਲਾ ਸਿੰਘ ਨੂੰ ਮਾਰੀਆਂ। ਭਾਵੇਂ ਕਰਨਲ ਮੀਂਹਾ ਸਿੰਘ ਨੇ ਉਸ ਪਠਾਣ ਦੇ ਡੱਕਰੇ ਕਰ ਦਿੱਤੇ ਪਰ ਖ਼ਾਲਸਾ ਰਾਜ ਦਾ ਇਹ ਸਿਰਲੱਥ ਮੁਦੱਈ ਤਾਂ ਸ਼ਹਾਦਤ ਪਾ ਗਿਆ ਸੀ। ਅਕਾਲੀ ਜੀ ਦੀ ਸ਼ਹਾਦਤ ਤੇ ਮਹਾਰਾਜੇ ਨੂੰ ਬੜਾ ਦੁੱਖ ਹੋਇਆ। ਅਕਾਲੀ ਫੂਲਾ ਸਿੰਘ ਦਾ ਸ਼ਹੀਦ ਗੰਜ ਲੁੰਡੇ ਦਰਿਆ ਦੇ ਕਿਨਾਰੇ ਨੌਸ਼ਹਿਰੇ ਤੋਂ ਚਾਰ ਮੀਲ ਪੂਰਬ ਵੱਲ ਸਥਿਤ ਹੈ।

ਧਾਰਮਿਕ ਖੇਤਰ—ਅਕਾਲੀ ਫੂਲਾ ਸਿੰਘ ਇਕ ਨਿਰਭੈ ਸਿੰਘ ਆਗੂ ਸੀ। ਆਪ ਨੇ ਕਈ ਵਾਰ ਮਹਾਰਾਜੇ ਨੂੰ ਧਾਰਮਿਕ ਮਰਯਾਦਾ ਦੀ ਉਲੰਘਣਾ ਦੇ ਕਾਰਨ ਤਾੜਨਾ ਵੀ ਕੀਤੀ ਤੇ 'ਮੋਰਾਂ' ਦੇ ਮਾਮਲੇ 'ਤੇ ਮਹਾਰਾਜਾ ਨੂੰ ਕੋੜੇ ਮਾਰਨ ਦੀ ਤਨਖ਼ਾਹ ਵੀ ਲਾਈ, ਭਾਵੇਂ ਪਿੱਛੋਂ ਖਿਮਾ ਦੇ ਦਿੱਤੀ। ਉਹ ਧਾਰਮਿਕ ਮਾਮਲਿਆਂ ਵਿੱਚ ਬਹੁਤ ਸਖ਼ਤ ਤੇ ਪਾਬੰਦ ਸਨ। 1809 ਈ: ਵਿੱਚ ਜਦੋਂ ਚਾਰਲਸ ਮੈਟਕਾਫ ਮਹਾਰਾਜਾ ਨਾਲ ਸੰਧੀ ਕਰਨ ਅੰਮ੍ਰਿਤਸਰ ਆਇਆ ਤਾਂ ਉਸ ਨਾਲ "ਸ਼ੀਆ' ਮੁਸਲਮਾਨਾਂ ਦੀ ਟੁਕੜੀ ਸੀ। ਉਹ ਲੋਕ ਦਰਬਾਰ ਸਾਹਿਬ ਦੇ ਸਾਹਮਣੇ 'ਤਾਜ਼ੀਆ' ਕੱਢਦੇ ਜਾ ਰਹੇ ਸਨ ਜਿਸ ਨਾਲ ਦੀਵਾਨ 'ਚ ਵਿਘਨ ਪੈਂਦਾ ਸੀ। ਅਕਾਲੀ ਫੂਲਾ ਸਿੰਘ ਨੇ ਰੋਕ ਦਿੱਤਾ। ਮਾਮਲਾ ਲੜਾਈ ਦਾ ਰੂਪ ਧਾਰਨ ਕਰਨ ਲੱਗਾ। ਮਹਾਰਾਜਾ ਨੇ ਆਪ ਪਹੁੰਚ ਕੇ ਮਾਮਲਾ ਨਜਿੱਠਿਆ। ਉਸ ਤੋਂ ਪਿੱਛੋਂ ਫਿਰ ਕਿਸੇ ਨੇ ਤਾਜ਼ੀਆ ਕੱਢਣ ਦੀ ਜੁਰਅਤ ਨਾ ਕੀਤੀ।

ਅਕਾਲੀ ਫੂਲਾ ਸਿੰਘ ਦੇ ਕਈ ਮਾਮਲਿਆਂ ਤੇ ਮਹਾਰਾਜਾ ਰਣਜੀਤ ਸਿੰਘ ਨਾਲ ਮੱਤਭੇਦ ਹੋ ਜਾਂਦੇ ਸਨ। ਉਸ ਦਾ ਵੱਡਾ ਕਾਰਨ ਤਾਂ ਮਹਾਰਾਜੇ ਦੀ ਡੋਗਰਿਆਂ ਪ੍ਰਤੀ ਕਮਜ਼ੋਰੀ ਸੀ। ਮਹਾਰਾਜਾ ਅੰਗਰੇਜ਼ਾਂ ਦੀਆਂ ਕੁਚਾਲਾਂ ਵੀ ਅਸਫਲ ਕਰਨ ਵਿੱਚ ਸਫਲ ਨਾ ਹੋਇਆ। ਇਹ ਗੱਲ ਅਕਾਲੀ ਫੂਲਾ ਸਿੰਘ ਨੂੰ ਚੰਗੀ ਨਹੀਂ ਲੱਗਦੀ ਸੀ। ਇਸ ਲਈ ਉਹ ਕੁਝ ਚਿਰ ਦਮਦਮਾ ਸਾਹਿਬ ਚਲੇ ਗਏ। 1814 ਈ: ਵਿੱਚ ਅਕਾਲੀ ਫੂਲਾ ਸਿੰਘ ਦਮਦਮਾ ਸਾਹਿਬ ਤੋਂ ਆਨੰਦਪੁਰ ਚਲੇ ਗਏ। ਉਹਨਾਂ ਪਾਸ ਜੀਂਦ ਦਾ ਸਾਹਿਜ਼ਾਦਾ ਪ੍ਰਤਾਪ ਸਿੰਘ ਸਰਕਾਰੀ ਖਟਪਟੀ ਕਾਰਨ ਸ਼ਰਣ 'ਚ ਆ ਗਿਆ। ਸਰਕਾਰ ਦੇ ਦੂਤ ਨੇ ਅਕਾਲੀ ਤੋਂ ਸਹਿਜ਼ਾਦੇ ਦੀ ਮੰਗ ਕੀਤੀ। ਮਹਾਰਾਜੇ ਦਾ ਅਸਰ ਰਸੂਖ ਵਰਤ ਕੇ ਅਕਾਲੀ ਜੀ ਤੋਂ ਅੰਗਰੇਜ਼ੀ ਸਰਕਾਰ ਨੇ ਸਹਿਜ਼ਾਦਾ ਵਾਪਸ ਜੀਂਦ ਮੰਗਵਾਇਆ।

ਇਹਨਾਂ ਗੱਲਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਅਕਾਲੀ ਫੂਲਾ ਸਿੰਘ ਡੋਗਰਿਆਂ ਅਤੇ ਅੰਗਰੇਜ਼ਾਂ ਦਾ ਕੱਟੜ ਵਿਰੋਧੀ ਸੀ। ਉਹਨਾਂ ਦਾ ਸਿੱਖੀ ਪਿਆਰ ਬੇਜੋੜ ਸੀ। ਮਹਾਰਾਜੇ ਨਾਲ ਮੱਤਭੇਦ ਹੁੰਦਿਆਂ ਵੀ ਜਦੋਂ ਖ਼ਾਲਸਾ ਰਾਜ ਨੂੰ ਲੋੜ ਪਈ, ਉਹ ਅੱਗੇ ਹੋ ਕੇ ਲੜੇ।

ਉਹ ਇਖ਼ਲਾਕ, ਨਿਡਰਤਾ ਤੇ ਧਰਮ-ਕਰਮ ਦੇ ਕੰਮਾਂ ਵਿੱਚ ਬੇਜੋੜ ਸਨ। ਉਹਦੇ

ਜਿਹਾ ਨਿਰਸੁਆਰਥ ਕੌਣ ਹੋ ਸਕਦਾ ਹੈ? ਉਹਨਾਂ ਨੇ ਅੰਮ੍ਰਿਤ ਵੇਲੇ ਦੇ ਨਿੱਤ ਨੇਮ ਦੀ ਮਰਯਾਦਾ ਨੂੰ ਆਖ਼ਰੀ ਸੁਆਸਾਂ ਤੱਕ ਨਿਬਾਹਿਆ। ਹਰ ਮੁਹਿੰਮ 'ਤੇ ਜਾਣ ਤੋਂ ਪਹਿਲਾਂ ਅਕਾਲ ਪੁਰਖ ਅੱਗੇ ਅਰਦਾਸ ਸੋਧਦੇ ਤੇ ਗੁਰੂ ਗ੍ਰੰਥ ਸਾਹਿਬ ਤੋਂ ਹੁਕਮ ਲੈ ਕੇ ਹੀ ਕੂਚ ਕਰਦੇ। ਅਕਾਲੀ ਫੂਲਾ ਸਿੰਘ ਦਾ ਆਖ਼ਰੀ ਸਮਾਂ, ਦਸਮ ਗ੍ਰੰਥ ਦੇ ਸ਼ਬਦਾਂ ਵਿੱਚ ਯੁੱਧ 'ਚ ਸ਼ਹਾਦਤ ਦੇਣ ਕਾਰਨ ਇਤਿਹਾਸ ਦਾ ਅੰਗ ਤੇ ਧਰਮੀ ਪੁਰਖ ਦੀ ਇੱਛਾ ਦਾ ਪ੍ਰਤੀਕ ਬਣ ਗਿਆ ਹੈ।

ਜੂਝ ਮਰੋਂ ਰਨ ਮੈਂ ਭਜਿ ਭੈ ਤੇ ਪ੍ਰਭ ਸਯਾਮ ਇਹੈ ਬਰ ਪਾਵੈ ॥1901॥[6]

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 422
2. ਰੂਪ ਸਿੰਘ, ਪ੍ਰਮੁੱਖ ਸਿੰਘ ਸ਼ਖ਼ਸੀਅਤਾਂ, ਪੰਨਾ 168
3. ਗੁਰਮਤਿ ਪ੍ਰਕਾਸ਼, ਮਈ 1991, ਪੰਨਾ 117
4. ਉਹੀ, ਪੰਨਾ 118
5. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 822
6. ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ, ਪੰਨਾ 495

# ਸ੍ਰ: ਸ਼ਾਮ ਸਿੰਘ ਅਟਾਰੀ

ਕਈ ਵਾਰ ਕਿਸੇ ਪਿੰਡ ਜਾਂ ਨਗਰ ਦੀ ਪ੍ਰਸਿੱਧੀ ਕਿਸੇ ਵਿਅਕਤੀ ਵਿਸ਼ੇਸ਼ ਕਾਰਨ ਇਤਨੀ ਹੋ ਜਾਂਦੀ ਹੈ ਕਿ ਉਸ ਪਿੰਡ ਦਾ ਨਾਮ ਲੈਂਦਿਆਂ ਹੀ ਉਸ ਵਿਸ਼ੇਸ਼ ਵਿਅਕਤੀ ਦਾ ਨਾਮ ਜ਼ਬਾਨ 'ਤੇ ਆਉਣਾ ਸੁਭਾਵਿਕ ਹੋ ਜਾਂਦਾ ਹੈ। ਪੰਜਾਬ ਦੇ ਇਤਿਹਾਸ ਵਿੱਚ ਅਜਿਹਾ ਪਿੰਡ ਅਟਾਰੀ ਹੈ ਜਿਸ ਨੇ ਸ਼ਾਮ ਸਿੰਘ ਨੂੰ ਜਨਮ ਦਿੱਤਾ। ਇਸ ਨਗਰ ਦੀ ਭੂਮਿਕਾ ਸਿੱਖ ਰਾਜ ਸਮੇਂ ਵਿਸ਼ੇਸ਼ਤਾ ਦੀ ਲਖਾਇਕ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ : "ਇਸ ਥਾਂ ਦੇ ਸਰਦਾਰ ਸਿੱਧੂ ਗੋਤ ਦੇ ਜੱਟ ਹਨ, ਜਿਨ੍ਹਾਂ ਵਿੱਚੋਂ ਧਰਮ ਵੀਰ ਪਰਮ ਰਾਜ ਭਗਤ ਸਰਦਾਰ ਸ਼ਾਮ ਸਿੰਘ ਸਿੱਖ ਸੈਨਾ ਦਾ ਭੂਸ਼ਣ ਸੀ। ਇਸ ਮਹਾਨ ਯੋਧੇ ਨੇ 10 ਫਰਵਰੀ, 1846 ਈਸਵੀ ਨੂੰ ਸਭਰਾਓਂ ਦੇ ਜੰਗ ਵਿੱਚ ਵੱਡੀ ਬਹਾਦਰੀ ਨਾਲ ਸ਼ਹੀਦੀ ਪਾਈ।"[1]

ਸਭਰਾਓਂ ਦੇ ਯੁੱਧ ਵਿੱਚ ਸ਼ਾਮ ਸਿੰਘ ਅਟਾਰੀ ਦੇ ਨੇਤ੍ਰਿਤਵ ਬਾਰੇ ਆਰ. ਬੋਸਵਰਥ ਸਮਿੱਥ ਦੇ ਸ਼ਬਦ ਬੜੇ ਮਹੱਤਵਪੂਰਣ ਹਨ। ਉਹ ਲਿਖਦਾ ਹੈ, "ਇਕ ਬਜ਼ੁਰਗ ਮੁਖੀ ਜਿਸ ਦਾ ਨਾਮ ਲਿਖਿਆ ਜਾਣਾ ਚਾਹੀਦਾ ਹੈ—ਉਹ ਸੀ ਸ਼ਾਮ ਸਿੰਘ—ਬੇਵਫ਼ਾਵਾਂ ਵਿੱਚ ਇਕੋ-ਇਕ ਵਫ਼ਾਦਾਰ—ਜੋ ਸਫੈਦ ਭੇਸ਼ਣ ਵਿੱਚ ਮੌਤ ਨੂੰ ਗਲਵਕੜੀ ਪਾਈ ਆਪਣੇ ਸੈਨਿਕਾਂ ਨੂੰ ਪਰਮਾਤਮਾ ਤੇ ਗੁਰੂ ਦੇ ਨਾਮ ਤੇ ਅੱਗੇ ਵੱਧਣ ਲਈ ਵੰਗਾਰ ਰਿਹਾ ਸੀ ਤੇ ਉਹ ਪੂਰੀ ਸ਼ਕਤੀ ਨਾਲ ਜਿਧਰ ਵਧਦਾ ਹਰ ਪਾਸੇ ਮੌਤ ਦਾ ਸੁਨੇਹਾ ਲੈ ਕੇ ਜਾਂਦਾ।" ਡਾ. ਕਿਰਪਾਲ ਸਿੰਘ ਦਾ ਇਹ ਕਹਿਣਾ ਬਿਲਕੁਲ ਦਰੁਸਤ ਇਤਿਹਾਸਕ ਨਿਰਣਾ ਹੈ ਕਿ ਜੇ ਦੇਸ਼ ਭਗਤੀ ਦੀ ਪਰਖ ਜਾਂ ਮਾਪ ਦੰਡ ਆਪਣੇ ਵਤਨ ਲਈ ਜਾਣ ਬੁੱਝ ਕੇ ਆਪਣੀ ਇੱਛਾ ਨਾਲ ਆਪਾ ਵਾਰਨਾ ਸਵੀਕਾਰ ਕੀਤਾ ਜਾਵੇ ਤਾਂ ਸਰਦਾਰ ਸ਼ਾਮ ਸਿੰਘ ਅਟਾਰੀ ਭਾਰਤ ਦੇ ਇਤਿਹਾਸ ਦੇ ਸਰਵੋਤਮ ਤੇ ਵਿਸ਼ੇਸ਼ ਵਿਅਕਤੀਆਂ ਵਿੱਚੋਂ ਇਕ ਸੀ, ਜਿਸ ਨੇ ਸੰਸਾਰੀ ਸੁੱਖਾਂ ਤੇ ਨਿੱਜੀ ਆਰਾਮ ਦੀ ਪ੍ਰਵਾਹ ਕੀਤੇ ਬਿਨਾਂ ਪੰਜਾਬ ਦੀ ਸੁਤੰਤਰਤਾ ਲਈ ਆਪਣਾ ਸਭ ਕੁਝ ਵਾਰ ਦਿੱਤਾ।[2]

ਇਹ ਮਹਾਨ ਯੋਧੇ ਦੀ ਗਾਥਾ ਆਉਣ ਵਾਲੀਆਂ ਨਸਲਾਂ ਲਈ ਦੇਸ਼ ਭਗਤੀ ਦਾ ਇਕ ਅਦੁੱਤੀ ਪਾਠ ਹੈ। ਇਸ ਪੰਜਾਬੀ ਸਪੂਤ ਦਾ ਜਨਮ 1788 ਈਸਵੀ ਵਿੱਚ ਸ੍ਰ: ਨਿਹਾਲ ਸਿੰਘ ਦੇ ਘਰ ਹੋਇਆ। ਅਟਾਰੀ ਪਿੰਡ ਅੰਮ੍ਰਿਤਸਰ ਤੋਂ ਲਾਹੌਰ ਜਾਣ ਵਾਲੀ ਸੜਕ ਤੇ 25ਵੇਂ ਕਿਲੋਮੀਟਰ ਤੇ ਸਥਿਤ ਹੈ। ਸ਼ਾਮ ਸਿੰਘ ਦੇ ਦਾਦੇ ਮੋਹਰ ਸਿੰਘ ਨੇ ਇਕ ਸਾਧੂ ਦੇ ਕਹਿਣ ਤੇ ਇਸ ਪਿੰਡ ਦਾ ਮੁੱਢ, ਇਕ ਅਟਾਰੀ ਬਣਾ ਕੇ ਬੰਨ੍ਹਿਆ।

ਸ਼ਾਮ ਸਿੰਘ ਦੇ ਪਿਤਾ ਸ੍ਰੀ ਨਿਹਾਲ ਸਿੰਘ ਪਹਿਲਾਂ ਭੰਗੀ ਸਰਦਾਰ ਦੇ ਸਹਿਯੋਗੀ ਰਹੇ

ਪਰ ਅਣਬਣ ਪਿੱਛੋਂ ਉਹ ਆਪਣੇ ਪਿੰਡ ਆ ਗਏ। 1803 ਈ: ਵਿੱਚ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਆਪਣੀ ਸੈਨਾ ਵਿੱਚ ਲੈ ਕੇ 416 ਸੈਨਿਕਾਂ ਦਾ ਕਮਾਂਡਰ ਬਣਾ ਦਿੱਤਾ। ਮਹਾਰਾਜੇ ਵੱਲੋਂ ਨਿਹਾਲ ਸਿੰਘ ਨੇ 1807 ਈ: ਨੂੰ ਕਸੂਰ, 1810 ਈ: ਵਿੱਚ ਮੁਲਤਾਨ ਦੀ ਲੜਾਈ ਵਿੱਚ ਹਿੱਸਾ ਲਿਆ ਤੇ ਦੁਆਬਾ ਸਿੰਧ ਸਾਗਰ ਵਿੱਚ ਕਲੱਰ ਤੇ ਫਿਰ ਛੱਛ ਕੇ ਇਲਾਕੇ ਵੀ ਜਿੱਤੇ। ਸ: ਨਿਹਾਲ ਸਿੰਘ ਦਾ ਅਕਾਲ ਚਲਾਣਾ 1817 ਈ: ਨੂੰ ਹੋਇਆ।

ਸ਼ਾਮ ਸਿੰਘ ਅਟਾਰੀ ਆਪਣੇ ਪਿਤਾ ਦੀ ਥਾਂ ਹੁਣ ਮਹਾਰਾਜਾ ਦੀ ਸੈਨਾ ਵਿੱਚ ਸ਼ਾਮਲ ਹੋ ਗਏ। ਉਹ ਵੀਰਤਾ, ਨੇਕੀ ਤੇ ਵਫ਼ਾਦਾਰੀ ਦੀ ਮੂਰਤੀ ਸੀ। 1817 ਈ: ਤੋਂ ਲੈ ਕੇ 1837 ਈ: ਤੱਕ ਕੋਈ ਅਜਿਹੀ ਮੁਹਿੰਮ ਨਹੀਂ ਸੀ, ਜਿਸ ਵਿੱਚ ਸ: ਸ਼ਾਮ ਸਿੰਘ ਨੇ ਸੂਰਬੀਰਤਾ ਨਾ ਦਿਖਾਈ ਹੋਵੇ।

1818 ਈ: ਵਿੱਚ ਮੁਲਤਾਨ ਦੀ ਜਿੱਤ ਸਮੇਂ ਉਨ੍ਹਾਂ ਦੇ ਮੋਢੇ ਤੇ ਜ਼ਖਮ ਆਏ। 1818 ਈ: ਵਿੱਚ ਹੀ ਉਸ ਨੇ ਪਿਸ਼ਾਵਰ ਦੀ ਮੁਹਿੰਮ ਵਿੱਚ ਮਿਸਰ ਦੀਵਾਨ ਚੰਦ ਤੇ ਦਲ ਸਿੰਘ ਨਾਲ ਰਲ ਕੇ ਜਿੱਤ ਪ੍ਰਾਪਤ ਕੀਤੀ। ਅਗਲੇ ਸਾਲ ਹੀ ਕਸ਼ਮੀਰ ਦੀ ਫਤਹਿ ਲਈ ਅਦੁੱਤੀ ਵੀਰਤਾ ਦਿਖਾਈ। 1819 ਈ: ਵਿੱਚ ਕਸ਼ਮੀਰ ਦੀ ਜਿੱਤ ਲਈ ਫ਼ੌਜ ਤਿੰਨ ਹਿੱਸਿਆਂ ਵਿੱਚ ਵੰਡੀ ਗਈ। ਜਿਸ ਹਿੱਸੇ ਦੀ ਕਮਾਨ ਹਰੀ ਸਿੰਘ ਨਲਵਾ ਕੋਲ ਸੀ, ਸ਼ਾਮ ਸਿੰਘ ਅਟਾਰੀ ਉਸ ਦੇ ਉਪ-ਕਮਾਂਡਰ ਸਨ। 1822 ਈ: ਵਿੱਚ ਜਦੋਂ ਕਾਬਲ ਦੇ ਹਾਕਮ ਅਜ਼ੀਮ ਖ਼ਾਂ ਨੇ ਪਿਸ਼ਾਵਰ ਤੇ ਹਮਲਾ ਕੀਤਾ ਤਾਂ ਉਸ ਨੂੰ ਭਾਂਜ ਦੇਣ ਲਈ ਸ਼ਾਮ ਸਿੰਘ ਅਟਾਰੀ ਨੇ ਮੁੱਖ ਭੂਮਿਕਾ ਨਿਭਾਈ।

ਅਹਿਮਦ ਸ਼ਾਹ ਬਰੇਲਵੀ ਨੇ ਸਿੱਖ ਰਾਜ ਲਈ 1826 ਤੋਂ 1831 ਈ: ਤੱਕ ਪਿਸ਼ਾਵਰ ਖੇਤਰ ਵਿੱਚ ਬੜੇ ਉਪਦ੍ਰਵ ਖੜੇ ਕੀਤੇ। 1831 ਈ: ਵਿੱਚ ਕੰਵਰ ਸ਼ੇਰ ਸਿੰਘ ਤੇ ਸ਼ਾਮ ਸਿੰਘ ਅਟਾਰੀ ਨੇ ਬਾਲਾਕੋਟ ਦੇ ਕਿਲ੍ਹੇ ਵਿੱਚ ਉਸ ਦਾ ਕਲਮਾ ਪੜ੍ਹ ਦਿੱਤਾ।

ਡੇਰਾ ਗਾਜ਼ੀ ਖ਼ਾਂ ਦੀ ਮੁਹਿੰਮ ਜੋ 1832 ਈ: ਨੂੰ ਸ਼ੁਰੂ ਹੋਈ, ਉਸ ਵਿੱਚ ਸ: ਸ਼ਾਮ ਸਿੰਘ ਅਟਾਰੀ, ਦੀਵਾਨ ਕਿਰਪਾ ਰਾਮ ਤੇ ਕੰਵਰ ਖੜਕ ਸਿੰਘ ਨੇ ਭਾਗ ਲਿਆ। ਇਸ ਮੁਹਿੰਮ 'ਚ ਲੁੱਟ ਦਾ ਮਾਲ ਜਨਰਲ ਵੈਂਤੂਰੇ ਨੂੰ ਦੇ ਦਿੱਤਾ ਗਿਆ ਤੇ ਦੇਖ ਭਾਲ ਦਾ ਕੰਮ ਸ਼ਾਮ ਸਿੰਘ ਅਟਾਰੀ ਨੂੰ ਸੌਂਪਿਆ ਗਿਆ। ਜਦੋਂ ਮਾਰਚ 1832 ਈ: ਵਿੱਚ ਦੀਵਾਨ ਕਿਰਪਾ ਰਾਮ ਨੂੰ ਵੈਂਤੂਰਾ ਪਾਸ ਭੇਜਿਆ ਗਿਆ ਤਾਂ ਸ: ਸ਼ਾਮ ਸਿੰਘ ਨੂੰ ਹੁਕਮ ਹੋਇਆ ਕਿ ਉਹ ਤਨਦੇਹੀ ਨਾਲ ਵੈਂਤੂਰੇ ਦੀ ਸਹਾਇਤਾ ਕਰੇ।

ਕੁੱਝ ਕਾਰਨਾਂ ਕਰਕੇ ਮਹਾਰਾਜੇ ਦੀ ਕੁਝ ਸਮੇਂ ਲਈ ਸ: ਸ਼ਾਮ ਸਿੰਘ ਨਾਲ ਨਾਰਾਜ਼ਗੀ ਹੋ ਗਈ। ਨਤੀਜੇ ਵਜੋਂ 24 ਜੂਨ, 1833 ਈ: ਨੂੰ ਸ਼ਾਮ ਸਿੰਘ ਪਾਸੋਂ 19000 ਰੁਪਏ ਨਜ਼ਰਾਨਾ ਵਜੋਂ ਵਸੂਲ ਕਰਨ ਦਾ ਹੁਕਮ ਹੋਇਆ ਪਰੰਤੂ ਜਮਾਦਾਰ ਖੁਸ਼ਹਾਲ ਸਿੰਘ ਵੱਲੋਂ 29 ਜੂਨ ਨੂੰ ਮਹਾਰਾਜੇ ਪਾਸ ਸ: ਸ਼ਾਮ ਸਿੰਘ ਬਾਰੇ ਮੁਆਫ਼ੀ ਲਈ ਬੇਨਤੀ ਕੀਤੀ ਗਈ ਤਾਂ ਮਹਾਰਾਜੇ ਨੇ ਮਾਫ਼ੀ ਦੇ ਦਿੱਤੀ। ਸ: ਸ਼ਾਮ ਸਿੰਘ ਨੇ ਇਕ ਸੁਨਹਿਰੀ ਕਾਠੀ ਵਾਲਾ ਘੋੜਾ ਮਹਾਰਾਜਾ ਨੂੰ ਪੇਸ਼ ਕੀਤਾ।

ਸ੍ਰੀ ਸ਼ਾਮ ਸਿੰਘ ਨੂੰ ਮਹਾਰਾਜੇ ਦਾ ਪੂਰਾ ਵਿਸ਼ਵਾਸ ਪ੍ਰਾਪਤ ਹੋ ਗਿਆ। ਇਸ ਗੱਲ ਦਾ

ਪਤਾ ਇਸ ਤੱਥ ਤੋਂ ਲੱਗਦਾ ਹੈ ਕਿ ਛੇਤੀ ਹੀ ਦੋਵੇਂ ਘਰਾਣੇ ਵਿਆਹ-ਸੰਬੰਧਾਂ 'ਚ ਬੱਝ ਗਏ। ਮਹਾਰਾਜੇ ਦੇ ਪੋਤੇ ਤੇ ਕੰਵਰ ਖੜਕ ਸਿੰਘ ਦੇ ਲੜਕੇ ਨੌਨਿਹਾਲ ਸਿੰਘ ਦੀ ਮੰਗਣੀ ਸ੍ਰ: ਸ਼ਾਮ ਸਿੰਘ ਅਟਾਰੀ ਦੀ ਲੜਕੀ ਬੀਬੀ ਨਾਨਕੀ ਨਾਲ 11 ਅਗਸਤ, 1835 ਨੂੰ ਹੋ ਗਈ ਤੇ 10 ਮਾਰਚ 1837 ਨੂੰ ਸ਼ਾਹੀ ਬਰਾਤ ਦਾ ਸੁਆਗਤ ਕੀਤਾ ਗਿਆ ਤੇ ਸੇਵਾ ਕੀਤੀ ਗਈ, ਉਸ ਦਾ ਜਾਦੂ ਹਰ ਵੇਖਣ ਵਾਲੇ 'ਤੇ ਹੋਇਆ।[5]

ਮਹਾਰਾਜਾ ਰਣਜੀਤ ਸਿੰਘ ਦੇ ਪ੍ਰਾਣ ਪੰਖੇਰੂ 27 ਜੂਨ, 1839 ਨੂੰ ਉੱਡ ਗਏ। ਉਸ ਤੋਂ ਪਿੱਛੋਂ ਖੜਕ ਸਿੰਘ ਤੇ ਨੌਨਿਹਾਲ ਸਿੰਘ ਵਿੱਚ ਨਾਚਾਕੀ, ਫਿਰ ਮੌਤ, ਰਾਣੀ ਚੰਦ ਕੌਰ ਦਾ ਰਾਜ, ਕੰਵਰ ਸ਼ੇਰ ਸਿੰਘ ਦਾ ਸੰਘਰਸ਼ ਤੇ ਫਿਰ ਸੰਧਾਵਾਲੀਆਂ ਹੱਥੋਂ ਮਹਾਰਾਜਾ ਸ਼ੇਰ ਸਿੰਘ ਦਾ ਕਤਲ ਲਾਹੌਰ ਦਰਬਾਰ ਦੇ ਕਾਲੇ ਜੁੱਗ ਦੀਆਂ ਦਾਸਤਾਨਾਂ ਹਨ।

ਦਲੀਪ ਸਿੰਘ ਨੂੰ 1843 ਈ: ਨੂੰ ਗੱਦੀ 'ਤੇ ਬਿਠਾਇਆ ਗਿਆ ਤੇ ਸੰਧਾਵਾਲੀਆਂ ਵੱਲੋਂ ਧਿਆਨ ਸਿੰਘ ਦੀ ਹੱਤਿਆ ਵੀ ਕਰ ਦਿੱਤੀ ਗਈ। ਹੀਰਾ ਸਿੰਘ ਨੇ ਫ਼ੌਜ ਦੀ ਸਹਾਇਤਾ ਨਾਲ ਸੰਧਾਵਾਲੀਏ ਖ਼ਤਮ ਕਰ ਦਿੱਤੇ। ਲਾਹੌਰ ਦਰਬਾਰ 'ਚ ਪੰਡਿਤ ਜੱਲਾ ਤੇ ਧਿਆਨ ਸਿੰਘ ਦੇ ਲੜਕੇ ਹੀਰਾ ਸਿੰਘ ਦੀ ਤੂਤੀ ਬੋਲਣ ਲੱਗੀ। ਗੁਲਾਬ ਸਿੰਘ ਵੀ ਜੰਮੂ ਜਾ ਵੜਿਆ। ਇਹ ਸਿੱਖ ਰਾਜ ਦੀ ਬਦਕਿਸਮਤੀ ਸੀ ਕਿ ਇਸ ਦੇ ਬਹੁਤੇ ਵਫ਼ਾਦਾਰ ਜਾਂ ਤਾਂ ਅਕਾਲ ਚਲਾਣਾ ਕਰ ਗਏ ਜਾਂ ਕਤਲ ਕਰ ਦਿੱਤੇ ਗਏ ਸਨ। ਜੋ ਬਚੇ ਉਹ ਜਾਂ ਤਾਂ ਡਰਪੋਕ ਸੀ ਜਾਂ ਨਮਕ ਹਰਾਮ ਤੇ ਗੱਦਾਰ। ਗੁਲਾਬ ਸਿੰਘ, ਲਾਲ ਸਿੰਘ ਤੇ ਤੇਜ਼ ਸਿੰਘ ਨੇ ਅੰਗਰੇਜ਼ਾਂ ਨਾਲ ਗੰਢ-ਤਰੁੱਪ ਕਰਕੇ ਲਾਹੌਰ ਦਰਬਾਰ ਨੂੰ ਲੜਾਈ 'ਚ ਝੋਂਕ ਦਿੱਤਾ। 18 ਦਸੰਬਰ, 1845 ਈ: ਨੂੰ ਮੁਦਕੀ, 21 ਦਸੰਬਰ, 1845 ਈ: ਨੂੰ ਫਿਰੋਜ਼ ਸ਼ਾਹ ਤੇ 10 ਫਰਵਰੀ, 1846 ਈ: ਨੂੰ ਸਭਰਾਵਾਂ ਵਿੱਚ ਲੜਾਈਆਂ ਲੜੀਆਂ ਗਈਆਂ। ਇਹ ਸਿੱਖਾਂ ਦੇ ਗ਼ੱਦਾਰ ਲੀਡਰਾਂ ਕਾਰਨ ਹਾਰੀਆਂ ਗਈਆਂ। ਵਿੱਚ-ਵਿੱਚ ਟਾਵਾਂ-ਟਾਵਾਂ ਦੇਸ਼ ਭਗਤ ਸ਼ਾਮ ਸਿੰਘ ਅਟਾਰੀ ਜਿਹਾ ਹੀ ਸੀ ਜੋ ਮੌਤ ਸਾਮ੍ਹਣੇ ਖੜੀ ਵੇਖ ਕੇ ਵੀ ਰਣਤੱਤੇ 'ਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਤੋਂ ਰਤਾ ਵੀ ਨਾ ਝਿਜਕਿਆ। ਮੁਦਕੀ ਤੇ ਫਿਰੋਜ ਸ਼ਾਹ ਦੀ ਲੜਾਈ ਵਿੱਚ ਹੋਈਆਂ ਹਾਰਾਂ ਪਿੱਛੋਂ ਮਹਾਰਾਣੀ ਜਿੰਦ ਕੌਰ ਨੇ 10 ਘੋੜ ਅਸਵਾਰ ਸ੍ਰ: ਸ਼ਾਮ ਸਿੰਘ ਕੋਲ ਅਟਾਰੀ ਭੇਜੇ। ਸ੍ਰ: ਅਟਾਰੀ ਉਦੋਂ ਆਪਣੇ ਲੜਕੇ ਕਾਹਨ ਸਿੰਘ ਦੀ ਸ਼ਾਦੀ 'ਚ ਰੁੱਝਿਆ ਹੋਇਆ ਸੀ। ਸ੍ਰ: ਸ਼ਾਮ ਸਿੰਘ ਨੇ ਇਸ ਸੰਕਟ ਸਮੇਂ ਸਿੱਖ ਰਾਜ ਦੀ ਸਲਾਮਤੀ ਲਈ ਆਪਣੀ ਸ਼ਹਾਦਤ ਦੇਣ ਦਾ ਫ਼ੈਸਲਾ ਕਰ ਲਿਆ।

ਸਭਰਾਵਾਂ ਦੀ ਲੜਾਈ ਤੋਂ ਪਹਿਲਾਂ ਗੁਲਾਬ ਸਿੰਘ, ਲਾਲ ਸਿੰਘ ਤੇ ਤੇਜ ਸਿੰਘ ਸਿੱਖ ਸੈਨਾ ਨੂੰ ਤਬਾਹ ਕਰਨ ਤੇ ਤੁਲੇ ਹੋਏ ਸਨ। ਉਹ ਅੰਗਰੇਜ਼ਾਂ ਨੂੰ ਫ਼ੌਜੀ ਵਿਉਂਤਬੰਦੀ ਦੇ ਨਕਸ਼ੇ ਵੀ ਭੇਜ ਚੁੱਕੇ ਸਨ। ਅਜਿਹੇ ਸਮੇਂ ਸ੍ਰ: ਸ਼ਾਮ ਸਿੰਘ ਅਟਾਰੀ ਕੇਸੀ ਇਸ਼ਨਾਨ ਕਰਕੇ, ਚਿੱਟੇ ਵਸਤਰ ਪਹਿਣ ਕੇ, ਅਰਦਾਸ ਕਰਕੇ ਤੇ ਆਪਣੀ ਚੀਨੀ ਘੋੜੀ 'ਤੇ ਅਸਵਾਰ ਹੋ ਕੇ ਸਭਰਾਵਾਂ ਦੇ ਰਣ-ਖੇਤਰ ਵਿੱਚ ਪਹੁੰਚ ਗਿਆ।[6]

ਮਿਸਰ ਤੇਜਾ ਸਿੰਘ ਜੰਗ ਦਾ ਕਮਾਂਡਰ ਸੀ। ਉਸ ਨੇ ਆਪਣੇ ਬਚਾਓ ਲਈ ਇਕ ਬੁਰਜ ਬਣਾਇਆ ਹੋਇਆ ਸੀ। ਸਰਦਾਰ ਅਤਰ ਸਿੰਘ ਕਾਲਿਆਂ ਵਾਲਾ ਘੋੜ-ਸਵਾਰਾਂ

ਦੀ ਕਮਾਨ ਕਰ ਰਿਹਾ ਸੀ। ਖੱਬੇ ਪਾਸੇ ਸ੍ਰ: ਸ਼ਾਮ ਸਿੰਘ ਤੇ ਮੇਵਾ ਸਿੰਘ ਮਜੀਠੀਏ ਦਾ ਬ੍ਰਗੇਡ ਸੀ। ਵਿਚਕਾਰ ਕਾਨ੍ਹ ਸਿੰਘ ਮਾਨ ਤੇ ਜਰਨੈਲ ਅਵੀਤਾ ਦਾ ਬ੍ਰਗੇਡ ਸੀ। ਇਕ ਪਾਸੇ ਸ੍ਰ: ਮਹਿਤਾਬ ਸਿੰਘ ਮਜੀਠੀਆ ਤੇ ਮਿਸਰ ਤੇਜਾ ਸਿੰਘ ਦਾ ਬ੍ਰਗੇਡ ਸੀ।

ਸ੍ਰ: ਤੇਜਾ ਸਿੰਘ ਸ਼ਾਮ ਸਿੰਘ ਨੂੰ ਲੜਾਈ 'ਚ ਭਾਗ ਲੈਣ ਤੋਂ ਰੋਕਣ ਦੀ ਕੋਸ਼ਿਸ਼ ਕਰਦਾ ਰਿਹਾ। ਦੂਸਰੇ ਪਾਸੇ ਸਰ ਰਾਬਰਟ ਗਿਲਬਰਟ, ਰਾਬਰਟ ਡਿੱਕ ਤੇ ਹੈਰੀ ਸਮਿੱਥ ਸਿੰਘਾਂ ਉੱਪਰ ਹੱਲਾ ਬੋਲ ਰਹੇ ਸਨ। ਸਿੱਖਾਂ ਨੇ ਗਿਲਬਰਟ ਦਾ ਹੱਲਾ ਪਛਾੜ ਦਿੱਤਾ। ਹੈਰੀ ਸਮਿੱਥ ਨੂੰ ਵੀ ਪਿੱਛੇ ਧੱਕ ਦਿੱਤਾ ਗਿਆ। ਫਿਰ ਗਿਲਬਰਟ ਤੇ ਡਿਕ ਦੀਆਂ ਟੁਕੜੀਆਂ ਹੱਥੋਂ ਹੱਥ ਲੜਨ ਲੱਗੀਆਂ। ਸ੍ਰ: ਸ਼ਾਮ ਸਿੰਘ ਅਟਾਰੀ ਹਰ ਥਾਂ ਆਪ ਪਹੁੰਚ ਕੇ ਸਿੱਖ ਫ਼ੌਜਾਂ ਨੂੰ ਵੰਗਾਰਦੇ ਰਹੇ। ਤੇਜਾ ਸਿੰਘ ਦੀ ਬੇਈਮਾਨੀ ਕਾਰਨ ਜਨਰਲ ਡਿੱਕ ਦਾ ਡਵੀਜ਼ਨ ਅੱਗੇ ਵੱਧਣ ਲੱਗਾ। ਸਿੰਘ ਬਹਾਦਰੀ ਨਾਲ ਲੜੇ ਤੇ ਡਿੱਕ ਨੂੰ ਜ਼ਖਮੀ ਕਰ ਦਿੱਤਾ। ਫਿਰ ਗਿਲਬਰਟ ਅੱਗੇ ਵਧਿਆ ਪਰ ਉਸ ਨੂੰ ਪਿੱਛੇ ਹਟਣਾ ਪਿਆ। ਅੰਗਰੇਜ਼ਾਂ ਉੱਪਰ ਇਲਾਹੀ ਬਖ਼ਸ਼ ਤੇ ਮਾਖੇ ਖਾਂ ਨੇ ਉਹ ਅੱਗ ਵਰ੍ਹਾਈ ਕਿ ਉਹ ਹੋਰ ਅੱਗੇ ਵੱਧ ਨਾ ਸਕੇ। ਸ੍ਰ: ਸ਼ਾਮ ਸਿੰਘ ਦੀ ਅਗਵਾਈ ਵਿੱਚ ਗਿਲਬਰਟ ਦੇ ਦੋ ਲਗਾਤਾਰ ਹੱਲੇ ਸਫ਼ਲਤਾ ਪੂਰਵਕ ਰੋਕੇ ਗਏ। ਸ਼ਾਹ ਮੁਹੰਮਦ ਲਿਖਦਾ ਹੈ :

ਆਈਆਂ ਪਲਟਨਾਂ ਬੀੜ ਕੇ ਤੋਪ ਖਾਨੇ ਅੱਗੋਂ ਸਿੰਘਾਂ ਨੇ ਪਾਸੇ ਤੋੜ ਸੁੱਟੇ।
ਸੇਵਾ ਸਿੰਘ ਤੇ ਮਾਖੇ ਖ਼ਾਂ ਹੋਏ ਸਿੱਧੇ ਹੱਲੇ ਤਿੰਨ ਫ਼ਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।[7]

ਕਨਿੰਘਮ ਲਿਖਦਾ ਹੈ : ਸਿੱਖ ਨਿਡੱਰ ਹੋ ਕੇ ਡਟੇ ਖਲੋਤੇ ਸਨ ਤੇ ਗੋਲੀਆਂ ਦਾ ਜਵਾਬ ਗੋਲੀਆਂ ਵਿੱਚ ਦੇ ਕੇ ਅੱਗ ਦੇ ਮੁਕਾਬਲੇ ਵਿੱਚ ਅੱਗ ਵਰ੍ਹਾ ਰਹੇ ਸਨ। ਇਸ ਤੋਂ ਬਾਅਦ ਅੰਗਰੇਜ਼ੀ ਤੋਪਖਾਨਾ ਅੱਗੇ ਵਧਿਆ ਅਤੇ 300 ਗਜ਼ ਦੇ ਫ਼ਾਸਲੇ ਤੋਂ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਫਿਰ ਪਿਆਦਾ ਫ਼ੌਜ ਨੇ ਸੰਗੀਨਾਂ ਨਾਲ ਜ਼ੋਰਦਾਰ ਹੱਲਾ ਕਰਕੇ ਮੋਰਚਿਆਂ 'ਤੇ ਕਬਜ਼ਾ ਕਰ ਲਿਆ। ਪਰੰਤੂ ਅੰਗਰੇਜ਼ਾਂ ਦੇ ਹੱਲੇ ਦਾ ਜੁਆਬ ਖ਼ਾਲਸਾ ਸਿਪਾਹੀਆਂ ਵੱਲੋਂ ਵੀ ਡਟਵੇਂ ਰੂਪ ਵਿੱਚ ਦਿੱਤਾ ਗਿਆ। ਗਿਣੀ ਮਿੱਥੀ ਸਾਜ਼ਿਸ਼ ਅਨੁਸਾਰ ਕਮਾਂਡਰ ਤੇਜਾ ਸਿੰਘ ਕਿਸ਼ਤੀਆਂ ਦੇ ਪੁਲ ਰਾਹੀਂ ਭੱਜ ਨਿਕਲਿਆ ਤੇ ਦਰਿਆ ਪਾਰ ਕਰਕੇ ਉਸ ਨੇ ਪੁਲ ਦੀ ਵਿਚਕਾਰਲੀ ਬੇੜੀ ਡੋਲ ਦਿੱਤੀ ਤਾਂ ਜੋ ਸਿੱਖਾਂ ਦੇ ਬਚ ਕੇ ਨਿਕਲਣ ਜਾਂ ਮੁੜ ਕੇ ਟਾਕਰਾ ਕਰਨ ਦਾ ਰਾਹ ਨਾ ਰਹੇ। ਇਸ ਬੇੜੀ ਦੇ ਨਾਲ ਹੀ ਖ਼ਾਲਸਾ ਰਾਜ ਦੀ ਬੇੜੀ ਡੁੱਬ ਗਈ।

ਗਿਲਬਰਟ ਦੇ ਡਵੀਜ਼ਨ ਨੇ ਸਿੱਖਾਂ ਦੇ ਕੇਂਦਰੀ ਮੋਰਚੇ ਉੱਤੇ ਤੀਜਾ ਹਮਲਾ ਕੀਤਾ। ਸਿੱਖਾਂ ਦੀਆਂ ਤੋਪਾਂ 'ਤੇ ਕਬਜ਼ਾ ਕਰਨ ਵਿੱਚ ਉਹ ਸਫਲ ਹੋ ਗਏ। ਜਦ ਸਰਦਾਰ ਸ਼ਾਮ ਸਿੰਘ ਨੇ ਆਪਣੀ ਫ਼ੌਜ ਦੀ ਹਾਰ ਹੁੰਦੀ ਵੇਖੀ ਤਾਂ ਆਪਣੀ ਘੋੜੀ ਨੂੰ ਅੱਡੀ ਲਾ ਕੇ ਪੰਜਾਹਵੀਂ-ਪਿਆਦਾ ਫ਼ੌਜ ਵਿੱਚ ਜਾ ਘੁੱਸੇ। ਇਸ ਸਮੇਂ ਉਨ੍ਹਾਂ ਦੀ ਛਾਤੀ ਵਿੱਚ ਸੱਤ ਗੋਲੀਆਂ ਲੱਗੀਆਂ, ਉਹ ਸ਼ਹੀਦ ਹੋ ਗਏ। ਸਿੱਖ ਸੈਨਾ ਨੂੰ ਹੱਲਾ-ਸ਼ੇਰੀ ਦੇਣ ਵਾਲਾ ਹੁਣ ਕੋਈ ਨਹੀਂ ਸੀ। ਸਿੱਖ ਪਿਛਾਂਹ ਨੱਸੇ। ਬਹੁਤ ਸਾਰੇ ਦਰਿਆ 'ਚ ਡੁੱਬੇ ਗਏ।

ਇਸ ਲੜਾਈ ਵਿੱਚ ਅੰਗਰੇਜ਼ਾਂ ਕੋਲ 27000 ਸਿਪਾਹੀ ਸਨ ਤੇ ਸਿੱਖਾਂ ਕੋਲ 20 ਹਜ਼ਾਰ। ਲਾਲ ਸਿੰਘ 10 ਹਜ਼ਾਰ ਫ਼ੌਜ ਲੈ ਕੇ ਪਾਸੇ ਖੜਾ ਤਮਾਸ਼ਾ ਦੇਖਦਾ ਰਿਹਾ। ਤੇਜਾ ਸਿੰਘ ਬੇੜੀਆਂ ਦਾ ਪੁਲ ਰੋੜ੍ਹ ਕੇ ਮੈਦਾਨ 'ਚੋਂ ਭੱਜ ਗਿਆ। ਪੰਜ ਹਜ਼ਾਰ ਸੈਨਾ ਵੀ ਉਹ ਆਪਣੇ ਨਾਲ ਲੈ ਗਿਆ ਸੀ। ਗੁਲਾਬ ਸਿੰਘ ਅੰਗਰੇਜ਼ਾਂ ਨਾਲ ਸਾਜ਼ਿਸ਼ਾਂ ਰਚਣ 'ਚ ਮਸਤ ਸੀ। ਸ਼ਾਮ ਸਿੰਘ ਦੀ ਸ਼ਹਾਦਤ ਤੋਂ ਬਾਅਦ ਬਚੀ ਸੈਨਾ ਹੁਣ ਕੀ ਕਰ ਸਕਦੀ ਸੀ ? ਬਹੁਤੇ ਤਾਂ ਸ੍ਰ: ਸ਼ਾਮ ਸਿੰਘ ਵਾਂਗ ਲੜਾਈ 'ਚ ਸ਼ਹੀਦ ਹੋ ਗਏ ਜਾਂ ਦਰਿਆ ਸਤਲੁਜ ਵਿੱਚ ਡੁੱਬ ਗਏ। ਸਿੱਖਾਂ ਨੂੰ ਹਾਰ ਤਾਂ ਜ਼ਰੂਰ ਹੋਈ ਪਰ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਵੀਰਤਾ ਤੇ ਦੇਸ਼ ਭਗਤੀ ਦੇ ਤਾਂ ਅੰਗਰੇਜ਼ ਵੀ ਕਾਇਲ ਸਨ। ਇਤਿਹਾਸਕਾਰ ਮੈਲਸਨ ਲਿਖਦਾ ਹੈ : ਸ਼ਾਮ ਸਿੰਘ ਦੀ ਦ੍ਰਿੜ੍ਹਤਾ ਤੇ ਹੌਂਸਲੇ ਨੇ ਸਭਰਾਓਂ ਦੇ ਯੁੱਧ ਨੂੰ ਵਾਟਰਲੂ ਬਣਾ ਦਿੱਤਾ। ਜੇ ਸਿੱਖ ਇਹ ਲੜਾਈ ਜਿੱਤ ਲੈਂਦੇ ਤਾਂ ਅੰਗਰੇਜ਼ਾਂ ਨੂੰ ਭਾਰਤੀ ਰਾਜ ਤੋਂ ਹੱਥ ਧੋਣੇ ਪੈਂਦੇ।[8]

ਸਰਦਾਰ ਸ਼ਾਮ ਸਿੰਘ ਘਰੋਂ ਪ੍ਰਤਿੱਗਿਆ ਕਰਕੇ ਤੁਰੇ ਸਨ ਕਿ ਜੇ ਸਿੱਖ ਲੜਾਈ ਹਾਰ ਗਏ ਤਾਂ ਉਹ ਜਿਉਂਦੇ ਵਾਪਸ ਨਹੀਂ ਆਉਣਗੇ। ਹਾਰ ਦੀ ਖ਼ਬਰ ਅਟਾਰੀ ਪਹੁੰਚ ਚੁੱਕੀ ਸੀ। ਸ੍ਰ: ਅਟਾਰੀ ਦੀ ਲਾਸ਼ 12 ਫਰਵਰੀ ਨੂੰ ਅਟਾਰੀ ਪਹੁੰਚੀ। ਲਾਸ਼ ਪਹੁੰਚਣ ਤੋਂ ਪਹਿਲਾਂ ਹੀ ਸ਼ਾਮ ਸਿੰਘ ਦੀ ਪਤਨੀ ਉਹਨਾਂ ਕੱਪੜਿਆਂ ਨਾਲ ਸਤੀ ਹੋ ਗਈ ਜਿਹੜੇ ਆਪਣੇ ਉਸ ਨੇ ਵਿਆਹ ਵਾਲੇ ਦਿਨ ਪਾਏ ਸਨ।

ਸਿੱਖ ਰਾਜ ਦੇ ਇਸ ਵਫ਼ਾਦਾਰ ਜਰਨੈਲ ਦੀ ਸਮਾਧ ਅਟਾਰੀ ਪਿੰਡ ਵਿੱਚ ਸਥਿਤ ਅੱਜ ਵੀ ਦੇਸ਼ ਭਗਤਾਂ ਲਈ ਇਕ ਪ੍ਰੇਰਣਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 49
2. Dr. Kirpal Singh, The Historical study of Maharaja Ranjit Singh's Times. P. 109.
3. ਡਾ. ਗੁਰਚਰਨ ਸਿੰਘ, ਪੰਜਾਬੀ ਟ੍ਰਿਬਿਊਨ, 5 ਮਾਰਚ 1986
4. ਸੋਹਨ ਲਾਲ, ਉਮਦਾਤ-ਉਤ-ਤਵਾਰੀਖ, ਪੰਨਾ 174
5. ਡਾ. ਗੁਰਚਰਨ ਸਿੰਘ, ਪੰਜਾਬੀ ਟ੍ਰਿਬਿਊਨ 5 ਮਾਰਚ, 1986
6. ਉਹੀ
7. ਸ਼ਾਹ ਮੁਹੰਮਦ, ਜੰਗਨਾਮਾ ਸ਼ਾਹ ਮੁਹੰਮਦ, ਭਾਸ਼ਾ ਵਿਭਾਗ ਪੰਜਾਬ, ਪੰਨਾ 31
8. Malleson, Decisive Battles Of India, P. 373

*ਭਾਗ ਤੀਜਾ*

# ਸਰਹੱਦਾਂ ਦੇ ਪਹਿਰੇਦਾਰ

# ਸਾਰਾਗੜ੍ਹੀ ਚੌਕੀ ਦੇ ਸ਼ਹੀਦ ਯੋਧੇ

ਸਾਰਾਗੜ੍ਹੀ ਦੀ ਲੜਾਈ ਸੰਸਾਰ ਦੀਆਂ ਉਹਨਾਂ ਸਮੂਹਕ ਵੀਰਤਾ ਦੀਆਂ ਅੱਠ ਕਹਾਣੀਆਂ ਦੇ ਸੰਗ੍ਰਹਿ ਵਿੱਚ ਸ਼ਾਮਿਲ ਕੀਤੀ ਗਈ ਹੈ, ਜਿਸ ਨੂੰ ਯੂਨੈਸਕੋ ਨੇ ਛਾਪਿਆ ਹੈ।[1] ਇਸ ਦਾ ਜ਼ਿਕਰ ਉਹਨਾਂ 5 ਮਹੱਤਵਪੂਰਨ ਘਟਨਾਵਾਂ ਵਿੱਚ ਵੀ ਕੀਤਾ ਗਿਆ ਹੈ ਜੋ ਆਪਣੀ ਮਿਸਾਲ ਆਪ ਹਨ ਤੇ ਇਸ ਵਿੱਚ ਥਰਮੋਪਲਾਇ ਦੀ ਉਹ ਕਹਾਣੀ ਵੀ ਸ਼ਾਮਿਲ ਹੈ ਜਿਸ ਵਿੱਚ 480 ਪੂ: ਈਸਵੀ ਨੂੰ ਯੂਨਾਨੀਆਂ ਦੇ ਇਕ ਛੋਟੇ ਜਿਹੇ ਦਲ ਨੇ ਸਮਰਾਟ ਦਾਰਾ ਦੇ ਮਹਾਨ ਸੈਨਾ ਬਲ ਨਾਲ ਵੀਰਤਾ ਭਰਪੂਰ ਟੱਕਰ ਲਈ ਸੀ। ਪੰਜਾਬ ਸਿੱਖਿਆ ਵਿਭਾਗ ਵੱਲੋਂ ਵੀ ਇਸ ਲੜਾਈ ਨੂੰ IX ਤੇ X ਸ਼੍ਰੇਣੀਆਂ ਦੇ ਪਾਠਕ੍ਰਮ ਵਿੱਚ ਸ਼ਾਮਿਲ ਕੀਤਾ ਗਿਆ ਹੈ। ਫਰਾਂਸ ਵਿੱਚ ਵੀ ਇਹ ਲੜਾਈ ਪਾਠ-ਪੁਸਤਕਾਂ ਵਿੱਚ ਸ਼ਾਮਿਲ ਕਰਕੇ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ।

ਇਹ ਲੜਾਈ ਸਿੱਖਾਂ ਦੀ ਵੀਰਤਾ ਦਰਸਾਉਣ ਲਈ ਇਕ ਅਦੁੱਤੀ ਕਾਰਨਾਮਾ ਹੈ ਤੇ ਵਫ਼ਾਦਾਰੀ ਲਈ ਚਾਨਣ ਮੁਨਾਰਾ। ਇਹ ਉਹਨਾਂ ਬਹਾਦਰਾਂ ਦੀ ਕਰਤੱਵ ਪ੍ਰਤੀ ਸ਼ਰਧਾ ਭਰੀ ਭਗਤੀ ਦੀ ਅਨੂਠੀ ਕਹਾਣੀ ਹੈ ਜਿਹਨਾਂ ਨੇ ਆਪਣੇ ਜੀਵਨ ਨੂੰ ਤੁੱਛ ਸਮਝਿਆ। ਉਹਨਾਂ 'ਚੋਂ ਹਰ ਇਕ ਆਪਣੀ ਆਖ਼ਰੀ ਸੁਆਸ ਤੱਕ ਲੜਿਆ ਅਤੇ ਆਤਮ ਸਮਰਪਣ ਨਾਲੋਂ ਮੌਤ ਨੂੰ ਪਹਿਲ ਦਿੱਤੀ।[2]

ਸਿੱਖ ਸੈਨਿਕਾਂ ਦੀ ਗਿਣਤੀ 21 ਸੀ ਜਿਹਨਾਂ ਨੇ 12 ਸਤੰਬਰ 1897 ਨੂੰ ਸਾਰਾਗੜ੍ਹੀ ਦੇ ਅਸਥਾਨ 'ਤੇ ਯੁੱਧ ਇਤਿਹਾਸ ਦੀ ਇਕ ਅਸਾਂਵੀ ਲੜਾਈ ਲੜੀ। ਸਿੱਖ ਸੈਨਿਕਾਂ ਨੇ ਹਵਾਲਦਾਰ ਈਸ਼ਰ ਸਿੰਘ ਦੀ ਅਗਵਾਈ ਹੇਠ 1000 ਕਬਾਇਲੀਆਂ ਦੇ ਹਮਲੇ ਦਾ ਟਾਕਰਾ ਕਰਦਿਆਂ ਅਦੁੱਤੀ ਸਾਹਸ, ਵੀਰਤਾ ਤੇ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ। ਬਰਤਾਨਵੀ ਪਾਰਲੀਮੈਂਟ ਨੇ ਉਹਨਾਂ ਦੀ ਕੁਰਬਾਨੀ ਦਾ ਉਲੇਖ ਬਹੁਤ ਹੀ ਪ੍ਰਸ਼ੰਸਾਮਈ ਸ਼ਬਦਾਂ ਵਿੱਚ ਕੀਤਾ ਜੋ ਇਸ ਤਰ੍ਹਾਂ ਹੈ : "ਇਹ ਉਲੇਖ ਕਰਨਾ ਅਤਿਕਥਨੀ ਨਹੀਂ ਹੋਵੇਗਾ ਕਿ ਜਿਸ ਸੈਨਾ ਬਲ ਵਿੱਚ ਸਿੱਖ ਹੋਣਗੇ ਉਸ ਨੂੰ ਕਦੇ ਹਾਰ ਦਾ ਸਾਮ੍ਹਣਾ ਨਹੀਂ ਕਰਨਾ ਪਵੇਗਾ।"[3]

ਸਾਰਾਗੜ੍ਹੀ ਸਾਮਾਨਾ ਘਾਟੀ ਵਿੱਚ ਕੋਹਾਟ ਦੇ ਸੀਮਾਵਰਤੀ ਜ਼ਿਲ੍ਹੇ ਦਾ ਇਕ ਪਿੰਡ ਸੀ। ਉੱਤਰ ਪੱਛਮੀ ਸਰਹੱਦ ਦੇ ਇਸ ਖੇਤਰ ਨੂੰ ਵਜ਼ੀਰਸਤਾਨ ਕਿਹਾ ਜਾਂਦਾ ਸੀ। ਇਸ ਪਿੰਡ ਤੋਂ 1½ ਮੀਲ ਦੀ ਦੂਰੀ 'ਤੇ ਭਾਰਤ ਸਰਕਾਰ ਨੇ ਇਕ ਚੌਕੀ ਸਥਾਪਿਤ ਕੀਤੀ ਸੀ,

ਜਿਸ ਨੂੰ ਸਾਰਾਗੜ੍ਹੀ ਕਿਹਾ ਜਾਂਦਾ ਸੀ। 36ਵੀਂ ਸਿੱਖ ਪਲਟਨ ਦੇ 21 ਬਹਾਦਰ ਸਿਪਾਹੀਆਂ ਨੇ 12 ਸਤੰਬਰ 1897 ਨੂੰ 10000 ਅਫ਼ਰੀਦੀ ਪਠਾਣਾਂ ਦਾ ਮੁਕਾਬਲਾ ਇਸ ਥਾਂ 'ਤੇ ਹੀ ਕੀਤਾ ਸੀ।

ਕਬਾਇਲੀ ਪਠਾਣ ਇਸ ਖੇਤਰ ਵਿੱਚ ਬਰਤਾਨਵੀ ਅਮਲੇ ਤੇ ਸਮੇਂ-ਸਮੇਂ ਹਮਲੇ ਕਰਿਆ ਕਰਦੇ ਸਨ। 36ਵੀਂ ਪਲਟਨ ਨੂੰ 5 ਚੌਕੀਆਂ ਸਾਮਾਨਾ ਪਹਾੜੀ, ਕੈਗ, ਸੰਗਰ, ਸਰਤ੍ਰੋਪ ਦਾਰ ਤੇ ਸਾਰਾਗੜ੍ਹੀ ਦੀ ਨਿਗਰਾਨੀ ਦਾ ਕੰਮ ਸੌਂਪਿਆ ਗਿਆ ਸੀ।

ਇਹ ਰਜਮੈਂਟ 20 ਅਪ੍ਰੈਲ 1887 ਨੂੰ ਕਰਨਲ ਕੁੱਕ ਦੀ ਕਮਾਨ ਵਿੱਚ ਜਲੰਧਰ ਛਾਉਣੀ ਵਿੱਚ ਸਥਾਪਿਤ ਕੀਤੀ ਗਈ ਸੀ। ਇਹੋ ਰਜਮੈਂਟ ਉੱਤਰ-ਪੱਛਮੀ ਸੀਮਾ ਪ੍ਰਾਂਤ ਤੇ ਬਲੋਚਿਸਤਾਨ ਵਿੱਚ ਕਰਨਲ ਹਾਉਟਨ ਦੀ ਕਮਾਨ ਅਧੀਨ ਭੇਜੀ ਗਈ। ਇਸ ਦਾ ਨਵਾਂ ਨਾਮ 4/11 ਸਿੱਖ ਰੱਖਿਆ ਗਿਆ। ਅੰਗਰੇਜ਼ਾਂ ਨੇ ਇਕ ਕਿਲਿਆਂ ਦਾ ਸਿਲਸਿਲਾ ਸਥਾਪਿਤ ਕੀਤਾ ਸੀ ਜੋ ਪਹਿਲੇ-ਪਹਿਲੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਖੇਤਰ ਤੇ ਪ੍ਰਭਾਵਸ਼ਾਲੀ ਨਿਯੰਤਰਨ ਕਰਨ ਲਈ ਬਣਾਏ ਸਨ। ਹਿੰਦੂਕੁਸ਼ ਤੇ ਸੁਲੇਮਾਨ ਪਹਾੜਾਂ ਦੇ ਸਾਮਾਨਾ ਸਿਲਸਿਲੇ ਵਿੱਚ ਦੋ ਕਿਲੇ ਲਾਕਹਾਰਟ ਤੇ ਗੁਲਿਸਤਾਨ ਕਈ ਮੀਲਾਂ ਦੀ ਵਿੱਥ 'ਤੇ ਸਨ। ਕਿਉਂਕਿ ਇਹ ਕਿਲ੍ਹੇ ਸਿੱਧੇ ਦ੍ਰਿਸ਼ਟੀਗੋਚਰ ਨਹੀਂ ਸਨ, ਇਸ ਲਈ ਦੋਹਾਂ ਦੇ ਵਿਚਕਾਰ ਰਾਬਤਾ ਕਾਇਮ ਕਰਨ ਲਈ ਤੇ ਝੰਡੀ ਦੇਣ ਲਈ ਇਕ ਚੌਕੀ ਸਾਰਾਗੜ੍ਹੀ ਨਾਮ ਦੀ ਕਾਇਮ ਕੀਤੀ ਗਈ ਸੀ। ਇਸ ਚੌਕੀ ਉੱਪਰ ਹਮਲੇ ਦਾ ਪਿਛੋਕੜ ਤੇ ਲੜਾਈ ਵਿੱਚ ਮੁੱਠੀ-ਭਰ ਸਿੱਖਾਂ ਦੀ ਬਹਾਦਰੀ ਕਿਸੇ ਦੇਵ-ਕਥਾ ਤੋਂ ਘੱਟ ਰੁਮਾਂਟਿਕ ਨਹੀਂ ਹੈ।

ਦਸੰਬਰ 1896 ਈ: ਵਿੱਚ ਅਫਰੀਕੀ ਤੇ ਓਰਕਜ਼ਈ ਕਬੀਲਿਆਂ ਨੇ ਵਿਦ੍ਰੋਹ ਕਰ ਦਿੱਤਾ ਕਿਉਂਕਿ ਉਹ ਆਪਣੇ ਖੇਤਰ ਵਿੱਚ ਬਰਤਾਨਵੀ ਸੈਨਾ ਦੀ ਤਾਇਨਾਤੀ ਦੇ ਵਿਰੋਧੀ ਸਨ। ਉਹ ਵਪਾਰ ਕਰ ਰਹੇ ਵਪਾਰੀਆਂ ਤੇ ਉਹਨਾਂ ਦੇ ਕਾਫ਼ਲਿਆਂ ਤੇ ਹਮਲੇ ਕਰਿਆ ਕਰਦੇ ਸਨ ਤੇ ਲੁੱਟ-ਮਾਰ ਕਰਿਆ ਕਰਦੇ ਸਨ। ਉਹਨਾਂ ਤੋਂ ਰੱਖਿਆ ਕਰਨ ਲਈ ਫ਼ੌਜ ਲਗਾਉਣੀ ਪਈ ਸੀ। 31 ਦਸੰਬਰ 1896, 36 ਸਿੱਖ ਰਜਮੈਂਟ ਆਪਣੇ ਪੱਕੇ ਟਿਕਾਣੇ ਤੋਂ ਸਾਮਾਨਾ ਪਹਾੜੀ 'ਤੇ ਪਹੁੰਚੀ। ਇਸ ਰਜਮੈਂਟ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ। ਇਕ ਭਾਗ ਜੋ ਬਟਾਲੀਅਨ ਹੈਡਕੁਆਰਟਰ ਤੇ ਸੱਜੀ ਬਾਹੀ ਤੇ ਆਧਾਰਿਤ ਸੀ, ਉਹ ਲੈਫ਼ਟੀਨੈਂਟ ਕਰਨਲ ਹਾਊਸਟਨ ਦੇ ਅਧੀਨ ਸੀ। ਉਸ ਨੇ ਇਸ ਭਾਗ ਦੀ ਕਮਾਨ 2 ਜੂਨ 1897 ਨੂੰ ਸੰਭਾਲੀ ਸੀ ਤੇ ਲੋਕਹਾਰਟ 'ਤੇ ਕਬਜ਼ਾ ਕਰਕੇ ਫ਼ੌਜੀ ਟੁਕੜੀਆਂ ਨੂੰ ਸਾਰਾਗੜ੍ਹੀ, ਦਾਰ, ਸੰਗਰ, ਸਰਤ੍ਰੋਪ, ਕੈਗ ਅਤੇ ਗੁਲਿਸਤਾਨ ਤੱਕ ਫੈਲਾ ਦਿੱਤਾ ਜੋ 5 ਮੀਲ ਦੇ ਫ਼ਾਸਲੇ 'ਤੇ ਸਨ। ਖੱਬੀ ਬਾਹੀ ਕਪਤਾਨ ਡਬਲਯੂ ਈ. ਗਾਰਡਨ ਦੇ ਅਧੀਨ ਸੀ ਜਿਸ ਨੇ 8 ਜੂਨ 1897 ਨੂੰ ਪਰੀਚਿਨਾਰ 'ਤੇ ਕਬਜ਼ਾ ਕਰ ਲਿਆ ਤੇ ਬਲ ਤੇ ਸੱਦਾਹ ਵਿਖੇ ਵੀ ਫ਼ੌਜੀ ਟੁਕੜੀਆਂ ਤਾਇਨਾਤ ਕਰ ਦਿੱਤੀਆਂ ਗਈਆਂ। ਲੜਾਈ ਛਿੜਨ ਦੀ ਸੂਰਤ ਵਿੱਚ ਇਹਨਾਂ ਲਈ ਕੁਮਕ ਪੱਕੀ ਰੱਖਿਆ ਸੈਨਾ ਦੇ ਟਿਕਾਣੇ ਕੋਹਾਟ ਤੋਂ ਹੀ ਪਹੁੰਚਾਈ ਜਾ

ਸਕਦੀ ਸੀ ਪਰ ਉਹ ਸਥਾਨ 50 ਮੀਲ ਦੂਰ ਸੀ ਤੇ ਉੱਥੋਂ ਆਉਣ ਲਈ ਲਾਂਘਾ ਵੀ ਵਿਰੋਧੀ ਕਬਾਇਲੀਆਂ ਦੇ ਖੇਤਰ ਵਿੱਚੋਂ ਸੀ।

ਇਸ ਤਰ੍ਹਾਂ ਏਥੇ ਪ੍ਰਸ਼ਨ, ਪਠਾਨਾਂ ਤੇ ਭਾਰਤ ਵਿਚਲੀ ਬਰਤਾਨਵੀ ਸਰਕਾਰ ਵਿੱਚ ਸਰਦਾਰੀ ਦਾ ਸੀ। 1897 ਈ: ਵਿੱਚ ਤੀਰਾਹ ਦੇ ਕਬਾਇਲੀਆਂ ਨੂੰ ਮਾਤ ਦੇਣ ਲਈ ਹੀ ਸਮਾਨਾ ਪਹਾੜੀ ਦੀ ਰਾਖੀ ਲਈ ਫ਼ੌਜ ਨਿਯੁਕਤ ਕਰਨੀ ਪਈ ਸੀ। ਇਹ 8 ਕਿਲੋਮੀਟਰ ਲੰਬਾ ਪਹਾੜੀ ਸਿਲਸਿਲਾ ਕੁਰਮ ਤੇ ਖ਼ਾਨਕੀ ਘਾਟੀਆਂ ਨੂੰ ਵੱਖ ਕਰਦਾ ਸੀ।

27 ਅਗਸਤ ਤੇ 8 ਸਤੰਬਰ 1897 ਵਿਚਕਾਰ ਅਫ਼ਰੀਦੀ ਤੇ ਓਰਕਜ਼ਈ ਕਬੀਲਿਆਂ ਨੇ ਕਈ ਵਾਰ ਹਮਲੇ ਕੀਤੇ। ਕਬਾਇਲੀਆਂ ਨੇ ਗੁਲਿਸਤਾਨ ਉੱਪਰ 10 ਸਤੰਬਰ ਨੂੰ ਦੋ ਵਾਰ ਹਮਲੇ ਕੀਤੇ ਪਰੰਤੂ ਰੱਖਿਆ ਬਲਾਂ ਨੇ ਉਹਨਾਂ ਨੂੰ ਪਿੱਛੇ ਧਕੇਲ ਦਿੱਤਾ। ਇਹਨਾਂ ਹਾਰਾਂ ਕਾਰਨ ਧਾੜਵੀ ਹੋਰ ਚਿੜ ਗਏ ਤੇ ਕਿਸੇ ਕਮਜ਼ੋਰ ਤੇ ਛੋਟੇ ਟੀਚੇ ਦੀ ਤਾਕ ਵਿੱਚ ਯੋਜਨਾ ਬਣਾਉਣ ਲੱਗੇ ਤਾਂ ਜੋ ਜਿੱਤ ਆਸਾਨੀ ਨਾਲ ਪ੍ਰਾਪਤ ਕੀਤੀ ਜਾ ਸਕੇ।

ਅਸਲੀ ਸੰਕਟ 12 ਸਤੰਬਰ ਨੂੰ ਸ਼ੁਰੂ ਹੋਇਆ ਜਦੋਂ ਅਫ਼ਗਾਨ ਸਾਰਾਗੜ੍ਹੀ 'ਤੇ ਟੁੱਟ ਪਏ ਤੇ ਇਸ ਨੂੰ ਘੇਰਾ ਪਾ ਲਿਆ ਤਾਂ ਜੋ ਦੋਹਾਂ ਕਿਲ੍ਹਿਆਂ—ਕਿਲ੍ਹਾ ਲੋਕਹਾਰਟ ਅਤੇ ਕਿਲ੍ਹਾ ਗੁਲਿਸਤਾਨ ਦਾ ਸੰਪਰਕ ਨਸ਼ਟ ਕੀਤਾ ਜਾ ਸਕੇ। ਉਹਨਾਂ ਨੇ ਉਹਨਾਂ ਲਈ ਕਿਸੇ ਕਿਸਮ ਦੀ ਕੁਮਕ ਪਹੁੰਚਣੀ ਅਸੰਭਵ ਬਣਾ ਦਿੱਤੀ ਕਿਉਂਕਿ ਉਹਨਾਂ ਨੂੰ ਚਹੁੰ ਪਾਸਿਆਂ ਤੋਂ ਘੇਰ ਲਿਆ ਗਿਆ ਸੀ। ਦਸ ਹਜ਼ਾਰ ਦੀ ਭਾਰੀ ਗਿਣਤੀ ਵਿੱਚ ਅਫ਼ਗਾਨਾਂ ਨੇ 9 ਵਜੇ ਸਵੇਰੇ ਹਮਲਾ ਕੀਤਾ। ਉਹਨਾਂ ਨੇ ਇਕ ਹਜ਼ਾਰ ਗਜ਼ ਦੀ ਦੂਰੀ ਤੋਂ ਹੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਰਦਾਰ ਗੁਰਮੁਖ ਸਿੰਘ ਨੇ ਕਰਨਲ ਹਾਊਸਟਨ ਨੂੰ ਕਿਲ੍ਹਾ ਲਾਕਹਾਰਟ ਵਿੱਚ ਸੰਦੇਸ਼ ਭੇਜਣਾ ਸ਼ੁਰੂ ਕਰ ਦਿੱਤਾ। ਪਰੰਤੂ ਉਹਨਾਂ ਲਈ ਤੁਰਤ ਸਾਰਾਗੜ੍ਹੀ ਦੀ ਸਹਾਇਤਾ ਲਈ ਕੁਮਕ ਭੇਜਣੀ ਸੰਭਵ ਨਹੀਂ ਸੀ। ਇਸ ਚੌਂਕੀ ਦੇ 21 ਵੀਰ ਜਵਾਨਾਂ ਨੇ ਲੜਨ ਮਰਨ ਦਾ ਫ਼ੈਸਲਾ ਕਰ ਲਿਆ।

ਨਾਇਕ ਲਾਲ ਸਿੰਘ, ਭਗਵਾਨ ਸਿੰਘ ਤੇ ਜੀਵਾ ਸਿੰਘ ਚੌਂਕੀ ਤੋਂ ਬਾਹਰ ਨਿਕਲੇ ਤੇ ਵੈਰੀ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਵੈਰੀ ਦੇ ਕਾਫ਼ੀ ਆਦਮੀ ਪਾਰ ਬੁਲਾ ਦਿੱਤੇ। ਭਗਵਾਨ ਸਿੰਘ ਸ਼ਹੀਦ ਹੋ ਗਿਆ ਤੇ ਨਾਇਕ ਲਾਲ ਸਿੰਘ ਜ਼ਖਮੀ।
ਫਿਰ ਵੀ ਉਹ ਜੀਵਾ ਸਿੰਘ ਦੇ ਨਾਲ ਹੀ ਵੈਰੀਆਂ ਨਾਲ ਲੜਦਾ ਰਿਹਾ ਤੇ ਉਹ ਭਗਵਾਨ ਸਿੰਘ ਦੀ ਦੇਹ ਨੂੰ ਗੜ੍ਹੀ ਦੇ ਅੰਦਰ ਲੈ ਗਏ। ਬਹਾਦਰ ਗੁਰਮੁਖ ਸਿੰਘ ਨੇ ਗੜ੍ਹੀ ਦੀ ਸਹੀ ਅਵਸਥਾ ਤੋਂ ਜਾਣੂ ਕਰਾਉਣ ਲਈ ਸਿਗਨਲ ਦੇਣੇ ਜਾਰੀ ਰੱਖੇ।

ਵੈਰੀ ਨੇ ਚੌਂਕੀ ਦੀ ਕੰਧ ਦੇ ਇਕ ਹਿੱਸੇ ਨੂੰ ਤੋੜਨ ਦਾ ਯਤਨ ਕੀਤਾ। ਹਵਾਲਦਾਰ ਈਸ਼ਰ ਸਿੰਘ ਨੇ ਆਪਣੇ ਜਵਾਨਾਂ ਨੂੰ ਆਪਣੀ ਪਲਟਨ ਤੇ ਕੌਮ ਦੀ ਰਵਾਇਤ ਅਨੁਸਾਰ ਚੌਂਕੀ ਦੀ ਰੱਖਿਆ ਕਰਨ ਲਈ ਉਤਸ਼ਾਹਿਤ ਕੀਤਾ। ਉਹ ਚੌਂਕੀ ਵੈਰੀ ਦੇ ਹਵਾਲੇ ਕਰਨ

ਲਈ ਤਿਆਰ ਨਹੀਂ ਸਨ ਤੇ ਨਾ ਹੀ ਉਹਨਾਂ ਨੇ ਹੋਰ ਕਿਤੇ ਜਾ ਕੇ ਸ਼ਰਨ ਲੈਣੀ ਸੀ। ਉਹ ਇਹ ਵੀ ਜਾਣਦੇ ਸਨ ਕਿ ਉਹ ਦਸ ਹਜ਼ਾਰ ਕਬਾਇਲੀਆਂ ਨੂੰ ਬਹੁਤਾ ਚਿਰ ਰੋਕ ਨਹੀਂ ਸਕਣਗੇ ਪਰੰਤੂ ਉਹ ਉਹਨਾਂ ਨੂੰ ਆਖ਼ਰੀ ਆਦਮੀ ਦੇ ਜੀਂਦਿਆਂ ਅੱਗੇ ਨਹੀਂ ਵਧਣ ਦੇਣਗੇ।

ਲੋਕਹਾਰਟ ਕਿਲ੍ਹੇ ਤੋਂ ਕਮਾਂਡਿੰਗ ਅਫ਼ਸਰ ਵੈਰੀ ਦੇ 14 ਝੰਡੇ ਵੇਖ ਸਕਦਾ ਸੀ ਜਿਸ ਤੋਂ ਉਸ ਨੂੰ ਕਬਾਇਲੀਆਂ ਦੀ ਤਾਦਾਦ ਦਾ ਪਤਾ ਲੱਗ ਗਿਆ ਸੀ। ਸਵੇਰ ਤੋਂ ਹੀ ਕਬਾਇਲੀਆਂ ਨੇ ਗੜ੍ਹੀ ਨੂੰ ਤੋੜਨ ਲਈ ਹੱਲਾ ਸ਼ੁਰੂ ਕਰ ਦਿੱਤਾ ਹੋਇਆ ਸੀ। ਸਿੱਖ ਵੀ ਅੱਗੋਂ ਵੀਰਤਾ ਨਾਲ ਲੜੇ ਤੇ ਵਾਰ-ਵਾਰ ਹਮਲੇ ਪਛਾੜਦੇ ਰਹੇ। ਕਬਾਇਲੀਆਂ ਨੇ ਉਹਨਾਂ ਨੂੰ ਲੁਭਾਵਣੀਆਂ ਪੇਸ਼ਕਸ਼ਾਂ ਵੀ ਕੀਤੀਆਂ ਤੇ ਹਥਿਆਰ ਸੁੱਟ ਦੇਣ ਲਈ ਕਿਹਾ। ਉਹਨਾਂ ਨੇ ਉਹਨਾਂ ਨੂੰ ਕੋਹਾਟ ਜਾਣ ਲਈ ਸੁਰੱਖਿਅਤ ਲਾਂਘੇ ਦੀ ਵੀ ਪੇਸ਼ਕਸ਼ ਕੀਤੀ; ਪਰੰਤੂ ਉਹਨਾਂ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਹਵਾਲਦਾਰ ਈਸ਼ਰ ਸਿੰਘ ਕਿਸ ਮਿੱਟੀ ਦਾ ਬਣਿਆ ਹੋਇਆ ਸੀ। ਉਸਨੇ ਉਹਨਾਂ ਦਾ ਸੁਝਾਅ ਪੰਜਾਬੀ ਵਿੱਚ ਚੋਣਵੀਆਂ ਗਾਲ੍ਹਾਂ ਕੱਢ ਕੇ ਰੱਦ ਕਰ ਦਿੱਤਾ।

ਕੁਝ ਸਮੇਂ ਲਈ ਘਿਰੇ ਹੋਏ ਬਹਾਦਰਾਂ ਨੇ ਦ੍ਰਿੜ੍ਹਤਾ ਨਾਲ ਵਾਰ-ਵਾਰ ਖ਼ੂਨੀ ਤੇ ਵਹਿਸ਼ੀ ਦਲਾਂ ਦੇ ਝੁੰਡ ਵੱਲੋਂ ਕੀਤੇ ਹਮਲੇ ਦਾ ਟਾਕਰਾ ਕੀਤਾ। ਪਰ ਉਹਨਾਂ ਨੂੰ ਕੋਈ ਕੁਮਕ ਨਾ ਪਹੁੰਚ ਸਕੀ। ਸਹਾਇਤਾ ਭੇਜਣ ਲਈ ਲਾਕਹਾਰਟ ਦੇ ਕਿਲ੍ਹੇ 'ਚੋਂ ਕੁਝ ਯਤਨ ਵੀ ਹੋਏ ਪਰ ਘੇਰਾ ਪਾਈ ਬੈਠੇ ਅਫ਼ਗਾਨਾਂ ਨੇ ਉਹ ਨਿਸਫਲ ਕਰ ਦਿੱਤੇ।

ਇਤਲਾਹ ਭੇਜਣ ਦਾ ਇਕੋ-ਇਕ ਸਾਧਨ ਲੈਹੀਓਗ੍ਰਾਫ਼ੀ ਸੀ ਤੇ ਵੈਰੀ ਦਲਾਂ ਦੇ ਝੁੰਡ ਦੀ ਅਰੁੱਕ ਗੋਲਾਬਾਰੀ ਕਾਰਨ ਸੰਦੇਸ਼ ਭੇਜਣ ਮੁਸ਼ਕਲ ਹੋ ਰਹੇ ਸਨ। ਪਰ ਇਹ ਆਸ਼ਾਵਾਂ ਸੰਘਰਸ਼ ਚਲਦਾ ਰਿਹਾ। ਵੈਰੀ ਨੇ ਦੋ ਵਾਰ ਵੱਡੇ ਹੱਲੇ ਕੀਤੇ ਤੇ ਉਹ ਦ੍ਰਿੜ੍ਹਤਾ ਨਾਲ ਚੌਕੀ ਵੱਲ ਵਧਿਆ ਪਰੰਤੂ ਦੋਵੇਂ ਵਾਰ ਇਹ ਹੱਲੇ ਨਾਕਾਮਯਾਬ ਬਣਾ ਦਿੱਤੇ ਗਏ। ਵੈਰੀ ਦਾ ਵੀ ਭਾਰੀ ਜਾਨੀ ਨੁਕਸਾਨ ਹੋਇਆ ਪਰੰਤੂ ਆ ਰਹੀ ਗੋਲਾਬਾਰੀ ਨੇ ਸਿੱਖਾਂ ਦੀ ਗਿਣਤੀ ਵੀ ਕਾਫ਼ੀ ਘਟਾ ਦਿੱਤੀ ਤੇ ਉਹਨਾਂ ਦਾ ਗੋਲੀ ਸਿੱਕਾ ਵੀ ਖ਼ਤਮ ਹੋ ਰਿਹਾ ਸੀ।

ਆਪਣੀ ਸੁਰੱਖਿਆ ਤੋਂ ਬੇਪਰਵਾਹ ਹੋ ਕੇ ਸਿਪਾਹੀ ਗੁਰਮੁਖ ਸਿੰਘ ਸਿਗਨਲ ਦੇ ਕੇ ਲੜਾਈ ਬਾਰੇ ਪਲ-ਪਲ ਦੀ ਜਾਣਕਾਰੀ ਬਟਾਲੀਅਨ ਹੈਡਕੁਆਰਟਰ ਨੂੰ ਦਿੰਦਾ ਰਿਹਾ। ਜਦੋਂ ਵੈਰੀ ਦੇ ਬਾਰ-ਬਾਰ ਕੀਤੇ ਹਮਲੇ ਅਸਫ਼ਲ ਹੋ ਗਏ ਤਾਂ ਉਸ ਨੇ ਝਾੜੀਆਂ ਤੇ ਘਾਸਫੂਸ ਨੂੰ ਅੱਗ ਲਾ ਦਿੱਤੀ ਤੇ ਧੂਏਂ ਦਾ ਲਾਹਾ ਲੈ ਕੇ ਦੋ ਕਬਾਇਲੀ ਚੌਕੀ ਦੀ ਚਾਰਦੀਵਾਰੀ ਤੱਕ ਉਸ ਖੇਤਰ ਵਿੱਚ ਪਹੁੰਚ ਗਏ ਜੋ ਰੱਖਿਆ ਕਰ ਰਹੇ ਸਿੱਖ ਫ਼ੌਜੀਆਂ ਦੀ ਨਜ਼ਰ ਤੋਂ ਓਹਲੇ ਸੀ ਤੇ ਜਿੱਥੇ ਚਾਰ ਦੀਵਾਰੀ ਦੀਆਂ ਮੋਰੀਆਂ ਵਿੱਚੋਂ ਉਹਨਾਂ ਦੀ ਗੋਲੀ ਵੀ ਨਹੀਂ ਪਹੁੰਚ ਸਕਦੀ ਸੀ। ਇਸ ਤਰ੍ਹਾਂ ਘੇਰਾ ਪਾਉਣ ਵਾਲੇ ਅਫ਼ਗਾਨਾਂ ਨੇ ਕੰਧ ਵਿੱਚ

ਪਾੜ ਪਾ ਲਿਆ। ਇਸ ਪਿੱਛੋਂ ਇਕ ਬੜੀ ਹੱਥੋ-ਹੱਥ ਲੜਾਈ ਸ਼ੁਰੂ ਹੋ ਗਈ। ਸਿੱਖ "ਬੋਲੇ ਸੋ ਨਿਹਾਲ" ਦੇ ਨਾਅਰੇ ਲਾਉਂਦੇ ਹੋਏ ਲੜਦੇ ਰਹੇ। ਵੈਰੀ ਨੇ ਫਿਰ ਇਕ ਵਾਰ ਉਹਨਾਂ ਨੂੰ ਤਾਅਨੇ ਮਾਰ ਕੇ ਚਿੜਾਉਂਦਿਆਂ ਹੋਇਆਂ ਕਿਹਾ ਕਿ ਉਹਨਾਂ ਦੀ ਸਹਾਇਤਾ ਲਈ ਕੋਈ ਨਹੀਂ ਆਏਗਾ ਤੇ ਉਹ ਹਥਿਆਰ ਸੁੱਟ ਦੇਣ। ਜੇ ਉਹ ਹਥਿਆਰ ਸੁੱਟ ਦੇਣਗੇ ਤਾਂ ਉਹਨਾਂ ਦੀਆਂ ਜਾਨਾਂ ਬਚ ਜਾਣਗੀਆਂ। 2 ਵਜੇ ਸ਼ਾਮ ਤੱਕ ਕੇਵਲ 7 ਸਿੱਖ ਰਹਿ ਗਏ ਸਨ। ਉਹਨਾਂ ਨੇ ਉੱਤਰ ਦਿੱਤਾ ਕਿ ਸਿੱਖ ਕਦੇ ਹਥਿਆਰ ਨਹੀਂ ਸੁੱਟਦੇ ਤੇ ਹਥਿਆਰ ਸੁੱਟਣ ਨਾਲੋਂ ਉਹ ਮੌਤ ਨੂੰ ਤਰਜ਼ੀਹ ਦੇਣਗੇ। ਜਦੋਂ ਵੈਰੀ ਨੇ ਚੌਕੀ ਦੇ ਅੰਦਰਲੀ ਕੰਧ 'ਤੇ ਚੜ੍ਹਨਾ ਸ਼ੁਰੂ ਕਰ ਦਿੱਤਾ ਤਾਂ ਦੋ ਸਿੱਖਾਂ ਨੇ ਹਰ ਚੜ੍ਹ ਰਹੇ ਅਫ਼ਗਾਨ ਨਾਲ ਘੋਲ ਕਰਨਾ ਸ਼ੁਰੂ ਕਰ ਦਿੱਤਾ ਤੇ ਉਹਨਾਂ ਨੂੰ ਭੁੰਜੇ ਪਟਕਾਉਣਾ ਸ਼ੁਰੂ ਕਰ ਦਿੱਤਾ। ਉਹ ਉਸ ਸਮੇਂ ਆਪਣੀਆਂ ਸੰਗੀਨਾਂ ਨਾਲ ਹੀ ਲੜ ਰਹੇ ਸਨ। ਗੁਰਮੁਖ ਸਿੰਘ ਵੱਲੋਂ ਆਖ਼ਰੀ ਸੰਦੇਸ਼ ਇਹ ਦਿੱਤਾ ਗਿਆ ਕਿ ਉਹਨਾਂ ਨੇ ਬੜੀ ਉਡੀਕ ਕੀਤੀ ਸੀ ਤੇ ਉਹਨਾਂ ਨੂੰ ਕੋਈ ਕੁਮਕ ਨਹੀਂ ਪਹੁੰਚੀ। ਉਸ ਨੇ ਇਹ ਵੀ ਕਿਹਾ ਕਿ ਉਹਨਾਂ ਨੇ ਆਪਣਾ ਕਰਤੱਵ ਪੂਰਾ ਕੀਤਾ ਹੈ ਤੇ ਹਰ ਹੁਕਮ ਦੀ ਪਾਲਣਾ ਕੀਤੀ ਹੈ। ਸਭ ਤੋਂ ਆਖ਼ਿਰ ਵਿੱਚ ਗੁਰਮੁਖ ਸਿੰਘ ਮੈਦਾਨ ਵਿੱਚ ਉਤਰਿਆ ਤੇ ਕਈ ਵੈਰੀਆਂ ਨੂੰ ਪਾਰ ਬੁਲਾ ਕੇ ਆਪਣਾ ਜੀਵਨ ਵੀ ਨਿਸ਼ਾਵਰ ਕਰ ਦਿੱਤਾ।

21 ਸਿੱਖ ਸੈਨਿਕਾਂ ਨੇ ਲਗਭਗ 600 ਪਠਾਨ ਮੌਤ ਦੇ ਘਾਟ ਉਤਾਰ ਦਿੱਤੇ ਸਨ ਤੇ ਲਗਭਗ 1000 ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਸੀ। ਹਰ ਇਕ ਜਵਾਨ ਵਫ਼ਾਦਾਰ ਸੈਨਿਕ ਵਾਂਗ ਆਪਣੀ ਪੂਰੀ ਯੋਗਤਾ ਤੇ ਬਹਾਦਰੀ ਨਾਲ ਜੌਹਰ ਵਿਖਾ ਕੇ ਲੜਦਾ ਲੜਦਾ ਸ਼ਹੀਦ ਹੋਇਆ।

ਇਸ ਗੜ੍ਹੀ ਵਿੱਚ ਘਿਰੇ ਹੋਏ ਸਿੱਖ ਸੈਨਿਕਾਂ ਨੇ ਇਕ ਵਾਰ ਫਿਰ ਇਤਿਹਾਸ ਦੁਹਰਾ ਦਿੱਤਾ ਤੇ ਰੂਸੀਆਂ ਵਿਰੁੱਧ ਬਾਲਾਕਲਾਵਾ ਦੇ ਯੁੱਧ ਵਿੱਚ 34 ਹਿਸਾਰ ਪਲਟਨ ਦੇ ਘੋੜਸਵਾਰਾਂ ਵਾਂਗ 1854 ਈ: ਵਿੱਚ ਕ੍ਰੀਮੀਆਂ ਦੇ ਯੁੱਧ ਵਿੱਚ ਵਿਖਾਈ ਵੀਰਤਾ ਨੂੰ ਇਕ ਵਾਰ ਫਿਰ ਆਪਣੀਆਂ ਜਾਨਾਂ ਵਾਰ ਕੇ ਤਾਜ਼ਾ ਕਰ ਦਿੱਤਾ। ਇਕ ਵੀ ਚੌਕੀ ਛੱਡ ਕੇ ਤੇ ਆਪਣੀ ਜਾਨ ਬਚਾ ਕੇ ਨਾ ਗਿਆ। ਜਿਵੇਂ ਵਿਕਟੋਰੀਆ ਯੁੱਗ ਦੇ ਉੱਘੇ ਸ਼ਾਇਰ ਲਾਰਡ ਟੈਨੀਸਨ ਨੇ 34 ਹਿਸਾਰ ਬਰਿਗੇਡ ਦੇ ਰਿਸਾਲੇ ਦੀ ਵੀਰਤਾ ਨੂੰ ਆਪਣੀ ਨਜ਼ਮ, "ਲਾਈਟ ਬਰਿਗੇਡ ਦਾ ਹੱਲਾ" ਵਿੱਚ ਅਮਰ ਕਰ ਦਿੱਤਾ, ਇਸੇ ਤਰ੍ਹਾਂ ਹੀ 36ਵੀਂ ਰਜਮੈਂਟ ਦੇ 21 ਸਿੱਖ ਸੈਨਿਕਾਂ ਦੀ ਵੀਰਤਾ ਅਮਰ ਹੋ ਗਈ ਤੇ ਜੱਗ ਪ੍ਰਸਿੱਧ ਹੋਈ। ਉਹਨਾਂ ਨੇ ਆਪਣੀਆਂ ਜਾਨਾਂ ਉਸੇ ਭਾਵਨਾ ਨਾਲ ਕੁਰਬਾਨ ਕੀਤੀਆਂ ਜਿਵੇਂ 34 ਹੁਸਾਰ ਰਿਸਾਲੇ ਦੇ ਸੈਨਿਕਾਂ ਨੇ। ਉਹਨਾਂ ਦੀ ਦ੍ਰਿੜ੍ਹਤਾ ਨੂੰ "ਚਾਰਜ ਆਫ ਦੀ ਲਾਈਟ ਬਰਿਗੇਡ" ਦੀਆਂ ਹੇਠ ਲਿਖੀਆਂ ਪੰਗਤੀਆਂ ਨਾਲ ਬਿਆਨ ਕੀਤਾ ਜਾ ਸਕਦਾ ਹੈ :

ਉਹਨਾਂ ਨਹੀਂ ਸੀ ਮੋੜ ਕੇ ਕੋਈ ਬਚਨ ਕਰਨਾ,
ਉਹਨਾਂ ਭਲਾ ਸੀ ਕੀ ਕਿੰਤੂ ਪ੍ਰੰਤੂ ਕਰਨਾ।

ਉਹਨਾਂ ਨੇ ਤਾਂ ਬੱਸ ਆਪਣਾ ਫ਼ਰਜ਼ ਸੀ ਅਦਾ ਕਰਨਾ।[6]

ਜੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਚੋਂ ਸ਼ਬਦ ਵਰਤਣੇ ਹੋਣ ਤਾਂ ਉਹ ਤਾਂ ਲੜ ਕੇ ਸ਼ਹੀਦ ਹੋਣ ਵਾਲੀ ਸਥਿਤੀ ਵਿੱਚ ਸਨ :

ਜਬ ਆਉ ਕੀ ਅਉਧਿ ਨਿਦਾਨ ਬਣੇ
ਅਤਿ ਹੀ ਰਨ ਮੈਂ ਤਬ ਜੂਝਿ ਮਰੋ।[7]

ਇਹ ਇਕ ਅਦੁੱਤੀ ਲੜਾਈ ਸੀ ਜੋ ਸਵੇਰੇ 9 ਵਜੇ ਤੋਂ ਸ਼ੁਰੂ ਹੋ ਕੇ 3.40 ਮਿੰਟ ਸ਼ਾਮ ਨੂੰ ਸਮਾਪਤ ਹੋ ਗਈ। ਦਸ ਹਜ਼ਾਰ ਕਬਾਇਲੀ ਉਹਨਾਂ 'ਤੇ ਪੂਰੀ ਤਰ੍ਹਾਂ ਛਾ ਗਏ ਸਨ ਤੇ ਘਿਰੇ ਹੋਏ ਬਹਾਦਰ ਸ਼ਹਾਦਤ ਪਾ ਗਏ ਸਨ।[8]

ਅਗਲੀ ਸਵੇਰ ਲਾਕਹਾਰਟ ਕਿਲ੍ਹੇ ਵੱਲੋਂ ਸਹਾਇਤਾ ਭੇਜੀ ਗਈ। ਉਹਨਾਂ ਨੇ ਬਹਾਦਰ ਸੈਨਿਕਾਂ ਦੀਆਂ ਸੜੀਆਂ ਹੋਈਆਂ ਲਾਸ਼ਾਂ ਵੇਖੀਆਂ ਤੇ ਹੈਲੀਓਗਰਾਫ਼ ਠੀਕ ਹਾਲਤ ਵਿੱਚ ਵੀ ਪ੍ਰਾਪਤ ਕਰ ਲਿਆ ਗਿਆ।[9]

ਜਿਹੜੇ ਵੀਰ ਯੋਧਿਆਂ ਨੇ ਵੀਰਗਤੀ ਪ੍ਰਾਪਤ ਕੀਤੀ ਉਹਨਾਂ ਵਿੱਚ ਹੇਠ ਲਿਖੇ ਸ਼ਾਮਲ ਸਨ—

(1) ਹਵਾਲਦਾਰ ਈਸ਼ਰ ਸਿੰਘ ਨੰ: 165, (2) ਲਾਸ ਨਾਇਕ ਚੰਦਾ ਸਿੰਘ 546, (3) ਨਾਇਕ ਲਾਲ ਸਿੰਘ 332, (4) ਸੁੱਧ ਸਿੰਘ ਸਿਪਾਹੀ ਨੰ: 1321, (5) ਉੱਤਮ ਸਿੰਘ 492, (6) ਹੀਰਾ ਸਿੰਘ 359, (7) ਨਾਰਾਇਣ ਸਿੰਘ 834, (8) ਨੰਦ ਸਿੰਘ 1221, (9) ਬੂਟਾ ਸਿੰਘ 156, (10) ਭਗਵਾਨ ਸਿੰਘ 1257, (11) ਜੀਵਾ ਸਿੰਘ 1651, (12) ਸਾਹਿਬ ਸਿੰਘ 182, (13) ਰਾਮ ਸਿੰਘ 163, (14) ਰਾਮ ਸਿੰਘ 287, (15) ਦਯਾ ਸਿੰਘ 687, (16) ਜੀਵਨ ਸਿੰਘ 760, (17) ਭਗਵਾਨ ਸਿੰਘ 1265, (18) ਗੁਰਮੁਖ ਸਿੰਘ 814, (19) ਗੁਰਮੁਖ ਸਿੰਘ 1333, (20) ਭੋਲਾ ਸਿੰਘ 791, (21) ਸਫ਼ਾਈ ਸੇਵਕ ਦਾਉ ਸਿੰਘ।

ਸਾਰਾਗੜ੍ਹੀ ਦੇ ਸੈਨਿਕਾਂ ਦੀ ਵੀਰਤਾ ਤੇ ਹੱਠ ਦੀ ਦੂਰ-ਦੂਰ ਤੱਕ ਪ੍ਰਸ਼ੰਸਾ ਹੋਈ। ਹਰ ਇਕ ਨੂੰ ਮਰਨ ਉਪਰੰਤ (OBE) ਭਾਰਤੀ ਵੀਰਤਾ ਪੁਰਸਕਾਰ ਦਿੱਤਾ ਗਿਆ। ਜੋ ਅਜੋਕੇ ਪਰਮਵੀਰ ਚੱਕਰ ਬਰਾਬਰ ਹੈ। ਉਸ ਦੇ ਨੇੜਲੇ ਰਿਸ਼ਤੇਦਾਰ ਨੂੰ 500 ਰੁਪਏ ਇਨਾਮ ਤੇ ਦੋ ਮੁਰੱਬੇ ਜ਼ਮੀਨ ਦਿੱਤੀ ਗਈ। ਨਾ ਪਹਿਲਾਂ ਤੇ ਨਾ ਹੀ ਮਗਰੋਂ ਇਕ ਯੂਨਿਟ ਨੂੰ ਇਤਨੇ ਪੁਰਸਕਾਰ ਇਕ ਮੌਕੇ ਤੇ ਕਦੇ ਪ੍ਰਾਪਤ ਹੋਏ।

12 ਸਤੰਬਰ ਨੂੰ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿੱਚ ਸਿੱਖ ਰਜਮੈਂਟ ਇਹ ਦਿਨ ਮਨਾਉਂਦੀ ਹੈ। ਹੁਣੇ ਜਿਹੇ ਸਿੱਖ ਰਜਮੈਂਟ ਸੈਂਟਰ ਮੇਰਠ ਨੇ ਸਾਰਾਗੜ੍ਹੀ ਦੇ ਸਾਕੇ ਦੀ ਯਾਦ ਵਿੱਚ ਸਮਾਰਕ ਵੀ ਉਸਾਰਿਆ ਹੈ।[10] ਵੀਰਤਾ ਭਰੇ ਕਾਰਜ ਦੀ ਸਮ੍ਰਿਤੀ ਵਿੱਚ ਹਰ ਸਾਲ ਸਦਾ ਲਈ ਸਿੱਖ ਫ਼ੌਜੀਆਂ ਵਾਲੀਆਂ ਪਲਟਨਾਂ ਨੂੰ 12 ਸਤੰਬਰ ਦੀ ਛੁੱਟੀ ਕੀਤੀ ਜਾਂਦੀ ਹੈ।

# ਹਵਾਲੇ ਅਤੇ ਟਿੱਪਣੀਆਂ

1. ਦੀ ਟ੍ਰਿਬਿਊਨ, ਸਤੰਬਰ 11, 2004
2. ਜੀ.ਐਸ. ਢਿੱਲੋਂ, ਸਵਤੰਤਰਤਾ ਉਪਰੰਤ—ਵੀਰ ਪ੍ਰੰਪਰਾ, 1970 ਪੰਨਾ 3
3. ਸ੍ਰ: ਐਸ. ਜੇ. ਪਾਲ, ਦੀ ਸਟੋਰੀ ਆਫ਼ ਵੇਲੀਅੰਟ ਸਿੱਖਸ, ਪੰਨਾ 98 (ਹਵਾਲਾ ਦਿੱਤਾ ਹੈ)
4. ਦੀ ਟ੍ਰਿਬਿਊਨ, ਮਿਤੀ 11 ਸਤੰਬਰ, 2004
5. ਬਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ, ਅਜੀਤ, ਸਤੰਬਰ 12, 2004 ਹਮਲੇ ਦੀਆਂ ਤਾਰੀਖ਼ਾਂ 27 ਅਗਸਤ ਤੇ 8 ਸਤੰਬਰ 1897 ਹਨ ਜਦੋਂ ਕਿ ਕਰਨਲ ਨਰਿੰਦਰ ਪਾਲ ਸਿੰਘ ਨੇ 'ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ੱਮ' ਪੰਨਾ 58 'ਤੇ ਹਮਲੇ ਦੀਆਂ ਤਾਰੀਖ਼ਾਂ ਤਿੰਨ ਅਤੇ 9 ਸਤੰਬਰ 1897 ਦਿੱਤੀਆਂ ਹਨ।
6. ਲਾਰਡ ਟੈਨੀਸਨ ਨੇ ਪ੍ਰਸਿੱਧ ਨਜ਼ਮ 'ਦੀ ਚਾਰਚ ਆਫ ਦੀ ਲਾਈਟ ਬਰਿਗੇਡ' ਲਿਖ ਕੇ ਉਹਨਾਂ ਨੂੰ ਅਮਰ ਕਰ ਦਿੱਤਾ।
7. ਸ਼ਬਦਾਰਥ ਦਸਮ ਗ੍ਰੰਥ, ਸੰਪਾਦਕ ਰਣਧੀਰ ਸਿੰਘ, 1982, ਪੰਨਾ 798
8. ਲੈਫ. ਜਰਨਲ ਹਰਬਖਸ਼ ਸਿੰਘ, ਕਰਤੱਵ ਦੀ ਰੇਖਾ, ਇਕ ਸੈਨਿਕ ਦੀਆਂ ਯਾਦਾਂ, ਦਿੱਲੀ 2000, ਪੰਨਾ 8
9. ਦੀ ਟ੍ਰਿਬਿਊਨ, ਚੰਡੀਗੜ੍ਹ, ਸਤੰਬਰ 11, 2004
10. ਡਾ. ਜੀ. ਐਸ. ਢਿੱਲੋਂ, ਵੀਰ ਪਰੰਪਰਾ—ਸੁਤੰਤਰਤਾ ਉਪਰੰਤ, ਪੰਨਾ 4

# ਵਿਕਟੋਰੀਆ ਕਰਾਸ ਤੇ ਮਹਾਂਵੀਰ ਚੱਕਰ ਵਿਜੈਤਾ— ਨੰਦ ਸਿੰਘ

ਨੰਦ ਸਿੰਘ ਉਹਨਾਂ ਨਿਰਭੈ ਸੂਰਵੀਰਾਂ ਵਿੱਚੋਂ ਸੀ ਜੋ ਸ਼ਾਇਦ ਹੀ ਮੌਤ ਤੋਂ ਡਰਦੇ ਹੋਣ। ਦੂਸਰੇ ਵਿਸ਼ਵ ਯੁੱਧ ਵਿੱਚ ਉਸ ਨੇ ਆਦਰਸ਼ਕ ਬਹਾਦਰੀ ਦਾ ਪ੍ਰਦਰਸ਼ਨ ਜਾਪਾਨੀ ਸੈਨਿਕਾਂ ਵਿਰੁੱਧ ਅਰਾਕਾਨ ਦੀ ਕਾਲਪਾਜ਼ੀ ਘਾਟੀ ਵਿੱਚ ਲੜ ਕੇ ਕੀਤਾ ਤੇ ਇਸ ਵੀਰਤਾ ਕਾਰਨ ਉਸ ਨੂੰ ਵਿਕਟੋਰੀਆ ਕਰਾਸ ਦਾ ਪੁਰਸਕਾਰ ਦਿੱਤਾ ਗਿਆ।

ਫਿਰ ਉਸ ਨੇ 1947 ਵਿੱਚ ਕਸ਼ਮੀਰ ਵਿੱਚ ਵੈਰੀ ਨਾਲ ਹੱਥੋ-ਹੱਥ ਲੜਾਈ ਵਿੱਚ ਆਪਣੀ ਡੀ ਕੰਪਨੀ ਦੀ ਪਲਟਣ ਦੀ ਅਗਵਾਈ ਕਰਕੇ ਜੰਗ ਦੇ ਇਤਿਹਾਸ ਵਿੱਚ ਅਮਰ ਸਥਾਨ ਪ੍ਰਾਪਤ ਕਰ ਲਿਆ। ਉਹ ਅਜੇ ਮਸਾਂ 35 ਸਾਲ ਦਾ ਸੀ ਜਦੋਂ ਮੁਲਕ ਦੀ ਖ਼ਾਤਰ ਜਾਨ ਕੁਰਬਾਨ ਕਰਕੇ ਅਤਿਅੰਤ ਬਹਾਦਰੀ ਦਾ ਪ੍ਰਮਾਣ ਦਿੱਤਾ।

ਉਸ ਦਾ ਜਨਮ ਮਾਰਚ 1912 ਵਿੱਚ ਮਾਤਾ ਜੈ ਕੌਰ ਦੀ ਕੁੱਖੋਂ ਬਹਾਦਰਪੁਰ ਪਿੰਡ ਵਿੱਚ ਹੋਇਆ।[1] ਉਸ ਦੇ ਪਿਤਾ ਦਾ ਨਾਮ ਭਾਗ ਸਿੰਘ ਸੀ। ਬਠਿੰਡਾ ਸ਼ਹਿਰ ਵਿੱਚ ਮਹਿਣਾ ਚੌਕ ਵਿੱਚ ਉਸ ਦਾ ਬੁੱਤ ਲਾਇਆ ਗਿਆ ਸੀ ਤੇ ਉਸ ਚੌਕ ਦਾ ਨਾਮ ਸ਼ਹੀਦ ਦੇ ਨਾਮ ਤੇ ਸ਼ਹੀਦ ਨੰਦ ਸਿੰਘ ਚੌਕ ਰੱਖਿਆ ਗਿਆ। ਉਹ ਲਗਪਗ ਅਨਪੜ੍ਹ ਹੀ ਸੀ ਪਰੰਤੂ ਉਸ ਦੀ ਜੀਵਨ-ਗਾਥਾ ਮਹਾਂਕਾਵਿ ਦਾ ਅਤਿ ਢੁੱਕਵਾਂ ਵਿਸ਼ਾ ਹੈ।

ਜਦੋਂ ਉਹ ਜਵਾਨ ਹੋਇਆ ਤਾਂ ਉਹ 1931 ਵਿੱਚ ਫ਼ੌਜ ਵਿੱਚ ਭਰਤੀ ਹੋ ਗਿਆ। ਦੂਸਰੇ ਮਹਾਂ ਯੁੱਧ ਵਿੱਚ ਉਹ ਸਿੱਖ ਰਜਮੈਂਟ ਦੀ ਬਟਾਲੀਅਨ ਵਿੱਚ ਨਾਇਕ ਸੀ। ਮਾਰਚ 1944 ਵਿੱਚ ਅਰਾਕਾਨ ਦੀ ਮੁਹਿੰਮ ਸਮੇਂ, ਜਾਪਾਨੀਆਂ ਦੇ ਇਕ ਸੁਰੰਗ ਵਾਲੇ ਮੋਰਚੇ ਉੱਪਰ 'ਇੰਡੀਆ ਹਿੱਲ' ਨਾਮ ਦੇ ਅਸਥਾਨ ਉੱਪਰ ਹਮਲਾ ਕੀਤਾ। ਇਹ ਇੰਡੀਆ ਹਿੱਲ ਨਾਮ ਦੀ ਚੋਟੀ ਬੁੱਥੀਤਾਂਗ ਨੂੰ ਜਾਂਦਾ ਰਾਹ ਰੋਕਦੀ ਸੀ। ਇਹ ਚਾਕੂ ਦੇ ਫਲ ਵਰਗੀ ਤੇਜ਼ ਤੇ ਢਲਵਾਨ ਵਾਲੀ ਪਹਾੜੀ ਸੀ ਜਿਸ ਦੀਆਂ ਢਲਵਾਨਾਂ ਦਰਖਤਾਂ ਨਾਲ ਭਰੀਆਂ ਪਈਆਂ ਸਨ। ਜਾਪਾਨੀਆਂ ਨੂੰ ਇਕ ਵੱਡਾ ਲਾਭ ਇਹ ਵੀ ਸੀ ਕਿ ਉਹ ਭੁਲਾਂਦਰੇ ਰਾਹੀਂ ਲੁਕਾਈਆਂ ਹੋਈਆਂ ਸੁਰੰਗਾਂ ਤੇ ਮੋਰਚਿਆਂ ਵਿੱਚ ਬੈਠੇ ਸਨ ਜਿਨ੍ਹਾਂ ਨੂੰ ਘਾਹ ਪੱਤਿਆਂ ਆਦਿ ਨਾਲ ਢੱਕਿਆ ਹੋਇਆ ਸੀ।[2]

1/11 ਸਿੱਖ ਪਲਟਨ ਦੇ ਨਾਇਕ ਨੰਦ ਸਿੰਘ ਦੀ ਅਗਵਾਈ ਹੇਠ ਉਸ ਦੀ ਇਕ ਟੁਕੜੀ ਅੱਗੇ ਵਧੀ।

ਨੰਦ ਸਿੰਘ ਬੜੇ ਔਖੇ ਤੇ ਤੰਗ ਰਸਤੇ ਥਾਣੀ ਆਪਣੀ ਟੁਕੜੀ ਨੂੰ ਅੱਗੇ ਵਧਾਉਂਦਾ

ਗਿਆ। ਕੇਵਲ ਇਹੋ ਰਸਤਾ ਵੈਰੀ ਦੇ ਮੋਰਚਿਆਂ ਵੱਲ ਜਾਂਦਾ ਸੀ। ਇਸ ਲਈ ਜਾਪਾਨੀਆਂ ਨੇ ਇਸ ਰਾਹ ਅਤੇ ਇਸ ਉੱਪਰ ਅੱਗੇ ਵਧਣ ਵਾਲੀ ਟੁਕੜੀ ਨੂੰ ਹੀ ਆਪਣੀ ਸਖ਼ਤ ਗੋਲਾਬਾਰੀ ਦਾ ਨਿਸ਼ਾਨਾ ਬਣਾਇਆ। ਸ: ਨੰਦ ਸਿੰਘ ਤੋਂ ਬਿਨਾਂ ਉਹਦੀ ਟੁਕੜੀ ਦੇ ਸਾਰੇ ਨੌਜੁਆਨ ਸ਼ਹੀਦ ਹੋ ਗਏ। ਉਹ ਸਖ਼ਤ ਗੋਲਾਬਾਰੀ ਦੇ ਬਾਵਜੂਦ ਵੀ ਅੱਗੇ ਵਧਦਾ ਗਿਆ। ਇਹ ਗੋਲਾਬਾਰੀ ਬਹੁਤ ਨੇੜਿਓਂ ਹੋ ਰਹੀ ਸੀ। ਜਿਉਂ ਹੀ ਉਹ ਸਭ ਤੋਂ ਨੇੜਲੀ ਜਾਪਾਨੀ ਖੰਦਕ ਦੇ ਨੇੜੇ ਪਹੁੰਚਿਆ ਤਾਂ ਨੰਦ ਸਿੰਘ ਨੂੰ ਇਕ ਗਰਨੇਡ ਲੱਗਾ ਤੇ ਉਹ ਘਾਇਲ ਹੋ ਗਿਆ। ਪਰ ਇਸ ਦੇ ਬਾਵਜੂਦ ਵੀ ਉਹ ਰੁਕਿਆ ਨਹੀਂ ਸੀ ਤੇ ਉਸ ਨੇ ਮੋਰਚੇ ਉੱਪਰ ਕਬਜ਼ਾ ਕਰਕੇ ਉਸ ਵਿਚਲੇ ਤਿੰਨਾਂ ਜਾਪਾਨੀਆਂ ਨੂੰ ਮਾਰ ਮੁਕਾਇਆ। ਅਗਲੀ ਖੰਦਕ ਦਾ ਮੋਰਚਾ ਵੀ ਨੇੜੇ ਸੀ। ਨੰਦ ਸਿੰਘ ਬੜੀ ਤੇਜ਼ੀ ਨਾਲ ਅੱਗੇ ਵਧਿਆ। ਭਾਵੇਂ ਗੋਲਾਬਾਰੀ ਬਹੁਤ ਸਖ਼ਤ ਸੀ ਫਿਰ ਵੀ ਉਸ ਨੇ ਹਮਲਾ ਕੀਤਾ। ਉਹ ਇਕ ਵਾਰ ਫਿਰ ਗਰਨੇਡ ਨਾਲ ਜ਼ਖ਼ਮੀ ਹੋ ਗਿਆ। ਉਹ ਡਿੱਗ ਪਿਆ ਪਰ ਉਹ ਹੌਸਲਾ ਕਰਕੇ ਉੱਠਿਆ ਅਤੇ ਮੋਰਚੇ ਵਿੱਚ ਬੈਠੇ ਦੋ ਜਾਪਾਨੀਆਂ ਨੂੰ ਬੰਦੂਕ ਦੀ ਸੰਗੀਨ ਨਾਲ ਪਾਰ ਬੁਲਾਇਆ। ਉਹ ਫਿਰ ਅੱਗੇ ਵਧਿਆ ਤੇ ਫਿਰ ਤੀਸਰੇ ਮੋਰਚੇ ਤੇ ਇਕੱਲੇ ਨੇ ਹੀ ਕਬਜ਼ਾ ਕਰ ਲਿਆ। ਉਸ ਇਕੱਲੇ ਨੇ ਹੀ ਦੁਸ਼ਮਣ ਦੀਆਂ ਤਿੰਨ ਸੁਰੰਗਾਂ ’ਤੇ ਕਬਜ਼ਾ ਕਰਨ ਦੀ ਕਾਰਵਾਈ ਬੜੀ ਬਹਾਦਰੀ ਨਾਲ ਸਖ਼ਤ ਗੋਲਾਬਾਰੀ ਦੇ ਹੁੰਦਿਆਂ ਹੀ ਕਰ ਲਈ। ਉਸ ਦੀ ਦਲੇਰੀ ਤੇ ਸਾਹਸ ਦਾ ਬਾਕੀ ਪਲਟਣ ਤੇ ਬੜਾ ਚੰਗਾ ਤੇ ਡੂੰਘਾ ਪ੍ਰਭਾਵ ਪਿਆ ਜੋ ਉਸ ਸਮੇਂ ਤੱਕ ਸਹਾਇਤਾ ਲਈ ਪਹੁੰਚ ਚੁੱਕੀ ਸੀ। ਹੁਣ ਨਵੀਂ ਪਹੁੰਚੀ ਪਲਟਣ ਨੇ ਮੋਰਚੇ ਸੰਭਾਲ ਲਏ ਅਤੇ ਸੰਗੀਨਾਂ ਤੇ ਗਰਨੇਡਾਂ ਨਾਲ ਚਾਲ੍ਹੀਆਂ ਵਿੱਚੋਂ 37 ਜਾਪਾਨੀਆਂ ਨੂੰ ਮਾਰ ਦਿੱਤਾ। ਇਹ ਸਭ ਕੁਝ ਨੰਦ ਸਿੰਘ ਦੀ ਬਹਾਦਰੀ, ਦਲੇਰੀ ਤੇ ਦ੍ਰਿੜ੍ਹਤਾ ਦੇ ਕਾਰਨ ਹੀ ਸੀ ਕਿ ਜਾਪਾਨੀਆਂ ਦੇ ਟਿਕਾਣੇ ਤੇ ਇਤਨੀ ਤੇਜ਼ੀ ਨਾਲ ਆਪਣਾ ਬੜਾ ਘੱਟ ਜਾਨੀ ਨੁਕਸਾਨ ਕਰਵਾ ਕੇ ਕਬਜ਼ਾ ਕਰ ਲਿਆ। ਇਹ ਨਾਇਕ ਨੰਦ ਸਿੰਘ ਹੀ ਸੀ ਜਿਸ ਨੇ 3 ਖੰਦਕਾਂ ’ਤੇ ਕਬਜ਼ਾ ਕੀਤਾ ਤੇ ਇਕੱਲੇ ਨੇ ਹੀ 7 ਜਾਪਾਨੀਆਂ ਨੂੰ ਪਾਰ ਬੁਲਾਇਆ। ਇਸ ਤਰ੍ਹਾਂ ਹਰਫ–ਬਹਰਫ਼ ਹੀ ਉਸ ਇਕੱਲੇ ਨੇ ਹੀ ਜਾਪਾਨੀਆਂ ਦੇ ਟਿਕਾਣੇ ’ਤੇ ਅਧਿਕਾਰ ਕਰ ਲਿਆ।

ਉਸ ਨੂੰ ਪੱਟ ਤੇ ਬੜਾ ਭਾਰੀ ਜ਼ਖਮ ਆਇਆ ਸੀ, ਫਿਰ ਵੀ ਉਹ ਭਾਰੀ ਗੋਲਾਬਾਰੀ ਵਿੱਚ ਢਿੱਡ ਦੇ ਭਾਰ ਅੱਗੇ ਰਿੜ੍ਹਦਾ ਗਿਆ। ਇਕ ਗਰਨੇਡ ਉਸ ਦੇ ਸਾਹਮਣੇ ਆ ਕੇ ਫਟਿਆ ਤੇ ਉਸ ਦਾ ਮੋਢਾ ਤੇ ਚਿਹਰਾ ਜ਼ਖਮੀ ਕਰ ਦਿੱਤਾ। ਇਹ ਉਸ ਸਮੇਂ ਵਾਪਰਿਆ ਜਦੋਂ ਉਹ ਦੂਸਰੀ ਖੰਦਕ ’ਤੇ ਕਬਜ਼ਾ ਕਰ ਰਿਹਾ ਸੀ। ਜਿਸ ਵੇਲੇ ਤੱਕ ਉਸ ਨੇ ਤੀਸਰੀ ਖੰਦਕ ’ਤੇ ਅਧਿਕਾਰ ਜਮਾਇਆ ਤਦ ਤੱਕ ਉਹ ਇਸ ਹਮਲੇ ਵਿੱਚ ਛੇ ਵਾਰੀ ਜ਼ਖਮੀ ਹੋ ਚੁੱਕਾ ਸੀ। ਇਸ ਵੀਰਤਾ ਕਾਰਨ ਉਸ ਨੂੰ ਵਿਕਟੋਰੀਆ ਕਰਾਮ ਪ੍ਰਾਪਤ ਹੋਇਆ। ਉਸ ਨੇ ਉੱਚੇ ਦਰਜੇ ਦੀ ਬਹਾਦਰੀ ਤੇ ਦ੍ਰਿੜ੍ਹਤਾ ਦਾ ਪ੍ਰਮਾਣ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਦਿੱਤਾ ਸੀ ਤੇ ਇਸ ਕਾਰਨ ਵਿਕਟੋਰੀਆ ਕਰਾਸ ਦਾ ਉਹ ਬਹੁਤ ਹੀ ਹੱਕਦਾਰ ਸੀ।

ਇਸ ਮਹਾਦੀਪ ਦੀ ਵੰਡ ਪਿਛੋਂ, ਭਾਰਤ ਤੇ ਪਾਕਿਸਤਾਨ ਦੋ ਮੁਲਕ ਹੋਂਦ ਵਿੱਚ ਆ ਗਏ ਤੇ ਕਸ਼ਮੀਰ ਦੋਹਾਂ ਵਿਚਕਾਰ ਲੜਾਈ ਦਾ ਕਾਰਨ ਬਣ ਗਿਆ। ਪਾਕਿਸਤਾਨ ਨੇ ਕਸ਼ਮੀਰ ਵਿੱਚ 6 ਹਜ਼ਾਰ ਕਬਾਇਲੀ ਭੇਜਣੇ ਸ਼ੁਰੂ ਕਰ ਦਿੱਤੇ। ਦਸੰਬਰ 1947 ਈ: ਵਿੱਚ 6 ਹਜ਼ਾਰ ਕਬਾਇਲੀਆਂ ਨੇ ਉੜੀ ਖੇਤਰ ਦੇ ਉੱਚੇ ਪਹਾੜੀ ਖੇਤਰ ਵਿੱਚ ਘੁਸਪੈਠ ਕਰਕੇ ਭਾਰਤੀ ਰੱਖਿਆ ਲਈ ਤੇ ਕਸ਼ਮੀਰ ਨੂੰ ਜਾਣ ਵਾਲੀ ਸੜਕ ਲਈ ਖ਼ਤਰਾ ਪੈਦਾ ਕਰ ਦਿੱਤਾ।

12 ਦਸੰਬਰ 1947 ਨੂੰ ਜਦੋਂ ਕਸ਼ਮੀਰ ਵਿੱਚ ਕਬਾਇਲੀਆਂ ਦੇ ਵਿਰੁੱਧ ਕਾਰਵਾਈ ਹੋ ਰਹੀ ਸੀ ਤਾਂ ਕੋਈ 2.30 ਵਜੇ ਦਿਨ ਦੇ ਨੰਦ ਸਿੰਘ ਦੀ ਬਟਾਲੀਅਨ ਕਬਾਇਲੀਆਂ ਵਿਰੁੱਧ ਉੜੀ ਵਿੱਚ ਯੁੱਧ ਗਸ਼ਤ ਕਰ ਰਹੀ ਸੀ। ਦੁਸ਼ਮਣ ਪਹਿਲਾਂ ਤੋਂ ਹੀ ਜ਼ਮੀਨਦੋਜ਼ ਮੋਰਚੇ ਸੰਭਾਲੀ ਬੈਠਾ ਸੀ। ਤੇ ਉਸ ਨੇ ਬੜੀ ਨੇੜਿਓਂ ਗੋਲਾਬਾਰੀ ਸ਼ੁਰੂ ਕਰਕੇ ਅੱਗੇ ਵਧ ਰਹੇ ਜੁਆਨਾਂ ਨੂੰ ਸ਼ਹੀਦ ਕਰ ਦਿੱਤਾ। ਇਸ ਕੰਪਨੀ ਦੇ 10 ਜੁਆਨ ਮੌਕੇ 'ਤੇ ਸਹੀਦ ਹੋ ਗਏ ਤੇ 15 ਜੁਆਨ ਦੁਸ਼ਮਣ ਦੇ ਮੋਰਚਿਆਂ ਤੋਂ ਦਸ ਗਜ਼ ਦੇ ਫ਼ਾਸਲੇ 'ਤੇ ਜ਼ਖ਼ਮੀ ਹੋ ਗਏ। ਦੁਸ਼ਮਣ ਵਾਰ ਤੇ ਵਾਰ ਕਰ ਰਿਹਾ ਸੀ ਤਾਂ ਜੋ ਇਹਨਾਂ ਮ੍ਰਿਤਕਾਂ ਨੂੰ ਆਪਣੇ ਵੱਲ ਧੂਹ ਸਕੇ ਤੇ ਉਹਨਾਂ ਦੇ ਗੋਲਾ ਬਾਰੂਦ 'ਤੇ ਕਬਜ਼ਾ ਕਰ ਸਕੇ। ਇਸ ਦੇ ਨਾਲ ਹੀ ਉਹ ਭਾਰਤੀ ਟਿਕਾਣੇ ਦੇ ਉਦਾਲੇ ਘੇਰਾ ਪਾਈ ਜਾ ਰਿਹਾ ਸੀ। ਇਹਨਾਂ ਬੰਕਰਾਂ ਤੇ ਸਾਡੇ ਸਥਾਨੀਯ ਜੁਆਬੀ ਹਮਲੇ ਅਸਫਲ ਹੋ ਰਹੇ ਸਨ। ਫਿਰ ਵੀ ਕੰਪਨੀ ਨੂੰ ਖੱਬੇ ਪਾਸੇ ਹਮਲਾ ਕਰਨ ਦਾ ਹੁਕਮ ਦਿੱਤਾ ਗਿਆ। ਜਮਾਦਾਰ ਨੰਦ ਸਿੰਘ ਦੂਸਰੇ ਵਿਸ਼ਵ ਯੁੱਧ ਦਾ ਵਿਕਟੋਰੀਆ ਕਰਾਸ ਜੇਤੂ, ਵੀ ਸਿੱਖ ਰਜਮੈਂਟ 'ਡੀ' ਕੰਪਨੀ ਦੀਆਂ ਦੋ ਪਲਟਣਾਂ ਵਿੱਚੋਂ ਇਕ ਦੀ ਕਮਾਨ ਕਰ ਰਿਹਾ ਸੀ। ਉਸ ਨੇ ਇਕ ਵਾਰ ਫਿਰ 'ਡੀ' ਕੰਪਨੀ ਦੀ ਹੱਥੋ ਹੱਥ ਲੜਾਈ ਵਿੱਚ ਵੈਰੀ ਵਿਰੁੱਧ ਅਸੀਮ ਵੀਰਤਾ ਦਾ ਸਬੂਤ ਦਿੱਤਾ। ਉਸ ਦੀ ਪਲਟਣ ਟਰਾਜਨ ਦੇ ਵੀਰ-ਦਲ ਵਾਂਗ ਅੱਗੇ ਵਧੀ, ਸਭ ਤੋਂ ਅੱਗੇ ਨੰਦ ਸਿੰਘ ਆਪ ਸੀ। ਬਹੁਤ ਭਾਰੀ ਗੋਲਾਬਾਰੀ ਹੋ ਰਹੀ ਸੀ ਤੇ ਉਸ ਦੇ ਸੱਜੇ ਖੱਬੇ ਜੁਆਨ ਸ਼ਹੀਦ ਹੋ ਰਹੇ ਸਨ। ਫਿਰ ਵੀ ਉਹ ਅੱਗੇ ਵੱਧਦਾ ਗਿਆ ਤੇ ਘਾਇਲਾਂ ਵਿੱਚੋਂ ਇਕ ਦੀ ਬੰਦੂਕ ਨੂੰ ਫੜ ਲਿਆ। ਉਸ ਦੇ ਜੁਆਨ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਾਉਂਦੇ ਹੋਏ ਅੱਗੇ ਵਧਦੇ ਗਏ ਅਤੇ ਦੁਸ਼ਮਣ ਨੂੰ ਘੇਰ ਲਿਆ। ਇਸ ਤਰ੍ਹਾਂ ਕਰਦਿਆਂ ਉਹਦੀ ਲੱਤ 'ਤੇ ਵੀ ਚੋਟ ਲੱਗੀ। ਪਰ ਉਹ ਬਿਨਾਂ ਝਿਜਕ ਅੱਗੇ ਵਧਦਾ ਗਿਆ। ਫਿਰ ਸਖ਼ਤ ਤੇ ਭਿਆਨਕ ਹੱਥੋ ਹੱਥ ਲੜਾਈ ਸ਼ੁਰੂ ਹੋ ਗਈ। ਇਹ ਸੂਰਮਿਆਂ ਦਾ ਜੱਥਾ ਗੁੱਸੇ ਵਿੱਚ ਦੁਸ਼ਮਣ 'ਤੇ ਟੁੱਟ ਪਿਆ। ਇਹ ਜੁਆਨ ਜੋਸ਼ ਨਾਲ ਯੁੱਧ ਦੇ ਜੈਕਾਰੇ ਛੱਡ ਰਹੇ ਸਨ। ਜਮਾਦਾਰ ਨੰਦ ਸਿੰਘ ਨੇ ਜਿਹੜਾ ਉਹਨਾਂ ਦਾ ਆਗੂ ਸੀ, ਸਭ ਤੋਂ ਪਹਿਲਾਂ ਆਪਣੀ ਸੰਗੀਨ ਨਾਲ ਦੁਸ਼ਮਣ ਦਾ ਖ਼ੂਨ ਵਹਾਇਆ। ਭਾਵੇਂ ਉਹ ਆਪ ਜ਼ਖ਼ਮੀ ਹੋ ਗਿਆ ਸੀ ਤਾਂ ਵੀ ਉਸ ਨੇ ਵੈਰੀ ਦੇ ਪੰਜ ਜੁਆਨ ਮਾਰ ਦਿੱਤੇ ਸਨ। ਇਸ ਸ਼ਾਨਦਾਰ ਮਿਸਾਲ ਨੂੰ ਵੇਖ ਕੇ ਉਹਦੇ ਜਵਾਨ ਹੋਰ ਜੋਸ਼ ਵਿੱਚ ਆ ਗਏ ਤੇ ਉਹਨਾਂ ਨੇ ਦੁਸ਼ਮਣ 'ਤੇ ਧਾਵਾ ਬੋਲ ਦਿੱਤਾ ਤੇ ਖੱਬੇ ਸੱਜੇ ਸੰਗੀਨਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।[3] ਦੁਸ਼ਮਣ ਨੂੰ

ਭਾਜੜ ਪੈ ਗਈ ਤੇ ਉਸ ਦੇ ਥੋੜ੍ਹੇ ਜੁਆਨ ਹੀ ਜਾਨ ਬਚਾ ਕੇ ਨੱਠਣ ਵਿੱਚ ਸਫਲ ਹੋ ਸਕੇ।

ਇਸ ਬਹਾਦਰ ਜੇ.ਸੀ.ਓ ਨੇ ਆਪਣੀ ਕੰਪਨੀ ਦੇ ਹੁਕਮ ਦੀ ਪਾਲਣਾ ਕੀਤੀ ਅਤੇ ਆਪਣੇ ਉਦੇਸ਼ ਨੂੰ ਪ੍ਰਾਪਤ ਕੀਤਾ। ਪਰ ਜਦੋਂ ਉਹ ਇਕ ਬੰਕਰ ਦੀ ਚੋਟੀ 'ਤੇ ਖੜ੍ਹਾ ਸੀ ਤਾਂ ਦੁਸ਼ਮਣ ਦੀ ਮਸ਼ੀਨਗੰਨ ਵਿੱਚੋਂ ਇਕ ਗੋਲੀ ਉਸ ਦੇ ਸੀਨੇ ਵਿੱਚ ਲੱਗੀ ਤੇ ਉੱਥੇ ਹੀ ਉਹ ਸ਼ਹੀਦ ਹੋ ਗਿਆ। ਪਰੰਤੂ ਉਸ ਦਾ ਉਦੇਸ਼ ਪੂਰਾ ਹੋ ਗਿਆ ਸੀ। ਵੈਰੀ ਪਿੱਠ ਵਿਖਾ ਗਿਆ ਸੀ ਤੇ ਸਥਿਤੀ 'ਤੇ ਕਾਬੂ ਲਿਆ ਗਿਆ ਸੀ।

ਜੋ ਬਹਾਦਰੀ, ਅਗਵਾਈ ਤੇ ਆਪਾਵਾਹੂ ਕਰਤੱਵ ਪਾਲਣ ਦੀ ਸੁਚੱਜੀ ਜਾਚ ਭਾਰਤੀ ਮਾਂ ਦੇ ਇਸ ਸਪੂਤ ਨੇ ਸਿਖਾਈ, ਉਸ ਨੂੰ ਸ਼ਬਦਾਂ ਵਿੱਚ ਵਰਨਣ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਉਸ ਦੀ ਹੋਰ ਮਿਸਾਲ ਮਿਲਦੀ ਹੈ। ਇਸ ਕਾਰਨਾਮੇ ਨੂੰ ਸੁਣਨ ਨਾਲੋਂ ਵੇਖਣ ਵਿੱਚ ਬੜਾ ਅੰਤਰ ਹੈ। ਜਿਨ੍ਹਾਂ ਨੇ ਉਸ ਨੂੰ ਲੜਕਿਆਂ ਵੇਖਿਆ, ਉਹ ਸਦਾ ਹੀ ਉਸ ਨੂੰ ਯਾਦ ਰੱਖਣਗੇ। ਉਹ ਬਟਾਲੀਅਨ ਦੇ ਸਾਰੇ ਹੀ ਜੁਆਨਾਂ ਤੇ ਅਫ਼ਸਰਾਂ ਲਈ ਜੋਸ਼ ਦਾ ਸੋਮਾ ਸਿੱਧ ਹੋਏ ਅਤੇ ਸਾਰੇ ਹੀ ਉਨ੍ਹਾਂ ਦੀਆਂ ਗੱਲਾਂ ਕਰ-ਕਰ ਕੇ ਉਸ ਸਮੇਂ ਤੋਂ ਹੀ ਉਹਨਾਂ ਨੂੰ ਯਾਦ ਕਰਦੇ। ਉਹ ਉਸ ਸਮੇਂ ਸ਼ਹੀਦ ਹੋਇਆ ਜਦੋਂ ਭਾਰਤੀ ਜਿੱਤ ਯਕੀਨੀ ਹੋ ਗਈ ਸੀ। ਉਸ ਨੂੰ ਮਰਨ ਉਪਰੰਤ ਮਹਾਵੀਰ ਚੱਕਰ ਪ੍ਰਦਾਨ ਕੀਤਾ ਗਿਆ।

12 ਦਸੰਬਰ, 1947 ਦਾ ਦਿਨ ਜਮਾਦਾਰ ਨੰਦ ਸਿੰਘ ਦੀ ਮੌਤ ਕਾਰਨ ਉਸ ਦੀ ਰਜਮੈਂਟ ਲਈ ਹੀ ਨਹੀਂ ਸਗੋਂ ਭਾਰਤੀ ਸੈਨਾ ਲਈ ਵੀ ਬੜਾ ਗਮਗੀਨ ਦਿਨ ਸੀ। ਉਸ ਦੀ ਮੌਤ ਤੇ ਹੀ ਇਹ ਹੁਕਮ ਜਾਰੀ ਕੀਤੇ ਗਏ ਕਿ ਵੀ.ਸੀ. ਤੇ ਤੇ ਪੀ.ਵੀ.ਸੀ. ਦੇ ਵਿਜੈਤਾ ਨੂੰ ਮੁਹਾਜ਼ ਉੱਪਰ ਜੰਗ ਵਿੱਚ ਸ਼ਾਮਿਲ ਨਾ ਕੀਤਾ ਜਾਵੇ। ਦਸੰਬਰ 1956 ਵਿੱਚ ਉਸ ਦੀ ਯਾਦ ਵਿੱਚ ਮੇਰਠ ਕੇਂਦਰ ਵਿੱਚ ਇਕ ਸਟੇਡੀਅਮ ਬਣਾਇਆ ਗਿਆ। ਤੇ ਇਸ ਬਹਾਦਰ ਸੈਨਿਕ ਦੀ ਯਾਦ ਵਿੱਚ ਮਹਿਣਾ ਚੌਕ ਬਠਿੰਡਾ ਦਾ ਨਾਮ ਬਦਲ ਕੇ ਸ਼ਹੀਦ ਨੰਦ ਸਿੰਘ ਚੌਕ ਰੱਖਿਆ ਗਿਆ।

ਉਹ ਪਿਛਲੇ ਯੁੱਧ (ਦੂਸਰੇ ਵਿਸ਼ਵ ਯੁੱਧ) ਦਾ ਵਿਕਟੋਰੀਆ ਕਰਾਸ ਜੇਤੂ ਸੀ ਤੇ ਉਹ ਉਸ ਪ੍ਰਸਿੱਧੀ ਦੇ ਅਨੁਸਾਰ ਹੀ ਜੀਵਿਆ। ਬਟਾਲੀਅਨ ਨੇ ਉਸ ਦੀ ਮੌਤ ਕਾਰਨ ਇਕ ਵੀ.ਸੀ. ਜੇਤੂ ਨਹੀਂ, ਦੋ ਵੀ ਸੀ ਜਿੱਤਣ ਵਾਲੇ ਦਾ ਘਾਟਾ ਪਿਆ।

ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਨੇ ਆਪਣੀ ਪੁਸਤਕ "ਕਰਤੱਵ ਦੀ ਰੇਖਾ" ਵਿੱਚ ਲਿਖਿਆ ਹੈ : ਭਟਗੀਰਾ ਦੀ ਹੱਥੋ-ਹੱਥ ਲੜਾਈ ਵਿੱਚ, ਬਟਾਲੀਅਨ ਨੂੰ ਆਪਣੇ ਇਕੋ ਇਕ ਵੀ.ਸੀ. ਦੀ ਜਾਨ ਗੁਆਉਣੀ ਪਈ।

ਜੇ ਮੈਂ ਬਟਾਲੀਅਨ ਨਾਲ ਹੁੰਦਾ ਤਾਂ ਵੀ.ਸੀ. ਨੂੰ ਜਾਂ ਤਾਂ ਰੈਜਮੈਂਟ ਸੈਂਟਰ ਤੇ ਜਾਂ ਵੱਧ ਤੋਂ ਵੱਧ ਅਜਿਹੀ ਖ਼ਤਰੇ ਭਰੀ ਮੁਹਿੰਮ ਤੇ ਲਿਜਾਣ ਦੀ ਥਾਂ 'ਤੇ ਉੜੀ ਛੱਡ ਕੇ ਜਾਂਦਾ।

ਨਿਰਸੰਦੇਹ ਇਹ ਅਨੂਠੀ ਭਾਵਨਾ ਪ੍ਰਸਿੱਧ ਨਾਇਕ ਦੇ ਨਾ ਪੂਰੇ ਜਾਣ ਵਾਲੇ ਘਾਟੇ ਤੇ ਆਪਣੀ ਪੀੜ ਦਾ ਪਰਗਟਾਵਾ ਹੈ ਤੇ ਇਕ ਤਰ੍ਹਾਂ ਇਹ ਉਸ ਸ਼ਹੀਦ ਨੂੰ ਸ਼ਰਧਾਂਜਲੀ ਹੈ ਜਿਸ ਨੇ ਮੁਲਕ ਦੀ ਖ਼ਾਤਰ ਆਪਣੀ ਜਾਨ ਵਾਰ ਦਿੱਤੀ।

ਨੰਦ ਸਿੰਘ ਦਾ ਵਿਆਹ 1945 ਵਿੱਚ ਹੀ ਹੋਇਆ ਤੇ ਉਸ ਦੇ ਮਗਰ ਉਸ ਦੀ ਇਕ ਬੱਚੀ ਤੇ ਪਤਨੀ ਹੀ ਰਹਿ ਗਏ ਸਨ। ਉਸ ਦੀ ਪਤਨੀ 2002 'ਚ ਚਲਾਣਾ ਕਰ ਗਈ ਸੀ ਤੇ ਉਸ ਦੇ ਪੁੱਤਰ ਦੀ ਉਮਰ 1947 ਵਿੱਚ ਸਾਲ ਕੁ ਦੇ ਲਗਪਗ ਸੀ। ਉਸ ਦਾ ਵਿਆਹ ਮਗਰੋਂ ਸ੍ਰ: ਸ਼ਮਸ਼ੇਰ ਸਿੰਘ ਨਾਲ ਹੋਇਆ ਜੋ ਰੋਪੜ ਥਰਮਲ ਪਲਾਂਟ ਤੋਂ ਸੁਪਰਡੈਂਟ ਇੰਜਨੀਅਰ ਵਜੋਂ ਪੰਜਾਬ ਬਿਜਲੀ ਬੋਰਡ ਤੋਂ ਰਿਟਾਇਰ ਹੋਏ ਹਨ ਤੇ ਹੁਣ ਮੁਹਾਲੀ ਵਿੱਚ ਰਹਿੰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਨੰਦ ਸਿੰਘ ਦੇ ਭਤੀਜੇ ਹਰੀ ਸਿੰਘ ਦੇ ਬਿਆਨ ਅਨੁਸਾਰ।
2. ਸਿੱਖ-ਵੀਰਤਾ ਦੇ ਚਿੱਤਰ, ਪੰਨਾ 8
3. ਸਿੱਖ ਵੀਰਤਾ ਦੇ ਚਿਤਰ, ਪੰਨਾ 82
4. ਉਹੀ, ਪੰਨਾ 82

# ਪਰਮਵੀਰ ਚੱਕਰ ਵਿਜੈਤਾ—ਸੂਬੇਦਾਰ ਜੋਗਿੰਦਰ ਸਿੰਘ

ਸੂਬੇਦਾਰ ਜੋਗਿੰਦਰ ਸਿੰਘ ਦਾ ਜਨਮ 28 ਸਤੰਬਰ, 1921 ਨੂੰ ਪਿੰਡ ਮਾਹਲਾ ਕਲਾਂ, ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਹੋਇਆ। ਉਸ ਦੇ ਪਿਤਾ ਸ੍ਰ: ਸ਼ੇਰ ਸਿੰਘ ਤੇ ਮਾਤਾ ਕ੍ਰਿਸ਼ਨ ਕੌਰ ਨੇ ਉਸ ਨੂੰ ਬੜੇ ਪਿਆਰ-ਦੁਲਾਰ ਨਾਲ ਪਾਲਿਆ ਤੇ ਉਹ ਆਪਣੀ ਸੰਤਾਨ ਤੇ ਬੜਾ ਮਾਨ ਮਹਿਸੂਸ ਕਰਦੇ। ਉਸ ਨੂੰ ਪੜ੍ਹਾਈ ਲਈ ਸਕੂਲ ਭੇਜਿਆ ਗਿਆ। ਅੱਠਵੀਂ ਜਮਾਤ ਦੀ ਪ੍ਰੀਖਿਆ ਉਸ ਨੇ ਡੀ.ਬੀ. ਮਿਡਲ ਸਕੂਲ ਡਰੋਲੀ ਭਾਟੀ (ਜ਼ਿਲ੍ਹਾ ਫ਼ਿਰੋਜ਼ਪੁਰ) ਵਿੱਚ ਦਿੱਤੀ[1] ਤੇ ਅੱਠਵੀਂ ਜਮਾਤ ਪਾਸ ਕਰ ਲਈ।

15 ਸਾਲ ਦੀ ਉਮਰ ਵਿੱਚ 28 ਸਤੰਬਰ 1936 ਨੂੰ ਉਹ ਫ਼ੌਜ ਵਿੱਚ ਭਰਤੀ ਹੋ ਗਿਆ। ਫ਼ੌਜ ਵਿੱਚ ਵੱਖ-ਵੱਖ ਰੁਤਬਿਆਂ ਤੇ ਕੰਮ ਕਰਦਾ-ਕਰਦਾ ਉਹ ਸੂਬੇਦਾਰ ਦੀ ਪਦਵੀ ਤੱਕ ਪਹੁੰਚ ਗਿਆ। 1962 ਈ: ਵਿੱਚ ਉਹ ਸੂਬੇਦਾਰ ਸੀ ਜਦੋਂ ਚੀਨ ਨਾਲ ਭਾਰਤ ਦੀ ਲੜਾਈ ਛਿੜ ਗਈ। ਉਸ ਨੇ ਚੀਨੀ ਫ਼ੌਜ ਦੇ ਹੱਲੇ ਦਾ ਟਾਕਰਾ ਪੂਰੀ ਦ੍ਰਿੜ੍ਹਤਾ, ਬੀਰਤਾ ਤੇ ਕਰਤੱਵ ਪ੍ਰਤੀ ਨਿਸ਼ਠਾ ਦੀ ਪਾਲਣਾ ਕਰਦਿਆਂ ਹੋਇਆਂ ਕੀਤਾ। ਇਕ ਵਾਰ ਫਿਰ ਵੀਰਤਾ ਦੀ ਉਹ ਗਾਥਾ ਦੁਹਰਾਈ ਗਈ ਜਿਸ ਦੀ ਤੁਲਨਾ 65 ਸਾਲ ਪਹਿਲਾਂ ਉੱਤਰ ਪੱਛਮੀ ਸੀਮਾ ਤੇ ਸਾਰਾਗੜ੍ਹੀ ਦੀ ਚੌਕੀ ਦੀ ਰੱਖਿਆ ਕਰਦਿਆਂ ਹੋਇਆਂ 21 ਸੈਨਿਕਾਂ ਨੇ ਸ਼ਾਨਦਾਰ ਵੀਰਤਾ ਦਾ ਪ੍ਰਦਰਸ਼ਨ ਕਰਕੇ ਮਿਸਾਲ ਕਾਇਮ ਕੀਤੀ ਸੀ।

ਹਿੰਦ-ਚੀਨ ਯੁੱਧ ਸਮੇਂ 1962 ਈ: ਵਿੱਚ ਸੂਬੇਦਾਰ ਜੋਗਿੰਦਰ ਸਿੰਘ 1 ਸਿੱਖ ਬਟਾਲੀਅਨ ਦੀ ਇਕ ਪਲਟਨ ਦੀ ਕਮਾਂਡ ਤਵਾਂਗ ਖੇਤਰ ਵਿੱਚ ਕਰ ਰਿਹਾ ਸੀ। ਇਹ ਪਲਟਨ ਬਰਫ਼ੀਲੀ ਚੋਟੀ 'ਤੇ ਰੱਖਿਆਤਮਕ ਪੁਜ਼ੀਸ਼ਨ 'ਤੇ ਤਾਇਨਾਤ ਸੀ। ਇਸ ਚੌਕੀ ਤੇ ਚੀਨੀ ਫ਼ੌਜੀਆਂ ਨੇ ਤਿੰਨ ਵਾਰ ਹਮਲਾ ਕੀਤਾ। ਇਹ ਮੁਕਾਬਲਾ ਅਸਾਂਵਾ ਸੀ ਤੇ ਹਮਲਾ ਕਰ ਰਹੇ ਚੀਨੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ।

ਨੇਫ਼ਾ ਖੇਤਰ ਵਿੱਚ ਕਾਰਵਾਈ ਸਮੇਂ ਸੂਬੇਦਾਰ ਜੁਗਿੰਦਰ ਸਿੰਘ ਨੇ ਇਤਿਹਾਸਕ ਕਾਰਨਾਮਾ ਕੀਤਾ। ਇਸ ਕਾਰਨਾਮੇ ਉੱਪਰ ਸਿੱਖ ਕੌਮ ਜਾਂ ਪੰਜਾਬ ਹੀ ਨਹੀਂ ਸਾਰਾ ਰਾਸ਼ਟਰ ਹੀ ਮਾਣ ਕਰ ਸਕਦਾ ਹੈ। ਸੂਬੇਦਾਰ ਜੁਗਿੰਦਰ ਸਿੰਘ ਨੇਫ਼ਾ ਵਿੱਚ ਤੋਂਗਪੇਨਲਾ ਦੇ ਨੇੜੇ ਇਕ ਪਹਾੜੀ ਉੱਤੇ ਇਕ ਸੁਰੱਖਿਆ ਚੌਕੀ ਉੱਪਰ ਸਿੱਖ ਰੈਜਮੈਂਟ ਦੀ ਇਕ ਪਲਾਟੂਨ ਦੀ ਕਮਾਨ ਕਰ ਰਿਹਾ ਸੀ। 23 ਅਕਤੂਬਰ, 1962 ਈ: ਨੂੰ ਸਵੇਰੇ 5.30 ਵਜੇ ਚੀਨੀਆਂ ਨੇ ਤੋਵਾਂਗ ਤੇ ਕਬਜ਼ੇ ਨੂੰ ਤੋੜਨ ਲਈ ਬੂਮਲਾ ਨਦੀ ਤੇ ਭਾਰੀ ਹੱਲਾ ਬੋਲਿਆ। ਦੁਸ਼ਮਣ ਦੀ ਬਟਾਲੀਅਨ ਨੇ 200-200 ਬੰਦਿਆਂ ਦੀਆਂ ਤਿੰਨ ਧਾੜਾਂ ਵਿੱਚ ਪਹਾੜੀ ਤੇ ਧਾਵਾ ਬੋਲਿਆ। ਸੂਬੇਦਾਰ ਜੁਗਿੰਦਰ ਸਿੰਘ ਨੇ ਤੇ ਉਸ ਦੇ ਸਾਥੀਆਂ ਨੇ ਪਹਿਲੀ ਧਾੜ ਦੇ ਚੰਗੇ

ਬੁਥਾੜ ਭੰਨੇ ਤੇ ਦੁਸ਼ਮਣ ਨੂੰ ਭਾਰੀ ਨੁਕਸਾਨ ਪਹੁੰਚਾਇਆ, ਜਿਸ ਕਾਰਨ ਦੁਸ਼ਮਣ ਕੁਝ ਸਮੇਂ ਲਈ ਰੁਕ ਗਿਆ। ਪਰ ਚੀਨੀਆਂ ਦੀ ਗਿਣਤੀ ਜ਼ਿਆਦਾ ਸੀ ਤੇ ਮੁਕਾਬਲਾ ਅਸਾਂਵਾ।

ਕੁਝ ਮਿੰਟਾਂਮਗਰੋਂ ਦੂਜੀ ਧਾੜ ਆਈ ਤਾਂ ਉਸ ਦਾ ਵੀ ਉਵੇਂ ਹੀ "ਸੁਆਗਤ" ਕੀਤਾ ਗਿਆ। ਪਰ ਇਸ ਸਮੇਂ ਤੱਕ ਸੂਬੇਦਾਰ ਦੀ ਪਲਟਨ ਦੇ ਅੱਧੇ ਜੁਆਨ ਸ਼ਹੀਦ ਹੋ ਚੁੱਕੇ ਸਨ।

ਸੂਬੇਦਾਰ ਜੁਗਿੰਦਰ ਸਿੰਘ ਦੇ ਪੱਟ 'ਤੇ ਗੋਲੀ ਲੱਗਣ ਕਾਰਨ ਜ਼ਖ਼ਮ ਹੋ ਗਿਆ ਸੀ ਪਰ ਲਹੂ-ਲੁਹਾਨ ਹੋਣ ਦੇ ਬਾਵਜੂਦ ਉਸ ਨੇ ਪਿੱਛੇ ਹਟਾਏ ਜਾਣ ਤੋਂ ਇਨਕਾਰ ਕਰ ਦਿੱਤਾ। ਉਸ ਦੀ ਪ੍ਰੇਰਨਾਕਾਰੀ ਅਗਵਾਈ ਵਿੱਚ ਪਲਟਨ ਦ੍ਰਿੜ੍ਹਤਾ ਨਾਲ ਡਟੀ ਰਹੀ ਤੇ ਪਿੱਛੇ ਨਾ ਹਟੀ। ਇਸ ਸਮੇਂ ਚੌਕੀ ਤੇ ਤੀਜਾ ਹਮਲਾ ਹੋਇਆ। ਸੂਬੇਦਾਰ ਜੁਗਿੰਦਰ ਸਿੰਘ ਨੇ ਆਪ ਇਕ ਹਲਕੀ ਮਸ਼ੀਨਗੰਨ ਚਲਾਈ ਤੇ ਦੁਸ਼ਮਣ ਦੇ ਕਈ ਆਦਮੀ ਮਾਰ ਮੁਕਾਏ। ਚੀਨੀ ਭਾਰੀ ਨੁਕਸਾਨ ਉਠਾ ਕੇ ਵੀ ਅੱਗੇ ਵੱਧ ਆਏ। ਸਥਿਤੀ ਕਾਬੂ ਤੋਂ ਬਾਹਰ ਹੁੰਦੀ ਵੇਖ ਕੇ ਸੂਬੇਦਾਰ ਜੁਗਿੰਦਰ ਸਿੰਘ ਤੇ ਉਸ ਦੇ ਥੋੜ੍ਹੇ ਜਿਹੇ ਸਾਥੀ ਮੋਰਚੇ 'ਚੋਂ ਬਾਹਰ ਨਿਕਲ ਆਏ। ਉਹਨਾਂ ਸੰਗੀਨਾਂ ਚੜ੍ਹਾਈਆਂ ਤੇ ਦੁਸ਼ਮਣਾਂ 'ਤੇ ਧਾਵਾ ਕਰ ਦਿੱਤਾ ਤੇ ਆਪ ਕਈਆਂ ਨੂੰ ਪਾਰ ਬੁਲਾ ਕੇ ਸ਼ਹੀਦ ਹੋ ਗਏ।[2] ਇਹ ਲੜਾਈ ਜੌੜਾ ਚੋਟੀਆਂ (ਟਵਿਨ ਪੀਕਸ) ਦੀ ਲੜਾਈ ਕਰਕੇ ਵੀ ਜਾਣਿਆ ਜਾਂਦਾ ਹੈ।

ਇਸ ਲੜਾਈ ਵਿੱਚ ਸੂਬੇਦਾਰ ਜੁਗਿੰਦਰ ਸਿੰਘ ਨੇ ਕਰਤਵ ਪ੍ਰਤੀ ਲਗਨ, ਜੁਸ਼ੀਲੀ ਅਗਵਾਈ ਅਤੇ ਸਰਵਉੱਚ ਪੱਧਰ ਦੀ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਇਸ ਵੀਰਤਾ ਬਦਲੇ ਸੂਬੇਦਾਰ ਨੂੰ ਮਰਨ ਉਪਰੰਤ ਜਨਵਰੀ 26 1964 ਈ: ਨੂੰ "ਪਰਮਵੀਰ ਚੱਕਰ" ਦਿੱਤਾ ਗਿਆ।[3]

ਲੈਫਟੀਨੈਂਟ ਜਨਰਲ ਬੀ.ਐਸ. ਰੰਧਾਵਾ (ਰਿਟਾਇਰਡ) ਨੇ ਸੂਬੇਦਾਰ ਜੋਗਿੰਦਰ ਸਿੰਘ ਦੇ ਬਹਾਦਰੀ ਦੇ ਕਾਰਨਾਮੇ ਨੂੰ ਯਾਦਗਾਰੀ ਸ਼ਬਦਾਂ ਵਿੱਚ ਚੇਤੇ ਕਰਦਿਆਂ ਕਿਹਾ : "ਉਹ ਐਸਾ ਸੈਨਿਕ ਸੀ ਜੋ ਆਪਣੀ ਚੌਕੀ ਤੋਂ ਪਿੱਛੇ ਹਟ ਸਕਦਾ ਸੀ, ਪਰ ਉਸ ਨੇ ਅਜਿਹਾ ਨਹੀਂ ਕੀਤਾ। ਉਸ ਦੀ ਪਲਟਨ ਦੇ ਸਾਰੇ ਜੁਆਨ ਸ਼ਹੀਦ ਹੋ ਗਏ, ਇਕ ਵੀ ਜੰਗੀ ਕੈਦੀ ਨਾ ਬਣਿਆ। ਉਸ ਦੀ ਪਲਟਨ ਨੇ ਲਹਿਰਾਂ ਵਾਂਗ ਆਉਂਦੇ ਚੀਨੀ ਦਲਾਂ ਨਾਲ ਟੱਕਰ ਲਈ ਜੋ ਉਹਨਾਂ ਦੀ ਚੌਕੀ ਤੇ ਕਬਜ਼ਾ ਕਰਨ ਲਈ ਹਮਲੇ ਕਰ ਰਹੇ ਸਨ। ਉਸ ਨੇ ਆਪ ਵੀ ਆਪਣੀ ਲਾਈਟ ਮਸ਼ੀਨ ਗੰਨ ਨਾਲ ਅਨੇਕਾਂ ਚੀਨੀਆਂ ਨੂੰ ਮਾਰਿਆ। ਜਦੋਂ ਸਾਰਾ ਬਾਰੂਦ ਸਿੱਕਾ ਮੁੱਕ ਗਿਆ ਤਾਂ ਸੂਬੇਦਾਰ ਜੋਗਿੰਦਰ ਸਿੰਘ ਤੇ ਉਸ ਦੇ ਜੁਆਨ ਆਪਣੀ ਚੌਕੀ ਤੋਂ ਬਾਹਰ ਆਏ ਤੇ ਸੰਗੀਨਾਂ ਸਿੰਨ੍ਹਕੇ ਬਹੁਤ ਸਾਰੇ ਚੀਨੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸੂਬੇਦਾਰ ਜੋਗਿੰਦਰ ਸਿੰਘ ਆਪ ਵੀ ਇਸ ਵੀਰਤਾ ਭਰਪੂਰ ਲੜਾਈ ਵਿੱਚ ਸ਼ਹੀਦ ਹੋ ਗਿਆ ਜਿਸ ਦੇ ਫਲਸਰੂਪ ਮਿਸਾਲੀ ਬਹਾਦਰੀ ਤੇ ਕਰਤੱਵ ਪ੍ਰਤੀ ਨਿਸ਼ਚਾ ਦਿਖਾਉਣ ਕਾਰਨ ਉਸ ਨੂੰ 'ਪਰਮਵੀਰ ਚੱਕਰ' ਦਿੱਤਾ ਗਿਆ।[4]

ਉਹ ਆਪਣੇ ਪਿੱਛੇ ਆਪਣੀ ਵਿਧਵਾ ਗੁਰਦਿਆਲ ਕੌਰ, ਪੁੱਤਰੀ ਕੁਲਵੰਤ ਕੌਰ ਤੇ

ਇਕ ਪੁੱਤਰ ਅਮਰਜੀਤ ਛੱਡ ਗਿਆ। ਸਰਕਾਰ ਵੱਲੋਂ ਉਸ ਦੀ ਵਿਧਵਾ ਨੂੰ ਪਿੰਡ ਫਿੱਡੇ ਖੁਰਦ ਵਿੱਚ 15 ਏਕੜ ਜ਼ਮੀਨ ਵੀ ਦਿੱਤੀ ਗਈ।

## ਹਵਾਲੇ ਅਤੇ ਟਿੱਪਣੀਆਂ

1. ਹੁਣ ਇਹ ਪਿੰਡ ਮੋਗਾ ਜ਼ਿਲ੍ਹਾ ਵਿੱਚ ਆ ਗਿਆ ਹੈ ਤੇ ਡੀ.ਬੀ. ਮਿਡਲ ਸਕੂਲ ਜੋ 1957 ਵਿੱਚ ਸਰਕਾਰੀ ਸਕੂਲ ਬਣ ਗਿਆ ਸੀ ਹੁਣ ਸੀਨੀਅਰ ਸੈਕੰਡਰੀ ਸਕੂਲ ਬਣਾ ਦਿੱਤਾ ਗਿਆ ਹੈ।
2. ਜੀ.ਐਸ. ਦਿਉਲ, ਵੀਰ ਪਰੰਪਰਾ, ਸੁਤੰਤਰਤਾ ਉਪਰੰਤ, ਪੰਨਾ 29
3. ਉਹੀ, ਪੰਨਾ 178
4. ਲੈਫ਼ਟੀਨੈਂਟ ਜਨਰਲ ਬੀ.ਐਸ. ਰੰਧਾਵਾ ਨੇ ਵੀ ਸੂਬੇਦਾਰ ਜੋਗਿੰਦਰ ਸਿੰਘ ਵਾਲੀ 1 ਸਿੱਖ ਬਟਾਲੀਅਨ ਵਿੱਚ ਸੇਵਾ ਨਿਭਾਈ ਸੀ। (ਹਿੰਦੁਸਤਾਨ ਟਾਈਮਜ਼, ਅਕਤੂਬਰ 23, 2004; ਪੰਨਾ 7, ਚੰਡੀਗੜ੍ਹ।
5. ਅਮਰਜੀਤ ਸਿੰਘ ਵੀ 1989 ਵਿੱਚ ਆਪਣੇ ਪਿੱਛੇ ਵਿਧਵਾ ਹਰਬੰਸ ਕੌਰ, ਦੋ ਪੁੱਤਰ ਕੁਲਬੀਰ ਸਿੰਘ ਤੇ ਲਖਬੀਰ ਸਿੰਘ ਤੇ ਇਕ ਪੁੱਤਰੀ ਅਮਨਦੀਪ ਕੌਰ ਛੱਡ ਕੇ ਮਰ ਗਿਆ।

# ਸ਼ਹੀਦ ਕੇਵਲ ਸਿੰਘ

ਕੇਵਲ ਸਿੰਘ ਜ਼ਿਲ੍ਹਾ ਜਲੰਧਰ ਦੇ ਪਿੰਡ ਕੋਟਲੀ ਥਾਨ ਸਿੰਘ ਨਾਲ ਸੰਬੰਧ ਰੱਖਦਾ ਸੀ।[1] ਉਹ ਭਾਰਤੀ ਫ਼ੌਜ ਦੀ ਸਿੱਖ ਰੈਜਮੈਂਟ ਵਿੱਚ ਭਰਤੀ ਹੋਇਆ ਤੇ 27 ਅਕਤੂਬਰ 1962 ਈ: ਨੂੰ ਉਸ ਨੇ ਆਪਣਾ ਜੀਵਨ ਮਾਤ੍ਰਭੂਮੀ ਦੀ ਰੱਖਿਆ ਕਰਦਿਆਂ ਕੁਰਬਾਨ ਕਰ ਦਿੱਤਾ। ਉਸ ਨੂੰ ਅਸੀਮ ਵੀਰਤਾ ਤੇ ਸਾਹਸ ਦਿਖਾਉਣ ਬਦਲੇ ਮਰਨ ਉਪਰੰਤ ਮਹਾਂਵੀਰ ਚੱਕਰ ਪ੍ਰਦਾਨ ਕੀਤਾ ਗਿਆ।

ਉਹ ਮਰਨ ਦੀ ਘੜੀ ਤੋਂ ਕੇਵਲ 18 ਮਹੀਨੇ ਫ਼ੌਜ ਵਿੱਚ ਭਰਤੀ ਹੋਇਆ। ਚੀਨੀਆਂ ਨਾਲ ਸਭ ਤੋਂ ਮਹੱਤਵਪੂਰਨ ਜੰਗ ਨੇਫ਼ਾ ਖੇਤਰ ਵਿੱਚ ਵਾਲੋਂਗ ਦੇ ਅਸਥਾਨ 'ਤੇ ਲੜੀ ਗਈ ਸੀ। ਏਥੇ ਚੀਨੀਆਂ ਨੂੰ ਬਹੁਤ ਜਾਨੀ ਨੁਕਸਾਨ ਉਠਾਉਣਾ ਪਿਆ ਤੇ ਉਹਨਾਂ ਵਿੱਚ ਭਗਦੜ ਮੱਚ ਗਈ। 24 ਅਕਤੂਬਰ ਨੂੰ ਉਹਨਾਂ ਦੀ ਲਾਂਸ ਨਾਇਕ ਗੁਰਦਿਆਲ ਸਿੰਘ, ਜਮਾਦਾਰ ਪ੍ਰੀਤਮ ਸਿੰਘ ਤੇ ਸਿਪਾਹੀ ਪਿਆਰਾ ਸਿੰਘ ਨੇ ਚੰਗੀ ਖੁੰਭ ਠੱਪੀ। ਸਿੱਖਾਂ ਨੂੰ 200 ਚੀਨੀ ਮਾਰ ਕੇ ਵਾਲੰਗ ਦਾ ਖੇਲ ਆਰੰਭ ਕੀਤਾ।

ਫਿਰ ਚੀਨੀਆਂ ਨੇ ਇਕ ਹੋਰ ਜ਼ੋਰਦਾਰ ਤੇ ਪੱਕੇ ਦਾਈਏ ਨਾਲ ਸਿੱਖ ਪੁਜ਼ੀਸ਼ਨਾਂ 'ਤੇ ਹਮਲਾ ਆਰੰਭ ਕਰ ਦਿੱਤਾ।

ਸਿਪਾਹੀ ਕੇਵਲ ਸਿੰਘ ਤੇ ਉਸਦੇ ਸਾਥੀ ਵੋਲਾਂਗ ਨਾਂ ਦੇ ਥਾਂ 'ਤੇ ਇਕ ਅਗਲੀ ਚੌਕੀ ਵਿੱਚ, ਖਾਈ ਖੋਦ ਕੇ, ਮੋਰਚਾ ਸੰਭਾਲੀ ਬੈਠੇ ਸਨ। ਉਨ੍ਹਾਂ ਦੇ ਸਾਮ੍ਹਣੇ ਲੋਹਿਤ ਦਰਿਆ ਵਗ ਰਿਹਾ ਸੀ ਤੇ ਉਹ ਸਾਰੀ ਵਾਦੀ ਦੀ ਢਲਾਣ ਨੂੰ ਵੇਖ ਸਕਦੇ ਸਨ। ਚੀਨੀ ਕੀੜੀਆਂ ਵਾਂਗ ਸਰਕਦੇ ਹੋਏ ਅੱਗੇ ਆਏ ਅਤੇ ਸਾਡੀਆਂ ਫ਼ੌਜਾਂ ਨਾਲ ਭਿਆਨਕ ਯੁੱਧ ਸ਼ੁਰੂ ਹੋ ਗਿਆ। ਸਾਡੇ ਜਵਾਨਾਂ ਦੀ ਦ੍ਰਿੜ੍ਹਤਾ ਤੇ ਨਿਸ਼ਾਨੇਬਾਜ਼ੀ ਅੱਗੇ ਚੀਨੀ ਘਬਰਾ ਗਏ, ਉਹ ਪਿੱਛੇ ਹਟ ਗਏ ਤੇ ਦੁਬਾਰਾ ਆਪਣੀ ਸਥਿਤੀ ਮਜ਼ਬੂਤ ਕਰਕੇ ਜ਼ੋਰਦਾਰ ਹਮਲਾ ਕਰਨ ਲਈ ਵਾਪਸ ਮੁੜੇ।

26/27 ਅਕਤੂਬਰ ਦੀ ਰਾਤ ਸੀ। ਸਿੱਖ ਫ਼ੌਜ ਦੀ ਇਕ ਕੰਪਨੀ ਨੇਫ਼ਾ ਵਿੱਚ ਵਾਲੋਂਗ ਰੱਖਿਆ ਸੈਨਾ ਦੀਆਂ ਮੋਹਰਲੀਆਂ ਰੱਖਿਆ ਥਾਵਾਂ ਦੀ ਨਿਗਰਾਨੀ ਕਰ ਰਹੀ ਸੀ। ਇਹਨਾਂ ਪੁਜ਼ੀਸ਼ਨਾਂ 'ਤੇ ਵੈਰੀ ਦਾ ਖ਼ਤਰਾ ਪੈਦਾ ਹੋ ਗਿਆ ਤੇ ਉਹ ਸਾਡੇ ਟਿਕਾਣਿਆਂ ਦੇ ਬਹੁਤ ਨੇੜੇ ਪਹੁੰਚ ਗਏ ਸਨ। ਸਿਪਾਹੀ ਕੇਵਲ ਸਿੰਘ ਨੇ ਆਪਣੇ ਆਪ ਸੰਗੀਨ ਫੜ ਲਈ ਤੇ ਆਪਣੀ ਟੁਕੜੀ ਵਿੱਚੋਂ ਅੱਗੇ ਨਿਕਲ ਕੇ ਹੱਥ-ਪੜੱਥੀ ਲੜਾਈ ਵਿੱਚ ਕਈ ਦੁਸ਼ਮਣਾਂ ਨੂੰ ਮਾਰ ਭਜਾਇਆ। ਇਸ ਮੁੱਠਭੇੜ ਵਿੱਚ ਆਪ ਬੁਰੀ ਤਰ੍ਹਾਂ ਘਾਇਲ ਹੋ ਗਏ। ਆਪਣੇ ਜ਼ਖ਼ਮਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਉਸ ਨੇ ਇਕ ਹੋਰ ਵੈਰੀ ਨੂੰ ਧਰਤੀ ਤੇ ਲਿਟਾ

ਦਿੱਤਾ ਤੇ ਆਪ ਵੀ ਸਖ਼ਤ ਜ਼ਖ਼ਮਾਂ ਕਾਰਨ ਨਿਢਾਲ ਹੋ ਕੇ ਡਿੱਗ ਪਿਆ। ਇਸ ਵੀਰਤਾ ਤੇ ਕੁਰਬਾਨੀ ਨਾਲ ਸਿਪਾਹੀ ਕੇਵਲ ਸਿੰਘ ਨੇ ਦੁਸ਼ਮਣ ਨੂੰ ਹਾਰ ਦੇਣ ਲਈ ਆਪਣੇ ਸਾਥੀਆਂ ਦੀ ਬਹੁਤ ਸਹਾਇਤਾ ਕੀਤੀ।

ਉਸ ਨੇ ਬੜੀ ਦ੍ਰਿੜ੍ਹਤਾ ਨਾਲ ਚੀਨੀਆਂ ਦਾ ਟਾਕਰਾ ਕੀਤਾ ਤੇ 8 ਚੀਨੀਆਂ ਨੂੰ ਮਾਰ ਕੇ 27 ਅਕਤੂਬਰ 1962 ਨੂੰ ਬਹਾਦਰਾਂ ਵਾਲੀ ਮੌਤ ਮਰ ਗਿਆ।

ਮਨੁੱਖੀ ਵਰਤਾਰੇ ਦੀਆਂ ਦਿਸ਼ਾਵਾਂ ਨੂੰ ਸਮਝਣਾ ਕਠਿਨ ਹੈ। ਬਹਾਦਰਾਂ ਦੇ ਦਿਲ ਵੱਡੇ ਹੁੰਦੇ ਹਨ ਅਤੇ ਔਕੜਾਂ ਉਹਨਾਂ ਵਿਚਲੇ ਚੰਗੇ ਤੇ ਵਡੇਰੇ ਪੱਖਾਂ ਨੂੰ ਬਾਹਰ ਉਜਾਗਰ ਕਰ ਦਿੰਦੀਆਂ ਹਨ। ਸਿਪਾਹੀ ਕੇਵਲ ਸਿੰਘ ਉੱਚੀ ਉੱਚੀ ਸੁਗੰਧ ਚੁੱਕਦਾ ਸੁਣਿਆ ਗਿਆ। ਫੇਰ ਆਪਣੀ ਮਾਤ੍ਰ-ਭੂਮੀ ਨੂੰ ਪਿਆਰ ਵਿੱਚ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਨਾਲ ਪ੍ਰਣਾਮ ਕੀਤਾ ਤੇ ਗੁਸੈਲੇ ਸ਼ੇਰ ਵਾਂਗ ਭਬਕ ਮਾਰ ਕੇ ਆਪਣੀ ਖਾਈ 'ਚੋਂ ਬਾਹਰ ਨਿਕਲ ਆਇਆ। ਉਹ ਹੁਣ ਲੜਾਈ ਦੇ ਮੈਦਾਨ ਵਿੱਚ ਆ ਗਿਆ। ਉਹ ਹਮਲਾਵਰਾਂ ਦੀ ਇਕ ਟੋਲੀ 'ਤੇ ਟੁੱਟ ਪਿਆ। ਉਨ੍ਹਾਂ ਵਿੱਚ ਉਸ ਨੇ ਭਗਦੜ ਮਚਾ ਦਿੱਤੀ ਤੇ ਆਪ ਡਿਗਣ ਤੋਂ ਪਹਿਲਾਂ ਅੱਠਾਂ ਨੂੰ ਪਾਰ ਬੁਲਾਇਆ। ਇਹੋ ਹੀ ਉਸ ਦੀ ਸ਼ਹਾਦਤ ਦੀ ਕਹਾਣੀ ਹੈ। ਉਸ ਨੇ ਮਾਤ-ਭੂਮੀ ਦੀ ਰੱਖਿਆ ਲਈ ਆਪਣਾ ਲਹੂ ਵਹਾ ਦਿੱਤਾ।[2]

ਸਿਪਾਹੀ ਕੇਵਲ ਸਿੰਘ ਦੇ ਸਾਥੀਆਂ ਨੇ ਉਸ ਨੂੰ ਵੱਡੀ ਕੁਰਬਾਨੀ ਦਿੰਦੇ ਵੇਖਿਆ ਹੈ। ਉਹ ਇਹ ਵੀ ਜਾਣਦਾ ਸੀ ਕਿ ਉਸ ਦੀ ਮੌਤ ਨਿਸ਼ਚਿਤ ਹੈ। ਉਹਨਾਂ ਨੂੰ ਉਸ ਤੇ ਮਾਨ ਹੈ ਕਿਉਂਕਿ ਉਸ ਨੇ ਆਪਣੀ ਸ਼ਹਾਦਤ ਨਾਲ ਆਪਣੀ ਰੈਜਮੈਂਟ, ਸੈਨਾ ਤੇ ਦੇਸ਼ ਸਭ ਦਾ ਸਿਰ ਮਾਨ ਨਾਲ ਉੱਚਾ ਕੀਤਾ।[3]

ਸਵਰਗਵਾਸੀ ਲਾਲ ਬਹਾਦਰ ਸ਼ਾਸਤਰੀ ਨੇ, ਜੋ ਉਸ ਵੇਲੇ ਦੇ ਗ੍ਰਹਿ ਵਿਭਾਗ ਦੇ ਮੰਤਰੀ ਸਨ, ਭਾਰਤ ਦੇ ਇਸ ਮਹਾਨ ਸਪੂਤ ਨੂੰ ਬੜੀ ਭਾਵਭੀਨੀ ਸ਼ਰਧਾਂਜਲੀ ਅਰਪਣ ਕੀਤੀ। ਇਸ ਵੀਰ ਨੇ ਚੀਨੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਵੀਰਗਤੀ ਪ੍ਰਾਪਤ ਕਰ ਲਈ।

ਚੀਨੀਆਂ ਨੂੰ ਸਿੱਖਾਂ ਦੀ ਵੀਰਤਾ ਤੇ ਹਿੰਮਤ ਦਾ ਗਿਆਨ ਹੋ ਗਿਆ। ਅਤੇ ਉਹ ਗੱਲ ਮੰਨ ਗਏ ਕਿ ਉਹ ਮੁੱਖ ਰਸਤੇ ਨੂੰ ਬਿਲਕੁਲ ਤੋੜ ਨਹੀਂ ਸਕਦੇ। ਇਸ ਲੜਾਈ ਵਿੱਚ ਸਿੱਖਾਂ ਨੇ ਆਪਣੇ ਦ੍ਰਿੜ੍ਹ ਵਿਸ਼ਵਾਸ ਦਾ ਪੂਰਾ-ਪੂਰਾ ਸਬੂਤ ਦਿੱਤਾ ਤੇ ਇਹ ਵੀ ਦੱਸ ਦਿੱਤਾ ਕਿ ਹਿੰਦੀ ਫ਼ੌਜ ਦੀ ਕਿਲ੍ਹਾਬੰਦੀ ਅਜਿੱਤ ਹੈ। ਚੀਨੀਆਂ ਨੇ ਇਸ ਟਿਕਾਣੇ ਦਾ ਨਾਮ "ਬਾਘ ਦਾ ਮੂੰਹ" ਰੱਖ ਦਿੱਤਾ ਸੀ ਕਿਉਂਕਿ ਉਨ੍ਹਾਂ ਦੇ ਬਾਰ-ਬਾਰ ਕੀਤੇ ਹਰ ਹਮਲੇ ਨੂੰ ਉਹਨਾਂ ਨੇ ਬੇਅਸਰ ਕਰ ਦਿੱਤਾ ਸੀ। ਦੁਸ਼ਮਣ ਦਾ ਇਕ ਰੋਕਿਆ ਹੋਇਆ ਸੰਦੇਸ਼ਾ ਇਸ ਤਰ੍ਹਾਂ ਸੀ :

"ਵਾਲੋਂਗ ਦੇ ਨੇੜੇ ਦੁਸ਼ਮਣ ਦਾ ਬਹੁਤ ਪੱਕਾ ਰੱਖਿਆ ਟਿਕਾਣਾ ਹੈ। ਇੱਥੋਂ ਪਿੱਛੇ ਹਟਣ ਦੀ ਆਗਿਆ ਦਿੱਤੀ ਜਾਵੇ।"

ਚੀਨੀਆਂ ਦੀਆਂ ਸ੍ਵੈ-ਚਾਲਕ ਰਫ਼ਲਾਂ ਸਿੱਖਾਂ ਦੇ ਹੱਥ ਵਿੱਚ ਆਈਆਂ। ਉਹ ਰਫ਼ਲਾਂ ਸਿੱਖ ਰੈਜਮੈਂਟ ਦੇ ਕਮਾਂਡਰ ਨੂੰ ਪੇਸ਼ ਕੀਤੀਆਂ ਗਈਆਂ ਤੇ ਉਸ ਨੇ ਆਪਣੀ ਰਜਮੈਂਟ ਨੂੰ ਸ਼ਾਨਦਾਰ ਢੰਗ ਨਾਲ ਰੱਖਿਆ ਕਰਨ ਤੇ ਵਧਾਈ ਦਿੱਤੀ।

ਸਿਪਾਹੀ ਕੇਵਲ ਸਿੰਘ ਨੂੰ ਮਰਨ ਉਪਰੰਤ 1962 ਈ: ਦੀ ਭਾਰਤ ਚੀਨ ਜੰਗ ਵਿੱਚ ਅਸੀਮ ਵੀਰਤਾ ਤੇ ਸਾਹਸ ਕਾਰਨ ਮਹਾਂਵੀਰ ਚੱਕਰ ਦਿੱਤਾ ਗਿਆ। ਉਹ ਉਸ ਲੜਾਈ ਦੇ 8 ਵੀਰ ਚੱਕਰ ਵਿਜੇਤਾਵਾਂ ਵਿੱਚੋਂ ਇਕ ਸੀ। ਉਸ ਦੇ ਪਿੰਡ ਵਾਸੀਆਂ ਨੇ ਉਸ ਦੀ ਯਾਦ ਵਿੱਚ ਉਸ ਦੇ ਨਾਮ ਤੇ ਪੁਸਤਕਾਲਾ ਵੀ ਖੋਲ੍ਹਿਆ।

## ਹਵਾਲੇ ਅਤੇ ਟਿੱਪਣੀਆਂ

1. ਜੀ. ਐਸ. ਦਿਉਲ, ਵੀਰ ਪਰੰਪਰਾ, ਸੁਤੰਤਰਤਾ ਉਪਰੰਤ, ਪੰਨਾ 28
2. ਸਿੱਖ ਵੀਰਤਾ ਦੇ ਚਿੱਤਰ, ਪੰਨਾ 90 ਤੇ ਭਾਰਤ ਸਰਕਾਰ ਦੇ ਰੱਖਿਆ ਵਿੰਗ ਦੇ ਪੱਤਰ ਸੂਚਨਾ ਦਫ਼ਤਰ ਵੱਲੋਂ 30 ਨਵੰਬਰ 1962 ਈ: ਨੂੰ ਜਾਰੀ ਕੀਤਾ ਪ੍ਰੈਸ ਨੋਟ।
3. ਉਹੀ, ਪੰਨਾ 90
4. ਐਸ. ਜੇ. ਐਸ. ਪਾਲ, ਵੀਰ ਸਿੱਖਾਂ ਦੀ ਕਹਾਣੀ, ਪੰਨਾ 171-72

# ਫਲਾਇੰਗ ਅ.ਫਸਰ ਨਿਰਮਲਜੀਤ ਸਿੰਘ ਸੇਖੋਂ

ਭਾਰਤੀ ਸੈਨਾ ਦਾ ਵੀਰਤਾ ਲਈ ਸਭ ਤੋਂ ਸਰਵੋਤਮ ਤਮਗ਼ਾ ਪਰਮਵੀਰ ਚੱਕਰ ਹੈ। ਭਾਰਤੀ ਰੱਖਿਆ ਸੈਨਾਵਾਂ 1947 ਤੋਂ ਹੀ ਭਾਰਤੀ ਸੁਤੰਤਰਤਾ ਦੇ ਸਮੇਂ ਤੋਂ ਵੱਖ-ਵੱਖ ਮੁਹਿੰਮਾਂ 'ਚ ਭਾਗ ਲੈਂਦੀਆਂ ਰਹੀਆਂ ਹਨ। ਭਾਰਤ ਨੇ ਇਕ ਲੜਾਈ 1962 ਈ: ਵਿੱਚ ਚੀਨ ਵਿਰੁੱਧ ਲੜੀ ਤੇ 1948, 1965 ਤੇ 1971 ਤੇ 1999-2000 ਈ: ਵਿੱਚ ਪਾਕਿਸਤਾਨ ਦੇ ਵਿਰੁੱਧ ਚਾਰ ਲੜਾਈਆਂ ਲੜੀਆਂ।

ਨਿਰਮਲਜੀਤ ਸਿੰਘ ਸੇਖੋਂ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫ਼ਸਰ ਸੀ। ਉਸ ਨੂੰ ਮਰਨ ਉਪਰੰਤ 1971 ਦੀ ਭਾਰਤ-ਪਾਕ ਜੰਗ ਸਮੇਂ ਅਦੁੱਤੀ ਤੇ ਮਿਸ਼ਾਲੀ ਹੌਸਲਾ ਤੇ ਵੀਰਤਾਪੂਰਨ ਕੁਰਬਾਨੀ ਕਰਨ ਕਰਕੇ ਪਰਮਵੀਰ ਚੱਕਰ ਦਿੱਤਾ ਗਿਆ।

ਨਿਰਮਲਜੀਤ ਸਿੰਘ ਸੇਖੋਂ ਦਾ ਜਨਮ 17 ਜੁਲਾਈ 1945 ਈ: ਨੂੰ ਪਿੰਡ ਰੁੜਕਾ ਈਸੇਵਾਲ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਉਹਦਾ ਪਿਤਾ ਸ੍ਰ: ਤਰਲੋਕ ਸਿੰਘ ਹਵਾਈ ਸੈਨਾ 'ਚੋਂ ਇਕ ਰਿਟਾਇਰਡ ਵਾਰੰਟ ਅਫ਼ਸਰ ਸੀ।[1] ਇਕ ਆਮ ਸਿੱਖ ਬੱਚੇ ਵਾਂਗ ਉਸ ਦੀ ਪਾਲਣਾ ਪੋਸਣਾ ਵੀ ਉਹਦੇ ਮਾਪਿਆਂ ਨੇ ਉਸ ਵਿੱਚ ਵੀਰਤਾ ਤੇ ਕੁਰਬਾਨੀ ਦੇ ਗੁਣਾਂ ਦੀ ਸਿੱਖਿਆ ਦੇ ਕੇ ਕੀਤੀ। ਉਹ ਭਾਰਤੀ ਹਵਾਈ ਸੈਨਾ ਵਿੱਚ 1968 ਈ: ਨੂੰ ਭਰਤੀ ਹੋਇਆ।

ਆਪਣੇ ਕਰਤੱਵ ਦੀ ਨਿਸ਼ਠਾ ਦੇ ਨਾਲ-ਨਾਲ ਉਸ ਨੇ ਮੌਤ ਦੇ ਸਾਮ੍ਹਣੇ ਗੌਰਵਮਈ ਵੀਰਤਾ, ਸਰਵਸ੍ਰੇਸ਼ਠ ਦਲੇਰੀ, ਹਵਾਈ ਉਡਾਣ ਦੀ ਕੌਸ਼ਲਤਾ ਤੇ ਦ੍ਰਿੜ੍ਹਤਾ ਵਿਖਾ ਕੇ ਹਵਾਈ ਸੈਨਾ ਵਿੱਚ ਨਵੀਂ ਸਿਖਰ ਛੋਹ ਕੇ ਨਵੀਂ ਰਿਵਾਇਤ ਕਾਇਮ ਕਰ ਦਿੱਤੀ।

1971 ਈ: ਦੀ ਹਿੰਦ-ਪਾਕ ਜੰਗ ਸਮੇਂ ਉਹ ਕੈਟ ਜਹਾਜ਼ਾਂ ਦੇ ਦਸਤੇ ਵਿੱਚ ਕਸ਼ਮੀਰ ਘਾਟੀ ਵਿੱਚ ਫਲਾਇੰਗ ਅਫ਼ਸਰ ਨਿਯੁਕਤ ਸੀ। ਪਾਕਿਸਤਾਨੀ ਹਵਾਈ ਸੈਨਾ ਨੇ ਸ੍ਰੀਨਗਰ ਹਵਾਈ ਅੱਡੇ 'ਤੇ ਦਸੰਬਰ 14, 1971 ਨੂੰ ਹਮਲਾ ਕਰ ਦਿੱਤਾ। ਉਸ ਸਮੇਂ ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਹਵਾਈ ਅੱਡੇ 'ਤੇ ਡਿਊਟੀ 'ਤੇ ਸੀ। ਉਹ ਉਸ ਸਮੇਂ 18 ਨੰ: ਸੁਕਾਡਰਨ ਦੇ ਬੇੜੇ ਨਾਲ ਸ੍ਰੀਨਗਰ ਹਵਾਈ ਅੱਡੇ ਦੀ ਹਵਾਈ ਹਮਲੇ ਤੋਂ ਰੱਖਿਆ ਕਰ ਰਿਹਾ ਸੀ, ਜਦੋਂ ਪਾਕਿਸਤਾਨੀ ਹਵਾਈ ਸੈਨਾ ਦੇ 6 ਸੈਬਰ ਜੈਟਾਂ ਨੇ ਹਮਲਾ ਕਰ ਦਿੱਤਾ। ਦੁਸ਼ਮਣ ਦੇ ਛੇ ਜਹਾਜ਼ ਸਿਰ 'ਤੇ ਮੰਡਲਾਉਣ ਲੱਗੇ ਤੇ ਹਵਾਈ ਅੱਡੇ 'ਤੇ ਬੰਬਾਰੀ ਕਰਨ ਲੱਗੇ। ਮੌਤ ਦੇ ਮੂੰਹ ਦੇ ਸਾਮ੍ਹਣੇ ਫਲਾਇੰਗ ਅਫ਼ਸਰ ਨਿਰਮਲ ਜੀਤ ਸਿੰਘ ਸੇਖੋਂ ਨੇ ਆਪਣਾ ਜਹਾਜ਼ ਉਡਾਉਣ ਦਾ ਯਤਨ ਕੀਤਾ। ਹਮਲੇ ਦੇ ਬਾਵਜੂਦ ਉਸ ਨੇ ਰਤਾ ਝਿਜਕ ਨਾ ਦਿਖਾਈ। ਪਾਕਿਸਤਾਨੀ ਜਹਾਜ਼ ਹਵਾਈ ਅੱਡੇ ਤੇ ਮੰਡਲਾਉਂਦੇ ਰਹੇ, ਚੱਕਰ ਕੱਟਦੇ ਰਹੇ ਤੇ

ਆਪਣੇ ਨਿਸ਼ਾਨਿਆਂ 'ਤੇ ਗੋਲੀਆਂ ਚਲਾਉਂਦੇ ਰਹੇ ਤੇ ਭਾਰਤੀ ਜਹਾਜ਼ਾਂ ਨੂੰ ਉਡਾਣ ਭਰਨ ਤੋਂ ਰੋਕਦੇ ਰਹੇ। ਅਤਿਅੰਤ ਕਮਜ਼ੋਰ ਸਥਿਤੀ ਦੇ ਬਾਵਜੂਦ ਨਿਰਮਲ ਜੀਤ ਸਿੰਘ ਸੇਖੋਂ ਨੇ ਆਪਣਾ ਜਹਾਜ਼ ਉਡਾਇਆ ਤੇ ਉਹ ਝੱਟਪੱਟ ਹੀ ਦੋ ਹਮਲਾ ਕਰ ਰਹੇ ਜਹਾਜ਼ਾਂ ਨਾਲ ਝਪਟ ਪਿਆ। ਉਸ ਸਮੇਂ 14 ਦਸੰਬਰ ਨੂੰ ਸ੍ਰੀਨਗਰ ਹਵਾਈ ਅੱਡੇ 'ਤੇ ਨਿਰਮਲਜੀਤ ਸਿੰਘ ਸੇਖੋਂ ਹੀ ਹਵਾਈ ਜਹਾਜ਼ ਦਾ ਇਕੱਲਾ ਚਾਲਕ ਸੀ। ਉਸ ਇਕੱਲੇ ਨੇ 6 ਸੈਬਰ ਜੈਟਾਂ ਦਾ ਟਾਕਰਾ ਕੀਤਾ। ਜੋ ਲੜਾਈ ਸ਼ੁਰੂ ਹੋਈ ਉਸ ਵਿੱਚ ਉਸ ਨੇ ਇਕ ਨੂੰ ਤਾਂ ਗੋਲੀਆਂ ਮਾਰ ਕੇ ਨਿਕਾਰਾ ਕਰ ਦਿੱਤਾ ਤੇ ਦੂਸਰੇ 'ਚੋਂ ਵੀ ਅੱਗ ਭੜਕ ਉੱਠੀ। ਇਸ ਸਮੇਂ ਦੂਸਰੇ ਚਾਰ ਸੈਬਰ ਜੈਟ ਦਬਾ ਹੇਠ ਆਏ ਆਪਣੇ ਦੋ ਸਾਥੀ ਚਾਲਕਾਂ ਦੀ ਸਹਾਇਤਾ ਲਈ ਆ ਗਏ ਤੇ ਫ਼ਲਾਇੰਗ ਅਫ਼ਸਰ ਸੇਖੋਂ ਦੀ ਟੱਕਰ, ਫਿਰ ਇਕ ਦੇ ਮੁਕਾਬਲੇ ਚਾਰ ਹੋਣ ਕਾਰਨ ਅਸਾਵੀਂ ਤੇ ਨਾਬਰਾਬਰ ਹੋ ਗਈ। ਭਾਵੇਂ ਉਹ ਅਸਾਵੀਂ ਟੱਕਰ ਦੇ ਰਿਹਾ ਸੀ ਜੋ ਦਰਖਤਾਂ ਦੇ ਉੱਚਾਈ ਦੇ ਬਰਾਬਰ ਦੀ ਉੱਚਾਈ ਤੇ ਲੜੀ ਜਾ ਰਹੀ ਸੀ ਤਾਂ ਵੀ ਉਹ ਦ੍ਰਿੜ੍ਹ ਤੇ ਸਥਿਰ ਰਿਹਾ, ਪਰ ਅੰਤ ਉਹ ਮੁਕਾਬਲੇ ਵਿੱਚ ਵਧੇਰੇ ਗਿਣਤੀ ਦੇ ਜਹਾਜ਼ਾਂ ਕਾਰਨ ਉਹਨਾਂ ਦੇ ਕਾਬੂ ਆ ਗਿਆ। ਉਸ ਦੇ ਜਹਾਜ਼ ਨੂੰ ਨਿਸ਼ਾਨਾ ਬਣਾਇਆ ਗਿਆ। ਪਰ ਉਸ ਦਾ ਸੰਘਰਸ਼ ਵਿਅਰਥ ਨਾ ਗਿਆ। ਸੈਬਰ ਜੈਟ ਸ਼ਹਿਰ ਤੇ ਹਵਾਈ ਅੱਡੇ ਉੱਤੇ ਹਮਲੇ ਨਾਲ ਦਬਾ ਪਾਉਣ 'ਚ ਅਸਮਰੱਥ ਰਹਿਣ ਪਿੱਛੋਂ ਵਾਪਿਸ ਮੁੜ ਗਏ। ਉਸ ਦਾ ਜਹਾਜ਼ ਧਮਾਕੇ ਨਾਲ ਡਿੱਗ ਪਿਆ ਤੇ ਉਹ ਮੌਕੇ 'ਤੇ ਹੀ ਮਾਰਿਆ ਗਿਆ। ਇਸ ਤਰ੍ਹਾਂ ਉਸ ਨੇ ਪਾਕਿਸਤਾਨੀ ਹਮਲੇ ਤੋਂ ਸ੍ਰੀਨਗਰ ਹਵਾਈ ਅੱਡੇ ਨੂੰ ਬਚਾ ਲਿਆ ਤੇ ਇਸ ਜ਼ੋਖ਼ਮ ਭਰੇ ਕਾਰਜ ਨੂੰ ਨਿਭਾਉਂਦਿਆਂ ਆਪਣੀ ਸ਼ਹਾਦਤ ਦੇ ਦਿੱਤੀ।[2]

ਭਰ ਜਵਾਨੀ ਵਿੱਚ, ਉਹ ਨਵ-ਵਿਆਹੀ ਪਤਨੀ ਨੂੰ ਵਿਧਵਾ ਛੱਡ ਕੇ ਤੁਰ ਗਿਆ। ਕਿਤਨੀ ਮਹਾਨ ਹੈ ਇਹ ਕੁਰਬਾਨੀ!

## ਹਵਾਲੇ ਅਤੇ ਟਿੱਪਣੀਆਂ


1. ਪੁਸ਼ਪਿੰਦਰ ਸਿੰਘ, ਹਿਸਟਰੀ ਆਫ਼ ਇੰਡੀਅਨ ਏਅਰ ਫ਼ੋਰਸ।
2. ਕੇ.ਕੇ. ਨਯੱਰ, ਵਾਈਸ ਐਡਮਿਰਲ, ਅਮਰ ਜਵਾਨ, ਏ ਬੁੱਕ ਆਫ ਰੀਮੈਂਬਰੈਂਸ, ਪੰਨਾ 266

# ਮਹਾਂਵੀਰ ਚੱਕਰ ਵਿਜੈਤਾ
# ਮੇਜਰ ਭੂਪਿੰਦਰ ਸਿੰਘ, ਹਡਸਨ ਹੋਰਸ

ਮੇਜਰ ਭੂਪਿੰਦਰ ਸਿੰਘ ਦੀ ਵੀਰਤਾ ਬਹੁਤ ਪ੍ਰਸਿੱਧ ਹੋ ਚੁੱਕੀ ਹੈ। ਉਸ ਨੇ 1965 ਈ: ਦੀ ਹਿੰਦ ਪਾਕ ਜੰਗ ਵਿੱਚ ਮਿਸਾਲੀ ਸਾਹਸ ਵਿਖਾਇਆ ਤੇ ਯਾਦਗਾਰੀ ਯੋਗਦਾਨ ਪਾਇਆ। ਉਸ ਨੇ ਇਹ ਭੂਮਿਕਾ ਫਿਲੌਰਾ ਤੇ ਸੋਦਰਕਾ ਵਿੱਚ ਸਿਆਲਕੋਟ ਖੇਤਰ ਵਿੱਚ ਵਿਖਾਈ ਜਿਸ ਦੀ ਕਮਾਨ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਹੱਥ ਸੀ।

ਮੇਜਰ ਭੂਪਿੰਦਰ ਸਿੰਘ ਨੇ ਫਿਲੌਰਾ ਤੇ ਸੌਦਰਕੇ ਦੀ ਲੜਾਈ ਵਿੱਚ ਆਪਣੇ ਸੁਕਾਡਰਨ ਦੀ ਅਗਵਾਈ ਕੀਤੀ ਤੇ ਬੜਾ ਨਾਮਣਾ ਖੱਟਿਆ। ਉਹ 11 ਸਤੰਬਰ ਤੋਂ ਲੈ ਕੇ 19 ਸਤੰਬਰ 1965 ਈ: ਤੱਕ ਲਗਾਤਾਰ ਤੱਕ ਲੜਾਈ ਲੜਦਾ ਰਿਹਾ। ਆਪਣੇ ਸੁਕਾਡਰਨ ਦੀ ਵਿਧੀ ਪੂਰਵਕ ਤੇ ਸੁਚਾਰੂ ਢੰਗ ਨਾਲ ਅਗਵਾਈ ਇਕ ਅਜਿਹੀ ਮਿਸਾਲ ਹੈ ਜਿਸ ਤੇ ਕਿਸੇ ਵੀ ਤੋਪਖਾਨਾ ਯੂਨਿਟ ਨੂੰ ਮਾਨ ਹੋ ਸਕਦਾ ਹੈ। ਉਸ ਨੇ ਆਪਣੀ ਯੂਨਿਟ ਨੂੰ ਸੁਚੱਜੇ ਢੰਗ ਤੇ ਵਿਉਂਤ ਨਾਲ, ਹੌਂਸਲਾ ਭਰਪੂਰ ਤੇ ਸਾਹਸ-ਸੰਪੰਨ ਅਗਵਾਈ ਦਿੱਤੀ ਤੇ ਫਲਸਰੂਪ ਦੁਸ਼ਮਣ ਦੇ ਟੈਂਕਾਂ ਤੇ ਹੋਰ ਸਾਮਾਨ ਦੀ ਵੱਡੇ ਪੱਧਰ 'ਤੇ ਤਬਾਹੀ ਕੀਤੀ।

ਭਾਵੇਂ ਉਸ ਦੇ ਟੈਂਕ ਨੂੰ ਕਈ ਵਾਰੀ ਗੋਲਾਬਾਰੀ ਦੇ ਕਾਰਨ ਨੁਕਸਾਨ ਪੁੱਜਾ ਤਾਂ ਵੀ ਇਹ ਬਹਾਦਰ ਆਪਣੀ ਸੂਰਬੀਰਤਾ ਦੇ ਕਾਰਨ ਆਪਣੇ ਜੁਆਨਾਂ ਦੀ ਆਪ ਅਗਵਾਈ ਕਰਦਾ ਰਿਹਾ ਤੇ ਇਸ ਤਰ੍ਹਾਂ ਆਪਣੇ ਜੁਆਨਾਂ ਦੇ ਸਾਹਮਣੇ ਮਿਸਾਲ ਕਾਇਮ ਕਰਕੇ, ਉਹਨਾਂ ਨੂੰ ਸ਼ਕਤੀ ਤੇ ਬਹਾਦਰੀ ਨਾਲ ਲੜਨ ਲਈ ਪ੍ਰੇਰਦਾ ਰਿਹਾ।

19 ਸਤੰਬਰ 1965 ਈ: ਨੂੰ ਸੌਦਰਕੇ ਦੇ ਕੋਲ ਉਸ ਦੇ ਟੈਂਕ ਨੂੰ ਦੁਸ਼ਮਣ ਦਾ ਗੋਲਾ ਵੱਜਾ ਤੇ ਉਸ ਨੂੰ ਅੱਗ ਲੱਗ ਗਈ। ਟੈਂਕ ਵਿੱਚੋਂ ਨਿਕਲਦਿਆਂ ਉਹ ਬੁਰੀ ਤਰ੍ਹਾਂ ਝੁਲਸ ਗਿਆ ਸੀ।[1]

ਉਸ ਦੀ ਵੀਰਤਾ ਦਾ ਇਸ ਤੱਥ ਤੋਂ ਮੁੱਲਾਂਕਣ ਕੀਤਾ ਜਾ ਸਕਦਾ ਹੈ ਕਿ ਉਸ ਨੇ ਉਸ ਸਮੇਂ ਬੜੇ ਧੀਰਜ ਤੇ ਦ੍ਰਿੜ੍ਹਤਾ ਦਾ ਸਬੂਤ ਦਿੱਤਾ ਜਦੋਂ ਉਸ ਦੇ ਬਹੁਤ ਸਾਰੇ ਟੈਂਕ ਨਸ਼ਟ ਹੋ ਚੁੱਕੇ ਸਨ। ਉਹ ਕੇਵਲ ਦੋ ਹੀ ਟੈਂਕਾਂ ਨਾਲ ਲੜਦੇ ਰਹੇ ਤੇ ਭਾਰਤੀ ਸੈਨਾ ਦੀ ਰਵਾਇਤ ਅਨੁਸਾਰ ਆਪਣੀ ਨਿੱਜੀ ਬਹਾਦਰੀ ਦੀ ਇਕ ਜਿਉਂਦੀ ਜਾਗਦੀ ਮਿਸਾਲ ਕਾਇਮ ਕੀਤੀ।

ਜਦੋਂ ਉਸ ਨੂੰ ਜੰਗ ਦੇ ਮੈਦਾਨ ਵਿੱਚੋਂ ਜ਼ਖ਼ਮੀ ਹੋਏ ਨੂੰ ਹਸਪਤਾਲ ਪਹੁੰਚਾਇਆ ਗਿਆ ਤਾਂ ਭਾਰਤ ਦੇ ਪ੍ਰਧਾਨ ਮੰਤਰੀ, ਲਾਲ ਬਹਾਦਰ ਸ਼ਾਸਤਰੀ ਉਸ ਦਾ ਹਾਲ ਪੁੱਛਣ ਆਏ। ਮੇਜਰ ਭੂਪਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਸਲੂਟ ਮਾਰਨ ਲਈ ਉੱਠਣ ਦਾ

ਪੇਸ਼ ਕੀਤਾ, ਪਰੰਤੂ ਡਾਕਟਰਾਂ ਨੇ ਤੇ ਸ਼ਾਸਤਰੀ ਜੀ ਨੇ ਉਸ ਨੂੰ ਰੋਕ ਦਿੱਤਾ। ਮੇਜਰ ਭੁਪਿੰਦਰ ਸਿੰਘ ਨੇ ਲੜਾਈ ਦੀ ਘਟਨਾ ਦਾ ਸੰਖਿਪਤ ਜਿਹਾ ਵੇਰਵਾ ਦਿੰਦਿਆਂ ਕਿਹਾ ਕਿ ਉਸ ਨੂੰ ਸਭ ਗੋਲੀਆਂ ਛਾਤੀ 'ਚ ਲੱਗੀਆਂ ਹਨ ਤੇ ਪਿੱਠ 'ਤੇ ਇਕ ਵੀ ਨਿਸ਼ਾਨ ਨਹੀਂ ਹੈ ਕਿਉਂਕਿ ਗੁਰੂ ਜੀ ਨੇ ਸਿੱਖਾਂ ਨੂੰ ਜੰਗ ਦੇ ਮੈਦਾਨ 'ਚੋਂ ਪਿੱਠ ਦਿਖਾ ਕੇ ਭੱਜਣ ਦੀ ਸਿੱਖਿਆ ਦਿੱਤੀ ਹੀ ਨਹੀਂ। ਸ਼ਾਸਤਰੀ ਜੀ ਉਸ ਦੇ ਹੌਂਸਲਾ, ਦ੍ਰਿੜ੍ਹਤਾ ਤੇ ਵੀਰਤਾ ਭਰੇ ਕਾਰਜ ਤੋਂ ਬੜੇ ਪ੍ਰਭਾਵਿਤ ਹੋਏ। ਇਸ ਮੁਲਾਕਾਤ ਪਿੱਛੋਂ ਸ਼ਾਸਤਰੀ ਜੀ ਚਲੇ ਗਏ ਤੇ ਮੇਜਰ ਭੁਪਿੰਦਰ ਸਿੰਘ ਦੋ ਦਿਨਾਂ ਪਿੱਛੋਂ ਅਕਾਲ ਚਲਾਣਾ ਕਰ ਗਏ। ਜਦੋਂ ਸ਼ਾਸਤਰੀ ਜੀ ਨੂੰ ਮੇਜਰ ਭੁਪਿੰਦਰ ਸਿੰਘ ਦੀ ਸ਼ੋਕਮਈ ਖ਼ਬਰ ਦਿੱਤੀ ਗਈ ਤਾਂ ਸ਼ਾਸਤਰੀ ਜੀ ਨੇ ਕਿਹਾ, "ਮੁਲਕ ਦਾ ਕੀਮਤੀ ਵੀਰ ਨਾਇਕ ਵਿਛੜ ਗਿਆ ਹੈ। ਉਹ ਕੌਮ ਪ੍ਰਤੀ ਆਪਣਾ ਫ਼ਰਜ਼ ਪੂਰਾ ਕਰ ਗਿਆ ਹੈ। ਉਹ ਮਾਂ ਮਹਾਨ ਹੈ ਜਿਸ ਨੇ ਉਸ ਨੂੰ ਜਨਮ ਦਿੱਤਾ ਹੈ। ਭਾਰਤ ਨੂੰ ਸਦਾ ਉਸ ਤੇ ਮਾਨ ਰਹੇਗਾ। ਜਦ ਤੱਕ ਸਾਡੇ ਕੋਲ ਉਸ ਵਰਗੇ ਬਹਾਦਰ ਹੋਣਗੇ ਤਦ ਤੱਕ ਭਾਰਤੀ ਸੀਮਾ ਸੁਰੱਖਿਅਤ ਹੈ।"[2]

1965 ਈ: ਦੀ ਹਿੰਦ-ਪਾਕ ਲੜਾਈ ਵਿੱਚ ਤੋਪਖਾਨਾ ਕੋਰ ਨੇ ਬੜੀ ਮਹੱਤਵਪੂਰਣ ਭੂਮਿਕਾ ਨਿਭਾਈ। ਭਾਰਤ ਨੂੰ ਜਿੱਤ ਦੁਆਉਣ ਤੇ ਭਾਰਤੀ ਪੈਦਲ ਫ਼ੌਜ ਨੂੰ ਸਫ਼ਲ ਬਣਾਉਣ ਵਿੱਚ ਉੱਘਾ ਹਿੱਸਾ ਪਾਇਆ। ਮੇਜਰ ਭੁਪਿੰਦਰ ਸਿੰਘ ਜਿਹੇ ਯੋਧਿਆਂ ਨੇ ਬੀਰਤਾ ਦੀ ਪ੍ਰੀਖਿਆ ਪਾਸ ਕੀਤੀ ਤੇ ਖਰੇ ਉਤਰੇ। ਆਪਣੀ ਬੇਮਿਸਾਲ ਕੁਰਬਾਨੀ ਕਾਰਨ ਉਹ ਇਤਿਹਾਸ ਦਾ ਅੰਗ ਬਣ ਗਿਆ। ਨਿਧੜਕਤਾ ਭਰਪੂਰ ਵੀਰਤਾ ਤੇ ਸਰਵੋਤਮ ਕੁਰਬਾਨੀ ਕਾਰਨ ਮੇਜਰ ਭੁਪਿੰਦਰ ਸਿੰਘ ਨੂੰ 24 ਨਵੰਬਰ 1965 ਈ: ਨੂੰ ਭਾਰਤ ਦੇ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਨਾਲੋਂ ਸ਼ਹੀਦੀ ਉਪਰੰਤ ਮਹਾਂਵੀਰ ਚੱਕਰ ਪ੍ਰਦਾਨ ਕੀਤਾ ਗਿਆ।[3]

## ਹਵਾਲੇ ਅਤੇ ਟਿੱਪਣੀਆਂ


1. ਸਿੱਖ, ਵੀਰਤਾ ਦੇ ਚਿੱਤਰ, ਪੰਨਾ 88
2. ਸੁਰਿੰਦਰਜੀਤ ਸਿੰਘ ਪਾਲ, 'ਦੀ ਸਟੋਰੀ ਆਫ਼ ਵੇਲੀਆਂਟ ਸਿੱਖਸ', ਪੰਨਾ 178
3. ਜਾਗ੍ਰਿਤੀ (ਮਾਸਕ) ਜੂਨ 1966, ਪੰਨਾ 12 ਤੇ ਸਨਮਾਨ ਸਮਾਗਮ ਬਾਰੇ ਕਿਤਾਬਚਾ, ਪੰਨਾ 27

# ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ

ਸੁਤੰਤਰਤਾ ਪਿੱਛੋਂ ਦੇ ਭਾਰਤ ਦੇ ਵਧੀਆ ਜਰਨੈਲਾਂ ਵਿੱਚ ਮੇਜਰ ਰਾਜਿੰਦਰ ਸਿੰਘ ਸਪੈਰੋ ਦਾ ਸ਼ੁਮਾਰ ਕੀਤਾ ਜਾਂਦਾ ਹੈ। ਉਸ ਨੂੰ ਆਮ ਕਰਕੇ 'ਸਪੈਰੋ' ਹੀ ਕਿਹਾ ਜਾਂਦਾ ਸੀ। ਮੇਜਰ ਜਨਰਲ ਰਾਜਿੰਦਰ ਸਿੰਘ ਬੜੀਆਂ ਸ਼ਾਨਦਾਰ ਸੇਵਾਵਾਂ ਪਿੱਛੋਂ ਤੋਪਖਾਨਾ ਡਿਵੀਜ਼ਨ ਕਮਾਂਡਰ ਰਿਟਾਇਰ ਹੋਇਆ। ਉਸ ਨੇ ਮਹਾਂਵੀਰ ਚੱਕਰ ਦਾ ਮਨ-ਵਾਂਛਿਤ ਤਗ਼ਮਾ ਦੋ ਵਾਰ ਪ੍ਰਾਪਤ ਕੀਤਾ।

ਪਹਿਲੀ ਵਾਰ ਉਸ ਨੂੰ ਇਹ ਵੀਰਤਾ ਪੁਰਸਕਾਰ 1947-48 ਈ: ਦੀ ਕਸ਼ਮੀਰ ਲੜਾਈ 'ਚ ਪ੍ਰਾਪਤ ਹੋਇਆ ਜਦੋਂ 7 ਲਾਈਟ ਇਨਫੈਂਟਰੀ ਦਾ ਕਮਾਂਡਰ ਸੀ ਤੇ ਉਸ ਨੇ ਪਾਕਿਸਤਾਨੀ ਧਾੜਵੀਆਂ ਦਾ ਮੁਕਾਬਲਾ ਕੀਤਾ ਸੀ। ਦੂਸਰੀਆਂ ਲੜਾਈਆਂ ਵਿੱਚੋਂ, ਉਸ ਨੂੰ ਜ਼ੋਜੀਲਾ ਦੇ ਯੁੱਧ ਵਿੱਚ ਪ੍ਰਸਿੱਧੀ ਪ੍ਰਾਪਤ ਹੋਈ। ਸੰਜੋਗ ਨਾਲ ਭਾਰਤ ਦੀ ਸੁਤੰਤਰਤਾ ਪਿੱਛੋਂ ਪਹਿਲੇ ਸਨਮਾਨ ਸਮਾਰੋਹ ਸਮੇਂ ਭਾਰਤ ਦੇ ਰਾਸ਼ਟਰਪਤੀ ਡਾ. ਰਾਜਿੰਦਰ ਪਰਸ਼ਾਦ ਹੱਥੋਂ ਮਹਾਂਵੀਰ ਚੱਕਰ ਪ੍ਰਾਪਤ ਕਰਨ ਵਾਲਾ ਉਹ ਪਹਿਲਾ ਅਫ਼ਸਰ ਸੀ।

ਦੂਸਰੀ ਵਾਰ ਉਸ ਨੇ 1965 ਈ: ਦੀ ਹਿੰਦ-ਪਾਕ ਲੜਾਈ ਵਿੱਚ ਸਿਆਲਕੋਟ ਖੇਤਰ ਵਿੱਚ ਟੈਂਕਾਂ ਦੇ ਯੁੱਧਾਂ ਵਿੱਚ ਇਹ ਸਨਮਾਨ ਜਿੱਤਿਆ। 1966 ਈ: ਵਿੱਚ ਉਹ ਮੇਜਰ ਜਨਰਲ ਵਜੋਂ ਹੀ ਰਿਟਾਇਰ ਹੋ ਗਿਆ ਪਰੰਤੂ ਸ਼ਾਨਦਾਰ ਸੇਵਾਵਾਂ ਕਾਰਨ ਉਹ ਉਤਨਾ ਹੀ ਪ੍ਰਸਿੱਧ ਸੀ ਜਿਤਨੀਆਂ ਉੱਚ-ਅਕਾਂਖਿਆ ਵਾਲੇ ਲੈਫ. ਜਨਰਲ ਕੁਲਵੰਤ ਸਿੰਘ, ਲੈਫ. ਜਨਰਲ ਹਰਬਖ਼ਸ਼ ਸਿੰਘ ਤੇ ਲੈਫ. ਜਨਰਲ ਜਗਜੀਤ ਸਿੰਘ ਅਰੋੜਾ।

ਉਹ ਮਜੀਠਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਇਕ ਉੱਘੇ ਸੈਨਿਕ ਪਰਿਵਾਰ ਵਿੱਚ ਪੈਦਾ ਹੋਇਆ। ਉਹਦੀਆਂ ਨਾੜਾਂ ਵਿੱਚ ਵੀਰ ਯੋਧਿਆਂ ਦਾ ਖ਼ੂਨ ਵਹਿੰਦਾ ਸੀ ਤੇ ਉਸ ਦੀ ਜੱਦ ਦਾ ਸੰਬੰਧ ਸਿੱਖ ਮਿਸਲਾਂ ਦੇ ਸਮੇਂ ਦੇ ਜਰਨੈਲਾਂ ਨਾਲ ਜਾ ਜੁੜਦਾ ਹੈ। ਇਹ ਉਹ ਸਮਾਂ ਸੀ ਜਦੋਂ ਸਿੱਖ ਪੰਜਾਬ ਵਿੱਚ ਮੱਲਾਂ ਮਾਰ ਰਹੇ ਸਨ।[1]

ਉਹ ਆਪਣੇ ਪਰਿਵਾਰ ਦੇ "ਸਜਰਾ ਨਸ਼ਬ" ਅਨੁਸਾਰ 19ਵਾਂ ਜਰਨੈਲ ਸੀ। ਉਸ ਦੀ ਬੰਸਾਵਲੀ ਵਿੱਚ ਜਨਰਲ ਮੰਨਾ ਸਿੰਘ ਮਜੀਠੀਆ, ਜਨਰਲ ਅਮਰ ਸਿੰਘ ਮਜੀਠੀਆ, ਜਨਰਲ ਮਹਿਤਾਬ ਸਿੰਘ ਲੰਡੀ, ਜਨਰਲ ਕਾਨ੍ਹ ਸਿੰਘ ਮਾਨ ਹੋਏ ਹਨ। ਉਹਨਾਂ ਵਿੱਚੋਂ ਕੁਝ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸਨ ਤੇ ਕੁਝ ਮੁਲਤਾਨ ਤੇ ਕਸ਼ਮੀਰ ਦੇ ਗਵਰਨਰ ਵੀ ਰਹੇ ਸਨ। ਉਸ ਦੀ ਦਾਦੀ ਮੁਲਤਾਨ ਦੇ ਗਵਰਨਰ ਜਨਰਲ ਕਾਨ੍ਹ ਸਿੰਘ ਮਾਨ ਦੀ ਇਕਲੌਤੀ ਲੜਕੀ ਸੀ। ਉਸ ਦੇ ਕੁਝ ਪੁਰਖੇ ਅੰਗਰੇਜ਼ੀ ਫ਼ੌਜ ਵਿੱਚ ਜਰਨੈਲ ਸਨ।

ਉਸ ਦਾ ਜਨਮ ਮਜੀਠਾ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਹੋਇਆ ਸੀ ਤੇ ਉਸ ਨੇ ਵਿੱਦਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਸੀ। ਅਜਿਹੇ ਸੈਨਿਕ ਪਿਛੋਕੜ ਵਾਲੇ ਵਿਅਕਤੀ ਤੇ ਸ਼ਾਨਦਾਰ ਘਰਾਣੇ ਦੇ ਨੌਜੁਆਨ ਲਈ ਫ਼ੌਜੀ ਕਿੱਤੇ ਨਾਲੋਂ ਹੋਰ ਕਿਹੜਾ ਕਿੱਤਾ ਖਿੱਚ ਪਾਉਣ ਵਾਲਾ ਹੋ ਸਕਦਾ ਸੀ ?

1937 ਈ: ਵਿੱਚ ਭਾਰਤ ਸੈਨਾ ਅਕਾਦਮੀ 'ਚੋਂ ਸਿਖਲਾਈ ਲੈਣ ਪਿੱਛੋਂ, ਉਸ ਨੇ ਉੱਤਰ-ਪੱਛਮੀ ਸੀਮਾ ਪ੍ਰਾਂਤ ਵਿੱਚ ਇਕ ਸਾਲ ਲਈ ਬਰਤਾਨਵੀ ਯੂਨਿਟ ਵਿੱਚ ਨੌਕਰੀ ਕੀਤੀ। ਫਿਰ ਉਹ 7ਵੀਂ ਲਾਈਟ ਇਨਫੈਂਟਰੀ ਵਿੱਚ ਚਲਾ ਗਿਆ ਤੇ ਛੇਤੀ ਹੀ ਇਸ ਦਾ ਕਮਾਂਡਰ ਬਣ ਗਿਆ। ਉਸ ਨੇ ਦੂਸਰੇ ਮਹਾਂਯੁੱਧ ਵਿੱਚ ਵੀ ਹਿੱਸਾ ਲਿਆ ਤੇ ਫਿਰ 1947-48 ਈ: ਵਿੱਚ ਕਸ਼ਮੀਰ ਵਿੱਚ ਲੜਾਈ ਲੜੀ।

ਉਸ ਨੇ ਦੋ ਵੱਖ-ਵੱਖ ਡਵੀਜ਼ਨਾਂ ਵਿੱਚ ਜਨਰਲ ਸਟਾਫ਼ ਵਜੋਂ ਕਾਰਜ ਕੀਤਾ। ਫਿਰ ਉਸ ਨੇ ਕਮਾਨ ਹੈਡਕੁਆਰਟਰ ਵਿੱਚ ਵੀ ਸੇਵਾ ਨਿਭਾਈ। ਉਸ ਪਿੱਛੋਂ ਉਹ ਟੈਂਕ ਸਿਖਲਾਈ ਸਕੂਲ ਦਾ ਪਹਿਲਾ ਪ੍ਰਮੁੱਖ ਸਿੱਖਿਅਕ ਬਣਿਆ। ਉਸ ਮਗਰੋਂ ਉਸ ਦੀ ਬਰਿਗੇਡੀਅਰ ਵਜੋਂ ਪਦ ਉੱਨਤੀ ਹੋ ਗਈ।

ਬਰਿਗੇਡੀਅਰ ਵਜੋਂ ਜਨਰਲ "ਸਪੈਰੋ" ਨੇ ਦੋ ਵੱਖ-ਵੱਖ ਤੋਪਖਾਨਾ ਬਰਿਗੇਡਾਂ ਦੀ ਕਮਾਨ ਸੰਭਾਲਣ ਦੀ ਵਡਿਆਈ ਪ੍ਰਾਪਤ ਕੀਤੀ। ਫਿਰ ਉਹ ਪਲਟਨ ਦਾ ਮੁਖੀ ਬਣਿਆ। ਪਿੱਛੋਂ ਉਸ ਨੂੰ ਤੋਪਖ਼ਾਨੇ ਦੀਆਂ ਪਲਟਨਾਂ ਦਾ ਨਿਰਦੇਸ਼ਕ ਬਣਾਇਆ ਗਿਆ। ਇਸ ਪਦਵੀ ਉੱਪਰ ਉਹ ਮੇਜਰ ਜਨਰਲ ਬਣਨ ਤੱਕ ਨਿਯੁਕਤ ਰਿਹਾ।

## ਲੈਫਟੀਨੈਂਟ ਕਰਨਲ ਰਾਜਿੰਦਰ ਸਿੰਘ ਸਪੈਰੋ 1948 ਵਿੱਚ

1947 ਈਸਵੀ ਨੂੰ ਦੇਸ਼ ਦੀ ਆਜ਼ਾਦੀ ਪਿੱਛੋਂ ਪਾਕਿਸਤਾਨ ਮੁਸਲਮਾਨ ਬਹੁ-ਗਿਣਤੀ ਦਾ ਖੇਤਰ ਹੋਣ ਕਾਰਨ ਕਸ਼ਮੀਰ ਨੂੰ ਹਥਿਆ ਲੈਣਾ ਚਾਹੁੰਦਾ ਸੀ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਉਸ ਨੇ ਕਾਨੂੰਨ ਵਿਵਸਥਾ ਨੂੰ ਤਹਿਸ-ਨਹਿਸ ਕਰਨ ਲਈ ਘੁੱਸਪੈਠੀਏ ਭੇਜ ਦਿੱਤੇ। ਉਹਨਾਂ ਮਗਰ ਹੀ ਉਸ ਨੇ ਯੋਜਨਾਬੱਧ ਤਰੀਕੇ ਨਾਲ ਪਿਆਦਾ ਫ਼ੌਜ ਵੱਲੋਂ ਹਮਲੇ ਸ਼ੁਰੂ ਕਰ ਦਿੱਤੇ। ਕੁਝ ਹੱਦ ਤੱਕ ਉਹ ਉੜੀ, ਪੁਣਛ ਤੇ ਰਾਜੌਰੀ, ਝੰਗੜ ਤੇ ਨੌਸ਼ਹਿਰਾ ਆਦਿ ਦੇ ਵੱਡੇ ਇਲਾਕੇ ਤੇ ਅਧਿਕਾਰ ਕਰਨ ਵਿੱਚ ਕਾਮਯਾਬੀ ਵੀ ਪ੍ਰਾਪਤ ਕਰ ਗਏ। ਸਾਡੀ ਸੈਨਾ ਨੇ ਉਹਨਾਂ ਤੇ ਮੁੜ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਵੈਰੀ ਨੇ 15000 ਫ਼ੌਜ ਝੰਗੜ ਉਦਾਲੇ ਜਮ੍ਹਾ ਕਰ ਲਈ। 22-23 ਦਸੰਬਰ 1947 ਈ: ਦੀ ਰਾਤ ਨੂੰ ਝੰਗੜ ਤੇ ਹਮਲਾ ਕਰ ਦਿੱਤਾ। ਬਹੁਤ ਘੱਟ ਗਿਣਤੀ 'ਚ ਹੋਣ ਕਾਰਨ ਸਾਡੀਆਂ ਫ਼ੌਜਾਂ ਝੰਗੜ ਤੋਂ ਪਿੱਛੇ ਨੌਸ਼ਹਿਰੇ ਵੱਲ ਹਟਣਾ ਪਿਆ।

ਮਈ 1948 ਈ: ਨੂੰ ਨੌਸ਼ਹਿਰੇ ਤੇ ਜਦੋਂ ਹਮਲਾ ਅਟੱਲ ਜਾਪ ਰਿਹਾ ਸੀ ਤਾਂ ਇਕ ਚਲਦਾ ਫਿਰਦਾ ਦਸਤਾ ਤਿਆਰ ਕੀਤਾ ਗਿਆ ਜਿਸ ਦਾ ਨਾਮ "ਚੀਤਾ ਦਲ" ਰੱਖਿਆ ਗਿਆ। ਇਸ ਦਾ ਕਮਾਂਡਰ ਲੈਫ. ਕਰਨਲ ਰਾਜਿੰਦਰ ਸਿੰਘ ਸਪੈਰੋ ਬਣਾਇਆ ਗਿਆ। ਇਸ ਵਿੱਚ ਸਤਵੀਂ ਘੋੜਸਵਾਰ ਸੈਨਾ (ਇਕ ਸੁਕਵੈਡ ਰਨ ਤੋਂ ਬਿਨਾਂ), ਦੋ ਟੈਂਕ ਪਲਟਨਾਂ

(ਸੀ ਆਈ ਐਚ ਤੇ 1 ਰਾਜਪੂਤ) ਨੇ ਛੰਬ ਖੇਤਰ ਵਿੱਚ 7-8 ਜਨਵਰੀ 1948 ਈ: ਨੂੰ ਇਕੱਠੇ ਕਰਕੇ ਹਮਲਾ ਕੀਤਾ ਗਿਆ। 8 ਜਨਵਰੀ ਨੂੰ ਇਸ ਸੈਨਾ ਨੇ ਅਸਾੜ ਕਦਾਲ ਤੇ ਹਮਲਾ ਕਰ ਦਿੱਤਾ ਜਿਹੜਾ ਕਿ ਪਾਕਿਸਤਾਨੀ ਫ਼ੌਜ ਦਾ ਨੌਸ਼ਹਿਰੇ ਤੇ ਹਮਲਾ ਕਰਨ ਦਾ ਅੱਡਾ ਸੀ। ਇਸ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਗਿਆ ਤੇ ਇਸ ਤਰ੍ਹਾਂ ਪਾਕਿਸਤਾਨ ਵੱਲੋਂ ਨੌਸ਼ਹਿਰੇ 'ਤੇ ਹਮਲਾ ਕਰਨ ਦੀ ਯੋਜਨਾ ਅਸਫ਼ਲ ਕਰ ਦਿੱਤੀ ਗਈ।

ਫਿਰ ਬਹਾਰ ਦੀ ਰੁੱਤ ਵਿੱਚ ਦੁਬਾਰਾ ਹਮਲਾ ਕਰਕੇ ਝੰਗੜ ਤੇ ਮਾਰਚ 1948 ਵਿੱਚ ਤੇ ਰਾਜੌਰੀ ਉੱਪਰ 12 ਅਪ੍ਰੈਲ 1948 ਈ: ਨੂੰ ਅਧਿਕਾਰ ਕਰ ਲਿਆ ਗਿਆ। ਝੰਗੜ ਤੇ ਮੁੜ ਅਧਿਕਾਰ ਕਰਨ ਲਈ ਲੜੀ ਗਈ ਲੜਾਈ ਵਿੱਚ 1948 ਦੇ ਮਾਰਚ ਮਹੀਨੇ ਵਿੱਚ ਲੈਫ. ਕਰਨਲ ਰਾਜਿੰਦਰ ਸਿੰਘ ਹਲਕੇ ਟੈਂਕਾਂ ਦੇ ਦੋ ਟੈਂਕ ਸੁਕਵੈਡਰਨਾਂ ਦੀ ਅਗਵਾਈ ਕਰ ਰਿਹਾ ਸੀ। ਨੌਸ਼ਹਿਰਾ ਤੋਂ ਝੰਗੜ ਤੱਕ ਸੜਕ ਦੀ ਹਾਲਤ ਬੜੀ ਖ਼ਸਤਾ ਸੀ ਤੇ ਪਾਸਿਆਂ ਤੇ ਸਿੱਧੀ ਚੜ੍ਹਾਈ ਵਾਲੀਆਂ ਪਹਾੜੀਆਂ ਸਨ। 12 ਦਿਨ ਦੀ ਲਗਾਤਾਰ ਬਾਰਸ਼ ਨੇ ਨੌਸ਼ਹਿਰਾ-ਝੰਗੜ ਘਾਟੀ ਨੂੰ ਦਲਦਲ ਬਣਾ ਦਿੱਤਾ ਸੀ। ਵੈਰੀ ਨੇ ਮੀਂਹ ਤੋਂ ਪਹਿਲਾਂ ਝੰਗੜ ਤੱਕ ਸਾਰੇ ਰਾਹ ਤੇ ਸੁਰੰਗਾਂ ਵਿਛਾ ਦਿੱਤੀਆਂ ਸਨ। ਇਹ ਸੁਰੰਗਾਂ ਬਿਲਕੁਲ ਢੱਕੀਆਂ ਹੋਈਆਂ ਸਨ ਤੇ ਉਹਨਾਂ ਨੂੰ ਢੂੰਡਣਾ ਮੁਸ਼ਕਲ ਹੋ ਗਿਆ ਸੀ। ਲੈਫਟੀਨੈਂਟ ਕਰਨਲ ਰਾਜਿੰਦਰ ਸਿੰਘ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਟੈਂਕਾਂ ਨੂੰ ਲੈ ਕੇ ਅੱਗੇ ਵਧੇ। ਤਿੰਨ ਸੁਰੰਗਾਂ ਤੋਂ ਲੰਘਦਾ ਇਕ ਟੈਂਕ ਤਾਂ ਸੁਰੰਗਾਂ ਦੇ ਫੱਟ ਜਾਣ ਕਾਰਨ ਇਕ ਟੈਂਕ ਤਾਂ ਬਿਲਕੁਲ ਤਬਾਹ ਹੋ ਗਿਆ। ਇਸ ਟੈਂਕ ਦੇ ਮਲਬੇ ਨੂੰ ਰਾਹ ਤੋਂ ਹਟਾਉਣਾ ਇਕ ਬਹੁਤ ਔਖਾ ਤੇ ਖ਼ਤਰਨਾਕ ਕੰਮ ਸੀ। ਇਸ ਮਲਬੇ ਨੇ ਦੁਸ਼ਮਣ ਵੱਲੋਂ ਜਾਂਦੇ ਇਕੋ ਇਕ ਰਾਹ ਨੂੰ ਪੂਰੀ ਤਰ੍ਹਾਂ ਰੋਕ ਰੱਖਿਆ ਸੀ ਅਤੇ ਅੱਗੋਂ ਦੁਸ਼ਮਣ ਸਖ਼ਤ ਗੋਲਾਬਾਰੀ ਕਰ ਰਿਹਾ ਸੀ। ਅਣਗਿਣਤ ਔਕੜਾਂ ਦੀ ਪਰਵਾਹ ਨਾ ਕਰਦੇ ਹੋਏ ਪਹਿਲਾਂ ਵਾਂਗ ਹੀ ਇਸ ਅਡੋਲ ਅਫ਼ਸਰ ਨੇ, ਆਪਣੇ ਟੈਂਕਾਂ ਨੂੰ ਅੱਗੇ ਵਧਾਇਆ। ਸੁਆਰਥ-ਹੀਣ ਤੇ ਆਪਾ ਵਾਰੂ ਕਰਤੱਵ-ਪਾਲਣਾ ਦੀ ਭਾਵਨਾ ਸਦਕਾ ਅਤੇ ਅਮੁੱਕ ਜੋਸ਼ ਕਾਰਨ 7 ਲਾਈਟ ਕੈਵਲਰੀ, ਸਾਰੀ ਫ਼ੌਜ ਦੇ ਮੂਹਰੇ ਲੱਗ ਕੇ ਝੰਗੜ ਜਾ ਦਾਖ਼ਲ ਹੋਈ ਅਤੇ ਇਸ ਯੁੱਧ ਦਾ ਅੰਤ ਵਿਜੈ ਵਿੱਚ ਹੋਇਆ।[1]

ਝੰਗੜ ਦੇ ਯੁੱਧ ਦੀ ਕਾਰਗੁਜ਼ਾਰੀ ਕਾਰਨ ਲੈਫ. ਕਰਨਲ ਰਾਜਿੰਦਰ ਸਿੰਘ ਸਪੈਰੋ ਨੂੰ ਮਹਾਂਵੀਰ ਚੱਕਰ ਪ੍ਰਾਪਤ ਹੋਇਆ। ਉਹ ਪਹਿਲਾ ਵੀਰ ਯੋਧਾ ਸੀ, ਜਿਸ ਨੂੰ ਦੇਸ਼ ਦੇ ਜੁਆਨਾਂ ਨੂੰ ਪਹਿਲੀ ਵਾਰ ਨਿਵਾਜਣ ਲਈ ਕੀਤੇ ਗਏ ਉਤਸਵ ਵਿੱਚ ਇਹ ਮਨ-ਵਾਂਛਿਤ ਤਮਗ਼ਾ ਜਿਉਂਦੇ ਜੀਅ ਪ੍ਰਾਪਤ ਹੋਇਆ।

1948 ਈ: ਵਿੱਚ ਇਸ ਉੱਘੇ ਜਰਨੈਲ ਨੇ ਦਰਾਸ ਅਤੇ ਜੋਜ਼ੀਲਾ ਨਾਮੀ ਥਾਵਾਂ ਜਿੱਥੇ ਟੈਂਕ ਨਹੀਂ ਪਹੁੰਚ ਸਕਦੇ ਸਨ, ਪਾਕਿਸਤਾਨੀ ਧਾੜਵੀਆਂ ਦੇ ਲਹੂ ਪਿਆਸੇ ਹੱਥਾਂ 'ਚੋਂ ਖੋਹ ਕੇ ਲੱਦਾਖ ਦੇ ਇਲਾਕੇ ਨੂੰ ਆਪਣੇ ਕਬਜ਼ੇ ਵਿੱਚ ਕੀਤਾ ਸੀ।[2]

ਇਸ ਮੁਹਿੰਮ ਨੂੰ ਮੋਹਨ ਗੁਰੂ ਸਵਾਮੀ ਨੇ ਇਸ ਤਰ੍ਹਾਂ "ਜੋਸ਼ੀਲਾ ਦੀ ਗਾਥਾ" ਅਧੀਨ ਵਰਣਨ ਕੀਤਾ ਹੈ : ਜੋਜ਼ੀਲਾ ਦਾ ਅਰਥ ਹੈ "ਬਰਫ਼ਾਨੀ ਹਨੇਰੀ ਦਾ ਰਸਤਾ"। ਇਹ

3529 ਮੀਟਰ ਭਾਵ 11578 ਫੁੱਟ ਉੱਚਾਈ ਸ੍ਰੀਨਗਰ ਤੋਂ 102 ਕਿਲੋਮੀਟਰ ਸਥਿਤ ਹੈ। ਇਹ ਲੇਹ ਨੂੰ ਰਿਆਸਤ ਦੀ ਰਾਜਧਾਨੀ ਨਾਲ ਜੋੜਨ ਵਾਲੇ ਰਸਤੇ 'ਤੇ ਮੁੱਖ ਦੱਰਾ ਹੈ। ਇੱਥੇ ਹੀ 1 ਨਵੰਬਰ 1948 ਈ: ਨੂੰ ਸਾਡੀ ਫ਼ੌਜ ਨੇ ਸਭ ਤੋਂ ਵੱਡੀ ਜਿੱਤ ਪ੍ਰਾਪਤ ਕੀਤੀ ਸੀ ਜਦੋਂ ਚੰਗੀ ਤਰ੍ਹਾਂ ਮੋਰਚੇ ਸਾਂਭੀ ਬੈਠੀ ਪਾਕਿਸਤਾਨੀ ਫ਼ੌਜ ਤੇ ਕਬਾਇਲੀ ਧਾੜਵੀਆਂ ਕੋਲੋਂ ਸਾਡੀ ਫ਼ੌਜ ਨੇ ਇਹ ਦੱਰਾ ਖੋਹਿਆ ਸੀ। ਇਕ ਵਾਰ ਜੋਜ਼ੀਲਾ ਜਿੱਤ ਲਿਆ ਗਿਆ। ਕਾਰਗਿਲ ਨੂੰ ਜਾਣ ਵਾਲਾ ਰਸਤਾ ਖੁੱਲ੍ਹ ਗਿਆ ਤੇ ਲੱਦਾਖ ਸੁਰੱਖਿਅਤ ਹੋ ਗਿਆ। ...... ਉੱਤਰੀ ਮੁਹਿੰਮ ਦੀ ਕਹਾਣੀ 31 ਅਕਤੂਬਰ 1947 ਨੂੰ ਹੀ ਸ਼ੁਰੂ ਹੋਈ ਜਦੋਂ ਗਿਲਗਿਤ ਵਿੱਚ ਇਕ ਤਰ੍ਹਾਂ ਦਾ ਰਾਜ-ਪਲਟਾ ਹੋਇਆ ਜਿਸ ਦੀ ਅਗਵਾਈ ਗਿਲਗਿਤ ਸਕਾਊਟ ਦੇ ਮੁਖੀ ਦੋ ਬਰਤਾਨਵੀ ਅਫ਼ਸਰਾਂ ਮੇਜਰ ਡਬਲਯੂ ਏ ਬਰਾਊਨ ਤੇ ਕੈਪਟਨ ਏ. ਐਸ. ਮੇਥੀਸਿਨ ਕਰ ਰਹੇ ਸਨ..... ਮੇਜਰ ਨੇ ਪਾਕਿਸਤਾਨ ਨਾਲ ਮਿਲਣ ਦਾ ਫ਼ੈਸਲਾ ਕਰ ਲਿਆ। ਪਾਕਿਸਤਾਨ ਦਾ ਨਿਸ਼ਾਨਾ ਅਸਕਰਦੂ ਸੀ ਜਿਹੜਾ ਕਿ ਗਿਲਗਿਤ ਲੇਹ ਸੜਕ ਤੇ ਇਕ ਵੱਡਾ ਕੇਂਦਰ ਸੀ। 15 ਫਰਵਰੀ 1948 ਨੂੰ ਅਸਕਰਦੂ ਦਾ ਘੇਰਾ ਸ਼ੁਰੂ ਹੋਇਆ ਤੇ 14 ਅਗਸਤ ਨੂੰ ਵੈਰੀ ਨੇ ਅਸਕਰਦੂ 'ਤੇ ਅਧਿਕਾਰ ਕਰ ਲਿਆ। ਜੋਜ਼ੀਲਾ ਦਾ ਯੁੱਧ ਇਸ ਪਿਛੋਕੜ ਵਿੱਚ ਹੀ ਲੜਿਆ ਗਿਆ।

ਮੇਜਰ ਜਨਰਲ ਕੇ. ਐਸ. ਥਮੱਈਆ ਨੇ 77 ਪੈਰਾ ਬਰਿਗੇਡ ਨੂੰ 29 ਅਗਸਤ ਨੂੰ ਹਮਲਾ ਕਰਨ ਲਈ ਹੁਕਮ ਦਿੱਤਾ ਤੇ ਹਮਲਾ ਪਹਿਲੀ ਸਤੰਬਰ ਨੂੰ ਸ਼ੁਰੂ ਹੋ ਗਿਆ। ਦੁਸ਼ਮਣ ਡਟਿਆ ਰਿਹਾ ਤੇ ਹਮਲਾ ਅਸਫਲ ਹੋ ਗਿਆ। 77 ਪੈਰਾ ਬਰਿਗੇਡ ਨੂੰ ਗੋਲਾਬਾਰੀ ਕਰਨ ਦੀ ਤਾਕਤ ਦੁਸ਼ਮਣ ਨੂੰ ਉਚਾਣਾਂ ਤੋਂ ਖਦੇੜਨ ਲਈ ਦਰਕਾਰ ਸੀ ਕਿਉਂਕਿ ਉਹ ਜੋਜ਼ੀਲਾ ਦੀਆਂ ਚੋਟੀਆਂ ਤੇ ਕਾਬਜ਼ ਸੀ। ਜਨਰਲ ਕੇ.ਐਸ. ਥਮੱਈਆ ਨੇ ਸਟੂਅਰਟ ਐਮ.ਕੇ. VI ਟੈਂਕਾਂ ਦਾ ਇਕ ਸੁਕੈਡਰਨ 7ਵੀਂ ਲਾਇਟ ਕੈਵਲਰੀ ਦੇ ਲੈਫਟੀਨੈਂਟ ਕਰਨਲ ਰਾਜਿੰਦਰ ਸਿੰਘ ਦੀ ਕਮਾਨ ਹੇਠ ਹਮਲਾ ਕਰਨ ਲਈ ਭੇਜਿਆ। ਇਸ ਤਰ੍ਹਾਂ 11 ਟਨ ਟੈਂਕਾਂ ਦੀ ਸੀ ਕੰਪਨੀ ਨੂੰ ਬਾਲਤਾਲ ਜਾਣ ਦਾ ਹੁਕਮ ਦਿੱਤਾ ਗਿਆ।[3]

ਪਰੰਤੂ ਟੈਂਕਾਂ ਨੂੰ ਹਮਲਾ ਕਰਨ ਲਈ ਸੜਕ ਦੀ ਜ਼ਰੂਰਤ ਸੀ। ਟੈਂਕਾਂ ਦੀ ਚੌੜਾਈ ਅਨੁਸਾਰ ਤੇ ਉਹਨਾਂ ਦਾ ਬੋਝ ਝੱਲਣ ਲਈ 8 ਕਿਲੋਮੀਟਰ ਮਜ਼ਬੂਤ ਤੇ ਚੌੜਾ ਰਸਤਾ ਤਿਆਰ ਕਰਨ ਦੀ ਲੋੜ ਸੀ। ਇੰਜਨੀਅਰਾਂ ਨੇ 20 ਦਿਨਾਂ ਵਿੱਚ ਰਸਤਾ ਤਿਆਰ ਕਰ ਲਿਆ। 15 ਅਕਤੂਬਰ ਨੂੰ ਜੋਜ਼ੀਲਾ 'ਤੇ ਹਮਲਾ ਕਰਨ ਦੀ ਤਿਆਰੀ ਹੋ ਗਈ। ਪਹਿਲੀ ਨਵੰਬਰ ਨੂੰ ਹਮਲਾ ਕੀਤਾ ਗਿਆ। ਬਹੁਤ ਸਾਰੇ ਹੈਰਾਨ ਪ੍ਰੇਸ਼ਾਨ ਪਾਕਿਸਤਾਨੀਆਂ ਨੂੰ ਗੁਫ਼ਾਵਾਂ ਤੇ ਖੱਡਾਂ 'ਚੋਂ ਲੱਭ-ਲੱਭ ਕੇ ਮੌਤ ਦੇ ਘਾਟ ਉਤਾਰਿਆ ਗਿਆ। 24 ਨਵੰਬਰ ਨੂੰ ਕਾਰਗਿਲ ਤੇ ਦੁਬਾਰਾ ਅਧਿਕਾਰ ਕਰ ਲਿਆ ਗਿਆ ਤੇ ਲੇਹ ਨਾਲ ਸੰਪਰਕ ਕਾਇਮ ਹੋ ਗਿਆ। ਇਸ ਦਾ ਸਿਹਰਾ ਲੈਫਟੀਨੈਂਟ ਰਾਜਿੰਦਰ ਸਿੰਘ ਸਪੈਰੋ ਨੂੰ ਜਾਂਦਾ ਹੈ।

1965 ਈ: ਦੀ ਹਿੰਦ ਪਾਕ ਜੰਗ ਵਿੱਚ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਨੇ 6 ਤੋਂ 22 ਸਤੰਬਰ 1965 ਈ: ਦੇ ਦੌਰਾਨ ਜਦੋਂ ਪਾਕਿਸਤਾਨ ਦੇ ਵਿਰੁੱਧ ਫ਼ੌਜ ਦੀ ਕਾਰਵਾਈ

ਕੀਤੀ। ਸਿਆਲਕੋਟ ਸੈਕਟਰ ਵਿੱਚ, ਆਪਣੇ ਤੋਂ ਵੱਧ ਗਿਣਤੀ ਵਿੱਚ ਅਤੇ ਚੰਗੇ ਹਥਿਆਰਾਂ ਨਾਲ ਲੈਸ ਹੋਏ ਵੈਰੀ ਦੇ ਵਿਰੁੱਧ, ਜਨਰਲ ਰਾਜਿੰਦਰ ਸਿੰਘ ਸਪੈਰੋ ਨੇ ਲੜਾਈ ਵਿੱਚ ਆਪਣੇ ਜੁਆਨਾਂ ਦੀ ਅਗਵਾਈ ਕੀਤੀ। ਇਹਨਾਂ ਦੀ ਸਿਆਣਪ ਭਰੀ ਅਗਵਾਈ ਤੇ ਪੈਂਤੜੇਬਾਜ਼ੀ ਤੇ ਸੂਝ ਭਰੀ ਯੋਗਤਾ ਦੇ ਕਾਰਨ, ਇਹਨਾਂ ਦੇ ਜੁਆਨਾਂ ਨੇ ਦੁਸ਼ਮਣ ਦੇ ਟੈਂਕਾਂ ਨੂੰ ਵੱਡੀ ਗਿਣਤੀ ਵਿੱਚ ਬਰਬਾਦ ਕਰ ਦਿੱਤਾ। ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ, ਰਣ ਖੇਤਰ ਵਿੱਚ ਜਾ ਕੇ ਉਹਨਾਂ ਟੈਂਕਾਂ ਵਾਲੇ ਜੁਆਨਾਂ ਦਾ ਹੌਸਲਾ ਵਧਾਇਆ ਤੇ ਵੈਰੀ ਨੂੰ ਮਾਤ ਪਾਈ। ਉਹਨਾਂ ਨੇ ਵੈਰੀ ਸੈਨਾ ਦੀ ਬੜੀ ਗੁੰਝਲਦਾਰ ਬਕਤਰਬੰਦ ਵਿਉਂਤਬੰਦੀ ਨੂੰ ਬੜੇ ਸਲਾਹੁਣਯੋਗ ਢੰਗ ਨਾਲ ਸਰ ਕੀਤਾ ਤੇ ਲੜਾਈ ਵਿੱਚ ਦੁਸ਼ਮਣ ਦੀਆਂ ਟੈਂਕ ਪਲਟਣਾਂ ਦੇ ਪੈਰ ਉਖਾੜ ਦਿੱਤੇ। ਵੈਰੀ ਉੱਪਰ ਉਸ ਨੇ ਇਸ ਵਧੀਆ ਢੰਗ ਨਾਲ ਦਬਾ ਪਾਇਆ ਤੇ ਦੁਸ਼ਮਣ 'ਤੇ ਐਸੀ ਚੜ੍ਹਤਲ ਹੋਈ ਕਿ ਲੜਾਈ ਵਿੱਚ ਵੈਰੀ ਜੰਗ ਤੋਂ ਭੱਜਦਾ ਸੀ ਤੇ ਉਸ ਨੂੰ ਭਾਲ ਕੇ ਤਬਾਹ ਕਰਨਾ ਪਿਆ।

ਉਸ ਨੇ ਫਿਲੌਰਾ ਤੇ ਚਵਿੰਡਾ 'ਤੇ ਕਬਜ਼ਾ ਕੀਤਾ ਅਤੇ ਦੁਸ਼ਮਣ ਦੇ 200 ਤੋਂ ਵੱਧ ਟੈਂਕਾਂ ਨੂੰ ਬਰਬਾਦ ਕੀਤਾ। ਸਿਆਲਕੋਟ ਖੇਤਰ ਵਿੱਚ ਫਿਲੌਰਾ ਤੇ ਚਵਿੰਡਾ ਨਾਮੀ ਥਾਵਾਂ ਦੇ ਸਰਵਕਾਲੀਨ ਸਮਿਆਂ ਦੇ ਇਸ ਵੱਡੇ ਘੱਲੂਘਾਰੇ ਦੀ ਵਾਰਤਾ ਦੱਸਦੀਆਂ ਹਨ। ਇਸ ਥਾਂ 'ਤੇ ਮੇਜਰ ਜਨਰਲ ਰਾਜਿੰਦਰ ਸਿੰਘ ਜਿਨ੍ਹਾਂ ਦੀ ਪਿਆਰ ਦੀ ਅੱਲ "ਸਪੈਰੋ" ਹੈ ਪਾਕਿਸਤਾਨ ਦੀ ਫ਼ੌਜ ਤੇ ਉਸ ਦੇ ਵਧੀਆ ਸ਼ਸਤਰਾਂ ਦੇ ਘੁਮੰਡ ਨੂੰ ਤੋੜ ਕੇ ਕੌਮੀ ਸ਼ਾਨ ਨੂੰ ਉੱਚਾ ਕੀਤਾ। ਉਸ ਨੇ "ਚਿੜੀਓਂ ਸੇ ਬਾਜ਼ ਤੜਾਊਂ ਤੇ ਸਵਾ ਲਾਖ ਸੇ ਏਕ ਲੜਾਊਂ" ਦੇ ਪ੍ਰਸਿੱਧ ਵਾਕ ਦਾ ਜੀਂਦਾ ਜਾਗਦਾ ਪ੍ਰਮਾਣ ਦਿੱਤਾ।

ਲੜਾਈ ਦੇ ਪਹਿਲੇ ਦਿਨ ਹੀ ਜਨਰਲ ਸਪੈਰੋ ਨੇ ਦੁਸ਼ਮਣ ਦੇ 69 ਟੈਂਕ ਬਰਬਾਦ ਕਰ ਦਿੱਤੇ। ਮਸ਼ਹੂਰ ਜਰਮਨ ਜਰਨੈਲ ਰੋਮੇਲ ਨੇ ਦੁਨੀਆਂ ਦੀ ਦੂਜੀ ਲੜਾਈ ਵਿੱਚ ਟੈਂਕਾਂ ਦੀ ਸਭ ਤੋਂ ਵੱਡੀ ਲੜਾਈ ਲੜੀ ਸੀ, ਉਹ ਵੀ ਸਿੱਖਾਂ ਦੀ ਇਸ ਕੌਮੀ ਜਿੱਤ ਦਾ ਟਾਕਰਾ ਨਾ ਕਰ ਸਕਦੇ ਜੋ ਇਸ ਸਿੱਖ ਨਾਇਕ ਨੇ ਕਰ ਵਿਖਾਇਆ। ਸਿਆਲਕੋਟ ਖੇਤਰ ਵਿੱਚ ਵੈਰੀ ਨੂੰ ਬਹੁਤ ਭਾਰੀ ਨੁਕਸਾਨ ਉਠਾਉਣਾ ਪਿਆ ਤੇ ਸਾਡੀਆਂ ਫ਼ੌਜਾਂ ਨੇ ਰਣਭੂਮੀ 'ਚੋਂ ਦੁਸ਼ਮਣ ਨੂੰ ਦੁੜਾ ਦਿੱਤਾ। ਇਸ ਜਿੱਤ ਨੇ ਇਤਿਹਾਸ ਤੇ ਆਪਣੀ ਅਮਿੱਟ ਛਾਪ ਛੱਡ ਕੇ ਸਿੱਧ ਕਰ ਦਿੱਤਾ ਹੈ ਕਿ ਜਦ ਤੱਕ ਸਿੱਖ ਭਾਰਤੀ ਸੀਮਾ ਜਾਂ ਲੜਾਈ ਦੇ ਮੈਦਾਨ ਵਿੱਚ ਦੇਸ਼ ਦੀ ਰੱਖਿਆ ਕਰ ਰਹੇ ਹਨ ਤਾਂ ਕੋਈ ਵੀ ਦੁਸ਼ਮਣ ਭਾਵੇਂ ਉਸ ਦੀ ਕਿਤਨੀ ਵੀ ਤਾਕਤ ਹੋਵੇ, ਉਸ ਦਾ ਉਹੋ ਹਾਲ ਹੋਵੇਗਾ ਜੋ ਪਾਕਿਸਤਾਨੀ ਫ਼ੌਜ ਦਾ ਹੋਇਆ।

ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਨੂੰ ਇਸ ਲੜਾਈ ਵਿੱਚ ਬਹਾਦਰੀ ਵਿਖਾਉਣ ਲਈ ਇਕ ਵਾਰ ਫਿਰ ਮਹਾਵੀਰ ਚੱਕਰ (ਬਾਰ ਤੋਂ ਮਹਾਵੀਰ ਚੱਕਰ) ਪ੍ਰਾਪਤ ਹੋਇਆ। 1 ਬਕਤਰਬੰਦ ਸੈਨਾ ਦੇ ਜਨਰਲ ਅਫ਼ਸਰ ਕਮਾਂਡਿੰਗ ਵਜੋਂ ਉਸ ਦੇ ਸਮਕਾਲੀਆਂ ਵਿੱਚ ਉਸਦੀ ਹਰ ਥਾਂ ਚਰਚਾ ਸੀ।

ਉਹ ਪ੍ਰਸਿੱਧੀ ਦੇ ਸਿਖਰ ਦੁਪਹਿਰੇ 1966 ਈ: ਵਿੱਚ ਰਿਟਾਇਰ ਹੋ ਗਿਆ।

ਫਰਵਰੀ 1967 ਵਿੱਚ ਉਸ ਨੇ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਵਿੱਚ ਇਕ ਆਜ਼ਾਦ ਉਮੀਦਵਾਰ ਵਜੋਂ ਭਾਗ ਲਿਆ ਤੇ ਜਿੱਤ ਗਿਆ। ਉਸ ਨੇ ਸਾਂਝੇ ਮੋਰਚੇ ਦੀ ਸਰਕਾਰ ਵਿੱਚ ਪੂਰੇ ਮੰਤਰੀ ਵਜੋਂ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵਿੱਚ 8 ਮਾਰਚ 1967 ਨੂੰ ਸਹੁੰ ਚੁੱਕੀ। ਇਹ ਮੰਤਰੀ ਮੰਡਲ 22 ਨਵੰਬਰ 1967 ਈ: ਤੱਕ ਹੀ ਰਿਹਾ। ਲਛਮਣ ਸਿੰਘ ਗਿੱਲ ਦਲਬਦਲੀ ਕਰ ਗਿਆ ਤੇ ਉਸ ਨੇ 25 ਨਵੰਬਰ ਨੂੰ ਮੁੱਖ ਮੰਤਰੀ ਵਜੋਂ ਹਲਫ ਲਿਆ।

ਰਾਜਿੰਦਰ ਸਿੰਘ ਸਪੈਰੋ ਨੇ ਮਗਰੋਂ ਕਾਂਗਰਸ ਵਿੱਚ ਸ਼ਮੂਲੀਅਤ ਕਰ ਲਈ ਤੇ 1979 ਅਤੇ 1985 ਵਿੱਚ ਕਾਂਗਰਸ ਉਮੀਦਵਾਰ ਵਜੋਂ ਚੋਣਾਂ ਲੜ ਕੇ ਦੋ ਵਾਰ ਜਿੱਤ ਪ੍ਰਾਪਤ ਕੀਤੀ। ਉਹ ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਸੀ। ਉਸ ਨੂੰ 1985 ਈ: ਵਿੱਚ ਕੁੱਲ 489049 ਵੋਟਾਂ ਦਾ 50.77% ਭਾਵ 248276 ਵੋਟਾਂ ਪਈਆਂ।

ਉਹ ਵਧੀਆ ਇਨਸਾਨ ਸੀ ਜੋ ਸਰੀਰਕ ਤੇ ਦਿਮਾਗ਼ੀ ਤੌਰ ਤੇ ਨਰੋਈ ਤੇ ਅਰੋਗ ਸਿਹਤ ਦਾ ਮਾਲਕ ਸੀ। ਉਹ ਇਕ ਸਰਬ ਪੱਖੀ ਖਿਡਾਰੀ ਸੀ ਤੇ ਉਸ ਨੇ ਦੂਰ-ਦੂਰ ਤੱਕ ਭ੍ਰਮਣ ਵੀ ਕੀਤਾ ਸੀ।

ਜਦੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਿਆ ਤਾਂ ਉਸ ਨਾਲ ਜਨਾਰਦਨ ਠਾਕਰ ਨੇ ਇੰਟਰਵਿਊ ਕੀਤੀ। ਜਨਾਰਦਨ ਠਾਕਰ ਨੇ ਪੁੱਛਿਆ, "ਤੁਹਾਡੀ ਸਫਲਤਾ ਦਾ ਭੇਤ ਕੀ ਹੈ ?"

ਉਸ ਨੇ ਕਿਹਾ, "ਸਹੀ ਤੇ ਤੁਰਤ ਫੁਰਤ ਸੋਚਣਾ ਤੇ ਸੰਤੁਲਤ ਫ਼ੈਸਲੇ ਲੈਣਾ।" ਫਿਰ ਉਸ ਨੇ ਹੋਰ ਕਿਹਾ ਕਿ ਉਸ ਨੇ ਸਦਾ ਹੀ ਸਾਦਗੀ ਵਾਲਾ, ਪਾਕ ਸਿਹਤਮੰਦ ਤੇ ਸੰਜਮੀ ਜੀਵਨ ਜੀਵਿਆ ਹੈ। ਇਹ ਮੁੱਢਲੀ ਸਿਖਲਾਈ ਜਿਸ ਦੀ ਵਰਤੋਂ ਉਸ ਨੇ ਦਿਮਾਗ਼ ਤੇ ਸਰੀਰ ਲਈ ਕੀਤੀ, ਪਹਿਲਾ ਮੁੱਖ ਲੱਛਣ ਸੀ, ਜੋ ਸਫਲਤਾ ਪ੍ਰਾਪਤ ਕਰਨ ਲਈ ਸਹਾਈ ਸਿੱਧ ਹੋਇਆ। ਉਹਦੀ ਸਫਲਤਾ ਦਾ ਦੂਸਰਾ ਭੇਤ ਸੁਚੇਤ ਹੋ ਕੇ ਤੇ ਸਹੀ ਨਿਰਣਾ ਲੈ ਕੇ, ਜਿੱਥੋਂ ਤੱਕ ਸੰਭਵ ਸੀ, ਕਿੱਤੇ ਦੀ ਸਹੀ ਚੋਣ ਕਰਕੇ ਜੀਵਨ ਦਾ ਉਦੇਸ਼ ਨਿਰਧਾਰਿਤ ਕਰਨਾ ਸੀ। ਉਸ ਨੇ ਸਦਾ ਇਸ ਕਹਾਵਤ 'ਤੇ ਵਿਸ਼ਵਾਸ ਤੇ ਸ਼ਕਤੀ ਨਾਲ ਪਹਿਰਾ ਦਿੱਤਾ ਕਿ ਜ਼ਿੰਦਗੀ ਦੀ ਦੌੜ ਵਿੱਚ ਉਦੇਸ਼ ਤੇ ਨਜ਼ਰਾਂ ਗੱਡ ਕੇ ਹਿੱਸਾ ਲਵੋ।"

ਜੋ ਕੁਝ ਉਸ ਨੂੰ ਪ੍ਰਾਪਤ ਹੋਇਆ, ਉਸ ਉੱਪਰ ਉਸ ਨੂੰ ਮਾਨ ਸੀ। ਉਸ ਨੇ ਕਿਹਾ, "ਛੋਟੀ ਉਮਰ ਤੋਂ ਹੀ ਜਿਸ ਜੰਗ ਵਿੱਚ ਮੈਂ ਹਿੱਸਾ ਲੈਂਦਾ ਰਿਹਾ, ਉਹ ਜਿੱਤਦਾ ਹੀ ਰਿਹਾ।" ਉਹ ਆਪਣੇ ਆਪ ਨੂੰ ਅੰਤਰ-ਰਾਸ਼ਟਰੀ "ਸ਼ੁਹਰਤ ਦਾ ਸੁਆਮੀ" ਜਰਨੈਲ ਖ਼ਿਆਲ ਕਰਦਾ ਸੀ ਤੇ ਇਹ ਠੀਕ ਵੀ ਸੀ।

ਇਕ ਸਿਆਸਤਦਾਨ ਵਜੋਂ, ਉਹ ਸਿਆਸਤ ਵਿੱਚ ਦਾਖ਼ਲ ਹੋਣ ਵਾਲੇ ਦੂਸਰੇ ਜਰਨੈਲਾਂ ਨਾਲੋਂ, ਵਧੇਰੇ ਕਾਮਯਾਬ ਰਿਹਾ। ਉਹ ਪੰਜਾਬ ਵਿੱਚ ਮੰਤਰੀ ਵੀ ਰਿਹਾ, ਦੋ ਵਾਰ ਲੋਕ-ਸਭਾ ਦਾ ਮੈਂਬਰ ਵੀ ਤੇ ਪੰਜਾਬ ਪਰਦੇਸ਼ ਕਾਂਗਰਸ ਦਾ ਪ੍ਰਧਾਨ ਵੀ।

ਪਰੰਤੂ ਸਮਾਂ ਬੜਾ ਬਿਖੜਾ ਸੀ ਤੇ ਪੰਜਾਬ ਦੀ ਸਥਿਤੀ 'ਨੀਲਾ ਤਾਰਾ ਸਾਕਾ' ਪਿੱਛੋਂ

ਬੜੀ ਨਾਜ਼ੁਕ ਤੇ ਸੰਵੇਦਨਸ਼ੀਲ। ਫ਼ੌਜੀ ਹਮਲੇ ਬਾਰੇ ਉਸ ਨੇ ਸਾਰੇ ਸੁਆਲ ਟਾਲਦਿਆਂ ਕਿਹਾ, "ਬੀਤੀਆਂ ਗੱਲਾਂ ਨੂੰ ਭੁਲਾ ਦੇਣਾ ਹੀ ਚੰਗਾ ਹੈ। ਉਸ ਦਾ ਇਹ ਵਿਚਾਰ ਹੈ ਕਿ ਰਾਸ਼ਟਰ ਦੀ ਸਥਿਰਤਾ ਤੇ ਏਕਤਾ ਕਾਇਮ ਰੱਖੀ ਜਾਣੀ ਚਾਹੀਦੀ ਹੈ। ਉਹ ਇਸ ਪੱਖੋਂ ਸੁਚੇਤ ਸੀ ਕਿ ਗੜਬੜ ਕਰਨ ਵਾਲੇ ਸੰਪਰਦਾਇਕਤਾ ਦੇ ਬੀ ਬੀਜਣ ਵਾਲੇ, ਸਮਾਜ ਵਿਰੋਧੀ ਅਨਸਰ ਤੇ ਜਾਸੂਸੀ ਕਰਨ ਵਾਲੇ ਮੁਲਕ ਦੇ ਦੁਸ਼ਮਣ ਹਨ ਤੇ ਉਹਦਾ ਵਿਸ਼ਵਾਸ ਸੀ ਕਿ ਸਾਨੂੰ ਸਿਆਣਪ ਭਰੀ ਸੋਚ ਤੇ ਚਤੁਰਤਾ ਭਰਪੂਰ ਕਾਰਜ ਕਰਕੇ ਆਪਣੇ ਉਦੇਸ਼ ਉੱਪਰ ਅੱਖਾਂ ਗੱਡ ਦੇਣੀਆਂ ਚਾਹੀਦੀਆਂ ਹਨ।"

ਪਰੰਤੂ ਸਮਾਂ ਤੇ ਉਮਰ ਉਹਦੇ ਨਾਲ ਨਹੀਂ ਸਨ। ਉਹ ਅੱਠ ਦਹਾਕੇ ਦੀ ਅਮੀਰ ਜ਼ਿੰਦਗੀ ਮਾਣ ਕੇ 20ਵੀਂ ਸਦੀ ਦੇ ਆਖ਼ਰੀ ਦਹਾਕੇ ਵਿੱਚ ਪਰਲੋਕ ਗਮਨ ਕਰ ਗਿਆ।

ਮੇਜਰ ਜਨਰਲ ਰਾਜਿੰਦਰ ਸਿੰਘ ਦੀ ਪਤਨੀ ਸੋਨੀਆ ਰਾਜਿੰਦਰ ਸਿੰਘ 2005 ਈ: ਵਿਚ ਚੰਗੀ ਸਿਹਤ ਵਿਚ ਹਨ। ਉਹਨਾਂ ਦੇ ਦੋ ਬੇਟੇ ਹਨ। ਛੋਟਾ ਬੇਟਾ ਲੈਫ. ਜਨਰਲ ਤੇਜਿੰਦਰ ਸਿੰਘ ਸ਼ੇਰਗਿੱਲ ਰਿਟਾਇਰਮੈਂਟ ਉਪ੍ਰੰਤ ਅੱਜਕਲ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਹਨ। ਉਹਨਾਂ ਨੇ ਵੀ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ ਤੇ ਸ਼ੋਭਾ ਵਧਾਈ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਿੱਖ, ਵੀਰਤਾ ਦੇ ਚਿੱਤਰ, ਪੰਨਾ 59
2. ਉਹੀ, ਪੰਨਾ 77
3. ਉਹੀ, ਪੰਨਾ 57
4. ਮੋਹਨ ਗੁਰੂ ਸਵਾਮੀ, 1998 ਇੰਡੀਅਨ ਐਕਸਪ੍ਰੈਸ ਨਿਊਜ ਪੇਪਰਜ਼।
5. ਸਿੱਖ, ਵੀਰਤਾ ਦੇ ਚਿੱਤਰ ਦਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ 81-82
6. ਉਹੀ, ਪੰਨਾ 59-60

## ਭਾਗ ਚੌਥਾ

# ਸਿੱਖ ਅਣਖ ਦੇ ਪਹਿਰੇਦਾਰ

# ਸੰਤ ਜਰਨੈਲ ਸਿੰਘ ਭਿੰਡਰਾਂਵਾਲਾ

ਹਰ ਵਿਅਕਤੀ ਦੀ ਸ਼ਖ਼ਸੀਅਤ ਦੇ ਦੋ ਪਹਿਲੂ ਹੁੰਦੇ ਹਨ—ਕੁਝ ਹਨੇਰਾ ਪੱਖ ਹੀ ਵੇਖਦੇ ਹਨ ਤੇ ਕੁਝ ਚਾਨਣਾ ਹੀ ਸਾਹਮਣੇ ਰੱਖਦੇ ਹਨ। ਸੰਤ ਜਰਨੈਲ ਸਿੰਘ ਬਾਰੇ ਵੀ ਕੁਝ ਅਜਿਹਾ ਹੀ ਵਾਪਰਿਆ ਹੈ। ਕੁਝ ਲੋਕਾਂ ਨੇ ਉਸ ਨੂੰ ਪੂਰੀ ਤਰ੍ਹਾਂ ਸਮਝੇ ਬਿਨਾਂ 'ਅੱਤਵਾਦੀ' ਤੇ ਹਿੰਦੂਆਂ ਦਾ ਦੁਸ਼ਮਣ ਤੇ ਵੱਖਵਾਦੀ ਕਹਿ ਕੇ ਬਦਨਾਮੀ ਦੀ ਹੱਦ ਤੱਕ ਭੰਡਿਆ ਤੇ ਉਹਦੇ ਸ਼ਰਧਾਲੂਆਂ ਨੇ ਉਸ ਨੂੰ ਕਰਾਮਾਤੀ ਸ਼ਕਤੀਆਂ ਦਾ ਮਾਲਕ ਕਹਿ ਕੇ ਬੇਲੋੜੀ ਵਡਿਆਈ ਕੀਤੀ। ਗੱਲ ਕੀ ਦੋਹਾਂ ਧਿਰਾਂ ਲਈ ਉਹ ਬੁਝਾਰਤ ਹੀ ਬਣਿਆ ਰਿਹਾ। ਪਰੰਤੂ ਇਕ ਤੱਥ ਸੂਰਜ ਵਾਂਗ ਰੌਸ਼ਨ ਹੈ ਕਿ ਉਸ ਨੇ ਦਮਦਮੀ ਟਕਸਾਲ ਦੇ ਮੁਖੀ ਹੁੰਦਿਆਂ ਸਿਰਫ਼ 7 ਸਾਲਾਂ ਦੇ ਸਮੇਂ ਵਿੱਚ ਆਪਣੀ ਚੁੰਬਕੀ ਸ਼ਕਤੀ ਨਾਲ ਰਿਵਾਇਤੀ ਅਕਾਲੀ ਦਲ ਦੀ ਸ਼ਾਖ ਨੂੰ ਬੌਣਾ ਬਣਾ ਦਿੱਤਾ, ਪੰਜਾਬ ਵਿੱਚ ਆਪਣੇ ਤੇਜ਼ ਤਰਾਰ ਸੁਭਾਅ ਨਾਲ ਬੇਚੈਨੀ ਫੈਲਾ ਦਿੱਤੀ ਤੇ ਸਿਆਸਤ ਬਾਰੇ ਅਨਾੜੀ ਹੋਣ ਦੇ ਬਾਵਜੂਦ ਵੱਡੇ-ਵੱਡੇ ਘਾਗ ਸਿਆਸਤਦਾਨਾਂ ਨੂੰ ਆਪਣੇ ਚੱਕਰ ਕੱਟਣ ਲਾ ਦਿੱਤਾ। ਉਹ ਅਜਿਹਾ ਕੁੰਡਲੀਆਂ ਨਾਗ ਸੀ ਜਿਸ ਨੂੰ ਕੋਈ ਵੀ ਸਿਆਸੀ ਜਾਂ ਧਾਰਮਿਕ ਮਾਂਦਰੀ ਕੀਲ ਨਾ ਸਕਿਆ। ਉਹਦਾ ਉਭਾਰ ਪੰਜਾਬ ਲਈ ਵਰ ਸੀ ਕਿ ਸਰਾਪ, ਇਹ ਬੜੇ ਚਿਰ ਲਈ ਇਕ ਵਿਵਾਦ ਦਾ ਵਿਸ਼ਾ ਬਣਿਆ ਰਹੇਗਾ, ਪਰ ਉਸ ਨੇ 1977 ਤੋਂ 1984 ਤੱਕ ਦੇ ਸਮੇਂ ਵਿੱਚ ਪੰਜਾਬ ਦੀ ਜਲਵਾਯੂ ਨੂੰ ਆਪਣੀ ਮੁੱਠੀ ਵਿੱਚ ਕਰ ਲਿਆ ਸੀ। ਦਿੱਲੀ ਤੋਂ ਅੰਮ੍ਰਿਤਸਰ ਤੱਕ 'ਭਿੰਡਰਾਂਵਾਲੇ' ਦੇ ਨਾਮ ਦੀ ਹੀ ਗੂੰਜ ਪੈਂਦੀ ਸੀ। ਮੋਰਚਿਆਂ ਦੀ ਸਿਆਸਤ 'ਤੇ ਕੱਚੇ ਪਿੱਲੇ ਸਮਝੌਤਿਆਂ ਤੇ ਲਾਰਿਆਂ ਦੀ ਚਾਣਕਿਆ ਨੀਤੀ ਦੀਆਂ ਲੂੰਮੜ ਚਾਲਾਂ ਦੇ ਬਖੀਏ ਉਧੇੜਨ ਵਿੱਚ ਉਹ ਬੇਜੋੜ ਸੀ। ਦਰਸ਼ਨ ਸਿੰਘ ਫੇਰੂਮਾਨ ਪਿੱਛੋਂ ਅਰਦਾਸਾ ਕਰਕੇ ਤੇ ਪ੍ਰਣ ਕਰਕੇ ਜਾਨ ਵਾਰ ਦੇਣ ਵਾਲਾ ਉਹ ਦੂਸਰਾ ਮਰਦਿ-ਮੁਜਾਹਿਦ ਸੀ। ਮੇਜਰ ਗੁਰਮੁਖ ਸਿੰਘ ਠੀਕ ਹੀ ਲਿਖਦਾ ਹੈ : "ਸਿੱਖ ਧਰਮ ਦੀ ਅਜੋਕੇ ਸਮੇਂ ਵਿੱਚ ਉਹ ਅਲੌਕਿਕ ਸ਼ਖ਼ਸੀਅਤ ਸੀ, ਜੋ ਆਪਣੀ ਉਮਰ ਦੇ 37 ਵਰ੍ਹਿਆਂ ਵਿੱਚੋਂ ਕੇਵਲ 7 ਸਾਲਾਂ ਦੇ ਥੋੜ੍ਹੇ ਜਿਹੇ ਅਰਸੇ ਵਿੱਚ ਹੀ, ਬਿਖੜੇ ਮਾਰਗ ਤੇ ਚੱਲ ਕੇ ਇਕ ਹੌਂਸਲੇ ਤੇ ਜਾਦੂਈ ਤਾਕਤ ਦਾ ਪ੍ਰਗਟਾਵਾ ਕਰਨ ਦੇ ਸਮਰੱਥ ਹੋ ਗਿਆ।[1]

ਉਸ ਦਾ ਜਨਮ ਫਰਵਰੀ 1947 ਵਿੱਚ ਪਿੰਡ ਰੋਡੇ[2] (ਗੁਰੂ ਤੇਗ਼ ਬਹਾਦਰ ਗੜ੍ਹ) ਵਿੱਚ ਪਿਤਾ ਸਰਦਾਰ ਜੋਗਿੰਦਰ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ ਹੋਇਆ। ਮੁੱਢਲੀ

ਵਿੱਦਿਆ ਗੁਰੂ ਤੇਗ਼ ਬਹਾਦਰ ਖ਼ਾਲਸਾ ਹਾਈ ਸਕੂਲ ਰੋਡੇ ਤੋਂ ਲਈ ਪਰ ਪੜ੍ਹਾਈ ਛੇਵੀਂ ਜਮਾਤ ਵਿੱਚ ਹੀ ਛੱਡ ਦਿੱਤੀ। ਉਹ ਸੱਤ ਭਰਾਵਾਂ 'ਚੋਂ ਸਭ ਤੋਂ ਛੋਟਾ ਸੀ। ਮੁੱਢ ਤੋਂ ਹੀ ਉਹ ਧਾਰਮਿਕ ਰੁਚੀਆਂ ਦਾ ਸੁਆਮੀ ਸੀ। ਪੰਜ ਸਾਲ ਦੀ ਉਮਰ ਵਿੱਚ ਹੀ ਉਸ ਨੇ ਖੰਡੇ ਦੀ ਪਾਹੁਲ ਲੈ ਲਈ ਤੇ ਰੋਜ਼ਾਨਾ ਪੰਜ ਬਾਣੀਆਂ ਦਾ ਪਾਠ ਕਰਨਾ ਹਰ ਅੰਮ੍ਰਿਤਧਾਰੀ ਵਾਂਗ ਉਹਦਾ ਨਿੱਤ ਨੇਮ ਦਾ ਕ੍ਰਮ ਸੀ। ਹਲ ਵਾਹੁੰਦਿਆਂ ਵੀ ਉਹ ਜਪੁਜੀ ਸਾਹਿਬ ਦਾ ਪਾਠ ਕਰਦਾ ਸੀ। ਉਹਦੇ ਤੇ ਇਹ ਗੱਲ ਪੂਰੀ ਤਰ੍ਹਾਂ ਲਾਗੂ ਹੁੰਦੀ ਸੀ : "ਮਨ ਕਰਤਾਰ ਵੱਲ, ਹੱਥ ਕਾਰ ਵੱਲ।"

1964 ਈ: ਵਿੱਚ ਉਹ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਜੱਥੇ ਵਿੱਚ ਭਿੰਡਰ ਕਲਾਂ ਪਹੁੰਚ ਗਏ। 1966 ਈ: ਵਿੱਚ ਉਹਨਾਂ ਦਾ ਵਿਆਹ ਬਿਲਾਸਪੁਰ ਦੇ ਨਿਵਾਸੀ ਸ੍ਰ: ਸੁੱਚਾ ਸਿੰਘ ਦੀ ਪੁੱਤਰੀ ਪ੍ਰੀਤਮ ਕੌਰ ਨਾਲ ਹੋ ਗਿਆ। ਇਸ ਵਿਆਹ 'ਚੋਂ ਉਹਨਾਂ ਦੇ ਦੋ ਬੇਟੇ ਹੋਏ—1971 ਈ: ਵਿੱਚ ਈਸ਼ਰ ਸਿੰਘ ਦਾ ਜਨਮ ਹੋਇਆ ਤੇ 1975 ਈ: ਵਿੱਚ ਦੂਸਰਾ ਇੰਦਰਜੀਤ ਸਿੰਘ ਪੈਦਾ ਹੋਇਆ।

1969 ਈ: ਵਿੱਚ ਸੰਤ ਗੁਰਬਚਨ ਸਿੰਘ ਖ਼ਾਲਸਾ ਚੜ੍ਹਾਈ ਕਰ ਗਏ ਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਕਰਤਾਰ ਸਿੰਘ ਖ਼ਾਲਸਾ ਬਣੇ ਜਿਹਨਾਂ ਨੇ ਆਪਣਾ ਟਿਕਾਣਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਬਣਾਇਆ। ਉਹ 16 ਅਗਸਤ 1977 ਈ: ਨੂੰ ਦੁਰਘਟਨਾ ਦਾ ਸ਼ਿਕਾਰ ਹੋ ਗਏ। ਉਸ ਮਗਰੋਂ ਜਰਨੈਲ ਸਿੰਘ 25 ਅਗਸਤ 1977 ਈ: ਨੂੰ ਦਮਦਮੀ ਟਕਸਾਲ ਦੇ ਮੁਖੀ ਬਣਾਏ ਗਏ।

1977 ਤੋਂ 1984 ਈ: ਤੱਕ ਦੇ ਸਮੇਂ ਵਿੱਚ ਪੰਜਾਬ ਦੀ ਸਿਆਸਤ ਵਿੱਚ ਭਿੰਡਰਾਂਵਾਲੇ ਦਾ ਉਭਾਰ ਇਕ ਧੂਮ-ਕੇਤੂ ਵਾਂਗ ਹੋਇਆ। ਪੰਜਾਬ ਵਿੱਚ ਪੱਤਾ ਵੀ ਭਿੰਡਰਾਂਵਾਲੇ ਦੇ ਬਿਨਾਂ ਹਿੱਲਣਾ ਸੰਭਵ ਨਹੀਂ ਸੀ।

ਪੰਜਾਬ ਦੀ ਸਿਆਸਤ ਵਿੱਚ ਜਿਵੇਂ ਸੁਨਾਮੀ ਲਹਿਰਾਂ ਦਾ ਤੂਫ਼ਾਨ ਬਰਪਾ ਹੋ ਗਿਆ। ਕੀ ਕਾਂਗਰਸ, ਕੀ ਅਕਾਲੀ ਉਸ ਦੇ ਸਾਥ ਲਈ ਤਰਸਦੇ ਵੀ ਰਹੇ ਪਰ ਮਗਰੋਂ ਉਸ ਤੋਂ ਇਸ ਤਰ੍ਹਾਂ ਭੈ-ਭੀਤ ਹੁੰਦੇ ਗਏ ਜਿਵੇਂ ਕੋਈ ਬਿਜਲੀ ਦੀਆਂ ਨੰਗੀਆਂ ਤਾਰਾਂ ਤੋਂ ਡਰਦਾ ਹੈ। ਪੰਜਾਬ ਵਿੱਚ ਅਜਿਹੀ ਹਲਚਲ ਮਚ ਗਈ ਕਿ ਸਰਕਾਰ ਹੁੰਦਿਆਂ ਵੀ ਕਾਨੂੰਨ ਦਾ ਰਾਜ ਖ਼ਤਮ ਹੋ ਗਿਆ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸ੍ਰ. ਗੁਰਚਰਨ ਸਿੰਘ ਟੌਹੜਾ ਸੀ ਪਰ ਹੁਕਮ ਜਰਨੈਲ ਸਿੰਘ ਦਾ ਚਲਦਾ ਸੀ। ਅਕਾਲੀ ਦਲ ਦਾ ਪ੍ਰਧਾਨ ਸੰਤ ਹਰਚੰਦ ਲੌਂਗੋਵਾਲ ਸੀ ਪਰ ਅਕਾਲੀ ਦਲ ਨੂੰ ਉਹ ਮੋਰਚਾ ਅਪਣਾਉਣਾ ਪਿਆ ਜੋ ਭਿੰਡਰਾਂਵਾਲੇ ਨੇ ਲਾਇਆ ਸੀ। ਗਿਆਨੀ ਜ਼ੈਲ ਸਿੰਘ ਤੇ ਕਾਂਗਰਸ ਨੇ ਭਿੰਡਰਾਂਵਾਲੇ ਨੂੰ ਅਕਾਲੀ ਦਲ ਦੇ ਟਕਸਾਲੀ ਆਗੂਆਂ ਨੂੰ "ਖੋਟੇ ਸਿੱਕੇ" ਬਣਾਉਣ ਲਈ ਅੱਗੇ ਲਿਆਂਦਾ ਸੀ ਪਰ ਅੰਤ ਉਹ ਆਪ ਹੀ ਉਸ ਦੇ ਦੁਸ਼ਮਣ ਬਣ ਬੈਠੇ।

ਇਹ ਅਗਲੇ 7 ਸਾਲ ਦੀ ਕਹਾਣੀ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਉਭਾਰ ਤੇ ਪਤਣ ਦੀ ਕਹਾਣੀ ਹੈ—ਇੰਦਰਾ ਗਾਂਧੀ ਤੇ ਅਕਾਲੀ ਦਲ ਦੇ ਟਕਰਾਓ ਦੀ ਆਪਸੀ ਵੈਰ-ਭਾਵਨਾ ਦੀ ਕਹਾਣੀ ਹੈ, ਜਰਨੈਲ ਸਿੰਘ ਤੇ ਸੰਤ ਹਰਚੰਦ ਸਿੰਘ ਦੇ ਟਕਰਾਓ ਦੀ ਕਹਾਣੀ ਹੈ। ਇਹ ਲੜਾਈ ਚਾਰ ਦਿਸ਼ਾਵੀਂ ਸੀ ਤੇ ਇਸ ਵਿੱਚ ਸਭ ਤੋਂ ਵਧੇਰੇ ਨੁਕਸਾਨ ਸਿੱਖੀ ਗੌਰਵ ਨੂੰ ਪਹੁੰਚਿਆ, ਭਿੰਡਰਾਂਵਾਲਾ ਸ਼ਹੀਦ ਹੋਇਆ ਤੇ ਇੰਦਰਾ ਗਾਂਧੀ, ਸੰਤ ਹਰਚੰਦ ਸਿੰਘ ਕਤਲ ਕੀਤੇ ਗਏ। ਇਸ ਲੜਾਈ ਵਿੱਚ ਲਾਭ, ਸ਼ਾਇਦ ਕਿਸੇ ਨੂੰ ਵੀ ਨਹੀਂ ਹੋਇਆ। ਪੰਜਾਬ ਫਿਰ ਇਕ ਵਾਰ ਮਜ਼ਲੂਮ ਬਣਿਆ। 1947 ਈ: ਦੇ ਕਾਲੇ ਦਿਨਾਂ ਦੀ ਡਰਾਉਣੀ ਯਾਦ ਹਰ ਇਕ ਦੀਆਂ ਅੱਖਾਂ 'ਚ ਚੱਕਰ ਕੱਟ ਰਹੀ ਸੀ ਤੇ ਸੁਰਜੀਤ ਪਾਤਰ ਦੇ ਸ਼ਬਦਾਂ ਵਿੱਚ 1947 ਈ: 'ਚ ਵਾਰਿਸ ਦੇ ਵੰਡਣ ਪਿੱਛੋਂ 1984 ਈ: ਵਿੱਚ ਸ਼ਿਵ ਨੂੰ ਵੰਡਣ ਦੀ ਵਾਰੀ ਆ ਗਈ ਸੀ।

ਟਕਸਾਲ ਦਾ ਮੁਖੀ ਬਣਦਿਆਂ ਸੰਤ ਜਰਨੈਲ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਬੜੇ ਜੋਸ਼, ਉਤਸਾਹ ਨਾਲ ਕਾਰਜ ਆਰੰਭ ਕੀਤਾ। ਉਸ ਨੇ ਸਿੱਖ ਧਰਮ ਵਿੱਚ ਪਤਿਤਪੁਣੇ ਦੀ ਵੱਧ ਰਹੀ ਮਹਾਂਮਾਰੀ ਨੂੰ ਖ਼ਤਮ ਕਰਨ ਲਈ ਲੱਕ ਬੰਨ੍ਹ ਲਿਆ। ਉਸ ਨੇ ਨਸ਼ਿਆਂ ਵਿਰੁੱਧ ਬੀੜਾ ਉਠਾਇਆ, ਅੰਮ੍ਰਿਤ ਛਕਾਉਣ ਦੀ ਮੁਹਿੰਮ ਛੇੜੀ ਤੇ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਆੜੇ ਹੱਥੀਂ ਲਿਆ। ਦੋ ਕੁ ਸਾਲਾਂ ਵਿੱਚ ਹੀ ਪੰਜਾਬ ਵਿੱਚ "ਕੇਸਰੀ ਦਸਤਾਰਾਂ" ਦਾ ਹੜ੍ਹ ਆ ਗਿਆ ਤੇ ਹਰ ਪਾਸੇ ਅੰਮ੍ਰਿਤਧਾਰੀ ਸਿੰਘ ਹੀ ਦਿਸਣ ਲੱਗ ਪਏ। ਬਹੁਤੇ ਤਾਂ ਡਰ ਕਾਰਨ ਹੀ ਸਿੰਘ ਸਜ ਗਏ। ਸੰਤ ਜਰਨੈਲ ਸਿੰਘ ਦਾ ਸ਼ਬਦ ਹੀ ਕਾਨੂੰਨ ਸੀ।

ਉਸ ਸਮੇਂ ਦੋ ਗੱਲਾਂ ਵਾਪਰੀਆਂ। ਗਿਆਨੀ ਜ਼ੈਲ ਸਿੰਘ ਦੀ ਸ਼ਹਿ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਜਰਨੈਲ ਸਿੰਘ ਦੇ ਅਤਿ ਨੇੜਲੇ ਸਾਥੀ ਭਾਈ ਅਮਰੀਕ ਸਿੰਘ ਨੇ ਬਿਆਸ ਹਲਕੇ ਤੋਂ ਜੱਥੇਦਾਰ ਜੀਵਨ ਸਿੰਘ ਉਮਰਾਨੰਗਰ ਵਿਰੁੱਧ ਅਖਾੜਾ ਮੱਲਿਆ ਪਰ ਹਾਰ ਖਾਧੀ ਤੇ ਉਸ ਪਿੱਛੋਂ ਦਮਦਮੀ ਟਕਸਾਲ ਤੇ ਅਕਾਲੀ ਦਲ ਇਕ ਦੂਸਰੇ ਨੂੰ ਤਿੱਖਾ ਤੇ ਟੇਢਾ ਵੇਖਣ ਲੱਗੇ। ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਸੀ ਤੇ ਉਸ ਦਾ ਮੁਖੀ ਸੀ ਸ੍ਰ. ਪ੍ਰਕਾਸ਼ ਸਿੰਘ ਬਾਦਲ। ਜਰਨੈਲ ਸਿੰਘ ਦੇ ਪ੍ਰਚਾਰ ਦਾ ਰੌਂ ਬਾਦਲ ਵਿਰੋਧੀ ਹੋ ਗਿਆ ਜਿਸ ਨੂੰ ਅੰਦਰਖਾਤੇ ਵਿੰਗੀ ਟੇਢੀ ਹਿਮਾਇਤ ਗੁਰਚਰਨ ਸਿੰਘ ਟੌਹੜਾ ਦੀ ਵੀ ਸੀ।

ਉਸ ਸਮੇਂ 1978 ਈ: ਦੀ ਵਿਸਾਖੀ ਸਮੇਂ ਨਿਰੰਕਾਰੀਆਂ ਨੇ ਆਪਣਾ ਸੰਮੇਲਨ ਅੰਮ੍ਰਿਤਸਰ ਵਿੱਚ ਕੀਤਾ। ਨਿਰੰਕਾਰੀ ਮੁਖੀ ਬਾਬਾ ਗੁਰਬਚਨ ਸਿੰਘ ਨੂੰ ਇੰਦਰਾ ਗਾਂਧੀ ਤੇ ਕਾਂਗਰਸ ਦੀ ਸਰਪ੍ਰਸਤੀ ਪ੍ਰਾਪਤ ਸੀ। ਨਿਰੰਕਾਰੀ ਮੁਖੀ ਸਿੱਖ ਧਰਮ ਤੇ ਸਿੱਖ ਰਿਵਾਇਤਾਂ ਅਤੇ ਪ੍ਰੰਪਰਾਵਾਂ ਤੇ ਲਗਾਤਾਰ ਹਮਲੇ ਕਰ ਰਿਹਾ ਸੀ। ਉਹ ਸਿੱਖ ਧਰਮ ਦੀ ਖਿੱਲੀ ਉਡਾ ਰਿਹਾ ਸੀ। ਸਿੱਖ ਧਰਮ ਦੇ ਉੱਤਮ ਉਪਦੇਸ਼ਾਂ ਨੂੰ ਚੁਣੌਤੀ ਦਿੱਤੀ ਗਈ ਸੀ। ਸ੍ਰੀ ਗੁਰੂ ਨਾਨਕ

ਦਵ ਜਾ ਤ ਸ੍ਰੀ ਗੁਰੂ ਗੋਬਿਦ ਸਿੰਘ ਲਈ ਅਪਮਾਨ ਭਰੇ ਸ਼ਬਦ ਬੋਲਣੇ ਸ਼ੁਰੂ ਕੀਤੇ। ਨਿਰੰਕਾਰੀ ਲਗਭਗ ਇਕ ਦਹਾਕੇ ਤੋਂ ਖ਼ਾਸ ਕਰਕੇ 1971-77 ਈ: ਵਿੱਚ ਜਦੋਂ ਪੰਜਾਬ ਵਿੱਚ ਕਾਂਗਰਸੀ ਸਰਕਾਰ ਸੀ ਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸੀ, ਬੜੇ ਸਰਗਰਮ ਹੋ ਗਏ। ਇਕ ਨਿਰੰਕਾਰੀ ਐਸ.ਐਸ.ਜ. ਛੀਨਾ ਪੰਜਾਬ ਦਾ ਮੁੱਖ ਸਕੱਤਰ ਬਣਾਇਆ ਗਿਆ ਤੇ ਇਕ ਹੋਰ ਉੱਘਾ ਨਿਰੰਕਾਰੀ ਨਿਰੰਜਨ ਸਿੰਘ ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਥਾਪਿਆ ਗਿਆ। ਇਸ ਦੌਰਾਨ ਹੀ ਦਮਦਮੀ ਟਕਸਾਲ ਤੇ ਨਿਰੰਕਾਰੀਆਂ ਦਾ ਵਿਰੋਧ ਸ਼ੁਰੂ ਹੋ ਗਿਆ। ਨਿਰੰਕਾਰੀਆਂ ਵੱਲੋਂ ਸਿੱਖਾਂ ਵਿਰੁੱਧ ਛੇੜੀ ਜੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਮੂਕ ਦਰਸ਼ਕ ਬਣੇ ਰਹੇ। ਦਮਦਮੀ ਟਕਸਾਲ ਤੇ ਨਿਰੰਕਾਰੀਆਂ ਵਿਚਾਲੇ ਜੰਗ ਦੀ ਲਕੀਰ ਤਾਂ ਸੰਤ ਕਰਤਾਰ ਸਿੰਘ ਦੇ ਜਿਊਂਦਿਆਂ ਹੀ ਖਿੱਚੀ ਗਈ ਸੀ ਪਰ ਇਸ ਨੇ ਭਿਆਨਕ ਰੂਪ 1978 ਈਸਵੀ ਦੀ ਵਿਸਾਖੀ ਨੂੰ ਧਾਰ ਲਿਆ।

ਉਸ ਸਮੇਂ ਸ੍ਰ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ-ਭਾਜਪਾ ਸਰਕਾਰ ਕਾਇਮ ਹੋ ਚੁੱਕੀ ਸੀ। ਨਿਰੰਕਾਰੀ ਸੰਮੇਲਨ ਦੀ ਅੰਮ੍ਰਿਤਸਰ ਵਿੱਚ ਉਸ ਸਮੇਂ ਆਗਿਆ ਦੇਣੀ ਜਦੋਂ ਕਿ ਸਿੱਖ ਖ਼ਾਲਸਾ ਪੰਥ ਦਾ ਸਾਜਣਾ ਦਿਵਸ ਮਨਾ ਰਹੇ ਸਨ, ਇਕ ਵੱਡੀ ਭੁੱਲ ਸੀ। ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜੱਥੇ ਨੇ ਸਰਕਾਰ ਦੇ ਫ਼ੈਸਲੇ ਦਾ ਵੀ ਵਿਰੋਧ ਕੀਤਾ ਤੇ ਉਹ ਸੰਮੇਲਨ ਦਾ ਵਿਰੋਧ ਕਰਨ ਨਿਰੰਕਾਰੀਆਂ ਦੇ ਸਮਾਗਮ ਵਿੱਚ ਵੀ ਪਹੁੰਚ ਗਏ। ਉੱਥੇ ਨਿਰੰਕਾਰੀ ਮੰਡਲ ਦੇ ਰਾਖਿਆਂ ਨੇ 13 ਸਿੰਘ ਸ਼ਹੀਦ ਕਰ ਦਿੱਤੇ, 78 ਜ਼ਖ਼ਮੀ ਹੋ ਗਏ। ਨਿਰੰਕਾਰੀਆਂ ਦੀ ਇਸ ਕਰਤੂਤ ਨਾਲ ਸਿੱਖਾਂ ਵਿੱਚ ਜ਼ਬਰਦਸਤ ਗੁੱਸਾ ਫੈਲ ਗਿਆ। ਅਕਾਲ ਤਖ਼ਤ ਵੱਲੋਂ 10 ਜੂਨ, 1978 ਨੂੰ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਹੋ ਗਿਆ : "ਜੋ ਸਿੱਖ ਇਸ ਦੰਭੀ ਤੇ ਪਖੰਡੀ ਅਖੌਤੀ ਨਿਰੰਕਾਰੀ ਸੰਸਥਾ ਦਾ ਅੰਗ ਬਣ ਚੁੱਕੇ ਹਨ, ਉਹਨਾਂ ਤੇ ਉਹਨਾਂ ਦੇ ਆਗੂ ਗੁਰਬਚਨ ਸਿੰਘ ਨਾਲ 'ਖ਼ਾਲਸਾ ਪੰਥ' ਹਰ ਤਰ੍ਹਾਂ ਦਾ ਮੇਲਜੋਲ ਤੇ ਸੰਸਾਰਕ ਸੰਬੰਧ ਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ।"[76] (ਜੱਥੇਦਾਰ ਅਕਾਲਤ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ)

ਸੰਤ ਭਿੰਡਰਾਂਵਾਲਾ ਨਿਰੰਕਾਰੀਆਂ ਵੱਲੋਂ ਕੀਤੇ ਖ਼ੂਨ ਖ਼ਰਾਬੇ ਪਿੱਛੋਂ ਕਾਫ਼ੀ ਚਰਚਿਤ ਹੋ ਗਿਆ। ਅਕਾਲੀ ਦਲ ਦੀ ਪੰਜਾਬ ਸਰਕਾਰ ਤੇ ਕਮਜ਼ੋਰ ਨੀਤੀ ਅਪਣਾਉਣ ਕਾਰਨ ਉਂਗਲਾਂ ਉੱਠਣ ਲੱਗੀਆਂ। ਸੰਤ ਭਿੰਡਰਾਂਵਾਲੇ ਵੱਲੋਂ ਇਹ ਅਰਦਾਸ ਕੀਤੀ ਗਈ : "ਸਾਡੀ ਇਹ ਪ੍ਰਤਿਗਿਆ ਹੈ ਕਿ ਅਸੀਂ ਸ਼ਹੀਦਾਂ ਦਾ ਖ਼ੂਨ ਅਜਾਈਂ ਨਹੀਂ ਜਾਣ ਦਿਆਂਗੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹਰਗਿਜ਼ ਨਹੀਂ ਸਹਾਰਾਂਗੇ। ..... ਸਾਨੂੰ ਆਸ ਹੈ ਕਿ ਸਰਕਾਰ ਤੇ ਅਕਾਲੀ ਦਲ ਸਾਨੂੰ ਨਿਆਂ ਦਿਵਾਉਣਗੇ, ਪਰ ਜੇਕਰ ਇਨਸਾਫ਼ ਨਾ ਮਿਲਿਆ ਤਾਂ ਅਸੀਂ ਕੁਫ਼ਰ ਵਿਰੁੱਧ ਯੁੱਧ ਸ਼ੁਰੂ ਕਰ ਦਿਆਂਗੇ।"

ਯੁੱਧ ਤਾਂ 13 ਅਪ੍ਰੈਲ 1978 ਨੂੰ ਹੀ ਸ਼ੁਰੂ ਹੋ ਗਿਆ, ਪਰੰਤੂ ਇਸ ਨੂੰ ਰੋਕਿਆ ਜਾ ਸਕਦਾ ਸੀ ਜੇ ਕਰ ਨਿਰੰਕਾਰੀਆਂ ਵਿਰੁੱਧ ਕੇਸ ਪੰਜਾਬ ਤੋਂ ਬਾਹਰ ਅਦਾਲਤ ਵਿੱਚ ਨਾ ਲਿਜਾਇਆ ਜਾਂਦਾ ਤੇ ਅਦਾਲਤ ਨਿਆਂ ਕਰਦੀ। ਹੋਇਆ ਇਸ ਦੇ ਉਲਟ। ਨਿਰੰਕਾਰੀਆਂ ਵਿਰੁੱਧ ਕਤਲ ਦਾ ਮੁਕੱਦਮਾ ਅੰਮ੍ਰਿਤਸਰ ਤੋਂ ਕਰਨਾਲ (ਹਰਿਆਣਾ) ਦੀ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਗਿਆ ਤੇ 4 ਜਨਵਰੀ 1980 ਈ: ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਤੇ 62 ਹੋਰ ਮੁਲਜ਼ਮ ਅਦਾਲਤ ਵੱਲੋਂ ਬਰੀ ਕਰ ਦਿੱਤੇ ਗਏ। ਇਸ ਨਾਲ ਸੰਤ ਭਿੰਡਰਾਂਵਾਲੇ ਕ੍ਰੋਧਿਤ ਹੋ ਗਏ।[7]

17 ਜਨਵਰੀ 1980 ਈ: ਨੂੰ ਕੇਂਦਰ ਦੀ ਕਾਂਗਰਸ ਸਰਕਾਰ ਨੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਰਖ਼ਾਸਤ ਕਰ ਦਿੱਤੀ। ਪੰਜਾਬ ਵਿੱਚ ਵੀ ਚੋਣਾਂ ਹੋਈਆਂ ਤੇ ਕਾਂਗਰਸ ਦੀ ਸਰਕਾਰ ਬਣ ਗਈ ਜਿਸ ਦਾ ਮੁਖੀ ਸ੍ਰ: ਦਰਬਾਰਾ ਸਿੰਘ ਬਣਿਆ। ਕੇਂਦਰ ਦੀ ਕਾਂਗਰਸ ਸਰਕਾਰ ਵਿੱਚ ਉਸ ਸਮੇਂ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਸੀ। ਨਿਰੰਕਾਰੀਆਂ ਦੇ ਸੰਮੇਲਨ ਸਮੇਂ ਭਿੰਡਰਾਂਵਾਲਾ ਚਰਚਾ ਵਿੱਚ ਆ ਚੁੱਕਿਆ ਸੀ। ਜਦੋਂ ਨਿਰੰਕਾਰੀ ਮੁਖੀ ਬਰੀ ਹੋ ਗਿਆ ਤਾਂ ਭਿੰਡਰਾਂਵਾਲੇ ਨੇ ਖੁਲ੍ਹੇਆਮ ਕਿਹਾ ਸੀ, "ਜਿਹੜਾ ਇਹਨਾਂ ਨਰਕਧਾਰੀਆਂ ਨੂੰ ਸੋਧੇਗਾ, ਉਸ ਦਾ ਅਕਾਲਤਖ਼ਤ 'ਤੇ ਸਨਮਾਨ ਕੀਤਾ ਜਾਵੇਗਾ ਤੇ ਜੇ ਉਹ ਮੇਰੇ ਪਾਸ ਆਏ ਤਾਂ ਮੈਂ ਉਹਨਾਂ ਨੂੰ ਸੋਨੇ ਬਰਾਬਰ ਤੋਲਾਂਗਾ।"[8]

24 ਅਪ੍ਰੈਲ 1980 ਨੂੰ ਭਾਈ ਰਣਜੀਤ ਸਿੰਘ ਤੇ ਕਾਬਲ ਸਿੰਘ ਨਿਰੰਕਾਰੀ ਮੁਖੀ ਨੂੰ ਉਹਦੇ ਘਰ ਵਿੱਚ ਹੀ ਮਾਰ ਦਿੱਤਾ। ਭਾਈ ਰਣਜੀਤ ਸਿੰਘ 35 ਸਾਲਾਂ ਦਾ ਤਰਖ਼ਾਣ ਸੀ ਤੇ ਉਹ ਨਿਰੰਕਾਰੀ ਬਾਬੇ ਦੇ ਘਰ ਹੀ ਸੇਵਾ ਕਰਦਾ ਸੀ।[9]

ਨਿਰੰਕਾਰੀ ਕਤਲ ਕੇਸ ਵਿੱਚ ਹਿੰਦ ਸਮਾਚਾਰ ਸਮੂਹ ਦੇ ਮੁੱਖ ਸੰਪਾਦਕ ਲਾਲਾ ਜਗਤ ਨਾਰਾਇਣ ਨੇ ਸਿੱਖਾਂ, ਖ਼ਾਸ ਕਰਕੇ ਭਿੰਡਰਾਂਵਾਲੇ ਵਿਰੁੱਧ ਗਰਮ ਜੋਸ਼ੀ ਨਾਲ ਲਿਖਿਆ। 9 ਸਤੰਬਰ 1981 ਈ: ਨੂੰ ਜਗਤ ਨਾਰਾਇਣ ਦਾ ਕਤਲ ਕਰ ਦਿੱਤਾ ਗਿਆ। ਪੰਜਾਬ ਸਰਕਾਰ ਨੇ ਇਸ ਕਤਲ ਪਿੱਛੇ ਭਿੰਡਰਾਂਵਾਲੇ ਦਾ ਹੱਥ ਮੰਨਿਆ ਤੇ ਉਸ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਉਸ ਸਮੇਂ ਹਿਸਾਰ ਜ਼ਿਲ੍ਹੇ ਦੇ ਪਿੰਡ ਚੰਦੋ ਕਲਾਂ ਵਿੱਚ ਪ੍ਰਚਾਰ ਕਰ ਰਿਹਾ ਸੀ। ਉਸ ਨੂੰ ਪਹਿਲਾਂ ਜਾਣਕਾਰੀ ਮਿਲ ਗਈ ਸੀ ਤੇ ਉਹ ਮਹਿਤਾ ਚੌਂਕ ਸੁਰੱਖਿਅਤ ਪਹੁੰਚ ਗਿਆ ਪਰ ਪੁਲਿਸ ਨੇ 12 ਸਤੰਬਰ ਨੂੰ ਚੰਦੋ ਕਲਾਂ ਵਿੱਚ ਉਸ ਦੇ ਜਥੇ 'ਤੇ ਗੋਲੀਆਂ ਚਲਾਈਆਂ ਤੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸਾੜ ਦਿੱਤੀਆਂ ਤੇ ਜਥੇ ਦਾ ਸਾਮਾਨ ਵੀ ਲੁੱਟ ਲਿਆ। 16 ਸਤੰਬਰ 1981 ਈ: ਨੂੰ ਮਹਿਤਾ ਚੌਂਕ ਵਿੱਚ ਉਸ ਦੇ ਗ੍ਰਿਫ਼ਤਾਰੀ ਵਾਰੰਟਾਂ ਦੀ ਤਾਮੀਲ ਕਰਵਾਈ ਗਈ। ਪਰੰਤੂ ਉਸ ਨੇ 20 ਸਤੰਬਰ ਨੂੰ ਗ੍ਰਿਫ਼ਤਾਰੀ ਦੇਣ ਦੀ ਸ਼ਰਤ ਰੱਖ ਦਿੱਤੀ। ਉਸ ਦੀ ਗ੍ਰਿਫ਼ਤਾਰੀ ਸਮੇਂ ਬੜਾ ਰੋਸ਼ ਹੋਇਆ ਤੇ ਹਿੰਸਾ ਭੜਕ ਉੱਠੀ। ਉਸ ਦੀ ਗ੍ਰਿਫ਼ਤਾਰੀ ਸਮੇਂ

ਕਾਂਗਰਸ ਪੱਖੀ ਸਿੱਖ ਦਿੱਲੀ ਤੋਂ ਚੌਂਕ ਮਹਿਤਾ ਪਹੁੰਚਿਆ ਤੇ ਉਸ ਨੇ ਭੜਕੀਲਾ ਭਾਸ਼ਣ ਦਿੱਤਾ ਤੇ ਕਿਹਾ, "ਕਿ ਜੇ ਸਰਕਾਰ ਨੇ ਭਿੰਡਰਾਂਵਾਲੇ ਦਾ ਵਾਲ ਵੀ ਵਿੰਗਾ ਕੀਤਾ ਤਾਂ ਸਿੱਖ ਪੰਜਾਬ ਨੂੰ ਅੱਗ ਲਾ ਦੇਣਗੇ।"[10]

ਇਹ ਭੜਕੀਲਾ ਭਾਸ਼ਣ ਦੇਣ ਵਾਲਾ ਵਿਅਕਤੀ ਜੱਥੇਦਾਰ ਸੰਤੋਖ ਸਿੰਘ ਸੀ। ਇਕ ਪਾਸੇ ਤਾਂ ਉਹ ਸੰਤ ਭਿੰਡਰਾਂਵਾਲੇ ਨੂੰ ਕਾਂਗਰਸ ਸਰਕਾਰ ਤੇ ਆਪਣੇ ਨਿੱਜੀ ਸਮਰਥਣ ਦਾ ਭਰੋਸਾ ਦੇ ਰਿਹਾ ਸੀ ਤੇ ਦੂਸਰੇ ਪਾਸੇ ਉਹ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਵਿਸ਼ਵਾਸ ਦੁਆ ਰਿਹਾ ਸੀ ਕਿ ਉਹ ਭਿੰਡਰਾਂਵਾਲੇ ਨੂੰ ਅਕਾਲੀ ਪਾਰਟੀ ਵਿਰੁੱਧ ਖੜ੍ਹਾ ਕਰਕੇ ਉਹਦੇ ਨੇੜੇ ਲਿਆਵੇਗਾ।[11] ਗ੍ਰਿਫ਼ਤਾਰੀ ਨਾਲ ਅਹਿੰਸਾ ਭੜਕੀ ਜਿਸ ਵਿੱਚ 11 ਵਿਅਕਤੀ ਚੌਂਕ ਮਹਿਤਾ ਵਿੱਚ ਮਾਰੇ ਗਏ ਤੇ ਹੋਰਨਾਂ ਥਾਵਾਂ ਵਿੱਚ ਖ਼ਾਸ ਕਰਕੇ ਜਲੰਧਰ ਵਿੱਚ ਭੜਕੇ ਸਿੱਖਾਂ ਨੇ ਕੁਝ ਹਿੰਦੂ ਨੌਜੁਆਨ ਮਾਰ ਦਿੱਤੇ। ਪਟਿਆਲਾ, ਤਰਨਤਾਰਨ, ਅੰਮ੍ਰਿਤਸਰ ਤੇ ਜਲੰਧਰ ਵਿੱਚ ਹਿੰਸਕ ਘਟਨਾਵਾਂ ਤੋਂ ਲੱਗ ਰਿਹਾ ਸੀ ਕਿ ਪੰਜਾਬ ਬਾਰੂਦ ਦੇ ਢੇਰ 'ਤੇ ਬੈਠਾ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ 21 ਸਤੰਬਰ 1981 ਈ: ਨੂੰ ਬਸੀਆਂ ਦੇ ਰੈਸਟ ਹਾਊਸ (ਜ਼ਿਲ੍ਹਾ ਲੁਧਿਆਣਾ) ਵਿੱਚ ਰੱਖਿਆ ਗਿਆ। ਫਿਰ ਫ਼ਿਰੋਜ਼ਪੁਰ ਜੇਲ੍ਹ ਵਿੱਚ ਰੱਖਿਆ ਗਿਆ ਤੇ 14 ਅਕਤੂਬਰ ਨੂੰ ਗਿਆਨੀ ਜ਼ੈਲ ਸਿੰਘ ਨੇ ਪਾਰਲੀਮੈਂਟ ਵਿੱਚ ਬਿਆਨ ਦਿੱਤਾ ਕਿ ਭਿੰਡਰਾਂਵਾਲਾ ਬੇਕਸੂਰ ਹੈ। 15 ਅਕਤੂਬਰ ਨੂੰ ਜਰਨੈਲ ਸਿੰਘ ਭਿੰਡਰਾਂਵਾਲਾ ਰਿਹਾਅ ਕਰ ਦਿੱਤਾ ਗਿਆ।

ਸੰਤ ਭਿੰਡਰਾਂਵਾਲਾ ਹੁਣ ਆਪਣੀ ਸ਼ਕਤੀ ਸਮਝ ਚੁੱਕਾ ਸੀ। ਗਿਆਨੀ ਜ਼ੈਲ ਸਿੰਘ ਉਸ ਨੂੰ ਆਪਣੀ ਰਾਜਸੀ ਪਾਰਟੀ ਲਈ ਹੱਥਠੋਕਾ ਬਣਾਉਣ ਲਈ ਪਹਿਲ ਕਰਨ ਵਾਲਾ ਪਹਿਲਾ ਵਿਅਕਤੀ ਸੀ। ਉਹ ਉਸ ਰਾਹੀਂ ਦਰਬਾਰਾ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਹੁਣਾ ਚਾਹੁੰਦਾ ਸੀ ਤੇ ਇੰਦਰਾ ਗਾਂਧੀ ਵੀ ਉਸ ਨੂੰ ਅਕਾਲੀਆਂ ਵਿਰੁੱਧ ਵਰਤਣ ਲਈ ਉਤਾਵਲੀ ਸੀ। ਦਰਬਾਰਾ ਸਿੰਘ ਵੀ ਪਿੱਛੇ ਨਹੀਂ ਸੀ ਤੇ ਨਾ ਹੀ ਗੁਰਚਰਨ ਸਿੰਘ ਟੌਹੜਾ। ਅਜਿਹੀਆਂ ਤਾਕਤਾਂ ਉਸ ਦੀ ਸ਼ਕਤੀ ਆਪਣੇ ਹੱਕ ਲਈ ਵਰਤਣ ਲਈ ਉਤਾਵਲੀਆਂ ਸਨ ਤੇ ਉਹ ਮੌਕੇ ਦਾ ਲਾਭ ਲੈਣਾ ਚਾਹੁੰਦਾ ਸੀ।[12]

ਅਕਾਲੀਆਂ ਨੂੰ ਢਾਹ ਲਾਉਣ ਲਈ ਗਿਆਨੀ ਜ਼ੈਲ ਸਿੰਘ ਤੇ ਹੋਰਨਾਂ ਕਾਂਗਰਸੀਆਂ ਦੀਆਂ ਨੀਤੀਆਂ ਕਾਰਨ ਜਰਨੈਲ ਸਿੰਘ ਭਿੰਡਰਾਂਵਾਲਾ ਲੋਕ-ਨਾਇਕ ਬਣ ਚੁੱਕਾ ਸੀ। ਜੇਲ੍ਹ ਵਿੱਚੋਂ ਰਿਹਾਈ ਤੋਂ ਪਿੱਛੋਂ ਸੰਤ ਜਰਨੈਲ ਸਿੰਘ ਆਪਣੇ 100 ਚੇਲਿਆਂ ਨਾਲ ਦਿੱਲੀ ਪਹੁੰਚਿਆ ਜਿਹਨਾਂ ਕੋਲ ਬਿਨਾਂ ਲਾਇਸੈਂਸ ਬੰਦੂਕਾਂ ਵੀ ਸਨ। ਉਸ ਦੇ ਮਾਨ ਵਿੱਚ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਜਲੂਸ ਕੱਢਿਆ ਗਿਆ। ਫਿਰ ਉਹ ਬੰਬਈ ਗਿਆ ਜਿੱਥੇ ਸਿੱਖਾਂ ਨੇ ਦਿਲ ਖੋਲ੍ਹ ਕੇ ਮਾਇਆ ਭੇਂਟ ਕੀਤੀ।

9 ਨਵੰਬਰ, 1981 ਨੂੰ ਮਹਿਤਾ ਚੌਂਕ ਵਿੱਚ ਇਕ ਧਮਾਕਾ ਹੋਇਆ, ਜਿਸ ਵਿੱਚ

ਤਿੰਨ ਵਿਅਕਤੀ ਮਾਰੇ ਗਏ। ਪੁਲਿਸ ਨੂੰ ਤਿੰਨ ਘੰਟੇ ਭਿੰਡਰਾਂਵਾਲੇ ਸੰਤਾਂ ਨੇ ਅੰਦਰ ਦਾਖ਼ਲ ਹੋਣ ਨਾ ਦਿੱਤਾ। ਗਿਆਨੀ ਜ਼ੈਲ ਸਿੰਘ ਗ੍ਰਹਿ ਮੰਤਰੀ ਨੇ ਪੰਜਾਬ ਦੇ ਮੁੱਖ ਮੰਤਰੀ ਤੇ ਅਯੋਗਤਾ ਦਾ ਦੋਸ਼ ਲਾਇਆ।

22 ਦਸੰਬਰ 1981 ਈ: ਨੂੰ ਕਿਸੇ ਵਿਰੋਧੀ ਨੇ ਜੱਥੇਦਾਰ ਸੰਤੋਖ ਸਿੰਘ ਨੂੰ ਕਤਲ ਕਰ ਦਿੱਤਾ। ਉਸ ਦੀਆਂ ਆਖ਼ਰੀ ਰਸਮਾਂ ਸਮੇਂ ਸੰਤ ਭਿੰਡਰਾਂਵਾਲਾ, ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ ਤੇ ਰਾਜੀਵ ਗਾਂਧੀ ਹਾਜ਼ਰ ਸਨ। ਮਾਰਚ 1982 ਈ: ਵਿੱਚ ਭਿੰਡਰਾਂਵਾਲਾ ਨੇ ਟਰੱਕਾਂ ਉੱਪਰ ਸ਼ਸਤਰਬੱਧ ਪੈਰੋਕਾਰਾਂ ਨਾਲ ਦਿੱਲੀ ਤੇ ਭਾਰਤ ਦੇ ਹੋਰ ਸ਼ਹਿਰਾਂ ਦੀ ਯਾਤਰਾ ਕੀਤੀ। ਹੁਣ ਦੋਸ਼ ਲਾਉਣ ਦੀ ਵਾਰੀ ਦਰਬਾਰਾ ਸਿੰਘ ਦੀ ਸੀ। ਉਸ ਨੇ ਕਿਹਾ ਕਿ ਗ੍ਰਹਿਮੰਤਰੀ ਬਿਨਾਂ ਲਾਇਸੈਂਸ ਹਥਿਆਰ ਲੈ ਕੇ ਘੁੰਮ ਰਹੇ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰਨ ਤੋਂ ਕਿਉਂ ਝਿਜਕ ਰਿਹਾ ਹੈ ?[13]

ਪੰਜਾਬ ਦੇ ਹਾਲਾਤ ਦਿਨੋ-ਦਿਨ ਵਿਗੜਦੇ ਜਾ ਰਹੇ ਸਨ। ਕੇਂਦਰੀ ਸਰਕਾਰ ਨੇ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਨੂੰ ਹਿਦਾਇਤ ਕੀਤੀ ਕਿ ਉਹ ਭਿੰਡਰਾਂਵਾਲੇ ਵਿਰੁੱਧ ਸਖ਼ਤ ਕਦਮ ਉਠਾਏ। ਪੰਜਾਬ ਵਿੱਚ ਹਾਲਾਤ ਬਦ ਤੋਂ ਬਦਤਰ ਹੋ ਰਹੇ ਸਨ। ਹਿੰਦੂਆਂ ਵਿਰੁੱਧ ਵੀ ਵਿਹੁਲਾ ਪ੍ਰਚਾਰ ਹੋ ਰਿਹਾ ਸੀ। ਕਾਂਗਰਸੀ ਸਰਕਾਰ ਨੂੰ ਜਾਪ ਰਿਹਾ ਸੀ ਕਿ ਜਿੰਨ੍ਹ ਬੋਤਲ 'ਚ ਕਾਬੂ ਨਹੀਂ ਕੀਤਾ ਜਾ ਸਕਦਾ। ਜ਼ੈਲ ਸਿੰਘ ਤੇ ਦਰਬਾਰਾ ਸਿੰਘ ਉਸ ਤੋਂ ਦੂਰ ਹੋ ਰਹੇ ਸਨ। ਭਿੰਡਰਾਂਵਾਲੇ ਨੇ ਵੀ ਉਹਨਾਂ ਨੂੰ "ਇੰਦਰਾ ਦੇ ਟਾਊਟ" ਕਹਿਣਾ ਸ਼ੁਰੂ ਕਰ ਦਿੱਤਾ ਸੀ ਜੋ ਇੰਦਰਾ ਦੀਆਂ ਜੁੱਤੀਆਂ ਦੀ ਮਿੱਟੀ ਨਾਲ ਹੀ ਆਪਣਾ ਢਿੱਡ ਭਰ ਰਹੇ ਹਨ।"[14]

ਸੰਤ ਦਾ ਕੱਦ ਯੁਵਕਾਂ ਦੀ ਨਜ਼ਰ ਵਿੱਚ ਦਿਨੋ-ਦਿਨ ਉੱਚਾ ਹੋ ਰਿਹਾ ਸੀ। ਸੰਤਾਂ ਦੇ ਬੋਲਾਂ ਵਿੱਚ ਸੱਚਾਈ ਤਾਂ ਸੀ ਪਰ ਖਰ੍ਹਵਾਪਣ ਤੇ ਕੁੜਿੱਤਣ ਭਾਰੂ ਹੋ ਰਹੀ ਸੀ। ਸਰਕਾਰ ਬੜੀ ਚਿੰਤਾਤੁਰ ਹੋ ਰਹੀ ਸੀ। ਭਿੰਡਰਾਂਵਾਲੇ ਵਿੱਚ ਆਈ ਤਬਦੀਲੀ ਵੇਖ ਕੇ ਸਰਕਾਰ ਨੇ ਉਸ ਨੂੰ ਉਦੋਂ ਗਿਰਫ਼ਤਾਰ ਕਰਨ ਦੀ ਕੋਸ਼ਿਸ਼ ਵੀ ਕੀਤੀ ਜਦੋਂ ਉਹ 20 ਅਪ੍ਰੈਲ 1982 ਨੂੰ ਦਾਦਰ ਦੇ ਗੁਰਦੁਆਰੇ ਵਿੱਚ ਸੀ ਪਰ ਸੰਤ ਮਹਿਤਾ ਚੌਂਕ ਵਿੱਚ ਪਹੁੰਚਣ 'ਚ ਸਫ਼ਲ ਹੋ ਗਏ।

ਪੁਲਿਸ ਨੇ ਦਮਦਮੀ ਟਕਸਾਲ ਦੇ ਹਮਦਰਦ ਸਿੱਖਾਂ ਪ੍ਰਤੀ ਸਖ਼ਤ ਵਤੀਰਾ ਧਾਰਨ ਕਰ ਲਿਆ। 27 ਮਈ 1982 ਈ: ਨੂੰ ਅੰਮ੍ਰਿਤਧਾਰੀ ਸਿੰਘ ਕੁਲਵੰਤ ਸਿੰਘ ਨਾਗੋਕੇ ਨੂੰ ਘਰੋਂ ਚੁੱਕ ਲਿਆ ਗਿਆ ਤੇ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ। 17 ਜੁਲਾਈ ਨੂੰ ਭਾਈ ਜਾਗੀਰ ਸਿੰਘ, ਭਾਈ ਅਜਾਇਬ ਸਿੰਘ ਤੇ ਭਾਈ ਨਰਿੰਦਰ ਸਿੰਘ ਦਮਦਮੀ ਟਕਸਾਲ ਵਾਲੇ ਗਰਿਫ਼ਤਾਰ ਕਰ ਲਏ ਗਏ ਜਦੋਂ ਉਹ ਬਾਬਾ ਉੱਤਮ ਸਿੰਘ ਖਡੂਰ ਸਾਹਿਬ ਵਾਲਿਆਂ ਨੂੰ ਛੱਡਣ ਗਏ ਸਨ।

19 ਜੁਲਾਈ 1982 ਈ: ਨੂੰ "ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਦੇ ਪ੍ਰਧਾਨ ਭਾਈ ਅਮਰੀਕ ਸਿੰਘ ਤੇ ਥਾੜਾ ਸਿੰਘ ਨੂੰ ਉਸ ਸਮੇਂ ਗਰਿਫ਼ਤਾਰ ਕਰ ਲਿਆ ਗਿਆ ਜਦੋਂ ਉਹ ਪੰਜਾਬ ਦੇ ਰਾਜਪਾਲ ਚੰਨਾ ਰੈਡੀ ਨੂੰ ਮਿਲਣ ਲਈ ਗਏ।

ਸੰਤ ਜਰਨੈਲ ਸਿੰਘ ਵੱਲੋਂ ਧਰਮ ਯੁੱਧ ਦਾ ਮੋਰਚਾ ਲਾ ਦਿੱਤਾ ਗਿਆ। 51-51 ਸਿੰਘਾਂ ਦੇ ਜੱਥੇ ਜਾਣ ਲੱਗੇ। 19/7 ਤੋਂ 25/7 ਤੱਕ ਮੋਰਚਾ ਪੂਰਨ ਸ਼ਾਂਤਮਈ ਨਾਲ ਚਲਦਾ ਰਿਹਾ। 4 ਅਗਸਤ 1982 ਈ: ਨੂੰ ਅਕਾਲੀ ਦਲ ਵੀ ਧਰਮ ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਗਿਆ ਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਪਹਿਲਾ ਜੱਥਾ ਭੇਜਿਆ ਗਿਆ।

ਅਕਾਲੀ ਦਲ ਨੇ ਅਪ੍ਰੈਲ 1982 ਤੋਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਸਲੇ ਤੇ ਮੋਰਚਾ ਛੇੜਿਆ ਹੋਇਆ ਸੀ। ਇਹ ਮੋਰਚਾ ਕਪੂਰੀ ਤੋਂ ਲਾਇਆ ਗਿਆ ਸੀ। ਇਹ ਪਿੰਡ ਇਕ ਪਾਸੇ ਹੋਣ ਕਾਰਨ ਸਿੱਖਾਂ 'ਚ ਉਤਸ਼ਾਹ ਨਾ ਭਰ ਸਕਿਆ। ਅਕਾਲੀ ਦਲ ਨੇ ਆਪਣੇ ਮੋਰਚੇ ਵਿੱਚ ਜਾਨ ਪਾਉਣ ਲਈ ਆਪਣੇ ਮੋਰਚੇ ਨੂੰ ਧਰਮ ਯੁੱਧ ਦਾ ਨਾਮ ਦੇ ਕੇ 4 ਅਗਸਤ 1982 ਨੂੰ ਅੰਮ੍ਰਿਤਸਰ ਤੋਂ ਮੁੜ ਸ਼ੁਰੂ ਕਰ ਦਿੱਤਾ ਤੇ ਸੰਤ ਜਰਨੈਲ ਸਿੰਘ ਨੇ ਆਪਣਾ ਮੋਰਚਾ ਵੀ ਇਸ ਵਿੱਚ ਸ਼ਾਮਲ ਕਰ ਦਿੱਤਾ ਤੇ ਇਕ ਤਰ੍ਹਾਂ ਨਾਲ ਉਹ ਸਮੁੱਚੇ ਪੰਥ ਦਾ ਡਿਕਟੇਟਰ ਬਣ ਗਿਆ ਭਾਵੇਂ ਉਹ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਵਫ਼ਦਾਰੀ ਦਾ ਹੀ ਦਮ ਭਰਦਾ ਸੀ।[15]

30.09.82 ਨੂੰ ਜੱਥੇਦਾਰ ਜਗਦੇਵ ਸਿੰਘ ਤਲਵੰਡੀ ਵੀ ਸੰਤ ਭਿੰਡਰਾਂਵਾਲੇ ਦੀ ਪ੍ਰੇਰਣਾ ਤੇ ਆਪਣੀ ਦਿੱਲੀ ਵਿੱਚ ਲਾਇਆ ਮੋਰਚਾ ਛੱਡ ਕੇ ਧਰਮ-ਯੁੱਧ ਮੋਰਚੇ ਵਿੱਚ ਸ਼ਾਮਿਲ ਹੋ ਗਿਆ। ਅਕਾਲੀ ਜੇਲ੍ਹਾਂ ਭਰੀ ਜਾ ਰਹੇ ਸਨ ਤੇ ਸਰਕਾਰ ਬੁਖਲਾ ਰਹੀ ਸੀ। ਉਧਰ ਪੰਜਾਬੀ ਪੁਲਿਸ ਪਿੰਡਾਂ ਵਿੱਚ ਕਹਿਰ ਵਰਤਾ ਰਹੀ ਸੀ। ਸਮਾਜ ਵਿਰੋਧੀ ਅਨਸਰ ਵੀ ਬੇਗੁਨਾਹਾਂ ਨੂੰ ਮੌਤ ਦੇ ਘਾਟ ਉਤਾਰਨ ਲੱਗੇ ਹੋਏ ਸਨ।

11 ਸਤੰਬਰ 1982 ਨੂੰ ਮੋਰਚੇ ਨਾਲ ਸੰਬੰਧਿਤ ਗਿਰਫ਼ਤਾਰ ਅਕਾਲੀਆਂ ਦੀ ਬੱਸ ਤਰਨਤਾਰਨ ਫਾਟਕ ਤੇ ਰੇਲ ਨਾਲ ਟਕਰਾ ਕੇ ਹਾਦਸੇ ਦਾ ਸ਼ਿਕਾਰ ਹੋ ਗਈ। 10 ਅਕਤੂਬਰ ਨੂੰ ਦਿੱਲੀ ਮੁਜ਼ਾਹਰਾ ਕਰਨ ਜਾ ਰਹੇ ਸਿੱਖਾਂ ਉੱਪਰ ਹਰਿਆਣਾ ਵਿੱਚ ਪੁਲਿਸ ਵੱਲੋਂ ਗੋਲੀਆਂ ਚਲਾਈਆਂ ਗਈਆਂ। 11 ਅਕਤੂਬਰ ਨੂੰ ਪਾਰਲੀਮੈਂਟ ਬਾਹਰ ਮੁਜ਼ਾਹਰਾ ਕਰਦੇ ਹੋਏ ਅੱਧੀ ਦਰਜਨ ਸਿੱਖ ਗੋਲੀ ਦਾ ਸ਼ਿਕਾਰ ਹੋਏ।

ਪੰਜਾਬ ਸਰਕਾਰ ਨੇ 25000 ਸਿੱਖ 15 ਅਕਤੂਬਰ ਨੂੰ ਰਿਹਾਅ ਕਰ ਦਿੱਤੇ। ਹੁਣ ਭਿੰਡਰਾਂਵਾਲਾ ਧਰਮ-ਯੁੱਧ ਮੋਰਚੇ ਦਾ ਸਹੀ ਅਰਥਾਂ ਵਿੱਚ ਸੰਚਾਲਕ ਸੀ। ਲੌਂਗੋਵਾਲ ਸ਼ਾਂਤੀ ਦੀ ਗੱਲ ਕਰਦਾ ਸੀ ਪਰ ਭਿੰਡਰਾਂਵਾਲਾ ਬੜਾ ਗਰਮਖ਼ਿਆਲੀਆ ਸੀ। ਰੋਜ਼-ਰੋਜ਼ ਪੰਜਾਬ ਵਿੱਚ ਡਾਕੇ, ਕਤਲ ਤੇ ਸਰਕਾਰੀ ਅਸਲਾਖ਼ਾਨਿਆਂ ਦੇ ਲੁੱਟਣ ਦੀਆਂ ਖ਼ਬਰਾਂ ਆਉਣ ਲੱਗੀਆਂ।

19 ਨਵੰਬਰ 1982 ਨੂੰ ਏਸ਼ੀਏਡ ਦੇ ਮੌਕੇ ਸਿੱਖਾਂ ਨੂੰ ਬੜਾ ਪ੍ਰੇਸ਼ਾਨ ਕੀਤਾ ਗਿਆ। ਸਿੱਖਾਂ ਨਾਲ ਭਾਰਤ ਵਿੱਚ ਵਿਦੇਸ਼ੀਆਂ ਵਾਂਗ ਸਲੂਕ ਕੀਤਾ ਜਾਣ ਲੱਗਾ। ਹਰਿਆਣਾ ਵਿੱਚੋਂ ਗੁਜ਼ਰਨ ਸਮੇਂ ਸਿੱਖਾਂ ਨੂੰ ਜ਼ਲੀਲ ਕੀਤਾ ਗਿਆ। ਇਸ ਨਾਲ ਉਹ ਜਜ਼ਬਾਤੀ ਤੌਰ 'ਤੇ ਝੰਜੋੜੇ ਗਏ। ਹਰਿਆਣਾ ਪੁਲਿਸ ਨੇ ਹਰ ਸਿੱਖ ਨਾਲ ਭਾਵੇਂ ਉਹ ਅਕਾਲੀ ਸੀ ਜਾਂ ਕਾਂਗਰਸੀ ਭੈੜਾ ਸਲੂਕ ਕੀਤਾ। ਸਰਦਾਰ ਸਵਰਨ ਸਿੰਘ, ਅਮਰਜੀਤ ਕੌਰ ਕਾਂਗਰਸ ਮੈਂਬਰ ਪਾਰਲੀਮੈਂਟ ਤੇ ਰਿਟਾਇਰਡ ਫ਼ੌਜੀ ਜਰਨੈਲਾਂ ਨਾਲ ਵੀ ਬੁਰਾ ਵਿਵਹਾਰ ਕੀਤਾ ਗਿਆ।[16]

ਇਸ ਪਿੱਛੋਂ ਪੰਜਾਬ ਵਿੱਚ ਹਿੰਸਾ ਵਧ ਗਈ। ਕੇਂਦਰ ਨੇ ਪੰਜਾਬ ਬਾਰੇ ਅਕਾਲੀਆਂ ਨਾਲ ਗੱਲਬਾਤ ਚਲਾਈ। ਪਹਿਲੀ ਵਾਰ ਨਵੰਬਰ 1982 ਵਿੱਚ ਸਵਰਨ ਸਿੰਘ ਰਾਹੀਂ ਤੇ ਦੂਸਰੀ ਵਾਰ ਕੈਪਟਨ ਅਮ੍ਰਿੰਦਰ ਸਿੰਘ ਐਮ.ਪੀ. ਰਾਹੀਂ ਪਰ ਦੋਵੇਂ ਵਾਰ ਕੋਈ ਸਿੱਟਾ ਨਾ ਨਿਕਲਿਆ।

ਜਨਵਰੀ 1983 ਨੂੰ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਾਬਕਾ ਫ਼ੌਜੀ ਅਫ਼ਸਰਾਂ ਦਾ ਸੰਮੇਲਨ ਬੁਲਾਇਆ। ਸੰਤ ਜਰਨੈਲ ਸਿੰਘ ਨੇ ਵੀ ਸੰਮੇਲਨ ਨੂੰ ਸੰਬੋਧਨ ਕੀਤਾ। ਫ਼ੌਜੀ ਅਫ਼ਸਰ ਸੰਤ ਭਿੰਡਰਾਂਵਾਲੇ ਦੀ ਸੋਚ ਨਾਲ ਸਹਿਮਤ ਹੋ ਗਏ। 1971 ਦੀ ਬੰਗਲਾ ਦੇਸ਼ ਜੰਗ ਦਾ ਹੀਰੋ ਉਹਨਾਂ ਦਾ ਸੈਨਿਕ ਸਲਾਹਕਾਰ ਬਣ ਗਿਆ।

ਅਸਲ ਵਿੱਚ ਹੁਣ ਪੰਜਾਬ ਵਿੱਚ ਸਾਰੀ ਲਹਿਰ ਦਾ ਕੇਂਦਰ ਸੰਤ ਜਰਨੈਲ ਸਿੰਘ ਬਣ ਗਿਆ ਸੀ। ਇੰਦਰਾ ਗਾਂਧੀ ਨੇ 30/1/83 ਨੂੰ ਸੰਤ ਭਿੰਡਰਾਂਵਾਲੇ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। 19/2/83 ਨੂੰ ਸੰਤਾਂ ਨੇ ਜੁਆਬ ਵਿੱਚ ਚਿੱਠੀ ਭੇਜੀ।

ਕੇਂਦਰੀ ਸਰਕਾਰ ਦਾ ਵਤੀਰਾ ਹਰ ਵਾਰ ਸਮਝੌਤੇ ਨੂੰ ਤਾਰਪੀਡੋ ਕਰਨ ਦਾ ਸੀ। ਇਸ ਲਈ ਅਕਾਲੀ ਦਲ ਨੇ 22/2/83 ਨੂੰ ਸਰਕਾਰ ਨਾਲ ਗੱਲਬਾਤ ਤੋਂ ਨਾਂਹ ਕਰ ਦਿੱਤੀ।

ਸਰਕਾਰ ਵੱਲੋਂ 27 ਮਾਰਚ 1983 ਨੂੰ ਦਰਬਾਰ ਸਾਹਿਬ ਦੀ ਨਾਕਾਬੰਦੀ ਕਰ ਦਿੱਤੀ ਗਈ। ਅਕਾਲੀ ਦਲ ਨੇ 4/4/83 ਨੂੰ 'ਰਸਤਾ ਰੋਕੋ' ਅੰਦੋਲਨ ਚਲਾਇਆ। ਇਸ ਅੰਦੋਲਨ ਵਿੱਚ ਹਿੰਸਾ ਭੜਕੀ ਤੇ 21 ਮੌਤਾਂ ਹੋਈਆਂ।[17]

14 ਅਪ੍ਰੈਲ ਨੂੰ 1983 ਈ: ਨੂੰ ਆਨੰਦਪੁਰ ਵਿਸਾਖੀ ਦੇ ਮੌਕੇ ਅਜਿਹੇ ਐਲਾਨ ਖੁੱਲਮਖੁੱਲਾ ਕੀਤੇ ਗਏ ਜੋ ਲਹਿਰ ਨੂੰ ਭੜਕਾਊ ਟੇਢ ਦੇਣ ਵਾਲੇ ਸਨ। 'ਖ਼ਾਲਸੇ ਨੂੰ' ਵਰਤਮਾਨ ਯੁੱਗ ਦੀ ਮੁਗ਼ਲ-ਇੰਦਰਾ ਗਾਂਧੀ ਨਾਲ ਟੱਕਰ ਲੈਣ ਲਈ ਸਿਖਲਾਈ ਲੈਣ ਲਈ ਵੰਗਾਰ ਪਾਈ ਗਈ। ਇਸ ਕੈਂਪ ਵਿੱਚ ਤਲਵੰਡੀ-ਟੌਹੜਾ ਤੇ ਕਾਂਗਰਸੀ ਸੋਚ ਵਾਲੇ ਗਰਮ ਦਲੀਏ ਭਾਰੂ ਸਨ ਜੋ ਲਹਿਰ ਵਿੱਚ ਘੁੱਸਪੈਠ ਕਰ ਗਏ ਸਨ। ਚਾਂਦ ਜੋਸ਼ੀ ਨੇ ਠੀਕ ਹੀ ਕਿਹਾ ਹੈ, "ਇਹ ਅੱਤਵਾਦੀਆਂ ਦੀ ਸਾਫ਼ ਜਿੱਤ ਸੀ।"[18]

ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਉਹਨਾਂ ਲੋਕਾਂ ਵੱਲ ਇਸ਼ਾਰਾ ਵੀ ਕੀਤਾ ਜੋ ਲਹਿਰ ਨੂੰ ਢਾਹ ਰਹੇ ਸਨ, ਪਰ ਕੋਈ ਸਫਲਤਾ ਨਾ ਮਿਲੀ।[19]

25 ਅਪ੍ਰੈਲ 1983 ਨੂੰ ਜਲੰਧਰ ਰੇਂਜ ਦੇ ਡੀ.ਆਈ.ਜੀ. ਅਵਤਾਰ ਸਿੰਘ ਨੂੰ ਪਰਿਕਰਮਾ 'ਚੋਂ ਬਾਹਰ ਨਿਕਲਦਿਆਂ ਹੀ ਗੋਲੀਆਂ ਨਾਲ ਉਡਾ ਦਿੱਤਾ ਗਿਆ। ਸਰਕਾਰ ਵੱਲੋਂ ਉਸ ਨੂੰ ਦਰਬਾਰ ਸਾਹਿਬ ਜਾਣ ਤੋਂ ਰੋਕਿਆ ਵੀ ਗਿਆ ਸੀ।[20]

ਪੰਜਾਬ ਵਿੱਚ ਜ਼ਿੰਦਗੀ ਪ੍ਰੇਸ਼ਾਨੀਆਂ ਨਾਲ ਭਰ ਗਈ ਸੀ। 17 ਜੂਨ ਨੂੰ ਅਕਾਲੀ ਦਲ ਨੇ ਰੇਲ ਰੋਕੋ ਅੰਦੋਲਨ ਚਲਾਇਆ। 22 ਰੇਲਵੇ ਸਟੇਸ਼ਨਾਂ ਨੂੰ ਇਕੋ ਰਾਤ ਹੀ ਸਾੜ ਦਿੱਤਾ ਗਿਆ। ਇਸ ਕਾਰਵਾਈ ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਸਿੱਧੇ ਤੌਰ 'ਤੇ ਸ਼ਾਮਲ ਸੀ। ਪੰਜਾਬ ਵਿੱਚ ਹਿੰਸਾ ਫੈਲ ਰਹੀ ਸੀ ਤੇ ਬਾਹਰ ਵੀ। ਭਿੰਡਰਾਂਵਾਲੇ ਨੂੰ ਇਸ ਦਾ ਮੁੱਖ ਦੋਸ਼ੀ ਮੰਨਿਆ ਜਾ ਰਿਹਾ ਸੀ, ਪਰ ਪੁਲਿਸ ਵੀ ਕੋਈ ਘੱਟ ਜ਼ਬਰ ਨਹੀਂ ਕਰ ਰਹੀ ਸੀ। ਅਖੰਡ ਕੀਰਤਨੀ ਜੱਥਾ ਤੇ ਬੱਬਰ ਖ਼ਾਲਸਾ ਤੇ ਕੁਝ ਆਪੂੰ ਬਣੇ ਖਾੜਕੂ ਭਿੰਡਰਾਂਵਾਲੇ ਦੇ ਕਾਬੂ ਤੋਂ ਬਾਹਰ ਸਨ, ਪਰ ਹਰ ਜ਼ੁਰਮ ਭਿੰਡਰਾਂਵਾਲੇ ਦੇ ਨਾਮ ਮੜ੍ਹਿਆ ਜਾਣ ਲੱਗਾ।

"ਕੰਮ ਰੋਕੋ" ਅੰਦੋਲਨ 29 ਅਗਸਤ ਨੂੰ ਸ਼ੁਰੂ ਕੀਤਾਂ ਗਿਆ। "ਹਿੱਟ ਲਿਸਟਾਂ" ਬਣਨ ਲੱਗੀਆਂ। 5 ਅਕਤੂਬਰ 1983 ਨੂੰ ਅੰਮ੍ਰਿਤਸਰ ਤੋਂ ਦਿੱਲੀ ਜਾ ਰਹੀ ਬੱਸ ਢਿੱਲਵਾਂ ਨੇੜੇ ਅਗਵਾ ਕਰ ਲਈ ਗਈ ਜਿਸ ਵਿੱਚੋਂ 6 ਹਿੰਦੂ ਬੰਦੂਕ ਨਾਲ ਭੁੰਨ ਦਿੱਤੇ ਗਏ। ਲੌਂਗੋਵਾਲ ਅਜਿਹੀਆਂ ਕਾਰਵਾਈਆਂ ਦੇ ਵਿਰੁੱਧ ਸੀ। ਉਸ ਵੱਲੋਂ ਕਾਤਲਾਂ ਨੂੰ ਪੰਥ 'ਚੋਂ ਛੇਕਣ ਦੀ ਤਜ਼ਵੀਜ਼ ਨੂੰ ਗੁਰਚਰਨ ਸਿੰਘ ਟੌਹੜਾ ਨੇ ਠਿੱਬੀ ਲਾ ਦਿੱਤੀ।21

ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਤੋਂ ਪੰਜਾਬ ਦੇ ਹਾਲਾਤ ਉੱਪਰ ਕਾਬੂ ਨਹੀਂ ਪਾਇਆ ਜਾ ਰਿਹਾ ਸੀ ਤੇ ਹਿੰਸਾ ਦਿਨੋਂ-ਦਿਨ ਵਧ ਰਹੀ ਸੀ। 6 ਅਕਤੂਬਰ 1983 ਨੂੰ ਉਹਦੀ ਸਰਕਾਰ ਬਰਖ਼ਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ।

ਦਰਬਾਰਾ ਸਿੰਘ ਦੀ ਬਰਖ਼ਾਸਤਗੀ ਨੂੰ ਭਿੰਡਰਾਂਵਾਲੇ ਨੇ ਆਪਣੀ ਜਿੱਤ ਸਮਝ ਲਿਆ ਤੇ ਉਹ ਵਧੇਰੇ ਹੀ ਨਿਡਰ ਹੋ ਕੇ ਬੋਲਣ ਲੱਗ ਪਿਆ। ਸੰਤ ਲੌਂਗੋਵਾਲ ਤੇ ਬਾਦਲ ਜੋ ਸਿੱਖਾਂ ਵਿੱਚ ਨਰਮਖ਼ਿਆਲੀਏ ਸਨ, ਇਸ ਨੀਤੀ ਨੂੰ ਪੰਥ ਲਈ ਘਾਤਕ ਸਮਝ ਰਹੇ ਸਨ, ਉਹ ਵੀ ਭਿੰਡਰਾਂਵਾਲੇ ਦੀ ਆਲੋਚਨਾ ਦਾ ਸ਼ਿਕਾਰ ਹੋਣ ਲੱਗੇ। ਭਿੰਡਰਾਂਵਾਲਾ, ਬੱਬਰ ਖ਼ਾਲਸਾ ਤੇ ਅਖੰਡ ਕੀਰਤਨੀ ਜੱਥਾ ਜੋ ਆਪਸ ਵਿੱਚ ਇਕੱਠੇ ਨਹੀਂ ਸਨ, ਖ਼ਾਲਿਸਤਾਨ ਪ੍ਰਾਪਤ ਕਰਨ ਦੇ ਵਿਚਾਰ ਤੇ ਇਕ ਮੱਤ ਹੋ ਰਹੇ ਸਨ।[22]

ਭਿੰਡਰਾਂਵਾਲੇ ਵੱਲੋਂ ਲੌਂਗੋਵਾਲ ਦੇ ਸਮਰਥਕ ਅਕਾਲੀਆਂ ਦਾ ਖੁੱਲ੍ਹੇਆਮ ਵਿਰੋਧ ਪ੍ਰਗਟ ਕੀਤਾ ਜਾ ਰਿਹਾ ਸੀ। ਬੱਬਰ ਖ਼ਾਲਸਾ ਤੇ ਅਖੰਡ ਕੀਰਤਨੀ ਜੱਥੇ ਤੋਂ ਵੀ ਭਿੰਡਰਾਂਵਾਲੇ ਦੀ ਦੂਰੀ ਵੱਧ ਰਹੀ ਸੀ। ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਗਾਲੀ ਗਲੋਚ ਤੇ ਘਸੁੰਨ ਮੁੱਕੀ ਰੋਜ਼ਾਨਾ ਦਾ ਕੰਮ ਬਣਦਾ ਜਾ ਰਿਹਾ ਸੀ। ਲੌਂਗੋਵਾਲ ਨੇ ਧਮਕੀ ਦਿੱਤੀ ਕਿ ਜੇ ਭਿੰਡਰਾਂਵਾਲੇ ਨੂੰ "ਗੁਰੂ ਨਾਨਕ ਨਿਵਾਸ" ਛੱਡਣ ਲਈ ਨਾ ਕਿਹਾ ਗਿਆ ਤਾਂ ਉਹ ਅਕਾਲੀ ਦਲ ਦੀ ਪ੍ਰਧਾਨਗੀ ਛੱਡ ਦੇਣਗੇ। ਭਿੰਡਰਾਂਵਾਲਾ ਵੀ ਜਾਣਦਾ ਸੀ ਕਿ ਜੇ ਉਹ

ਉੱਥੋਂ ਬਾਹਰ ਗਿਆ ਤਾਂ ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰ ਲਵੇਗੀ। ਗੁਰਚਰਨ ਸਿੰਘ ਟੌਹੜਾ ਨੇ, ਜੋ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ, ਗਿਆਨੀ ਕ੍ਰਿਪਾਲ ਸਿੰਘ ਜੱਥੇਦਾਰ ਅਕਾਲ ਤਖ਼ਤ ਨੂੰ ਮਜਬੂਰ ਕਰ ਦਿੱਤਾ ਕਿ ਉਹ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਦੀਆਂ ਦੋ ਉੱਪਰਲੀਆਂ ਮੰਜ਼ਿਲਾਂ 'ਤੇ ਨਿਵਾਸ ਕਰਨ ਦੇਵੇ। ਭਿੰਡਰਾਂਵਾਲਾ ਆਪਣੇ ਸਮਰਥਕਾਂ ਨਾਲ ਜਿਹਨਾਂ ਵਿੱਚ ਮੇਜਰ ਜਨਰਲ ਸਬੇਗ ਸਿੰਘ ਤੇ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਵੀ ਸ਼ਾਮਿਲ ਸਨ ਤੇ ਜੋ ਸ਼ਸਤਰਾਂ ਦੀ ਸਿਖਲਾਈ ਦਿੰਦੇ ਸਨ ਅਕਾਲ ਤਖ਼ਤ ਉੱਪਰ 16 ਦਸੰਬਰ 1983 ਈ: ਨੂੰ ਪਹੁੰਚ ਗਿਆ।

ਪੰਜਾਬ ਵਿੱਚ ਹਾਲਾਤ ਹੋਰ ਵਿਗੜਨੇ ਸ਼ੁਰੂ ਹੋ ਗਏ। 8 ਫ਼ਰਵਰੀ 1948 ਈ: ਨੂੰ ਅਕਾਲੀ ਦਲ ਨੇ ਪੰਜਾਬ ਬੰਦ ਦਾ ਸੱਦਾ ਦਿੱਤਾ ਤੇ 14 ਫਰਵਰੀ ਨੂੰ ਸ਼ਿਵ ਸੈਨਾ ਵੱਲੋਂ ਬੰਦ ਦਾ ਐਲਾਨ ਕੀਤਾ ਗਿਆ ਤੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਦਰਬਾਰ ਸਾਹਿਬ ਦੇ ਮਾਡਲ ਨੂੰ ਤੋੜਿਆ ਗਿਆ।

17 ਫਰਵਰੀ ਨੂੰ ਸੀ.ਆਰ.ਪੀ. ਨੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਗੋਲੀ ਚਲਾ ਕੇ ਤਿੰਨ ਯਾਤਰੀ ਮਾਰ ਦਿੱਤੇ। 17 ਫਰਵਰੀ ਤੋਂ 24 ਫਰਵਰੀ ਤੱਕ ਹਰਿਆਣੇ ਵਿੱਚ 20 ਸਿੱਖ ਮਾਰੇ ਗਏ।

ਮਾਰਚ ਤੋਂ ਜੂਨ 1984 ਈ: ਤੱਕ ਹਾਲਾਤ ਬਿਲਕੁਲ ਬੇਕਾਬੂ ਹੋ ਗਏ ਸਨ।

ਭਿੰਡਰਾਂਵਾਲਾ ਜੋ ਪਹਿਲਾਂ ਭਾਰਤ ਸਰਕਾਰ ਦੇ ਪ੍ਰਤਿਨਿਧਾਂ ਦਾ ਮੋੜਵਾਂ ਉੱਤਰ ਦਿੰਦਾ ਸੀ, ਹੁਣ ਹਮਲਾਵਰਾਂ ਵਾਲਾ ਰੁਖ ਅਪਣਾਉਣ ਲੱਗਾ। ਜਦੋਂ ਗ੍ਰਹਿ ਮੰਤਰੀ ਪੀ. ਸੀ. ਸੇਠੀ ਨੇ ਕਿਹਾ ਕਿ ਪੰਜਾਬ ਵਿੱਚ ਜਿਤਨੇ ਸਿੱਖ ਹਨ, ਉਹਨਾਂ ਦੇ ਟਾਕਰੇ ਹਿੰਦੂਆਂ ਦੀ ਵਸੋਂ ਪੈਂਤੀ ਗੁਣਾ ਹੈ ਤੇ 35 ਹਿੰਦੂਆਂ ਦੇ ਹਿੱਸੇ ਇਕ ਸਿੱਖ ਆਉਂਦਾ ਹੈ ਤਾਂ ਭਿੰਡਰਾਂਵਾਲੇ ਨੇ ਕਿਹਾ, "ਸੇਠੀ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਇਕ ਸਿੱਖ ਇਕ ਲੱਖ ਦਾ ਟਾਕਰਾ ਕਰਨਾ ਜਾਣਦਾ ਹੈ। 35 ਹਿੰਦੂ ਇਕ ਸਿੱਖ ਸਾਹਮਣੇ ਕੀ ਹਨ ?"[23]

ਭਿੰਡਰਾਂਵਾਲਾ 31 ਦਸੰਬਰ 1983 ਤੋਂ ਹੀ ਨਵੇਂ ਤੇਵਰ ਵਿਖਾ ਰਿਹਾ ਸੀ, ਉਸ ਨੇ ਕਿਹਾ, ਪਹਿਲਾਂ ਅਸੀਂ ਖ਼ਾਲਿਸਤਾਨ ਨਹੀਂ ਮੰਗਦੇ ਸੀ ਪਰੰਤੂ ਸਾਨੂੰ ਕੋਈ ਇਤਰਾਜ਼ ਨਹੀਂ ਸੀ ਜੇ ਸਰਕਾਰ ਦੇ ਦਿੰਦੀ। ਪਰ ਹੁਣ ਹਾਲਾਤ ਬਿਲਕੁਲ ਬਦਲ ਗਏ ਹਨ। ਹੁਣ ਤਾਂ ਸਰਕਾਰ ਨੂੰ ਇਹ ਨਿਰਣਾ ਕਰਨਾ ਚਾਹੀਦਾ ਹੈ ਕਿ ਉਹ ਸਾਡੇ ਨਾਲ ਰਹਿਣਾ ਚਾਹੁੰਦੀ ਹੈ ਕਿ ਨਹੀਂ।[24]

19 ਮਾਰਚ, 1984 ਈ: ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ 'ਤੇ ਪਾਬੰਦੀ ਲਾ ਦਿੱਤੀ ਗਈ ਤੇ ਫੜੋ ਫੜੀ ਆਰੰਭ ਹੋ ਗਈ। ਲੌਂਗੋਵਾਲ ਨੇ ਪਾਬੰਦੀ ਨੂੰ ਮੰਦਭਾਗਾ ਦੱਸਿਆ, ਦੀ ਟ੍ਰਿਬਿਊਨ ਤੇ "ਹਿੰਦੂ" ਅਖ਼ਬਾਰ ਨੇ ਵੀ ਇਸ ਨੂੰ ਨਿਰਾਰਥਕ ਕਿਹਾ।

ਭਿੰਡਰਾਂਵਾਲੇ ਨੇ ਕਿਹਾ ਕਿ ਇਹ ਕਦਮ ਸਿੱਖਾਂ ਨੂੰ ਖ਼ਾਲਿਸਤਾਨ ਦੇ ਮਾਰਗ ਵੱਲ ਲੈ ਜਾਵੇਗਾ। ਕੁਲਦੀਪ ਨਯੱਰ ਨੇ 31 ਮਾਰਚ 1985 ਨੂੰ ਕਿਹਾ ਸੀ, "ਮੈਂ ਪੂਰੀ ਤਾਕਤ ਤੇ ਸ਼ਕਤੀ ਨਾਲ ਕਹਿਣ ਨੂੰ ਤਿਆਰ ਹਾਂ ਕਿ ਉਸ ਦਾ ਸੀ.ਆਈ.ਏ. ਜਾਂ ਪਾਕਿਸਤਾਨ ਨਾਲ ਕੋਈ ਸੰਬੰਧ ਨਹੀਂ ਸੀ।"[25]

ਪਰੰਤੂ ਸੰਤ ਭਿੰਡਰਾਂਵਾਲੇ ਦੇ ਗਰਮ ਭਾਸ਼ਣ ਇੰਦਰਾ ਗਾਂਧੀ ਲਈ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਬਹਾਨਾ ਬਣਦੇ ਜਾ ਰਹੇ ਸਨ। ਭਿੰਡਰਾਂਵਾਲਾ ਨੇ 28 ਅਪ੍ਰੈਲ, 1984 ਨੂੰ ਜਨਤਾ ਦਲ ਦੇ ਪ੍ਰਤਿਨਿਧ ਮੰਡਲ ਨੂੰ ਕਿਹਾ, ਕਿ ਉਹ "ਖ਼ਾਲਿਸਤਾਨ ਦੇ ਵਿਰੁੱਧ ਹੈ।"

ਫਿਰ ਵੀ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਅਕਾਲ ਤਖ਼ਤ ਉੱਪਰ ਸ਼ਸਤਰ ਇਕੱਠੇ ਕਰ ਲਏ ਸਨ ਤੇ ਕਿਲ੍ਹਾਬੰਦੀ ਵਰਗਾ ਪੈਂਤੜਾ ਇਖ਼ਤਿਆਰ ਕਰ ਲਿਆ ਸੀ। ਉਹ ਲੌਂਗੋਵਾਲ ਨੂੰ ਦੂਸਰਾ "ਗਾਂਧੀ" ਕਹਿ ਰਿਹਾ ਸੀ। ਉਹ ਲੌਂਗੋਵਾਲ ਦੇ ਨਿਵਾਸ ਨੂੰ ਗਾਂਧੀ ਨਿਵਾਸ ਆਖਦਾ ਸੀ ਤੇ ਆਪਣੇ ਨਿਵਾਸ ਨੂੰ "ਸ਼ਕਤੀ ਨਿਵਾਸ"। ਭਿੰਡਰਾਂਵਾਲਾ ਤੇ ਸੰਤ ਲੌਂਗੋਵਾਲ ਧਰਮ-ਯੁੱਧ ਮੋਰਚਾ ਦੇ ਸੰਚਾਲਕ ਸਨ ਪਰ ਉਹਨਾਂ ਦਾ ਮਾਰਗ ਵੱਖ-ਵੱਖ ਜਾਪ ਰਿਹਾ ਸੀ।[26]

ਇਸ ਦੌਰਾਨ ਕਈ ਮਹੱਤਵਪੂਰਨ ਵਿਅਕਤੀਆਂ ਦੇ ਕਤਲ ਹੋਏ। 12 ਅਪ੍ਰੈਲ 1984 ਨੂੰ ਹਰਬੰਸ ਲਾਲ ਖੰਨਾ ਇਕ ਸਾਬਕਾ ਐਮ. ਐਲ. ਏ. ਅੰਮ੍ਰਿਤਸਰ 'ਚ ਮੌਤ ਦੇ ਘਾਟ ਉਤਾਰਿਆ ਗਿਆ। ਉਸ ਦੇ ਸਸਕਾਰ ਸਮੇਂ ਹਿੰਦੂ ਸਿੱਖ ਫ਼ਸਾਦ ਹੋਇਆ ਜਿੱਥੇ 8 ਹੋਰ ਜਾਨਾਂ ਗਈਆਂ। 13 ਅਪ੍ਰੈਲ ਨੂੰ ਪ੍ਰੋ: ਵਿਸ਼ਵਾਨਾਥ ਤਿਵਾੜੀ ਦੀ ਚੰਡੀਗੜ੍ਹ ਵਿੱਚ ਉਸ ਦੇ ਘਰ ਹੱਤਿਆ ਕਰ ਦਿੱਤੀ ਗਈ। 14 ਅਪ੍ਰੈਲ ਨੂੰ ਭਿੰਡਰਾਂਵਾਲਾ ਦੇ ਖ਼ਾਸ ਸਮਰਥਕ ਸੁਰਿੰਦਰ ਸਿੰਘ ਸੋਢੀ ਦਾ ਕਤਲ ਹੋਇਆ। ਅਗਲੇ ਦਿਨ ਉਸ ਦੇ ਕਾਤਲ ਤੇ ਬਲਜੀਤ ਕੌਰ ਨਾਮ ਦੀ ਇਸਤਰੀ ਨੂੰ ਵੀ ਕਤਲ ਕਰ ਦਿੱਤਾਗਿਆ ਤੇ ਭਿੰਡਰਾਂਵਾਲੇ ਨੇ ਫੜ੍ਹ ਮਾਰੀ ਕਿ ਉਸ ਨੇ ਸੋਢੀ ਦੇ ਕਤਲ ਦਾ ਬਦਲਾ 24 ਘੰਟਿਆਂ ਦੇ ਅੰਦਰ ਲੈ ਲਿਆ। 12 ਮਈ ਨੂੰ ਲਾਲਾ ਜਗਤ ਨਾਰਾਇਣ ਦੇ ਬੇਟੇ ਰਮੇਸ਼ ਚੰਦਰ ਦਾ ਕਤਲ ਕਰ ਦਿੱਤਾ ਗਿਆ।

ਸੰਤ ਲੌਂਗੋਵਾਲ ਤੇ ਸੰਤ ਭਿੰਡਰਾਂਵਾਲਾ ਵੀ ਆਮ੍ਹੋ-ਸਾਮ੍ਹਣੇ ਆ ਗਏ ਸਨ।

26 ਮਈ 1984 ਨੂੰ ਇੰਦਰਾ ਗਾਂਧੀ ਨੇ ਟੌਹੜਾ, ਬਾਦਲ ਤੇ ਬਰਨਾਲਾ ਨਾਲ ਮੁਲਾਕਾਤ ਕੀਤੀ। ਅਕਾਲੀ ਵੀ ਮਾਯੂਸ ਹੋ ਚੁੱਕੇ ਸਨ। ਉਹਨਾਂ ਨੇ ਪਹਿਲਾਂ 8 ਮੁਲਾਕਾਤਾਂ ਕੀਤੀਆਂ ਸਨ। ਉਹਨਾਂ ਨੇ ਪਹਿਲਾਂ ਹੀ 3 ਜੂਨ ਤੋਂ ਅਸਹਿਯੋਗ ਅੰਦੋਲਨ ਛੇੜਨ ਦਾ ਐਲਾਨ ਕੀਤਾ ਹੋਇਆ ਸੀ। ਇਸ ਮੁਲਾਕਾਤ ਵਿੱਚ ਮਿਸਜ਼ ਗਾਂਧੀ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਪੇਸ਼ਕਸ਼ ਕੀਤੀ। ਟੌਹੜਾ ਜਦੋਂ ਸਰਕਾਰੀ ਜਹਾਜ਼ ਰਾਹੀਂ ਭਿੰਡਰਾਂਵਾਲੇ ਕੋਲ ਅੰਮ੍ਰਿਤਸਰ ਪਹੁੰਚਿਆ ਤਾਂ ਸੰਤ ਨੇ ਕਿਹਾ, "ਤੂੰ ਕੁਰਸੀ ਖ਼ਾਤਰ ਮੇਰਾ ਮੁੱਲ ਵੱਟਣਾ

ਚਾਹੁੰਦਾ ਏਂ। ਮੈਂ ਇਸ ਸਮਝੌਤੇ ਨੂੰ ਕਦੇ ਪਰਵਾਨ ਨਹੀਂ ਕਰਾਂਗਾ। ਅਸੀਂ ਆਨੰਦਪੁਰ ਦੇ ਮਤੇ ਅਨੁਸਾਰ ਸਭ ਕੁਝ ਪ੍ਰਾਪਤ ਕਰਨਾ ਹੈ ਜਾਂ ਲੜ ਕੇ ਸ਼ਹੀਦ ਹੋਣਾ ਹੈ।"[27]

ਗੱਲਬਾਤ ਟੁੱਟ ਗਈ ਤੇ ਹਾਲਾਤ ਉਹੋ ਜਿਹੇ ਬਣ ਗਏ ਜਿਵੇਂ ਇੰਦਰਾ ਗਾਂਧੀ ਚਾਹੁੰਦੀ ਸੀ।

5 ਜੂਨ 1984 ਈ: ਨੂੰ ਮੇਜਰ ਜਨਰਲ ਕੇ.ਐੱਸ. ਬਰਾੜ, ਆਰ. ਐਸ. ਦਿਆਲ, ਜਨਰਲ ਸੁੰਦਰ ਜੀ ਤੇ ਏ.ਐਸ. ਵੈਦਯਾ ਦੀ ਦੇਖ-ਰੇਖ ਵਿੱਚ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਗਿਆ। ਇਹ ਦਿਨ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਦਿਨ ਸੀ। ਜੋ ਗ਼ਲਤੀ ਜਨਰਲ ਡਾਇਰ ਤੇ ਪੰਜਾਬ ਗਵਰਨਰ ਮਾਈਕਲ ਓਡਵਾਇਰ ਨੇ 1919 ਵਿੱਚ ਕੀਤੀ ਸੀ, ਉਸ ਤੋਂ ਵੀ ਵੱਡੀ ਗ਼ਲਤੀ ਸ੍ਰੀਮਤੀ ਗਾਂਧੀ, ਜਨਰਲ ਵੈਦਯਾ ਤੇ ਕੇ.ਐਸ. ਬਰਾੜ ਤੇ ਸੁੰਦਰ ਜੀ ਨੇ ਕੀਤੀ। ਇਸ ਗ਼ਲਤੀ ਦਾ ਅਹਿਸਾਸ ਜਨਰਲ ਸੁੰਦਰ ਜੀ ਨੂੰ ਵੀ ਸੀ ਤੇ ਸ੍ਰੀਮਤੀ ਗਾਂਧੀ ਨੂੰ ਵੀ। ਇਸ ਦੇ 400 ਸਾਲਾ ਇਤਿਹਾਸ ਵਿੱਚ 1762 ਵਿੱਚ ਅਹਿਮਦ ਸ਼ਾਹ ਅਬਦਾਲੀ ਤੋਂ ਬਿਨਾਂ ਇਸ ਤਰ੍ਹਾਂ ਦੀ ਜ਼ਿਆਦਤੀ ਕਿਸੇ ਹੋਰ ਨੇ ਨਾ ਕੀਤੀ। ਡਾ. ਗੋਪਾਲ ਸਿੰਘ ਲਿਖਦਾ ਹੈ ਕਿ ਉਸ ਨੂੰ ਸ੍ਰੀਮਤੀ ਗਾਂਧੀ ਨੇ ਕਿਹਾ, "ਇਹ ਨਿਰਣਾ ਉਹਦੇ ਲਈ ਬੜਾ ਦੁਖਦਾਈ ਸੀ। ਉਹ ਤਿੰਨ ਰਾਤਾਂ ਸੌਂ ਨਾ ਸਕੀ।"[28]

6 ਜੂਨ ਨੂੰ ਹਮਲਾ ਖ਼ਤਮ ਹੋ ਚੁੱਕਾ ਸੀ। ਇਸ ਵਿੱਚ 554 ਅੱਤਵਾਦੀ ਮਾਰੇ ਗਏ, 121 ਜ਼ਖ਼ਮੀ ਹੋਏ। ਫ਼ੌਜ ਦੇ 4 ਅਫ਼ਸਰ, 4 ਜੇਸੀ.ਓ ਤੇ 84 ਹੋਰ ਅਧਿਕਾਰੀ ਮਰੇ, ਤੇ 15 ਅਫ਼ਸਰਾਂ ਸਣੇ 300 ਜ਼ਖ਼ਮੀ ਹੋਏ। ਫ਼ੌਜ ਨੇ ਸਵਰਨ ਮੰਦਰ 'ਚੋਂ 1592 ਗਰਿਫ਼ਤਾਰ ਕੀਤੇ ਤੇ 3000 ਹੋਰ ਗੁਰਦੁਆਰਿਆਂ 'ਚੋਂ। 41 ਮਸ਼ੀਨ ਗੰਨਾਂ, 432 ਰਾਈਫ਼ਲਾਂ, 343 ਬਾਰਾਂ ਬੋਰ ਦੀਆਂ ਬੰਦੂਕਾਂ, 98 ਸੈਲਫ਼ ਲੋਡਿੰਗ ਬੰਦੂਕਾਂ, 128 ਸੁਰੰਗਾਂ ਤੇ ਹੋਰ ਹਥਿਆਰ ਪਕੜੇ ਗਏ।

ਮਰਨ ਵਾਲਿਆਂ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਮੇਜਰ ਜਨਰਲ ਸੁਬੇਗ ਸਿੰਘ ਤੇ ਭਾਈ ਅਮਰੀਕ ਸਿੰਘ ਸ਼ਾਮਲ ਸਨ।

ਕੀ ਭਿੰਡਰਾਂਵਾਲੇ ਨੂੰ "ਸਿੱਖ ਸੂਰਮਾ ਕਿਹਾ ਜਾ ਸਕਦਾ ਹੈ ?" ਇਹ ਠੀਕ ਹੈ ਕਿ ਭਿੰਡਰਾਂਵਾਲੇ ਤੋਂ ਕਈ ਗ਼ਲਤੀਆਂ ਹੋਈਆਂ। ਉਹ ਪਹਿਲਾਂ ਕਾਂਗਰਸ ਤੇ ਫਿਰ ਗੁਰਚਰਨ ਸਿੰਘ ਟੌਹੜਾ ਦੇ ਹੱਥਾਂ 'ਚ ਖੇਡਿਆ। ਪਰ ਛੇਤੀ ਹੀ ਉਸ ਦੀ ਐਸੀ ਸ਼ਕਤੀ ਬਣ ਗਈ ਸੀ ਕਿ ਉਸ ਦਾ ਕੱਦ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਵੀ ਪਿੱਛੇ ਛੱਡ ਗਿਆ। ਮਗਰੋਂ ਉਸ ਨੂੰ ਸ਼ਾਇਦ ਮੇਜਰ ਜਨਰਲ ਸਬੇਗ ਸਿੰਘ ਦੀ ਫ਼ੌਜੀ ਮੁਹਾਰਤ ਤੇ ਲੋੜ ਤੋਂ ਵਧੀਕ ਹੀ ਮਾਨ ਹੋ ਗਿਆ ਸੀ। ਪਰ ਇੱਥੇ ਵੀ ਉਸ ਨੇ ਗ਼ਲਤੀ ਕੀਤੀ। ਮੁੱਠੀ ਭਰ ਫ਼ੌਜੀ ਤੇ ਜੁਝਾਰੂ ਇਕ ਫ਼ੌਜ ਦਾ ਟਾਕਰਾ ਨਹੀਂ ਕਰ ਸਕਦੇ ਸਨ। ਉਸ ਨੂੰ ਅਕਾਲ ਤਖ਼ਤ ਵਿੱਚ ਸ਼ਰਨ ਲੈਣੀ

ਨਹੀਂ ਸੀ ਚਾਹੀਦੀ। ਸਿੱਖ ਇਤਿਹਾਸ ਵਿੱਚ ਸਿੱਖ ਦਰਬਾਰ ਸਾਹਿਬ ਦਾ ਅਪਮਾਨ ਕਰਨ ਵਾਲਿਆਂ ਦਾ ਸਿਰ ਤਾਂ ਲਾਹੁੰਦੇ ਰਹੇ ਹਨ ਪਰ ਉਹ ਆਪ ਕਦੀ ਬੇਹੁਰਮਤੀ ਕਰਨ ਦਾ ਕਾਰਨ ਨਹੀਂ ਬਣੇ ਸਨ।

ਪਰ ਭਿੰਡਰਾਂਵਾਲੇ ਨਾਲੋਂ ਵੱਡੀ ਗ਼ਲਤੀ ਪ੍ਰਧਾਨ ਮੰਤਰੀ ਨੇ ਕੀਤੀ ਜੋ ਅਕਾਲੀਆਂ ਨੂੰ ਜ਼ਲੀਲ ਕਰਦੀ-ਕਰਦੀ ਖ਼ੁਦ ਸਿੱਖਾਂ ਨੂੰ ਇਕ ਪਰਾਏਪਨ ਦਾ ਅਹਿਸਾਸ ਦੇ ਗਈ। ਪੰਜਾਬ ਸਰਕਾਰ ਦੀ ਅਯੋਗਤਾ ਕਾਰਨ ਪੰਜਾਬ 'ਚ ਹਿੰਸਾ ਫੈਲੀ ਤੇ ਭਿੰਡਰਾਂਵਾਲੇ ਦਾ ਨਾਮ ਬਦਨਾਮ ਹੋਇਆ। ਜੇਕਰ ਉਹ ਇਕ ਵਾਰ ਵੀ ਹਿੰਦੂਆਂ ਤੇ ਸਿੱਖਾਂ ਦੇ ਹੋ ਰਹੇ ਕਤਲਾਂ ਬਾਰੇ ਦੋ ਟੁੱਕ ਬਿਆਨ ਦੇ ਦਿੰਦਾ ਤਾਂ ਸੱਚਮੁਚ ਹੀ ਉਸ ਦਾ ਦਰਜਾ ਮਹਾਨ ਹੁੰਦਾ।

ਫਿਰ ਵੀ ਉਹ ਸੱਚਾ ਸੁੱਚਾ ਸਿੱਖ ਸੀ। ਹੱਠੀ ਤੇ ਜੁਝਾਰੂ ਸੀ। ਉਸ ਨੇ ਜੋ ਕਿਹਾ, ਕੀਤਾ। ਜਦੋਂ ਸੰਤ ਲੌਂਗੋਵਾਲ ਤੇ ਗੁਰਚਰਨ ਸਿੰਘ ਟੌਹੜਾ "ਸਰਾਂ" ਵਿੱਚ ਹੀ ਲੁਕੇ ਰਹੇ ਤੇ ਹਰਿਮੰਦਰ ਦੀ ਰਾਖੀ ਲਈ ਅੱਗੇ ਨਾ ਆਏ, ਜਰਨੈਲ ਸਿੰਘ ਆਪਣੇ ਕੁਝ ਸਾਥੀਆਂ ਨਾਲ ਉਸੇ ਤਰ੍ਹਾਂ ਸ਼ਹੀਦ ਹੋ ਗਿਆ ਜਿਵੇਂ ਭਾਈ ਗੁਰਬਖ਼ਸ਼ ਸਿੰਘ 1764 ਈ: ਵਿੱਚ ਅਬਦਾਲੀ ਦੇ ਹਮਲੇ ਸਮੇਂ 30 ਸਿੰਘਾਂ ਨਾਲ ਸ਼ਹੀਦ ਹੋ ਗਿਆ। ਉਹ ਆਪਣੇ ਹੀ ਕੁਝ ਸਾਥੀਆਂ ਜਨਰਲ ਜਸਵੰਤ ਸਿੰਘ ਭੁੱਲਰ, ਥਾੜਾ ਸਿੰਘ, ਹਰਿਮੰਦਰ ਸਿੰਘ ਸੰਧੂ ਵਾਂਗ ਆਪਣੀ ਜਾਨ ਬਚਾ ਕੇ ਨਿਕਲ ਸਕਦਾ ਸੀ ਪਰ ਉਸ ਨੇ ਅਜਿਹਾ ਨਹੀਂ ਕੀਤਾ। ਉਹ ਕਾਇਰ ਨਹੀਂ ਸੀ, ਸਗੋਂ ਅਣਖ਼ੀਲਾ ਸੂਰਮਾ ਸੀ। ਗ਼ਲਤੀਆਂ ਤਾਂ ਹਰ ਇਕ ਤੋਂ ਹੁੰਦੀਆਂ ਹਨ ਤੇ ਉਸ ਤੋਂ ਵੀ ਹੋਈਆਂ। ਪਰ ਉਹ ਆਪਣੀ ਸ਼ਹਾਦਤ ਦੇ ਕੇ ਸਿੱਖ ਸੂਰਮਿਆਂ ਦੀ ਲੰਮੀ ਸੂਚੀ ਵਿੱਚ ਸ਼ਾਮਿਲ ਹੋ ਗਿਆ।

ਭਿੰਡਰਾਂਵਾਲੇ ਦੀਆਂ ਗ਼ਲਤੀਆਂ ਦੇ ਟਾਕਰੇ ਤੇ ਕੇਂਦਰੀ ਸਰਕਾਰ ਤੇ ਇੰਦਰਾ ਗਾਂਧੀ ਦੀਆਂ ਗ਼ਲਤੀਆਂ ਬਹੁਤ ਜ਼ਿਆਦਾ ਤੇ ਪਹਾੜ ਜਿਡੀਆਂ ਵੱਡੀਆਂ ਸਨ। ਇਹ ਸਰਕਾਰ ਹੀ ਸੀ ਜਿਸ ਨੇ ਪਹਿਲਾਂ ਤਾਂ ਭਿੰਡਰਾਂਵਾਲੇ ਨੂੰ ਆਗੂ ਤੇ ਨੇਤਾ ਬਣਾਇਆ। ਉਸ ਦੀ ਪੁਲਿਸ ਤੇ ਨੀਮ ਫ਼ੌਜੀ ਦਸਤੇ ਅੱਖਾਂ ਬੰਦ ਕਰਕੇ ਉਸ ਦੇ ਸਮਰਥਕਾਂ ਨੂੰ ਹਥਿਆਰ ਇਕੱਠੇ ਕਰਦਿਆਂ ਵੇਖਦੇ ਰਹੇ। ਸਿੱਖ ਠੀਕ ਹੀ ਸੋਚਦੇ ਹਨ ਕਿ ਇੰਦਰਾ ਗਾਂਧੀ ਨੇ ਉਹਨਾਂ ਨੂੰ ਜ਼ਲੀਲ ਕਰਨ ਲਈ ਹੀ ਅਜਿਹਾ ਕੀਤਾ। ਘੱਟੋ-ਘੱਟ ਉਹ 'ਨੀਲਾ ਤਾਰਾ ਸਾਕਾ' ਨੂੰ ਨਹੀਂ ਭੁਲਾ ਸਕਦੇ। ਹਕੀਕਤ ਇਹ ਹੈ ਕਿ ਸਰਕਾਰ ਨੇ ਦਰਬਾਰ ਸਾਹਿਬ ਵਿੱਚ ਫ਼ੌਜ ਭੇਜ ਕੇ ਸੰਤ ਭਿੰਡਰਾਂਵਾਲੇ ਨੂੰ ਖ਼ਾਲਿਸਤਾਨੀ ਲਹਿਰ ਦਾ ਪਹਿਲਾ ਸ਼ਹੀਦ ਬਣਾ ਦਿੱਤਾ।[29] ਸਰਕਾਰ ਦੀ ਇਹ ਸੋਚੀ-ਸਮਝੀ ਨੀਤੀ ਤੇ ਜਾਣ ਬੁੱਝ ਕੇ ਕੀਤੀ ਗ਼ਲਤੀ ਨੇ ਸਿੱਖਾਂ ਦਾ ਕਾਂਗਰਸ ਤੋਂ ਵਿਸ਼ਵਾਸ ਉਠਾ ਦਿੱਤਾ ਤੇ ਇਸ ਗ਼ਲਤੀ ਦਾ ਮੁੱਲ ਇੰਦਰਾ ਗਾਂਧੀ ਨੂੰ ਆਪਣੀ ਮੌਤ ਨਾਲ ਤਾਰਨਾ ਪਿਆ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਨੇਕਾਂ ਭੁੱਲਾਂ ਦੇ ਬਾਵਜੂਦ ਸ਼ਹਾਦਤ ਦੇ ਸੰਕਲਪ ਨੂੰ ਨਾ ਭੁੱਲਿਆ। ਯੋਧਿਆਂ ਵਾਂਗ ਉਹ ਸ਼ਹਾਦਤ ਦੇ ਕੇ ਭਾਰਤੀ ਫ਼ੌਜ ਨਾਲ ਟੱਕਰ ਲੈਂਦਾ ਹੋਇਆ, ਸਿੱਖ ਸੂਰਮੇ ਵਾਂਗ ਇਤਿਹਾਸ ਰਚ ਗਿਆ।

## ਹਵਾਲੇ ਅਤੇ ਟਿੱਪਣੀਆਂ

1. ਪ੍ਰੋ: ਹਰਬੰਸ ਸਿੰਘ, (ਸੰਪਾ.) ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪੰਨਾ 352 (ਮੇਜਰ ਗੁਰਮੁਖ ਸਿੰਘ ਦਾ ਇੰਦਰਾਜ)।
2. ਰੋਡੇ, ਮੋਗਾ ਕੋਟਕਪੂਰਾ ਸੜਕ ਤੇ ਮੋਗੇ ਤੋਂ 25 ਮੀਲ ਦੂਰ ਹੈ।
3. ਭਿੰਡਰਕਲਾਂ ਮੋਗੇ ਤੋਂ 15 ਮੀਲ ਧਰਮਕੋਟ ਵਾਲੇ ਪਾਸੇ ਹੈ।
4. ਮਹਿਤਾ ਚੌਂਕ ਅੰਮ੍ਰਿਤਸਰ ਤੋਂ 25 ਮੀਲ ਸ੍ਰੀ ਹਰਿਗੋਬਿੰਦਪੁਰ ਨੂੰ ਜਾਣ ਵਾਲੀ ਸੜਕ ਤੇ ਹੈ।
5. ਏ.ਆਰ. ਦਰਸੀ, ਜਾਂ ਬਾਜ਼ ਰਾਖਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਪੰਨਾ 29
6. ਉਹੀ, ਪੰਨਾ 145-146
7. ਹਰਬੰਸ ਸਿੰਘ (ਮੁੱਖ ਸੰਪਾਦਕ) ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ੱਮ (ਇੰਦਰਾਜ ਗੁਰਮੁਖ ਸਿੰਘ ਦਾ), ਪੰਨਾ 353
8. ਡਾ. ਗੋਪਾਲ ਸਿੰਘ, ਏ ਹਿਸਟਰੀ ਆਫ਼ ਸਿੱਖ ਪੀਪਲ, ਪੰਨਾ 742
9. ਇਹ ਇਲਜ਼ਾਮ ਲਾਇਆ ਗਿਆ ਸੀ ਕਿ ਉਹ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਵਿਸ਼ਵਾਸ ਪਾਤਰ ਸੀ। ਮਗਰੋਂ ਉਸ ਨੂੰ ਗੁਰਚਰਨ ਸਿੰਘ ਟੌਹੜਾ ਨੇ ਅਕਾਲ ਤਖ਼ਤ ਦਾ ਜੱਥੇਦਾਰ ਥਾਪ ਦਿੱਤਾ ਸੀ।
10. ਡਾ. ਗੋਪਾਲ ਸਿੰਘ, ਏ ਹਿਸਟਰੀ ਆਫ਼ ਸਿੱਖ ਪੀਪਲ, ਪੰਨਾ 743
11. ਉਹੀ, ਪੰਨਾ 744
12. ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖ ਪੀਪਲ, ਪੰਨਾ 332
13. ਉਹੀ, ਪੰਨਾ 336
14. ਇੰਡੀਆ ਟੂਡੇ, 30 ਅਪ੍ਰੈਲ 1983
15. ਦੀ ਇਨਸਾਈਕੋਪੀਡੀਆ ਆਫ ਸਿੱਖਇਜ਼ਮ, ਪੰਨਾ 334
16. ਸੰਗਤ ਸਿੰਘ, ਸਿੱਖਸ ਇਨ ਹਿਸਟਰੀ, ਪੰਨਾ 365
17. ਸੰਗਤ ਸਿੰਘ, ਸਿੱਖਸ ਇਨ ਹਿਸਟਰੀ, ਪੰਨਾ 366
18. ਚਾਂਦ ਜੋਸ਼ੀ, ਭਿੰਡਰਾਂਵਾਲਾ ਮਿੱਥ ਐਂਡ ਰੀਐਲਟੀ, ਪੰਨਾ 132
19. ਉਹੀ।

20. ਡਾਕਟਰ ਗੋਪਾਲ ਸਿੰਘ, ਏ ਹਿਸਟਰੀ ਆਫ ਦੀ ਸਿੱਖ ਪੀਪਲ, ਪੰਨਾ 751

21. ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ, ਪੰਨਾ 338-39

22. ਉਹੀ, ਪੰਨਾ 339

23. ਲੇਖਕ ਕੋਲ ਭਿੰਡਰਾਂਵਾਲੇ ਦੀ ਕੈਸਟ ਵਿੱਚੋਂ

24. ਜਾਫਰ ਗਨੀ,

25. ਸੰਡੇ, 31 ਮਾਰਚ 1981, ਪੰਨਾ 26

26. ਖੁਸ਼ਵੰਤ ਸਿੰਘ, ਏ ਹਿਸਟਰੀ ਆਫ਼ ਦੀ ਸਿੱਖਸ, ਪੰਨਾ 340

27. ਡਾ. ਗੋਪਾਲ ਸਿੰਘ, ਏ ਹਿਸਟਰੀ ਆਫ਼ ਸਿੱਖ ਪੀਪਲ, ਪੰਨਾ 760

28. ਉਹੀ, ਪੰਨਾ 762

29. ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦੀ ਸਿੱਖਸ, ਪੰਨਾ 378

# ਪੁਸਤਕ-ਸੂਚੀ

## ਪੰਜਾਬੀ


1. ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ।
2. ਅਮਰ ਸਿੰਘ ਚਾਕਰ (ਸੰ:) ਵਾਰਾਂ ਗਿਆਨ ਰਤਨਾਵਲੀ, ਭਾਈ ਗੁਰਦਾਸ ਜੀ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ।
3. ਸਿੱਖ ਵੀਰਤਾ ਦੇ ਚਿੱਤਰ, ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ
4. ਸਿੱਖ ਮਿਸ਼ਨਰੀ ਕਾਲਜ ਲੁਧਿਆਣਾ—ਸਿੱਖ ਇਤਿਹਾਸ ਵਿੱਚੋਂ ਚੋਣਵੀਆਂ ਸਾਖੀਆਂ, ਬਾਬਾ ਬੰਦਾ ਸਿੰਘ ਬਹਾਦਰ, ਸ਼ਾਮ ਸਿੰਘ ਅਟਾਰੀ, ਅਕਾਲੀ ਫੂਲਾ ਸਿੰਘ, ਸ: ਹਰੀ ਸਿੰਘ ਨਲਵਾ, ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ —ਖ਼ੂਨ ਸ਼ਹੀਦਾਂ ਦਾ।
5. ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸ, (ਸੰਪਾਦਕ, ਡਾ: ਗੁਰਸ਼ਰਨ ਕੌਰ ਜੱਗੀ) ਪਟਿਆਲਾ, 1981.
6. ਸ਼ਮਸ਼ੇਰ ਸਿੰਘ ਅਸ਼ੋਕ ਸਿੰਘ (ਸੰ:) ਨੀਸ਼ਾਣ ਤੇ ਹੁਕਮਨਾਮੇ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ 1967
7. ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, 2003, ਸਿੰਘ ਬ੍ਰਦਰਜ਼, ਅੰਮ੍ਰਿਤਸਰ।
8. ਸੇਵਾ ਸਿੰਘ ਭੱਟ, ਸ਼ਹੀਦ ਬਿਲਾਸ (ਸੰਪ:) ਡਾ. ਗੁਰਸ਼ਰਨ ਕੌਰ ਜੱਗੀ, ਪਟਿਆਲਾ, 1978
9. ਭਗਤ ਸਿੰਘ, ਗੁਰਬਿਲਾਸ ਛੇਵੀਂ ਪਾਤਸ਼ਾਹੀ, ਭਾਸ਼ਾ ਵਿਭਾਗ, ਪਟਿਆਲਾ, 1970
10. ਸੈਨਾਪਤਿ, ਸ੍ਰੀ ਗੁਰ ਸੋਭਾ (ਸੰਪਾਦਕ ਡਾ: ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ ਪਟਿਆਲਾ, 1988
11. ਸੰਤੋਖ ਸਿੰਘ, ਗੁਰ ਪਰਤਾਪ ਸੂਰਜ ਗ੍ਰੰਥ,
12. ਸੁਮੇਰ ਸਿੰਘ, ਗੁਰਪਦ ਪ੍ਰੇਮ ਪ੍ਰਕਾਸ਼,
13. ਸੁਰਿੰਦਰ ਸਿੰਘ ਕੋਹਲੀ, ਗੁਰੂ ਤੇਗ਼ ਬਹਾਦਰ, 1976 ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
14. ਸਤਿਬੀਰ ਸਿੰਘ, ਸਾਡਾ ਇਤਿਹਾਸ, ਨਿਊ ਬੁੱਕ ਕੰਪਨੀ, 1950
    —ਇਤਿ ਜਿਨ ਕਰੀ, 1975, ਨਿਊ ਬੁੱਕ ਕੰਪਨੀ
15. ਸ਼ਾਹ ਮੁਹੰਮਦ, ਜੰਗਨਾਮਾ (ਸੰ:) ਸੇਵਾ ਸਿੰਘ ਲੁਧਿਆਣਾ, 1960
16. ਡਾ. ਹਰਨਾਮ ਸਿੰਘ ਸ਼ਾਨ, ਚੜ੍ਹਦੀ ਕਲਾ ਤੇ ਚੜ੍ਹਦੀ ਕਲਾ ਦੇ ਪੁੰਜ, 2001
    ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ —ਪੰਜਾਬ ਅਤੇ ਸ਼ੇਰੇ ਪੰਜਾਬ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1982-83
17. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਕੇ ਸ਼ੇਰ, ਭਾਈ ਚਤਰ ਸਿੰਘ ਜੀਵਨ ਸਿੰਘ 2001
18. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 1974
19. ਕੇਸਰ ਸਿੰਘ, ਬੰਸਾਵਲੀਨਾਮਾ, ਪਾਤਸ਼ਾਹੀਆਂ ੧੦ ਕਾ, (ਪਰਖ 1972) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।
20. ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, 1986 (ਸੰਪ: ਸ਼ਮਸ਼ੇਰ ਸਿੰਘ ਅਸ਼ੋਕ), ਪੰਜਾਬੀ ਯੂਨੀਵਰਸਿਟੀ ਪਟਿਆਲਾ।
21. ਕੰਕਣ, ਸੰਛੇਪ ਦਸ ਗੁਰੂ ਕਥਾ,
22. ਕੁਲਦੀਪ ਸਿੰਘ ਧੀਰ, ਸਿੱਖ ਰਾਜ ਦੇ ਵੀਰ ਨਾਇਕ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1984
23. ਕ੍ਰਿਪਾਲ ਸਿੰਘ ਗਿਆਨੀ, ਸਿੰਘ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, 1991 ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ।
24. ਗੁਰਦੇਵ ਸਿੰਘ ਦਿਉਲ, ਵੀਰ ਪ੍ਰੰਪਰਾ ਸੁਤੰਤਰਤਾ ਉਪਰੰਤ, 1970, ਪੰਜਾਬੀ ਯੂਨੀਵਰਸਿਟੀ ਪਟਿਆਲਾ

25. ਗੁਰਮਤਿ ਪੁਸਤਕ ਭੰਡਾਰ, ਅੰਮ੍ਰਿਤਸਰ, ਜੇਲ੍ਹ ਚਿੱਠੀਆਂ
26. ਗੰਡਾ ਸਿੰਘ (ਡਾ.) ਪ੍ਰਿੰ: ਤੇਜਾ ਸਿੰਘ, ਸਿੱਖ ਇਤਿਹਾਸ (ਅਨੁ: ਭਗਤ ਸਿੰਘ) 2003, ਪੰਜਾਬੀ ਯੂਨੀਵਰਸਿਟੀ ਪਟਿਆਲਾ।
27. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਤਵਾਰੀਖ ਗੁਰੂ ਖ਼ਾਲਸਾ ਹਿੱਸਾ I ਅਤੇ ਤਵਾਰੀਖ ਗੁਰੂ ਖ਼ਾਲਸਾ ਹਿੱਸਾ II
28. ਗੁਰਮੁਖ ਸਿੰਘ (ਡਾ.) ਭਾਈ ਜੈਤਾ, ਜੀਵਨ ਤੇ ਰਚਨਾ
29. ਗੁਰਚਰਨ ਸਿੰਘ ਔਲਖ (ਡਾ.) ਸ਼੍ਰੋਮਣੀ ਸ਼ਹੀਦ, ਭਾਈ ਚਤਰ ਸਿੰਘ ਜੀਵਨ ਸਿੰਘ, 2000
30. ਗੁਰਦੇਵ ਸਿੰਘ ਪੰਦੋਹਲ (ਸੰਪ:) ਜ਼ਫਰਨਾਮਾ, ਲਾਹੌਰ ਬੁੱਕ ਸ਼ਾਪ, 1973
31. ਜਸਵੰਤ ਸਿੰਘ, ਜੀਵਨ ਦਰਪਣ ਭਾਈ ਸੰਗਤ ਸਿੰਘ ਜੀ, ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ 2000
32. ਜੋਗਿੰਦਰ ਸਿੰਘ (ਡਾ.) ਗ਼ਰੀਬੀ ਗਦਾ ਹਮਾਰੀ, 1979, ਲਾਹੌਰ ਬੁੱਕ ਸ਼ਾਪ
33. ਮੀਰਾ ਬਖ਼ਸ਼ ਮੌਲਵੀ, ਤਾਰੀਖ-ਇ-ਹਜ਼ਾਰਾ
34. ਮੈਕਸ ਆਰਥਰ ਮੈਕਾਲਿਫ਼ ਸਿੱਖ ਇਤਿਹਾਸ, 2000 ਅਨੁਵਾਦਕ (ਡਾ. ਗੁਰਚਰਨ ਸਿੰਘ ਔਲਖ), ਲਾਹੌਰ ਬੁੱਕ ਸ਼ਾਪ, ਲੁਧਿਆਣਾ।
35. ਪ੍ਰੇਮ ਸਿੰਘ ਹੋਤੀ ਮਰਦਾਨ, ਖ਼ਾਲਸਾ ਰਾਜ ਦੇ ਉਸਰੱਈਏ, ਲਾਹੌਰ ਬੁੱਕ ਸ਼ਾਪ 2000
36. ਪਿਆਰਾ ਸਿੰਘ ਪਦਮ, ਗਰਜਾ ਸਿੰਘ, ਭੱਟ ਵਹੀਆਂ
—ਰਹਿਤਨਾਮੇ, ਭਾਈ ਚਤਰ ਸਿੰਘ ਜੀਵਨ ਸਿੰਘ, 1988
—ਪੰਜਾਬੀ ਵਾਰਾਂ ਗੁਰੂ ਗੋਬਿੰਦ ਸਿੰਘ ਕੀਆਂ, 1951 ਪਟਿਆਲਾ
37. ਫੌਜਾ ਸਿੰਘ (ਡਾ.) ਗੁਰੂ ਤੇਗ਼ ਬਹਾਦਰ, ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦਾਂ
38. ਰਾਮ ਸੁਖ ਰਾਇ, ਜੱਸਾ ਸਿੰਘ ਬਿਨੋਦ (ਖਰੜਾ) ਪੰਜਾਬ ਸਟੇਟ ਆਰਕਾਈਵਜ਼ ਲਕਸ਼ਮਣ ਸਿੰਘ (ਭਗਤ) ਸਿੱਖ ਸ਼ਹੀਦ
39. ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ, ਪੋਥੀ I, II, III, ਪੰਜਾਬੀ ਯੂਨੀਵਰਸਿਟੀ ਪਟਿਆਲਾ, 1982
40. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼ (ਸੰ: ਭਾਈ ਵੀਰ ਸਿੰਘ) 1962
41. ਰੂਪ ਸਿੰਘ, ਸਿੱਖ ਸ਼ਖ਼ਸੀਅਤਾਂ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ, 1996

## ਉਰਦੂ ਅਤੇ ਫਾਰਸੀ

1. ਸੂਰੀ ਸੋਹਨ ਲਾਲ, ਉਮਦਾਤ-ਉਤ-ਤਵਾਰੀਖ, ਲਾਹੌਰ, 1885-90
2. ਹਕੀਮ, ਅੱਲਾ ਯਾਰ ਖ਼ਾਂ, ਜੌਹਰੇ-ਤੇਗ਼, ਗੰਜੇ ਸ਼ਹੀਦਾਂ, ਸ਼ਹੀਦਾਨੇ ਵਫ਼ਾ।
3. ਕਨ੍ਹਈਆ ਲਾਲ, ਤਾਰੀਖੇ-ਪੰਜਾਬ, ਲਾਹੌਰ, 1881
4. ਖ਼ੁਸ਼ਵਕਤ ਰਾਇ, ਮੁਨਸ਼ੀ, ਤਵਾਰੀਖੇ ਸਿੱਖਾਂ, ਦਿੱਲੀ, 1811 ਹੱਥਲਿਖਤ।
5. ਖਾਫ਼ੀ ਖ਼ਾਨ, ਮੁਹੰਮਦ ਹਾਸ਼ਮ, ਮੁਨਤਖਬ-ਉਲ-ਲਬਾਬ, ਕਲਕੱਤਾ, 1874 ਈ:
6. ਨੂਰ ਮੁਹੰਮਦ ਕਾਜ਼ੀ, ਜੰਗਨਾਮਾ, ਡਾ. ਗੰਡਾ ਸਿੰਘ ਵੱਲੋਂ ਸੰਪਾਦਿਤ, 1939 ਈ:, ਅੰਮ੍ਰਿਤਸਰ
7. ਮੁਹਸਿਨ ਫਾਨੀ, (ਜ਼ੁਲਫਿਕਰ ਅਰਦਿਸਤਾਨੀ), ਦਬਿਸਤਾਨੇ-ਮਜ਼ਾਹਿਬ 1645 ਈ:, ਕਾਨਪੁਰ, 1904

## ਮਾਸਿਕ ਪੱਤਰ

1. ਗੁਰਮਤਿ ਪ੍ਰਕਾਸ਼, ਜੂਨ 1996, ਦਸੰਬਰ 2000
2. ਸੱਚ ਖੰਡ ਪੱਤਰ ਅਗਸਤ 2004
3. ਪੰਜਾਬੀ ਟ੍ਰਿਬਿਊਨ 5 ਮਾਰਚ, 1986
4. ਅਜੀਤ, ਸਤੰਬਰ 12, 2004, 10 ਅਕਤੂਬਰ 1992
5. ਜਾਗ੍ਰਿਤੀ ਜੂਨ 1966